ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ
(ਸਿੱਖ ਰਾਜ ਦੀ ਰਾਜਧਾਨੀ)



ਗਗਨਦੀਪ ਸਿੰਘ
ਗੁਰਵਿੰਦਰ ਸਿੰਘ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਪੰਚਕੂਲਾ

ਲੋਹਗੜ੍ਹ

(ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ)

ਲੋਹਗੜ੍ਹ

(ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ)

(ਸਿੱਖ ਰਾਜ ਦੀ ਰਾਜਧਾਨੀ)

ਗਗਨਦੀਪ ਸਿੰਘ (ਡੀ.ਡੀ.ਪੀ.ਓ, ਕਰਨਾਲ)
ਗੁਰਵਿੰਦਰ ਸਿੰਘ, ਚੇਅਰਮੈਨ, ਲੋਹਗੜ੍ਹ ਟ੍ਰਸਟ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਪੰਚਕੂਲਾ

ਗੁਰੂ ਨਾਨਕ ਸਾਹਿਬ ਜੀ ਦੇ
550 ਸਾਲਾ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ
ਅਤੇ
ਲੋਹਗੜ੍ਹ ਕਿਲ੍ਹੇ
ਵਿਚ ਮੁਖ ਯੋਗਦਾਨ
ਦੇਣ ਵਾਲੇ ਭਾਈ ਲੱਖੀ ਰਾਇ ਵਣਜਾਰਾ ਤੇ
ਸ਼ਹੀਦ ਜਰਨੈਲ ਬੰਦਾ ਸਿੰਘ ਬਹਾਦੁਰ
ਨੂੰ ਸਮਰਪਿਤ।

ਵਿਸ਼ੇਸ਼ ਧੰਨਵਾਦ

ਮਨੋਹਰ ਲਾਲ
ਮੁੱਖ ਮੰਤਰੀ, ਹਰਿਆਣਾ

ਸ਼੍ਰੀ ਰਾਜੇਸ਼ ਖੁੱਲਰ IAS
ਪ੍ਰਿੰਸੀਪਲ ਸਕੱਤਰ, ਮੁੱਖ ਮੰਤਰੀ ਹਰਿਆਣਾ

ਸ. ਮਨੋਰੰਜਨ ਸਿੰਘ,
ਜਨਰਲ ਸਕੱਤਰ, ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾਨਗਰ

ਸ. ਜਸਮੇਰ ਸਿੰਘ ਵਣਜਾਰਾ, ਪਿੰਜੋਰ

ਰਾਮਾ ਨਾਇਕ, ਕਰਨਾਟਕਾ

ਜੈਰਾਮ ਪਵਾਰ, ਮਹਾਰਾਸ਼ਟਰ

ਸ. ਗੁਰਮੀਤ ਸਿੰਘ, ਚੰਡੀਗੜ੍ਹ

ਵੀਰ ਜਰਨੈਲ ਸਿੰਘ, ਯਮੁਨਾਨਗਰ

ਸ. ਗੁਰਮੁੱਖ ਸਿੰਘ, ਕਰਨਾਲ

ਲੋਹਗੜ੍ਹ ਟ੍ਰਸਟ ਦੇ ਸਾਰੇ ਮੈਂਬਰ

ਇਸ ਕਿਤਾਬ ਦਾ ਅਨੁਵਾਦ ਅੰਗ੍ਰੇਜ਼ੀ, ਮਰਾਠੀ ਅਤੇ ਕੰਨੜ ਭਾਸ਼ਾ ਵਿੱਚ ਉਪਲਬਧ ਹੈ।

ਤੁਸੀਂ ਆਨਲਾਈਨ ਡਾਉਨਲੋਡ ਕਰ ਸੱਕਦੇ ਹੋ।
www.lohgarh.com

ਤਤਕਰਾ

ਮੁਖਬੰਦ

ਬੰਦਾ ਸਿੰਘ ਬਹਾਦੁਰ ਨੇ ਭਾਰਤੀ ਉਪ-ਮਹਾਦੀਪ ਦਾ ਰਾਜਨੀਤਿਕ ਸਮੀਕਰਨ ਬਦਲ ਕੇ ਰਖ ਦਿੱਤੇ ਅਤੇ ਸਿੱਖ ਰਾਜ ਸਥਾਪਿਤ ਕਰ ਮਾਨਵਤਾ ਵਿਰੋਧੀ ਮੁਗਲ ਹਕੂਮਤ ਦੇ ਅਤਿਆਚਾਰਾਂ ਦਾ ਖਾਤਮਾ ਕੀਤਾ। **ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦੁਰ ਦੇ ਨਾਲ-ਨਾਲ 'ਖਾਲਸਾ ਰਾਜਧਾਨੀ ਲੋਹਗੜ੍ਹ' ਨਾਲ ਵੀ ਬੇਇਨਸਾਫੀ ਕੀਤੀ।** ਇਤਿਹਾਸਕਾਰਾਂ ਨੇ ਇਸ ਕਿਲ੍ਹੇ ਨੂੰ ਸ਼ਾਹਜਹਾਂ ਦਾ ਬਣਾਇਆ ਹੋਇਆ ਮੁਖਲਿਸਗੜ ਰੰਗਮਹਿਲ ਦੱਸਿਆ, ਜਿਸ ਨੂੰ ਬੰਦਾ ਸਿੰਘ ਬਹਾਦੁਰ ਨੇ ਜਿੱਤ ਕੇ ਇਸ 'ਤੇ ਕਬਜ਼ਾ ਕੀਤਾ ਪਰ ਅਸਲ ਵਿਚ ਕਿਲ੍ਹਾ ਲੋਹਗੜ ਅਤੇ ਮੁਖਲਿਸਗੜ ਆਪਸ ਵਿਚ 35 ਕਿਲੋਮੀਟਰ ਦੀ ਦੂਰੀ ਤੇ ਹਨ। ਲੋਹਗੜ ਕਿਲ੍ਹੇ ਤੋਂ ਹੀ ਬੰਦਾ ਸਿੰਘ ਬਹਾਦੁਰ ਨੇ ਖਾਲਸਾ ਰਾਜਧਾਨੀ ਐਲਾਨ ਕੀਤਾ। ਇਤਿਹਾਸਕਾਰਾਂ ਨੇ ਨਵੰਬਰ-ਦਸੰਬਰ 1710 ਦੀ ਘਟਨਾ ਨੂੰ ਗਲਤ ਲਿਖਿਆ ਕਿ ਮੁਗਲਾਂ ਨੇ ਸਿਰਫ ਇਕ ਦਿਨ ਵਿਚ ਲੋਹਗੜ੍ਹ ਕਿਲ੍ਹੇ ਨੂੰ ਜਿੱਤ ਲਿਆ ਸੀ। ਇਸ ਪੁਸਤਕ ਵਿੱਚ ਇਤਿਹਾਸਿਕ ਦਸਤਾਵੇਜ਼ਾਂ ਅਤੇ ਮੌਜੂਦਾ ਸਬੂਤਾਂ ਦੇ ਆਧਾਰ 'ਤੇ ਇਹ ਸਾਬਿਤ ਕੀਤਾ ਗਿਆ ਹੈ ਕਿ ਇਹ ਕਿਲ੍ਹਾ ਤਾਂ ਕਈ ਸਾਲਾਂ ਵਿਚ ਵੀ ਜਿੱਤਿਆ ਨਹੀਂ ਜਾ ਸਕਦਾ ਸੀ।ਮੌਕੇ ਦਾ ਚਸ਼ਮਦੀਨ ਗਵਾਹ 'ਮੁਹੰਮਦ ਕਾਸਿਮ ਔਰੰਗਾਬਾਦੀ' ਨੇ ਆਪ ਹੀ ਮੰਨ ਲਿਆ ਸੀ ਕਿ ਇਸ ਕਿਲ੍ਹੇ ਨੂੰ ਜਿੱਤਿਆ ਨਹੀਂ ਸੀ ਜਾ ਸਕਦਾ।

ਲੋਹਗੜ੍ਹ ਕਿਲ੍ਹੇ ਉਪਰ ਇਤਿਹਾਸਕਾਰਾਂ/ਖਾਲਸਾ ਪੰਥ ਨੂੰ ਬਹੁਤ ਮਾਣ ਹੋਣਾ ਚਾਹੀਦਾ ਸੀ, ਜਿਸਨੂੰ ਲੁਕੋ ਕੇ ਇਸ ਨਾਲ ਬਹੁਤ ਬੇਇਨਸਾਫੀ ਕੀਤੀ ਗਈ ਹੈ। ਸ਼ਾਇਦ ਉਸ ਸਮੇਂ ਦੇ ਇਤਿਹਾਸਕਾਰ '**ਖਾਲਸਾ ਰਾਜਧਾਨੀ ਲੋਹਗੜ੍ਹ**' ਦੀ ਸ਼ਾਨ ਨੂੰ ਵਿਖਾਉਣਾ ਨਹੀਂ ਚਾਹੁੰਦੇ ਸਨ, ਕਿਉਂਕਿ ਇਸ ਨਾਲ ਤਾਕਤਵਰ ਮੁਗਲ ਫ਼ੌਜ ਦਾ ਪ੍ਰਭਾਵ ਆਮ ਲੋਕਾਂ 'ਤੇ ਬਹੁਤ ਕਮਜ਼ੋਰ ਪੈ ਜਾਣਾ ਸੀ। ਲੋਹਗੜ੍ਹ ਦੀ ਮਹਾਨਤਾ ਤਾਂ ਉਦੋਂ ਸਾਹਮਣੇ ਆਈ ਜਦੋਂ 3 ਜੂਨ 2016 ਨੂੰ ਹਰਿਆਣਾ ਸਰਕਾਰ ਵਲੋਂ ਇਸ ਥਾਂ 'ਤੇ ਬੰਦਾ ਸਿੰਘ ਬਹਾਦੁਰ ਦਾ 300 ਸਾਲਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗਗਨਦੀਪ ਸਿੰਘ ਡੀ.ਡੀ.ਪੀ.ਓ., ਨੇ ਲੋਹਗੜ੍ਹ ਕਿਲ੍ਹੇ ਅਤੇ ਬੰਦਾ ਸਿੰਘ ਬਹਾਦੁਰ ਸੰਬੰਧੀ ਸਾਰਾ ਲਿਟਰੇਚਰ ਇਕੱਠਾ ਕੀਤਾ। ਜਿਸ ਤੋਂ ਪਤਾ ਲਗਾ ਕਿ '**ਲੋਹਗੜ੍ਹ ਕਿਲ੍ਹਾ**' ਹਰਿਆਣਾ ਅਤੇ ਹਿਮਾਚਲ ਸੂਬੇ ਦੀ ਹੱਦ ਵਿਚ ਪਹਾੜੀਆਂ 'ਤੇ ਸਥਿਤ ਸੀ, ਜਿੱਥੇ ਮੁਗਲਾਂ ਨੇ ਅਠਾਰਵੀਂ ਸਦੀ ਦੇ ਸ਼ੁਰੂ ਵਿਚ 'ਸਿੱਖ ਮੁਹਿੰਮ' ਨੂੰ ਦਬਾਉਣ ਵਾਸਤੇ ਹਮਲਾ ਕੀਤਾ। ਇੱਥੇ ਲੜਾਈ ਤਿੰਨ ਸਾਲ ਤੋਂ ਵੱਧ ਸਮੇਂ ਤਕ ਚਲਦੀ ਰਹੀ। ਅਸਲ ਵਿਚ ਇੱਥੇ ਲੜਾਈ 1710 ਤੋਂ 1713 ਤੱਕ ਨਹੀਂ ਰੁਕੀ। ਇੱਥੋਂ ਇਕ ਛੋਟਾ ਜਿਹਾ ਪ੍ਰਸ਼ਨ ਸਾਡੇ ਦਿਮਾਗ ਵਿਚ ਆਇਆ ਕਿ ਕਿਵੇਂ ਸਿੱਖ ਫ਼ੌਜ ਇੰਨੇ ਲੰਮੇ ਸਮੇਂ ਤੱਕ ਮੁਗਲ ਫ਼ੌਜਾਂ ਅੱਗੇ ਡਟੀ ਰਹੀ।

ਇਸ ਸੱਚਾਈ ਨੂੰ ਜਾਣਨ ਲਈ ਇਸ ਪੂਰੇ ਜੰਗਲ ਅਤੇ ਪਹਾੜੀ ਇਲਾਕੇ ਦਾ ਮੁਆਇਨਾ ਕਰਨ ਦਾ ਫੈਸਲਾ ਕੀਤਾ ਤਾਂ ਕਿ ਇਸ ਕਿਲ੍ਹੇ ਦੀ ਅਸਲ ਸਚਾਈ ਤੱਕ ਪਹੁੰਚਿਆ ਜਾ ਸਕੇ ਕਿਉਂਕਿ ਇਸ ਕਿਲ੍ਹੇ ਨੂੰ ਜਿੱਤਣ ਲਈ ਆਈ ਮੁਗਲ ਹਕੂਮਤ ਨੂੰ ਕਾਫ਼ੀ ਨੁਕਸਾਨ ਝਲਣਾ ਪਿਆ ਸੀ, ਇਸ ਕਿਲ੍ਹੇ ਦੀ ਸਚਾਈ ਨੂੰ ਕਿਸੇ ਗੁਝੀ ਸਾਜਿਸ਼ ਤਹਿਤ ਉਜਾਗਰ ਹੀ ਨਹੀਂ ਹੋਣ ਦਿੱਤਾ ਕਿਉਂਕਿ ਉਸ ਸਮੇਂ ਦੀ ਸਭ ਤੋਂ ਵੱਡੀ ਤਾਕਤ ਮੁਗਲ ਸਲਤਨਤ ਨੂੰ ਬੰਦਾ ਸਿੰਘ ਬਹਾਦੁਰ ਅਤੇ ਉਸ

ਦੇ ਸਿੱਖ ਜਰਨੈਲਾਂ ਨੇ ਬੜੀ ਬੁਰੀ ਤਰ੍ਹਾਂ ਪਛਾੜਿਆ ਸੀ। ਯਮੁਨਾਨਗਰ ਦੇ ਡਿਪਟੀ ਕਮਿਸ਼ਨਰ ਦੀ ਬੇਨਤੀ 'ਤੇ ਹਿਮਾਚਲ ਪ੍ਰਦੇਸ਼ ਦੇ ਪ੍ਰਸ਼ਾਸ਼ਨ ਨੇ ਨਾਲ ਲਗਦੇ ਜੰਗਲੀ ਇਲਾਕੇ ਦਾ ਮੁਆਇਨਾ ਕਰਨ ਲਈ ਆਪਣਾ ਜੰਗਲਾਤੀ ਅਫ਼ਸਰ ਨਿਯੁਕਤ ਕੀਤਾ, ਜੋ ਸਾਡੀ ਟੀਮ ਨਾਲ ਮੁਆਇਨਾ ਕਰਦਾ ਰਿਹਾ। ਸ਼ੁਰੂ ਵਿਚ ਇਹ ਅੰਦਾਜ਼ਾ ਸੀ ਕਿ ਕਿਲ੍ਹਾ 500 ਤੋਂ 600 ਏਕੜ ਵਿਚ ਹੋਵੇਗਾ ਪਰ ਹੈਰਾਨਗੀ ਦੀ ਉਦੋਂ ਕੋਈ ਹੱਦ ਨਾ ਰਹੀ, ਜਦੋਂ ਕਿਲ੍ਹੇ ਦੀਆਂ ਨਿਸ਼ਾਨੀਆਂ 7000 ਏਕੜ ਤੋਂ ਵੀ ਵੱਧ ਰਕਬੇ ਵਿੱਚ ਮਿਲੀਆਂ। ਇਹ ਸੂਚਨਾ ਯਮੁਨਾਨਗਰ ਦੇ ਇਲਾਕੇ ਦੀਆਂ ਸੰਗਤਾਂ ਤੱਕ ਪਹੁੰਚਾਈ ਗਈ ਅਤੇ (ਸਹਿ ਲੇਖਕ) ਦੀ ਪ੍ਰਧਾਨਗੀ ਹੇਠ ਲੋਹਗੜ੍ਹ 'ਟ੍ਰੱਸਟ' ਦੀ ਸਥਾਪਨਾ ਕੀਤੀ ਗਈ। ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਖੋਜੀ ਸ. ਜਰਨੈਲ ਸਿੰਘ ਯਮੁਨਾਨਗਰ ਨੇ ਦਿਨ-ਰਾਤ ਸ. ਗਗਨਦੀਪ ਸਿੰਘ ਨਾਲ ਹਰ ਕੰਮ-ਕਾਜ ਵਿਚ ਸਾਥ ਦਿੱਤਾ ਅਤੇ 'ਲੋਹਗੜ੍ਹ ਕਿਲ੍ਹੇ' ਦੇ ਬਹੁਤ ਸਾਰੇ ਸਬੂਤ ਇਕੱਠੇ ਕੀਤੇ ਜੋ ਇਸ ਵੱਡੇ ਇਲਾਕੇ ਵਿਚ ਖਿਲਰੇ ਹੋਏ ਸਨ।

ਤੱਥਾਂ ਦੀ ਪ੍ਰਮਾਣਿਕਤਾ ਲਈ '**ਲੋਹਗੜ੍ਹ ਟ੍ਰੱਸਟ**' ਨੇ ਦਿੱਲੀ ਦੀ ਇਕ ਪ੍ਰੋਫੈਸ਼ਨਲ ਏਜੰਸੀ ਇੰਡੀਅਨ ਟਰੱਸਟ ਫਾਰ ਰੂਰਲ ਹਰੀਟੇਜ ਡਿਵੈਲਪਮੈਂਟ ਨਵੀਂ ਦਿੱਲੀ (ITRHD) ਨਾਲ ਕਰਾਰ ਕੀਤਾ ਜਿਸਨੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਕੀਤੀ। ਇਸ (ITRHD) ਦੀ ਖੋਜੀ ਟੀਮ ਨੇ ਖੁਲਾਸਾ ਕੀਤਾ ਕਿ ਲੋਹਗੜ੍ਹ ਕਿਲ੍ਹੇ ਵਿਚ, ਸਿਪਾਹੀਆਂ ਦੀਆਂ ਬੈਰਕਾਂ, ਚੌਂਕੀਆਂ ਨਿਗਰਾਨੀ ਵਾਸਤੇ, ਘੜੇ ਹੋਏ ਪੱਥਰ, ਚੱਕੀਆਂ, ਅੰਨ ਇਕੱਠਾ ਕਰਨ ਲਈ ਮਿੱਟੀ ਦੀਆਂ ਮਟਕੀਆਂ ਅਤੇ ਭਾਂਤ-ਭਾਂਤ ਦੀ ਮਿੱਟੀ ਦੇ ਬਰਤਨਾਂ ਦੇ ਬਹੁਤ ਸਾਰੇ ਟੁਕੜੇ ਮਿਲੇ ਅਤੇ ਕਿਲ੍ਹੇ ਦੀਆਂ ਦੀਵਾਰਾਂ, ਘੜੇ ਹੋਏ ਪੱਥਰਾਂ ਦੀਆਂ ਬਣੀਆਂ ਹੋਈਆਂ ਹਨ, ਜਿਨ੍ਹਾਂ ਦੀ ਚੁਨਾਈ ਚੂਨੇ ਅਤੇ ਸੁਰਖੀ ਨਾਲ ਹੋਈ ਹੈ।

ਐਸ.ਕੇ.ਮਿਸਰਾ, IAS (ਰਿਟਾਇਡ) ਜੋ ਕਿ ITRHD ਦੇ ਪ੍ਰਧਾਨ ਹਨ, ਨੇ ਦੱਸਿਆ ਕਿ ਕਿਲ੍ਹੇ ਦੀਆਂ ਦੀਵਾਰਾਂ ਵਿਚ ਪੰਜ ਸਾਈਜ਼ ਦੀਆਂ ਇੱਟਾਂ ਲਗੀਆਂ ਹੋਈਆਂ ਹਨ ਜੋ ਬਹੁਤ ਹੈਰਾਨੀਜਨਕ ਤੱਥ ਹਨ, ਲੋਹਗੜ੍ਹ ਕਿਲ੍ਹੇ ਨੂੰ ਬੰਦਾ ਸਿੰਘ ਬਹਾਦੁਰ ਨੇ ਸੰਨ 1710 ਵਿਚ ਖਾਲਸਾ ਰਾਜਧਾਨੀ ਐਲਾਨ ਕਰ ਦਿੱਤਾ ਜੋ ਕਿ ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ ਸਾਬਿਤ ਹੋਇਆ ਹੈ, ਜਦੋਂ ਅਸੀਂ (ਸ. ਗੁਰਵਿੰਦਰ ਸਿੰਘ ਕਰਨਾਲ ਅਤੇ ਸ. ਗਗਨਦੀਪ ਸਿੰਘ ਯਮੁਨਾਨਗਰ) ਨੇ ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ 'ਦਿਲਗੀਰ' ਨਾਲ ਲੋਹਗੜ੍ਹ ਕਿਲ੍ਹੇ ਦੀ ਵਿਸ਼ਾਲਤਾ ਦੀ ਗੱਲ ਸਾਂਝੀ ਕੀਤੀ ਤਾਂ ਉਹ ਸਾਡੀ ਮਦਦ ਲਈ ਅੱਗੇ ਆਏ ਅਤੇ ਸਾਨੂੰ ਉਤਸਾਹ ਦਿੱਤਾ। ਸ. ਗਗਨਦੀਪ ਸਿੰਘ ਨੇ ਇਸ ਕਿਲ੍ਹੇ ਸੰਬੰਧਤ ਸਾਰੇ ਸਬੂਤ ਇੱਕਠੇ ਕੀਤੇ ਅਤੇ ਇਸਦੀ ਭੂਗੋਲਿਕ ਸਥਿਤੀ ਪ੍ਰਗਟਾਉਣ ਲਈ ਸਾਰੇ ਨਕਸ਼ੇ ਆਦਿ ਬਣਾਏ। ਇਨ੍ਹਾਂ ਨੇ ਹੀ ਮਿਲੇ ਤੱਥਾਂ ਅਤੇ ਸਬੂਤਾਂ ਦੇ ਆਧਾਰ 'ਤੇ ਲੋਹਗੜ੍ਹ ਕਿਲ੍ਹੇ ਦੀਆਂ ਲੜਾਈਆਂ ਦਾ ਵੇਰਵਾ, ਵਣਜਾਰਿਆਂ ਅਤੇ ਸਿਕਲੀਗਰਾਂ ਦਾ ਰੋਲ, ਸਢੌਰੇ ਦਾ ਇਤਿਹਾਸ, ਪੀਰ ਬੁੱਧੂ ਸ਼ਾਹ ਦੇ ਜੀਵਨ ਦਾ ਇਤਿਹਾਸ ਲਿਖਿਆ ਹੈ। ਇਸ ਪੁਸਤਕ ਵਿਚ ਛੱਪੀਆਂ ਸਾਰੀਆਂ ਤਸਵੀਰਾਂ ਦੀ ਫੋਟੋਗਰਾਫੀ ਸ. ਗਗਨਦੀਪ ਸਿੰਘ ਅਤੇ ਸ. ਜਰਨੈਲ ਸਿੰਘ ਨੇ ਕੀਤੀ।

ਵੈਸੇ ਤਾਂ ਇਸ ਸਾਰੇ ਪ੍ਰੋਜੈਕਟ ਵਿਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ, ਸਥਾਨਕ ਲੋਕਾਂ ਅਤੇ ਹੋਰ ਸਮਾਜ ਸੇਵੀ ਲੋਕਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਪਰ ਕਈ ਐਸੀਆਂ ਵੀ ਸ਼ਖਸ਼ੀਅਤਾਂ ਹਨ ਜਿਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਸ਼ਾਇਦ ਇਹ ਪ੍ਰੋਜੈਕਟ ਅਧੂਰਾ ਹੀ ਰਹਿ ਜਾਣਾ

ਸੀ। ਅਸੀਂ ਉਨ੍ਹਾਂ ਸਾਰੇ ਪਤਵੰਤੇ ਸੱਜਣਾਂ ਦੇ ਸ਼ੁਕਰਗੁਜ਼ਾਰ ਹਾਂ ਅਤੇ ਸਾਡਾ ਫਰਜ਼ ਵੀ ਬਣਦਾ ਹੈ ਕਿ ਉਨ੍ਹਾਂ ਪਤਵੰਤੇ ਸੱਜਣਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਇਸ ਪੁਸਤਕ ਰਾਹੀਂ ਧੰਨਵਾਦ ਕਰੀਏ।

ਅਸੀਂ ਇਸ ਸਾਰੇ ਕਾਰਜ ਵਿਚ ਅਹਿਮ ਸਹਿਯੋਗ ਦੇਣ ਵਾਲੇ ਭਾਈ ਕਰਮਜੀਤ ਸਿੰਘ, ਭਾਈ ਸੁੱਖਾ ਸਿੰਘ, ਪ੍ਰਿਥੀਪਾਲ ਸਿੰਘ, ਹਰਜਿੰਦਰ ਸਿੰਘ, ਪਰਮਜੀਤ ਸਿੰਘ, ਦਲਜੀਤ ਸਿੰਘ, ਮਨਮੋਹਨ ਸਿੰਘ, ਗੁਰਬਖਸ਼ ਸਿੰਘ, ਗੁਰਪ੍ਰੀਤ ਸਿੰਘ, ਹਰਜੀਤ ਸਿੰਘ, ਨਰਿੰਦਰ ਸਿੰਘ, ਸ਼ਿਵ ਸ਼ੰਕਰ ਪਾਹਵਾ, ਹਰਦੇਵ ਸਿੰਘ, ਚਰਨ ਸਿੰਘ, ਹਰਪ੍ਰੀਤ ਸਿੰਘ, ਗੋਬਿੰਦ ਸਿੰਘ, ਅਰਵਿੰਦਰ ਪਾਲ ਸਿੰਘ, ਜਰਨੈਲ ਸਿੰਘ ਮਿਰਜਾਪੁਰ, ਰਛਪਾਲ ਸਿੰਘ, ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ, ਸਤਿੰਦਰਪਾਲ ਸਿੰਘ, ਕੁਲਵਿੰਦਰ ਸਿੰਘ ਅਤੇ ਉਨ੍ਹਾਂ ਸਾਰੇ ਸੱਜਣਾਂ ਦਾ ਜੋ ਲੋਹਗੜ੍ਹ ਟਰਸਟ ਨਾਲ ਜੁੜੇ ਹੋਏ ਹਨ, ਦੇ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਿਲ੍ਹੇ ਦੀ ਸਚਾਈ ਸਾਹਮਣੇ ਲਿਆਉਣ ਲਈ ਯੋਗਦਾਨ ਪਾਇਆ ਹੈ।

ਅਸੀਂ ਸਿੱਖ ਇਤਿਹਾਸ ਦੇ ਵਿਦਵਾਨਾਂ/ਇਤਿਹਾਸਕਾਰਾਂ ਨੂੰ ਵੀ ਬੇਨਤੀ ਕਰਦੇ ਹਾਂ ਕਿ ਉਹ ਲੋਹਗੜ੍ਹ ਕਿਲ੍ਹੇ ਦਾ ਸਰਵੇਖਣ ਕਰਨ ਅਤੇ ਆਪਣੇ ਵਿਚਾਰ ਰਖਣ ਤਾਂ ਜੋ ਇਸ ਅਨਮੋਲ ਸਿੱਖ ਵਿਰਾਸਤ ਨੂੰ ਸੰਭਾਲਿਆ ਜਾਵੇ।

ਅਸੀਂ ਸਰਦਾਰ ਅਦਰਸ਼ਦੀਪ ਸਿੰਘ (ਡੀ. ਐਸ. ਪੀ. ਪੁਲਿਸ, ਹਰਿਆਣਾ ਸਰਕਾਰ) ਦੇ ਖਾਸ ਤੌਰ ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਲੋਹਗੜ੍ਹ ਕਿਲ੍ਹੇ ਦੀ ਛਾਣਬੀਨ ਅਤੇ ਸਰਵੇ ਕਰਨ ਸਮੇਂ ਸਾਨੂੰ ਲੋੜੀਂਦੀ ਸਿਕਿਉਰਟੀ ਦਿੱਤੀ। ਅਸੀਂ ਸਾਰੇ ਸਰਪੰਚਾਂ, ਗ੍ਰਾਮ ਸਕੱਤਰਾਂ, ਪਟਵਾਰੀਆਂ ਅਤੇ ਡੀ.ਡੀ.ਪੀ.ਓ. ਦਫ਼ਤਰ ਯਮੁਨਾਨਗਰ ਦੇ ਸਾਰੇ ਕਰਮਚਾਰੀਆਂ ਦੇ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਨੂੰ ਇਸ ਲੋਹਗੜ੍ਹ ਕਿਲ੍ਹੇ ਦੀ ਖੋਜ ਵਿੱਚ ਵਡਮੁੱਲਾ ਸਹਿਯੋਗ ਦਿੱਤਾ।

ਅਸੀਂ ਹਰਿਆਣਾ ਅਕੈਡਮੀ ਹਿਸਟਰੀ ਅਤੇ ਕਲਚਰ ਕੁਰੂਕਸ਼ੇਤਰ ਦੇ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਲੋਹਗੜ੍ਹ ਨਾਲ ਸੰਬੰਧਤ ਸਮੱਗਰੀ ਨੂੰ ਪੁਸਤਕ ਦੇ ਰੂਪ ਵਿਚ ਛਾਪਿਆ। ਅਸੀਂ ਹਰਿਆਣਾ ਦੇ ਮਾਨਯੋਗ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਜੀ ਦੇ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਖੋਜ ਉਪਰ ਬਹੁਮੁਲੇ ਸ਼ਬਦ ਲਿਖੇ ਸ਼ਬਦਾਂ ਰਾਹੀ ਕੀਮਤੀ ਤੇ ਭਰਪੂਰ ਸਹਿਯੋਗ ਦਿੱਤਾ।

ਗੁਰਵਿੰਦਰ ਸਿੰਘ
ਚੇਅਰਮੈਨ, ਲੋਹਗੜ੍ਹ ਟ੍ਰੱਸਟ ਅਤੇ
ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਜਾਣ-ਪਛਾਣ

ਖਾਲਸਾ ਰਾਜਧਾਨੀ-ਲੋਹਗੜ੍ਹ (ਯਮੁਨਾਨਗਰ, ਹਰਿਆਣਾ) ਸਿੱਖ ਇਤਿਹਾਸ ਦਾ ਪ੍ਰਮੁੱਖ ਕੇਂਦਰ ਹੈ। ਇੱਥੋਂ ਹੀ ਸੰਨ 1710 ਈ. ਵਿਚ ਸਿੱਖਾਂ ਦੇ ਮਹਾਨ ਜਰਨੈਲ ਭਾਈ ਬੰਦਾ ਸਿੰਘ ਬਹਾਦੁਰ ਨੇ ਮਨੁਖਤਾ ਦੀ ਅਜਾਦੀ ਦਾ ਝੰਡਾ ਲਹਿਰਾਇਆ ਸੀ। ਖਾਲਸਾ ਰਾਜਧਾਨੀ ਲੋਹਗੜ੍ਹ ਕਿਲ੍ਹੇ ਦੇ ਇਤਿਹਾਸ ਦਾ ਸਰਵੇ/ਖੋਜਾਂ, ਤੱਥਾਂ, ਸਬੂਤਾਂ ਅਤੇ ਆਰਕੋਲੋਜ਼ਿਕਲ, ਆਧੁਨਿਕ ਤਕਨੀਕ ਵਰਤ ਕੇ ਕੀਤਾ ਗਿਆ ਹੈ, ਜੋ ਸਿਰਫ ਸਿੱਖ ਇਤਿਹਾਸ ਲਈ ਹੀ ਨਹੀਂ ਬਲਕਿ ਸੰਸਾਰ ਦੇ ਇਤਿਹਾਸ ਲਈ ਵੀ ਭਵਿੱਖ ਵਿਚ ਆਧਾਰ ਬਣਾ ਕੇ ਵਰਤਿਆ ਜਾਇਆ ਕਰੇਗਾ। ਸਿੱਖ ਇਤਿਹਾਸ ਦੀ ਪੜਚੋਲ ਤੋਂ ਪਤਾ ਚਲਿਆ ਹੈ ਕਿ ਸਿੱਖ ਗੁਰੂਆਂ ਨੇ ਵੱਖ-ਵੱਖ ਸਮੇਂ ਵਿਚ ਅਨੇਕਾਂ ਹੀ ਲੋਹਗੜ੍ਹ ਕਿਲ੍ਹੇ ਉਸਾਰੇ ਸਨ ਜਿਨ੍ਹਾਂ ਦੀ ਲੋਹਗੜ੍ਹ ਟ੍ਰੱਸਟ ਵਲੋਂ ਖੋਜ ਕੀਤੀ ਜਾ ਰਹੀ ਹੈ ਅਤੇ ਹੈਰਾਨੀਜਨਕ ਤੱਥ ਸਾਹਮਣੇ ਆ ਰਹੇ ਹਨ। ਇਸ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਸਿੱਖ ਗੁਰੂ ਸਾਹਿਬਾਨ ਦੀ ਅਗਵਾਈ ਹੇਠ 70-80 ਸਾਲ ਵਿਚ ਹੋਈ ਕਿਉਂਕਿ ਇਹ ਇਤਨਾ ਵਿਸ਼ਾਲ ਹੈ ਜੋ ਕਿ 7000 ਤੋਂ ਵੱਧ ਰਕਬੇ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੀਆਂ ਦਰਜ਼ਨਾਂ ਹੀ ਛੋਟੀਆਂ ਗੜ੍ਹੀਆਂ/ਚੌਂਕੀਆਂ ਸ਼ਿਵਾਲਿਕ ਦੀਆਂ ਪਹਾੜੀਆਂ ’ਤੇ ਜੋ ਕਰਨਾਲ, ਕੁਰਕਸ਼ੇਤਰ ਯਮੁਨਾਨਗਰ, ਅੰਬਾਲਾ ਅਤੇ ਪੰਚਕੂਲਾ ਜ਼ਿਲ੍ਹਿਆਂ ਵਿਚ ਫੈਲੀਆਂ ਹੋਈਆਂ ਹਨ।

ਮੁਗਲਾਂ ਦੀ ਵਿਸ਼ਾਲ ਫ਼ੌਜ ਦਾ ਸਾਹਮਨਾ ਕਰਨ ਵਾਸਤੇ, ਇੰਦਰੀ, ਲਾਡਵਾ, ਬਬੈਨ, ਸ਼ਾਹਬਾਦ, ਬਰਾੜਾ, ਅੰਬਾਲਾ, ਸ਼ਹਿਜਾਦਪੁਰ, ਜਗਾਧਰੀ, ਸਢੌਰਾ, ਮੁਸਤਫਾਬਾਦ, ਰਾਇਪੁਰ ਰਾਣੀ ਅਤੇ ਪਿੰਜੋਰ ਵਿਚ ਕਿਲ੍ਹੇ ਬਣਾਏ ਹੋਏ ਸਨ। ਆਖਿਰਕਾਰ ਇਹ ਕਿਲ੍ਹੇ, ਮੁਗਲ ਰਾਜ ਦੀਆਂ ਜੜ੍ਹਾਂ ਭਾਰਤ-ਉਪ ਮਹਾਦੀਪ ਵਿਚੋਂ ਸਦਾ ਲਈ ਪੁੱਟਣ ਲਈ ਬਣਾਏ ਸਨ ਜੋ ਸਥਾਨਕ ਲੋਕਾਂ ਨੂੰ ਬੁਰੀ ਤਰ੍ਹਾ ਲਿਤਾੜ ਕੇ ਉਨ੍ਹਾਂ 'ਤੇ ਜ਼ੁਲਮ ਕਰ ਰਹੇ ਸਨ। ਇੰਨੀ ਵੱਡੀ ਕਿਲ੍ਹਾ ਬੰਦੀ ਕਰਨ ਲਈ ਬਹੁਤ ਧਨ ਚਾਹੀਦਾ ਸੀ ਜੋ ਵਣਜਾਰੇ ਅਤੇ ਹੋਰਨਾਂ ਸਿੱਖਾਂ ਨੇ ਇਕੱਠਾ ਕੀਤਾ। ਟਾਂਡੇ (ਵਣਜਾਰਿਆਂ ਦੇ ਵਪਾਰ ਦੇ ਸਮੂਹ ਠਹਿਰਨ ਵਾਲੀ ਥਾਂਵਾਂ ਜੋ ਅੱਜਕੱਲ੍ਹ ਪਿੰਡ ਬਣ ਗਏ ਹਨ) ਭਾਰਤ ਦੇ ਉਪ-ਮਹਾਦੀਪ ਵਿਚ ਘੁੰਮਦੇ ਹੋਏ ਵਪਾਰ ਕਰਦੇ ਸੀ, ਨਾਲੇ ਦੇਸ਼ ਨੂੰ ਮੁਗਲਾਂ ਹੱਥੋਂ ਆਜ਼ਾਦ ਕਰਨ ਲਈ ਫੰਡ ਇਕੱਠਾ ਕਰਦੇ ਸੀ।

ਅਠਾਰਵੀਂ ਸਦੀ ਦੇ ਸ਼ੁਰੂ ਵਿਚ ਮੁਗਲਾਂ ਕੋਲ ਦੁਨੀਆਂ ਦੀ 24.4% ਦੌਲਤ ਸੀ, ਜੋ ਵਣਜਾਰਿਆਂ ਦੇ ਵਪਾਰ ਕਰਕੇ ਮੁਗਲ ਇਤਨੇ ਅਮੀਰ ਬਣੇ ਸਨ। ਵਣਜਾਰਿਆਂ ਨੂੰ ਕਈ ਥਾਂਵਾਂ ’ਤੇ ਮੁਗਲਾਂ ਨੇ ਮਨਸਬਦਾਰ/ਰਾਜੇ ਔਹਦੇ ਦਿਤੇ ਹੋਏ ਸਨ। ਇਸ ਤਰ੍ਹਾਂ ਵਣਜਾਰੇ ਦੇਸ਼ ਦੇ ਅਮੀਰ ਵਪਾਰੀ ਸਨ, ਜਿਨ੍ਹਾਂ ਕੋਲ ਰਾਜਨੀਤਿਕ ਤਾਕਤ ਵੀ ਸੀ ਪਰ ਉਨ੍ਹਾਂ ਦੀ ਕੌਮੀ ਭਾਵਨਾ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਬੜੀ ਅਕਲਮੰਦੀ ਅਤੇ ਗੁਪਤ ਤਰੀਕੇ ਨਾਲ ਕਈ ਸਾਲ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਲਈ ਕੰਮ ਕਰਦੇ ਰਹੇ। ਭਾਈ ਲੱਖੀ ਰਾਇ ਵਣਜਾਰਾ ਇਨ੍ਹਾਂ ਦਾ ਮੁਖੀ ਸੀ, ਜਿਸਦੀ ਅਗਵਾਈ ਹੇਠ ਬਹੁਤ ਨਾਇਕ (ਲੀਡਰ) ਅਤੇ ਵਣਜਾਰੇ ਕੰਮ ਕਰ ਰਹੇ ਸਨ।

ਜਥੇਦਾਰ ਬੰਦਾ ਸਿੰਘ ਬਹਾਦੁਰ ਪੰਜਾਬ ’ਚ ਆਪਣੇ ਨਾਲ ਭਾਰੀ ਗਿਣਤੀ ਵਿਚ ਵਣਜਾਰੇ ਸਿੰਘ ਲੈ ਕੇ ਆਇਆ ਇਨ੍ਹਾਂ ਵਣਜਾਰਿਆਂ ਨੇ ਗੁਰੂ ਸਾਹਿਬ ਦਾ ਭੇਜਿਆ ਹੋਇਆ ਹੁਕਮਨਾਮਾ, ਜਿਸ ਵਿਚ ਲਿਖਿਆ ਹੋਇਆ ਸੀ ਕਿ ਮੁਗਲਾਂ ਵਿਰੁੱਧ ਜੰਗ ਸ਼ੁਰੂ ਹੋ ਗਈ ਹੈ ਅਤੇ ਸਾਰੇ ਸਿੱਖ ਬੰਦਾ ਸਿੰਘ ਦੀ ਫ਼ੌਜ ਵਿਚ ਆ ਹਾਜਿਰ ਹੋਣ, ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਜਾ

ਕੇ ਸਿੱਖਾਂ ਤੱਕ ਪਹੁੰਚਾਇਆ। ਇਹ ਮੁਹਿੰਮ ਇਕ ਛੋਟੀ ਜਿਹੀ ਤਾਕਤ ਵਿਰੁੱਧ ਨਹੀਂ ਸੀ, ਮੁਗਲ ਉਸ ਵਕਤ ਦੁਨੀਆਂ ਦੀ ਸਭ ਤੋਂ ਵੱਧ ਤਾਕਤਵਰ ਸਮਰੱਥਾ ਦੇ ਮਾਲਕ ਸਨ। ਲੋਹਗੜ੍ਹ ਦੀਆਂ ਲੜਾਈਆਂ ਖਾਸ ਕਰਕੇ ਵਣਜਾਰਿਆਂ, ਭੀਲਾਂ ਅਤੇ ਸਿਕਲੀਗਰਾਂ ਸਿੱਖਾਂ ਨੇ ਲੜੀਆਂ, ਜੋ 1710 ਤੋਂ 1713 ਤੱਕ ਹੋਈਆਂ। ਜਥੇਦਾਰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਵੀ ਇਨ੍ਹਾਂ ਵਣਜਾਰਿਆਂ ਨੇ ਮੁਗਲਾਂ ਵਿਰੁੱਧ ਕਈ ਸਾਲ ਲੜਾਈਆਂ ਜਾਰੀ ਰਖੀਆਂ ਪਰ ਇਕ ਚੰਗੇ ਨੇਤਾ ਦੀ ਘਾਟ ਕਰਕੇ ਜ਼ਿਆਦਾ ਚਿਰ ਲਈ ਕਾਮਯਾਬ ਨਹੀਂ ਹੋ ਸਕੇ।

ਮੁਗਲਾਂ ਨੇ ਲੋਹਗੜ੍ਹ ਨਜ਼ਦੀਕ ਰੰਘੜਾਂ ਦੇ (ਜੋ ਰਾਜਪੂਤ ਤੋਂ ਮੁਸਲਮਾਨ ਬਣੇ ਸਨ) 85 ਪਿੰਡ ਵਸਾ ਦਿੱਤੇ ਜਿਨ੍ਹਾਂ ਨੇ ਵਣਜਾਰਿਆਂ ਦੀ ਨਸਲਕੁਸ਼ੀ ਕੀਤੀ। ਇਹ ਵਣਜਾਰਿਆਂ ਦੇ ਕਤਲੇਆਮ ਦੀ ਸ਼ੁਰੂਆਤ ਸੀ ਅਤੇ ਸ਼ਾਹੀ ਹੁਕਮ ਹੋਇਆ ਕਿ ਜਿੱਥੇ ਵੀ ਨਾਨਕ-ਪੰਥੀ ਮਿਲਦਾ ਹੈ, ਉਸਨੂੰ ਉੱਥੇ ਹੀ ਮਾਰ ਦਿਉ। ਜੋ ਸਿੱਖ ਦਾ ਸਿਰ ਵੱਢ ਕੇ ਲਿਆਏਗਾ ਉਸਨੂੰ 10 ਰੁਪਏ ਦਿੱਤੇ ਜਾਣਗੇ, ਜਿਹੜੀ ਉਸ ਵਕਤ ਦੀ ਬਹੁਤ ਵੱਡੀ ਰਕਮ ਹੁੰਦੀ ਸੀ, ਇਹ ਕਾਰਵਾਈ ਸਿੱਖਾਂ ਉਪਰ ਅਗਲੇ 30-40 ਸਾਲ (ਭਾਵ 1750 ਈ.) ਤੱਕ ਚਲਦੀ ਰਹੀ। ਜਦੋਂ ਸਿੱਖ ਮਿਸਲਾਂ ਨੇ ਪ੍ਰਸ਼ਾਸਨਕ ਕੰਟਰੋਲ ਆਪਣੇ ਹੱਥ ਲਿਆ ਤਾਂ ਬਣਜਾਰੇ ਸਿੱਖ ਇਨ੍ਹਾਂ ਮਿਸਲਾਂ ਨਾਲ ਮਿਲਕੇ ਮੁਗਲ ਹਕੂਮਤ ਨਾਲ ਟੱਕਰ ਲੇਂਦੇ ਰਹੇ ਸਨ। ਮੁਗਲ ਅਤੇ ਅੰਗ੍ਰੇਜ਼ੀ ਰਾਜ ਤੱਕ ਇਨ੍ਹਾਂ ਵਣਜਾਰੇ ਸਿੱਖਾਂ ਦਾ ਪਹਾੜੀ ਇਲਾਕੇ ਜਲੰਧਰ ਦੁਆਬ ਤੋਂ ਬਰੇਲੀ ਤੱਕ ਸਰਕਾਰੀ ਕਤਲੇਆਮ ਜਾਰੀ ਰਹਿਆ ਸੀ।

ਲੋਹਗੜ੍ਹ ਦੀਆਂ ਲੜਾਈਆਂ ਤੋਂ ਬਾਅਦ ਇਸ ਇਲਾਕੇ ਵਿਚ ਪੁਰਾਣੀ ਅਬਾਦੀ ਨਹੀਂ ਰਹੀ। ਇਥੇ ਇਹ ਦੱਸਣਾ ਜਰੂਰੀ ਹੈ ਕਿ ਯਮੁਨਾਨਗਰ, ਅੰਬਾਲਾ ਅਤੇ ਪੰਚਕੂਲਾ ਜਿਲ੍ਹਿਆਂ ਦੀ ਅਬਾਦੀ 250 ਸਾਲ ਤੋਂ ਪੁਰਾਣੀ ਨਹੀਂ ਹੈ। ਬ੍ਰਿਟਿਸ਼ ਗੌਰਮਿੰਟ ਨੇ ਕਾਲੇ ਰਾਇ (ਰੰਘੜ) ਨੂੰ ਪਹਿਲਾਂ ਬੰਦੋਬਸਤ ਅਫ਼ਸਰ ਥਾਪਿਆ ਜਿਸਨੇ ਇਸ ਇਲਾਕੇ ਵਿਚ ਵਸੋਂ ਵਸਾਈ।

ਇਤਿਹਾਸਿਕ ਦਸਤਾਵੇਜ਼ਾਂ ਨਾਲ ਕਥਿੱਤ ਤੌਰ ਤੇ ਛੇੜਛਾੜ ਕਰ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਬੰਦਾ ਸਿੰਘ ਬਹਾਦਰ ਨੇ ਮੁਖਲਿਸਗੜ੍ਹ (ਮੁਖਲਿਸਪੁਰ) ਕਿਲ੍ਹੇ 'ਤੇ ਕਬਜਾ ਕਰਕੇ ਇਸ ਨੂੰ ਲੋਹਗੜ੍ਹ ਕਿਲ੍ਹੇ ਦਾ ਨਾਂ ਦਿਤਾ ਸੀ। ਉਨ੍ਹਾਂ ਨੇ ਇਕ 'ਰੰਗ ਮਹਿਲ' ਨੂੰ, ਜੋ ਕਿ ਮੁਗਲ ਬਾਦਸ਼ਾਹਾਂ ਅਤੇ ਜਰਨੈਲਾਂ ਵਾਸਤੇ ਗਰਮੀਆਂ ਵਿਚ ਅਰਾਮਗਾਹ, ਸ਼ਿਕਾਰਗਾਹ ਲਈ ਮਹਿਲ ਸੀ, ਨੂੰ ਲੋਹਗੜ੍ਹ ਕਿਲ੍ਹਾ ਕਹਿ ਦਿਤਾ ਜੋ ਕਿ ਗਲਤ ਹੈ, ਅਸਲ ਵਿਚ ਮੁਖਲਿਸਪੁਰ ਯਮੁਨਾ ਨਦੀ ਦੇ ਕਿਨਾਰੇ ਹਥਨੀ ਕੁੰਡ ਬੈਰਾਜ਼ ਦੇ ਕੋਲ ਲੋਹਗੜ੍ਹ ਕਿਲ੍ਹੇ ਤੋਂ ਤਕਰੀਬਨ 35 ਕਿਲੋਮੀਟਰ ਦੂਰ ਹੈ। ਲੋਹਗੜ੍ਹ ਕਿਲ੍ਹੇ ਨੂੰ ਗਲਤ ਤਰੀਕੇ ਨਾਲ ਮੁਖਲਿਸਗੜ੍ਹ (ਮੁਖਲਿਸਪੁਰ) ਕਹਿ ਕੇ ਪਰਚਾਰਿਆ ਗਿਆ ਤਾਂ ਕੇ ਮੁਗਲਾਂ ਦੀ ਸ਼ਾਨ-ਸ਼ੌਕਤ ਕਮਜ਼ੋਰ ਨਾ ਪਵੇ। ਅੱਜ ਵੀ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ **ਲੋਹਗੜ੍ਹ** ਕਿਲ੍ਹੇ ਨੂੰ ਮੁਖ਼ਲਿਸਗੜ੍ਹ ਦਾ ਕਿਲ੍ਹਾ ਸਮਝਦੀਆਂ ਆ ਰਹੀਆਂ ਹਨ। ਉਸ ਵਕਤ ਦੇ ਇਤਿਹਾਸਕਾਰ, ਜਿਵੇਂ ਖ਼ਾਫੀ-ਖ਼ਾਨ, ਮੁਹੰਮਦ ਕਾਸਿਮ ਔਰੰਗਾਬਾਦੀ ਆਦਿ ਜਾਣ-ਬੂਝ ਕੇ ਇਸ ਵਿਸ਼ਾਲ ਕਿਲ੍ਹੇ ਨੂੰ ਛੋਟਾ ਜਿਹਾ ਕਿਲ੍ਹਾ ਦੱਸਦੇ ਰਹੇ। ਬਾਅਦ ਵਿਚ ਅਲੈਗਜੈਂਡਰ ਕਨਿੰਘਮ, ਜੋ ਬੰਗਾਲ ਇੰਜੀਨਿਅਰਿੰਗ ਵਿੰਗ ਦਾ ਇੰਜੀਨਿਅਰ ਸੀ, ਨੂੰ 1861 ਵਿਚ ਆਰਕੋਲੋਜੀਕਲ ਸਰਵੇ ਵਿਭਾਗ ਭਾਰਤ ਸਰਕਾਰ ਦਾ ਨੁਮਾਇੰਦਾ ਨਿਯੁਕਤ ਕੀਤਾ ਗਿਆ। ਉਸਨੇ ਵੀ ਲੋਹਗੜ੍ਹ ਕਿਲ੍ਹੇ ਬਾਰੇ ਕੋਈ ਰਿਪੋਰਟ ਨਹੀਂ ਦਿੱਤੀ। ਬਾਅਦ ਵਿਚ ਤਕਰੀਬਨ ਇਤਿਹਾਸਕਾਰਾਂ ਨੇ ਪਹਿਲੇ ਵਾਲੇ ਇਤਿਹਾਸਕਾਰਾਂ ਦਾ ਹੀ ਆਧਾਰ ਲੈ ਕੇ ਬੰਦਾ ਸਿੰਘ ਬਹਾਦਰ, ਲੋਹਗੜ੍ਹ ਦੀਆਂ ਲੜਾਈਆਂ ਦਾ ਵੇਰਵਾ ਲਿਖਦੇ ਰਹੇ ਜਿਸ ਨਾਲ ਇਤਿਹਾਸ ਕਾਫੀ ਹੱਦ ਤੱਕ ਕੁਰਾਹੇ ਪਿਆ ਰਿਹਾ।

ਬ੍ਰਿਟਿਸ਼ ਗਜ਼ਟੀਅਰ (ਪੁਰਾਣੇ ਅੰਬਾਲੇ ਦੀਆਂ ਹੱਦਾਂ ਦਿਖਾਉਣ ਵਾਲਾ) ਜੋ 1893 ਵਿਚ ਛੱਪਿਆ ਸੀ, ਨੇ ਵੀ ਲੋਹਗੜ੍ਹ ਕਿਲ੍ਹੇ ਬਾਰੇ ਕੋਈ ਇਸ਼ਾਰਾ ਨਹੀਂ ਕੀਤਾ ਭਾਵੇਂ ਇਨ੍ਹਾਂ ਦੇ ਸਹਾਰਨਪੁਰ ਜਿਲ੍ਹੇ ਦੇ ਗਜ਼ਟੀਅਰ ਵਿਚ ਮੁਖਲਿਸਪੁਰ (ਮੁਗਲ ਬਾਦਸ਼ਾਹ ਦੀ ਸਿਕਾਰ ਗਾਹ) ਦਾ ਜ਼ਿਕਰ ਕੀਤਾ ਹੈ। 19ਵੀਂ ਸਦੀ ਵਿਚ ਅੰਗਰੇਜ਼ਾਂ ਨੇ ਕਨਿੰਘਮ, ਇਰਵਿਨ ਅਤੇ ਡਬਲਿਉ. ਕਰੁਕ ਵਰਗੇ ਇਤਿਹਾਸਕਾਰਾਂ ਨੂੰ ਵਣਜਾਰਿਆਂ ਦੀ ਖੋਜ ਲਈ ਸਰਵੇਅਰ ਨਿਯੁਕਤ ਕੀਤਾ।ਜਾਲਿਮ ਮੁਗਲਾਂ ਦੀਆਂ ਜੜ੍ਹਾਂ ਪੁਟਣ ਵਾਲੇ ਵਣਜਾਰੇ ਹੀ ਸਨ। ਉਨ੍ਹਾਂ ਵਣਜ਼ਾਰਿਆਂ ਦੇ ਕਾਰੋਬਾਰਾਂ ਨੂੰ ਠੱਪ ਕਰਨ ਲਈ ਇਹਨਾਂ ਉੱਪਰ 'ਕ੍ਰਿਮੀਨਲ ਟਰਾਈਵਲ ਐਕਟ 1871' ਲਗਾ ਕੇ ਇਨ੍ਹਾਂ ਨੂੰ ਦਬਾਇਆ ਗਿਆ। ਇਸ ਤਰ੍ਹਾਂ ਇਨ੍ਹਾਂ ਵਣਜਾਰਿਆਂ ਨੂੰ 80 ਸਾਲ ਤੱਕ ਘਰ ਵਿਚ ਹੀ ਕੈਦੀ ਬਣਾਕੇ ਰੱਖਿਆ ਅਤੇ ਅਮੀਰ ਲੋਕਾਂ ਨੂੰ ਗਰੀਬ ਬਣਾ ਦਿਤਾ ਗਿਆ। ਇਨ੍ਹਾਂ ਤੋਂ 'ਕ੍ਰਿਮੀਨਲ ਟ੍ਰਾਈਬਲ ਐਕਟ' ਭਾਰਤ ਦੀ ਅਜ਼ਾਦੀ ਤੋਂ ਬਾਅਦ 1952 ਵਿਚ ਹਟਾਇਆ ਗਿਆ।

ਇਸ ਤਰ੍ਹਾਂ ਸਿਕਲੀਗਰ ਅਤੇ ਵਣਜਾਰੇ ਸਿੱਖਾਂ ਜਿਨ੍ਹਾਂ ਨੇ ਸਿਖ ਰਾਜ ਸਥਾਪਿਤ ਕਰਨ ਲਈ ਦਿਨ ਰਾਤ ਮਿਹਨਤ ਕੀਤੀ ਅਤੇ ਮਨੁੱਖਤਾ ਦੇ ਭਲੇ ਲਈ ਆਪਣੀਆਂ ਜਾਨਾਂ ਵਾਰਦੀ ਰਹੀ ਜੋ ਇਕ ਗਰੀਬ ਅਤੇ ਥਾਂ-ਥਾਂ ਭਟਕਦੀ ਕਮਿਉਨਿਟੀ ਬਣਾ ਕੇ ਰਖ ਦਿੱਤੀ ਗਈ ਅਤੇ ਸਿਖੀ ਦੀ ਮੁਖਧਾਰਾ ਤੋਂ ਲਾਂਭੇ ਕਰ ਦਿੱਤੀ ਗਈ।ਇਸ ਵਕਤ ਲੋਹਗੜ੍ਹ ਟ੍ਰੱਸਟ ਅਤੇ ਹਰਿਆਣਾ ਸਰਕਾਰ ਨੇ ਸੰਗਤਾਂ ਦੇ ਸਹਿਯੋਗ ਨਾਲ ਕਦਮ ਚੁੱਕੇ ਹਨ, ਜਿਸ ਕਰਕੇ ਲੋਹਗੜ੍ਹ ਦੇ ਇਲਾਕੇ ਦਾ ਵਿਕਾਸ ਸ਼ੁਰੂ ਹੋ ਗਿਆ ਹੈ। ਲੋਹਗੜ੍ਹ ਟ੍ਰੱਸਟ ਨੇ ਪੰਜ ਏਕੜ ਜ਼ਮੀਨ ਖਰੀਦ ਕੇ ਧਰਮਸਾਲ, ਅਜਾਇਬ ਘਰ, ਲੰਗਰ ਹਾਲ, ਡਿਸਪੈਂਸਰੀ, ਰਹਿਣ ਲਈ ਰਿਹਾਇਸ਼ੀ ਕਮਰੇ ਆਦਿ ਦੀ ਉਸਾਰੀ ਦਾ ਕੰਮ ਅਰੰਭਿਆ ਹੋਇਆ ਹੈ। ਹਰਿਆਣਾ ਸਰਕਾਰ ਨੇ ਵੀ ਇੱਥੇ ਕਮਿਉਨਿਟੀ ਸੈਂਟਰ, ਮਾਰਸ਼ਲ ਆਰਟ ਅਕੈਡਮੀ, ਲੇਜ਼ਰ ਲਾਈਟ ਤੇ ਸਾਉਂਡ ਡਿਸਪਲੇ ਸਿਸਟਮ ਇਮਾਰਤ ਅਤੇ ਆਧੁਨਿਕ ਪਾਰਕ ਬਣਾਉਣ ਦਾ ਐਲਾਨ ਕੀਤਾ ਹੈ। ਭਗਵਾਨਪੁਰ ਤੋਂ ਲੋਹਗੜ੍ਹ ਤਕ ਪੱਕੀ ਸੜਕ ਬਣਾ ਦਿੱਤੀ ਗਈ ਹੈ। ਇਸ ਵਿਕਾਸ ਦੇ ਕੰਮਾਂ ਨੂੰ ਵੇਖਦਿਆਂ ਹੋਇਆਂ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸਨੇ ਪਿਛਲੇ 12 ਸਾਲਾਂ ਤੋਂ 10 ਏਕੜ ਜ਼ਮੀਨ ਖਰੀਦੀ ਹੋਈ ਸੀ 'ਤੇ ਗੁਰਦੁਆਰਾ ਉਸਾਰ ਰਹੀ ਹੈ।

ਗਗਨਦੀਪ ਸਿੰਘ
(DDPO) ਕਰਨਾਲ
(ਹਰਿਆਣਾ)

ਅਧਿਆਇ -1
ਲੋਹਗੜ੍ਹ ਕਿਲ੍ਹਾ
(ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ)

ਤਕਰੀਬਨ ਸਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਦੋਂ ਬਹਾਦਰ ਸ਼ਾਹ ਦੀ ਡੇਢ ਲੱਖ ਤੋਂ ਵੱਧ ਫ਼ੌਜ ਨੇ 29 ਨਵੰਬਰ 1710 ਨੂੰ ਜੱਥੇਦਾਰ ਭਾਈ ਬੰਦਾ ਸਿੰਘ ਬਹਾਦਰ ਦੀ ਖਾਲਸਾ ਰਾਜਧਾਨੀ ਲੋਹਗੜ੍ਹ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਨੇ ਅਗਲੇ ਦਿਨ ਹੀ 30 ਨਵੰਬਰ ਨੂੰ ਇਸ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਵੇਖਣ ਨੂੰ ਤਾਂ ਇਹ ਜਾਪਦਾ ਹੈ ਕਿ ਮੁਗ਼ਲ ਫ਼ੌਜ ਨੇ ਇਹ ਕਮਾਲ ਦਾ ਕਾਰਨਾਮਾ ਕੀਤਾ ਸੀ, ਪਰ ਇਹ ਦਾਅਵਾ ਝੂਠ ਹੀ ਹੈ। ਇਹ ਤਾਂ ਇੰਝ ਜਾਪਦਾ ਹੈ ਜਿਵੇਂ ਇਹ ਕਿਲ੍ਹਾ ਇਕ ਨਿੱਕੀ ਜਿਹੀ ਇਮਾਰਤ ਜਾਂ ਇਕ ਪਹਾੜੀ ਹੋਵੇ ਜਿਸ ਨੂੰ ਇੰਨੀ ਨਿੱਕੀ ਜਿਹੀ ਕੋਸ਼ਿਸ਼ ਨਾਲ ਸਰ ਕਰ ਲਿਆ ਹੋਵੇ ਪਰ ਲੋਹਗੜ੍ਹ ਕਿਲ੍ਹੇ ਦਾ ਭੂਗੋਲਕ ਨਕਸ਼ਾ ਅਤੇ ਇਸ ਦੇ ਫ਼ੌਜੀ ਟਿਕਾਣੇ ਨੂੰ ਵੇਖ ਕੇ ਸਾਫ਼ ਨਜ਼ਰ ਆਉਂਦਾ ਹੈ ਕਿ ਇਹ ਦਾਅਵਾ ਹਕੀਕਤ ਤੋਂ ਕੋਹਾਂ ਦੂਰ ਹੀ ਨਹੀਂ ਬਲਕਿ ਅਤਕਥਨੀ ਤੇ ਝੂਠ ਦੇ ਨਾਲ-ਨਾਲ ਇਹ ਤਵਾਰੀਖ਼ ਨਾਲ ਧੋਖਾ ਹੈ।

ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਕੋਈ 1710 ਵਿਚ ਰੱਖਿਆ ਨਾਂ ਨਹੀਂ ਹੈ। ਇਤਿਹਾਸਿਕ ਦਸਤਾਵੇਜ਼ਾਂ ਦੀ ਪੜਚੋਲ ਕਰਨ ਤੋਂ ਪਤਾ ਚਲਦਾ ਹੈ ਕਿ ਲੋਹਗੜ੍ਹ ਕਿਲ੍ਹੇ ਦੀ ਨੀਂਹ ਸਿੱਖ ਤਵਾਰੀਖ਼ ਵਿਚ 1608 ਵਿਚ ਰਖੀ ਗਈ ਸੀ।[1] ਸਭ ਤੋਂ ਪਹਿਲਾਂ ਲੋਹਗੜ੍ਹ ਨਾਂ ਦਾ ਕਿਲ੍ਹਾ ਗੁਰੂ ਦਾ ਚੱਕ/ਚੱਕ ਰਾਮਦਾਸ ਪੁਰ (ਹੁਣ ਅੰਮ੍ਰਿਤਸਰ) ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਣਵਾਇਆ ਸੀ, ਜਿੱਥੇ ਅੱਜ-ਕਲ੍ਹ 'ਗੁਰਦੁਆਰਾ ਸਾਹਿਬ ਕਿਲ੍ਹਾ ਲੋਹਗੜ੍ਹ' ਸ਼ੁਸ਼ੋਭਿਤ ਹੈ। ਦੂਜਾ ਲੋਹਗੜ੍ਹ ਕਿਲ੍ਹਾ ਗੁਰੂ ਹਰਿ ਰਾਇ ਸਾਹਿਬ ਜੀ ਨੇ ਨਾਹਨ ਰਿਆਸਤ ਵਿਚ ਬਣਵਾਉਣਾ ਸ਼ੁਰੂ ਕੀਤਾ ਸੀ। ਇਸ ਕਿਲ੍ਹੇ ਦੀ ਉਸਾਰੀ ਦਾ ਕੰਮ ਸੱਤਵੇਂ ਗੁਰੁ ਹਰਿ ਰਾਇ ਸਾਹਿਬ ਦੀ ਸਰਪ੍ਰਸਤੀ ਹੇਠ (1645-1657) ਵਿਚਕਾਰ ਵੀ ਕੀਤਾ ਗਿਆ, ਜਦੋਂ ਗੁਰੂ ਸਾਹਿਬ ਜੀ ਨੇ 13 ਸਾਲ 'ਥਾਪਲ' ਪਿੰਡ ਵਿਚ ਗੁਜ਼ਾਰੇ ਸਨ। (ਦਬਿਸਤਾਨੇ ਮਜ਼ਾਹਿਬ ਦੇ ਲੇਖਕ ਜ਼ੁਲਫ਼ਕਾਰ ਅਰਦਸਤਾਨੀ ਮੁਤਾਬਿਕ)। ਇਸ ਕਿਲ੍ਹੇ ਦੀ ਉਸਾਰੀ ਲਈ ਸਮਾਨ ਭਾਈ ਲੱਖੀ ਰਾਇ ਵਣਜਾਰਾ ਦੇ ਟਾਂਡਾ ਵਿਚ ਸ਼ਾਮਿਲ ਉਪਲਬਧ ਕਰਦੇ ਰਹੇ। 1685 ਤੋਂ 1688 ਤਕ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਰਹੇ ਸਨ ਤੇ ਗੁਰੂ ਸਾਹਿਬ ਜੀ ਵੀ ਇਸ ਕਿਲ੍ਹੇ ਦੀ ਉਸਾਰੀ ਦੀ ਸਰਪਰਸਤੀ ਕਰਦੇ ਰਹੇ ਸਨ। ਫਿਰ 1689-90 ਵਿਚ ਉਨ੍ਹਾਂ ਨੇ ਅਨੰਦਪੁਰ ਸਾਹਿਬ ਵਿਚ ਵੀ ਇਕ ਕਿਲ੍ਹਾ ਇਸੇ ਨਾਂ ’ਤੇ ਬਣਵਾਇਆ ਸੀ। ਉਸ ਵਿਚ ਇੱਕ ਹਥਿਆਰ ਬਣਾਉਣ ਦਾ ਕਾਰਖਾਨਾ ਵੀ ਲੱਗਾ ਹੋਇਆ ਸੀ ਜਿਸ ਵਿਚ ਸਿਕਲੀਗਰ ਅਤੇ ਵਣਜਾਰੇ ਸਿੱਖ ਹਥਿਆਰ ਬਣਾਇਆ ਕਰਦੇ ਸਨ।

---

[1] *ਦੁਨੀਆ ਦੇ ਵੱਡੇ ਕਿਲ੍ਹਿਆਂ ਵਿਚੋਂ ਚਿਤੌੜਗੜ੍ਹ 691.9 ਏਕੜ ਵਿਚ ਹੈ, ਅਤੇ ਯੂਰਪ ਦਾ ਵੱਡਾ ਕਿਲ੍ਹਾ ਮਾਲਬੋਰਕ ਕਿਲ੍ਹਾ ਪੋਲੈਂਡ 52 ਏਕੜ ਵਿਚ ਹੈ, ਪਰ ਇਸ ਦਾ ਸਤਲ ਰਕਬਾ ਬਹੁਤ ਜ਼ਿਆਦਾ ਹੈ, ਇੰਗਲੈਂਡ ਦਾ ਵੱਡਾ ਕਿਲ੍ਹਾ 'ਵਿੰਡਸਰ' ਸਿਰਫ਼ 13 ਏਕੜ ਵਿਚ ਹੈ, ਪਾਕਿਸਤਾਨ ਦਾ 'ਰਾਣੀਕੋਟ ਕਿਲ੍ਹਾ' ਤਕਰੀਬਨ 26 ਮੁਰੱਬਾ ਕਿਲੋਮੀਟਰ ਦੇ ਰਕਬੇ (ਤਕਰੀਬਨ 3000 ਏਕੜ) ਵਿਚ ਹੈ। ਜੋਧਪੁਰ ਦਾ 'ਮਿਹਰਾਨਗੜ੍ਹ ਕਿਲ੍ਹਾ' ਰਕਬੇ ਵਿਚ ਘੱਟ ਹੈ ਪਰ 125 ਮੀਟਰ ਉੱਚਾਈ 'ਤੇ ਹੈ।

ਲੋਹਗੜ੍ਹ ਕਿਲ੍ਹੇ ਦਾ ਭੂਗੋਲਕ ਨਕਸ਼ਾ

ਲੋਹਗੜ੍ਹ ਕਿਲ੍ਹਾ ਸਿਰਫ਼ ਇਕ ਜਾਂ ਦੋ ਪਹਾੜੀਆਂ 'ਤੇ ਬਣਿਆ ਹੋਇਆ ਕੋਈ ਮੋਰਚਾ ਨਹੀਂ ਸੀ। ਇਹ 7000 ਏਕੜ ਤੋਂ ਵੀ ਵੱਧ ਰਕਬੇ ਵਿਚ, ਦਰਜਨਾਂ ਪਹਾੜੀਆਂ 'ਤੇ ਫੈਲਿਆ ਹੋਇਆ ਕਿਲ੍ਹਾ ਸੀ। ਇਸ ਹਿਸਾਬ ਨਾਲ ਇਹ ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ ਸੀ। ਲੋਹਗੜ੍ਹ ਕਿਲ੍ਹਾ ਮੌਜੂਦਾ ਹਰਿਆਣਾ ਦੇ ਜ਼ਿਲ੍ਹਾ ਯਮੁਨਾਨਗਰ ਅਤੇ ਹਿਮਾਚਲ ਦੇ ਜ਼ਿਲ੍ਹਾ ਸਿਰਮੌਰ (ਪੁਰਾਣੀ ਰਿਆਸਤ ਨਾਹਨ) ਵਿਚ ਤਕਰੀਬਨ 50 ਕਿਲੋਮੀਟਰ ਦੇ ਘੇਰੇ ਵਿਚ ਫੈਲਿਆ ਹੋਇਆ ਹੈ।[2]

ਇਸ ਦੀਆਂ ਹੱਦਾਂ ਹਿਮਾਚਲ ਦੇ ਲੋਹਗੜ੍ਹ, ਹਰੀਪੁਰ, ਝੀਲ ਬਾਂਕੇਬਾੜਾ, ਮਹਿਤਾਵਾਲੀ, ਦੇਵਵਾਲਾ, ਪਲੋੜੀ, ਸੁਕਰੋਂ, ਮਹਰੋਂਵਾਲਾ, ਚਰਨਵਾਲਾ, ਜਾਮਨੀ ਅਤੇ ਹਰਿਆਣਾ ਦੇ

---

[2] ਸਿਰਮੌਰ, ਨਾਹਨ ਰਿਆਸਤ ਦਾ ਸਬੰਧ ਸਿੱਖਾਂ ਨਾਲ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੈ। ਇਕ ਰਿਵਾਇਤ ਮੁਤਾਬਿਕ ਇਹ ਸਥਾਨ ਰਾਜਾ ਭੋਜ ਦੀ ਮਲਕੀਅਤ ਸੀ ਅਤੇ ਅਜ ਵੀ 25 ਪਿੰਡ ਰਾਜਾ ਭੋਜ ਦੇ ਨਾਮ ਤੋਂ ਨਾਹਨ ਦੀ ਪਹਾੜੀਆਂ ਵਿਚ ਮੌਜੂਦ ਹਨ। ਭਾਈ ਮਨੀ ਸਿੰਘ ਰਾਜਾ ਭੋਜ ਦੇ ਖਾਨਦਾਨ ਦੇ ਵਾਰਸ ਸਨ ਅਤੇ ਇਹਨਾਂ ਦੇ ਵੱਡੇ-ਵਡੇਰੇ ਭਾਈ ਰਾਓ (ਪਵਾਰ) ਗੁਰੂ ਨਾਨਕ ਸਾਹਿਬ ਸਾਹਿਬ ਦੇ ਮੋਢਲੀ ਸਿੱਖਾਂ ਵਿਚੋਂ ਸਨ ਜੋ ਗੁਰੂ ਸਾਹਿਬ ਨੂੰ ਇਸ ਇਲਾਕੇ ਵਿਚ ਲੈ ਕੇ ਆਏ। ਨਾਹਨ ਦਾ ਰਾਜਾ ਕਰਮ ਪ੍ਰਕਾਸ਼ ਗੁਰੂ ਹਰਿਗੋਬਿੰਦ ਸਾਹਿਬ ਦਾ ਸਾਦਿਕ ਸੀ ਅਤੇ ਉਹ 6ਵੀਂ ਪਾਤਸ਼ਾਹੀ ਨਾਲ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸੀ ਅਤੇ ਉਹ ਉਨਾਂ 52 ਰਾਜਿਆਂ ਵਿਚ ਸ਼ਾਮਲ ਸੀ ਜਿਨਾਂ ਦੀ ਰਿਹਾਈ ਅਕਤੂਬਰ 1619 ਵਿਚ ਗੁਰੂ ਸਾਹਿਬ ਨਾਲ ਹੋਈ।ਭਾਈ ਮਨੀ ਸਿੰਘ ਦੇ ਪਿਤਾ ਭਾਈ ਮਾਈ ਦਾਸ ਦਾ ਵੀ ਜਨਮ ਨਾਹਨ ਵਿਚ ਹੋਇਆ ਸੀ। ਨਾਹਨ ਸ਼ਹਿਰ ਦੀ ਨੀਂਹ 1621 ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਨਾਲ ਰੱਖੀ ਸੀ।

ਕਰਮ ਪ੍ਰਕਾਸ਼ ਤੋਂ ਮਗਰੋਂ ਮੰਧਾਤਾ ਪ੍ਰਕਾਸ਼ (1630-1654) ਗੱਦੀ 'ਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਨਾਲ ਉਸ ਦੇ ਬਹੁਤ ਨੇੜੇ ਦੇ ਸਬੰਧ ਸਨ। 1645 ਵਿਚ ਜਦੋਂ ਕਹਿਲੂਰ (ਬਿਲਾਸਪੁਰ) ਰਿਆਸਤ ਦੇ ਰਾਜਾ ਤਾਰਾ ਚੰਦ ਨੇ ਸ਼ਾਹਜਹਾਂ ਨੂੰ ਟੈਕਸ (ਲਗਾਨ) ਦੇਣਾ ਬੰਦ ਕਰ ਦਿੱਤਾ ਤਾਂ ਬਾਦਸ਼ਾਹ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਕੈਦ ਵਿਚ ਪਾ ਦਿਤਾ। ਇਸ ਸਮੇਂ (ਗੁਰੂ) ਹਰਿ ਰਾਇ ਸਾਹਿਬ ਕੀਰਤਪੁਰ ਛੱਡ ਕੇ ਨਾਹਨ ਰਿਆਸਤ ਦੇ ਮੁਖੀ ਮੰਧਾਤਾ ਪ੍ਰਕਾਸ਼ ਦੇ ਕਹਿਣ 'ਤੇ ਉਸ ਦੀ ਰਿਆਸਤ ਵਿਚ 'ਥਾਪਲਪੁਰ' ਪਿੰਡ ਵਿਚ ਆ ਗਏ ਸਨ।'ਦਬਿਸਤਾਨੇ-ਮਜ਼ਾਹਿਬ' ਦੇ ਲੇਖਕ ਜ਼ੁਲਫ਼ਕਾਰ ਅਰਦਸਤਾਨੀ (ਜਿਸ ਦਾ ਨਾਂ ਕੁਝ ਲੇਖਕ ਗ਼ਲਤੀ ਨਾਲ ਮੁਹਸਨ ਫ਼ਾਨੀ ਲਿਖਦੇ ਰਹੇ ਸਨ) ਮੁਤਾਬਿਕ ਗੁਰੂ ਜੀ ਇਸ ਇਲਾਕੇ ਵਿਚ 1645 ਤੋਂ 1657 ਤਕ (ਤਕਰੀਬਨ 13 ਸਾਲ) ਰਹੇ ਸਨ।

ਮੰਧਾਤਾ ਪ੍ਰਕਾਸ਼ ਤੋਂ ਮਗਰੋਂ ਸੋਭਾਗ ਪ੍ਰਕਾਸ਼ (1654-1664) ਅਤੇ ਉਸ ਮਗਰੋਂ ਬੁੱਧ ਪ੍ਰਕਾਸ਼ (1664-1684) ਗੱਦੀ 'ਤੇ ਬੈਠਾ। ਬੁੱਧ ਪ੍ਰਕਾਸ਼ ਨੇ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਬਹੁਤ ਨੇੜਤਾ ਕਾਇਮ ਕੀਤੀ ਹੋਈ ਸੀ। ਬੁੱਧ ਪ੍ਰਕਾਸ਼ ਤੋਂ ਮਗਰੋਂ ਮੱਤ ਪ੍ਰਕਾਸ਼ (1684-1704) ਗੱਦੀ 'ਤੇ ਬੈਠਿਆ। ਸਿੱਖ ਤਵਾਰੀਖ਼ ਵਿਚ ਇਸ ਦਾ ਨਾਂ ਮੇਦਨੀ ਪ੍ਰਕਾਸ਼ ਵਜੋਂ ਆਉਂਦਾ ਹੈ। ਮੇਦਨੀ ਪ੍ਰਕਾਸ਼ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰਚ 1685 ਵਿਚ ਆਪਣੀ ਰਿਆਸਤ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ ਸੀ।

ਮੱਤ ਪ੍ਰਕਾਸ਼ ਤੋਂ ਮਗਰੋਂ ਬਿਜੈ ਪ੍ਰਕਾਸ਼ ਗੱਦੀ 'ਤੇ ਬੈਠਾ। ਪਰ ਮੁਗ਼ਲ ਰਿਕਾਰਡ ਵਿਚ ਇਸ ਦਾ ਨਾਂ ਭੂਪ ਪ੍ਰਕਾਸ਼ ਲਿਖਿਆ ਮਿੱਲਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕਾਰਨ ਉਹ 1710 ਤੋਂ 1711 ਤਕ ਸਲੀਮਗੜ੍ਹ ਦਿੱਲੀ ਕਿਲ੍ਹੇ ਵਿਚ ਕੈਦ ਰਿਹਾ ਸੀ। ਰਾਜਾ ਨਾਹਨ ਬਾਰੇ ਬਹੁਤੇ ਮੁਸਲਮਾਨ ਲੇਖਕ ਇਹੀ ਲਿਖਦੇ ਹਨ ਕਿ ਉਹ ਗੁਰੂ ਜੀ ਦਾ ਸਿੱਖ ਸੀ ਤੇ ਇਸੇ ਕਰ ਕੇ ਗੁਰੂ ਹਰਿ ਰਾਇ ਜੀ 1645 ਤੋਂ 1657 ਅਤੇ ਗੁਰੂ ਗੋਬਿੰਦ ਸਿੰਘ ਜੀ ਅਪ੍ਰੈਲ 1685 ਤੋਂ ਅਕਤੂਬਰ 1688 ਤਕ ਨਾਹਨ ਰਿਆਸਤ ਵਿਚ ਰਹੇ ਸਨ ਤੇ ਉਸੇ ਦੀ ਰਿਆਸਤ ਵਿਚ ਲੋਹਗੜ੍ਹ ਅਤੇ ਪਾਉਂਟਾ ਸਾਹਿਬ ਦੇ ਕਿਲ੍ਹੇ ਉਸਾਰੇ ਸੀ}

ਭਗਵਾਨਪੁਰ-ਨਥੌਰੀ, ਧਨੌਰਾ, ਨਗਲੀ ਅਤੇ ਮੋਹਿਦੀਨਪੁਰ ਵਿਚ ਪੈਂਦੀਆਂ ਹਨ। ਯਾਨਿ ਊਧਮਗੜ੍ਹ (ਕਾਲਾ ਅੰਬ ਦੇ ਨੇੜੇ) ਤੋਂ ਕਲੇਸਰ ਦੇ ਜੰਗਲ ਤਕ ਦਾ ਇਲਾਕਾ (ਰਾਇਪੁਰ ਰਾਣੀ, ਟੋਕਾ, ਪਿੰਜੌਰ ਅਤੇ ਕਾਲਾ ਅੰਬ ਵੀ ਇਸ ਦਾ ਹਿੱਸਾ ਸਨ) ਇਹ ਠਸਕਾ ਤੋਂ ਤੇਵਰ, ਮਿਲਕਾਰਾ ਹੁੰਦਾ ਹੋਇਆ ਤਾਹਰਪੁਰ, ਡਾਰਪੁਰ, ਚੁਲਕਾਣਾ ਤੋਂ ਲੰਘਦਾ ਹੋਇਆ ਇਹ ਕਲੇਸਰ ਦੇ ਜੰਗਲ ਤਕ ਤਕਰੀਬਨ 40-50 ਕਿਲੋਮੀਟਰ ਲੰਬਾ ਅਤੇ 10-15 ਕਿਲੋਮੀਟਰ ਚੌੜਾ ਰਕਬਾ ਹੈ। ਜਿਥੇ ਕੁਦਰਤੀ ਮੋਰਚਿਆਂ ਤੋ ਇਲਾਵਾ ਕਮਜ਼ੋਰ ਜਗ੍ਹਾਂ 'ਤੇ ਪੱਕੇ ਮੋਰਚੇ ਬਣੇ ਹੋਏ ਸਨ। ਇਥੋ ਕਿਲ੍ਹਾਬੰਦੀ ਦੀਆਂ ਅਨੇਕ ਨਿਸ਼ਾਨੀਆਂ ਮਿਲੀਆਂ ਹਨ, ਜਿਵੇਂ ਅਮਰ ਵੇਲਾਂ, ਗੁਪਤ ਰਸਤੇ, ਪਾਣੀ ਨੂੰ ਇਕੱਠਾ ਕਰਨ ਵਾਸਤੇ ਡੈਮ, ਚੌਕੀਆਂ ਆਦਿ, ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ।[3]

ਇਸ ਦੇ ਦੁਆਲੇ ਕਲੇਸਰ, ਸੁਕਰੋਂ ਅਤੇ ਲੋਹਗੜ੍ਹ ਦੇ ਜੰਗਲ (ਰੀਜ਼ਰਵ ਫ਼ੋਰੈਸਟ) ਵੀ ਹਨ, ਜਿਨ੍ਹਾਂ ਵਿਚ ਖ਼ੂੰਖ਼ਾਰ ਜਾਨਵਰ ਅੱਜ ਵੀ ਮੌਜੂਦ ਹਨ। ਇਸ ਇਲਾਕੇ ਨੂੰ ਹੀ ਡਾਬਰ ਹਿਲ ਕਹਿੰਦੇ ਹਨ। ਲੋਹਗੜ੍ਹ ਕਿਲ੍ਹਾ ਨਾਹਨ, ਪਾਉਂਟਾ ਸਾਹਿਬ, ਸਢੌਰਾ, ਤਿੰਨਾਂ ਥਾਂਵਾਂ ਤੋਂ ਹੀ ਤਕਰੀਬਨ 25-30 ਕਿਲੋਮੀਟਰ ਦੀ ਦੂਰੀ'ਤੇ ਹੈ।

ਅਮਰ ਵੇਲਾਂ

ਜੰਗਲਾਂ ਵਿਚ ਇਕ ਮੋਟੀ ਤੇ ਮਜ਼ਬੂਤ ਵੇਲ ਹੁੰਦੀ ਹੈ, ਜਿਸਦੀ ਲੰਬਾਈ ਬਹੁਤ ਹੁੰਦੀ ਹੈ। ਸੰਘਣੇ ਜੰਗਲਾਂ ਵਿਚ ਇਹ ਆਮ ਹੁੰਦੀਆਂ ਹਨ। ਇਹਨਾਂ ਵੇਲਾਂ ਦੇ ਰੱਸੇ ਬਹੁਤ ਮਜਬੂਤ ਬਣਦੇ ਹਨ ਜੋ ਕਿ ਮਾਲ ਡੰਗਰਾਂ ਨੂੰ ਬੰਨਣ ਅਤੇ ਹੋਰ ਮਾਲ ਅਸਬਾਬ ਬੰਨਣ ਦੇ ਸਹਾਇਕ ਹੁੰਦੀਆਂ ਹਨ। ਲੰਗੂਰ ਅਤੇ ਬਾਂਦਰ ਵਗ਼ੈਰਾ ਵੀ ਇਸ ਦੀ ਵਰਤੋਂ ਬਹੁਤ ਕਰਦੇ ਹਨ। ਦੁਸ਼ਮਣ ਦੇ ਹਮਲੇ ਵੇਲੇ ਬਚਣ ਵਾਸਤੇ ਇਹ ਵੇਲਾਂ ਬਹੁਤ ਮਦਦ ਕਰਦੀਆਂ ਹਨ। ਬੰਦਾ ਸਿੰਘ ਵੇਲੇ ਸਿੱਖ ਇਨ੍ਹਾਂ ਵੇਲਾਂ ਨੂੰ ਇਕੱਠਾ ਕਰਕੇ ਮੋਟੇ ਰੱਸੇ ਵਾਂਗ ਵੱਟਕੇ ਉੱਚੀਆਂ ਪਹਾੜੀਆਂ ਤੋਂ ਹੇਠਾਂ ਲਮਕਾ ਕੇ ਇਕ ਥਾਂ ਤੋਂ ਦੂਜੀ ਥਾਂ ਆਸਾਨੀ ਨਾਲ ਨਿਕਲ ਜਾਂਦੇ ਸਨ। ਲੋਹਗੜ੍ਹ ਕਿਲ੍ਹੇ ਦੇ ਦਰਖ਼ਤਾਂ ਵਿਚ ਇਹੋ ਜਿਹੀਆਂ ਕੁਝ ਵੇਲਾਂ ਅੱਜ ਵੀ ਨਜ਼ਰ ਆਉਂਦੀਆਂ ਹਨ। ਇਨ੍ਹਾਂ ਵੇਲਾਂ ਦੀ ਉਮਰ ਬਹੁਤ ਹੁੰਦੀ ਹੈ। ਇਹ ਛੇਤੀ ਗਲਦੀਆਂ ਜਾਂ ਨਸ਼ਟ ਨਹੀਂ ਹੁੰਦੀਆਂ।

ਗੁਪਤ ਰਸਤੇ

ਲੋਹਗੜ੍ਹ ਕਿਲ੍ਹੇ ਵਿਚ ਕਈਂ ਅਜਿਹੇ ਰਸਤੇ ਬਣੇ ਹੋਏ ਹਨ, ਜੋ ਲੋੜ ਪੈਣ 'ਤੇ ਗੁਪਤ ਤਰੀਕਿਆਂ ਨਾਲ ਨਿਕਲਣ ਦੇ ਕੰਮ ਆਉਂਦੇ ਸਨ। ਕਈ ਥਾਂਵਾਂ ਤੇ ਇਹ ਰਸਤੇ ਅੱਜ ਵੀ ਕਾਇਮ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਹੁਣ, ਝਾੜੀਆਂ ਉੱਗਣ ਕਰਕੇ, ਬੰਦ ਹੋ ਚੁੱਕੇ ਹਨ। ਇਨ੍ਹਾਂ ਰਸਤਿਆਂ ਵਿਚੋਂ ਕੁਝ ਕੱਚੇ ਹਨ ਅਤੇ ਕੁਝ ਪੱਥਰਾਂ ਨਾਲ ਪੱਕੇ ਕੀਤੇ ਹੋਏ ਹਨ। ਇਹ ਰਸਤੇ ਸਿਰਫ਼ ਇਕ-ਦੋ ਪਹਾੜੀਆਂ ਜਾਂ ਟਿੱਲਿਆਂ 'ਤੇ ਨਹੀਂ ਹਨ ਬਲਕਿ ਦਰਜਨਾਂ ਪਹਾੜੀਆਂ, ਸਾਰੇ ਤਲਾਂ ਅਤੇ ਪਹਾੜ ਦੀ ਚੋਟੀ ਤੱਕ ਨਜ਼ਰ ਆਉਂਦੇ ਹਨ। ਇਨ੍ਹਾਂ ਨੂੰ ਕੋਈ ਭੇਤੀ ਹੀ ਜਾਣ ਸਕਦਾ ਸੀ। ਇਸ ਕਰਕੇ ਦੁਸ਼ਮਣ ਤੋਂ ਬਚਣ ਅਤੇ ਉਸ ਨੂੰ ਆਪਣੇ ਪਿੱਛੇ ਲਿਆ ਕੇ ਘੇਰ ਕੇ ਮਾਰਨ ਵਾਸਤੇ ਇਹ ਰਸਤੇ ਬਹੁਤ ਮਦਦਗਾਰ ਸਾਬਿਤ ਹੁੰਦੇ ਸਨ।

[3] ਮੁਹੰਮਦ ਕਾਸਿਮ ਔਰੰਗਾਬਾਦੀ (ਅਹਵਾਲ-ਉਲ-ਖ਼ਵਾਕੀਨ, ਸਫ਼ਾ 67) ਨਵੰਬਰ 1710 ਦਾ ਹਾਲ ਲਿਖਦਿਆਂ ਕਹਿੰਦਾ ਹੈ ਕਿ ਲੋਹਗੜ੍ਹ ਕਿਲ੍ਹੇ ਦੀਆਂ ਪਹਾੜੀਆਂ ਚੜ੍ਹਨਾ ਬਹੁਤ ਔਖਾ ਹੈ ਅਤੇ ਇਸਦੇ ਆਲੇ ਦੁਆਲੇ ਡੇਢ-ਦੋ ਕੋਹ (5 ਤੋਂ 7 ਕਿਲੋਮੀਟਰ) ਤਕ ਮੋਰਚਾਬੰਦੀ ਕੀਤੀ ਹੋਈ ਸੀ। ਉਸ ਮੁਤਾਬਿਕ ਲੋਹਗੜ੍ਹ ਕਿਲ੍ਹੇ ਦੁਆਲੇ 16-17 ਪਹਾੜੀਆਂ ਹਨ। (ਸਫ਼ੇ 68-69)

ਪਾਣੀ ਨੂੰ ਇਕੱਠਾ ਕਰਨ ਵਾਸਤੇ ਡੈਮ

ਇਸ ਇਲਾਕੇ ਵਿਚ ਪਾਣੀ ਦੀ ਕੋਈ ਕਮੀ ਨਹੀਂ ਸੀ। ਇਸ ਇਲਾਕੇ ਵਿਚ ਤਕਰੀਬਨ 94 ਚਸ਼ਮੇ ਵਗਦੇ ਹਨ। ਇਸ ਤੋਂ ਇਲਾਵਾ ਨਦੀਆਂ ਦੀਆਂ ਕਈ ਧਾਰਾ ਵੀ ਇਸ ਵਿਚੋਂ ਵਗਦੀਆਂ ਹਨ: ਹਰੀਪੁਰ ਖੋਲ, ਲੋਹਗੜ੍ਹ ਖੋਲ, ਨਗਲੀ ਕੀ ਖੋਲ, ਬੋਲੀ ਖੋਲ, ਅਸਰੋਦੀ ਖੋਲ, ਕਾਲੂਦਿਓ ਕਾ ਖਾਲਾ, ਗੁਰੂ ਕੀ ਖੋਲ ਆਦਿਕ। ਇਸ ਕਿਲ੍ਹੇ ਵਿਚ ਥਾਂ-ਥਾਂ 'ਤੇ ਪਾਣੀ ਨੂੰ ਜਮ੍ਹਾਂ ਕਰਨ ਵਾਸਤੇ ਪੱਥਰਾਂ ਦੇ ਪੱਕੇ ਡੈਮ ਬਣੇ ਹੋਏ ਸਨ। ਇਨ੍ਹਾਂ ਵਿਚੋਂ ਇਕ ਸੌ ਤੋਂ ਵੱਧ ਪੱਕੇ ਡੈਮ ਤਾਂ ਅੱਜ ਵੀ ਮੌਜੂਦ ਹਨ। (ਵੇਖੋ: ਤਸਵੀਰਾਂ)।

ਚੱਕੀਆਂ, ਉਖਲੀਆਂ ਤੇ ਬਰਤਨਾਂ ਦੇ ਭੰਡਾਰ

ਲੋਹਗੜ੍ਹ ਟ੍ਰੱਸਟ ਦੀ ਖੋਜੀ ਟੀਮ ਨੂੰ ਲੋਹਗੜ੍ਹ ਕਿਲ੍ਹੇ ਵਿਚ ਬਹੁਤ ਥਾਂਵਾਂ ਤੋਂ ਆਟਾ ਪੀਹਣ ਵਾਲੀਆਂ ਚੱਕੀਆਂ, ਮਸਾਲੇ ਕੁੱਟਣ ਲਈ ਉਖਲੀਆਂ ਅਤੇ ਬਰਤਨਾਂ ਦੇ ਭੰਡਾਰ ਮਿਲੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਇੱਥੇ ਕਈ ਪਿੰਡ ਵਸੇ ਸਨ ਜਿਨ੍ਹਾਂ ਵਿਚ ਸਿੱਖ ਫ਼ੌਜੀਆਂ ਦੇ ਪਰਿਵਾਰ ਵੀ ਰਹਿੰਦੇ ਸਨ ਅਤੇ ਉਹ ਆਪਣਾ ਅਨਾਜ ਪੀਸਣ ਅਤੇ ਖਾਣਾ ਬਣਾਉਣ ਵਾਸਤੇ ਸਰ੍ਹੋਂ ਆਦਿ ਦਾ ਤੇਲ ਕੱਢਦੇ ਹੋਣਗੇ। ਚੱਕੀਆਂ, ਉਖਲੀਆਂ ਤੇ ਬਰਤਨਾਂ ਦੇ ਭੰਡਾਰ ਸਿਰਫ਼ ਇਕ-ਅੱਧ ਪਹਾੜੀ ਜਾਂ ਨੇੜੇ ਦੀਆਂ ਪਹਾੜੀਆਂ 'ਤੇ ਹੀ ਨਹੀਂ ਮਿਲੇ ਬਲਕਿ ਬਹੁਤ ਉੱਚੀਆਂ ਪਹਾੜੀਆਂ ਤੋਂ ਵੀ ਮਿਲੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਲੋਹਗੜ੍ਹ ਵਿਚ ਹਰ ਤਰ੍ਹਾਂ ਦਾ ਸਾਮਾਨ ਮੌਜੂਦ ਸੀ। ਇਸ ਤੋਂ ਕਿਲ੍ਹੇ ਦੀ ਵਿਸ਼ਾਲਤਾ ਦਾ ਵੀ ਪਤਾ ਲਗਦਾ ਹੈ। (ਵੇਖੋ: ਤਸਵੀਰਾਂ)।

ਅਨਾਜ, ਦਾਲਾਂ ਦੇ ਭੰਡਾਰ

ਲੋਹਗੜ੍ਹ ਕਿਲ੍ਹੇ ਵਿਚ ਅਤੇ ਇਸ ਦੇ ਆਲੇ-ਦੁਆਲੇ ਅਨਾਜ ਅਤੇ ਦਾਲਾਂ ਦੇ ਵੀ ਭੰਡਾਰ ਹੋਣ ਦਾ ਪਤਾ ਲਗਦਾ ਹੈ। ਇਨ੍ਹਾਂ ਨੂੰ ਵੱਡੇ ਬਰਤਨਾਂ ਵਿਚ ਪਾ ਕੇ ਰੱਖਣ ਅਤੇ ਸੰਭਾਲਣ ਦੇ ਸਬੂਤ ਵੀ ਮਿਲਦੇ ਹਨ। ਇਕ ਖੇਤ ਵਿਚ ਹੱਲ ਵਾਹੁਣ ਸਮੇਂ ਇਕ ਵੱਡਾ ਮਟਕਾ ਲੱਭਿਆ ਸੀ ਜਿਸ ਵਿਚ ਬਹੁਤ ਸਾਰੀ ਦਾਲ ਪਈ ਹੋਈ ਸੀ।

ਲੋਹਗੜ੍ਹ ਕਿਲ੍ਹੇ ਵਿਚੋਂ ਮਿਲੇ ਹਥਿਆਰ ਬਣਾਉਣ ਦੇ ਕਾਰਖਾਨੇ ਦੀਆਂ ਨਿਸ਼ਾਨੀਆਂ

ਇੱਥੇ ਹੀ ਬਸ ਨਹੀਂ, ਲੋਹਗੜ੍ਹ ਕਿਲ੍ਹੇ ਦੇ ਇਲਾਕੇ ਵਿਚੋਂ ਧਾਤਾਂ ਜਿਵੇਂ ਕਿ ਲੋਹਾ ਤੇ ਪਿੱਤਲ ਦਾ ਬੁਰਾਦਾ (Residues) ਮਿਲਿਆ ਹੈ, ਜੋ ਕਿ ਤਕਰੀਬਨ 1000 ਤੋਂ 1200 ਏਕੜ ਵਿਚ ਖਿਲਰੇ ਪਏ ਹਨ। ਇਸ ਬੁਰਾਦੇ ਦਾ (ਜੋ ਕਿ ਢੇਲਿਆਂ ਵਿਚ ਪਿਆ ਹੋਇਆ ਹੈ) ਵਿਸ਼ਲੇਸ਼ਣ ਕੀਤਾ ਗਿਆ ਹੈ, ਜਿਸ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਇੱਥੇ ਖਾਨਾਂ ਤੋਂ ਕੱਚੀਆਂ ਧਾਤਾਂ ਲਿਆਂਦੀਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਗਰਮ ਕਰ ਕੇ ਵੱਖੋ-ਵੱਖ ਖਨਿਜ ਪਦਾਰਥ (ਲੋਹਾ, ਪਿੱਤਲ, ਸਿਲਵਰ ਆਦਿ) ਕੱਢੇ ਜਾਂਦੇ ਸਨ। ਇਸ ਸਾਫ਼ ਲੋਹੇ ਨੂੰ ਢਾਲ ਕੇ ਸਾਂਚੇ ਵਿਚ ਪਾ ਕੇ ਵੱਖ-ਵੱਖ ਤਰ੍ਹਾਂ ਦੇ ਹਥਿਆਰ ਬਣਾਏ ਜਾਂਦੇ ਸਨ, ਜਿਵੇਂ ਤਲਵਾਰਾਂ, ਤੀਰ, ਨੇਜ਼ੇ, ਤੋਪ ਦੀ ਬੈਰਲ ਆਦਿ। ਇਸ ਬੁਰਾਦੇ ਦੇ ਢੇਲਿਆਂ ਤੋਂ ਪਤਾ ਲਗਦਾ ਹੈ ਕਿ ਇੱਥੇ ਹਥਿਆਰ ਬਣਾਉਣ ਦਾ ਵੱਡਾ ਕਾਰਖ਼ਾਨਾ ਸੀ ਤੇ ਇਹ ਹਥਿਆਰ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਜੀ ਦੇ ਵੇਲੇ ਤਕ ਬਣਦੇ

ਰਹੇ ਸਨ। ਪਿੱਤਲ ਦੇ ਬੁਰਾਦੇ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਇੱਥੇ ਪਿੱਤਲ ਦੀਆਂ ਡੂੰਘੀਆਂ ਟੋਪੀਆਂ ਅਤੇ ਤੋਪ ਦੀਆਂ ਬੈਰਲਾਂ ਬਣਦੀਆਂ ਹੋਣਗੀਆਂ ਜਿਨ੍ਹਾਂ ਵਿਚ ਬਾਰੂਦ ਭਰ ਕੇ ਅੱਗੋ ਗੋਲੀ ਵਾਂਗ ਧਾਤ ਦੇ ਟੁਕੜੇ ਲਾ ਕੇ ਦੂਰ ਮਾਰਿਆ ਜਾ ਸਕਦਾ ਹੈ ਅਤੇ ਜਿਨ੍ਹਾਂ ਨਾਲ ਗੋਲੇ ਦੂਰ ਤੱਕ ਸੁੱਟੇ ਜਾਂਦੇ ਹਨ।

ਖੋਜ ਕਰਨ 'ਤੇ ਇਹ ਵੀ ਪਤਾ ਚਲਦਾ ਹੈ ਕਿ ਭਾਈ ਲੱਖੀ ਰਾਇ ਵਣਜਾਰਾ ਕਿਉਂਕਿ ਬਹੁਤ ਵੱਡਾ ਵਪਾਰੀ ਅਤੇ ਸਰਕਾਰੀ ਠੇਕੇਦਾਰ ਸੀ ਅਤੇ ਜਿੱਥੇ ਉਹ ਮੁਗਲ ਸਰਕਾਰ ਨੂੰ ਹਰ ਇਕ ਜ਼ਰੂਰਤ ਦੇ ਸਾਮਾਨ ਦੀ ਸਪਲਾਈ ਦਿੰਦਾ ਸੀ ਉੱਥੇ ਉਹ ਮੁਗਲਾਂ ਨੂੰ ਹਥਿਆਰ ਵੀ ਬਣਾ ਕੇ ਸਪਲਾਈ ਕਰਦਾ ਸੀ। ਜਿਹੜੇ ਹਥਿਆਰ ਉਸ ਨਾਲ ਰਹਿੰਦੇ ਵਣਜਾਰੇ ਤਿਆਰ ਕਰਦੇ ਸੀ। ਇਹੀ ਕਾਰਨ ਸੀ ਕਿ ਸਿਕਲੀਗਰ ਲੋਕ, ਜੋ ਗੁਰੂ ਹਰਿਗੋਬਿੰਦ ਸਾਹਿਬ ਤੋਂ ਹੀ ਸਿੱਖਾਂ ਲਈ ਹਥਿਆਰ ਬਣਾਉਣ ਦਾ ਕੰਮ ਕਰਦੇ ਸਨ, ਉਹ ਧਾਤਾਂ ਨੂੰ ਸਾਫ਼ ਕਰਨ, ਪਿਘਲਾਉਣ, ਸਾਂਚੇ ਵਿਚ ਪਾਉਣ ਅਤੇ ਗਰਮ ਕਰਕੇ ਇਕ ਦਮ ਠੰਢਾ ਕਰਕੇ ਧਾਤ ਨੂੰ ਮਜ਼ਬੂਤ 'ਤੇ ਲਚਕੀਲਾ ਬਣਾਉਣ ਦੇ ਬਹੁਤ ਮਾਹਿਰ ਸਨ। ਜਿਹੜੇ ਕਿ ਲੜਾਈ ਸਮੇਂ ਆਪਸ ਵਿਚ ਟਕਰਾਉਣ ਸਮੇਂ ਟੁੱਟਦੇ ਨਹੀਂ ਸਨ। ਅੱਜ ਵੀ ਲੋਹਗੜ੍ਹ ਦੇ ਦੁਆਲੇ ਸਿਕਲੀਗਰਾਂ ਦੇ ਕਈ ਪਿੰਡ ਮੌਜੂਦ ਹਨ।

ਖਿਡੌਣੇ ਬਣਾਉਣ ਦੀ ਫੈਕਟਰੀ

ਲੋਹਗੜ੍ਹ ਕਿਲ੍ਹੇ ਵਿਚ ਕਈ ਥਾਂਈਂ ਵੱਖ-ਵੱਖ ਕਿਸਮ ਦੇ ਖਿਡੌਣੇ ਵੀ ਮਿਲੇ ਹਨ, ਜਿਵੇਂ ਮਿੱਟੀ ਦੇ ਬਣੇ ਹੋਏ ਊਠ, ਹਾਥੀ, ਚਿੜੀਆਂ, ਤੋਤੇ, ਬੱਚੇ ਆਦਿ। ਇਹ ਤਕਰੀਬਨ 7-8 ਏਕੜ ਦੇ ਰਕਬੇ ਵਿਚ ਖਿਲਰੇ ਪਏ ਮਿਲਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇੱਥੇ ਬਹੁਤ ਸਾਰੇ ਫ਼ੌਜੀਆਂ ਦੇ ਟੱਬਰ ਰਹਿੰਦੇ ਹੋਣਗੇ ਅਤੇ ਇੱਥੋ ਹੀ ਭਾਈ ਲੱਖੀ ਰਾਇ ਵਣਜਾਰਾ, ਸੰਸਾਰ ਭਰ ਵਿਚ ਆਪਣੇ ਟਾਂਡਿਆ ਰਾਹੀਂ ਮਾਲ ਸਪਲਾਈ ਕਰਦਾ ਸੀ ਅਤੇ ਧਾਰਮਿਕ ਮੇਲਿਆਂ ਵਿਚ ਵੀ ਬੱਚਿਆਂ ਲਈ ਖਿਡੌਣੇ ਬਹੁਤ ਵਿਕਦੇ ਸੀ, ਇਸ ਲਈ ਭਾਈ ਲੱਖੀ ਰਾਇ ਵਣਜਾਰਾ ਨੇ ਲੋਹਗੜ੍ਹ ਨੂੰ ਅਪਣਾ ਵੱਡਾ ਭੰਡਾਰ ਘਰ ਬਣਾਇਆ ਹੋਇਆ ਸੀ।

ਇੱਟਾਂ ਬਣਾਉਣ ਦੇ ਭੱਠੇ

ਇਥੋਂ ਪੰਜ ਤਰ੍ਹਾਂ ਦੀਆਂ ਇੱਟਾ ਬਣਾਉਣ ਦੇ ਭੱਠਿਆਂ ਦੇ ਥੇਹ ਮਿਲੇ ਹਨ, ਜਿਥੋਂ ਪੰਜ ਤਰ੍ਹਾਂ ਦੀਆਂ ਵੱਖ-ਵੱਖ ਨਾਪ ਦੀਆਂ ਇੱਟਾਂ ਮਿਲੀਆਂ ਹਨ, ਜੋ ਤਸਵੀਰਾਂ ਦੇ ਵਿੱਚ ਦਸੀਆਂ ਗਈਆਂ ਹਨ। ਇਹ ਸਾਰੀਆਂ ਇੱਟਾਂ ਲੋਹਗੜ੍ਹ ਦੇ ਮੋਰਚਿਆਂ ਵਿਚ ਲਗੀਆਂ ਮਿਲਦੀਆਂ ਹਨ।

ਲੋਹਗੜ੍ਹ ਕਿਲ੍ਹੇ ਦੇ ਰਕਬੇ ਵਿੱਚੋਂ ਚੂਨਾਂ ਪੀਸਣ ਵਾਲੇ ਚੱਕੀਆਂ ਦੇ ਵੱਡੇ-ਵੱਡੇ ਪੁੜ ਮਿਲੇ ਹਨ

ਇਨ੍ਹਾਂ ਪੁੜਾਂ ਨਾਲ ਚੂਨਾਂ ਪੀਸ ਕੇ ਇੱਟਾਂ ਦੀ ਬਰੀਕ ਸੁਰਖੀ ਵਿੱਚ ਮਿਲਾਕੇ ਪੱਥਰਾਂ ਅਤੇ ਇੱਟਾ ਦੀ ਚੁਣਾਈ ਨਾਲ ਲੋਹਗੜ੍ਹ ਕਿਲੇ ਦੀਆਂ ਦੀਵਾਰਾਂ ਅਤੇ ਮੋਰਚੇ ਬਣੇ ਹੋਏ ਹਨ।

ਕਿਲ੍ਹਾ ਲੋਹਗੜ੍ਹ, ਡਾਬਰ ਅਤੇ ਇਸ ਪਹਾੜਾਂ ਦੇ ਹੇਠਲੇ ਪਿੰਡਾਂ ਦੀ ਜ਼ਮੀਨ ਦਾ ਮਾਲਿਕ ਕੌਣ ਸੀ?

ਇਸ ਇਲਾਕੇ ਦਾ ਬਹੁਤ ਸਾਰਾ ਹਿੱਸਾ ਤਕਰੀਬਨ 80 ਪਿੰਡਾਂ ਦੀ ਜ਼ਮੀਨ ਭਾਈ ਲੱਖੀ ਰਾਇ ਵਣਜਾਰਾ ਦੀ ਮਲਕੀਅਤ ਅਤੇ ਰਿਆਸਤ ਸੀ। ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਇਸ ਸਾਰੇ ਇਲਾਕੇ ਵਿਚ ਭਾਈ ਲੱਖੀ ਰਾਇ ਵਣਜਾਰਾ ਦੇ ਬਣਾਏ ਹੋਏ ਖੂਹ ਅੱਜ ਵੀ ਮੌਜੂਦ ਸਨ। ਹੁਣ ਤੱਕ 85 ਖੂਹ ਲੱਭੇ ਜਾ ਚੁੱਕੇ ਹਨ। ਜੋ ਖੂਹ ਪੂਰਕੇ ਢੱਕ ਦਿੱਤੇ ਗਏ, ਉਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਅੱਜ ਵੀ ਠਸਕਾ, ਮਿਰਜ਼ਾਪੁਰ, ਟੋਡਰਪੁਰ (ਸਢੌਰਾ ਸਬ ਤਹਿਸੀਲ), ਬੁੱਢੀ, ਭੱਟੂਵਾਲਾ, ਸੁੰਦਰਪੁਰ, ਕਾਟਰਵਾਲੀ, ਬਹਾਦਰਪੁਰ, ਲੋਹਗੜ੍ਹ, ਅਲੀਸ਼ੇਰਪੁਰ ਮਾਜਰਾ (ਤਹਿਸੀਲ ਬਿਲਾਸਪੁਰ), ਤਾਹਰਪੁਰ, ਬੰਨ੍ਹ ਸੰਤੂਰ, ਡਾਰਪੁਰ (ਤਹਿਸੀਲ ਛਛਰੌਲੀ) ਵਿਚ ਇਹ ਖੂਹ ਮੌਜੂਦ ਹਨ। ਇਕੱਲੇ ਪਿੰਡ ਬਾਂਗਰਪੁਰ ਵਿਚ ਹੀ 12 ਖੂਹ ਮੌਜੂਦ ਹਨ। ਇਹ ਖੂਹ ਤਕਰੀਬਨ 150 ਫੁੱਟ ਡੂੰਘੇ ਹਨ ਜੋ ਪੱਥਰ ਅਤੇ ਨਾਨਕਸ਼ਾਹੀ ਇੱਟਾਂ ਨਾਲ ਬਣੇ ਹੋਏ ਹਨ।[4] ਉਸ ਜ਼ਮਾਨੇ ਵਿਚ, ਜਦੋਂ, ਅੱਜ ਦੀਆਂ ਮਾਡਰਨ ਡਰਿਲ ਮਸ਼ੀਨਾਂ ਦਾ ਸੁਪਨਾ ਵੀ ਨਹੀਂ ਸੀ ਲਿਆ ਜਾ ਸਕਦਾ, ਇਹੋ ਜਿਹੇ ਖੂਹ ਪੁੱਟਣਾ, ਪੱਥਰ ਅਤੇ ਨਾਨਕਸ਼ਾਹੀ ਇੱਟਾਂ ਨਾਲ ਇਸ ਦੀਆਂ ਦੀਵਾਰਾਂ ਦੀ ਉਸਾਰੀ, ਮਿਸਰ ਦੇ ਪਿਰਾਮਿਡ ਵਾਂਗ ਕਰਨਾ ਇਕ ਹੈਰਤ-ਅੰਗੇਜ਼ ਮਿਸਾਲ ਹੈ, ਜਿਸ ਦਾ ਜਵਾਬ ਸ਼ਾਇਦ ਸਾਇੰਸਦਾਨ ਵੀ ਨਾ ਦੇ ਸਕਣ। ਦਰਅਸਲ ਭਾਈ ਲੱਖੀ ਰਾਇ ਵਣਜਾਰਾ ਉਸ ਵੇਲੇ ਦਾ ਸਭ ਤੋਂ ਵੱਡਾ ਵਣਜਾਰਾ (ਵਪਾਰੀ) ਸੀ। ਉਸ ਦਾ ਵਪਾਰ, ਸੈਂਟਰਲ ਏਸ਼ੀਆ ਤੋਂ ਸ੍ਰੀਲੰਕਾ ਤੱਕ ਫ਼ੈਲਿਆ ਹੋਇਆ ਸੀ। ਇਸ ਕਰਕੇ ਉਸ ਨੂੰ ਉਸਾਰੀ ਕਲਾ ਅਤੇ ਇਮਾਰਤਸਾਜ਼ੀ ਦੀ ਬਹੁਤ ਡੂੰਗੀ ਜਾਣਕਾਰੀ ਸੀ। ਉਸ ਨੇ ਸਿਰਫ਼ ਸਾਮਾਨ ਹੀ ਨਹੀਂ ਬਲਕਿ ਨਿਪੁੰਨ ਕਾਰੀਗਰ, ਮਿਸਤਰੀ ਤੇ ਹੋਰ ਮਾਹਿਰ ਲਿਆ ਕੇ ਇਹ ਖੂਹ ਅਤੇ ਹੋਰ ਇਮਾਰਤਾਂ ਬਣਵਾਈਆਂ।

ਇਸ ਇਲਾਕੇ ਵਿੱਚ ਭਾਈ ਲੱਖੀ ਰਾਇ ਵਣਜਾਰਾ ਦੇ ਕੁਝ ਛੋਟੇ ਕਿਲ੍ਹੇ ਵੀ ਸਨ, ਜਿਵੇਂ ਬੂੜੀਆ, ਗੜ੍ਹੀ ਵਣਜਾਰਾ, ਦਿਆਲਗੜ੍ਹ, ਸੁੱਗ ਆਦਿ। ਭਾਈ ਲੱਖੀ ਰਾਇ ਵਣਜਾਰਾ ਬਹੁਤ ਅਮੀਰ ਸੀ ਤੇ ਉਸ ਦੇ ਅਧੀਨ ਲੱਖਾਂ ਬੰਦੇ ਕੰਮ ਕਰਦੇ ਸਨ। ਇਸ ਵਿਚ ਕੋਈ ਦੋ ਰਾਇ ਨਹੀਂ ਕਿ ਇਤਨਾ ਵੱਡਾ ਕਿਲ੍ਹਾ ਬਣਾਉਣਾ ਕੋਈ ਦੋ-ਚਾਰ ਸੌ ਬੰਦਿਆਂ ਦਾ ਕੰਮ ਨਹੀਂ ਸੀ। ਕਿਲ੍ਹੇ ਉਸਾਰੀ ਵਿੱਚ ਭਾਈ ਲੱਖੀ ਰਾਇ ਵਣਜਾਰਾ ਅਤੇ ਉਸ ਦੇ ਸਾਥੀਆਂ ਦਾ ਅਹਿਮ ਯੋਗਦਾਨ ਹੈ।

ਭਾਈ ਲੱਖੀ ਰਾਇ ਵਣਜਾਰਾ ਦੇ ਪੁੱਤਰ ਅਤੇ ਪੋਤਰੇ ਸਭ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਦੇ ਜਰਨੈਲ ਸਨ ਤੇ ਉਨ੍ਹਾਂ ਦੇ ਸਾਥੀ ਵਣਜਾਰੇ ਵੀ ਇਸਦਾ ਹਿੱਸਾ ਸਨ। ਉਹ ਅਖ਼ੀਰ ਉਦੋਂ ਤੱਕ ਲੜਦੇ ਰਹੇ ਜੱਦੋਂ ਤੱਕ ਉਹ ਸ਼ਹੀਦ ਨਹੀਂ ਹੋ ਗਏ। ਇਨ੍ਹਾਂ ਹਜ਼ਾਰਾਂ ਸ਼ਹੀਦੀਆਂ ਤੋਂ ਮਗਰੋਂ ਹੀ ਕਿਲ੍ਹਾ ਲੋਹਗੜ੍ਹ ਮੁਗ਼ਲਾਂ ਦੇ ਕਬਜ਼ੇ ਵਿਚ ਆਇਆ।

ਲੋਹਗੜ੍ਹ ਕਿਲ੍ਹਾ ਕਿਸ ਨੇ ਬਣਾਇਆ ਤੇ ਇਸ ਨੂੰ ਬਣਾਉਣ ਵਿਚ ਕਿੰਨਾ ਸਮਾਂ ਲਗਾ?

ਬਹੁਤੇ ਇਤਿਹਾਸਕਾਰ ਇਹ ਲਿਖਦੇ ਹਨ ਕਿ ਇਸ ਕਿਲ੍ਹੇ ਨੂੰ ਬੰਦਾ ਸਿੰਘ ਨੇ 1710 ਵਿੱਚ

---

[4] ਅੱਜ ਵੀ ਇਹਨਾਂ ਖੂਹਾਂ ਵਿੱਚ ਪੱਥਰ ਦੀਆਂ 2'.6''x 1'.5'' ਸਾਈਜ਼ ਦੀ ਪਲੇਟਾਂ ਲਗੀਆਂ ਹੋਈਆਂ ਹਨ।

(ਕੁੱਝ ਮਹੀਨਿਆਂ ਵਿਚ) ਹੀ ਉਸਾਰਿਆ ਜਾਂ ਬਣੇ ਬਣਾਏ ਕਿਲ੍ਹੇ ਨੂੰ ਹੀ ਮੁਰੰਮਤ ਕਰਕੇ ਜਾਂ ਉਸਨੂੰ ਨਵਿਆਂ ਕੇ ਤਿਆਰ ਕੀਤਾ ਸੀ। ਪਰ ਇਹ ਮੰਨਣਾ ਬਚਕਾਣਾ ਗੱਲ ਹੋਵੇਗੀ। 7000 ਏਕੜ ਤੋਂ ਵੀ ਵੱਧ ਰਕਬੇ ਅਤੇ ਦਰਜਨਾਂ ਪਹਾੜਾਂ ਵਿਚ ਬਣਿਆ ਇਹ ਕਿਲ੍ਹਾ ਕਿਸੇ ਵੀ ਤਰ੍ਹਾਂ ਕੁਝ ਮਹੀਨਿਆਂ ਜਾਂ ਸਾਲਾਂ ਵਿਚ ਨਹੀਂ ਬਣਾਇਆ ਜਾ ਸਕਦਾ ਸੀ।[5] ਪਹਾੜੀ ਇਲਾਕਿਆਂ ਵਿਚ ਦੀਵਾਰਾਂ ਬਣਾਉਣ ਵਾਸਤੇ ਪੱਥਰ, ਨਾਨਕਸ਼ਾਹੀ ਇੱਟਾਂ ਅਤੇ ਚੂਨਾ ਢੋਣ ਵਾਸਤੇ ਹੀ ਬਹੁਤ ਲੰਮਾ ਸਮਾਂ ਲਗਾ ਹੋਵੇਗਾ। ਇਤਿਹਾਸਿਕ ਪੜਚੋਲ ਤੋਂ ਪਤਾ ਲਗਦਾ ਹੈ ਕਿ ਇਸ ਦਾ ਮੁੱਢ ਗੁਰੂ ਹਰਿਗੋਬਿੰਦ ਸਾਹਿਬ ਦੇ ਕੀਰਤਪੁਰ ਰਹਿਣ ਵੇਲੇ (1635 ਤੋਂ) ਬੰਨ੍ਹਿਆ ਗਿਆ। ਗੁਰੂ ਹਰਿ ਰਾਇ ਸਾਹਿਬ ਵੇਲੇ (1645 ਤੋਂ 1657 ਤਕ) ਇਸ ਕਿਲ੍ਹੇ ਦਾ ਸਭ ਤੋਂ ਵੱਧ ਕੰਮ ਹੋਇਆ। **'ਦਬਿਸਤਾਨੇ ਮਜ਼ਾਹਿਬ' (ਲੇਖਕ ਜ਼ੁਲਫ਼ਿਕਾਰ ਅਰਦਸਤਾਨੀ) ਮੁਤਾਬਿਕ ਗੁਰੂ ਹਰਿ ਰਾਇ ਸਾਹਿਬ 1645 ਤੋਂ 1657 ਤੱਕ ਪਿੰਡ 'ਥਾਪਲਪੁਰ' (ਥਾਪਲ) ਰਹੇ ਸਨ।** ਗੁਰੂ ਹਰਿ ਰਾਇ ਸਾਹਿਬ ਕੋਲ 2200 ਘੋੜ ਸਵਾਰ ਸਨ ਜੋ ਇੱਥੇ ਹੀ ਰਹਿੰਦੇ ਸਨ। ਇਹ ਜੰਗਲ ਅਤੇ ਪਹਾੜ ਇਨ੍ਹਾਂ ਘੋੜਿਆਂ ਵਾਸਤੇ ਵਧੀਆ ਚਾਰਾਗਾਹ ਸੀ ਤੇ ਉਨ੍ਹਾਂ ਨੂੰ ਘਾਹ ਤੇ ਪਾਣੀ ਇੱਥੋਂ ਹੀ ਹਾਸਿਲ ਹੁੰਦਾ ਸੀ। ਇੱਥੇ ਰਹਿੰਦਿਆਂ ਗੁਰੂ ਹਰਿ ਰਾਇ ਸਾਹਿਬ ਜੀ ਕੋਲ ਭਾਈ ਲੱਖੀ ਰਾਇ ਵਣਜਾਰਾ ਆਉਂਦਾ ਰਹਿੰਦਾ ਸੀ। ਇੱਥੋਂ ਹੀ ਗੁਰੂ ਜੀ ਨੇ ਲੋਹਗੜ੍ਹ ਕਿਲ੍ਹਾ ਬਣਨ ਦੀ ਨਿਗਰਾਨੀ ਕੀਤੀ। ਇੱਥੋਂ ਲੋਹਗੜ੍ਹ ਕਿਲ੍ਹਾ, ਮੌਜੂਦਾ ਪੱਕੀ ਸੜਕ ਤੋਂ 8 ਕੋਹ (25 ਕਿਲੋਮੀਟਰ) ਪੈਂਦਾ ਹੈ, ਵਿਚਕਾਰ ਸਿਰਫ਼ ਕਲੇਸਰ ਦਾ ਜੰਗਲ ਹੀ ਹੈ। ਇਸ ਦਾ ਇਕ ਰਸਤਾ ਮੌਜੂਦਾ ਸੁਖਚੈਨ ਪੁਰਾ ਵਲੋਂ ਵੀ ਜਾਂਦਾ ਹੈ। ਇਹ ਸੁਖਚੈਨ ਪੁਰ ਕਿਸੇ ਸੁਖਚੈਨ ਸਿੰਘ ਦੇ ਨਾਂ 'ਤੇ ਬਣਿਆ ਹੋਇਆ ਹੈ। ਹੋ ਸਕਦਾ ਹੈ ਕਿ ਸੁਖਚੈਨ ਸਿੰਘ, ਭਾਈ ਲੱਖੀ ਰਾਇ ਵਣਜਾਰਾ ਦੇ ਵਾਰਿਸਾਂ ਵਿਚੋਂ ਇਕ ਹੋਵੇ। ਲੋਹਗੜ੍ਹ ਕਿਲ੍ਹੇ ਵਿਚ ਲਗਾ ਪੱਥਰ, ਚੂਨਾ ਤੇ ਇੱਟਾਂ ਸਭ ਭਾਈ ਲੱਖੀ ਰਾਇ ਵਣਜਾਰਾ ਦੇ ਟਾਂਡੇ ਰਾਹੀਂ ਹੀ ਆਇਆ ਸੀ।

ਭਾਈ ਲੱਖੀ ਰਾਇ ਵਣਜਾਰਾ ਕੌਣ ਸੀ?

ਬਹੁਤੇ ਲੋਕ ਤਾਂ ਇੰਨਾ ਹੀ ਜਾਣਦੇ ਹਨ ਕਿ ਜਦੋਂ 11 ਨਵੰਬਰ 1675 ਦੇ ਦਿਨ ਗੁਰੂ ਤੇਗ਼ ਬਹਦਾਰ ਸਾਹਿਬ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਸੀ ਤਾਂ ਭਾਈ ਲੱਖੀ ਰਾਇ ਵਣਜਾਰਾ ਨੇ ਉਨ੍ਹਾਂ ਦਾ ਧੜ ਚਾਂਦਨੀ ਚੌਕ ਤੋਂ ਚੁੱਕ ਕੇ ਆਪਣੇ ਘਰ ਲਿਆ ਕੇ, ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਕੀਤਾ ਸੀ, ਜਿੱਥੇ ਕਿ ਹੁਣ 'ਗੁਰਦੁਆਰਾ ਰਕਾਬ ਗੰਜ ਸਾਹਿਬ' ਸੁਸ਼ੋਭਿਤ ਹੈ। ਭਾਈ ਲੱਖੀ ਰਾਇ ਨੇ ਸਸਕਾਰ ਕਰਨ ਵਾਸਤੇ ਆਪਣੇ ਘਰ ਨੂੰ ਹੀ ਸਾੜ ਦਿਤਾ ਸੀ। ਕੁੱਝ ਲੋਕ ਇਹ ਸਮਝਦੇ ਹਨ ਕਿ ਭਾਈ ਲੱਖੀ ਰਾਇ ਵਣਜਾਰਾ ਨੇ ਘਰ ਨੂੰ ਇਸ ਕਰਕੇ ਅੱਗ ਲਾਈ ਸੀ ਤਾਂ ਜੋ ਕਿਸੇ ਨੂੰ ਪਤਾ ਨਾ ਲਗ ਸਕੇ, ਕੁਝ ਲੋਕਾਂ ਦਾ ਕਹਿਣਾ ਹੈ ਕਿ ਭਾਈ ਲੱਖੀ ਰਾਇ ਵਣਜਾਰਾ ਨੇ ਗੁਰੂ ਜੀ ਨੂੰ ਸਨਮਾਨ ਦੇਣ ਵਾਸਤੇ ਆਪਣਾ ਘਰ ਸਾੜ ਦਿਤਾ ਸੀ। ਕੁਝ ਲੋਕਾਂ ਵਾਸਤੇ ਭਾਈ ਲੱਖੀ ਰਾਇ ਵਣਜਾਰਾ ਦਾ ਰੋਲ ਸਿਰਫ਼ ਇਨਾ ਹੀ ਸੀ, ਪਰ ਉਹ ਇਹ ਨਹੀਂ ਜਾਣਦੇ ਕਿ ਭਾਈ ਲੱਖੀ

---

[5] ਮੁਹੰਮਦ ਕਾਸਿਮ ਔਰੰਗਾਬਾਦੀ 'ਅਹਵਾਲ-ਉਲ-ਖ਼ਵਾਕੀਨ' ਪੰਨਾਂ 18 ਉਪਰ ਲਿਖਦਾ ਹੈ 'ਬਾਦਸ਼ਾਹ ਬਹਾਦਰ ਸ਼ਾਹ ਦੀਆਂ ਨਜ਼ਰਾਂ ਵਿੱਚ ਜੇ ਕੋਈ ਉੱਚੀ ਸ਼ਾਨੋ-ਸ਼ੌਕਤ ਵਾਲਾ ਹਾਕਮ ਬਗਾਵਤ ਕਰੇ ਤਾਂ ਸਮਝ ਆਉਂਦੀ ਹੈ, ਪਰ ਸ਼ਾਹੀ ਰੋਹਬ-ਦਾਬ ਦੇ ਬਾਵਜੂਦ ਬੰਦਾ ਸਿੰਘ ਬਹਾਦਰ ਵਰਗੇ 'ਕੰਗਾਲ ਵਿਅਕਤੀ' ਨੇ ਵਿਦਰੋਹ ਖੜਾ ਕੀਤਾ ਹੈ ਅਤੇ ਆਪਣੇ ਵਰਗੇ ਲੋਕਾਂ ਦਾ ਆਗੂ ਬਣ ਗਿਆ ਹੈ, ਜਿਹੜੇ ਉਸ ਉੱਤੇ ਮਰਨ ਮਿਟਣ ਲਈ ਤਿਆਰ ਹਨ, 'ਇਸ ਦਾ ਜ਼ਰੂਰ ਕੋਈ ਕਾਰਨ ਹੈ' ਇਸਦਾ ਕਾਰਨ ਗੁਰੂ ਸਾਹਿਬਾਂ ਦੀ ਦੂਰ-ਦ੍ਰਿਸ਼ਟੀ ਅਤੇ ਵਿਉਂਤ ਸੀ, ਲੋਹਗੜ੍ਹ ਕਿਲ੍ਹੇ ਵਰਗੀ ਖਾਸ ਥਾਂ ਹੋਣਾ ਹੈ।

ਰਾਇ ਅਸਲ ਵਿਚ ਕੌਣ ਸੀ? ਭਾਈ ਲੱਖੀ ਰਾਇ ਵਣਜਾਰਾ ਦਾ ਪਰਿਵਾਰ ਉਸ ਦੇ ਦਾਦਾ ਭਾਈ ਠਾਕਰ (ਨਾਇਕ) ਜੀ, ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਸਿੱਖੀ ਨਾਲ ਜੁੜੇ ਹੋਏ ਸਨ। ਭਾਈ ਠਾਕਰ, ਗੁਰੂ ਨਾਨਕ ਸਾਹਿਬ ਦਾ ਸਿੱਖ ਉਦੋਂ ਬਣਿਆ ਸੀ ਜਦੋਂ ਗੁਰੂ ਜੀ ਉੱਤਰ ਪ੍ਰਦੇਸ਼ ਦੇ ਨਗਰ ਰਾਮਪੁਰ ਦੇ ਨੇੜਿਓਂ ਲੰਘ ਰਹੇ ਸਨ ਅਤੇ ਭਾਈ ਠਾਕਰ ਦਾ ਟਾਂਡਾ ਉੱਥੇ ਰੁੱਕਿਆ ਹੋਇਆ ਸੀ। ਉਹ ਗੁਰੂ ਨਾਨਕ ਸਾਹਿਬ ਨਾਲ ਇਤਨੀ ਸ਼ਰਧਾ ਭਾਵਨਾ ਨਾਲ ਜੁੜਿਆ ਕਿ ਉਸਦੀ ਆਉਣ ਵਾਲੀ ਪੀੜੀ ਗੁਰੂ ਨਾਨਕ ਘਰ ਦੀ ਤਨ-ਮਨ-ਧਨ ਨਾਲ ਸੇਵਾ ਕਰਦੀ ਰਹੀ। ਇਸ ਪੀੜੀ ਨੇ ਦੱਸਾਂ ਗੁਰੂਆਂ ਤੋਂ ਬਾਦ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਅਤੇ ਮਿਸਲਾਂ ਦੇ ਮੁਖੀਆਂ ਦੀ ਅਗਲੀ ਕਤਾਰ ਵਿਚ ਆ ਕੇ ਸੇਵਾ ਨਿਭਾਈ। ਜਿੱਥੇ ਗੁਰੂ ਨਾਨਕ ਸਾਹਿਬ ਜੀ ਦੀ ਮੁਲਾਕਾਤ ਸ਼ੁਰੂ ਵਿਚ ਵਣਜਾਰਿਆਂ ਨਾਲ ਹੋਈ ਉੱਥੇ ਅੱਜਕੱਲ੍ਹ 'ਨਾਨਕਪੁਰੀ ਟਾਂਡਾ' ਨਾਮ ਦਾ ਨਗਰ ਵੱਸਿਆ ਹੋਇਆ ਹੈ।

ਸਿੱਖ ਵਣਜਾਰਿਆਂ ਦਾ ਇਤਿਹਾਸ

ਅਠਾਰਵੀਂ ਸਦੀ ਤੱਕ ਦੱਖਣੀ ਏਸ਼ੀਆ ਦਾ ਸਾਰਾ ਵਪਾਰ ਵਣਜਾਰੇ ਕਰਿਆ ਕਰਦੇ ਸਨ, ਜੋ ਹਜ਼ਾਰਾਂ ਤੇ ਲੱਖਾਂ ਘੋੜਿਆਂ, ਊਠਾਂ, ਹਾਥੀਆਂ ਅਤੇ ਬਲਦਾਂ ਉੱਤੇ ਸਾਮਾਨ ਲੱਦ ਕੇ ਜਾਇਆ ਕਰਦੇ ਸਨ। ਉਸ ਸਮੇਂ ਸਭ ਤੋਂ ਵੱਡੇ 4 ਵਪਾਰੀ ਸਨ:

1. ਭਾਈ ਭਗਵੰਤ ਸਿੰਘ ਬੰਗੇਸ਼ਰੀ, ਮਨਸਬਦਾਰ, ਅਟਕ
2. ਭਾਈ ਮੱਖਣ ਸ਼ਾਹ ਵਣਜਾਰਾ, ਕਸ਼ਮੀਰ।
3. ਭਾਈ ਲੱਖੀ ਰਾਇ ਵਣਜਾਰਾ, ਦਿੱਲੀ ।
4. ਭਾਈ ਭਗਵਾਨ ਦਾਸ ਵੜਤੀਆ, ਕਰਨਾਟਕ।

ਇਨ੍ਹਾਂ ਸਾਰਿਆਂ ਕੋਲ ਲੱਖਾਂ ਦੀ ਗਿਣਤੀ ਵਿਚ ਗੱਡੇ, ਘੋੜੇ, ਊਠ, ਹਾਥੀ, ਖੱਚਰ ਅਤੇ ਬਲਦ ਸਨ। ਇੰਝ ਹੀ ਇਨ੍ਹਾਂ ਕੋਲ ਹਜ਼ਾਰਾਂ ਨੌਜਵਾਨ ਫ਼ੌਜੀ ਵੀ ਸਨ, ਜਿਹੜੇ ਇਨ੍ਹਾਂ ਦੇ ਸਾਮਾਨ ਦੇ ਟਾਂਡਿਆਂ ਦੀ ਰਾਖੀ ਕਰਿਆ ਕਰਦੇ ਸਨ। ਉਹ ਦਿੱਲੀ ਦੇ ਪਿੰਡ ਰਾਇਸੀਨਾ, ਬਾਰਾਖੰਭਾ, ਨਰੇਲਾ, ਮਾਲਚਾ ਤੇ ਇਨ੍ਹਾਂ ਦੇ ਆਲੇ-ਦੁਆਲੇ ਦੀ ਜ਼ਮੀਨ ਅਤੇ ਕਈਂ ਜੰਗਲਾਂ ਦੇ ਮਾਲਿਕ ਸਨ। ਲੋਹਗੜ੍ਹ ਕਿਲ੍ਹੇ ਦੀ ਸਾਰੀ ਪੱਟੀ ਭਾਈ ਲੱਖੀ ਰਾਏ ਵਣਜਾਰੇ ਦੀ ਜਾਇਦਾਦ ਸੀ, ਯਾਨਿ ਕਿ ਕਾਲਾ ਅੰਬ ਤੋਂ ਲੈ ਕੇ ਜਮਨਾ ਨਦੀ ਤੱਕ ਦਾ ਸਾਰਾ ਇਲਾਕਾ ਉਸ ਦੀ ਸਲਤਨਤ ਸੀ। ਇਸ ਸਲਤਨਤ ਵਾਸਤੇ ਉਸ ਨੇ ਇਸ ਇਲਾਕੇ ਵਿਚ ਲੋਹਗੜ੍ਹ ਤੇ ਹੋਰ ਕਿਲ੍ਹੇ ਤੇ ਗੜ੍ਹੀਆਂ ਬਣਾਈਆਂ ਹੋਈਆਂ ਸਨ। ਭਾਈ ਲੱਖੀ ਰਾਇ ਕੋਲ ਤਿੰਨ ਲੱਖ ਦੇ ਕਰੀਬ ਬਲਦ, ਘੋੜੇ, ਊਠ, ਹਾਥੀ, ਖੱਚਰ ਆਦਿ ਸਨ ਤੇ ਇਤਨੀ ਹੀ ਗਿਣਤੀ ਵਿੱਚ ਲੋਕ ਉਸ ਹੇਠ ਕੰਮ ਕਰਦੇ ਸਨ। ਉਹ ਘੋੜੇ, ਊਠ, ਬਲਦ, ਹਾਥੀ, ਖੱਚਰ, ਬੱਕਰੀਆਂ, ਭੇਡਾਂ ਦੇ ਵਪਾਰ ਦੇ ਨਾਲ-ਨਾਲ ਅਨਾਜ, ਦਾਲਾਂ, ਨਮਕ, ਮਸਾਲੇ, ਕਪੜਾ, ਇਮਾਰਤਸਾਜ਼ੀ ਦਾ ਸਾਮਾਨ, ਜੰਗ ਦਾ ਸਾਮਾਨ (ਹਥਿਆਰ, ਜਿਰਹ, ਬਖ਼ਤਰ), ਘੋੜਿਆਂ ਦਾ ਸਾਮਾਨ (ਕਾਠੀਆਂ, ਰਕਾਬ, ਵਾਗਾਂ ਆਦਿ), ਖੱਲਾਂ ਆਦਿ ਤੋਂ ਇਲਾਵਾ ਹੁੰਡੀ ਆਦਿ ਦਾ ਵੀ ਵੱਡਾ ਵਪਾਰੀ ਸੀ।

ਭਾਈ ਲੱਖੀ ਰਾਇ ਦੇ 8 ਪੁੱਤਰ ਸਨ। ਭਾਈ ਨਿਗਾਹੀਆ, ਭਾਈ ਹੇਮਾ, ਭਾਈ ਹਾੜੀ, ਭਾਈ ਹੀਰਾ, ਭਾਈ ਪੁੰਡੀਆ, ਭਾਈ ਬਖ਼ਸ਼ੀ, ਭਾਈ ਬਾਲਾ ਤੇ ਭਾਈ ਜਵਾਹਰ, 17 ਪੋਤੇ ਅਤੇ 24

ਪੜਪੋਤੇ ਸਨ। ਇਹ ਸਾਰੇ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਸਿੰਘ ਬਹਾਦਰ ਦੀ ਫ਼ੌਜ ਦਾ ਹਿੱਸਾ ਸਨ। ਇਨ੍ਹਾਂ ਸਾਰਿਆਂ ਨੇ ਸ਼ਹੀਦੀਆਂ ਹਾਸਿਲ ਕੀਤੀਆਂ ਸਨ। ਭੱਟ ਵਹੀਆਂ ਵਿਚ ਵੀ ਜਵਾਹਰ ਸਿੰਘ (30-8-1700), ਹੇਮ ਸਿੰਘ (16-1-1704), ਨਗਾਹੀਆ ਸਿੰਘ (6-4-1709) ਦੀਆਂ ਸ਼ਹੀਦੀਆਂ ਦਾ ਜ਼ਿਕਰ ਮਿਲਦਾ ਹੈ।

1628 ਵਿਚ ਸ਼ਾਹਜਹਾਂ ਮੁਗ਼ਲ ਬਾਦਸ਼ਾਹ ਸੀ। ਉਸ ਵੇਲੇ ਦਿੱਲੀ ਵਿਚ ਕਈ ਪੁਰਾਣੇ ਕਿਲ੍ਹਿਆਂ ਦੇ ਥੇਹ ਮੌਜੂਦ ਸਨ। ਸੇਰ ਸ਼ਾਹ ਸੂਰੀ ਦਾ 1546 ਵਿਚ ਬਣਾਇਆ ਕਿਲ੍ਹਾ ਸਲੀਮਗੜ੍ਹ ਵੀ ਮੌਜੂਦ ਸੀ। ਪਰ ਸ਼ਾਹਜਹਾਂ ਨੇ ਨਵੀਂ ਅਬਾਦੀ, ਜਿਸ ਨੂੰ ਉਸ ਨੇ ਸ਼ਾਹਜਹਾਂਬਾਦ ਦਾ ਨਾਂ ਦਿਤਾ (ਹੁਣ ਪੁਰਾਣੀ ਦਿੱਲੀ), ਵਿਚ ਇਕ ਨਵਾਂ ਤੇ ਵੱਡਾ ਕਿਲ੍ਹਾ ਉਸਾਰਨ ਦਾ ਫ਼ੈਸਲਾ ਕੀਤਾ। ਜਿਸ ਦਾ ਠੇਕਾ ਭਾਈ ਲੱਖੀ ਰਾਇ ਕੋਲ ਸੀ। ਇਸ ਦਾ ਨਕਸ਼ਾ ਉਸਤਾਦ ਅਹਿਮਦ ਲਾਹੌਰੀ ਨੇ ਬਣਾਇਆ। 12 ਮਈ 1639 ਨੂੰ ਇਹ ਕਿਲ੍ਹਾ ਬਣਾਉਣ ਦੇ ਹੁਕਮ ਜਾਰੀ ਹੋਏ ਅਤੇ ਅਗਲੇ ਦਿਨ ਹੀ ਇਸ ਦਾ ਨੀਂਹ ਪੱਥਰ ਰਖਿਆ ਗਿਆ। ਇਹ ਕਿਲ੍ਹਾ ਤਕਰੀਬਨ 9 ਸਾਲ ਵਿਚ, 6 ਅਪ੍ਰੈਲ 1648 ਦੇ ਦਿਨ ਪੂਰੀ ਤਰ੍ਹਾਂ ਤਿਆਰ ਹੋ ਗਿਆ। ਸ਼ਾਹਜਹਾਂ ਨੇ ਇਸ ਦਾ ਨਾਂ '**ਕਿਲ੍ਹਾ ਮੁਬਾਰਕ**' ਰਖਿਆ ਸੀ। ਕਿਉਂਕਿ ਇਹ ਲਾਲ ਪੱਥਰ ਦਾ ਬਣਿਆ ਹੋਇਆ ਸੀ ਇਸ ਕਰ ਕੇ ਇਸ ਦਾ ਨਾਂ '**ਲਾਲ ਕਿਲ੍ਹਾ**' ਮਸ਼ਹੂਰ ਹੋ ਗਿਆ। 94 ਏਕੜ ਵਿਚ ਬਣਿਆ, ਆਗਰਾ ਦਾ ਕਿਲ੍ਹਾ ਵੀ ਲਾਲ ਪੱਥਰ ਦਾ ਬਣਿਆ ਹੋਣ ਕਰ ਕੇ '**ਲਾਲ ਕਿਲ੍ਹਾ**' ਅਖਵਾਉਂਦਾ ਹੈ। ਉਂਝ ਆਗਰਾ ਦਾ ਕਿਲ੍ਹਾ (ਜਿਸ ਦਾ ਪਹਿਲਾ ਨਾਂ ਬਾਦਲਗੜ੍ਹ ਸੀ ਤੇ ਦਿੱਲੀ ਦੇ ਕਿਲ੍ਹੇ ਤੋਂ ਡੇਢ-ਦੋ ਸੌ ਸਾਲ ਪਹਿਲਾਂ ਦਾ ਬਣਿਆ ਹੋਇਆ ਸੀ) ਇੱਟਾਂ ਦਾ ਬਣਿਆਂ ਹੋਇਆ ਸੀ। ਪਰ 1568 ਤੋਂ 1573 ਦੌਰਾਨ ਅਕਬਰ ਨੇ ਬਰਾਉਲੀ, ਰਾਜਸਥਾਨ ਤੋਂ ਲਾਲ ਪੱਥਰ ਮੰਗਵਾ ਕੇ ਇਸ ਪੱਥਰ ਨਾਲ, ਇਸ ਦੀਆਂ ਪੁਰਾਣੀਆਂ ਦੀਵਾਰਾਂ ਦੇ ਬਾਹਰ ਨਵੀਂ ਦੀਵਾਰ ਉਸਾਰੀ ਸੀ।

ਦਿੱਲੀ ਦਾ ਲਾਲ ਕਿਲ੍ਹਾ 254.67 ਏਕੜ ਰਕਬੇ ਵਿਚ ਬਣਿਆ ਹੋਇਆ ਹੈ ਤੇ ਇਸ ਦੇ ਦੁਆਲੇ 2.41 ਕਿਲੋਮੀਟਰ ਲੰਬੀ ਦੀਵਾਰ ਬਣੀ ਹੋਈ ਹੈ। ਇਸ ਦੀਵਾਰ ਦੀ ਉਚਾਈ 18 ਤੋਂ 33 ਮੀਟਰ (ਬੁਰਜ ਵਾਲੀ ਥਾਂ ਤੋਂ) ਹੈ। ਇਸ ਕਿਲ੍ਹੇ ਦਾ ਮੁੱਖ ਦਰਵਾਜ਼ਾ ਦੱਖਣ ਵੱਲ ਲਾਹੌਰੀ ਗੇਟ ਹੈ। ਇਸ ਦਾ ਦੂਜਾ ਮੁੱਖ ਦਰਵਾਜ਼ਾ ਦਿੱਲੀ ਗੇਟ ਵੱਲ ਹੈ। ਜਮਨਾ ਨਦੀ ਵੱਲ ਖੁਲ੍ਹਣ ਵਾਲੇ ਗੇਟ ਨੂੰ ਪਾਣੀ ਦਰਵਾਜ਼ਾ (ਵਾਟਰ ਗੇਟ) ਕਹਿੰਦੇ ਹਨ। ਕਿਲ੍ਹੇ ਦੇ ਅੰਦਰ ਇਕ ਬਾਉਲੀ ਵੀ ਹੈ।

ਦਿੱਲੀ ਦਾ **ਮਾਲਚਾ** ਮਹਿਲ ਅਤੇ ਇਸ ਦੇ ਆਲੇ-ਦੁਆਲੇ ਦੀ ਸਾਰੀ ਜ਼ਮੀਨ ਭਾਈ ਲੱਖੀ ਰਾਇ ਵਣਜਾਰਾ ਦੀ ਸੀ। ਧੌਲਾ ਕੂਆਂ,[6] ਬਾਰਾ ਖੰਭਾ, ਪੂਸਾ ਹਿੱਲ, ਕਨਾਟ ਪਲੇਸ, ਰਾਸ਼ਟਰਪਤੀ ਭਵਨ, ਪਾਰਲੀਮੈਂਟ ਹਾਊਸ ਅਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਉਸ ਦੀ ਜ਼ਮੀਨ ਵਿਚ ਬਣੇ ਹੋਇ ਹਨ। ਇੰਝ ਹੀ ਲੋਹਗੜ੍ਹ ਅਤੇ ਡਾਬਰ ਦੀ ਜ਼ਮੀਨ ਦਾ ਵੀ ਉਹ ਹੀ ਮਾਲਿਕ ਸੀ, ਜਿਹੜਾ ਕਿ ਉਸ ਦੇ ਬਣਾਏ ਹੋਏ ਖੂਹਾਂ ਤੋਂ ਸਾਬਿਤ ਹੋ ਜਾਂਦਾ ਹੈ।

ਭਾਈ ਲੱਖੀ ਰਾਇ ਵਣਜਾਰਾ ਦਾ ਇਕ ਹੋਰ ਕਿਲ੍ਹਾ ਜਮਨਾ ਨਦੀ ਦੇ ਦੂਜੇ ਪਾਰ (ਪੂਰਬ ਵਿਚ) ਮੁਖ਼ਲਿਸਪੁਰ ਤੋਂ ਕੁਝ ਅੱਗੇ ਟਾਂਡਾ ਪਿੰਡ ਅਤੇ ਪਿੰਡ ਰਾਮਪੁਰ ਦੇ ਵਿਚਕਾਰ ਖਵਾਸਪੁਰ ਅਤੇ ਹੈਦਰਪੁਰ ਅਲੀ, ਹਿੰਦੂਵਾਲਾ ਦੇ ਨੇੜੇ ਹੈ। ਇਸ ਦੇ ਥੇਹ ਅੱਜ ਵੀ ਮੌਜੂਦ ਹਨ। ਇਸ ਦੀਆਂ

[6] ਨਾਹਨ ਤੋਂ 20 ਕਿਲੋਮੀਟਰ ਦੂਰ ਪਾਉਂਟਾ ਰੋਡ 'ਤੇ ਬਣਿਆ ਧੌਲਾ ਕੂੰਆ ਵੀ ਭਾਈ ਲੱਖੀ ਰਾਇ ਵਣਜਾਰਾ ਦਾ ਸੀ।

ਦੀਵਾਰਾਂ ਵਿਚ ਵੀ ਲੋਹਗੜ੍ਹ ਕਿਲ੍ਹੇ ਵਰਗੇ ਪੱਥਰ ਲਗੇ ਹੋਏ ਹਨ। ਇਸ ਦੇ ਆਲੇ ਦੁਆਲੇ ਵੀ ਲੱਖੀ ਰਾਇ ਵਣਜਾਰਾ ਦੇ ਖੂਹ ਹਨ। ਇਸ ਦਾ ਅਰਥ ਇਹ ਹੈ ਕਿ ਰਾਇਪੁਰ ਰਾਣੀ ਤੋਂ ਲੈ ਕੇ ਦੇਹਰਾਦੂਨ ਤੱਕ ਦੀ ਜ਼ਮੀਨ ਦਾ ਮਾਲਿਕ ਭਾਈ ਲੱਖੀ ਰਾਇ ਵਣਜਾਰਾ ਹੀ ਸੀ। ਰਾਜਪੁਰਾ ਦੇ ਨੇੜੇ **ਵਣਜਾਰਾ ਸਰਾਇ** ਵੀ ਭਾਈ ਲੱਖੀ ਰਾਇ ਦੀ ਨਿਜੀ ਜਾਇਦਾਦ ਸੀ, ਜਿੱਥੇ ਉਸ ਦਾ ਟਾਂਡਾ ਰੁੱਕਿਆ ਕਰਦਾ ਸੀ।

ਪੀਰ ਬੁੱਧੂ ਸ਼ਾਹ ਦਾ ਰੋਲ

ਸਢੌਰਾ ਅਤੇ ਲੋਹਗੜ੍ਹ ਕਿਲ੍ਹਿਆਂ ਦੀ ਤਵਾਰੀਖ਼ ਵਿਚ ਇਕ ਅਹਿਮ ਨਾਂ ਪੀਰ ਬੁੱਧੂ ਸ਼ਾਹ ਦਾ ਵੀ ਆਉਂਦਾ ਹੈ। ਪੀਰ ਬੁੱਧੂ ਸ਼ਾਹ ਜੀ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਬਹੁਤ ਨੇੜਲੇ ਸੰਬੰਧ ਸਨ। ਉਨ੍ਹਾਂ ਦਾ ਅਸਲ ਨਾਂ ਸੱਯਦ ਬਦਰ-ਉਦ-ਦੀਨ ਸੀ। ਸੱਯਦ ਹੋਣ ਕਰ ਕੇ ਉਸ ਨੂੰ 'ਸ਼ਾਹ' ਜੀ ਅਤੇ 'ਪੀਰ' ਜੀ ਵੀ ਕਹਿੰਦੇ ਸਨ। 13 ਜੂਨ 1647 ਨੂੰ ਪੈਦਾ ਹੋਏ ਪੀਰ ਜੀ ਨੂੰ ਮੁਗ਼ਲ ਬਾਦਸ਼ਾਹ (ਸ਼ਾਇਦ ਅਕਬਰ ਬਾਦਸ਼ਾਹ) ਵਲੋਂ ਜਗੀਰ ਮਿਲੀ ਹੋਈ ਸੀ ਅਤੇ ਉਨ੍ਹਾਂ ਦਾ ਨਿਵਾਸ ਸਢੌਰਾ ਕਸਬੇ ਵਿੱਚ ਸੀ। ਕਿਉਂਕਿ ਉਹ ਹਜ਼ਰਤ ਮੁਹੰਮਦ ਸਾਹਿਬ ਦੀ ਬੇਟੀ ਫ਼ਾਤਿਮਾ ਅਤੇ ਹਜ਼ਰਤ ਅਲੀ ਦੇ ਖ਼ਾਨਦਾਨ ਵਿਚੋਂ ਸਨ, ਇਸ ਕਰਕੇ ਲੋਕਾਂ ਵਿਚ ਉਨ੍ਹਾਂ ਦੀ ਬਹੁਤ ਮਾਨਤਾ ਸੀ। ਜਦੋਂ ਲੋਕ ਪੀਰ ਜੀ ਦੇ ਪੈਰਾਂ ਨੂੰ ਹੱਥ ਲਾਉਂਦੇ ਸੀ ਤਾਂ ਉਹ ਕਿਹਾ ਕਰਦੇ ਸੀ ਕਿ ਮੈਨੂੰ ਬਦਰ-ਉਦ-ਦੀਨ ਸ਼ਾਹ ਦੀ ਥਾਂ ਬੁੱਧੂ ਸ਼ਾਹ ਕਿਹਾ ਕਰੋ, ਇਨੀ ਨਿਮਰਤਾ ਸੀ ਪੀਰ ਬੁੱਧੂ ਸ਼ਾਹ ਜੀ ਵਿਚ।

ਪੀਰ ਬੁੱਧੂ ਸ਼ਾਹ ਜੀ ਅਤੇ ਠਸਕਾ ਮੀਰਾਂ ਜੀ (ਕੁਰੂਕਸ਼ੇਤਰ) ਦੇ ਪੀਰ ਭੀਖਣ ਸ਼ਾਹ ਦਾ ਆਪਸ ਵਿਚ ਬਹੁਤ ਪਿਆਰ ਸੀ। ਸੱਯਦ ਪੀਰ ਬੁੱਧੂ ਸ਼ਾਹ ਜੀ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਪੀਰ ਭੀਖਣ ਸ਼ਾਹ ਜੀ ਨੇ ਹੀ ਕਰਵਾਇਆ ਸੀ। ਉਹ ਆਪਣੇ ਬੱਚਿਆਂ ਸਣੇ ਅਕਸਰ ਪਾਉਂਟਾ ਸਾਹਿਬ ਜਾਇਆ ਕਰਦੇ ਸਨ। ਪੀਰ ਬੁੱਧੂ ਸ਼ਾਹ ਜੀ ਦਾ ਵਿਆਹ 18 ਸਾਲ ਦੀ ਉਮਰ ਵਿਚ ਔਰੰਗਜ਼ੇਬ ਦੇ ਇਕ ਜਰਨੈਲ ਸੈਦ ਖ਼ਾਨ ਦੀ ਭੈਣ ਨਸੀਰਾਂ ਨਾਲ ਹੋਇਆ ਸੀ। ਪੀਰ ਬੁੱਧੂ ਸ਼ਾਹ ਜੀ ਦੇ ਚਾਰ ਬੇਟੇ (ਅਸ਼ਰਫ਼, ਮੁਹੰਮਦ, ਮਹਿਮੂਦ ਬਖ਼ਸ਼ ਤੇ ਹੁਸੈਨ) ਸਨ।

ਪੀਰ ਬੁੱਧੂ ਸਾਹ ਅਤੇ ਉਸ ਦੇ ਪਰਿਵਾਰ ਨਾਲ ਸਿੱਖ ਇਤਿਹਾਸ ਦੀ ਇਕ ਅਹਿਮ ਘਟਨਾ ਹੈ ਕਿ 18 ਸਤੰਬਰ 1688 ਦੇ ਦਿਨ, ਜੱਦੋਂ ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੇ ਬਿਨਾਂ ਕਾਰਨ ਗੁਰੂ ਗੋਬਿੰਦ ਸਿੰਘ ਜੀ 'ਤੇ ਹਮਲਾ ਕੀਤਾ ਸੀ ਤਾਂ ਗੁਰੂ ਸਾਹਿਬ ਜੀ ਦੀ ਫ਼ੌਜ ਦੇ 500 ਪਠਾਨ ਜਿਨ੍ਹਾਂ ਨੂੰ ਪੀਰ ਬੁੱਧੂ ਸ਼ਾਹ ਜੀ ਨੇ ਭਰਤੀ ਕਰਵਾਇਆ ਸੀ, ਗ਼ਦਾਰੀ ਕਰਕੇ ਦੁਸ਼ਮਣ ਨਾਲ ਜਾ ਰਲੇ। ਜਦੋਂ ਇਸ ਘਟਨਾ ਦੀ ਖਬਰ ਪੀਰ ਬੁੱਧੂ ਸ਼ਾਹ ਜੀ ਨੂੰ ਮਿਲੀ ਤਾਂ ਉਹ ਆਪਣੇ ਭਰਾ, ਚਾਰੇ ਪੁੱਤਰਾਂ ਅਤੇ 700 ਸਾਥੀਆਂ ਸਮੇਤ ਪਾਉਂਟਾ ਸਾਹਿਬ ਪਹੁੰਚ ਕੇ ਗੁਰੂ ਸਾਹਿਬਾਂ ਨੂੰ ਮੈਦਾਨੇ ਜੰਗ ਵਿਚ ਸ਼ਾਮਿਲ ਹੋਣ ਦੀ ਅਰਜੋਈ ਕੀਤੀ ਅਤੇ ਭੰਗਾਣੀ ਦੀ ਲੜਾਈ ਵਿਚ ਉਨ੍ਹਾਂ ਦੇ ਦੋ ਪੁੱਤਰ (ਅਸ਼ਰਫ਼, ਮੁਹੰਮਦ) ਅਤੇ ਭਰਾ ਭੂਰੇ ਸ਼ਾਹ ਸ਼ਹੀਦ ਹੋ ਗਏ ਸਨ। ਪੀਰ ਜੀ ਦੀ ਗੁਰੂ ਜੀ ਨਾਲ ਨੇੜਤਾ ਕਾਰਨ ਮੁਗਲ ਹਾਕਮ ਉਸਮਾਨ ਖਾਨ ਨੇ ਪੀਰ ਜੀ ਨੂੰ ਜੰਗਲ ਵਿਚ ਲਿਜਾ ਕੇ 21 ਮਾਰਚ 1704 ਨੂੰ ਜ਼ਿੰਦਾ ਸਾੜ ਦਿਤਾ ਸੀ।

5 ਦਸੰਬਰ 1709 ਦੇ ਦਿਨ ਜੱਦੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਸਢੌਰੇ 'ਤੇ ਹਮਲਾ ਕੀਤਾ ਸੀ ਤਾਂ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਅਤੇ ਸਾਥੀਆਂ ਨੇ ਉਸ ਦੀ ਪੂਰੀ ਮਦਦ ਕੀਤੀ ਸੀ।

ਭਾਈ ਬੰਦਾ ਸਿੰਘ ਨੇ ਸਢੌਰਾ ਜਿੱਤਣ ਮਗਰੋਂ ਉਸਮਾਨ ਖ਼ਾਨ ਨੂੰ ਗ੍ਰਿਫ਼ਤਾਰ ਕਰ ਕੇ, ਪੀਰ ਬੁੱਧੂ ਸ਼ਾਹ ਦੇ ਕਤਲ ਕਰਨ ਅਤੇ ਲੋਕਾਂ ਤੇ ਜ਼ੁਲਮ ਕਰਨ ਬਦਲੇ ਸ਼ਰੇਆਮ ਲੋਕਾਂ ਦੇ ਸਾਹਮਣੇ ਮੌਤ ਦੀ ਸਜ਼ਾ ਦਿੱਤੀ ਸੀ। ਉਸਮਾਨ ਖ਼ਾਨ ਉਪਰ ਇਹ ਵੀ ਇਲਜ਼ਾਮ ਸੀ ਕਿ ਉਹ ਗ਼ੈਰ-ਮੁਸਲਮਾਨਾਂ ਨੂੰ ਸਖ਼ਤ ਨਫ਼ਰਤ ਕਰਦਾ ਸੀ ਅਤੇ ਉਨ੍ਹਾਂ 'ਤੇ ਜ਼ੁਲਮ ਕਰਨ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਅਜ਼ਮਤ ਲੁੱਟਣ ਦਾ ਕੋਈ ਮੌਕਾ ਨਹੀਂ ਸੀ ਗੁਆਉਂਦਾ।

ਮੁਖ਼ਲਿਸਗੜ ਅਤੇ ਲੋਹਗੜ੍ਹ

ਬਹੁਤ ਸਾਰੇ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਬੰਦਾ ਸਿੰਘ ਬਹਾਦਰ ਨੇ ਮੁਖ਼ਲਿਸਪੁਰ ਦੇ ਕਿਲ੍ਹੇ 'ਤੇ ਕਬਜ਼ਾ ਕਰ ਕੇ ਇਸ ਦਾ ਨਾਂ ਲੋਹਗੜ੍ਹ ਰੱਖ ਦਿੱਤਾ ਸੀ।[7] ਡਾ. ਬਲਵੰਤ ਸਿੰਘ ਢਿੱਲੋਂ [8] ਮੁਤਾਬਿਕ ਬਾਬਾ ਬੰਦਾ ਸਿੰਘ ਨੇ ਮੁਖ਼ਲਿਸਪੁਰ ਦੇ ਨੇੜੇ ਕਿਲ੍ਹਾ ਬਣਾਇਆ ਸੀ 'ਤੇ ਇਸ ਦਾ ਨਾਂ ਲੋਹਗੜ੍ਹ ਰੱਖ ਦਿਤਾ ਸੀ। ਉਂਝ ਮੁਖ਼ਲਿਸਪੁਰ ਨਾਂ ਦਾ ਕੋਈ ਪਿੰਡ ਲੋਹਗੜ੍ਹ ਜਾਂ ਇਸ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਹੈ ਹੀ ਨਹੀਂ। ਸਾਡੇ ਕੋਲ ਅੰਗਰੇਜ਼ ਜਿਓਗਰਾਫ਼ਰ ਅਤੇ ਇਤਿਹਾਸਕਾਰ ਮੇਜਰ ਜੇਮਜ਼ ਰੈਨਲ (1742-1830) ਦੇ ਨਕਸ਼ੇ ਮੌਜੂਦ ਹਨ। ਜਿਸਨੂੰ 'ਫ਼ਾਦਰ ਆਫ਼ ਜਿਓਗਰਾਫ਼ੀ' ਮੰਨਿਆ ਜਾਂਦਾ ਹੈ। ਉਸ ਦੇ 1782 ਦੇ "ਮੈਮੋਇਰ ਆਫ਼ ਏ ਮੈਪ ਆਫ਼ ਹਿੰਦੋਸਤਾਨ" ਵਿਚ ਕਿਸੇ ਮੁਖ਼ਲਿਸਪੁਰ ਲੋਹਗੜ੍ਹ ਦਾ ਨਾਂਮੋ-ਨਿਸ਼ਾਨ ਨਹੀਂ ਹੈ। **ਮੁਖ਼ਲਿਸ ਪੁਰ ਦਾ ਕਿਲ੍ਹਾ ਬਾਦਸ਼ਾਹ ਦੀ ਸ਼ਿਕਾਰਗਾਹ, ਆਰਾਮਗਾਹ, ਪਹਾੜੀ ਇਲਾਕੇ ਦਾ ਰਮਣੀਕ ਰੰਗ ਮਹਿਲ ਜੋ ਯਮੂਨਾ ਕੰਡੇ ਤੇ ਹੈ ਅਤੇ ਲੋਹਗੜ੍ਹ ਕਿਲ੍ਹੇ ਤੋਂ 35 ਕਿਲੋਮੀਟਰ ਦੂਰ ਹੈ। ਮੁਖਲਿਸ ਪੁਰ ਨੂੰ 'ਅਲੀ ਮਾਰਡਨ' ਨੇ ਡਿਜ਼ਾਈਨ ਕਰਕੇ ਬਣਾਇਆ ਸੀ, ਜੋ ਕਿ ਸ਼ਾਹਜ਼ਹਾਂ ਦਾ ਇੰਜੀਨਿਅਰ ਸੀ,** ਜਿਸਨੂੰ ਹਾਇਡਰਾਲਿਕ ਦਾ ਬਹੁਤ ਗਿਆਨ ਸੀ। ਉਸਨੇ ਦਿੱਲੀ-ਯਮੁਨਾ ਨਹਿਰ ਵੀ, ਜੋ ਰੰਗ ਮਹਿਲ ਦੇ ਨਾਲ ਲਗਦੀ ਸੀ, ਨੂੰ ਡਿਜ਼ਾਇਨ ਕਰਕੇ ਬਣਾਇਆ ਸੀ।

According to Gazzetter 1887 Saharanpur the reference is given as:- "Under Shahjahan(1627-1658 A.D) the celebrated Ali Marden Khan laid down a garden named Badshahi Bag and in it a royal hunting lodge, known as Badshahi Mahal. On the left bank of the Yamuna to the north west of the Faizabad pargana. The palace was pleasantly situated opposite to the headworks of the Delhi canal and its portion were standing till the beginning of the present century. To the same nobleman is due the construction of canal, the Delhi or Doab canal and later known as the eastern Yamuna canal.

---

[7]ਡਾ ਗੰਡਾ ਸਿੰਘ: ਲਾਈਫ਼ ਆਫ਼ ਬੰਦਾ ਸਿੰਘ ਬਹਾਦਰ, ਸਫ਼ਾ 55-56, ਡਾ. ਹਰਜਿੰਦਰ ਸਿੰਘ ਦਿਲਗੀਰ: ਗਰੇਟ ਸਿੱਖ ਜਨਰਲ ਬੰਦਾ ਸਿੰਘ ਬਹਾਦਰ, ਸਫ਼ਾ 57; ਡਾ. ਜੇ ਐਸ ਗਰੇਵਾਲ: ਦ ਸਿੱਖਜ਼ ਆਫ਼ ਦ ਪੰਜਾਬ, ਸਫ਼ਾ 83; ਖ਼ੁਸ਼ਵੰਤ ਸਿੰਘ: ਏ-ਹਿਸਟਰੀ -ਆਫ਼-ਦ-ਸਿੱਖਜ਼, ਸਫ਼ਾ 103, ਡਾ. ਹਰੀ ਰਾਮ ਗੁਪਤਾ: ਹਿਸਟਰੀ ਆਫ਼ ਦ ਸਿੱਖਜ਼, ਸਫ਼ਾ 11}.

[8](ਪਰਸ਼ੀਅਨ ਸੋਰਸਸਿਜ਼ ਔਨ ਬੰਦਾ ਸਿੰਘ ਬਹਾਦਰ, ਸਫ਼ਾ 36)

ਪਿਛਲੇ ਦਿਨੀਂ ਸੰਨ 2017 ਵਿੱਚ ਏ.ਐਸ.ਆਈ. ਨੇ 2 ਕਰੋੜ ਰੁਪਏ ਖਰਚ ਕਰਕੇ ਇਸ ਰੰਗ ਮਹਿਲ ਦੀ ਮਰੰਮਤ ਕਰਵਾਈ ਹੈ।[9] ਇਸ ਮਹਿਲ ਦੀ ਅੰਦਰੂਨੀ ਬਣਤਰ ਤੋਂ ਸਾਫ਼ ਪਤਾ ਲਗਦਾ ਹੈ ਕਿ ਇਹ ਥਾਂ ਕਿਸੇ ਹਾਲਤ ਵਿਚ ਵੀ ਕਿਲ੍ਹਾ ਨਹੀਂ ਸੀ ਅਤੇ ਇਕ ਮਾਡਰਨ ਮਹਿਲ ਵਾਂਗ ਇਸ ਵਿਚ ਹਰ ਇਕ ਵਧੀਆ ਤੋਂ ਵਧੀਆ ਸਹੂਲਤ ਮੁਹੱਈਆ ਸੀ।

ਇਹ ਹਥਨੀ ਕੁੰਡ ਬੈਰਾਜ ਦੇ ਨਜ਼ਦੀਕ ਜਮਨਾ ਨਦੀ ਦੇ ਕੰਢੇ ਉੱਤੇ ਹੈ। ਇਸ ਬਾਦਸ਼ਾਹੀ ਬਾਗ਼ ਦਾ ਕੁਲ ਰਕਬਾ 45 ਏਕੜ ਅਤੇ ਇਸ ਵਿਚਲੇ ਮਹਿਲ ਦੀ ਇਮਾਰਤ ਤਕਰੀਬਨ ਡੇਢ ਤੋਂ ਦੋ ਏਕੜ ਵਿਚ ਬਣੀ ਹੋਈ ਹੈ। ਇਹ ਪਹਾੜੀਆਂ ਦੇ ਪੈਰਾਂ ਵਿਚ ਹੋਣ ਕਰ ਕੇ ਬਹੁਤ ਹੀ ਖ਼ੂਬਸੂਰਤ ਜਗ੍ਹਾਂ ਹੈ।

ਲੋਹਗੜ੍ਹ ਦੀ ਪਹਿਲੀ ਲੜਾਈ ਦਸੰਬਰ 1710 ਵਿਚ ਹੋਈ ਸੀ। ਉਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਇਸ ਲੜਾਈ ਤੋਂ ਬਹੁਤ ਪਰੇਸ਼ਾਨ ਹੋ ਗਿਆ ਸੀ ਕਿਉਂਕਿ ਬੰਦਾ ਸਿੰਘ ਬਹਾਦਰ ਕਾਬੂ ਨਹੀਂ ਸੀ ਆਇਆ। ਆਪਣੇ ਦਿਮਾਗੀ ਸੰਤੁਲਨ ਨੂੰ ਠੀਕ ਕਰਨ ਲਈ ਉਹ ਫਰਵਰੀ 1711 ਵਿਚ ਮੁੱਖਲਿਸ ਪੁਰ ਠਹਿਰਿਆ ਸੀ।


ਲੋਹਗੜ੍ਹ ਹਦਬਸਤ ਹਿਮਾਚਲ ਪ੍ਰਦੇਸ਼ ਦੇ ਰੈਵੀਨਿਉ ਰਿਕਾਰਿਡ ਮੁਤਾਬਿਕ 3000 ਏਕੜ ਜ਼ਮੀਨ ਹੈ। ਲੋਹਗੜ੍ਹ ਦੀਆਂ ਪਹਾੜੀਆਂ ਦੇ ਪੈਰੵਾਂ ਵਿੱਚ ਹੀ SGPC ਨੇ ਜ਼ਮੀਨ ਖਰੀਦੀ ਹੋਈ ਹੈ, ਜੋ ਮੁੱਖਲਿਸਪੁਰ ਤੋਂ 35 ਕਿਲੋਮੀਟਰ ਦੂਰ ਹੈ।ਇਸ ਤਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਚਾਰ ਕਿ ਲੋਹਗੜ੍ਹ ਕਿਲ੍ਹੇ ਦਾ ਪੁਰਾਣਾ ਨਾਮ 'ਮੁੱਖਲਿਸਪੁਰ' ਸੀ, ਜਿਸ ਨੂੰ ਬੰਦਾ ਸਿੰਘ ਬਹਾਦਰ ਨੇ ਕਬਜ਼ਾ ਕਰਕੇ 'ਲੋਹਗੜ੍ਹ' ਰੱਖ ਦਿਤਾ, ਬਿਲਕੁਲ ਗਲਤ ਹੈ।ਉਨ੍ਹਾਂ ਦਾ ਇਹ ਕਹਿਣਾ ਵੀ ਗਲਤ ਹੈ ਕਿ ਮੁੱਖਲਿਸਪੁਰ ਨੂੰ ਸ਼ੇਰਸ਼ਾਹ ਸੂਰੀ ਨੇ ਬਣਾਉਣਾ ਸ਼ੁਰੂ ਕੀਤਾ ਸੀ, ਜਿਸਨੂੰ ਉਸਨੇ ਵਿੱਚ ਹੀ ਅਧੂਰਾ ਛੱਡ ਦਿੱਤਾ ਸੀ, ਬਾਅਦ ਵਿੱਚ ਇਸਨੂੰ ਸ਼ਾਹ ਜ਼ਹਾਨ ਦੇ ਜਰਨੈਲ ਮੁੱਖਲਿਸ ਖਾਂ ਨੇ ਮੁਕੰਮਲ ਕੀਤਾ।

---

[9] ਫ਼ਰਵਰੀ 1711 ਵਿਚ ਬਾਦਸ਼ਾਹ ਬਹਾਦਰ ਸ਼ਾਹ ਮੁਖ਼ਲਿਸਪੁਰ ਵਿਚ ਠਹਿਰਿਆ ਸੀ ਅਤੇ ਇਸ ਦੇ ਨੇੜੇ ਦੇ ਜੰਗਲ ਵਿਚ ਸ਼ਿਕਾਰ ਕੀਤਾ ਸੀ। ਇਸ ਦਾ ਜ਼ਿਕਰ ਪਚੋਲੀ ਜਗਜੀਵਨ ਦਾਸ ਨੇ ਜੈਪੁਰ ਦੇ ਰਾਜਾ ਜੈ ਸਿੰਹ ਸਵਾਈ ਨੂੰ 4 ਫ਼ਰਵਰੀ 1711 ਦੇ ਦਿਨ ਲਿਖੇ ਖ਼ਤ ਵਿਚ ਕੀਤਾ ਹੈ (ਬਲਵੰਤ ਸਿੰਘ ਢਿੱਲੋਂ, ਰਾਜਸਥਾਨੀ ਡਾਕੂਮੈਂਟਸ ਆੱਨ ਬੰਦਾ ਸਿੰਘ ਬਹਾਦਰ, ਸਫ਼ਾ 88

ਪਰਸ਼ੀਅਨ ਦਸਤਾਵੇਜ਼ ਮੁਤਾਬਿਕ ਲੋਹਗੜ੍ਹ ਅਤੇ ਮੁਖਲਿਸਗੜ੍ਹ ਵੱਖ-ਵੱਖ ਦਿਖਾਏ ਹਨ, ਜੋ ਆਪਸ ਵਿੱਚ 35 ਕਿਲੋਮੀਟਰ ਦੂਰ ਹਨ।
ਨਕਸ਼ੇ ਵਿੱਚ ਪੀਲਾ ਰੰਗ : ਲੋਹਗੜ੍ਹ ਕਿਲਾ (ਲੋਹਗੜ੍ਹ ਖਾਲਸਾ ਰਾਜਧਾਨੀ)
ਹਰਾ ਰੰਗ : ਮੁਖਲਿਸਗੜ੍ਹ (ਰੰਗ ਮਹਿਲ ਬਾਦਸ਼ਾਹ ਸ਼ਾਹਜਾਂਹ) ਦਿਖਾਏ ਹਨ।





ਮੁਖ਼ਲਿਸਗੜ੍ਹ ਦੀਆਂ 2018 ਦੀਆਂ ਤਸਵੀਰਾਂ

ਸਾਡੇ ਇਤਿਹਾਸਕਾਰਾਂ ਅਤੇ ਸ਼੍ਰੋਮਣੀ ਸਿੱਖ ਸੰਸਥਾਵਾਂ ਪਿਛਲੇ 300 ਸਾਲਾਂ ਤੋਂ ਭੁਲੇਖੇ ਵਿਚ ਰਹਿ ਰਹੀਆਂ ਹਨ ਜੋ ਸਿੱਖ ਇਤਿਹਾਸ ਲਈ ਸਭ ਤੋਂ ਵੱਡੀ ਗਲਤੀ ਮੰਨੀ ਜਾ ਸਕਦੀ ਹੈ।)

ਭਾਈ ਰਾਮ ਰਾਇ, ਬੀਬੀ ਰੂਪ ਕੌਰ ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜਨਮ

ਗੁਰੂ ਹਰਿ ਰਾਇ ਸਾਹਿਬ ਜੀ ਦੇ ਸਮਕਾਲੀ ਲਿਖਾਰੀ 'ਦਬਿਸਤਾਨੇ ਮਜ਼ਾਹਿਬ' (ਲੇਖਕ ਜ਼ੁਲਫ਼ਿਕਾਰ ਅਰਦਸਤਾਨੀ) ਮੁਤਾਬਿਕ ਗੁਰੂ ਹਰਿ ਰਾਇ ਸਾਹਿਬ ਜੀ 1645 ਤੋਂ 1657 ਤਕ ਪਿੰਡ 'ਥਾਪਲ' ਵਿਚ ਰਹੇ ਸਨ। ਇਸ ਦੌਰਾਨ ਗੁਰੂ ਸਾਹਿਬ 1656 ਵਿਚ ਸਿਰਫ ਇਕ ਵਾਰ ਕੀਰਤਪੁਰ ਗਏ ਸਨ। ਇਸ ਕਰਕੇ ਯਕੀਨਨ ਭਾਈ ਰਾਮ ਰਾਇ (24 ਫਰਵਰੀ 1646) ਬੀਬੀ ਰੂਪ ਕੌਰ (9 ਅਪ੍ਰੈਲ 1649) ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ (20 ਜੁਲਾਈ 1652) ਦਾ ਜਨਮ ਇਸੇ ਪਿੰਡ 'ਥਾਪਲ' ਵਿਚ ਹੋਇਆ ਹੈ। ਉਨ੍ਹਾਂ ਦਾ ਜਨਮ ਕੀਰਤਪੁਰ ਵਿਚ ਹੋਣਾ ਆਪਣੇ ਆਪ ਗ਼ਲਤ ਸਾਬਿਤ ਹੁੰਦਾ ਹੈ। 1657 ਵਿਚ ਗੁਰੂ ਹਰਿ ਰਾਇ ਸਾਹਿਬ ਕੀਰਤਪੁਰ, ਗੋਇੰਦਵਾਲ, ਸਿਆਲਕੋਟ, ਕਸ਼ਮੀਰ ਇਲਾਕੇ ਦੇ ਪ੍ਰਚਾਰ ਦੌਰਿਆਂ 'ਤੇ ਰਹੇ ਸਨ ਤੇ 1661 ਵਿਚ ਉਹ ਜੋਤੀ ਜੋਤ ਸਮਾ ਗਏ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੀ 1666 ਤੋਂ 1670 ਤੱਕ ਪੂਰਬ (ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਤੇ ਅਸਾਮ ਆਦਿ ਸੂਬਿਆਂ) ਵਿਚ ਪ੍ਰਚਾਰ ਦੌਰੇ ਤੇ ਰਹੇ ਸਨ। ਉਨ੍ਹਾਂ 1665 ਵਿਚ ਚੱਕ ਨਾਨਕੀ (ਅਨੰਦਪੁਰ ਸਾਹਿਬ) ਦੀ ਨੀਂਹ ਰਖੀ ਸੀ। ਗੁਰੂ ਗੋਬਿੰਦ ਸਿੰਘ ਜੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਮਗਰੋਂ ਦਸ ਸਾਲ ਤੱਕ ਚੱਕ ਨਾਨਕੀ ਰਹੇ ਸਨ। ਫਿਰ ਉਹ ਲੋਹਗੜ੍ਹ ਨਜਦੀਕ ਆ ਗਏ। ਉਨ੍ਹਾਂ ਪਾਉਂਟਾ ਦੇ ਕਿਲੇ ਵਿਚ ਟਿਕਾਣਾ ਕੀਤਾ। ਗੁਰੂ ਗੋਬਿੰਦ ਸਿੰਘ ਜੀ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਦੀਆਂ ਆਖ਼ਰੀ ਛੋਹਾਂ ਦਿੰਦੇ ਰਹੇ। ਅਕਤੂਬਰ 1688 ਵਿਚ ਗੁਰੂ ਜੀ ਵਾਪਿਸ ਚੱਕ ਨਾਨਕੀ ਆ ਗਏ ਸਨ ਅਤੇ ਉਸ ਦੇ ਨਾਲ ਲਗਦੀ ਜ਼ਮੀਨ 'ਤੇ ਅਨੰਦਪੁਰ ਸਾਹਿਬ ਵਿਚ ਪੰਜ ਕਿਲ੍ਹੇ ਉਸਾਰੇ। ਗੁਰੂ ਹਰਿ ਰਾਇ ਸਾਹਿਬ ਨੇ 3 ਮਾਰਚ 1644 ਨੂੰ ਗੁਰਗੱਦੀ ਸੰਭਾਲੀ ਤੇ ਇਸ ਮਗਰੋਂ ਇਕ ਸਾਲ (1645 ਤਕ) ਉਹ ਕੀਰਤਪੁਰ ਸਾਹਿਬ ਵਿਚ ਰਹੇ।

ਉਧਰ ਕਹਿਲੂਰ (ਬਿਲਾਸਪੁਰ) ਰਿਆਸਤ ਦਾ ਰਾਜਾ ਕਲਿਆਣ ਚੰਦ, ਰਿਆਸਤ ਸੁਕੇਤ ਉਪਰ ਹਮਲੇ ਦੌਰਾਨ, 12 ਫ਼ਰਵਰੀ 1637 ਦੇ ਦਿਨ ਹੋਈ ਇਕ ਲੜਾਈ ਵਿਚ ਮਾਰਿਆ ਗਿਆ। ਰਾਜਾ ਕਲਿਆਣ ਚੰਦ ਦੇ ਪੁੱਤਰ ਨੇ ਇਸ ਦਾ ਬਦਲਾ ਲੈਣ ਵਾਸਤੇ ਸੁਕੇਤ ਤੇ ਹਮਲਾ ਕਰ ਦਿਤਾ। ਮਗਰੋਂ ਉਸ ਨੇ ਸ਼ਾਹਜਹਾਨ ਨੂੰ ਟੈਕਸ ਦੇਣਾ ਵੀ ਬੰਦ ਕਰ ਦਿਤਾ। ਇਸ 'ਤੇ ਸੰਨ 1645 ਵਿਚ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦੇ ਹੁਕਮ ਹੇਠ ਮਿਰਜ਼ਾ ਸ਼ਾਹਰੁਖ਼ ਦੇ ਪੁੱਤਰ ਨਜਾਬਤ ਖ਼ਾਨ ਨੇ ਬਿਲਾਸਪੁਰ ਉੱਤੇ ਹਮਲਾ ਕਰ ਦਿਤਾ ਅਤੇ ਇਸ ਤੇ ਕਬਜ਼ਾ ਕਰਕੇ ਤਾਰਾ ਚੰਦ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਮਗਰੋਂ ਗੁਰੂ ਹਰਿ ਰਾਇ ਸਾਹਿਬ 'ਥਾਪਲ' (ਉਦੋਂ ਸਿਰਮੌਰ/ਨਾਹਨ ਰਿਆਸਤ ਵਿਚ ਹੁਣ ਹਰਿਆਣਾ ਦਾ ਇਕ ਪਿੰਡ) ਚਲੇ ਗਏ ਸਨ ਜਿੱਥੇ ਉਨ੍ਹਾਂ ਪਾਸ 2200 ਘੋੜ ਸਵਾਰ ਸਨ ਜਿਨ੍ਹਾਂ ਦੀ ਚਰਾਂਦ ਵਾਸਤੇ 'ਥਾਪਲ' ਅਤੇ ਇਸ ਦੇ ਦੁਆਲੇ ਦਾ ਜੰਗਲ ਬਹੁਤ ਮੁਨਾਸਿਬ ਥਾਂ ਸੀ। ਅੱਜ ਵੀ ਇਹ ਇਲਾਕਾ ਜੰਗਲੀ ਦਰਖ਼ਤਾਂ ਨਾਲ ਭਰਪੂਰ ਹੈ।

ਇਹ ਗੱਲ 'ਦਬਿਸਤਾਨ-ਇ-ਮਜ਼ਾਹਿਬ' ਦੇ ਲੇਖਕ ਜ਼ੁਲਫ਼ਿਕਾਰ ਅਰਦਸਤਾਨੀ ਨੇ ਸਫ਼ਾ 282 'ਤੇ ਲਿਖੀ ਸੀ। ਅਰਦਸਤਾਨੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਕਈ ਵਾਰ ਮਿਲਦਾ ਰਿਹਾ ਸੀ 'ਤੇ ਉਸ ਦਾ ਗੁਰੂ ਜੀ ਨਾਲ ਖ਼ਤੋ-ਖ਼ਿਤਾਬਤ ਵੀ ਚਲਦਾ ਰਹਿੰਦਾ

ਸੀ। ਬਿਲਕੁਲ ਇਹੋ ਕੁਝ ਹੀ (ਅਰਦਸਤਾਨੀ ਦਾ ਹਵਾਲਾ ਦੇ ਕੇ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪੀ ਕਿਤਾਬ "ਹਿਸਟਰੀ ਆਫ਼ ਦ ਸਿੱਖਜ਼ ਐਂਡ ਦੇਅਰ ਰਿਲੀਜਨ", ਜਿਲਦ ਪਹਿਲੀ, ਸਫ਼ਾ 189 'ਤੇ (ਡਾ. ਕਿਰਪਾਲ ਸਿੰਘ ਅਤੇ ਖੜਕ ਸਿੰਘ ਵਲੋਂ ਸੰਪਾਦਿਤ) ਲਿਖਿਆ ਹੋਇਆ ਹੈ। ਡਾ. ਹਰਬੰਸ ਲਾਲ ਅਤੇ ਚਾਂਦ ਰਾਮ ਅਗਨੀਹੋਤਰੀ (ਕਿਤਾਬ 'ਗੈਦਰਿੰਗ ਸਟੌਰਮ, (Gathering Storm) ਗੁਰੂ ਹਰਿ ਰਾਇ ਸਾਹਿਬ', ਸਫ਼ਾ 54) ਮੁਤਾਬਿਕ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਪਿੰਡ 'ਥਾਪਲ' ਵਿਚ ਹੋਇਆ ਸੀ। ਡਾ. ਅਗਨੀਹੋਤਰੀ ਹਰੀ ਰਾਮ ਗੁਪਤਾ (ਹਿਸਟਰੀ ਆਫ਼ ਦ ਸਿੱਖ ਗੁਰੂ) ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ ਕਿ ਗੁਰੂ ਹਰਿ ਰਾਇ ਸਾਹਿਬ ਲਗਭਗ 13 ਸਾਲ ਨਾਹਨ ਰਿਆਸਤ ਦੇ 'ਥਾਪਲ' ਪਿੰਡ ਵਿਚ ਰਹੇ ਸਨ, ਹੋਰ ਵੀ ਬਹੁਤ ਸਾਰੇ ਲੇਖਕਾਂ ਨੇ ਗੁਰੂ ਹਰਿ ਰਾਇ ਸਾਹਿਬ ਦੇ 'ਥਾਪਲ' ਰਹਿਣ ਦਾ ਜ਼ਿਕਰ ਕੀਤਾ ਹੈ। ਸ. ਸੁਰਿੰਦਰ ਸਿੰਘ ਆਪਣੀ ਪੁਸਤਕ (2010) Discovering Banda Bahadur ਦੇ ਸਫਾ 167 'ਤੇ ਲਿਖਦੇ ਹਨ (when Mughal forces invaded the territory of Raja Tara Chand of Kahlur, the Guru moved further into the interior of the Shivalik hill and stayed for about twelve years in Nahan).

ਇੰਦੂ ਭੂਸ਼ਨ ਬੈਨਰਜੀ (Evolution of the Khalsa), ਜਿਲਦ ਦੂਜੀ, ਸਫ਼ਾ 48), ਡਾ. ਗੰਡਾ ਸਿੰਘ (ਕਿਤਾਬ 'ਮਾਖ਼ਜ਼ਿ ਤਵਾਰੀਖ਼ੇ ਸਿੱਖਾਂ', ਸਫ਼ਾ 45), **ਖ਼ੁਸ਼ਵੰਤ ਸਿੰਘ (The History of the Sikhs), ਜਿਲਦ ਪਹਿਲੀ, ਸਫ਼ਾ 64), ਕਨਿੰਘਮ (ਏ ਹਿਸਟਰੀ ਆਫ਼ ਦ ਸਿੱਖਜ਼, ਸਫ਼ਾ 55) ਨੇ ਵੀ ਗੁਰੂ ਹਰਿ ਰਾਇ ਸਾਹਿਬ ਦੇ 'ਥਾਪਲ' ਵਿਚ 13 ਸਾਲ ਰਹਿਣ ਦਾ ਜ਼ਿਕਰ ਕੀਤਾ ਹੈ। 'ਥਾਪਲ' ਇਕ ਵੱਡਾ ਪਿੰਡ ਸੀ,** ਜਿਸਦੇ ਦੋ ਨੰਬਰਦਾਰ ਸਨ। ਮੁਗਲਾਂ ਨੇ ਇਸ ਪਿੰਡ ਨੂੰ ਵੀ ਤਬਾਹ ਕਰ ਦਿਤਾ ਸੀ। ਇਹ ਪਿੰਡ ਪਹਾੜਾਂ ਵਿਚ ਸਥਿਤ ਹੈ ਅਤੇ ਇਸ ਦੇ ਨਜਦੀਕ ਭਾਈ ਲੱਖੀ ਰਾਇ ਵਣਜਾਰੇ ਦੇ ਲਗਾਏ ਤਿੰਨ ਖੂਹ ਮੌਜੂਦ ਹਨ। ਅੱਜਕੱਲ੍ਹ ਇਸ ਪਿੰਡ ਅੰਦਰ ਬਾਅਦ ਵਿੱਚ ਆ ਕੇ ਵਸੇ ਕੁੱਝ ਰਾਜਪੂਤਾਂ ਦੇ ਘਰ ਹਨ। ਉਂਝ ਪੁਰਾਣੀ ਸਿਰਮੌਰ ਰਿਆਸਤ ਵਿੱਚ ਅੱਜ ਵੀ 'ਥਾਪਲ' ਨਾਂ ਦੇ 2 ਪਿੰਡ ਹਨ। ਇਸ ਲਈ ਇਤਿਹਾਸਿਕ ਦਸਤਾਵੇਜ਼ ਅਨੁਸਾਰ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਗੁਰੂ ਹਰਿ ਰਾਇ ਸਾਹਿਬ 1645 ਤੋਂ 1657 ਤਕ 'ਥਾਪਲ' ਪਿੰਡ (ਸਿਰਮੌਰ/ਨਾਹਨ ਰਿਆਸਤ) ਵਿੱਚ ਰਹੇ ਸਨ। ਇਸ ਕਰਕੇ ਗੁਰੂ ਹਰਿ ਰਾਇ ਸਾਹਿਬ ਦੇ ਸਪੁੱਤਰ ਭਾਈ ਰਾਮ ਰਾਇ, ਬੀਬੀ ਰੂਪ ਕੌਰ ਅਤੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਪਿੰਡ 'ਥਾਪਲ' ਸਿਰਮੌਰ/ਨਾਹਨ ਰਿਆਸਤ, ਕਿਲ੍ਹਾ ਲੋਹਗੜ੍ਹ ਜ਼ੋਨ ਦਾ ਹੀ ਬਣਦਾ ਹੈ।

ਦਰਅਸਲ ਕੁਝ ਲੇਖਕਾਂ ਕੋਲ 1645 ਤੋਂ 1657 ਤੱਕ ਦੀ ਤਵਾਰੀਖ਼ ਨਾਲ ਸੰਬੰਧਤ ਸਮਗਰੀ ਨਾ ਹੋਣ ਕਰਕੇ, ਅਤੇ 'ਥਾਪਲ' ਪਿੰਡ ਦਾ ਪਤਾ ਨਾ ਲਗ ਸੱਕਣ ਕਰਕੇ ਉਨ੍ਹਾਂ ਨੇ, ਬਿਨਾ ਖੋਜ ਦੇ ਗੁਰੂ ਹਰਿ ਰਾਇ ਸਾਹਿਬ ਦੇ ਬੱਚਿਆਂ ਦਾ ਜਨਮ ਕੀਰਤਪੁਰ ਵਿਚ ਹੋਇਆ ਹੀ ਲਿਖ ਦਿੱਤਾ ਸੀ।

❖❖❖

ਅਧਿਆਇ -2

ਲੋਹਗੜ੍ਹ ਕਿਲ੍ਹੇ ਦੀ ਬਣਤਰ ਅਤੇ ਭੂਗੋਲਿਕ ਹਾਲਤ

ਲੋਹਗੜ੍ਹ ਦੀ ਕਿਲ੍ਹਾਬੰਦੀ ਬਹੁਤ ਵੱਡੇ ਰਕਬੇ ਵਿੱਚ ਮੁਗ਼ਲਾਂ ਦੀ ਬਹੁਤ ਵੱਡੀ ਫ਼ੌਜ ਦਾ ਟਾਕਰਾ ਕਰਨ ਵਾਸਤੇ ਅਤੇ ਸੁਰੱਖਿਆ ਦੀ ਨੀਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਗਈ। ਜੋ ਕਿ ਨਾਹਨ ਦੀ ਪੁਰਾਣੀ ਰਿਆਸਤ ਦਾ ਇਕ ਹਿੱਸਾ ਸੀ ਅਤੇ ਹੁਣ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ ਅਤੇ ਹਰਿਆਣੇ ਦੇ ਜ਼ਿਲ੍ਹਾ ਯਮੁਨਾ ਨਗਰ ਵਿਚ ਸ਼ਾਮਿਲ ਹੈ। ਪੁਰਾਤੱਤਵ ਵਿਭਾਗ ਦੀ ਗਵਾਹੀ ਅਤੇ ਕਿਲ੍ਹਾ ਲੋਹਗੜ੍ਹ ਦੀ 'ਸਮੇਂ ਅਤੇ ਗਤੀ ਦੇ ਅਧਿਐਨ' ਤੋਂ ਪਤਾ ਲਗਦਾ ਹੈ ਕਿ ਇਤਨੀ ਵਿਸ਼ਾਲ ਉਸਾਰੀ ਦੇ ਮੁਕੰਮਲ ਹੋਣ ਅਤੇ ਇਸ ਦੀ ਕਿਲ੍ਹਾਬੰਦੀ ਕਰਨ ਵਿਚ 70-80 ਸਾਲ ਲਗੇ ਹੋਣਗੇ। ਲੋਹਗੜ੍ਹ ਟ੍ਰੱਸਟ ਯਮੁਨਾਨਗਰ ਨੇ ਇਸ ਸੰਬੰਧੀ ਵਿਗਿਆਨੀਆਂ ਅਤੇ ਗਤੀ ਦੇ ਮਾਹਿਰਾਂ ਤੋਂ ਸਬੂਤ ਇਕੱਠੇ ਕੀਤੇ ਹਨ।[10]

ਇਸ ਕਿਲ੍ਹੇ ਦੇ ਰਕਬੇ ਦਾ ਕੁਝ ਹਿੱਸਾ (ਪਿੰਡ ਲੋਹਗੜ੍ਹ, ਹਰੀਪੁਰ, ਝੀਲ, ਮਹਿਤਾਵਾਲੀ, ਪਲੋੜ੍ਹੀ, ਸੁਕਰਾਨੋ, ਮਹਾਰੋਂਵਾਲਾ) ਹਿਮਾਚਲ ਪ੍ਰਦੇਸ਼ ਵਿਚ ਹੈ; ਅਤੇ ਕੁਝ ਰਕਬਾ (ਪਿੰਡ ਭਗਵਾਨਪੁਰ, ਨਥੌਰੀ, ਧਨੌਰਾ, ਨਗਲੀ ਅਤੇ ਮੋਹਿਦੀਨਪੁਰ) ਹਰਿਆਣਾ ਵਿਚ ਹੈ। ਸਮੁੱਚੇ ਰੂਪ ਵਿਚ ਇਹ ਰਕਬਾ ਇਕ ਪਾਸੇ ਯਮੁਨਾ ਨਦੀ ਅਤੇ ਦੂਜੇ ਪਾਸੇ ਮਾਰਕੰਡਾ ਨਦੀ, ਦੇ ਵਿਚਕਾਰਲਾ ਹੈ। ਇਸ ਦੀ ਕਿਲ੍ਹੇਬੰਦੀ ਵਾਲੀਆਂ ਪਹਾੜੀਆਂ ਨੂੰ ਡਾਬਰ ਕਿਹਾ ਜਾਂਦਾ ਹੈ। ਲੋਹਗੜ੍ਹ ਟ੍ਰੱਸਟ ਨੇ ਇਸ ਨੂੰ 32 ਸੈਕਟਰਾਂ ਵਿਚ ਵੰਡਿਆ ਹੈ। ਕਿਲ੍ਹਾ ਬਣਾਉਣ ਵਾਲੇ ਮਾਹਿਰਾਂ ਨੇ ਲੋਹਗੜ੍ਹ ਦੇ ਮੈਦਾਨੀ ਇਲਾਕੇ ਵੱਲੋਂ ਦੁਸ਼ਮਣ ਦੀ ਫ਼ੌਜ ਦੀ ਚੜ੍ਹਾਈ ਰੋਕਣ ਲਈ ਲਾਡਵਾ ਤੋਂ ਇੰਦਰੀ (ਹਰਿਆਣਾ) ਵਿਚਕਾਰ ਜ਼ਬਰਦਸਤ ਹਿਫ਼ਾਜ਼ਤੀ ਇੰਤਜ਼ਾਮ ਕੀਤੇ ਹੋਏ ਸਨ। ਪੁਰਾਤੱਤਵ ਵਿਭਾਗ ਦੇ ਸਰਵੇਖਣ ਮਗਰੋਂ ਅਤੇ ਉਸ ਸਮੇਂ ਦੀਆਂ ਫ਼ਾਰਸੀ ਲਿਖਤਾਂ ਨੂੰ ਘੋਖਣ ਮਗਰੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਹ ਕਿਲ੍ਹਾਬੰਦੀ, ਚੌਂਕੀਆਂ ਅਤੇ ਮੋਰਚਾਬੰਦੀ ਸ਼ਿਵਾਲਕ ਪਹਾੜੀਆਂ ਵਿਚ ਥਾਂ-ਥਾਂ ਉੱਤੇ (ਅਜੋਕੇ ਯਮੁਨਾਨਗਰ, ਅੰਬਾਲਾ, ਪੰਚਕੂਲਾ, ਕੁਰੂਕਸ਼ੇਤਰ, ਕਰਨਾਲ ਜਿਲ੍ਹਿਆਂ ਵਿੱਚ) ਬਣੀਆਂ ਹੋਈਆ ਸਨ। ਇਸ ਇਲਾਕੇ ਵਿਚ ਅੱਜ ਵੀ 52 ਵਿੱਚੋਂ 22 ਕਿਲ੍ਹਿਆਂ ਦੀਆਂ ਨਿਸ਼ਾਨੀਆਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ ਜਿੰਨ੍ਹਾਂ ਵਿੱਚੋਂ ਪਿੰਡ ਮਸੂਮਪੁਰ ਅਤੇ ਭਵਾਨਾ ਜ਼ਿਲ੍ਹਾ ਪੰਚਕੂਲਾ ਦੇ ਕਿਲ੍ਹੇ ਅੱਜ ਤੱਕ ਕਾਇਮ ਹਨ।

ਇਸ ਜ਼ੋਨ ਵਿਚ ਸਿੱਖਾਂ ਅਤੇ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਵੱਲੋਂ ਆਖ਼ਰੀ ਕਿਲ੍ਹਾਬੰਦੀ ਪਿੰਜੋਰ ਦੇ ਨੇੜੇ ਮਿਲੀ ਹੈ।[11] ਤੰਗ ਰਸਤੇ ਬਣਾਉਣ ਲਈ ਪਹਾੜੀਆਂ ਨੂੰ ਇਸ ਤਰੀਕੇ

---

[10]ਇੰਡੀਅਨ ਟ੍ਰੱਸਟ ਫ਼ਾਰ ਰੂਰਲ ਹੈਰੀਟੇਜ ਐਂਡ ਡਿਵੈਲਪਮੈਂਟ ਨਵੀਂ ਦਿੱਲੀ 2016 ਵਲੋਂ ਤਿਆਰ ਕੀਤੀ ਰਿਪੋਰਟ, ਸਫ਼ਾ 8।

[11] ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲਾਂ ਤੇ ਜਲੰਧਰ ਦੁਆਬ ਤੋਂ ਲੈ ਕੇ ਦਿੱਲੀ ਅਤੇ ਬਰੇਲੀ ਤਕ ਹਮਲੇ ਕੀਤੇ ਸਨ।ਪੰਨਾ 169:ਮੁਜੱਫਰ ਆਲਮ ਦੁਆਰਾ ਮੁਗਲ ਉੱਤਰੀ ਭਾਰਤ ਵਿੱਚ ਸਾਮਰਾਜ ਦਾ ਸੰਕਟ, ISBN13:978-0-19-807741-6 ਅਤੇ ISBN 10: 0-19-80741-6

ਨਾਲ ਕੱਟਿਆ ਗਿਆ ਸੀ ਕਿ ਜੇ ਕਰ ਦੁਸ਼ਮਨ ਦੀ ਫ਼ੌਜ ਕਿਲ੍ਹਾਬੰਦੀ ਵਾਲੀ ਥਾਂ ਤੱਕ ਪਹੁੰਚ ਵੀ ਜਾਵੇ ਤਾਂ ਉਹ ਇਕਦਮ ਮੋਰਚਿਆਂ ਤੱਕ ਨਾ ਪਹੁੰਚ ਸਕੇ। ਇਨ੍ਹਾਂ ਤੰਗ ਰਸਤਿਆਂ ਦੀ ਯੋਜਨਾ ਇਸ ਤਰੀਕੇ ਨਾਲ ਕੀਤੀ ਗਈ ਸੀ ਕਿ ਇਕ ਵਾਰ ਵਿਚ ਸਿਰਫ਼ ਇਕ ਫ਼ੌਜੀ ਹੀ ਇਨ੍ਹਾਂ ਰਸਤਿਆਂ ਵਿਚੋਂ ਲੰਘ ਸਕਦਾ ਸੀ। ਇਸ ਤਰੀਕੇ ਨਾਲ ਲੋਹਗੜ੍ਹ ਵੱਲ ਵੱਧਦੀ ਦੁਸ਼ਮਣ ਦੀ ਫ਼ੌਜ ਦਾ ਬਹੁਤ ਵੱਡਾ ਜਾਨੀ ਨੁਕਸਾਨ ਕੀਤਾ ਜਾ ਸਕਦਾ ਸੀ। ਇਹ ਕਿਲ੍ਹਾ ਗੁਰੂ ਸਾਹਿਬਾਂ ਦੀ ਅਗਵਾਈ ਹੇਠ ਭਾਈ ਲੱਖੀ ਰਾਇ ਵਣਜਾਰਾ ਨੇ ਵਣਜਾਰੇ ਸਿਖਾਂ ਦੇ ਸਹਿਯੋਗ ਨਾਲ ਬਣਵਾਇਆ ਸੀ ਨਾ ਕਿ ਕਿਸੇ ਮੁਗਲ ਬਾਦਸ਼ਾਹ ਨੇ। ਲੋਹਗੜ੍ਹ ਕਿਲ੍ਹਾ ਬਣਾਉਣ ਵਿਚ ਵੱਡਾ ਹਿੱਸਾ ਉਸ ਇਲਾਕੇ ਵਿਚ ਰਹਿੰਦੇ ਲੋਕਾਂ ਨੇ ਪਾਇਆ, ਖ਼ਾਸ ਕਰਕੇ ਵਣਜਾਰਿਆਂ ਅਤੇ ਸਿਕਲੀਗਰ ਸਿੱਖਾਂ ਨੇ ਕਿਉਂਕਿ ਉਹ ਇਸ ਇਲਾਕੇ ਦੀ ਭੂਗੋਲਿਕ ਸਥਿਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਅਤੇ ਵਧੀਆ ਕਿਲ੍ਹਾਬੰਦੀ ਕਰ ਸਕਦੇ ਸਨ। ਇਹ ਦੁਨੀਆਂ ਦਾ ਸਭ ਤੋਂ ਵੱਡਾ ਕਿਲ੍ਹਾ ਸੀ, ਜੋ ਕਈਂ ਦਰਜਨਾਂ ਛੋਟੀਆਂ ਵੱਡੀਆਂ ਪਹਾੜੀਆਂ ਵਿਚ ਫੈਲਿਆ ਹੋਇਆ ਹੈ। ਇਸ ਦੀਆਂ ਫ਼ਸੀਲਾਂ ਬਹੁਤ ਉੱਚੀਆਂ ਅਤੇ ਮਜ਼ਬੂਤ ਬਣਾਈਆਂ ਗਈਆਂ ਸਨ।

ਕਿਲ੍ਹੇ ਦੀ ਪਹਿਲੀ ਤਹਿ ਸਮੁੰਦਰ ਤੱਲ ਤੋਂ 1200 ਫੁੱਟ ਦੀ ਉਚਾਈ ਤੋਂ ਸ਼ੁਰੂ ਹੁੰਦੀ ਹੈ ਅਤੇ ਆਖ਼ਰੀ ਚੋਟੀ ਸਮੁੰਦਰ ਤਲ ਤੋਂ 1900 ਫੁੱਟ ਉੱਚੀ ਪਹਾੜੀ ਉੱਤੇ ਹੈ। ਹਰੇਕ ਪਹਾੜ ਦਾ ਆਪਣਾ ਨਿਵੇਕਲਾ ਸੁਰੱਖਿਆ ਇੰਤਜ਼ਾਮ ਸੀ, ਜੋ ਬਾਕੀ ਦੇ ਸੁਰੱਖਿਆ ਇੰਤਜ਼ਾਮਾਂ ਨਾਲ ਜੁੜਿਆ ਹੋਇਆ ਸੀ। ਇਹ ਨਿਆਰਾ ਕਿਲ੍ਹਾ ਦੁਨੀਆਂ ਦੀ ਸਭ ਤੋਂ ਤਾਕਤਵਰ ਫ਼ੌਜ ਨਾਲ ਜੂਝਣ ਲਈ ਬਣਾਇਆ ਗਿਆ ਸੀ। ਮੁਗ਼ਲਾਂ ਦੀ ਵੱਡੀ ਫ਼ੌਜ ਕੋਲ ਅਤਿਆਧੁਨਿਕ ਹਥਿਆਰ ਸਨ। ਮੁਗ਼ਲ ਫ਼ੌਜ ਦੀ ਜੰਗੀ ਨੀਤੀ ਦਾ ਖਾਸ ਪੈਂਤੜਾ ਇਹ ਹੁੰਦਾ ਸੀ ਕਿ ਦੁਸ਼ਮਨ ਨੂੰ ਲੰਬੇ ਸਮੇਂ ਤੱਕ ਘੇਰਾ ਪਾਇਆ ਜਾਵੇ ਤਾਂਕਿ ਕਿਲ੍ਹੇ ਦੇ ਅੰਦਰਲੀਆਂ ਫ਼ੌਜਾਂ ਲਈ ਅਨਾਜ ਅਤੇ ਹੋਰ ਜਰੂਰੀ ਵਸਤਾਂ ਦੀ ਸਪਲਾਈ ਕੱਟੀ ਜਾ ਸਕੇ ਅਤੇ ਦੁਸ਼ਮਣ ਹਥਿਆਰ ਸੁੱਟਣ ਵਾਸਤੇ ਮਜ਼ਬੂਰ ਹੋ ਜਾਏ।

ਮੁਗ਼ਲ ਫ਼ੌਜਾਂ ਕਿਲ੍ਹੇ ਜਾਂ ਨਗਰ ਦੀ ਫ਼ਸੀਲ ਨੂੰ ਘੇਰਕੇ ਨਿੱਕੇ-ਨਿੱਕੇ ਟਾਕਰੇ ਕਰਦੀਆਂ ਰਹਿੰਦੀਆਂ ਸਨ।[12] (ਇੰਡੀਅਨ ਟ੍ਰੱਸਟ ਫ਼ਾਰ ਰੂਰੱਲ ਹੈਰੀਟੇਜ ਐਂਡ ਡਿਵੈਲਪਮੈਂਟ ਨਵੀਂ ਦਿੱਲੀ ਰਿਪੋਰਟ, ਸਫ਼ਾ 8)। ਮੁਗ਼ਲ ਫ਼ੌਜ ਦਾ ਘੇਰਾ ਬਹੁਤ ਸੰਘਣਾ ਹੁੰਦਾ ਸੀ, ਖ਼ਾਸ ਕਰਕੇ ਜਦੋਂ ਗੁਰੀਲਾ ਲੜਾਈ ਲੜਨੀ ਹੁੰਦੀ ਸੀ।[13] ਸਤਿਗੁਰੂ ਆਪਣੇ ਸਿੰਘਾਂ ਵਿਚੋਂ ਚੁਸਤ ਅਤੇ ਫੁਰਤੀਲੇ ਨੌਜ਼ਵਾਨਾਂ ਨੂੰ ਗੁਰੀਲਾ ਯੁੱਧ ਸਿਖਾਉਣ ਲਈ ਚੁਣਦੇ ਅਤੇ ਵਿਸ਼ੇਸ਼ ਸਿਖਲਾਈ ਦਿੰਦੇ ਸਨ ਤਾਂ ਕਿ ਇਸ ਮਕਸਦ ਵਾਸਤੇ ਫ਼ੌਜੀ ਮਸ਼ਕਾਂ ਵੱਧੀਆ ਤਰੀਕੇ ਨਾਲ ਤਿਆਰ ਕੀਤੀਆਂ ਜਾ ਸਕਣ, ਜਿਸ ਨਾਲ ਫ਼ੌਜੀਆਂ

[12] ibid Page 160-174

[13] (ਇੰਡੀਅਨ ਹਿੰਟਜ਼, ਮੁਗ਼ਲ ਐਂਪਾਇਰ ਐਂਡ ਇਟਸ ਡੈਕਲਾਈਨ: ਐਨ ਇੰਟਰਪ੍ਰੈਟੇਸ਼ਨ ਆਫ਼ ਸੋਰਸਿਜ਼ ਆਫ਼ ਸੋਸ਼ਲ ਪਾੱਵਰ, ਸਫ਼ਾ 62)।

ਦਾ ਉਤਸਾਹ ਵਧਾਇਆ ਜਾ ਸਕੇ। ਜਦੋਂ ਵੀ ਕਿਸੇ ਨਵੇਂ ਨਗਰ ਜਾਂ ਇਮਾਰਤ ਦਾ ਨਿਰਮਾਣ ਹੁੰਦਾ ਸੀ ਤਾਂ ਸੁਚੱਜੇ ਸੁਰੱਖਿਆ ਇੰਤਜ਼ਾਮ ਨੂੰ ਮੁੱਖ ਰੱਖਿਆ ਜਾਂਦਾ ਸੀ। ਪ੍ਰਾਚੀਨ ਕਾਲ ਵਿਚ ਸੁਰੱਖਿਆ ਦੇ ਕੁਦਰਤੀ ਪਹਿਲੂਆਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਲੋਹਗੜ੍ਹ ਦੀਆਂ ਪਹਾੜੀਆਂ ਨੂੰ ਡਾਬਰ ਕਿਹਾ ਜਾਂਦਾ ਸੀ। ਡਾਬਰ ਲਫ਼ਜ਼ ਸਭ ਤੋਂ ਪਹਿਲਾਂ ਇਰਾਦਤ ਖ਼ਾਨ ਨੇ ਤਾਰੀਖ਼ੇ ਇਰਾਦਤ ਖ਼ਾਨੀ ਵਿਚ ਵਰਤਿਆ। ਭੂਗੋਲਿਕ ਖੋਜ ਮੁਤਾਬਿਕ ਲੋਹਗੜ੍ਹ ਕਿਲ੍ਹੇ ਦੇ ਦੱਖਣ ਪਾਸੇ ਨੀਵੀਂ ਥਾਂ 'ਤੇ ਖੇਤੀ ਕੀਤੀ ਜਾਂਦੀ ਸੀ। ਉੱਤਰ ਪਾਸੇ ਉੱਚੇ ਪਹਾੜ ਤੇ ਜੰਗਲ ਸਨ, ਪੂਰਬ ਅਤੇ ਪੱਛਮ ਵੱਲ ਸੰਘਣਾ ਝਾੜੀਆਂ ਦਾ ਜੰਗਲ ਸੀ। ਸੰਘਣੇ ਜੰਗਲ ਨੂੰ 'ਵਣਦੁਰਗ' ਕਿਹਾ ਜਾਂਦਾ ਸੀ ਅਤੇ ਪਹਾੜ ਨੂੰ 'ਪ੍ਰਭਦੁਰਗ'। ਲੋਹਗੜ੍ਹ ਕਿਲ੍ਹੇ ਵਿਚ 'ਵਣਦੁਰਗ' ਅਤੇ 'ਪ੍ਰਭਦੁਰਗ' ਦੋਵੇਂ ਹੀ ਮੌਜੂਦ ਸਨ।

ਕਿਲ੍ਹੇ ਦੀ ਉੱਤਰੀ ਬਾਹੀ

ਲੋਹਗੜ੍ਹ ਕਿਲ੍ਹੇ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਇਸ ਕਿਲ੍ਹੇ ਦੇ ਉੱਤਰੀ ਹਿੱਸੇ ਵਿਚ ਸੰਘਣੇ ਜੰਗਲ ਹਨ, ਜਿਨ੍ਹਾਂ ਦੀ ਚੌੜਾਈ ਤਕਰੀਬਨ 10-14 ਕਿਲੋਮੀਟਰ ਵਿਚਕਾਰ ਹੈ। ਸੰਘਣੇ ਜੰਗਲ ਖਤਮ ਹੁੰਦਿਆਂ ਹੀ ਸ਼ਿਵਾਲਿਕ ਦੀਆਂ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਹਨ। ਇਨ੍ਹਾਂ ਸੰਘਣੇ ਜੰਗਲਾਂ ਵਿਚ ਗੁਪਤ ਰਸਤੇ ਬਣੇ ਹੋਏ ਸਨ, ਜਿਨ੍ਹਾਂ ਰਾਹੀਂ ਸਿੱਖ ਫ਼ੌਜਾਂ ਨੂੰ ਨਾਹਨ ਰਿਆਸਤ ਵਲੋਂ ਜਰੂਰੀ ਰਾਸ਼ਨ ਅਤੇ ਸਾਮਾਨ ਦੀ ਸਪਲਾਈ ਮਿਲਦੀ ਰਹਿੰਦੀ ਸੀ। ਇਨ੍ਹਾਂ ਰਸਤਿਆਂ ਰਾਹੀਂ ਹੀ ਬੰਦਾ ਸਿੰਘ ਬਹਾਦਰ ਆਪਣੀ ਫ਼ੌਜ ਸਮੇਤ ਲੋਹਗੜ੍ਹ ਤੋਂ ਬਾਹਰ ਨਿਕਲ ਕੇ ਨਾਹਨ ਰਿਆਸਤ ਤੋਂ ਹੁੰਦਾ ਹੋਇਆ, ਮੁਗਲਾਂ ਦੇ ਘੇਰੇ ਤੋਂ ਬਾਹਰ ਨਿਕਲ ਜਾਂਦਾ ਸੀ। ਸੰਘਣੇ ਜੰਗਲ ਅਤੇ ਪਹਾੜ ਹੋਣ ਕਰਕੇ ਕਿਲ੍ਹੇ ਦਾ ਇਹ ਪਾਸਾ ਸਿੱਖ ਫ਼ੌਜਾਂ ਲਈ ਪੂਰਨ ਤੌਰ ਤੇ ਸੁਰੱਖਿਅਤ ਸੀ।

ਲੋਹਗੜ੍ਹ ਦੇ ਕਿਲ੍ਹੇ ਵਿਚ ਸਿੱਖ ਫ਼ੌਜਾਂ ਕੋਲ ਚੰਗਾ, ਖੁੱਲ੍ਹਾ-ਡੁੱਲ੍ਹਾ ਪਾਣੀ ਦਾ ਭੰਡਾਰ ਸੀ ਅਤੇ ਇਸ ਪਾਣੀ, ਦਾ ਵਹਾਅ ਦੁਸ਼ਮਣ ਵੱਲ ਮੋੜਣ ਦਾ ਕੰਟਰੋਲ ਵੀ ਕਿਲ੍ਹੇ ਵਿੱਚ ਮੌਜੂਦ ਸੀ। ਕਿਲ੍ਹੇ ਦੀ ਨਕਸ਼ਾਕਸ਼ੀ ਖਾਸ ਤਰ੍ਹਾਂ ਦੀ ਸੀ, ਇਸ ਦੀਆਂ ਦੋ ਕਿਲ੍ਹੇਬੰਦੀਆਂ ਸਨ। ਪਹਿਲੀ ਇਸ ਦਾ ਅੰਦਰੂਨੀ ਸੁਰੱਖਿਆ ਸਿਸਟਮ ਅਤੇ ਦੂਜੀ ਇਸ ਦੇ ਦੁਆਲੇ ਪਹਾੜ, ਜੰਗਲ ਅਤੇ ਨਦੀਆਂ, ਜੋ ਤਿੰਨ ਪਾਸਿਆਂ ਤੋਂ ਇਕ ਤਾਕਤਵਰ ਕੰਧ ਵਾਂਗੂ ਸਨ ਜੋ ਮੁਕੰਮਲ ਸੁਰੱਖਿਆ ਪ੍ਰਦਾਨ ਕਰਦੇ ਸਨ। ਨਦੀ ਕਿਲ੍ਹੇ ਨੂੰ ਦੋ ਹਿੱਸਿਆਂ ਵਿਚ ਵੰਡਦੀ ਸੀ, ਪਰ ਲੋੜ ਪੈਣ 'ਤੇ ਇਕ ਹਿੱਸਾ ਦੂਜੇ ਹਿੱਸੇ ਦੀ ਮਦਦ ਵੀ ਕਰ ਸਕਦਾ ਸੀ। ਕਿਲ੍ਹੇ ਦੇ ਦੋਵੇਂ ਪਾਸੇ ਸੁਰੱਖਿਆ ਪੇਟੀ ਬਣੀ ਹੋਈ ਸੀ। ਜੇ ਕਿਤੇ ਦੁਸ਼ਮਣ ਕਿਲ੍ਹੇ ਦੇ ਇਕ ਹਿੱਸੇ 'ਤੇ ਕਬਜ਼ਾ ਕਰ ਵੀ ਲਏ ਤਾਂ ਵੀ ਦੂਜਾ ਹਿੱਸਾ ਫ਼ਤਹਿ ਹੋ ਹੀ ਨਹੀਂ ਸੀ ਸਕਦਾ। ਕਿਉਂਕਿ ਸਿੱਖ ਫ਼ੌਜਾਂ ਉੱਚੀਆਂ ਪਹਾੜੀਆਂ ਵਿਚ ਬਣੇ ਮੋਰਚਿਆਂ ਅਤੇ ਕੰਦਰਾਂ ਕਰਕੇ ਜਿਆਦਾ ਸੁਰੱਖਿਅਤ ਸਨ ਕਿਉਂਕਿ ਦੁਸ਼ਮਣ ਉੱਤੇ ਹਮਲਾ ਉਚਾਈ ਤੋਂ ਆਸਾਨੀ ਨਾਲ ਕੀਤਾ ਜਾ ਸਕਦਾ ਸੀ।

ਚੌਂਕੀਆਂ ਅਤੇ ਮੀਨਾਰਾਂ ਅਜਿਹੀਆਂ ਥਾਂਵਾਂ ਉੱਤੇ ਬਣਾਈਆਂ ਗਈਆਂ ਸਨ ਕਿ ਸੋਮ ਨਦੀ ਕਿਲ੍ਹੇ ਦੇ ਕਿਸੇ ਵੀ ਕੋਨੇ ਵਿਚੋਂ ਵੇਖੀ ਜਾ ਸਕਦੀ ਸੀ। ਜੇਕਰ ਦੁਸ਼ਮਣ ਦੀ ਫ਼ੌਜ ਦੀ ਗਿਣਤੀ ਸਿੱਖ ਫ਼ੌਜਾਂ ਤੋਂ ਬਹੁੱਤ ਵੱਧ ਵੀ ਹੋਵੇ ਤਾਂ ਵੀ ਵੈਰੀ ਇਸ ਕਿਲ੍ਹੇ ਨੂੰ ਸਰ ਕਰ ਹੀ ਨਹੀਂ ਸੀ ਸਕਦਾ ਕਿਉਂਕਿ ਇਸ ਦੀਆਂ ਦੀਵਾਰਾਂ ਬਹੁਤ ਹੀ ਮਜ਼ਬੂਤ ਅਤੇ ਨਿੱਗਰ ਸਨ, ਜਿਸ ਕਰਕੇ ਇਸ ਦੀਆਂ ਦੀਵਾਰਾਂ ’ਤੇ ਤੋਪ ਦੇ ਗੋਲਿਆਂ ਦਾ ਵੀ ਅਸਰ ਨਹੀਂ ਸੀ ਹੁੰਦਾ। ਦੂਜੇ ਪਾਸੇ ਜੇ ਦੁਸ਼ਮਣ ਦਾ ਘੇਰਾ ਲੰਬਾ ਹੋ ਵੀ ਜਾਵੇ ਤਾਂ ਵੀ ਕਿਲ੍ਹੇ ਵਿਚੋਂ ਨਿਕਲਣ ਦੇ ਕਈ ਰਸਤੇ ਸਨ।

ਇਕ-ਦੋ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਇੰਨ੍ਹਾਂ ਵਿਸ਼ਾਲ ਕਿਲ੍ਹਾ ਬਣਾਉਣਾ ਮੁਮਕਿਨ ਹੀ ਨਹੀਂ ਸੀ ਕਿਉਂਕਿ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਆਲਾ-ਦੁਆਲਾ ਸੰਘਣੇ ਜੰਗਲ ਅਤੇ ਕੰਡੇਦਾਰ ਝਾੜੀਆਂ ਵਾਲਾ ਹੈ। ਸੰਨ 1700 ਦੇ ਸਮੇਂ ਦੀ ਗੱਲ ਤਾਂ ਕਿਤੇ ਦੂਰ ਰਹੀ ਅੱਜ ਵੀ ਇਹ ਧਰਤੀ ਸੰਘਣੇ ਜੰਗਲ ਵਾਲੀ ਹੈ ਜਿਸਦਾ ਸਰਵੇਖਣ ਕਰਨਾ ਅਤੇ ਨਕਸ਼ਾ ਬਣਾਉਣਾ ਕੋਈ ਸੌਖਾ ਕੰਮ ਨਹੀਂ। ਇਸ ਨੂੰ ਦੇਖਣ ਅਤੇ ਸਮਝਣ ਲਈ ਕਈ ਮਹੀਨੇ ਲਗ ਜਾਂਦੇ ਹਨ।

ਕਿਲ੍ਹੇ ਦੀ ਪੱਛਮੀ ਬਾਹੀ

ਸ਼ਿਵਾਲਿਕ ਪਹਾੜੀਆਂ ਦੇ ਨੀਵੇਂ ਧਰਾਤਲ ਵਿਚ ਡਾਬਰ, ਜੋ ਊਧਮਗੜ੍ਹ (ਕਾਲਾ ਅੰਬ ਦੇ ਨੇੜੇ) ਤੋਂ ਕਲੇਸਰ ਦੇ ਜੰਗਲ ਤੱਕ ਫੈਲਿਆ ਹੋਇਆ ਸੀ, ਇਸਦੇ ਵਿਚਕਾਰਲੇ ਹਿੱਸੇ ਨੂੰ ਕਿਲ੍ਹੇ ਦੀ ਉਸਾਰੀ ਲਈ ਚੁਣਿਆ ਗਿਆ। ਉੱਤਰ ਵੱਲ ਪਿੰਡ ਊਧਮਗੜ੍ਹ ਕੋਲ ਮਾਰਕੰਡਾ ਨਦੀ ਵਗਦੀ ਹੈ ਜੋ ਸ਼ਿਵਾਲਿਕ ਪਹਾੜ ਵਿਚੋਂ ਨਿਕਲਦੀ ਹੈ ਅਤੇ ਮੈਦਾਨੀ ਇਲਾਕੇ ਵੱਲ ਵਹਿਦੀ ਹੈ, ਇਹ ਡਾਬਰ ਦੀਆਂ ਪਹਾੜੀਆਂ ਨੂੰ ਤਕਰੀਬਨ 20 ਕਿਲੋਮੀਟਰ ਛੂੰਹਦੀ ਹੋਈ ਮੈਦਾਨਾਂ ਵਿਚ ਜਾ ਨਿਕਲਦੀ ਹੈ। ਇਹ ਨਦੀ ਲਗਭਗ 30 ਤੋਂ 40 ਮੀਟਰ ਚੌੜਾਈ ਵਿਚ ਵਗਦੀ ਹੈ ਪਰ ਮੈਦਾਨਾਂ ਵਿਚ ਪਹੁੰਚ ਕੇ ਇਸ ਦੀ ਚੌੜਾਈ ਡੇਢ ਸੌ ਮੀਟਰ ਤੋਂ ਵੀ ਵੱਧ ਹੋ ਜਾਂਦੀ ਹੈ। ਇਸੇ ਕਰਕੇ 1710 ਤੋਂ 1716 ਵਿਚਕਾਰ ਭਾਵੇਂ ਮੁਗ਼ਲ ਫ਼ੌਜ ਨੇ ਇਸ ਇਲਾਕੇ ਨੂੰ ਘੇਰਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਹੀਂ ਹੋ ਸਕੇ। ਨਦੀ ਦੇ ਕਿਨਾਰਿਆਂ ਤੋਂ ਲੋਹਗੜ੍ਹ ਕਿਲ੍ਹੇ ਤੱਕ ਕੰਡਿਆਲੇ ਜੰਗਲ ਸਨ। ਅੱਜਕੱਲ੍ਹ ਮਾਰਕੰਡਾ ਨਦੀ ਦੇ ਨਾਲ-ਨਾਲ, ਨਾਹਨ ਤੋਂ ਪਾਉਂਟਾ ਸਾਹਿਬ ਤੱਕ ਪਹਾੜੀਆਂ ਵਿਚੋਂ ਪੱਕੀ ਸੜਕ ਬਣ ਚੁੱਕੀ ਹੈ।

ਕਿਲ੍ਹੇ ਦੀ ਫ਼ਸੀਲ ਤੋਂ ਮਾਰਕੰਡਾ ਨਦੀ ਤੱਕ ਸਿੱਖ ਫ਼ੌਜਾਂ ਨੇ ਕਮਜ਼ੋਰ ਥਾਵਾਂ ਉੱਤੇ ਪੱਕੇ ਮੋਰਚੇ ਬਣਾਏ ਹੋਏ ਸਨ ਤਾਂ ਜੋ ਦੁਸ਼ਮਣ ਦਾ ਅੱਗੇ ਵੱਧਣਾ ਰੋਕਿਆ ਜਾ ਸਕੇ। ਇਹ ਸੰਘਣਾ ਕੰਡੇਦਾਰ ਜੰਗਲ ਲੁੱਕਣ ਵਾਸਤੇ ਵੀ ਵਰਤਿਆ ਜਾਂਦਾ ਸੀ ਤਾਂ ਜੋ ਇਸ ਤਰਫ ਤੋਂ ਦੁਸ਼ਮਣ ’ਤੇ ਅਚਾਨਕ ਹਮਲਾ ਕੀਤਾ ਜਾ ਸਕੇ। ਦੁਸ਼ਮਣ ਫ਼ੌਜ ਲਈ, ਇਸ ਇਲਾਕੇ ਦੇ ਅੰਦਰ ਦੇ ਪ੍ਰਬੰਧਾਂ ਦਾ ਅੰਦਾਜ਼ਾ ਲਾਉਣਾ ਨਾਮੁਮਕਿਨ ਸੀ। ਇਸ ਕਿਲ੍ਹੇ ਵਿੱਚ ਬਹੁੱਤ ਸਾਰੀਆਂ ਨਿੱਕੀਆਂ ਖੋਲਾਂ ਜਿਵੇਂ ਹਰੀਪੁਰ ਖੋਲ, ਲੋਹਗੜ੍ਹ ਖੋਲ ਆਦਿ ਸੋਮ ਨਦੀ ਵਿਚ ਆ ਮਿਲਦੀਆਂ ਹਨ।

ਇਧਰੋਂ ਇਕ ਹੋਰ ਨਦੀ 'ਬੋਲੀ ਨਦੀ' ਵੀ ਨਿਕਲਦੀ ਹੈ ਜੋ ਡਾਬਰ ਦੇ ਪੈਰਾਂ ਨੂੰ 10 ਕਿਲੋਮੀਟਰ ਛੂਹੰਦੀ ਹੋਈ ਅੱਗੇ ਜਾ ਕੇ ਮੈਦਾਨੀ ਇਲਾਕੇ ਵਿਚ ਵਹਿਣ ਲਗਦੀ ਹੈ। ਇਹ ਮੌਸਮੀ ਨਦੀ ਹੈ ਜੋ ਬਰਸਾਤਾਂ ਦੇ ਦਿਨਾਂ ਵਿਚ ਭਰਪੂਰ ਵਗਦੀ ਹੈ ਅਤੇ ਰੇਤ ਦੇ ਕਣ ਹੇਠਾਂ ਲੈ ਕੇ ਜਾਂਦੀ ਹੈ। ਇਸ ਰੇਤ ਵਿਚ ਸੁਨਹਿਰੀ ਕਣ ਹੁੰਦੇ ਹਨ ਅਤੇ ਅੱਜ ਵੀ ਯਮੁਨਾ ਨਗਰ ਜ਼ਿਲ੍ਹੇ ਦਾ ਨਿਜ਼ਾਮ ਨਦੀ ਦੇ ਕੁਝ ਹਿੱਸਿਆਂ ਨੂੰ ਖਣਿਜ ਪਦਾਰਥ (ਰੇਤ, ਬਜਰੀ ਆਦਿ) ਕੱਢਣ ਵਾਸਤੇ ਲੀਜ਼ 'ਤੇ ਦਿੰਦਾ ਹੈ। ਇਸ ਨਦੀ ਦਾ ਪਹਾੜੀ ਪਾਸਾ ਬਹੁਤ ਉੱਚਾ ਸੀ ਪਰ ਕਿਧਰੇ-ਕਿਧਰੇ ਕਮਜ਼ੋਰ ਥਾਵਾਂ ਵੀ ਸਨ ਜਿਨ੍ਹਾਂ ਵਿਚੋਂ ਲੋਹਗੜ੍ਹ ਕਿਲ੍ਹੇ ਤੱਕ ਪਹੁੰਚਣ ਲਈ ਗੁਪਤ ਰਸਤੇ ਸਨ। ਇਸ ਤੋਂ ਇਲਾਵਾ ਇਸ ਪਾਸੇ ਵਿਚ ਹੋਰ ਖੋਲਾਂ ਵੀ ਹਨ ਜਿਵੇਂ ਕਿ ਨਗਲੀ ਖੋਲ, ਜੋ ਅੱਗੇ ਜਾ ਕੇ ਵੱਡੀ ਨਦੀ ਬਣ ਜਾਂਦੀ ਹੈ ਤੇ ਬਰਸਾਤਾਂ ਦੇ ਦਿਨਾਂ ਵਿਚ ਇਸ ਵਿਚ ਪਾਣੀ ਦਾ ਨਿਕਾਸ ਬਹੁਤ ਜ਼ਿਆਦਾ ਅਤੇ ਬਹੁਤ ਤੇਜ਼ ਹੁੰਦਾ ਹੈ।

ਕਿਲ੍ਹੇ ਦੀ ਦੱਖਣੀ ਬਾਹੀ

ਕਿਲ੍ਹੇ ਦਾ ਦੱਖਣੀ ਪਾਸਾ ਮੈਦਾਨੀ ਖੇਤਰ ਦੇ ਸਾਹਮਣੇ ਹੈ ਜਿੱਥੇ ਸਿੱਖ ਖੇਤੀ ਕਰਿਆ ਕਰਦੇ ਸਨ ਅਤੇ ਅਨਾਜ ਪੈਦਾ ਕਰਦੇ ਸਨ। ਲੋਹਗੜ੍ਹ ਦੇ ਮੈਦਾਨੀ ਖੇਤਰ ਅਤੇ ਪਹਾੜੀ ਖੇਤਰ ਵਿਚਕਾਰ ਸੋਮ ਨਦੀ ਵਗਦੀ ਹੈ ਜੋ ਅਖ਼ੀਰ ਯਮੁਨਾ ਨਦੀ ਵਿਚ ਜਾ ਮਿਲਦੀ ਹੈ। ਇਹ ਪੱਛਮ ਵੱਲੋਂ 15 ਕਿਲੋਮੀਟਰ ਪਹਾੜਾਂ ਵਿਚ ਵਗਦੀ ਹੋਈ ਮੈਦਾਨੀ ਇਲਾਕਿਆਂ ਵਿਚ ਜਾ ਵਗਦੀ ਹੈ।

ਖੋਲਾਂ ਅਤੇ ਨਦੀਆਂ-ਨਾਲੇ ਇਕ ਤਰ੍ਹਾਂ ਦੇ ਰਾਹ ਵੀ ਹਨ ਜੋ ਲੋਹਗੜ੍ਹ ਕਿਲ੍ਹੇ ਤੱਕ ਜਾਂਦੇ ਹਨ, ਇਸ ਨਾਲ ਲੋਹਗੜ੍ਹ ਦੀ ਕਿਲ੍ਹਾਬੰਦੀ ਹੋਰ ਮਜ਼ਬੂਤ ਹੋ ਜਾਂਦੀ ਹੈ ਕਿਉਂਕਿ ਸੋਮ ਨਦੀ ਦੇ ਸਿਰੇ ਤੋਂ ਪਹਾੜੀ ਚੜ੍ਹਾਈਆਂ ਬਹੁਤ ਸਿੱਧੀਆਂ ਹਨ ਅਤੇ ਝੱਟ-ਪੱਟ ਉਠਦੀਆਂ ਹਨ, ਜਿਸ ਕਾਰਨ ਦੁਸ਼ਮਨ ਵਾਸਤੇ ਲੋਹਗੜ੍ਹ ਕਿਲ੍ਹੇ ਤੱਕ ਪਹੁੰਚ ਬਹੁਤ ਔਖੀ ਹੋ ਜਾਂਦੀ ਹੈ। **ਇਸ ਪੂਰੇ ਦੱਖਣੀ ਪਾਸੇ ਨਦੀਆਂ ਦੇ ਨਾਲ ਲਗਦੀਆਂ ਪਹਾੜੀਆ ਜਿਥੋਂ ਦੁਸ਼ਮਣ ਆ ਸਕਦਾ ਸੀ, ਪੂਰੀ ਤਰ੍ਹਾਂ ਕਿਲ੍ਹੇ ਦੀਆਂ ਦੋਹਰੀਆਂ-ਦੋਹਰੀਆਂ ਫਸੀਲਾਂ ਨਾਲ ਮਜ਼ਬੂਤ ਕੀਤਾ ਹੋਇਆ ਸੀ। ਇਨ੍ਹਾ ਜਗ੍ਹਾਂ ਤੇ ਕਿਲ੍ਹੇ ਦੀਆਂ ਦੀਵਾਰਾਂ ਕਮਜ਼ੋਰ ਜਗ੍ਹਾ 'ਤੇ ਅੱਜ ਵੀ ਨਜਰ ਆਂਉਦੀਆਂ ਹਨ, ਜੋ ਪਹਾੜੀਆਂ ਦੇ ਦੁਆਲੇ ਘੁੰਮਦੀਆਂ ਹਨ। ਪਹਾੜੀਆਂ ਦੇ ਉੱਪਰ ਵਾਲੀਆਂ ਢਲਾਨਾਂ 'ਤੇ ਆਬਾਦੀ ਦੀਆਂ ਨਿਸ਼ਾਨੀਆਂ ਮਿਲੀਆਂ ਹਨ।ਪਹਾੜੀਆਂ ਦੀਆਂ ਚੋਟੀਆਂ ਉੱਪਰ ਮੋਰਚੇ ਅਤੇ ਬੁਰਜੀਆਂ ਬਣੀਆਂ ਹੋਈਆਂ ਹਨ।** ਇਸ ਫ਼ਸੀਲ ਵਿਚ ਸਿੱਖਾਂ ਨੇ ਕੁੰਦਰਾਂ ਪੁੱਟੀਆਂ ਹੋਈਆਂ ਸਨ ਅਤੇ ਬਹੁਤ ਸਾਰੀਆਂ ਉੱਚੀਆਂ ਪਿਕਟਾਂ/ਕਿਲ੍ਹੇ ਬੰਦੀਆਂ ਕੀਤੀਆਂ ਹੋਈਆਂ ਸਨ, ਜੇਕਰ ਦੁਸ਼ਮਣ ਹਮਲਾ ਕਰੇ ਤਾਂ ਉਸ ਦੀ ਚਾਲ ਰੋਕਕੇ ਉਸਦਾ ਬਹੁਤਾ ਨੁਕਸਾਨ ਕੀਤਾ ਜਾ ਸਕੇ।

ਕਿਲ੍ਹੇ ਦੇ ਉਚੇ ਮੋਰਚਿਆਂ ਤੋਂ ਸੋਮ ਨਦੀ ਨੂੰ ਵੇਖਿਆ ਜਾ ਸਕਦਾ ਸੀ। ਪਹਾੜੀ ਦੀਆਂ ਚੋਟੀਆਂ 'ਤੇ ਕਈ ਨਿੱਕੀਆਂ ਬੁਰਜੀਆਂ ਬਣਾਈਆਂ ਹੋਈਆਂ ਸਨ ਜਿਸ ਉੱਪਰ ਇਕ ਛੋਟੇ ਜਿਹੇ ਚੁੱਬਚੇ ਵਿਚ ਕਪਾਹ ਦੇ ਵੜੇਵੇਂ ਬਾਲ ਕੇ ਰੱਖੇ ਜਾਂਦੇ ਸਨ, ਜੋ ਰੌਸ਼ਨੀ ਦਾ ਕੰਮ ਕਰਦੇ ਸਨ, ਜਿਨ੍ਹਾਂ ਦੀ ਚਮਕ ਦੂਰੋਂ ਹੀ ਦਿੱਸ ਪੈਂਦੀ ਸੀ ਤਾਂ ਜੋ ਸਿੱਖ ਗੁਰੀਲਾ ਯੋਧਿਆਂ ਨੂੰ ਰਾਤ ਵੇਲੇ ਸੇਧ ਮਿਲਦੀ ਰਹੇ ਅਤੇ ਦੁਸ਼ਮਣ ਦੇ ਖੇਮਿਆਂ ’ਤੇ ਹਮਲਾ ਕਰਨ ਮਗਰੋਂ ਉਹ ਸਹੀ ਸਲਾਮਤ ਕਿਲ੍ਹੇ ਵਿਚ

ਵਾਪਿਸ ਆ ਸਕਣ। ਲੋਹਗੜ੍ਹ ਟੀਮ ਨੂੰ ਦੋ ਵੱਡੇ ਦੀਵੇ ਮਿਲੇ ਹਨ ਜਿਨ੍ਹਾਂ ਵਿਚ 50 ਅਤੇ 70 ਲਿਟਰ ਤੱਕ ਤੇਲ ਪੈਂਦਾ ਸੀ।

ਕਿਲ੍ਹੇ ਦੇ ਦੱਖਣੀ ਪਾਸੇ 52 ਅਗਲੇਰੀਆਂ ਕਿਲ੍ਹੇਬੰਦੀਆਂ ਵਿੱਚੋਂ ਕੁੱਝ ਗੜ੍ਹੀਆਂ ਇੰਦਰੀ ਜ਼ਿਲਾ ਕਰਨਾਲ, ਲਾਡਵਾ ਜ਼ਿਲਾ ਕੁਰੂਕਸ਼ੇਤਰ ਤੋਂ ਸ਼ੁਰੂ ਹੋ ਕੇ ਯਮੁਨਾ ਨਦੀ ਦੇ ਕੰਢੇ-ਕੰਢੇ ਮੌਜੂਦਾ ਯਮੁਨਾ ਨਗਰ ਜ਼ਿਲ੍ਹੇ ਤੱਕ ਫੈਲੀਆਂ ਹੋਈਆਂ ਸਨ। ਸਿੱਖ ਫ਼ੌਜਾਂ ਦੀਆਂ ਮੁਗ਼ਲਾਂ ਨਾਲ ਲੜਾਈਆਂ ਜ਼ਿਆਦਾਤਰ ਮੈਦਾਨੀ ਇਲਾਕੇ ਵਿਚ ਹੀ ਹੋਈਆਂ ਸਨ, ਜਿੱਥੇ ਇਹ ਕਿਲ੍ਹਾਬੰਦੀਆਂ ਸਨ। ਇਹ ਕਿਲ੍ਹਾਬੰਦੀਆਂ ਸ਼ੁਰੂ ਵਿਚ 52 ਪਿੰਡ ਸਨ, ਜਿਨ੍ਹਾਂ ਨੂੰ ਭਾਈ ਲੱਖੀ ਰਾਇ ਵਣਜਾਰੇ ਨੇ ਵਸਾ ਕੇ ਵਣਜਾਰਿਆਂ ਨੂੰ ਦਿੱਤੇ ਹੋਏ ਸਨ ਅਤੇ ਉਨ੍ਹਾਂ ਦੇ ਟੱਬਰ ਵੀ ਇੱਥੇ ਹੀ ਵੱਸਦੇ ਸਨ। ਇਨ੍ਹਾਂ ਪਿੰਡਾਂ ਵਿਚ ਨਿੱਕੇ-ਵੱਡੇ 52 ਹੀ ਕਿਲ੍ਹਾ ਰੂਪੀ ਮੋਰਚੇ ਅਤੇ ਬੁਰਜ ਬਣਾਏ ਗਏ ਸਨ। ਇਨ੍ਹਾਂ ਮੋਰਚਿਆਂ ਵਿਚ ਉੱਥੇ ਰਹਿਣ ਵਾਲੇ ਵਣਜਾਰੇ ਡਿਊਟੀ 'ਤੇ ਤਾਇਨਾਤ ਕੀਤੇ ਹੋਏ ਸਨ। ਦਰਅਸਲ ਇਸ ਸਾਰੇ ਇਲਾਕੇ ਵਿਚ ਜਿਵੇਂ ਕਿ ਝੰਡਾ, ਸਾਲੇਹਪੁਰ, ਠਸਕਾ, ਹਸਨਪੁਰ, ਮਹਿਮੂਦਪੁਰ, ਲਾਹੜਪੁਰ, ਪੰਮੂਵਾਲਾ, ਬਹਾਦਰਪੁਰ, ਮਿਰਜ਼ਾਪੁਰ, ਨਨਹੇੜੀ, ਜ਼ਫ਼ਰਪੁਰ ਜ਼ਾਫ਼ਰੀ, ਤੇਵਰ, ਕੋਟਲਾ, ਗੜ੍ਹੀ ਵੀਰਾਨ, ਸੰਘੋਲੀ, ਨਵਾਂ ਗਾਉਂ, ਭੋਲੀਵਾਲਾ, ਬਿਜੌਲੀ, ਟੋਡਰਪੁਰ, ਚੂਹੜਪੁਰ, ਉਤਮਵਾਲਾ, ਨਾਈਵਾਲਾ, ਸਫੀਲਪੁਰ, ਇਸਲਾਮ ਨਗਰ (ਸਢੌਰਾ); ਬੁੱਢੀ, ਮੁਗ਼ਲਾਵਾਲੀ, ਰਾਣੀਪੁਰ, ਰੋਹਲੇੜੀ, ਨਗਲੀ, ਮੋਹਿਦੀਨਪੁਰ, ਸੁਲਤਾਨਪੁਰ, ਭੱਟੂਵਾਲਾ, ਅਲੀਸ਼ੇਰ ਮਾਜਰਾ, ਗਾੜਵਾਲੀ, ਸੁੰਦਰ ਬਹਾਦਰਪੁਰ, ਗੋੜਾ ਬਨੀ, ਸੰਧਾਇਆ, ਕੋਟੜਾ ਖ਼ਾਸ, ਚਾਉਲੀ, ਗਨੋਲੀ, ਰਾਮਪੁਰ ਗੇਂਦਾ, ਧਨੌਰਾ, ਭਗਵਾਨਪੁਰ, ਇਬਰਾਹੀਮਪੁਰ, ਮਛਰੌਲੀ, ਬਾਂਸੇਵਾਲਾ, ਰੁਕਾਲੀ, ਮਿਲਕ ਖ਼ਾਸ (ਬਿਲਾਸਪੁਰ ਬਲਾਕ) ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਦੇ ਮੋਰਚੇ ਅਤੇ ਬੁਰਜ਼ ਸਨ। ਲੋਹਗੜ੍ਹ ਤਕ ਪਹੁੰਚਣ ਤੋਂ ਪਹਿਲਾਂ ਮੁਗ਼ਲ ਫ਼ੌਜਾਂ ਨੂੰ ਇਨ੍ਹਾਂ ਮੋਰਚਿਆਂ 'ਤੇ ਸਖ਼ਤ ਟੱਕਰ ਮਿਲੀ ਸੀ ਤੇ ਉਨ੍ਹਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ, ਜਿਸ ਨੂੰ ਮੁਗ਼ਲ ਜਰਨੈਲਾਂ/ਇਤਿਹਾਸਕਾਰਾਂ ਨੇ ਖ਼ੁਦ ਮੰਨਿਆ ਹੈ।

ਕਿਲ੍ਹੇ ਦੀ ਪੂਰਬੀ ਬਾਹੀ

ਲੋਹਗੜ੍ਹ ਕਿਲ੍ਹੇ ਦਾ ਪੂਰਬੀ ਪਾਸਾ ਪੂਰੀ ਤਰ੍ਹਾਂ ਜੰਗਲ ਨੇ ਢੱਕਿਆ ਹੋਇਆ ਹੈ (ਇਸ ਨੂੰ ਹੁਣ 'ਨੈਸ਼ਨਲ ਫ਼ੋਰੈਸਟ ਪਾਰਕ' ਐਲਾਨਿਆ ਗਿਆ ਹੈ), ਇਹ ਹਿਮਾਚਲ ਪ੍ਰਦੇਸ਼ ਵਿਚ ਪੈਂਦਾ ਹੈ। ਲੋਹਗੜ੍ਹ ਤੋਂ ਪਾਊਂਟਾ ਸਾਹਿਬ ਅਤੇ ਨਾਹਨ ਤੱਕ ਬਹੁਤ ਸੰਘਣਾ ਦਰੱਖਤਾਂ/ਰੁੱਖਾਂ ਭਰਿਆ ਜੰਗਲ ਹੈ, ਇਸ ਪਾਸੇ ਵੀ ਗਰਮ-ਖੰਡੀ ਬੂਟੀਆਂ, ਕੰਡਿਆਲੀਆਂ ਝਾੜੀਆਂ ਸਨ। ਉਨ੍ਹਾਂ ਦਿਨਾਂ ਵਿਚ ਇੱਥੇ ਜੰਗਲੀ ਜ਼ਾਨਵਰ ਰਿੱਛ, ਚੀਤੇ, ਬਘਿਆੜ ਤੇ ਸ਼ੇਰ ਵੀ ਹੁੰਦੇ ਸਨ । ।

ਉਨ੍ਹਾਂ ਦਿਨਾਂ ਵਿਚ ਇਸ ਜੰਗਲ ਦੀ ਚੌੜਾਈ ਕਿਲ੍ਹੇ ਦੀ ਫ਼ਸੀਲ ਤੋਂ ਤਕਰੀਬਨ 8 ਕਿਲੋਮੀਟਰ ਦੂਰ ਸੀ। ਇਸ ਪਾਸਿਉ ਲੋਹਗੜ੍ਹ ਪਹੁੰਚਣ ਵਾਸਤੇ ਕਈ ਖ਼ੁਫ਼ੀਆ ਰਸਤੇ ਬਣਾਏ ਹੋਏ ਸਨ, ਜੋ ਸਿੱਖ ਫ਼ੌਜ ਵਾਸਤੇ ਰਸਦ-ਸਾਮਾਨ ਪਹੁੰਚਾਉਣ ਵਾਸਤੇ ਵਰਤੇ ਜਾਂਦੇ ਸਨ ਅਤੇ ਜਦ ਦੁਸ਼ਮਣ ਦੀ ਫ਼ੌਜ ਭਾਰੀ ਗਿਣਤੀ ਵਿਚ ਆ ਜਾਦੀ ਸੀ ਤਾਂ ਇਨ੍ਹਾਂ ਪਹਾੜੀ ਰਸਤਿਆਂ ਰਾਹੀਂ

ਬਾਹਰ ਨਿਕਲ ਕੇ ਹੋਰ ਥਾਂ ਜਾਇਆ ਕਰਦੇ ਸਨ। ਇਨ੍ਹਾਂ ਰਸਤਿਆਂ ਰਾਹੀਂ ਹੀ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਅਨੰਦਪੁਰ ਸਾਹਿਬ, ਮੰਡੀ, ਚੰਬਾ, ਜੰਮੂ ਦੀਆਂ ਪਹਾੜੀਆਂ ਵੱਲ ਜਾਂ ਪੰਜਾਬ ਦੇ ਸ਼ਹਿਰਾਂ ਤੇ ਹਮਲਾ ਕਰਨ ਵਾਸਤੇ ਜਾਇਆ ਕਰਦਾ ਸੀ। ਮੁਗ਼ਲਾਂ ਨੂੰ ਕਦੇ ਵੀ ਇਨ੍ਹਾਂ ਰਸਤਿਆਂ ਦਾ ਪਤਾ ਨਹੀਂ ਸੀ ਲਗਾ। ਇਨ੍ਹਾਂ ਰਸਤਿਆਂ ਵਿਚ ਪੱਥਰ ਦੀ ਵਰਤੋਂ ਕਰਕੇ ਪੱਕੀਆਂ ਕੰਦਰਾਂ ਵੀ ਬਣਾਈਆਂ ਹੋਈਆਂ ਸਨ। ਦੁਸ਼ਮਣ ਇਨ੍ਹਾਂ ਰਾਹਾਂ 'ਤੇ ਕਬਜ਼ਾ ਨਹੀਂ ਕਰ ਸਕਦਾ ਸੀ। ਇੰਝ ਸਾਹਮਣੇ ਤੋਂ ਪਿੱਛੇ ਤੱਕ ਅੰਦਰ ਜਾਣ ਦੇ ਸਭ ਮੁੱਖ ਰਸਤੇ ਸੁਰੱਖਿਅਤ ਸਨ ਅਤੇ ਇਨ੍ਹਾਂ ਪਾਸਿਆਂ ਤੋਂ ਦੁਸ਼ਮਣ ਦੀ ਫ਼ੌਜ ਵੱਲੋਂ ਘੇਰਾਬੰਦੀ ਕਰਨਾ ਮੁਮਕਿਨ ਹੀ ਨਹੀਂ ਸੀ ਕਿਉਂਕਿ ਲੋਹਗੜ੍ਹ ਕਿਲ੍ਹਾ ਮਾਰਕੰਡਾ ਅਤੇ ਸੋਮ ਨਦੀ ਦੇ ਵਿਚਕਾਰ ਸੀ ਅਤੇ ਦੋਹੀਂ ਪਾਸੀਂ ਉੱਚੇ-ਉੱਚੇ ਪਹਾੜ ਸਨ। ਸਿਰਫ਼ ਦੱਖਣ ਵਾਲਾ ਪਾਸਾ ਹੀ ਦੁਸ਼ਮਣ ਵਾਸਤੇ ਹਮਲਾ ਕਰਨ ਲਈ ਖੁਲ੍ਹਾ ਸੀ। ਸਿੱਖ ਫ਼ੌਜਾਂ ਨੇ ਇਸ ਪਾਸੇ ਵੀ ਪੱਕੇ ਮੋਰਚੇ ਬਣਾਏ ਹੋਏ ਸਨ ਅਤੇ ਬਹੁਤ ਸਾਰੇ ਮੈਦਾਨੀ ਇਲਾਕੇ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਹੋਈਆ ਸਨ।(ਜਿਵੇਂ 52 ਕਿਲ੍ਹੇਬੰਦੀਆਂ) ਅਤੇ ਪਹਾੜੀਆਂ ਦੀਆਂ ਢਲਾਨਾ ਉੱਪਰ ਪੱਕੇ ਮੋਰਚੇ) S. Surinder Singh in his book 'Discovering Banda Bahadur' at page 242 writes, “The Sikhs had made fifty-two defensive entrenchments all around the Lohgarh Fort. These entrenchments with small supporting walls were made in a manner that each supported the other. The forces moving up the hillock to the fort were to receive deadly fire throughout their advance from every entrenchment”.

ਲੋਹਗੜ੍ਹ ਦੀ ਫ਼ਸੀਲਾਂ ਦੀਆਂ ਨੀਹਾਂ ਕਈ ਥਾਂਵਾਂ 'ਤੇ ਸਾਫ਼ ਦਿਖਾਈ ਦਿੰਦੀਆਂ ਹਨ, ਜੋ 2 ਮੀਟਰ ਤੋਂ ਵੱਧ ਚੌੜੀਆਂ ਹਨ ਅਤੇ ਜਿੱਥੇ ਫ਼ਸੀਲ ਪਹਾੜੀ ਨਾਲ ਜੁੜੀ ਹੋਈ ਹੈ ਉਥੇ ਇਹ ਨੀਹਾਂ ਦਿਖਾਈ ਨਹੀਂ ਦਿੰਦੀਆਂ।ਇਹ ਕਿਲ੍ਹਾ, ਜਿਹੜਾ ਫ਼ਸੀਲਾਂ ਨਾਲ ਹਰ ਸੈਕਟਰ ਵਿਚ ਸੁਰੱਖਿਅਤ ਕੀਤਾ ਹੋਇਆ ਹੈ।

ਕਿਲ੍ਹੇ ਦੀ ਭੂਗੋਲਿਕ ਸਥਿਤੀ ਅਤੇ ਸਥਾਨ-ਨਿਰੂਪਣ (ਟੌਪੋਗਰਾਫ਼ੀ) ਅਜਿਹੇ ਹਨ ਕਿ ਇੱਥੇ ਦੁਸ਼ਮਣ ਵੱਲੋਂ ਘੇਰਾ ਪੈਣਾ ਮੁਮਕਿਨ ਹੀ ਨਹੀਂ ਸੀ। ਇਹ ਇਲਾਕਾ ਜਿਸ ਵਿਚ ਉੱਚੀਆਂ ਪਹਾੜੀਆਂ ਅਤੇ ਵਿੱਚ ਨੀਵੀਆਂ ਖੱਡਾਂ ਹਨ, ਜਿਨ੍ਹਾਂ ਵਿਚ ਇਕ ਪਾਸੇ ਕੰਡਿਆਲੇ ਬੂਟੇ ਅਤੇ ਝਾੜੀਆਂ ਉੱਗੀਆਂ ਹੋਈਆਂ ਹਨ ਦੂਜੇ ਪਾਸੇ ਸਿੱਧੀਆਂ ਉੱਚੀਆਂ ਪਹਾੜੀਆਂ ਹਨ ਜਿਸ ਦੇ ਦੁਆਲੇ ਮੌਸਮੀ ਨਾਲੇ/ਨਦੀਆਂ ਵਗਦੀਆਂ ਸਨ, ਜੋ ਇਸ ਨੂੰ ਹੋਰ ਵੀ ਜ਼ਿਆਦਾ ਸੁਰੱਖਿਅਤ ਬਣਾ ਦਿੰਦੀਆਂ ਸਨ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ 1710 ਵਿਚ ਸਿੱਖਾਂ ਤੋਂ ਇਹ ਕਿਲ੍ਹਾ ਛੁਡਾਉਣ ਆਇਆ ਸੀ, ਪਰ ਇਸ ਥਾਂ ਪੁੱਜਕੇ ਉਸ ਨੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਕਿਲ੍ਹੇ ਉੱਪਰ ਕਬਜ਼ਾ ਕਰਨ ਦੀ ਆਸ ਛੱਡ ਕੇ, ਵਾਪਿਸ ਮੁੜ ਜਾਣ ਲਈ ਮਜ਼ਬੂਰ ਹੋ ਗਿਆ। ਇਸ ਦੇ ਨਾਲ ਹੀ ਉਸ ਦੇ ਮਨ ਵਿਚ ਮੁਗ਼ਲ ਸਲਤਨਤ ਦੇ ਪਤਨ ਦਾ ਡਰ ਸਮਾ ਗਿਆ, ਜਿਸ ਕਾਰਨ ਉਹ ਢਹਿੰਦੀ ਕਲਾ ਵਿਚ ਚਲਾ ਗਿਆ ਅਤੇ ਪਾਗ਼ਲ ਹੋ ਕੇ ਕੁੱਝ ਚਿਰ ਮਗਰੋਂ ਹੀ ਮਰ ਗਿਆ।

ਇਨ੍ਹੇ ਵੱਡੇ ਕਿਲ੍ਹੇ ਦੀ ਉਸਾਰੀ ਲਈ, ਬਹੁੱਤ ਵੱਡੀ ਗਿਣਤੀ ਵਿੱਚ ਨਕਸ਼ਾਨਵੀਸ, ਮਿਸਤਰੀ, ਕਾਰੀਗਰ, ਸਿੱਖਿਅਤ ਅਤੇ ਅਸਿੱਖਿਅਤ ਮਜ਼ਦੂਰ ਲਗੇ ਹੋਣਗੇ। ਉਸਾਰੀ ਦਾ ਸਾਮਾਨ, ਜਿਵੇਂ ਇੱਟਾਂ, ਵੱਖ-ਵੱਖ ਨਾਪ ਦੇ ਪੱਥਰ, ਰੇਤ, ਪੀਸਿਆ ਹੋਇਆ ਪੱਥਰ ਵਗ਼ੈਰਾ ਵੱਡੀ ਮਿਕਦਾਰ ਵਿਚ ਲੋੜੀਂਦੇ ਸੀ। ਇਹ ਕਾਰਜ ਬਹੁਤ ਖ਼ੁਫ਼ੀਆ ਰੱਖਿਆ ਗਿਆ ਹੋਵੇਗਾ।

ਕਿਲ੍ਹਾਬੰਦੀ ਦੀਆਂ ਨਿਸ਼ਾਨੀਆਂ ਜੋ ਲੋਹਗੜ੍ਹ ਵਿਚੋਂ ਮਿਲੀਆਂ ਹਨ

ਲੋਹਗੜ੍ਹ ਕਿਲ੍ਹੇ ਸੰਬੰਧੀ ਪੁਰਾਤੱਤਵ ਖੋਜ, ਜੋ ਕਈ ਮਹੀਨਿਆਂ ਤੱਕ ਕੀਤੀ ਗਈ, ਉਸੇ ਦੌਰਾਨ ਹੀ ਕਿਲ੍ਹਾਬੰਦੀ ਅਤੇ ਫ਼ਸੀਲਾਂ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਹੱਥ ਆਈਆਂ। ਜਾਪਦਾ ਹੈ ਕਿ ਇਨ੍ਹੀ ਵੱਡੀ ਅਤੇ ਮਜ਼ਬੂਤ ਕਿਲ੍ਹਾਬੰਦੀ ਮੁਗ਼ਲਾਂ ਨਾਲ ਵੱਡੀ ਲੜਾਈ ਦੀ ਸੰਭਾਵਨਾ ਨੂੰ ਮੁੱਖ ਰਖਕੇ ਹੀ ਕੀਤੀ ਗਈ ਸੀ। ਸਿੱਖਾਂ ਨੂੰ ਪਤਾ ਸੀ ਕਿ ਮੁਗ਼ਲ ਫ਼ੌਜ ਕੋਲ ਤੋਪਖ਼ਾਨੇ ਵਿਚ ਦੁਨੀਆਂ ਦੀਆਂ ਸਭ ਤੋਂ ਵੱਧੀਆ ਤੋਪਾਂ ਤੋਂ ਇਲਾਵਾ ਛੋਟੀਆਂ ਤੋਪਾਂ ਵੀ ਹਨ ਜਿਹੜੀਆਂ ਊਠਾਂ ’ਤੇ ਲੱਦੀਆਂ ਜਾ ਸਕਦੀਆਂ ਸਨ, ਇਸ ਲਈ ਕਿਲ੍ਹਾ ਮਜ਼ਬੂਤ ਬਣਾਇਆ ਜਾਵੇ।

ਪਲਹੋੜੀ ਰੀਜ਼ਰਵ ਫ਼ੋਰੈਸਟ ਵਿਚ ਵੀ ਕਿਲ੍ਹੇ ਦੀ ਸੁਰੱਖਿਆ ਦੀਆਂ ਨਿਸ਼ਾਨੀਆਂ ਮਿਲੀਆਂ ਹਨ। ਪਿਛਲੇ ਪਾਸੇ ਸੰਘਣਾ ਜੰਗਲ ਹੈ, ਜਿਸ ਨੂੰ ਹੁਣ 'ਸ਼ੇਰਜੰਗ ਨੈਸ਼ਨਲ ਪਾਰਕ' ਦਾ ਨਾਂ ਦਿਤਾ ਗਿਆ ਹੈ। ਜੰਗਲ ਵਿੱਚ ਪਾਉਂਟਾ ਸਾਹਿਬ ਵੱਲ, 10 ਕਿਲੋਮੀਟਰ ਦੂਰ ਤਕ, ਪੁਰਾਤੱਤਵ ਨਿਸ਼ਾਨੀਆਂ ਮਿਲਦੀਆਂ ਹਨ। ਕੇਂਦਰੀ ਭਾਗ ਪਿੰਡ ਸੁਖਚੈਨ ਸਿੰਘ ਟਾਂਡਾ ਵਿਚ ਵੀ ਪੁਰਾਤੱਤਵੀ ਨਿਸ਼ਾਨੀਆਂ ਵੇਖੀਆਂ ਜਾ ਸਕਦੀਆਂ ਹਨ।

ਕਿਲ੍ਹਾਬੰਦੀ ਦੀ ਨੀਂਹ ਸੈਕਟਰ 30 ਵਿਚ ਵੀ ਮਿਲਦੀ ਹੈ ਜੋ ਕਿ ਤਕਰੀਬਨ 100 ਮੀਟਰ ਲੰਬੀ ਹੈ। ਇੱਥੇ 50 ਫੁੱਟ × 50 ਫੁੱਟ ਦਾ ਪੱਕਾ ਪਲੇਟਫਾਰਮ ਵੀ ਬਣਿਆ ਹੋਇਆ ਮੌਜੂਦ ਹੈ।

ਇਸ ਸਮੇਂ ਇਸ ਵਿੱਚ ਪੱਥਰ ਦੀਆਂ ਸਿਰਫ਼ ਦੋ ਤਹਿਆਂ ਹੀ ਪੁਰਾਤੱਤਵ ਠਿਕਾਣੇ 'ਤੇ ਬਚੀਆਂ ਹੋਈਆਂ ਹਨ। ਬਾਕੀ ਦਾ ਢਾਂਚਾ ਮੁਗ਼ਲਾਂ ਨੇ ਢਾਹ ਦਿੱਤਾ ਸੀ।

ਬਨੇਰਿਆਂ ਦੇ ਜੋ ਟੁਕੜੇ ਲੋਹਗੜ੍ਹ ਕਿਲ੍ਹੇ ਵਿੱਚੋਂ ਮੌਜੂਦੇ ਹਨ ਉਸ ਤੋਂ ਪਤਾ ਲਗਦਾ ਹੈ ਕਿ ਇਹ ਖੇਤਰ ਰਣਨੀਤੀ ਦੀ ਨੁਕਤਾ-ਨਿਗਾਹ ਤੋਂ ਵੀ ਬਹੁਤ ਅਹਿਮ ਹੈ ਕਿਉਂਕਿ ਇਹ ਕਿਲ੍ਹੇ ਦੇ ਸਾਮ੍ਹਣੇ ਮੱਥੇ 'ਤੇ ਸਥਿਤ ਹੈ। ਇੱਥੇ ਬਨੇਰਿਆਂ ਦੇ ਟੁਕੜੇ ਮਿਲੇ ਹਨ ਅਤੇ ਇਸ ਦੇ ਨਾਲ ਹੀ ਇੱਥੇ ਪੱਥਰਾਂ ਅਤੇ ਇੱਟਾਂ ਦੀ ਚਿਣਾਈ ਮਿਲੀ ਹੈ, ਪੱਥਰਾਂ ਨੂੰ ਲੋੜੀਂਦੇ ਆਕਾਰ ਵਿਚ ਛੈਣੀ ਅਤੇ ਹਥੌੜੀ ਨਾਲ ਘੱੜਕੇ ਇੱਕ ਆਕਾਰ ਦੇ ਬਣਾਏ ਹੋਏ ਹਨ। ਪੱਥਰਾਂ ਅਤੇ ਇੱਟਾਂ ਨੂੰ ਜੋੜਨ ਵਾਸਤੇ ਚੂਨੇ ਵਿਚ ਇੱਟਾਂ ਦੀ ਸੁਰਖ਼ੀ ਨਾਲ ਵੱਧੀਆ ਚਿਣਾਈ ਕੀਤੀ ਹੋਈ ਹੈ। ਇਸ ਵੱਡੇ ਸੁਰੱਖਿਅਤ ਥਾਂ ਦਾ ਵੇਰਵਾ ਮਾਲ ਮਹਿਕਮੇ ਦੇ ਰਿਕਾਰਿਡ ਵਿਚ ਮੌਜੂਦ ਹੈ ਜੋ ਪਿੰਡ ਨੰਗਲੀ ਨਾਲ ਜੁੱੜਦਾ ਹੈ, ਜਿੱਥੇ ਪੁਰਾਤੱਤਵ ਗਵਾਹੀ ਮਿਲਦੀ ਹੈ। ਇਸ ਦਾ ਅੱਰਧ-ਘੇਰਾ ਪਹਾੜੀ ਦੇ ਉੱਪਰ ਵੱਲ ਹੈ ਅਤੇ ਇਸ ਥਾਂ 'ਤੇ ਪੁੱਜਣ ਲਈ ਕਿਲ੍ਹੇ ਦੀ ਫ਼ਸੀਲ ਦੁਸ਼ਮਣ ਦੇ ਰਾਹ ਵਿਚ ਵੱਡੀ ਰੁਕਾਵਟ ਸੀ। ਇਸੇ ਕਾਰਨ ਹੀ ਸਿੱਖ ਫ਼ੌਜਾਂ ਦੀ ਥੋੜ੍ਹੀ ਗਿਣਤੀ ਵੀ ਮੁਗ਼ਲ ਫ਼ੌਜਾਂ ਦੀ ਭਾਰੀ ਗਿਣਤੀ ਨੂੰ ਮਾਤ ਦੇਣ ਦੀ ਸਮਰੱਥਾ ਰਖਦੀ ਸੀ।

ਕਿਲ੍ਹੇ ਦੀਆਂ ਫ਼ਸੀਲਾਂ ਦੀ ਜਬਰਦਸਤ ਕਿਲ੍ਹਾਬੰਦੀ ਕੀਤੀ ਹੋਈ ਸੀ, ਲੋਹਗੜ੍ਹ ਦੇ ਸੈਕਟਰ-12 ਵਿਚ ਵੀ ਨੀਹਾਂ ਅਤੇ ਕਿਲ੍ਹਾਬੰਦੀ ਦੀਆਂ ਅਨੇਕ ਨਿਸ਼ਾਨੀਆਂ ਮੌਜੂਦ ਹਨ। ਇਹ ਖੇਤਰ ਲੋਹਗੜ੍ਹ ਖੋਲ ਦੇ ਕੰਢੇ ਉੱਤੇ ਹੈ। ਇਹ ਸਾਮ੍ਹਣੇ ਪਾਸਿਉਂ ਪੱਧਰਾ ਹੈ ਅਤੇ ਇਸ ਉੱਪਰ ਖੇਮੇ ਲਾਉਣ ਵਾਲਾ ਚੰਗਾ ਵੱਡਾ ਭੂਖੰਡ ਹੈ ਇਸ ਦਾ ਪਿਛਲਾ ਪਾਸਾ ਉੱਪਰ ਉੱਠਿਆ ਹੋਇਆ ਅਤੇ ਤੰਗ ਹੈ। ਇਸ ਦਾ ਇਕ ਪਾਸਾ ਸਿੱਧਾ ਅਤੇ ਉੱਚਾ ਹੈ ਇਸ ਦੇ ਦੋਹਾਂ ਪਾਸਿਆਂ 'ਤੇ ਦੋ ਖੋਲਾਂ ਇਨ੍ਹਾਂ ਨੂੰ ਛੂਹੰਦੀਆਂ ਵਗਦੀਆਂ ਹਨ ਜੋ ਲੋਹਗੜ੍ਹ ਖੋਲ ਵਿੱਚ ਜਾ ਪੈਂਦੀਆਂ ਹਨ। ਸਿੱਖ ਫ਼ੌਜਾਂ ਲਈ ਇਹ ਇੱਕ ਵੱਡਾ ਲਾਹੇਵੰਦ ਸਥਾਨ ਸੀ ਅਤੇ ਜਿਸ ਨੂੰ ਮੁਗ਼ਲ ਫ਼ੌਜਾਂ ਦੇ ਖ਼ਿਲਾਫ਼ ਲੜਨ ਵਾਲੇ ਸਿੱਖ ਫ਼ੌਜੀਆਂ ਲਈ ਸਪਲਾਈ ਡਿਪੂ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਇਸ ਕਿਲ੍ਹੇ ਦੀ ਪੂਛਲ ਸੈਕਟਰ-4 (ਹਰੀਪੁਰ ਰੀਜ਼ਰਵ ਫ਼ੋਰੈਸਟ) ਬਹੁੱਤ ਹੀ ਸੁਰੱਖਿਅਤ ਕਿਲ੍ਹਾਬੰਦੀ ਸੀ।

ਇਸ ਕਿਲ੍ਹੇ ਦੇ ਢਲਾਣ ਵਾਲੇ ਪਾਸੇ ਮੱਥੇ ਵੱਲ ਥੜ੍ਹੇ ਮਿਲੇ ਹਨ। ਜੋ ਪਹਾੜੀ ਉਪਰਲੇ ਪਿੰਡ, ਹਰਿਆਣਾ ਸੂਬੇ ਦੇ 'ਰੀਜ਼ਰਵ ਫ਼ੋਰੈਸਟ' ਵੱਲ ਜਾਣ ਦਾ ਸੰਕੇਤ ਕਰਦੇ ਹਨ। ਇਸ ਖੇਤਰ ਦਾ ਪੁਰਾਤੱਤਵੀ ਸਰਵੇਖਣ ਕਰਨ ਮਗਰੋਂ ਪਹਾੜੀ ਦੀ ਦੂਹਰੀ ਕਿਲ੍ਹਾਬੰਦੀ ਦੇਖੀ ਜਾ ਸਕਦੀ ਹੈ ਅਤੇ ਬਹੁਤ ਦੂਰ ਤੱਕ ਮੈਦਾਨੀ ਇਲਾਕਾ ਦੇਖਿਆ ਜਾ ਸਕਦਾ ਹੈ, ਯਾਨਿ ਕਿ ਲੋਹਗੜ੍ਹ ਦਾ ਮੈਦਾਨ-ਏ-ਜੰਗ ਅਤੇ ਕੁੱਝ ਹੋਰ ਕਿਲ੍ਹੇਬੰਦੀਆਂ ਆਸਾਨੀ ਨਾਲ ਵੇਖੀਆਂ ਜਾ ਸਕਦੀਆਂ ਹਨ। ਇਸ ਥਾਂ ਨੂੰ ਘੇਰਾ ਪਾਉਣਾ ਤਕਰੀਬਨ ਨਾਮੁਮਕਿਨ ਸੀ ਕਿਉਂਕਿ ਇੱਥੇ ਬਿਲਕੁੱਲ ਸਿੱਧੀਆਂ ਪਹਾੜੀਆਂ ਹਨ ਅਤੇ ਇਨ੍ਹਾਂ ਪਹਾੜੀਆਂ ਦੇ ਨਾਲ ਮਾਰਕੰਡਾ ਨਦੀ ਵੱਗਦੀ ਹੈ।ਦੂਜਾ, ਇੱਥੇ ਸਿੱਖ ਫ਼ੌਜਾਂ ਵਾਸਤੇ ਰਸਦ ਅਤੇ ਅਸਲੇ ਦੀ ਸਪਲਾਈ ਪਿਛਲੇ ਪਾਸਿਉਂ ਕੀਤੀ ਜਾਂਦੀ ਸੀ, ਜੋ ਕਿ ਨਾਹਨ ਦੇ ਨੇੜ੍ਹੇ ਹੈ।

ਪੱਥਰ ਦੀ ਨਾਕਾਬੰਦੀ ਦੀਆਂ ਨਿਸ਼ਾਨੀਆਂ ਨਨਹੇੜੀ ਰੀਜ਼ਰਵ ਫ਼ੋਰੈਸਟ ਦੀ ਰੈਵੇਨਿਊ ਐਸਟੇਟ ਵਿਚ ਵੀ ਮਿਲੀਆਂ ਹਨ। ਇਹ ਖੇਤਰ ਲੋਹਗੜ੍ਹ ਕਿਲ੍ਹੇ ਦੇ ਦੱਖਣ ਵਿਚ ਹੈ। ਭੂਗੋਲਿਕ ਤੌਰ ਤੇ ਇਹ ਖੇਤਰ ਖੋਲਾਂ ਅਤੇ ਨਦੀ ਦੇ ਵਿਚਕਾਰ 'ਜ਼ਾਫ਼ਰਪੁਰ ਜਾਫ਼ਰੀ ਪਿੰਡ (ਹਰਿਆਣਾ)' ਵਿੱਚ ਸਥਿਤ ਹੈ। ਇੱਥੇ ਪਿੰਡ ਕੋਟਲਾ ਦੇ ਰੀਜ਼ਰਵ ਫ਼ੋਰੈਸਟ ਵਿੱਚ ਪੁਰਾਤੱਤਵ ਗਵਾਹੀਆਂ ਮੌਜੂਦ ਹਨ। ਕੋਟਲਾ ਦੀ ਨਿੱਕੀ ਪਹਾੜੀ ਉਪਰ ਅਤੇ ਨਾਲ ਲਗਦੇ ਖੇਤਰ (ਹਿਮਾਚਲ) ਵਿੱਚ ਪਹਾੜੀਆਂ ਉਪਰ ਅਤੇ ਚੱਕੀ ਦੇ ਮੁਕਾਮ 'ਤੇ ਬਹੁਤ ਭਾਰੀ ਕਿਲ੍ਹਾਬੰਦੀ ਕੀਤੀ ਹੋਈ ਮੌਜੂਦ ਹੈ। ਪਹਾੜੀ ਦੇ ਉੱਪਰਲੇ ਹਿੱਸੇ ਵਿੱਚ ਸ਼ਾਇਦ ਲੰਗਰ ਬਣਦਾ ਹੋਵੇਗਾ, ਤਾਂ ਕਿ ਸਿੱਖ ਸਿਪਾਹੀਆਂ ਦੇ ਖਾਣ-ਪੀਣ ਦੀ ਸਮਗਰੀ ਅਤੇ ਹੋਰ ਸਹੂਲਤਾਂ ਦੁਸ਼ਮਣਾਂ ਦੇ ਹੱਥ ਨਾ ਲੱਗ ਸਕਣ।

ਸੰਘੋਲੀ ਦੇ ਮਾਲ ਖੇਤਰ ਅੰਦਰ, ਉਚਾਈ 'ਤੇ ਕਿਲ੍ਹਾਬੰਦੀ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਮੌਜੂਦ ਹਨ ਜਿੱਥੇ ਵੱਖ-ਵੱਖ ਨਾਪ ਦਾ ਬਿਨਾਂ ਸੋਧਿਆ/ਤਰਾਸ਼ਿਆ ਪੱਥਰ ਵਰਤਿਆ ਗਿਆ ਹੈ, ਜਿਸ ਨੂੰ ਵਹਿੰਦੇ ਨਦੀ-ਨਾਲੇ ਦੀ ਤਹਿ ਤੋਂ ਕੱਢ ਕੇ ਲਿਆਂਦਾ ਗਿਆ ਹੋਵੇਗਾ। ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਅਤੇ ਸ. ਜਰਨੈਲ ਸਿੰਘ ਨੇ ਜਦੋਂ ਲੋਹਗੜ੍ਹ ਦਾ ਸਰਵੇਖਣ ਕੀਤਾ ਤਾਂ ਉੱਥੇ ਕਿਲ੍ਹੇ ਦੇ ਸੈਕਟਰ 16 ਵਿੱਚ ਕਿਲ੍ਹੇ ਦੇ ਗੁਬੰਦ ਅਤੇ ਪਾਣੀ ਦੇ ਡੈਮ ਮੌਜੂਦ ਹਨ। ਇਸ ਕਿਲ੍ਹਾਬੰਦੀ ਦੀ ਨੀਂਹ ਬਾਰੇ, ਸੈਕਟਰ-16 ਵਿੱਚ, ਹੁਣ ਦੀ ਪੁਰਾਤੱਤਵੀ ਥਾਂ ਤੇ ਪੱਥਰ

ਦੀਆਂ ਸਿਰਫ਼ ਦੋ ਤੈਹਾਂ ਹੀ ਬਚੀਆਂ ਹਨ; ਬਾਕੀ ਦੀ ਉਸਾਰੀ ਮੁਗ਼ਲਾਂ ਨੇ ਢਾਹ ਦਿੱਤੀ ਸੀ। ਇਸ ਕਿਲ੍ਹਾਬੰਦੀ ਵਿਚ 40×40 ਫੁੱਟ ਦਾ ਪਲੇਟਫਾਰਮ ਮਿਲਿਆ ਹੈ। ਲੋਹਗੜ੍ਹ ਦੇ ਸੈਕਟਰ-2 ਵਿਚ ਵਿਚਰਦਿਆਂ ਉਨ੍ਹਾਂ ਨੇ ਵੇਖਿਆ ਕਿ ਇਹ ਸੈਕਟਰ ਕਿਲ੍ਹੇ ਦੇ 10-15 ਕਿਲੋਮੀਟਰ ਅੰਦਰ ਹੈ ਅਤੇ ਕਿਲ੍ਹੇ ਦੇ ਸਾਹਮਣੇ ਮੱਥੇ ਤੋਂ ਦੂਰ ਹੈ। ਸਿੱਖ ਫ਼ੌਜ ਦਾ ਸਪਲਾਈ ਡਿਪੂ ਇੱਥੇ ਹੋਣ ਦਾ ਸੰਕੇਤ ਕਰਦਾ ਹੈ।

ਬਨੇਰਿਆਂ ਦੇ ਟੁੱਕੜੇ ਲੋਹਗੜ੍ਹ ਦੇ ਸੈਕਟਰ-17 ਵਿਚੋਂ ਵੀ ਮਿਲੇ ਹਨ। ਇਹ ਖੇਤਰ ਰਣ-ਨੀਤੀ ਪੱਖੋਂ ਅਹਿਮ ਹੈ ਕਿਉਂਕਿ ਇਹ ਸਾਹਮਣੇ ਮੱਥੇ ਨਾਲ ਸਥਿਤ ਹੈ। ਇੱਥੇ ਖਾਸ ਆਕਾਰ ਦੇ ਘੜੇ ਹੋਏ ਪੱਥਰਾਂ ਦੀ ਚੁਣਾਈ ਕੀਤੀ ਹੋਈ ਹੈ। ਲੋਹਗੜ੍ਹ ਕਿਲ੍ਹੇ ਦੀ ਉਸਾਰੀ ਵਿੱਚ ਗੁਰੂ ਦੇ ਸਿੱਖ ਭਾਈ ਲੱਖੀ ਰਾਇ ਦਾ ਖਾਸ ਯੋਗਦਾਨ ਸੀ। ਭਾਈ ਲੱਖੀ ਰਾਇ ਵਣਜਾਰਾ ਨੂੰ ਇਮਾਰਤਾਂ ਬਣਾਉਣ ਦਾ ਖਾਸ ਤਜ਼ਰਬਾ ਸੀ। ਉਹ ਦਰਜਨਾਂ ਕਿਲ੍ਹੇ, ਮਹਿਲ ਅਤੇ ਹੋਰ ਇਮਾਰਤਾਂ ਬਣਵਾ ਚੁੱਕਾ ਸੀ। ਉਸ ਨੇ ਲਾਲ ਕਿਲ੍ਹਾ ਦਿੱਲੀ ਅਤੇ ਮਰਹੱਟਿਆਂ ਦੇ ਕਿਲ੍ਹਿਆਂ ਦੀ ਸਮੱਗਰੀ (ਪੱਥਰ, ਚੂਨਾ, ਇਮਾਰਤੀ ਲੱਕੜੀ ਵਗ਼ੈਰਾ) ਦੀ ਸਪਲਾਈ ਅਤੇ ਉਸਾਰੀ ਕੀਤੀ ਸੀ। ਉਸ ਨੇ ਖ਼ੁਦ ਆਪਣੇ ਵਾਸਤੇ ਦਿੱਲੀ ਵਿਚ '**ਮਾਲਚਾ ਮਹਿਲ**' ਅਤੇ ਵਣਜਾਰੇ ਕਰਿੰਦਿਆਂ ਵਾਸਤੇ ਬਹੁਤ ਸਾਰੀਆਂ ਸਰਾਵਾਂ ਅਤੇ ਇਮਾਰਤਾਂ ਉਸਾਰੀਆਂ ਸਨ। ਇਸ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਨੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਦੀ ਸੇਵਾ ਮੁਖ ਤੌਰ 'ਤੇ ਭਾਈ ਲੱਖੀ ਰਾਇ ਵਣਜਾਰਾ ਨੂੰ ਹੀ ਸੌਂਪੀ ਹੋਈ ਸੀ, ਜਿਸ ਨੇ ਹਜ਼ਾਰਾਂ ਕਾਰੀਗਰ ਅਤੇ ਮਜ਼ਦੂਰ ਲਾ ਕੇ ਕਿਲ੍ਹੇ ਦੀ ਉਸਾਰੀ ਲਈ ਸਾਰੀ ਸਮੱਗਰੀ ਮੁਹੱਈਆ ਕਰਵਾ ਕੇ ਇਸ ਕਿਲ੍ਹੇ ਦਾ ਨਿਰਮਾਣ ਕੀਤਾ ।

ਇਤਿਹਾਸਿਕ ਅਤੇ ਭੂਗੋਲਿਕ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਸਿਰਫ਼ ਕਿਲ੍ਹੇ ਦੀ ਉਸਾਰੀ ਹੀ ਨਹੀਂ ਬਲਕਿ ਕਾਰੀਗਰਾਂ ਅਤੇ ਮਜ਼ਦੂਰਾਂ ਵਾਸਤੇ ਅਤੇ ਮਗਰੋਂ ਸਿੱਖ ਫ਼ੌਜਾਂ ਵਾਸਤੇ ਕਪੜੇ, ਕੰਬਲ, ਰਜਾਈਆਂ ਦੇ ਨਾਲ-ਨਾਲ ਅਨਾਜ, ਹੱਥ ਚੱਕੀਆਂ, ਉਖਲੀਆਂ ਅਤੇ ਹੋਰ ਬਹੁਤ ਸਾਰਾ ਸਾਮਾਨ ਅਤੇ ਹਥਿਆਰ ਵਗ਼ੈਰਾ ਦਾ ਇੰਤਜ਼ਾਮ ਕਰਨ ਦੀ ਸੇਵਾ ਵੀ ਭਾਈ ਲੱਖੀ ਰਾਇ ਅਤੇ ਉਸ ਦੇ ਪੁੱਤਰ ਪੋਤਰਿਆਂ ਨੇ ਕੀਤੀ।

ਕੁੱਝ ਫ਼ਾਰਸੀ ਲੇਖਕਾਂ ਨੇ ਜ਼ਿਕਰ ਕੀਤਾ ਹੈ ਕਿ ਸਿੱਖਾਂ ਵੱਲੋਂ ਕਿਲ੍ਹਾ ਛੱਡ ਜਾਣ ਮਗਰੋਂ ਮੁਗ਼ਲ ਫ਼ੌਜੀਆਂ ਨੂੰ ਇਸ ਥਾਂ ਤੋਂ ਬਹੁਤ ਸਾਰਾ ਦੇਸੀ ਕਪੜਾ, ਵਿਦੇਸ਼ੀ ਰੇਸ਼ਮੀ ਕਪੜਾ ਅਤੇ ਹੋਰ ਕੀਮਤੀ ਸਾਮਾਨ ਮਿਲਿਆ। ਯਕੀਨਨ ਇਹ ਕੀਮਤੀ ਕਪੜੇ ਚੀਨ ਅਤੇ ਮੱਧ ਏਸ਼ੀਆ ਤੋਂ ਭਾਈ ਲੱਖੀ

❖❖❖

ਅਧਿਆਇ- 3

ਲੋਹਗੜ੍ਹ ਕਿਲ੍ਹੇ ਦੇ ਬਣਾਉਣ ਦਾ ਪਿਛੋਕੜ

ਇਤਿਹਾਸਿਕ ਦਸਤਾਵੇਜ਼ ਖੋਜਣ ਤੋਂ ਪਤਾ ਚਲਦਾ ਹੈ ਕਿ ਇਸ ਕਿਲ੍ਹੇ ਦਾ ਮੁੱਢ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਅੰਦਰ ਬੰਦ ਰਹਿਣ ਸਮੇਂ ਹੋਇਆ ਹੋਵੇਗਾ ਜਦੋਂ ਗੁਰੂ ਜੀ ਸੰਨ 1608-1619 ਦੇ ਵਿੱਚਕਾਰ ਸ਼ਾਹੀ ਕੈਦੀ ਵਜੋਂ ਪਰਿਵਾਰ ਸਹਿਤ ਇਸ ਕਿਲ੍ਹੇ ਵਿੱਚ ਰਹੇ ਸਨ। ਇਹ ਸ਼ਾਹੀ ਜੇਲ੍ਹ ਸਿਰਫ਼ ਰਾਜਿਆਂ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਨੂੰ ਕੈਦ ਕਰਨ ਵਾਸਤੇ ਵਰਤੀ ਜਾਂਦੀ ਸੀ। ਉਸ ਸਮੇਂ ਇੱਥੇ ਮੁਲਕ ਵਿਚਲੀਆਂ ਰਿਆਸਤਾਂ ਦੇ ਰਾਜੇ, ਸ਼ਹਿਜ਼ਾਦੇ, ਵਜ਼ੀਰ, ਜ਼ਿਮੀਂਦਾਰ ਅਤੇ ਅਫ਼ਸਰ ਵਗ਼ੈਰਾ 101 ਦੇ ਕਰੀਬ ਸਾਰੇ ਹੀ ਹਿੰਦੂ) ਇਸ ਕਿਲ੍ਹੇ ਵਿਚ ਸਿਆਸੀ ਕੈਦ ਭੁਗਤ ਰਹੇ ਸਨ। ਉਨ੍ਹਾਂ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਖਰਾਜ / ਮਾਲੀਆ ਨਾ ਅਦਾ ਕਰ ਸਕਣ ਜਾਂ ਬਾਦਸ਼ਾਹ ਦੇ ਹੁਕਮ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰ ਸਕਣ ਦੇ ਇਲਜ਼ਾਮ ਤਹਿਤ ਕੈਦ ਕੀਤਾ ਹੋਇਆ ਸੀ। ਇਨ੍ਹਾਂ ਵਿਚ ਬਿਲਾਸਪੁਰ (ਕਹਿਲੂਰ) ਦਾ ਰਾਜਾ ਕਲਿਆਣ ਚੰਦ ਅਤੇ ਉਸ ਦਾ ਪੁੱਤਰ ਤਾਰਾ ਚੰਦ, ਹੰਡੂਰ (ਨਾਲਾਗੜ੍ਹ) ਦਾ ਰਾਜਾ ਹਰੀ ਚੰਦ ਅਤੇ ਕਈ ਹੋਰ ਰਿਆਸਤਾਂ ਦੇ ਰਾਜੇ ਵੀ ਸਨ। ਇਹ ਸਭ ਬਹੁਤ ਪਰੇਸ਼ਾਨ ਅਤੇ ਉਦਾਸ ਰਹਿੰਦੇ ਸਨ। ਗੁਰੂ ਸਾਹਿਬ ਜੇਲ੍ਹ ਵਿਚ ਗੁਰਬਾਣੀ ਦਾ ਕੀਰਤਨ ਅਤੇ ਕਥਾ ਕਰਿਆ ਕਰਦੇ ਸਨ। ਗੁਰੂ ਸਾਹਿਬ ਦੀ ਸੰਗਤ ਕਰਨ ਕਰ ਕੇ ਸਾਰੇ ਕੈਦੀ ਰਾਜੇ ਅਤੇ ਸ਼ਹਿਜ਼ਾਦੇ, ਜੋ ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਮਾਨਸਿਕ ਰੋਗਾਂ ਦੇ ਮਰੀਜ਼ ਸਨ, ਚੜ੍ਹਦੀ ਕਲਾ ਵਿਚ ਰਹਿਣ ਲਗ ਪਏ ਅਤੇ ਗੁਰੂ ਸਾਹਿਬ ਦੇ ਮੁਰੀਦ ਬਣ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ, ਜਿਸ ਕਰਕੇ ਇਨ੍ਹਾਂ ਨੇ ਰਾਹਤ ਮਹਿਸੂਸ ਕੀਤੀ ਕਿਉਂਕਿ ਉਹ ਸਾਰੇ ਰਾਜੇ ਮੁਗ਼ਲਾਂ ਦੀ ਹਕੂਮਤ ਦੀ ਵੱਡੀ ਤਾਕਤ ਕਾਰਨ ਬੇਬੱਸ ਹੋ ਕੇ ਜੇਲ੍ਹ ਵਿਚ ਬੈਠੇ ਸਨ, ਅਤੇ ਗੁਰੂ ਜੀ ਨੂੰ ਕੋਈ ਹੀਲਾ ਕਰਨ ਵਾਸਤੇ ਕਹਿੰਦੇ ਰਹਿੰਦੇ ਸਨ। ਅਜਿਹਾ ਵੀਚਾਰ ਹੈ ਕਿ ਗੁਰੂ ਜੀ ਨੇ ਇੱਥੇ ਹੀ ਮੁਗ਼ਲਾਂ ਦਾ ਮੁਕਾਬਲਾ ਕਰਨ ਵਾਸਤੇ ਸੁਰੱਖਿਆ (ਡੀਫ਼ੈਂਸ) ਸਿਸਟਮ ਦੇ ਇਕ ਹਿੱਸੇ ਵਜੋਂ ਮਜ਼ਬੂਤ ਅਤੇ ਨਾ ਜਿੱਤੇ ਜਾ ਸਕਣ ਵਾਲੇ ਕਿਲ੍ਹੇ ਉਸਾਰਨ ਦੀ ਯੋਜਨਾ ਬਣਾਈ ਹੋਵੇ। ਲੋਹਗੜ੍ਹ ਦਾ ਕਿਲ੍ਹਾ ਸ਼ਾਇਦ ਉਸੇ ਦਾ ਹੀ ਨਤੀਜਾ ਹੋਵੇਗਾ।

ਗੁਰੂ ਹਰਿਗੋਬਿੰਦ ਸਾਹਿਬ ਅਤੇ ਰਾਜਿਆਂ ਦੀਆ ਰਿਹਾਈਆਂ

1618 ਵਿਚ ਲਾਹੌਰ ਦੇ ਸੂਬੇਦਾਰ ਮੁਰਤਜ਼ਾ ਖ਼ਾਨ ਦੀ ਮੌਤ ਹੋ ਗਈ। ਇਨ੍ਹੀਂ ਦਿਨੀਂ ਹੀ ਸ਼ਾਹਜਹਾਂਬਾਦ ਦੇ ਵਜ਼ੀਰ ਖ਼ਾਨ (ਚਨਿਓਟ ਵਾਲਾ) ਨਾਂ ਦੇ ਇਕ ਅਹਿਮ ਦਰਬਾਰੀ ਨਾਲ ਸੁਖਾਵੇਂ ਸੰਬੰਧ ਬਣ ਗਏ ਜਿਸ ਨੇ ਜਹਾਂਗੀਰ ਨੂੰ ਗੁਰੂ ਸਾਹਿਬ ਦੀ ਰਿਹਾਈ ਦੀ ਸਿਫ਼ਾਰਸ਼ ਕੀਤੀ। ਇਸ ਤੋਂ ਇਲਾਵਾ ਸਾਈਂ ਮੀਆਂ ਮੀਰ ਅਤੇ ਮਲਕਾ ਨੂਰਜਹਾਂ ਨੇ ਵੀ ਇਸ ਸੰਬੰਧੀ ਰੋਲ ਅਦਾ ਕੀਤਾ। ਦੂਜੇ ਪਾਸੇ ਜਹਾਂਗੀਰ ਹੁਣ ਮੁਤੱਸਬੀ ਮੌਲਵੀਆਂ ਤੋਂ ਦੂਰ ਹੋ ਰਿਹਾ ਸੀ ਅਤੇ ਸਰਹੰਦ ਦੇ ਸ਼ੇਖ਼ ਅਹਿਮਦ ਵਰਗਿਆਂ ਦਾ ਅਸਰ ਵੀ ਘਟ ਗਿਆ ਸੀ। ਇਨ੍ਹਾਂ ਸਾਰਿਆਂ ਕਾਰਨਾਂ ਕਰਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਗੁਰੂ ਜੀ ਦੀ ਰਿਹਾਈ ਦੇ ਹੁਕਮ ਗੁਰੂ ਜੀ ਤਕ ਪੁੱਜੇ ਤਾਂ ਗੁਰੂ ਸਾਹਿਬ ਨੇ ਜਹਾਂਗੀਰ ਤੋਂ ਇਹ ਵੀ ਮੰਨਵਾ ਲਿਆ ਕਿ ਉਹ ਕਿਲ੍ਹੇ ਵਿਚ ਕੈਦ ਪਹਾੜੀ ਅਤੇ ਦੂਜੇ ਰਾਜਿਆਂ ਨੂੰ ਵੀ ਰਿਹਾਅ ਕਰ ਦੇਵੇ। ਜਹਾਂਗੀਰ ਨੇ ਅਸਿੱਧੇ ਤਰੀਕੇ ਨਾਲ ਇਹ ਗੱਲ ਮਨਜ਼ੂਰ ਕਰ ਲਈ ਅਤੇ ਕਿਲ੍ਹੇ ਵਿੱਚ ਛੋਟੀਆਂ ਕੈਦਾਂ ਵਾਲੇ 49 ਰਾਜੇ (ਜੋ ਸਾਰੇ ਹੀ ਹਿੰਦੂ ਸਨ) ਰਿਹਾਅ ਕਰ ਦਿੱਤੇ ਅਤੇ ਗੁਰੂ ਸਾਹਿਬ ਦਾ ਇਮਤਿਹਾਨ ਲੈਣ ਵਾਸਤੇ ਸ਼ਰਤ ਰੱਖੀ ਕਿ ਲੰਬੀਆਂ

ਕੈਦਾਂ ਵਾਲੇ 52 ਰਾਜਿਆਂ ਵਿਚੋਂ, ਜਿੰਨੇ ਰਾਜੇ ਗੁਰੂ ਸਾਹਿਬ ਦੇ ਚੋਲੇ ਦੀਆਂ ਕਲੀਆਂ (ਕੰਨੀਆਂ/ਨੁੱਕਰਾਂ/ਤਣੀਆਂ) ਫੜ ਕੇ ਕਿਲ੍ਹੇ ਵਿਚੋਂ ਬਾਹਰ ਆ ਸਕਣ, ਤਾਂ ਸੱਭ ਰਿਹਾ ਹੋ ਜਾਣਗੇ। ਜਹਾਂਗੀਰ ਸੋਚਦਾ ਸੀ ਕਿ ਗੁਰੂ ਜੀ ਇਹ ਫ਼ੈਸਲਾ ਨਹੀਂ ਕਰ ਸਕਣਗੇ ਕਿ 52 ਰਾਜਿਆਂ ਵਿਚੋਂ ਉਹ ਕਿਹੜੇ-ਕਿਹੜੇ ਰਾਜੇ ਨੂੰ ਰਿਹਾਅ ਕਰਵਾਉਣਗੇ। ਇਸ 'ਤੇ ਗੁਰੂ ਸਾਹਿਬ ਨੇ ਹਰੀ ਦਾਸ ਯਾਦਵ ਦਰੋਗੇ ਕੋਲੋਂ 52 ਕਲੀਆਂ ਵਾਲਾ ਚੋਲਾ ਸਿਲਵਾ ਕੇ ਸਾਰੇ ਰਾਜੇ ਕਿਲ੍ਹੇ ਵਿਚੋਂ ਰਿਹਾਅ ਕਰਵਾ ਲਏ (ਗੁਰੂ ਜੀ ਦੇ ਇਸ ਕਦਮ ਨੂੰ ਵੇਖ ਕੇ ਜਹਾਂਗੀਰ ਨੇ ਉਨ੍ਹਾਂ ਦੀ ਅਜ਼ਮਤ ਅੱਗੇ ਸਿਰ ਝੁਕਾਇਆ)। ਗੁਰੂ ਸਾਹਿਬ ਅਤੇ ਹਿੰਦੂ ਰਾਜਿਆਂ ਦੀ ਰਿਹਾਈ 26 ਅਕਤੂਬਰ 1619 ਨੂੰ ਹੋਈ।

ਰੋਹੀਲਾ ਦੀ ਲੜਾਈ

ਗੁਰੂ ਅਰਜਨ ਸਾਹਿਬ ਜੀ ਨੇ ਬਿਆਸ ਨਦੀ ਦੇ ਸੱਜੇ ਕਿਨਾਰੇ 'ਤੇ ਗੋਬਿੰਦਪੁਰਾ ਸ਼ਹਿਰ ਵਸਾਇਆ। ਜਿਸ ਜਗ੍ਹਾ ਪਹਿਲਾਂ ਰੋਹੀਲਾ ਪਿੰਡ ਦਾ ਥੇਹ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫਤਾਰੀ ਤੋਂ ਬਾਅਦ ਇਸ ਸ਼ਹਿਰ 'ਤੇ 'ਚੰਦੂ' ਅਤੇ 'ਭਗਵਾਨ ਦਾਸ ਘੇਰੜ' ਨੇ ਕਬਜ਼ਾ ਕਰ ਲਿਆ ਤਾਂ ਗੁਰੂ ਸਾਹਿਬ ਨੇ 'ਗੁਰੂ-ਕਾ-ਚੱਕ' ਵਿਚ ਰਹਿਣ ਦਾ ਫੈਸਲਾ ਕੀਤਾ ਅਤੇ ਇਸ ਤੋਂ ਪਹਿਲਾਂ ਉਨ੍ਹਾਂ 'ਗੋਬਿੰਦਪੁਰ' ਦਾ ਕਬਜ਼ਾ ਵਾਪਿਸ ਲੈਣ ਦਾ ਫੈਸਲਾ ਵੀ ਕੀਤਾ ਭਾਂਵੇ ਇਸ ਲੜਾਈ ਵਿਚ 'ਚੰਦੂ' ਮਾਰਿਆ ਗਿਆ ਪਰ ਉਸਦੇ ਪੁੱਤਰ 'ਕਰਮ ਚੰਦ' ਨੇ ਅਜੇ ਤੱਕ ਸਬਕ ਨਹੀਂ ਸੀ ਸਿਖਿਆ। ਜਦੋਂ ਉਸਨੂੰ ਇਹ ਪਤਾ ਲਗਾ ਕਿ ਗੁਰੂ ਸਾਹਿਬ ਨੇ ਗੋਬਿੰਦਪੁਰ ਦਾ ਕਬਜ਼ਾ ਲੈ ਲਿਆ ਹੈ, ਉਸਨੇ ਕਾਫੀ ਫ਼ੌਜ ਇਕੱਠੀ ਕੀਤੀ ਅਤੇ ਸਿੱਖਾਂ 'ਤੇ ਹਮਲਾ ਕਰ ਦਿੱਤਾ। 27 ਸਤੰਬਰ 1621 ਨੂੰ ਲੜਾਈ ਹੋਈ। ਸਿੱਖਾਂ ਨੇ ਦੁਸ਼ਮਣਾਂ ਨੂੰ ਬੁਰੀ ਤਰ੍ਹਾਂ ਹਰਾਇਆ। ਇਸ ਲੜਾਈ ਵਿਚ ਭਾਈ ਨਾਨੂੰ ਸ਼ਾਹ ਵਣਜ਼ਾਰਾ ਸ਼ਹੀਦ ਹੋ ਗਿਆ ਜੋ ਭਾਈ ਮਨੀ ਸਿੰਘ ਅਤੇ ਭਗਵੰਤ ਸਿੰਘ ਭੰਗੇਸ਼ਰੀ ਦੇ ਬਜ਼ੁਰਗ ਸਨ।

ਜਦੋਂ ਇਸ ਲੜਾਈ ਦੀ ਜਿੱਤ ਦੀ ਖਬਰ 'ਬਿਲਾਸਪੁਰ ਦੇ ਰਾਜੇ ਕਲਿਆਣ ਦਾਸ' ਨੂੰ ਪਤਾ ਲਗੀ ਤਾਂ ਉਹ ਹੋਰ ਪਹਾੜੀ ਮੁਖੀਆਂ ਨਾਲ ਮਿਲਕੇ ਗੁਰੂ ਸਾਹਿਬ ਨੂੰ ਵਧਾਈ ਦੇਣ ਆਏ। ਅਸਲ ਵਿਚ ਉਹ ਗੁਰੂ ਸਾਹਿਬ ਦੀ ਮੁਗਲਾਂ ਵਿਰੁੱਧ ਹਿਮਾਇਤ ਚਾਹੁੰਦੇ ਸਨ ਕਿਉਂਕਿ ਮੁਗਲ ਹਾਕਮ ਗੁਰੂ ਸਾਹਿਬ ਲਈ ਮਨ ਕਰਕੇ ਵੈਰ ਰੱਖਦੇ ਸਨ। 28 ਮਾਰਚ 1624 ਨੂੰ 'ਗੁਰੂ-ਕਾ-ਚੱਕ' ਵਿਚ ਸਿੱਖਾਂ ਦਾ ਭਾਰੀ ਇਕੱਠ ਹੋਇਆ ਜਿਸ ਵਿਚ ਬਿਲਾਸਪੁਰ ਅਤੇ ਹੰਡੂਰ ਦੇ ਰਾਜੇ, ਜੋ ਗੁਰੂ ਸਾਹਿਬ ਨਾਲ ਗਵਾਲੀਅਰ ਦੇ ਕਿਲ੍ਹੇ 'ਚੋਂ 1619 ਵਿਚ ਰਿਹਾਅ ਹੋਏ ਸਨ ਵੀ ਨਾਲ ਆਏ।

ਕੀਰਤਪੁਰ ਵਾਸਤੇ ਜ਼ਮੀਨ ਖ਼ਰੀਦਣਾ

ਬਿਲਾਸਪੁਰ ਦਾ ਰਾਜਾ ਕਲਿਆਣ ਚੰਦ ਵੀ ਗੁਰੂ ਸਾਹਿਬ ਕੋਲ ਆਇਆ ਅਤੇ ਉਨ੍ਹਾਂ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਆਪਣਾ ਹੈਡਕੁਆਟਰ ਉਨ੍ਹਾਂ ਦੀ ਰਿਆਸਤ ਵਿਚ ਸਥਾਪਿਤ ਕਰਨ। ਇਸ ਕਾਰਜ ਵਾਸਤੇ ਉਹ ਜ਼ਮੀਨ ਵੀ ਗੁਰੂ ਸਾਹਿਬ ਨੂੰ ਦੇਣ ਲਈ ਤਿਆਰ ਹੋਏ। ਗੁਰੂ ਸਾਹਿਬ ਵੀ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਇੱਕ ਮਜ਼ਬੂਤ ਡੀਫੈਂਸ ਉਸਾਰਣ ਦੀ ਖੋਜ ਵਿਚ ਸਨ, ਪਰ ਗੁਰੂ ਸਾਹਿਬ ਨੇ ਇਨ੍ਹਾਂ ਦੀ ਜ਼ਮੀਨ ਮੁਫਤ ਲੈਣ ਤੋਂ ਨਾਂਹ ਕਰ ਦਿੱਤੀ। ਵਾਪਿਸ ਜਾਣ ਤੋਂ ਪਹਿਲਾਂ ਰਾਜਾ ਕਲਿਆਣ ਚੰਦ ਨੇ ਗੁਰੂ ਜੀ ਨੂੰ ਫਿਰ ਅਰਜ਼ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਆਪਣਾ ਹੈੱਡਕੁਆਰਟਰ ਬਣਾਉਣ। ਕਲਿਆਣ ਚੰਦ ਨੂੰ ਰੋਹੀਲਾ ਦੀ ਲੜਾਈ ਵਿਚ ਗੁਰੂ ਜੀ ਦੀ ਜਿੱਤ ਦਾ ਅਹਿਸਾਸ ਸੀ ਅਤੇ ਉਹ ਚਾਹੁੰਦਾ ਸੀ ਕਿ ਜੇ ਗੁਰੂ ਜੀ ਉਸ ਦੀ ਰਿਆਸਤ ਵਿਚ ਆ ਗਏ ਤਾਂ ਛੇਤੀ ਕੀਤਿਆਂ ਕੋਈ ਉਸ ’ਤੇ ਹਮਲਾ ਨਹੀਂ ਕਰੇਗਾ ਅਤੇ ਜੇਕਰ ਕਿਸੇ ਨੇ ਹਮਲਾ ਕਰਨ ਦੀ ਹਿਮਾਕਤ ਕੀਤੀ ਤਾਂ ਉਸ ਨੂੰ ਗੁਰੂ ਜੀ ਦੀ ਮਦਦ ਮਿਲ ਜਾਏਗੀ। ਗੁਰੂ ਜੀ ਨੇ ਗੁਰੂ ਦਾ ਚੱਕ ਤੋਂ ਬਿਲਾਸਪੁਰ ਚਲੇ ਜਾਣਾ ਤਾਂ ਨਾ ਮੰਨਿਆ ਪਰ ਇਹ ਵਾਅਦਾ ਜ਼ਰੂਰ ਕੀਤਾ ਕਿ ਉਹ ਉਸ ਦੀ ਰਿਆਸਤ ਵਿਚ ਇਕ ਸੈਂਟਰ ਜ਼ਰੂਰ ਬਣਾਉਣਗੇ।

ਇਸ ਤੋਂ ਬਾਦ ਗੁਰੂ ਸਾਹਿਬਾਨ ਨੇ ਕਲਿਆਣ ਚੰਦ ਨਾਲ ਉਸ ਦੀ ਰਿਆਸਤ ਦੇ ਸਤਲੁਜ ਨਦੀ ਨਾਲ ਲਗਦੇ ਇਲਾਕਿਆਂ ਦਾ ਦੌਰਾ ਕੀਤਾ ਅਤੇ ਨਵੇਂ ਨਗਰ ਵਾਸਤੇ ਕਲਿਆਨ ਪੁਰ, ਭਟੌਲੀ ਅਤੇ ਜੀਉਵਾਲ ਪਿੰਡਾਂ ਵਿਚਕਾਰ ਜ਼ਮੀਨ ਖ਼ਰੀਦਣ ਦੀ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਕਲਿਆਣ ਚੰਦ ਨੇ ਇਸ ਜ਼ਮੀਨ ਦੇ ਪੈਸੇ ਲੈਣ ਤੋਂ ਨਾਂਹ ਕਰ ਦਿੱਤੀ ਪਰ ਜਦੋਂ ਗੁਰੂ ਸਾਹਿਬ ਨੇ ਉਸ ਨੂੰ ਦੱਸਿਆ ਕਿ ਉਹ ਦਾਨ ਦੀ ਜ਼ਮੀਨ 'ਤੇ ਸਿੱਖ ਪੰਥ ਦਾ ਨਗਰ ਨਹੀਂ ਵਸਾਉਣਗੇ ਤਾਂ ਮਜ਼ਬੂਰਨ ਕਲਿਆਣ ਚੰਦ ਨੂੰ ਇਸ ਜ਼ਮੀਨ ਦੀ ਕੀਮਤ ਲੈਣੀ ਪਈ। ਮੌਜੂਦਾ ਕੀਰਤਪੁਰ ਵਿਚ ਚਾਰ ਪਿੰਡ ਸ਼ਾਮਿਲ ਹਨ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਦੀ ਜ਼ਮੀਨ 'ਤੇ ਨਵਾਂ ਨਗਰ ਵਸਾਉਣ ਵਾਸਤੇ ਜਿੰਮੇਵਾਰੀ ਆਪਣੇ ਪੁੱਤਰ ਗੁਰਦਿੱਤਾ ਜੀ ਨੂੰ ਸੌਂਪੀ, ਜਿੰਨ੍ਹਾਂ ਨੇ ਪਹਿਲੀ ਮਈ 1624 ਦੇ ਦਿਨ ਨਵੇਂ ਨਗਰ ਦੀ ਨੀਂਹ ਰੱਖਵਾਈ।

1624 ਤੋਂ 1631 ਤਕ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਕਾ ਚੱਕ (ਅੰਮ੍ਰਿਤਸਰ) ਵਿਚ ਹੀ ਰਹੇ। ਉਧਰ 28 ਅਕਤੂਬਰ 1627 ਨੂੰ ਜਹਾਂਗੀਰ ਦੀ ਮੌਤ ਹੋ ਗਈ। ਜਹਾਂਗੀਰ ਦਾ ਪੁੱਤਰ ਸ਼ਾਹਜਹਾਂ ਵੀ ਹੌਲੀ-ਹੌਲੀ ਮੁਤੱਸਬੀ ਮੁਸਲਮਾਨਾਂ ਦੇ ਅਸਰ ਹੇਠ ਆ ਗਿਆ। ਇਸ ਮਗਰੋਂ ਮੁਗ਼ਲਾਂ ਨੇ ਗੁਰੂ ਸਾਹਿਬ 'ਤੇ ਵੀ ਹਮਲੇ ਸ਼ੁਰੂ ਕਰ ਦਿਤੇ। 1635 ਦੇ ਸ਼ੁਰੂ ਵਿਚ ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ। 1634 ਅਤੇ 1635 ਵਿਚ ਗੁਰੂ ਜੀ 'ਤੇ ਤਿੰਨ ਵਾਰ ਹਮਲੇ ਹੋਏ (13 ਅਪ੍ਰੈਲ 1634 ਅੰਮ੍ਰਿਤਸਰ, 16-17 ਦਸੰਬਰ 1634 ਮਹਿਰਾਜ ਅਤੇ 26-28 ਅਪ੍ਰੈਲ 1635 ਕਰਤਾਰਪੁਰ)।

ਇਸ ਮਗਰੋਂ ਗੁਰੂ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ। ਕੀਰਤਪੁਰ ਸਾਹਿਬ ਵਿਚ ਰਹਿੰਦਿਆਂ ਗੁਰੂ ਸਾਹਿਬ ਕੋਲ ਕਹਿਲੂਰ (ਬਿਲਾਸਪੁਰ), ਹੰਡੂਰ (ਨਾਲਾਗੜ੍ਹ), ਸਿਰਮੌਰ (ਨਾਹਨ) ਅਤੇ ਕਈ ਹੋਰ ਰਿਆਸਤਾਂ ਦੇ ਰਾਜੇ ਆਉਣ ਲਗ ਪਏ। ਇਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਹਿੰਦੂ ਰਾਜਪੂਤ ਰਾਜੇ ਗੁਰੂ ਸਾਹਿਬ ਕੋਲ ਕੀਰਤਪੁਰ ਵਿਚ ਪਨਾਹ ਲੈਣ ਆਏ। ਇਹ ਸਾਰੇ ਰਾਜੇ ਮੁਗ਼ਲਾਂ ਦੇ ਜ਼ੁਲਮ ਤੋਂ ਤੰਗ ਆ ਕੇ ਅਤੇ ਬਾਗ਼ੀ ਹੋ ਕੇ ਗੁਰੂ ਜੀ ਕੋਲ ਪਨਾਹਗੀਰ ਬਣੇ ਹੋਏ ਸਨ ਅਤੇ ਉੱਥੇ ਰਹਿ ਰਹੇ ਸਨ। ਇੰਝ ਹੀ ਭਾਈ ਲੱਖੀ ਰਾਇ ਵਣਜਾਰਾ, ਭਾਈ ਮਾਈ ਦਾਸ (ਪਿਤਾ ਭਾਈ ਮਨੀ ਸਿੰਘ) ਅਤੇ ਭਾਈ ਹਰਦੇਵ (ਦੇਸਾ) ਜੀ (ਪਿਤਾ ਭਾਈ ਮੱਖਣ ਸ਼ਾਹ ਪੈਲਿਆ ਵਣਜਾਰਾ) ਵੀ ਗੁਰੂ ਜੀ ਪਾਸ ਅਕਸਰ ਆਉਂਦੇ ਰਹਿੰਦੇ ਸਨ। ਇੱਥੇ ਹੀ ਗੁਰੂ ਜੀ ਨੇ ਨਾਹਨ ਰਿਆਸਤ ਦੇ ਪਹਾੜਾਂ ਵਿਚ ਲੋਹਗੜ੍ਹ ਕਿਲ੍ਹਾ ਕਾਇਮ ਕਰਨ ਦੀ ਯੋਜਨਾ ਬਣਾਈ। ਭਾਈ ਲੱਖੀ ਰਾਇ ਸ਼ਿਵਾਲਿਕ ਪਹਾੜੀਆਂ ਦੇ ਹੇਠਾਂ (ਕਾਲਾ ਅੰਬ ਅਤੇ ਯਮੁਨਾ ਨਦੀ ਦੇ ਵਿਚਕਾਰ) ਦੀ ਬਹੁਤ ਸਾਰੀ ਜ਼ਮੀਨ ਦਾ ਮਾਲਿਕ ਸੀ ਅਤੇ ਉਸਨੇ ਗੁਰੂ ਜੀ ਨੂੰ ਆਪਣੀ ਜ਼ਮੀਨ ਵਿਚ ਕਿਲ੍ਹਾ ਬਨਾਉਣ ਵਾਸਤੇ ਪੇਸ਼ਕਸ਼ ਕੀਤੀ ਅਤੇ ਇਸ ਨੂੰ ਬਣਾਉਣ ਦਾ ਕੰਮ ਸ਼ੁਰੂ ਹੋਇਆ।

ਗੁਰੂ ਹਰਿ ਰਾਇ ਸਾਹਿਬ ਜੀ ਦਾ ਸਮਾਂ

3 ਮਾਰਚ 1644 ਦੇ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਆਪਣੇ ਪੋਤਰੇ (ਗੁਰੂ) ਹਰਿ ਰਾਇ ਸਾਹਿਬ ਜੀ ਨੂੰ ਸੌਂਪ ਦਿਤੀ ਸੀ। (ਗੁਰੂ) ਹਰਿ ਰਾਇ ਸਾਹਿਬ ਸਦਾ ਹੀ ਗੁਰੂ ਹਰਿਗੋਬਿੰਦ ਸਾਹਿਬ ਦੇ ਨਾਲ ਰਹੇ ਸਨ, ਇਸ ਕਰਕੇ ਉਨ੍ਹਾਂ ਨੇ ਨਾਹਨ ਦੀਆਂ ਪਹਾੜੀਆਂ ਵਿਚ ਬਣਾਏ ਜਾਣ ਵਾਲੇ ਡੀਫ਼ੈਂਸ ਸਿਸਟਮ ਦੀ ਯੋਜਨਾ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ। 1645 ਵਿਚ ਜਦੋਂ ਕਹਿਲੂਰ (ਬਿਲਾਸਪੁਰ) ਰਿਆਸਤ ਦੇ ਰਾਜਾ ਤਾਰਾ ਚੰਦ ਨੇ ਸ਼ਾਹਜਹਾਂ ਨੂੰ ਕਰ (ਲਗਾਨ) ਦੇਣਾ ਬੰਦ ਕਰ ਦਿੱਤਾ ਤਾਂ ਬਾਦਸ਼ਾਹ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਇਸ ਸਮੇਂ (ਗੁਰੂ) ਹਰਿ ਰਾਇ ਸਾਹਿਬ ਕੀਰਤਪੁਰ ਛੱਡ ਕੇ ਨਾਹਨ ਰਿਆਸਤ ਦੇ ਪਿੰਡ 'ਥਾਪਲ' ਆ ਗਏ ਸਨ। ਪੜਚੋਲ ਤੋਂ ਪਤਾ ਚਲਦਾ ਹੈ ਕਿ ਇਸ ਸਾਰੇ ਸਮੇਂ ਵਿਚ ਕਿਲ੍ਹਾ ਬਣਾਉਣ ਦਾ ਸਭ ਤੋਂ ਵੱਧ ਕੰਮ ਹੋਇਆ।

ਅਧਿਆਇ- 4

ਜੱਥੇਦਾਰ ਬੰਦਾ ਸਿੰਘ ਬਹਾਦੁਰ ਦਾ ਲੋਹਗੜ੍ਹ ਪੁੱਜਣ ਤੱਕ ਦਾ ਸਫ਼ਰ

ਪਰਸ਼ੀਅਨ ਲਿਖਤਾਂ ਮੁਤਾਬਿਕ ਜੱਥੇਦਾਰ ਬੰਦਾ ਸਿੰਘ ਬਹਾਦੁਰ ਗੁਰੂ ਸਾਹਿਬ ਜੀ ਨੂੰ ਫ਼ਰਵਰੀ 1694 ਵਿਚ ਰਿਸ਼ੀਕੇਸ਼ ਵਿਚ ਮਿਲਿਆ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਪੁੱਜੇ ਤਾਂ ਉਸ ਸਮੇਂ ਭਾਈ ਬੰਦਾ ਸਿੰਘ ਬਹਾਦੁਰ ਦੀ ਮੁਲਾਕਾਤ ਗੁਰੂ ਸਾਹਿਬ ਨਾਲ 3 ਸਤੰਬਰ 1708 ਨੂੰ ਹੋਈ, ਜਿੱਥੇ ਗੁਰੂ ਜੀ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਪੰਜਾਬ ਦੇ ਤਾਜਾ ਹਾਲਤਾਂ ਬਾਰੇ ਜਾਣਕਾਰੀ ਦੇ ਕੇ ਅਗਲੀ ਰਣਨੀਤੀ ਤਿਆਰ ਕਰਕੇ ਸਿੱਖ ਕੌਮ ਦਾ ਜਰਨੈਲ ਥਾਪਕੇ ਪੰਜਾਬ ਵੱਲ ਤੋਰਿਆ।

ਇਤਿਹਾਸਕਾਰ ਭਾਈ ਬੰਦਾ ਸਿੰਘ ਬਹਾਦੁਰ ਨੂੰ ਬੈਰਾਗੀ ਸੰਪ੍ਰਦਾ ਨਾਲ ਜੋੜਦੇ ਹਨ ਅਤੇ ਭਾਈ ਬੰਦਾ ਸਿੰਘ ਬਹਾਦੁਰ ਬਾਰੇ ਆਮ ਕਿਹਾ ਜਾਂਦਾ ਹੈ ਕਿ ਉਸਨੇ ਖੰਡੇ ਦੀ ਪਾਹੁਲ ਨਹੀਂ ਸੀ ਲਈ। ਸ਼ਾਇਦ ਉਹ ਇਤਿਹਾਸਕਾਰ ਸਿੱਖੀ ਰਵਾਇਤ ਅਤੇ ਸਿਧਾਤਾਂ ਨੂੰ ਨਹੀਂ ਸਮਝ ਸਕੇ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਬੇਅੰਮ੍ਰਿਤੀਏ ਅਤੇ ਸਿੱਖੀ ਸਿਧਾਤਾਂ ਤੋਂ ਅਨਜਾਣ ਬੰਦੇ ਨੂੰ ਸਿੱਖ ਕੌਮ ਦੀ ਵਾਗਡੋਰ ਕਿਸ ਤਰ੍ਹਾਂ ਦੇ ਸਕਦੇ ਸੀ? ਅਸੀਂ ਇਸ ਪੁਸਤਕ ਵਿਚ ਅਨੇਕ ਉਹ ਇਤਿਹਾਸਿਕ ਹਵਾਲੇ ਦੇਣ ਦਾ ਉਪਰਾਲਾ ਕੀਤਾ ਹੈ, ਜਿਸ ਵਿੱਚੋਂ ਭਾਈ ਬੰਦਾ ਸਿੰਘ ਬਹਾਦੁਰ ਦਾ ਖੰਡੇ ਬਾਟੇ ਦੀ ਪਾਹੁਲ ਲੈਣ ਦੇ ਸਬੂਤ ਮੌਜੂਦ ਹਨ।

ਭਾਈ ਬੰਦਾ ਸਿੰਘ ਬਹਾਦੁਰ ਵੱਲੋਂ ਪਾਹੁਲ ਲੈਣ ਦਾ ਸਭ ਤੋਂ ਵਧੀਆ ਵੇਰਵਾ ਸਰੂਪ ਸਿੰਘ ਕੌਸ਼ਿਸ਼ ਨੇ 'ਭੱਟ ਵਹੀਆਂ' ਦੇ ਅਧਾਰ 'ਤੇ ਲਿਖੀ ਕਿਤਾਬ 'ਗੁਰੂ ਕੀਆਂ ਸਾਖੀਆਂ' (1790) ਵਿਚ ਦਿੱਤਾ ਹੈ। ਇਸ ਤੋਂ ਇਲਾਵਾ ਮਿਰਜ਼ਾ ਮੁਬਾਰਕੁੱਲਾ ਇਰਾਦਤ ਖ਼ਾਨ ਦੀ ਤਾਰੀਖ਼ੇ ਇਰਾਦਤ ਖ਼ਾਨ (1714), ਮੁਹੰਮਦ ਅਲੀ ਖ਼ਾਨ ਅੰਸਾਰੀ ਦੀ ਤਾਰੀਖ਼ੇ ਮੁਜ਼ੱਫ਼ਰੀ (1788), ਗ਼ੁਲਾਮ ਹੁਸੈਨ ਦੀ ਸਿਆਰੁਲ ਮੁਤਾਖ਼ਰੀਨ (1836), ਅਲੀ-ਉਦ-ਦੀਨ ਮੁਫ਼ਤੀ ਦੀ ਇਬਾਰਤਨਾਮਾ (1854), ਗਣੇਸ਼ ਦਾਸ ਬਡੇਰਾ ਦੀ ਚਾਰੇ ਬਾਗ਼ੇ ਪੰਜਾਬ (1855), ਕਨ੍ਹਈਆ ਲਾਲ ਦੀ ਤਾਰੀਖ਼ੇ ਪੰਜਾਬ (1881), ਅਹਿਮਦ ਸ਼ਾਹ ਬਟਾਲੀਆ ਦੀ ਕਿਤਾਬ-ਏ-ਹਿੰਦ (1885), ਮੁਹੰਮਦ ਲਤੀਫ਼ ਦੀ ਤਾਰੀਖ਼ੇ ਪੰਜਾਬ, ਐਲੀਅਟ ਐਂਡ ਡਾਊਸਨ ਦੀ ਹਿਸਟਰੀ ਆਫ਼ ਇੰਡੀਆ ਐਂਡ ਟੋਲਡ ਬਾਏ ਇਟਸ ਹਿਸਟੋਰੀਅਨਜ਼ ਵਰਗੀਆਂ ਫ਼ਾਰਸੀ ਲਿਖਤਾਂ ਵਿਚ ਵੀ ਭਾਈ ਬੰਦਾ ਸਿੰਘ ਬਹਾਦੁਰ ਦੇ ਖੰਡੇ ਦੀ ਪਾਹੁਲ ਲੈਣ ਦਾ ਜ਼ਿਕਰ ਹੈ। ਪੰਜਾਬੀ ਸੋਮਿਆਂ ਵਿੱਚੋਂ ਕੇਸਰ ਸਿੰਘ ਛਿਬਰ ਦੀ 'ਬੰਸਾਵਲੀਨਾਮਾ ਦੱਸਾਂ ਪਾਤਸ਼ਾਹੀਆਂ ਦਾ' (1769), ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼' (1808, 1841), ਗਿਆਨੀ ਗਿਆਨ ਸਿੰਘ ਦੀ ਸ਼ਮਸ਼ੀਰ ਖਾਲਸਾ (1880) ਵਿਚ ਵੀ ਪਾਹੁਲ ਦਾ ਜ਼ਿਕਰ ਹੈ। ਕਰਮ ਸਿੰਘ ਹਿਸਟੋਰੀਅਨ ਅਤੇ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਜਿਹੜੇ ਪਹਿਲਾਂ ਪਾਹੁਲ ਬਾਰੇ ਲਿਖਣਾ ਭੁੱਲ ਗਏ ਸਨ, ਨੇ ਵੀ ਨਵੀਆਂ ਐਡੀਸ਼ਨਾਂ ਵਿਚ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਦੇ ਪਾਹੁਲ ਲੈਣ ਦਾ ਜ਼ਿਕਰ ਕੀਤਾ ਸੀ। ਜਿਨ੍ਹਾਂ ਹੋਰ ਲੇਖਕਾਂ ਨੇ ਵੀ

ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਦੇ ਪਾਹੁਲ ਲੈਣ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਇਹ ਵੀ ਸ਼ਾਮਿਲ ਹਨ: ਰਾਧਾ ਕ੍ਰਿਸ਼ਨ (ਗੋਸ਼ਾ-ਇ-ਪੰਜਾਬ), ਬੇਨੀ ਪਰਸਾਦ (ਗੁਰੂ ਗੋਬਿੰਦ ਸਿੰਘ), ਰਾਜਾ ਵਿਕਰਮ ਸਿੰਹ (ਗੁਰੂ ਗੋਬਿੰਦ ਸਿੰਘ), ਸੁਰਿੰਦਰ ਸ਼ਰਮਾ (ਗੁਰੂ ਗੋਬਿੰਦ ਸਿੰਘ) ਅਤੇ ਕਈ ਹੋਰ ਸ਼ਾਮਿਲ ਹਨ। ਅੰਗਰੇਜ਼ੀ ਲੇਖਕਾਂ ਵਿੱਚੋਂ ਜੇਮਜ਼ ਬਰਾਊਨ (ਇੰਡੀਅਨ ਟਰੈਕਟਸ) ਮੈਕਗਰੇਗਰ (ਹਿਸਟਰੀ ਆਫ਼-ਦ-ਸਿੱਖਜ਼), ਸੀ. ਐਚ. ਪੇਨ (ਦ-ਸਿੱਖਜ਼) ਵੀ ਇਸ ਦੀ ਤਾਈਦ ਕਰਦੇ ਹਨ। ਸੋ ਤਕਰੀਬਨ ਸਾਰੇ ਨਿਰਪੱਖ ਲਿਖਾਰੀ ਇਹ ਕਬੂਲਦੇ ਹਨ ਕਿ ਜੱਥੇਦਾਰ ਭਾਈ ਬੰਦਾ ਸਿੰਘ ਨੇ ਪਾਹੁਲ ਲਈ ਸੀ।

ਬੰਦਾ ਸਿੰਘ ਬਹਾਦੁਰ ਨੇ ਨਾਂਦੇੜ ਛੱਡਿਆ

ਇਨ੍ਹਾਂ ਦਿਨਾਂ ਵਿੱਚ ਭਾਈ ਭਗਵੰਤ ਸਿੰਘ ਬੰਗੇਸ਼ਰੀ ਦਾ ਟਾਂਡਾ (ਵਪਾਰਕ ਕਾਫ਼ਲਾ) ਵੀ ਨਾਂਦੇੜ ਨੇੜਿਓ ਲੰਘ ਰਿਹਾ ਸੀ। ਭਾਈ ਲੱਖੀ ਰਾਇ ਵਣਜਾਰਾ ਬੰਗੇਸ਼ਰੀ ਟਾਂਡੇ ਦਾ ਮਾਲਿਕ ਸੀ। ਭਗਵੰਤ ਸਿੰਘ ਬੰਗੇਸ਼ਰੀ (ਪਹਿਲਾ ਨਾਮ ਭਾਗੂ ਵਣਜਾਰਾ) ਔਰੰਗਜ਼ੇਬ ਦੇ ਵੱਡੇ ਮਨਸਬਦਾਰਾਂ ਵਿੱਚੋਂ ਇੱਕ ਸੀ ਜਿਸ ਕੋਲ 5000 ਦਾ ਮਨਸਬ ਸੀ।[14] ਜਦੋਂ ਉਸ ਨੂੰ ਪਤਾ ਲਗਾ ਕਿ ਗੁਰੂ ਸਾਹਿਬ ਨੰਦੇੜ ਵਿਚ ਰੁਕੇ ਹੋਏ ਹਨ ਤਾਂ ਉਹ ਗੁਰੂ ਜੀ ਨੂੰ ਮਿਲਣ ਆਇਆ। ਗੁਰੂ ਜੀ ਨੇ ਉਸ ਨਾਲ ਵਿਚਾਰ ਕਰ ਕੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਉਸ ਦੇ ਟਾਂਡੇ ਵਿਚ ਪੰਜਾਬ ਭੇਜਣ ਦਾ ਫ਼ੈਸਲਾ ਕਰ ਲਿਆ। ਭਾਈ ਬੰਦਾ ਸਿੰਘ ਬਹਾਦੁਰ 5 ਅਕਤੂਬਰ 1708 ਦੇ ਦਿਨ ਨਾਂਦੇੜ ਤੋਂ ਪੰਜਾਬ ਵੱਲ ਚੱਲ ਪਿਆ। ਗੁਰੂ ਜੀ ਨੇ ਉਸ ਦਾ ਸਾਥ ਦੇਣ ਵਾਸਤੇ ਕੁਝ ਸਿੰਘ ਵੀ ਨਾਲ ਭੇਜੇ। (ਰਤਨ ਸਿੰਘ ਭੰਗੂ ਇਨ੍ਹਾਂ ਨੂੰ 'ਪੰਜ ਮੁਖੀ ਸਿੰਘ' ਕਹਿੰਦਾ ਹੈ ਅਤੇ ਇਨ੍ਹਾਂ ਦੇ ਨਾਂ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਰਣ ਸਿੰਘ ਅਤੇ ਰਾਮ ਸਿੰਘ ਲਿਖਦਾ ਹੈ।[15] ਗੁਰੂ ਜੀ ਨੇ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਨੂੰ ਖਾਲਸੇ ਦਾ ਨਿਸ਼ਾਨ ਸਾਹਿਬ, ਇਕ ਨਗਾਰਾ ਅਤੇ ਪੰਜ ਤੀਰ ਵੀ ਦਿੱਤੇ ਸਨ। ਇਸ ਤੋਂ ਇਲਾਵਾ ਗੁਰੂ ਜੀ ਨੇ ਉਸ ਨੂੰ ਇਕ ਚਿੱਠੀ, (ਜਿਸ ਨੂੰ ਹੁਕਮਨਾਮਾ ਵੀ ਕਿਹਾ ਜਾਂਦਾ ਹੈ) ਵੀ ਦਿੱਤੀ ਜਿਸ ਵਿਚ ਸਿੱਖਾਂ ਦੇ ਨਾਂ ਪੈਗ਼ਾਮ ਲਿਖਿਆ ਹੋਇਆ ਸੀ ਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਦਾ ਤਹਿ-ਦਿਲੋਂ ਸਾਥ ਦੇਣ।

ਭਾਈ ਬੰਦਾ ਸਿੰਘ ਬਹਾਦੁਰ ਅਜੇ ਪੰਜਾਬ ਦੇ ਰਸਤੇ ਵਿਚ ਹੀ ਸੀ ਕਿ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਉੱਪਰ ਪਠਾਣਾਂ ਦੇ ਹਮਲੇ ਦਾ ਪਤਾ ਲਗਾ। ਪਰ ਉਹ ਗੁਰੂ ਜੀ ਵੱਲੋਂ ਸੌਂਪਿਆ ਮਿਸ਼ਨ ਪੂਰਾ ਕਰਨ ਦੀ ਸੋਚ ਨੂੰ ਸਾਹਮਣੇ ਰੱਖ ਕੇ ਵਾਪਿਸ ਨਹੀਂ ਮੁੜਿਆ ਅਤੇ ਪੰਜਾਬ ਵਲ ਵੱਧਦਾ ਗਿਆ। ਉਸ ਨੇ ਰਸਤੇ ਵਿਚ ਮਹਾਂਰਾਸ਼ਟਰ ਅਤੇ ਖ਼ਾਨ ਦੇਸ (ਬੁਰਹਾਨਪੁਰ ਵਗ਼ੈਰਾ) ਲੰਘ ਕੇ ਮੰਦਸੌਰ, ਅਜਮੇਰ, ਫੁਲੇਰਾ, ਚੁਰੂ, ਭਰਤਪੁਰ ਵਗ਼ੈਰਾ ਵਿਚ ਪੜਾਅ ਕੀਤੇ। ਤਕਰੀਬਨ ਇੱਕ ਸਾਲ ਵਿਚ 1500 ਕਿਲੋਮੀਟਰ ਫ਼ਾਸਲਾ ਤੈਅ ਕਰ ਕੇ, ਭਾਈ ਬੰਦਾ ਸਿੰਘ ਬਹਾਦੁਰ ਬਾਂਗਰ ਦੇਸ

[14] ਪੰਨਾ -222, ਦ ਮੁਗਲ ਨੋਬਿਲਟੀ ਅੰਡਰ ਔਰੰਗਜ਼ੇਬ, ਐਮ. ਆਥਰ ਅਲੀ, ISBN 13: 978-0-19-565599-5 ਅਤੇ ISBN-10:0-19-565599-0

[15] ਗੁਰੂ ਕੀਆਂ ਸਾਖੀਆਂ, ਸਾਖੀ ਨੰ. 111

ਵਿਚ, ਪਰਗਣਾ ਖਰਖੋਦਾ ਦੇ ਇਲਾਕੇ ਵਿਚ ਪੁੱਜ ਗਿਆ। ਭਾਈ ਬੰਦਾ ਸਿੰਘ ਬਹਾਦੁਰ ਨੇ ਖਰਖੋਦਾ ਪਰਗਣਾ ਦੇ ਪਿੰਡਾਂ ਵਿਚਕਾਰਲੇ ਜੰਗਲ ਵਿਚ ਜਿੱਥੇ ਨੇੜੇ ਹੀ ਦਾਦਾ ਘੋਢਾ ਨਾਂ ਦੀ ਵੱਡੀ ਢਾਬ ਸੀ ਆਪਣਾ ਪੜਾਅ ਕੀਤਾ।[16] ਉਦੋਂ ਇਹ ਇਲਾਕਾ ਉਜਾੜ ਬੀਆਬਾਨ ਅਤੇ ਜੰਗਲ ਹੋਣ ਕਰ ਕੇ ਕਾਫ਼ੀ ਹੱਦ ਤਕ ਮਹਿਫ਼ੂਜ਼ ਸੀ।

ਇੱਥੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਪੰਜਾਬ ਦੇਸ ਵਿਚ ਵੱਖ-ਵੱਖ ਇਲਾਕਿਆਂ ਦੇ ਮੁਖੀ ਸਿੱਖਾਂ ਨੂੰ ਖ਼ਤ ਭੇਜ ਕੇ ਗੁਰੂ ਸਾਹਿਬ ਦਾ ਪੈਗ਼ਾਮ ਦਿਤਾ ਅਤੇ ਹਥਿਆਰਬੰਦ ਹੋ ਕੇ ਬਾਂਗਰ ਦੇਸ ਵਿਚ ਪੁੱਜਣ ਵਾਸਤੇ ਆਖਿਆ। ਕੁੱਝ ਹੀ ਦਿਨਾਂ ਵਿਚ ਪੰਜ ਸੌ ਦੇ ਕਰੀਬ ਸਿੱਖ ਉਸ ਕੋਲ ਪੁੱਜ ਗਏ ਅਤੇ 2 ਮਹੀਨਿਆਂ ਵਿਚ ਹਜ਼ਾਰ ਤੋਂ ਵੱਧ ਸਿੱਖ ਆ ਗਏ ਅਤੇ ਹਰ ਰੋਜ ਨਵੇਂ ਸਿੱਖ ਭਰਤੀ ਹੋਣ ਲਗੇ। ਭਾਈ ਬੰਦਾ ਸਿੰਘ ਬਹਾਦੁਰ ਦਾ ਪਹਿਲਾ ਐਕਸ਼ਨ ਸੋਨੀਪਤ ਵਿਚ ਸੀ। ਸੋਨੀਪਤ ਦਾ ਫ਼ੌਜਦਾਰ ਉਨ੍ਹਾਂ ਦਾ ਟਾਕਰਾ ਕਰਨ ਦੀ ਬਜਾਏ ਡਰਦਾ-ਮਾਰਾ ਨਗਰ ਛੱਡ ਕੇ ਦਿੱਲੀ ਨੂੰ ਨੱਸ ਗਿਆ। ਸਿੱਖਾਂ ਨੇ ਸ਼ਾਹੀ ਖ਼ਜ਼ਾਨਾ, ਘੋੜੇ ਅਤੇ ਹਥਿਆਰ ਲੁੱਟ ਲਏ ਪਰ ਆਮ ਜਨਤਾ ਨੂੰ ਕੁਝ ਵੀ ਨਾ ਕਿਹਾ। ਭਾਵੇਂ ਸੋਨੀਪਤ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ ਪਰ ਉਨ੍ਹਾਂ ਨੇ ਉੱਥੇ ਨਾ ਠਹਿਰਨ ਦਾ ਫ਼ੈਸਲਾ ਕੀਤਾ।

ਸ਼ਾਹੀ ਖ਼ਜ਼ਾਨਾ ਖੋਹਣਾ

ਇਨ੍ਹਾਂ ਦਿਨਾਂ ਵਿੱਚ ਹੀ ਭਾਈ ਬੰਦਾ ਸਿੰਘ ਬਹਾਦੁਰ ਨੂੰ ਪਤਾ ਲਗਾ ਕਿ ਮੁਗ਼ਲ ਸਰਕਾਰ ਦਾ ਸ਼ਾਹੀ ਖ਼ਜ਼ਾਨਾ ਲੈ ਕੇ ਇਕ ਫ਼ੌਜੀ ਦਸਤਾ ਦਿੱਲੀ ਜਾ ਰਿਹਾ ਹੈ ਅਤੇ ਉਸ ਵੇਲੇ ਉਹ ਕੈਥਲ ਤੋਂ 20 ਕਿਲੋਮੀਟਰ ਦੂਰ, ਪਿੰਡ ਭੂਣ ਵਿਚ ਪੜਾਅ ਕਰ ਰਿਹਾ ਹੈ। ਇਹ ਪਤਾ ਲਗਣ 'ਤੇ ਸਿੱਖ ਭੂਣ ਪਿੰਡ ਵੱਲ ਚਲੇ ਗਏ ਅਤੇ ਸ਼ਾਹੀ ਖ਼ਜ਼ਾਨਾ ਲਿਆ ਰਹੇ ਅਮਲੇ 'ਤੇ ਹਮਲਾ ਕਰ ਦਿੱਤਾ। ਮੁਗ਼ਲ ਫ਼ੌਜੀ, ਸਿੱਖਾਂ ਦੇ ਅਚਾਨਕ ਹਮਲੇ ਤੋਂ ਘਬਰਾ ਗਏ ਅਤੇ ਡਰ ਕੇ ਭੱਜ ਗਏ ਅਤੇ ਖ਼ਜ਼ਾਨਾ ਸਿੱਖਾਂ ਦੇ ਹੱਥ ਆ ਗਿਆ। ਇੱਥੋਂ ਭੱਜੇ ਮੁਗ਼ਲ ਫ਼ੌਜੀਆਂ ਨੇ ਕੈਥਲ ਜਾ ਕੇ ਉੱਥੋਂ ਦੇ ਆਮਿਲ (ਛੋਟਾ ਫ਼ੌਜਦਾਰ) ਨੂੰ ਖ਼ਬਰ ਦਿੱਤੀ। ਕੈਥਲ ਦਾ ਆਮਿਲ ਹਿੰਦੂ ਸੀ ਪਰ ਉਹ ਮੁਗ਼ਲਾਂ ਦਾ ਬੜਾ ਵੱਡਾ ਵਫ਼ਾਦਾਰ ਸੀ। ਮੁਗ਼ਲਾਂ ਨੂੰ ਆਪਣੀ ਵਫ਼ਾਦਾਰੀ ਦਿਖਾਉਣ ਵਾਸਤੇ ਉਹ ਆਪਣੇ ਸਾਥੀਆਂ ਨੂੰ ਲੈ ਕੇ ਉੱਥੇ ਪੁੱਜਾ। ਕੈਥਲ ਦੇ ਫ਼ੌਜੀ ਜੱਥੇ ਦੇ ਆਉਣ ਦੀ ਖ਼ਬਰ ਸਿੱਖਾਂ ਨੂੰ ਪਹਿਲਾਂ ਹੀ ਮਿਲ ਗਈ ਸੀ ਇਸ ਕਰਕੇ ਉਹ ਦਰਖ਼ਤਾਂ ਅਤੇ ਖੋਲਿਆਂ ਵਿਚ ਲੁੱਕ ਗਏ ਸਨ। ਜਦ ਮੁਗ਼ਲ ਫ਼ੌਜੀ ਨੇੜੇ ਆਏ ਤਾਂ ਸਿੱਖਾਂ ਨੇ ਅਚਾਨਕ ਹਮਲਾ ਕਰ ਦਿੱਤਾ। ਸਿੱਖਾਂ ਦੇ ਐਕਸ਼ਨ ਦੌਰਾਨ ਬਹੁਤ ਸਾਰੇ ਸ਼ਾਹੀ ਮੁਗਲ ਸਿਪਾਹੀ ਮਾਰੇ ਗਏ। ਆਮਿਲ, ਖ਼ੁਦ ਆਪ ਸਿੱਖਾਂ ਦੇ ਘੇਰੇ ਵਿਚ ਆ ਗਿਆ। ਉਸ ਨੇ ਸਿੱਖਾਂ ਦੀ ਤਾਕਤ ਵੇਖ ਕੇ ਹਥਿਆਰ ਸੁੱਟ ਦਿੱਤੇ। ਉਸ ਨੇ ਸਿੱਖਾਂ ਦੀ ਸਿਰਦਾਰੀ ਮੰਨ ਲਈ ਅਤੇ ਜਾਨ ਬਖ਼ਸ਼ੀ ਦੀ ਅਰਜ਼ ਕੀਤੀ।

---

[16] ਇਹ ਦਿੱਲੀ ਤੋਂ 40 ਕਿਲੋਮੀਟਰ ਦੂਰ, ਰੋਹਤਕ ਤੋਂ ਕਰੀਬ 33 ਕਿਲੋਮੀਟਰ ਅਤੇ ਖਰਖੋਦਾ ਤੋਂ ਕਰੀਬ 13 ਕਿਲੋਮੀਟਰ ਦੂਰ ਹੈ।

ਭਾਈ ਬੰਦਾ ਸਿੰਘ ਬਹਾਦੁਰ ਨੇ ਉਸ ਦੀ ਅਰਜ਼ ਕਬੂਲ ਕਰ ਲਈ ਅਤੇ ਉਸ ਨੂੰ ਆਪਣੇ ਵੱਲੋਂ ਉਸ ਇਲਾਕੇ ਦਾ ਆਮਿਲ ਬਣਾ ਦਿੱਤਾ। ਕੈਥਲ ਦੇ ਖ਼ਜ਼ਾਨੇ 'ਚੋਂ ਮਿਲੇ ਮਾਲ ਅਤੇ ਕਾਬੂ ਕੀਤੇ ਘੋੜਿਆਂ ਨੂੰ ਭਾਈ ਬੰਦਾ ਸਿੰਘ ਬਹਾਦੁਰ ਨੇ ਸਾਥੀਆਂ ਵਿਚ ਵੰਡ ਦਿੱਤਾ ਅਤੇ ਆਪ ਕੁੱਝ ਵੀ ਨਾ ਰੱਖਿਆ। ਭਾਈ ਬੰਦਾ ਸਿੰਘ ਬਹਾਦੁਰ ਦੀ ਇਸ ਗੱਲ ਨੇ ਸਿੱਖਾਂ ਦੇ ਦਿਲਾਂ 'ਤੇ ਬੜਾ ਡੂੰਘਾ ਅਸਰ ਪਾਇਆ ਅਤੇ ਉਹ ਉਸ ਦੀ ਪਹਿਲਾਂ ਤੋਂ ਵੀ ਵੱਧ ਇੱਜ਼ਤ ਕਰਨ ਲੱਗ ਪਏ। ਇਸ ਤੋਂ ਥੋੜ੍ਹੇ ਦਿਨ ਮਗਰੋਂ ਹੀ ਭਾਈ ਰੂਪਾ, ਭਾਈ ਬਹਿਲੋ ਅਤੇ ਮਾਲਵੇ ਦੇ ਬਹੁਤ ਸਾਰੇ ਸਿੱਖ ਪਰਿਵਾਰਾਂ ਦੇ ਬਹੁਤ ਸਾਰੇ ਜਵਾਨ ਘੋੜਿਆਂ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਭਾਈ ਬੰਦਾ ਸਿੰਘ ਬਹਾਦੁਰ ਦੇ ਕੈਂਪ ਵਿਚ ਪਹੁੰਚ ਗਏ। ਕੁੱਝ ਹੀ ਹਫ਼ਤਿਆਂ ਵਿਚ ਇਹ ਗਿਣਤੀ ਤਿੰਨ-ਚਾਰ ਹਜ਼ਾਰ ਤੋਂ ਵੀ ਵੱਧ ਗਈ। ਭਾਈ ਬੰਦਾ ਸਿੰਘ ਬਹਾਦੁਰ ਨੇ ਸਿੱਖਾਂ ਨੂੰ ਸਮਝਾਇਆ ਕਿ ਸਾਡੀ ਸਭ ਤੋਂ ਵੱਡੀ ਕਾਰਵਾਈ ਸਰਹੰਦ ਵਿਚ ਹੋਵੇਗੀ। ਪਰ ਉਸ ਵਾਸਤੇ ਇਕ ਵੱਡੀ ਫ਼ੌਜ ਅਤੇ ਚੋਖੀ ਗਿਣਤੀ ਵਿਚ ਵੱਧੀਆ ਹਥਿਆਰਾਂ ਦੀ ਲੋੜ ਹੋਵੇਗੀ। ਇਹ ਨਿਸ਼ਾਨਾ ਹਾਸਿਲ ਕਰਨ ਵਾਸਤੇ ਸਾਨੂੰ ਪਹਿਲਾਂ ਕੁੱਝ ਸ਼ਾਹੀ ਅਸਲਾ-ਖਾਨਿਆਂ 'ਤੇ ਕਬਜ਼ਾ ਕਰਨਾ ਪਵੇਗਾ। ਇਸ ਮਕਸਦ ਵਾਸਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਨਾਰਨੌਲ, ਭਿਵਾਨੀ, ਹਿਸਾਰ ਵਗ਼ੈਰਾ 'ਤੇ ਹਮਲੇ ਕੀਤੇ ਅਤੇ ਅਸਲਾ ਤੇ ਖ਼ਜ਼ਾਨੇ ਖੋਹ ਲਏ। ਇਸ ਸਮੇਂ ਦੌਰਾਨ ਹੀ ਹੋਰ ਵੀ ਬਹੁਤ ਸਾਰੇ ਸਿੱਖ ਉਸ ਦੇ ਕੈਂਪ ਵਿਚ ਆ ਸ਼ਾਮਿਲ ਹੋਏ। ਇਸ ਦੇ ਨਾਲ ਹੀ ਭਾਈ ਬੰਦਾ ਸਿੰਘ ਬਹਾਦੁਰ ਨੇ ਫ਼ੈਸਲਾ ਕੀਤਾ ਕਿ ਸਰਹੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਇਸ ਦੇ ਆਲੇ-ਦੁਆਲੇ ਦੇ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ ਜਾਵੇ ਤਾਂ ਜੋ ਸਰਹੰਦ ਦੇ ਹਾਕਮ ਨੂੰ ਕਿਸੇ ਪਾਸਿਉਂ ਕੋਈ ਮਦਦ ਮਿਲਣ ਦੀ ਆਸ ਨਾ ਰਹੇ। ਇਸ ਸਾਰੇ ਵਾਸਤੇ ਸਮਾਣਾ ਤੋਂ ਵੱਧੀਆ ਕੋਈ ਹੋਰ ਥਾਂ ਨਹੀਂ ਸੀ ਹੋ ਸਕਦੀ। ਇਸ ਸੋਚ ਨਾਲ ਉਸ ਨੇ ਸਭ ਤੋਂ ਪਹਿਲਾਂ ਸਮਾਣਾ 'ਤੇ ਕਬਜ਼ਾ ਕਰਨ ਦਾ ਪਲਾਨ ਬਣਾਇਆ।

ਸਿੱਖਾਂ ਦੀ ਸਮਾਣਾ ’ਤੇ ਜਿੱਤ

ਕਿਸੇ ਜ਼ਮਾਨੇ ਵਿਚ ਸਮਾਣਾ ਮਾਲਵਾ ਅਤੇ ਬਾਂਗਰ ਦੇਸ਼ ਦੀ ਰਾਜਧਾਨੀ ਰਿਹਾ ਸੀ। 1360 ਵਿਚ ਫ਼ਿਰੋਜ਼ਸ਼ਾਹ ਤੁਗਲਕ ਨੇ ਸਮਾਣਾ ਦੀ ਥਾਂ ਸਰਹੰਦ ਨੂੰ ਰਾਜਧਾਨੀ ਬਣਾ ਦਿੱਤਾ ਅਤੇ ਸਮਾਣਾ ਨਗਰ ਦੀ ਅਹਮੀਅਤ ਘੱਟ ਗਈ। ਫਿਰ ਵੀ, 1709 ਵਿਚ, ਇਸ ਦੇ ਨੌਂ ਪਰਗਨੇ ਸਨ। ਅਜੇ ਵੀ ਬਹੁਤ ਸਾਰੇ ਸਯੱਦ [17] - ਵਜ਼ੀਰ ਏਥੇ ਹੀ ਰਹਿੰਦੇ ਸਨ। ਅਜਿਹੇ ਲੋਕ ਸੈਂਕੜਿਆਂ ਦੀ ਗਿਣਤੀ ਵਿਚ ਸਨ। ਇਨ੍ਹਾਂ ਵਿਚੋਂ 22 ਉਮਰਾ/ਅਮੀਰ ਤਾਂ ਉਹ ਸਨ ਜਿਨ੍ਹਾਂ ਨੂੰ ਨਿੱਜੀ ਪਾਲਕੀਆਂ ਵਿਚ ਆਉਣ-ਜਾਣ ਦਾ ਹੱਕ ਹਾਸਿਲ ਸੀ। ਇਨ੍ਹਾਂ ਸਾਰਿਆਂ ਦੀਆਂ ਹਵੇਲੀਆਂ ਕਿਲ੍ਹਿਆਂ ਵਰਗੀਆਂ ਸਨ। ਇੱਥੋਂ ਦਾ ਮੁਖ ਕਿਲ੍ਹਾ ਵੀ ਬੜਾ ਮਜ਼ਬੂਤ ਸੀ (ਇਸ ਕਿਲ੍ਹੇ ਦੀ ਕੰਧ ਦਾ

---

[17] ਸੱਯਦ, ਫਾਤਿਮਾ ਅਤੇ ਅਲੀ ਦੀ ਸੰਤਾਨ ਹਨ (ਫ਼ਾਤਿਮਾਂ ਹਜ਼ਰਤ ਮੁਹੰਮਦ ਦੀ ਧੀ ਅਤੇ ਅਲੀ ਉਸ ਦਾ ਜਵਾਈ ਸੀ। ਇਸ ਲਈ ਇਨ੍ਹਾਂ ਨੂੰ ਮੁਗਲਾਂ ਨੇ 'ਸੱਯਦ' ਕਹਿਕੇ ਵਿਸ਼ੇਸ਼ ਮਾਣ ਦਿੱਤਾ।

ਇਕ ਹਿੱਸਾ ਅੱਜ ਵੀ ਮੌਜੂਦ ਹੈ)। ਪਰ ਸਮਾਣੇ ਦੇ ਇਸ ਵੱਡੇ ਕਿਲ੍ਹੇ ਵਿਚ ਮੁਗ਼ਲ ਫ਼ੌਜਾਂ ਦੀ ਗਿਣਤੀ ਕੋਈ ਖਾਸ ਨਹੀਂ ਸੀ ਕਿਉਂਕਿ ਉੱਥੋਂ ਦੇ ਫ਼ੌਜਦਾਰ ਨੂੰ ਕਦੇ ਵੀ ਕਿਸੇ ਹਮਲੇ ਦੀ ਆਸ ਨਹੀਂ ਸੀ ।

ਸਮਾਣਾ ਦਾ ਸਿੱਖ ਤਵਾਰੀਖ਼ ਨਾਲ ਇਕ ਹੋਰ ਸੰਬੰਧ ਵੀ ਸੀ। 11 ਨਵੰਬਰ 1675 ਦੇ ਦਿਨ ਚਾਂਦਨੀ ਚੌਂਕ ਦਿੱਲੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਦਾ ਸਿਰ ਧੜ ਤੋਂ ਜੁਦਾ ਕਰਨ ਵਾਲਾ ਜੱਲਾਦ ਸੱਯਦ ਜਲਾਲੁੱਦੀਨ ਇੱਥੋਂ ਦਾ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਦੋਹਾਂ ਨਿੱਕੇ ਸਾਹਿਬਜ਼ਾਦਿਆਂ ਨੂੰ ਵੀ ਇਸੇ ਸ਼ਹਿਰ ਦੇ ਜੱਲਾਦਾਂ ਸ਼ੱਯਦ ਸ਼ਾਸ਼ਲ ਬੇਗ਼ ਤੇ ਬਾਸ਼ਲ ਬੇਗ਼ ਨੇ ਹੀ, 12 ਦਸੰਬਰ 1705 ਦੇ ਦਿਨ ਸ਼ਹੀਦ ਕੀਤਾ ਸੀ। ਅਨੰਦਪੁਰ ਸਾਹਿਬ ਵਿਚ 4 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਨੂੰ ਬਾਦਸ਼ਾਹ ਦੀ ਨਕਲੀ ਚਿੱਠੀ ਪਹੁੰਚਾਉਣ ਵਾਲਾ ਸੱਯਦ ਅਲੀ ਹੁਸੈਨ ਵੀ ਇੱਥੋਂ ਦਾ ਹੀ ਸੀ। ਸਿੱਖ ਇਸ ਨੂੰ 'ਜੱਲਾਦਾਂ ਦਾ ਸ਼ਹਿਰ' ਆਖ ਕੇ ਚੇਤੇ ਕਰਦੇ ਸਨ। ਇਸ ਕਰਕੇ ਭਾਈ ਬੰਦਾ ਸਿੰਘ ਬਹਾਦੁਰ ਨੇ ਸਭ ਤੋਂ ਪਹਿਲਾਂ (ਜੋ ਉਨ੍ਹਾਂ ਦੀ ਪਨਾਹਗਾਹ ਤੋਂ 90 ਕਿਲੋਮੀਟਰ ਦੂਰ ਸੀ) ਇਸੇ ਸ਼ਹਿਰ ਨੂੰ ਸੋਧਣ ਦਾ ਫ਼ੈਸਲਾ ਕੀਤਾ।

26 ਨਵੰਬਰ 1709 ਨੂੰ ਤੜਕਸਾਰ ਹੀ ਭਾਈ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਨੇ ਅਚਾਨਕ ਹੀ ਸਮਾਣੇ ਉੱਤੇ ਹਮਲਾ ਕਰ ਦਿੱਤਾ। ਸ਼ਹਿਰ ਦੇ ਮੁਗ਼ਲ ਹਾਕਮ ਉਸ ਵੇਲੇ ਬੇਖ਼ਬਰ ਸਨ। ਸਿੱਖਾਂ ਨੇ ਇੱਕੋ ਹੱਲੇ ਵਿਚ ਹੀ ਸ਼ਹਿਰ ਦਾ ਇਕ ਦਰਵਾਜ਼ਾ ਤੋੜ ਦਿੱਤਾ ਅਤੇ ਮੁਕਾਬਲਾ ਕਰਨ ਵਾਲੇ ਹਰ ਇਕ ਫ਼ੌਜੀ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ। ਮੁਗਲ ਫ਼ੌਜਾਂ ਨੇ ਕਾਫ਼ੀ ਮੁਕਾਬਲਾ ਕੀਤਾ ਪਰ ਕੁੱਝ ਹੀ ਘੰਟਿਆਂ ਵਿਚ ਨਗਰ ਅਤੇ ਇਸ ਦੇ ਕਿਲ੍ਹੇ 'ਤੇ ਸਿੱਖਾਂ ਦਾ ਕਬਜ਼ਾ ਹੋ ਗਿਆ।

ਸਮਾਣੇ ਉੱਤੇ ਕਬਜ਼ਾ ਕਰਨ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਐਲਾਨ ਕੀਤਾ ਕਿ ਕਿਸੇ ਵੀ ਨਿਰਦੋਸ਼ ਬੰਦੇ ਨੂੰ ਕੁੱਝ ਨਹੀਂ ਕਿਹਾ ਜਾਵੇਗਾ ਅਤੇ ਸਿਰਫ਼ ਜ਼ਾਲਮ ਹਾਕਮਾਂ ਅਤੇ ਜੱਲਾਦਾਂ ਨੂੰ ਹੀ ਸਜ਼ਾ ਦਿੱਤੀ ਜਾਵੇਗੀ। ਸਥਾਨਕ ਲੋਕਾਂ ਵਿਚ ਬਹੁਤੇ ਆਮ ਮੁਸਲਮਾਨ ਕਿਸਾਨ ਹੀ ਸਨ ਜੋ ਜ਼ਮੀਨਾਂ ਦੇ ਮਾਲਕ ਨਹੀਂ ਸਨ ਬਲਕਿ ਮੁਜ਼ਾਰੇ ਸਨ। ਉਹ ਮੁਗ਼ਲ ਅਤੇ ਜੱਲਾਦ ਸੱਯਦ ਜਗੀਰਦਾਰਾਂ ਤੋਂ ਬਹੁਤ ਦੁਖੀ ਸਨ। ਇਸ ਕਰਕੇ ਉਨ੍ਹਾਂ ਨੂੰ ਜਗੀਰਦਾਰਾਂ ਅਤੇ ਅਮੀਰਾਂ ਨਾਲ ਕੋਈ ਹਮਦਰਦੀ ਨਹੀਂ ਸੀ। ਇਨ੍ਹਾਂ ਕਿਸਾਨਾਂ ਨੇ ਸਿੱਖ ਫ਼ੌਜਾਂ ਦਾ ਮੁਕਾਬਲਾ ਤਾਂ ਕੀ ਕਰਨਾ ਸੀ ਸਗੋਂ ਉਨ੍ਹਾਂ ਨੇ ਸਿੱਖਾਂ ਦਾ ਸਾਥ ਦਿਤਾ ਅਤੇ ਅਮੀਰਾਂ ਅਤੇ ਜ਼ਾਲਮਾਂ ਬਾਰੇ ਵਾਕਫ਼ੀ ਦਿੱਤੀ। ਇਨ੍ਹਾਂ ਤੋਂ ਵਾਕਫ਼ੀ ਹਾਸਿਲ ਕਰਕੇ ਸਿੱਖ ਫ਼ੌਜਾਂ ਨੇ ਅਮੀਰਾਂ, ਵਜ਼ੀਰਾਂ ਅਤੇ ਜੱਲਾਦਾਂ ਦੀਆਂ ਕਿਲ੍ਹਾ-ਨੁਮਾ ਹਵੇਲੀਆਂ ਅਤੇ ਘਰਾਂ ਦੀ ਨਿਸ਼ਾਨ-ਦੇਹੀ ਕੀਤੀ ਅਤੇ ਇਨ੍ਹਾਂ ਸਾਰਿਆਂ ਨੂੰ ਘੇਰਾ ਪਾ ਲਿਆ। ਉਨ੍ਹਾਂ ਨੇ ਆਪਣੀਆਂ ਹਵੇਲੀਆਂ ਅਤੇ ਕਿਲ੍ਹਿਆਂ ਵਿੱਚੋਂ ਸਿੱਖਾਂ 'ਤੇ ਗੋਲਾਬਾਰੀ ਕਰਨੀ ਅਤੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਸਿੱਖ ਇਸ ਖ਼ਤਰਨਾਕ ਹਮਲੇ ਦੇ ਬਾਵਜੂਦ ਡਟੇ ਰਹੇ। ਅਖ਼ੀਰ ਮਜ਼ਬੂਰ ਹੋ ਕੇ ਸਿੱਖਾਂ ਨੇ ਇਨ੍ਹਾਂ ਕਿਲ੍ਹਾ-ਨਮਾ ਹਵੇਲੀਆਂ ਨੂੰ ਅੱਗ ਲਾ ਦਿੱਤੀ ਜਿਸ ਨਾਲ ਬਹੁਤ ਸਾਰੇ ਸੱਯਦ ਮੁਗ਼ਲ ਅੰਦਰ ਸੜ ਕੇ ਮਰ ਗਏ ਅਤੇ ਜਿਹੜੇ ਅੱਗ ਤੋਂ ਬਚਣ ਵਾਸਤੇ ਹਥਿਆਰ ਲੈ ਕੇ ਬਾਹਰ ਨਿਕਲੇ ਉਹ ਸਿੱਖ ਫ਼ੌਜਾਂ ਦੀਆਂ ਤਲਵਾਰਾਂ ਅਤੇ ਨੇਜ਼ਿਆਂ ਦਾ ਸ਼ਿਕਾਰ ਬਣ ਗਏ।

ਤੜਕੇ ਤੋਂ ਲੈ ਕੇ ਸ਼ਾਮ ਤੱਕ ਸਮਾਣਾ ਦੀਆਂ ਗਲੀਆਂ ਵਿਚ ਜ਼ਬਰਦਸਤ ਲੜਾਈ ਚਲਦੀ ਰਹੀ। ਕਈ ਮੁਗ਼ਲ ਅਤੇ ਸੱਯਦ ਤਾਂ ਜਾਨ ਤੋੜ ਕੇ ਲੜੇ ਪਰ ਅਖ਼ੀਰ ਮਾਰੇ ਗਏ।

ਅਜੇ ਸ਼ਾਮ ਪੂਰੀ ਤਰ੍ਹਾਂ ਢਲੀ ਨਹੀਂ ਸੀ ਕਿ ਸਿੱਖਾਂ ਦਾ ਟਾਕਰਾ ਕਰਨ ਵਾਲੇ ਸਾਰੇ ਮੁਗ਼ਲ ਅਤੇ ਸੱਯਦ ਖ਼ਤਮ ਹੋ ਚੁੱਕੇ ਸਨ ਜਾਂ ਸ਼ਹਿਰ ਵਿਚੋਂ ਦੌੜ ਚੁੱਕੇ ਸਨ। ਹੁਣ ਸ਼ਹਿਰ ਵਿਚ ਆਮ ਕਿਸਾਨਾਂ ਅਤੇ ਮਜ਼ਦੂਰਾਂ ਤੋਂ ਇਲਾਵਾ ਹਾਕਮ ਜਮਾਤ ਦੇ ਸਿਰਫ਼ ਬੱਚੇ, ਔਰਤਾਂ ਅਤੇ ਕੁੱਝ ਕੂ ਉਹ ਬੁੱਢੇ ਹੀ ਰਹਿ ਗਏ ਸਨ ਜਿਨ੍ਹਾਂ ਨੇ ਸਿੱਖਾਂ ਦਾ ਮੁਕਾਬਲਾ ਨਹੀਂ ਸੀ ਕੀਤਾ। **ਸਿੱਖਾਂ ਨੇ ਕਿਸੇ ਵੀ ਔਰਤ, ਬੁੱਢੇ ਅਤੇ ਬੱਚੇ ਨੂੰ ਕੁੱਝ ਵੀ ਨਾ ਕਿਹਾ। ਸਿੱਖਾਂ ਨੇ ਤਾਂ ਕਿਸੇ ਮਸੀਤ 'ਤੇ ਵੀ ਹਮਲਾ ਨਹੀਂ ਸੀ ਕੀਤਾ ਕਿਉਂਕਿ ਸਿੱਖਾਂ ਦੀ ਇਹ ਲੜਾਈ ਇਸਲਾਮ ਦੇ ਖ਼ਿਲਾਫ਼ ਨਹੀਂ, ਬਲਕਿ ਜ਼ੁਲਮ ਦੇ ਖ਼ਿਲਾਫ਼ ਸੀ। ਇਸ ਕਰਕੇ ਅੱਜ ਵੀ ਸਮਾਣਾ ਵਿਚ ਉਸ ਜ਼ਮਾਨੇ ਦੀਆਂ ਘੱਟ ਤੋਂ ਘੱਟ ਦਰਜ਼ਨ ਮਸੀਤਾਂ, ਮਕਬਰੇ ਅਤੇ ਹੋਰ ਇਮਾਰਤਾਂ ਮੌਜੂਦ ਹਨ।** ਰਾਤ ਪੈਣ ਤੋਂ ਪਹਿਲਾਂ ਸਮਾਣਾ ਸਿੱਖਾਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਇਸ ਲੜਾਈ ਦੌਰਾਨ ਮਰਨ ਵਾਲੇ ਮੁਗ਼ਲਾਂ ਤੇ ਸੱਯਦਾਂ ਦੀ ਗਿਣਤੀ ਵੱਖ-ਵੱਖ ਸੋਮੇ ਪੰਜ ਤੋਂ ਦਸ ਹਜ਼ਾਰ ਤੱਕ ਲਿਖਦੇ ਹਨ।

ਸਮਾਣੇ ਉੱਤੇ ਕਬਜ਼ੇ ਦੌਰਾਨ ਸਿੱਖ ਫ਼ੌਜਾਂ ਨੂੰ ਹਥਿਆਰਾਂ ਦਾ ਵੱਡਾ ਜ਼ਖੀਰਾ, ਬਹੁਤ ਸਾਰਾ ਸੋਨਾ, ਹੀਰੇ, ਚਾਂਦੀ ਅਤੇ ਸੈਂਕੜੇ ਘੋੜੇ ਹਾਸਿਲ ਹੋਏ। ਹੁਣ ਸਿੱਖ ਫ਼ੌਜ ਕੋਲ ਕਾਫ਼ੀ ਅਸਲਾ ਅਤੇ ਘੋੜੇ ਆ ਚੁੱਕੇ ਸਨ। ਸਮਾਣੇ 'ਤੇ ਕਬਜ਼ੇ ਦੌਰਾਨ ਸਭ ਤੋਂ ਵੱਧ ਰੋਲ ਭਾਈ ਫ਼ਤਹਿ ਸਿੰਘ ਦਾ ਸੀ। ਭਾਈ ਬੰਦਾ ਸਿੰਘ ਬਹਾਦੁਰ ਨੇ ਭਾਈ ਫ਼ਤਹਿ ਸਿੰਘ ਨੂੰ ਸਮਾਣਾ ਦਾ ਫ਼ੌਜਦਾਰ ਤਾਇਨਾਤ ਕੀਤਾ ਅਤੇ ਕੁੱਝ ਫ਼ੌਜ ਉਸ ਲਈ ਰੀਜ਼ਰਵ ਕਰਕੇ ਅਗਲੇ ਐਕਸ਼ਨ ਦੀ ਤਿਆਰੀ ਸ਼ੁਰੂ ਕਰ ਦਿੱਤੀ। ਇਸ ਵੇਲੇ ਤੱਕ ਸਿੱਖ ਫ਼ੌਜ ਵਿਚ 10-12 ਹਜ਼ਾਰ ਸਿੱਖ ਸ਼ਾਮਿਲ ਹੋ ਚੁੱਕੇ ਸਨ। ਖ਼ਾਫ਼ੀ ਖ਼ਾਨ ਮੁਤਾਬਿਕ: "ਦੋ ਤੋਂ ਤਿੰਨ ਮਹੀਨੇ ਵਿਚ ਹੀ ਚਾਰ ਤੋਂ ਪੰਜ ਹਜ਼ਾਰ ਘੌੜਸਵਾਰ ਅਤੇ ਸੱਤ ਤੋਂ ਅੱਠ ਹਜ਼ਾਰ ਪੈਦਲ ਬੰਦੇ ਉਸ ਨਾਲ ਆ ਰਲੇ। ਹਰ ਦਿਨ ਉਨ੍ਹਾਂ ਦੀ ਗਿਣਤੀ ਵਧਦੀ ਗਈ। [18](ਖ਼ਾਫ਼ੀ ਖ਼ਾਨ, ਮੁੰਤਖ਼ਬੁਲ-ਉਲ-ਲੁਬਾਬ, ਚੈਪਟਰ 2, ਸਫ਼ਾ 660)। ਸਮਾਣਾ ਵਿਚੋਂ ਕੁਝ ਕੁ ਮੁਸਲਮਾਨ ਅਮੀਰ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ ਸਨ ਅਤੇ ਉਨ੍ਹਾਂ ਵਿਚੋਂ ਬਹੁਤੇ ਥਾਨੇਸਰ, ਮੁਰਤਜ਼ਾਪੁਰ ਅਤੇ ਪਿਹੋਵਾ ਚਲੇ ਗਏ ਸਨ।

ਸਿੱਖਾਂ ਦਾ ਘੁੜਾਮ 'ਤੇ ਕਬਜ਼ਾ

ਸਮਾਣੇ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ 35 ਕਿਲੋਮੀਟਰ ਦੂਰ ਘੁੜਾਮ ਵੱਲ ਚੜ੍ਹਾਈ ਕਰ ਦਿੱਤੀ। [19] ਉਨ੍ਹਾਂ ਰਸਤੇ ਵਿਚ ਪ੍ਰਾਚੀਨ ਨਗਰ ਸਨੌਰ ਉਤੇ ਹਮਲਾ ਕਰ ਕੇ ਇਸ 'ਤੇ ਵੀ

---

[18] ਖਾਫੀ ਖ਼ਾਨ, ਮੁੰਤਖਬਲ-ਉਲ-ਲੁਬਾਬ, (1722); ਭਾਗ ਦੂਜਾ, ਪੰਨਾ 652

[19] ਘੁੜਾਮ, ਸਨੌਰ ਤੋਂ ਤਕਰੀਬਨ 20 ਕਿਲੋਮੀਟਰ ਦੂਰ ਇਕ ਪ੍ਰਾਚੀਨ ਸ਼ਹਿਰ ਹੈ ਜੋ ਕਦੇ ਪੰਜਾਬ ਦੀ ਰਾਜਧਾਨੀ ਰਿਹਾ ਹੈ। ਕੁਤੁਬ-ਉਦ-ਦੀਨ ਐਬਿਕ ਨੇ ਦਿੱਲੀ ਜਾਣ ਤੋਂ ਪਹਿਲਾਂ ਇਸ ਨੂੰ ਰਾਜਧਾਨੀ ਬਣਾਇਆ। ਰਜ਼ੀਆ ਸੁਲਤਾਨਾ ਜਦੋਂ ਮਹਾਰਾਣੀ ਬਣੀ ਤਾਂ, ਉਸਨੇ ਸ਼ਾਹੀ ਕੈਦੀਆਂ ਲਈ ਜੇਲ੍ਹ ਦੇ ਤੌਰ 'ਤੇ ਇਸ ਕਿਲ੍ਹੇ ਨੂੰ ਵਰਤਿਆ। ਉਸਨੇ ਆਪਣੇ ਬਾਗ਼ੀ ਭਰਾ ਨੂੰ ਵੀ ਇਸ ਜੇਲ੍ਹ ਵਿੱਚ ਰੱਖਿਆ।

ਕਬਜ਼ਾ ਕਰ ਲਿਆ।[20] ਇਥੋਂ ਦੌਲਤ ਅਤੇ ਅਸਲਾ ਲੈ ਕੇ ਸਿੱਖ ਫ਼ੌਜਾਂ ਨੇ ਘੁੜਾਮ ਵੱਲ ਕੂਚ ਕੀਤਾ। ਘੁੜਾਮ ਵੀ ਇਕ ਪ੍ਰਾਚੀਨ ਨਗਰ ਸੀ ਅਤੇ ਇਸ ਦਾ ਕਿਲ੍ਹਾ ਬੜੀ ਅਹਿਮੀਅਤ ਰੱਖਦਾ ਸੀ। ਇਹ ਕਿਲ੍ਹਾ ਮੁਹੰਮਦ ਗ਼ੌਰੀ ਦੇ ਵੇਲੇ ਤੋਂ ਹੀ ਵੱਡੀਆਂ ਸਿਆਸੀ ਸਰਗਰਮੀਆਂ ਦਾ ਕੇਂਦਰ ਰਿਹਾ ਸੀ। ਕਿਉਂਕਿ ਭਾਈ ਬੰਦਾ ਸਿੰਘ ਬਹਾਦੁਰ ਚਾਹੁੰਦਾ ਸੀ ਕਿ ਸਰਹੰਦ 'ਤੇ ਹਮਲਾ ਕਰਨ ਤੋਂ ਪਹਿਲਾਂ ਇਸ ਦੇ ਆਲੇ-ਦੁਆਲੇ ਦੇ ਸਾਰੇ ਕਿਲ੍ਹਿਆਂ ਉੱਤੇ ਕਬਜ਼ਾ ਕਰ ਲਿਆ ਜਾਵੇ, ਇਸ ਕਰ ਕੇ ਸਿੱਖ ਫ਼ੌਜਾਂ ਵਾਸਤੇ ਇਹ ਕਿਲ੍ਹਾ ਜਿੱਤਣਾ ਵੀ ਜ਼ਰੂਰੀ ਸੀ। ਜਦੋਂ ਸਿੱਖ ਫ਼ੌਜਾਂ ਨੇ ਘੁੜਾਮ ’ਤੇ ਹਮਲਾ ਕੀਤਾ ਤਾਂ ਇੱਥੋਂ ਦੇ ਫ਼ੌਜਦਾਰ ਨੇ ਡੱਟ ਕੇ ਮੁਕਾਬਲਾ ਕੀਤਾ। ਇਸ ਘਮਸਾਨ ਦੇ ਜੰਗ ਵਿਚ ਸਿੱਖ ਅਤੇ ਮੁਸਲਮਾਨ ਦੋਹਾਂ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ ਪਰ ਅਖ਼ੀਰ ਜਿੱਤ ਸਿੱਖਾਂ ਦੀ ਹੀ ਹੋਈ ਅਤੇ ਕਿਲ੍ਹਾ, ਘੋੜੇ, ਹਥਿਆਰ ਅਤੇ ਖ਼ਜ਼ਾਨਾ ਸਿੱਖਾਂ ਦੇ ਹੱਥ ਆ ਗਿਆ। ਹੁਣ ਘੁੜਾਮ ਦੇ ਕਿਲ੍ਹੇ ਦੀਆਂ ਕੁੱਝ ਕੁ ਨਿਸ਼ਾਨੀਆਂ ਹੀ ਬਚੀਆਂ ਹਨ।

ਠਸਕੇ ’ਤੇ ਹਮਲਾ

ਘੁੜਾਮ ਜਿੱਤਣ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ, ਇੱਥੋਂ ਹੋਰ 20 ਕਿਲੋਮੀਟਰ ਅੱਗੇ, ਠਸਕਾ (ਜਿਸ ਨੂੰ 'ਠਸਕਾ ਮੀਰਾਂ ਜੀ' ਵੀ ਕਹਿੰਦੇ ਸਨ) ਵਲ ਚੜ੍ਹਾਈ ਕਰ ਦਿੱਤੀ। ਇਸ ਸ਼ਹਿਰ ਵਿਚ ਸੈਂਕੜੇ ਸੱਯਦ, ਮੁਗ਼ਲ, ਸ਼ੇਖ਼ ਅਤੇ ਹੋਰ ਅਮੀਰ ਰਹਿੰਦੇ ਸਨ। ਇੱਥੋਂ ਦੇ ਕਈ ਮੁਸਲਮਾਨ 'ਪੀਰ' ਹੋਣ ਦਾ ਪਾਖੰਡ ਕਰਦੇ ਸਨ। ਉਨ੍ਹਾਂ ਨੇ ਆਪਣੇ ਕੋਲ ਗ਼ੈਬੀ ਤਾਕਤ ਹੋਣ ਦਾ ਝੂਠਾ ਪ੍ਰਚਾਰ ਕਰਕੇ ਆਮ ਲੋਕਾਂ ਨੂੰ ਉਵੇਂ ਹੀ ਬੇਵਕੂਫ਼ ਬਣਾਇਆ ਹੋਇਆ ਸੀ ਜਿਵੇਂ ਮੁਹੰਮਦ ਗ਼ੌਰੀ ਦੇ ਸੋਮਨਾਥ ਮੰਦਰ 'ਤੇ ਹਮਲੇ (1027) ਤੋਂ ਪਹਿਲਾਂ ਬ੍ਰਾਹਮਣਾਂ ਨੇ ਹਿੰਦੂਆਂ ਨੂੰ ਅਤੇ ਬਾਬਰ ਦੇ ਐਮਨਾਬਾਦ 'ਤੇ ਹਮਲੇ (1520) ਵੇਲੇ ਪਠਾਨਾਂ ਨੇ ਮੁਸਲਮਾਨਾਂ ਨੂੰ।[21] ਜਿਵੇਂ ਗ਼ੌਰੀ ਜਾਂ ਬਾਬਰ ਦੇ ਹਮਲੇ ਵੇਲੇ ਹਿੰਦੂਆਂ ਜਾਂ ਪਠਾਨਾਂ ਦਾ ਕੋਈ ਮੰਤਰ ਵੀ ਕੰਮ ਨਹੀਂ ਆਇਆ ਸੀ ਹੁਣ ਵੀ ਇਨ੍ਹਾਂ ਕਾਗ਼ਜ਼ੀ ਪੀਰਾਂ-ਫ਼ਕੀਰਾਂ ਦੇ ਅਖੌਤੀ 'ਕਾਲੇ ਇਲਮ' ਦਾ ਕੋਈ ਅਸਰ ਨਾ ਹੋਇਆ। ਅਖ਼ੀਰ ਠਸਕੇ ਦਾ ਇਕ ਪੀਰ ਜ਼ਾਫ਼ਰ ਅਲੀ, ਮੂੰਹ ਵਿਚ ਘਾਹ ਲੈ ਕੇ, ਭਾਈ ਬੰਦਾ ਸਿੰਘ ਬਹਾਦੁਰ ਕੋਲ ਪੇਸ਼ ਹੋਇਆ ਤੇ ਕਹਿਣ ਲਗਾ 'ਅਸੀਂ ਤੁਹਾਡੀਆਂ ਗਊਆਂ ਹਾਂ। ਸਾਨੂੰ ਬਖ਼ਸ਼ ਦਿਓ।[22] ' ਇਹ ਸੁਣ ਕੇ ਭਾਈ ਬੰਦਾ ਸਿੰਘ ਬਹਾਦੁਰ ਨੇ ਜਵਾਬ ਦਿੱਤਾ ਤੁਹਾਡਾ ਮੁਆਫ਼ੀਨਾਮਾ ਹੀ ਕਾਫ਼ੀ ਹੈ। ਅਸੀਂ ਕਿਸੇ ਮਾਸੂਮ ਬੰਦੇ ਨੂੰ ਨੁਕਸਾਨ ਨਹੀਂ ਪਹੁੰਚਾਵਾਂਗੇ ਅਤੇ ਸਿਰਫ਼ ਜ਼ਾਲਮ ਹਾਕਮਾਂ ਨੂੰ ਹੀ ਸਜ਼ਾ ਦੇਵਾਂਗੇ। ” ਇਸ ਮਗਰੋਂ ਸ਼ਹਿਰ ਦੇ ਬਹੁਤ ਸਾਰੇ ਅਮੀਰਾਂ ਨੇ ਸਿੱਖ ਫ਼ੌਜਾਂ ਨੂੰ ਨਜ਼ਰਾਨੇ ਪੇਸ਼ ਕੀਤੇ। ਭਾਈ ਬੰਦਾ ਸਿੰਘ ਬਹਾਦੁਰ ਨੇ ਉਨ੍ਹਾਂ ਨੂੰ ਬਖ਼ਸ਼ ਦਿੱਤਾ, ਪਰ ਜ਼ਾਲਮ ਅਹਿਲਕਾਰਾਂ ਨੂੰ ਉਨ੍ਹਾਂ ਦੇ ਜੁਰਮਾਂ ਮੁਤਾਬਿਕ ਸਜ਼ਾਵਾਂ ਦਿੱਤੀਆਂ ਗਈਆਂ।

---

[20] ਇਹ ਸਮਾਨਾ ਤੋਂ 28 ਕਿਲੋਮੀਟਰ ਅਤੇ ਪਟਿਆਲਾ ਤੋਂ 3 ਕਿਲੋਮੀਟਰ ਦੂਰ ਹੈ। ਹੁਣ ਇਹ ਪਟਿਆਲਾ ਜ਼ਿਲ੍ਹੇ ਵਿੱਚ ਹੈ।

[21] ਗੁਰਬਾਣੀ ਦਾ ਇੱਕ ਸ਼ਬਦ ਪ੍ਰਸਿੱਧ ਹੈ। ਜੋ ਬਾਬਰ ਦੀ ਇਸ ਘਟਨਾ ਨੂੰ ਦਰਸਾਉਂਦਾ ਹੈ। (ਗੁਰੂ ਗ੍ਰੰਥ ਸਾਹਿਬ ਅੰਗ 418).

[22] ਕੁਝ ਹਿੰਦੂ ਵੈਸ਼ਨਵ ਮੱਤ ਅਨੁਸਾਰ ਭਾਰਤ ਵਿਚ ਗਊ ਨੂੰ ਸਾਉ/ਬੇਬੱਸ ਮੰਨਦੇ ਹਨ।

ਥਾਨੇਸਰ ਅਤੇ ਸ਼ਾਹਬਾਦ (ਮਾਰਕੰਡਾ) ’ਤੇ ਕਬਜਾ

ਠਸਕੇ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ (30 ਕਿਲੋਮੀਟਰ ਦੂਰ) ਥਾਨੇਸਰ ਵੱਲ ਕੂਚ ਕੀਤਾ ਅਤੇ ਇਸ 'ਤੇ ਕਬਜ਼ਾ ਕਰ ਲਿਆ ਇੱਥੋਂ ਉਹ ਮਾਰਕੰਡਾ ਨਦੀ ਦੇ ਕੰਢੇ ਵਸੇ ਹੋਏ ਨਗਰ, ਸ਼ਾਹਬਾਦ (ਥਾਨੇਸਰ ਤੋਂ 30 ਕਿਲੋਮੀਟਰ) ਵੱਲ ਚੱਲ ਪਿਆ। ਜਦੋਂ ਇੱਥੋਂ ਦੇ ਫ਼ੌਜਦਾਰ ਨੂੰ ਪਤਾ ਲਗਾ ਕਿ ਸਿੱਖ ਇਧਰ ਆ ਰਹੇ ਹਨ ਤਾਂ ਉਹ ਡਰ ਗਿਆ ਅਤੇ ਸ਼ਹਿਰ ਛੱਡ ਕੇ ਟੱਬਰ ਸਣੇ ਦਿੱਲੀ ਵੱਲ ਦੌੜ ਗਿਆ। ਜਦੋਂ ਸਿੱਖ ਫ਼ੌਜਾਂ ਸ਼ਾਹਬਾਦ ਮਾਰਕੰਡਾ ਪੁੱਜੀਆਂ ਤਾਂ ਸ਼ਾਹੀ ਫ਼ੌਜ ਨੇ ਚਿੱਟਾ ਝੰਡਾ ਖੜਾ ਕਰਕੇ ਸਿੱਖਾਂ ਦੀ ਸਿਰਦਾਰੀ ਕਬੂਲ ਕਰ ਲਈ। ਇਸ ਮਗਰੋਂ ਸ਼ਾਹੀ ਖ਼ਜ਼ਾਨਾ, ਘੋੜੇ, ਅਸਲਾ ਆਪਣੇ ਕਬਜ਼ੇ ਵਿਚ ਕਰਨ ਮਗਰੋਂ ਅਮੀਰਾਂ ਤੋਂ ਨਜ਼ਰਾਨੇ ਲੈ ਕੇ ਭਾਈ ਬੰਦਾ ਸਿੰਘ ਬਹਾਦੁਰ ਅੱਗੇ ਚੱਲ ਪਿਆ।

ਮੁਸਤਫ਼ਾਬਾਦ ’ਤੇ ਕਬਜ਼ਾ

ਹੁਣ ਸਿੱਖ ਫ਼ੌਜਾਂ ਨੇ ਸ਼ਾਹਬਾਦ ਤੋਂ 40 ਕਿਲੋਮੀਟਰ ਦੂਰ ਇਕ ਹੋਰ ਅਹਿਮ ਨਗਰ ਮੁਸਤਫ਼ਾਬਾਦ ਵੱਲ ਚਾਲੇ ਪਾ ਲਏ। ਜਦੋਂ ਸਿੱਖ ਇਸ ਨਗਰ ਦੇ ਨੇੜੇ ਪੁੱਜੇ ਤਾਂ ਇੱਥੋਂ ਦੇ ਫ਼ੌਜਦਾਰ ਨੇ 2000 ਫ਼ੌਜੀ ਦੋ ਤੋਪਾਂ ਦੇ ਕੇ ਸਿੱਖਾਂ ਦਾ ਰਾਹ ਰੋਕਣ ਵਾਸਤੇ ਭੇਜ ਦਿੱਤੇ। ਸਿੱਖਾਂ ਨੇ ਇਕ ਦਮ ਜ਼ੋਰਦਾਰ ਹੱਲਾ ਕੀਤਾ ਤਾਂ ਮੁਗ਼ਲ ਫ਼ੌਜਾਂ ਘਬਰਾ ਕੇ ਦੌੜ ਗਈਆਂ। ਉਹ ਜਾਣ ਲੱਗਿਆਂ ਦੋ ਤੋਪ ਵੀ ਪਿੱਛੇ ਛੱਡ ਗਈਆਂ ਜੋ ਸਿੱਖਾਂ ਨੇ ਕਬਜ਼ੇ ਵਿਚ ਲੈ ਲਈਆਂ। ਇਸ ਮਗਰੋਂ ਸਿੱਖ ਫ਼ੌਜਾਂ ਨੇ ਇਸ ਨਗਰ ਵਿਚ ਹਾਕਮਾਂ ਅਤੇ ਅਮੀਰਾਂ ਦੇ ਖ਼ਜ਼ਾਨੇ ਹੌਲੇ ਕੀਤੇ।

ਕੁੰਜਪੁਰਾ ’ਤੇ ਹਮਲਾ

ਭਾਈ ਬੰਦਾ ਸਿੰਘ ਬਹਾਦੁਰ ਸਰਹੰਦ’ਤੇ ਕਬਜ਼ਾ ਕਰਨਾ ਚਾਹੁੰਦਾ ਸੀ॥ ਉਨ੍ਹੀਂ ਦਿਨੀਂ ਵਜ਼ੀਰ ਖ਼ਾਨ (ਸੂਬੇਦਾਰ ਸਰਹੰਦ) ਦਾ ਇਕ ਜਾਸੂਸ ਸਿੱਖ ਫ਼ੌਜਾਂ ਦੀ ਸੂਹ ਲੈਂਦਾ ਫੜਿਆ ਗਿਆ। ਸਿੱਖਾਂ ਨੇ ਉਸ ਨੂੰ ਮਾਰਨ ਦੀ ਥਾਂ ਭਾਈ ਬੰਦਾ ਸਿੰਘ ਬਹਾਦੁਰ ਦੇ ਹਵਾਲੇ ਕੀਤਾ, ਜਿਸਨੇ ਉਸ ਸੂਹੀਏ ਹੱਥ ਵਜ਼ੀਰ ਖ਼ਾਨ ਨੂੰ ਪੈਗ਼ਾਮ ਭੇਜਿਆ ਕਿ 'ਅਸੀਂ ਹੁਣ ਸਰਹੰਦ ’ਤੇ ਹਮਲਾ ਕਰਨਾ ਹੈ, ਉਸ ਨੂੰ ਕਹੋ ਤਿਆਰੀ ਕਰ ਲਵੇ।' ਸਿੱਖਾਂ ਨੇ ਇਹ ਵੀ ਕਿਹਾ ਸੀ ਕਿ ਇਸ ਤੋਂ ਪਹਿਲਾਂ ਉਸ ਦੇ ਜੱਦੀ ਪਿੰਡ ਕੁੰਜਪੁਰਾ 'ਤੇ ਵੀ ਕਬਜ਼ਾ ਕਰਾਂਗੇ। ਜਦੋਂ ਸਿੱਖਾਂ ਨੇ ਠਸਕਾ ਮਾਰ ਲਿਆ ਤਾਂ ਵਜ਼ੀਰ ਖਾਨ ਨੂੰ ਯਕੀਨ ਆ ਗਿਆ ਸੀ ਕਿ ਹੁਣ ਸਿੱਖ ਉਸ ਦੇ ਪਿੰਡ ਕੁੰਜਪੁਰਾ (ਮੁਸਤਫ਼ਾਬਾਦ ਤੋਂ 75 ਕਿਲੋਮੀਟਰ, ਕਰਨਾਲ ਤੋਂ 13 ਕਿਲੋਮੀਟਰ) ਉੱਤੇ ਜ਼ਰੂਰ ਹਮਲਾ ਕਰਨਗੇ। ਇਹ ਸੋਚ ਕੇ ਉਸ ਨੇ ਦੋ ਹਜ਼ਾਰ ਘੋੜਸਵਾਰ, ਚਾਰ ਹਜ਼ਾਰ ਪੈਦਲ ਫ਼ੌਜ ਅਤੇ ਦੋ ਵੱਡੀਆਂ ਤੋਪਾਂ, ਕੁੰਜਪੁਰਾ ਦੀ ਹਿਫ਼ਾਜ਼ਤ ਵਾਸਤੇ ਰਵਾਨਾ ਕਰ ਦਿੱਤੀਆ। ਪਰ ਇਸ ਤੋਂ ਪਹਿਲਾਂ ਕਿ ਵਜ਼ੀਰ ਖ਼ਾਨ ਦੀ ਫ਼ੌਜ ਪਹੁੰਚ ਸਕਦੀ ਸਿੱਖਾਂ ਨੇ ਕੁੰਜਪੁਰਾ 'ਤੇ ਕਬਜ਼ਾ ਕਰ ਲਿਆ। ਜਦ ਵਜ਼ੀਰ ਖ਼ਾਨ ਦੀ ਫ਼ੌਜ ਉੱਥੇ ਪੁੱਜੀ ਤਾਂ ਸਿੱਖ ਫ਼ੌਜਾਂ ਨੇ ਇੱਕਦਮ ਹਮਲਾ ਕਰਕੇ ਉਨ੍ਹਾਂ ਦੀਆਂ ਤੋਪਾਂ 'ਤੇ ਕਬਜ਼ਾ ਕਰ ਲਿਆ ਅਤੇ

ਸੈਂਕੜੇ ਹਮਲਾਵਰ ਫ਼ੌਜੀ ਮਾਰ ਮੁਕਾਏ ਅਤੇ ਮਾਰ ਖਾਣ ਮਗਰੋਂ ਪਠਾਣ ਅਤੇ ਮੁਗ਼ਲ ਫ਼ੌਜਾਂ ਭੱਜ ਗਈਆਂ। ਇਸ ਨਾਲ ਦੋ ਤੋਪਾਂ ਤੋਂ ਇਲਾਵਾ ਹੋਰ ਵੀ ਬੜਾ ਅਸਲਾ ਸਿੱਖਾਂ ਦੇ ਹੱਥ ਆਇਆ। ਇਸ ਮਗਰੋਂ ਸਿੱਖਾਂ ਨੇ ਇਕ ਹੋਰ ਅਹਿਮ ਨਗਰ 'ਦਾਮਲਾ' (ਯਮੁਨਾਨਗਰ) 'ਤੇ ਵੀ ਕਬਜ਼ਾ ਕਰ ਲਿਆ।

ਕਪੂਰੀ ਦੀ ਜਿੱਤ

ਪੁਆਧ ਦੇ ਇਸ ਇਲਾਕੇ ਵਿਚ ਕਪੂਰੀ (ਸਢੌਰਾ ਤੋਂ 13 ਕਿਲੋਮੀਟਰ) ਇਕ ਹੋਰ ਅਹਿਮ ਨਗਰ ਸੀ। ਇਸ ਦਾ ਹਾਕਮ ਕਦਮ-ਉਦ-ਦੀਨ ਸੀ। ਉਹ ਅਮਾਨੁੱਲਾ ਦਾ ਪੁੱਤਰ ਸੀ ਜੋ ਔਰੰਗਜ਼ੇਬ ਦੇ ਰਾਜ ਵਿਚ ਗੁਜਰਾਤ ਦਾ ਫ਼ੌਜਦਾਰ ਸੀ। ਕਦਮ-ਉਦ-ਦੀਨ ਵੀ ਇਕ ਜ਼ਾਲਮ ਅਤੇ ਅੱਯਾਸ਼ ਬੰਦਾ ਸੀ। ਉਹ ਹਿੰਦੂਆਂ ਦੀਆਂ ਧੀਆਂ-ਨੂੰਹਾਂ ਚੁੱਕ ਕੇ ਲੈ ਜਾਂਦਾ ਸੀ ਅਤੇ ਉਨ੍ਹਾਂ ਨਾਲ ਜਬਰ-ਜ਼ਨਾਹ ਕਰਦਾ ਸੀ। ਉਸ ਨੇ ਤਾਂ ਇਕ ਸਪੈਸ਼ਲ ਫ਼ੌਜ ਤਿਆਰ ਕੀਤੀ ਹੋਈ ਸੀ ਜੋ ਹਰ ਵੇਲੇ ਪਿੰਡਾਂ ਵਿਚ ਚੱਕਰ ਕੱਢਦੀ ਰਹਿੰਦੀ ਸੀ। ਇਸ ਫ਼ੌਜ ਦਾ ਕੰਮ ਇਹ ਪਤਾ ਕਰਨਾ ਸੀ ਕਿ ਕਿਸ ਹਿੰਦੂ ਦੀ ਧੀ ਦਾ ਵਿਆਹ ਹੋ ਰਿਹਾ ਹੈ ਜਾਂ ਕਿਸ ਦੀ ਧੀ ਜਵਾਨ ਹੋ ਗਈ ਹੈ। ਪਤਾ ਲਗਣ ਮਗਰੋਂ ਕਦਮ-ਉਦ-ਦੀਨ ਉਸ ਨੂੰ ਚੁੱਕਵਾ ਲੈਂਦਾ ਸੀ ਅਤੇ ਕੁੱਝ ਦਿਨ ਭੋਗਣ ਮਗਰੋਂ ਛੱਡ ਦਿੰਦਾ ਸੀ। ਉਸ ਦੀ ਕਾਮ ਭੁੱਖ ਇਨੀ ਘਟੀਆ ਸੀ ਕਿ ਉਹ ਆਪਣੇ ਪਰਗਨੇ ਹੀ ਨਹੀਂ ਬਲਕਿ ਹੋਰਨਾਂ ਇਲਾਕਿਆਂ ਵਿੱਚੋਂ ਵੀ ਹਿੰਦੂ ਕੁੜੀਆਂ ਚੁੱਕਵਾ ਲਿਆ ਕਰਦਾ ਸੀ। ਉਸ ਨੇ ਹੋਰਨਾਂ ਹਾਕਮਾਂ ਵਾਂਗ ਦੌਲਤ ਵੀ ਖ਼ੂਬ ਇਕੱਠੀ ਕੀਤੀ ਹੋਈ ਸੀ। ਉਸ ਨੂੰ ਆਪਣੇ ਪਿਓ ਦੀ ਵੀ ਬਹੁਤ ਸਾਰੀ ਦੌਲਤ ਮਿਲੀ ਹੋਈ ਸੀ। ਉਸ ਨੂੰ ਇਸ ਦੌਲਤ ਦਾ ਵੀ ਹੰਕਾਰ ਸੀ।

ਇਕ ਦਿਨ ਕਪੂਰੀ ਦੇ ਕੁਝ ਹਿੰਦੂ, ਭਾਈ ਬੰਦਾ ਸਿੰਘ ਬਹਾਦੁਰ ਨੂੰ ਮਿਲੇ ਅਤੇ ਕਦਮ-ਉਦ-ਦੀਨ ਦੇ ਜ਼ੁਲਮਾਂ ਬਾਰੇ ਦੱਸਿਆ। ਅਗਲੇ ਦਿਨ ਹੀ ਭਾਈ ਬੰਦਾ ਸਿੰਘ ਬਹਾਦੁਰ ਨੇ ਕਪੂਰੀ 'ਤੇ ਹਮਲਾ ਕਰ ਦਿਤਾ। ਕਦਮ-ਉਦ-ਦੀਨ ਨੇ ਕੁੱਝ ਚਿਰ ਤਾਂ ਸਿੱਖ ਫ਼ੌਜਾਂ ਦਾ ਟਾਕਰਾ ਕੀਤਾ, ਪਰ ਉਸ ਦੀ ਔਰਤਾਂ ਚੁੱਕਣ ਵਾਲੀ ਬੁਰਛਾਗਰਦ ਫ਼ੌਜ, ਬਹਾਦਰ ਸਿੱਖਾਂ ਦਾ ਕੀ ਮੁਕਾਬਲਾ ਕਰ ਸਕਦੀ ਸੀ? ਛੇਤੀ ਹੀ ਇਹ ਗੁੰਡੇ ਅਤੇ ਬਦਮਾਸ਼ ਸਿਪਾਹੀ ਮੈਦਾਨ ਛੱਡ ਕੇ ਭੱਜ ਗਏ। ਕਦਮ-ਉਦ-ਦੀਨ ਨੇ ਸਿੱਖ ਫ਼ੌਜਾਂ ਅੱਗੇ ਹਥਿਆਰ ਸੁੱਟਣ ਦੀ ਥਾਂ ਆਪਣੇ ਆਪ ਨੂੰ ਆਪਣੀ ਹਵੇਲੀ ਵਿਚ ਕੈਦ ਕਰ ਲਿਆ। ਸਿੱਖ ਫ਼ੌਜਾਂ ਨੇ ਇਸ ਪਾਪੀ ਨੂੰ ਸਜ਼ਾ ਦੇਣ ਵਾਸਤੇ ਉਸ ਦੀ ਹਵੇਲੀ ਨੂੰ ਅੱਗ ਲਾ ਦਿੱਤੀ। ਕਦਮ-ਉਦ-ਦੀਨ ਹਵੇਲੀ ਵਿਚ ਹੀ ਸੜ ਕੇ ਮਰ ਗਿਆ।[23] ਇਕ ਮੁਸਲਮਾਨ ਵਾਸਤੇ ਸੜ ਮਰਨ ਤੋਂ ਵੱਡੀ ਸਜ਼ਾ ਕੋਈ ਨਹੀਂ ਹੋ ਸਕਦੀ।

ਸਢੌਰਾ ਦੀ ਫ਼ਤਹਿ

ਸਢੌਰਾ ਦਾ ਜ਼ਾਲਮ ਹਾਕਮ ਉਸਮਾਨ ਖ਼ਾਨ ਵੀ ਸਿੱਖ ਫ਼ੌਜਾਂ ਦੇ ਨਿਸ਼ਾਨੇ 'ਤੇ ਸੀ। ਉਸਮਾਨ ਖ਼ਾਨ ਨੇ ਗੁਰੂ ਗੋਬਿੰਦ ਸਾਹਿਬ ਦੇ ਇਕ ਮੁਸਲਮਾਨ ਮੁਰੀਦ ਸਯੱਦ ਬਦਰੁੱਦੀਨ (ਪੀਰ ਬੁੱਧੂ ਸ਼ਾਹ) ਅਤੇ ਉਸ ਦੇ ਪਰਿਵਾਰ 'ਤੇ ਬੜੇ ਜ਼ੁਲਮ ਕੀਤੇ ਸਨ ਅਤੇ ਉਨ੍ਹਾਂ ਨੂੰ ਸਿੱਖਾਂ ਦਾ ਸਾਥੀ ਆਖ ਕੇ

---

[23] ਮੁਸਲਮਾਨਾਂ ਲਈ ਸ਼ਰੀਰ ਨੂੰ ਜਲਾਉਣਾ ਸਭ ਤੋਂ ਵੱਡੀ ਸਜ਼ਾ ਮੰਨੀ ਜਾਂਦੀ ਹੈ। ਇਹ ਉਨ੍ਹਾਂ ਲਈ ਨਰਕ ਦੇ ਬਰਾਬਰ ਹੈ।

ਸ਼ਹੀਦ ਕੀਤਾ ਸੀ। ਉਸਮਾਨ ਖ਼ਾਨ ਉੱਤੇ ਇਹ ਵੀ ਇਲਜ਼ਾਮ ਸੀ ਕਿ ਉਹ ਗ਼ੈਰ-ਮੁਸਲਮਾਨਾਂ ਨੂੰ ਸਖ਼ਤ ਨਫ਼ਰਤ ਕਰਦਾ ਸੀ ਅਤੇ ਉਨ੍ਹਾਂ 'ਤੇ ਜ਼ੁਲਮ ਕਰਨ ਅਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਦੀ ਅਜ਼ਮਤ ਲੁੱਟਣ ਦਾ ਕੋਈ ਮੌਕਾ ਨਹੀਂ ਸੀ ਗੁਆਉਂਦਾ। ਇਸ ਕਰਕੇ ਕਪੂਰੀ 'ਤੇ ਜਿੱਤ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਸਢੌਰੇ ਵੱਲ ਕੂਚ ਕੀਤਾ। ਇਸ ਵੇਲੇ ਤੱਕ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਦੀ ਗਿਣਤੀ 35 ਤੋਂ 40 ਹਜ਼ਾਰ ਤੱਕ ਹੋ ਚੁੱਕੀ ਸੀ।[24]

ਜਦੋਂ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਸਢੌਰੇ ਦੇ ਨੇੜੇ ਪਹੁੰਚੀਆਂ ਤਾਂ ਉਸਮਾਨ ਖ਼ਾਨ ਦੀਆਂ ਪਹਿਲਾਂ ਤੋਂ ਹੀ ਤਿਆਰ ਖੜੀਆਂ ਤੋਪਾਂ ਨੇ ਸਿੱਖ ਫ਼ੌਜਾਂ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਨਾਲ ਕਈ ਸਿੱਖ ਸ਼ਹੀਦ ਹੋ ਗਏ ਪਰ ਇਸ ਦੇ ਬਾਵਜੂਦ ਸਿੱਖ ਫ਼ੌਜੀ ਅੱਗੇ ਵੱਧਦੇ ਗਏ ਅਤੇ ਸਾਰਾ ਜ਼ੋਰ ਲਾ ਕੇ ਨਗਰ ਦਾ ਦਰਵਾਜ਼ਾ ਤੋੜ ਦਿੱਤਾ। ਸ਼ਹਿਰ ਦੇ ਅੰਦਰ ਉਸਮਾਨ ਖ਼ਾਨ ਦੀਆਂ ਫ਼ੌਜਾਂ ਅਤੇ ਸਿੱਖ ਫ਼ੌਜਾਂ ਵਿਚਕਾਰ ਘਮਸਾਣ ਦੀ ਜੰਗ ਹੋਈ। ਇਸ ਮੌਕੇ ’ਤੇ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਵਿਚੋਂ ਕੁੱਝ ਸ਼ਖ਼ਸ ਸਿੱਖ ਫ਼ੌਜਾਂ ਦਾ ਸਾਥ ਦੇ ਰਹੇ ਸਨ, ਇਸ ਕਰਕੇ ਉਨ੍ਹਾਂ ਨੂੰ ਸ਼ਹਿਰ ’ਤੇ ਕਬਜ਼ਾ ਕਰਨ ਵਿਚ ਬਹੁਤੀ ਮੁਸ਼ਕਲ ਨਹੀਂ ਆਈ। ਸਢੌਰਾ ਦੇ ਕਈ ਨਵਾਬ, ਵਜ਼ੀਰ ਅਤੇ ਅਮੀਰ ਚਿੱਟਾ ਝੰਡਾ ਲੈ ਕੇ ਅਤੇ ਮੂੰਹ ਵਿਚ ਘਾਹ ਲੈ ਕੇ ਭਾਈ ਬੰਦਾ ਸਿੰਘ ਬਹਾਦੁਰ ਕੋਲ ਪੇਸ਼ ਹੋਏ ਅਤੇ ਰਹਿਮ ਦੀ ਭੀਖ ਮੰਗੀ। ਭਾਈ ਬੰਦਾ ਸਿੰਘ ਬਹਾਦੁਰ ਨੇ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਪਰ ਉਨ੍ਹਾਂ ਤੋਂ ਇਹ ਵਾਅਦਾ ਲਿਆ ਕਿ ਉਹ ਅੱਗੇਂ ਤੋਂ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ। ਭਾਵੇਂ ਹੋਰ ਸਾਰਿਆਂ ਨੇ ਹਥਿਆਰ ਸੁੱਟ ਦਿੱਤੇ ਸਨ ਪਰ ਸਢੌਰੇ ਦੇ ਹਾਕਮ ਉਸਮਾਨ ਖ਼ਾਨ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ।

ਸਢੌਰੇ ਦਾ ਕਿਲ੍ਹਾ ਬੜਾ ਮਜ਼ਬੂਤ ਸੀ ਅਤੇ ਇਸ ਨੂੰ ਜਿੱਤਣਾ ਇਕ ਬੜੀ ਔਖੀ ਮੁਹਿੰਮ ਸੀ। ਇਸ ਨੂੰ ਜਿੱਤਣ ਵਾਸਤੇ ਲੰਬੇ ਅਰਸੇ ਦਾ ਘੇਰਾ ਅਤੇ ਸ਼ਹੀਦੀਆਂ ਹੋਣੀਆਂ ਸਨ। ਭਾਈ ਬੰਦਾ ਸਿੰਘ ਬਹਾਦੁਰ ਇਹ ਨਹੀਂ ਸੀ ਚਾਹੁੰਦਾ ਕਿਉਂਕਿ ਉਸ ਦੀ ਮੰਜ਼ਿਲ ਤਾਂ ਸਰਹੰਦ ਅਤੇ ਫਿਰ ਲਾਹੌਰ ਸੀ। ਇਸ ਵਾਰ ਫਿਰ ਪੀਰ ਬੁੱਧੂ ਸ਼ਾਹ ਦੇ ਮੁਰੀਦਾਂ ਨੇ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਨੇ ਕਿਲ੍ਹੇ ਦੇ ਅੰਦਰ ਰਸਤਾ ਬਣਾ ਕੇ ਉਨ੍ਹਾਂ ਤੋਂ ਕਿਲ੍ਹੇ ਦਾ ਦਰਵਾਜ਼ਾ ਖੁਲ੍ਹਵਾ ਲਿਆ ਅਤੇ ਕਿਲ੍ਹੇ ’ਤੇ ਕਬਜ਼ਾ ਕਰ ਲਿਆ। ਉਸਮਾਨ ਖ਼ਾਨ ਨੂੰ ਗ੍ਰਿਫਤਾਰ ਕਰਕੇ ਸਜ਼ਾ-ਏ-ਮੌਤ ਦਿਤੀ ਗਈ।[25] ਕਿਲ੍ਹੇ ਵਿਚੋਂ ਸਿੱਖਾਂ ਨੂੰ ਲੱਖਾਂ ਰੁਪੈ ਨਕਦ ਅਤੇ ਬਹੁਤ ਸਾਰਾ ਸੋਨਾ ਅਤੇ ਹੀਰੇ ਜਵਾਹਰਾਤ ਹੱਥ ਲਗੇ। ਸਢੌਰੇ 'ਤੇ ਕਬਜ਼ਾ ਕਰਨ ਮਗਰੋਂ ਕੁੱਝ ਦਿਨ ਸਾਰੀਆਂ ਸਿੱਖ ਫ਼ੌਜਾਂ ਉੱਥੇ ਹੀ ਟਿੱਕੀਆਂ ਰਹੀਆਂ। ਇਕ ਦਿਨ ਜਦੋਂ ਕੁੱਝ ਸਿੱਖ ਘੋੜੇ ਚਰਾ ਰਹੇ ਸਨ ਤਾਂ ਇਕ ਊਠ ਦੂਰੋਂ ਭੱਜਦਾ ਆਇਆ ਅਤੇ ਖੇਤਾਂ ’ਚ ਵੜ ਗਿਆ। ਉਸ ਨੂੰ ਖੇਤਾਂ ਵਿਚੋਂ ਕੱਢਣ ਵਾਸਤੇ ਇਕ ਫ਼ੌਜੀ ਨੇ ਇਕ ਰਾਹਗੀਰ ਤੋਂ ਇਕ

[24] ਅਖਬਾਰਾਤਿ-ਦਰਬਾਰਿ-ਮੁਅੱਲਾ ਵਿੱਚ ਦੱਸਿਆ ਗਿਆ ਹੈ ਕਿ ਜੈਪੁਰ ਰਾਜ ਦੇ ਰਿਕਾਰਿਡ ਮੁਤਾਬਿਕ ਸਿੱਖ ਫੋਜ ਦੀ ਗਿਣਤੀ 70 ਹਜ਼ਾਰ ਸੀ ।

[25] ਉਸਨੂੰ ਪੀਰ ਬੁੱਧੂ ਸ਼ਾਹ ਨਾਲੋਂ ਭੈੜੀ ਮੋਤ ਮਿੱਲੀ।ਇੱਥੇ ਇਹ ਸਾਬਤ ਹੋਇਆ ਕਿ ਜਿਵੇਂ ਤੁਸੀਂ ਬੀਜਦੇ ਹੋ, ਉਸੇ ਤਰ੍ਹਾਂ ਦਾ ਹੀ ਤੁਸੀਂ ਵੀ ਕੱਟੋਗੇ। ਲੋਕ ਤਾਂ ਹੁਣ ਵੀ ਪੀਰ ਬੁੱਧੂ ਸ਼ਾਹ ਨੂੰ ਯਾਦ ਕਰਦੇ ਹਨ ਪਰ ਉਸਮਾਨ ਖਾਨ ਨੂੰ ਕੌਣ ਜਾਣਦਾ ਹੈ।

ਬਾਂਸ ਖੋਹ ਕੇ ਊਠ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਬਾਂਸ ਅੰਦਰੋਂ ਖੋਖਲਾ ਹੋਣ ਕਰਕੇ ਟੁੱਟ ਗਿਆ ਅਤੇ ਵਿਚੋਂ ਇਕ ਚਿੱਠੀ ਨਿਕਲ ਕੇ ਡਿੱਗ ਪਈ। ਇਹ ਚਿੱਠੀ ਸਢੌਰਾ ਦੇ ਕਿਸੇ ਵਜ਼ੀਰ-ਅਮੀਰ ਨੇ ਵਜ਼ੀਰ ਖ਼ਾਨ (ਸੂਬੇਦਾਰ ਸਰਹੰਦ) ਨੂੰ ਲਿੱਖੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਅਸੀਂ ਭਾਈ ਬੰਦਾ ਸਿੰਘ ਬਹਾਦੁਰ ਨੂੰ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਫਸਾਈ ਰਖਾਂਗੇ। ਇਸ ਦੌਰਾਨ ਤੁਸੀਂ ਹਮਲਾ ਕਰ ਦੇਣਾ ਅਤੇ ਅਸੀਂ ਵੀ ਸ਼ਹਿਰ ਦੇ ਅੰਦਰ ਸਿੱਖਾਂ 'ਤੇ ਹਮਲਾ ਕਰ ਦੇਵਾਂਗੇ। ਇਸ ਨਾਲ ਜੇ ਭਾਈ ਬੰਦਾ ਸਿੰਘ ਬਹਾਦੁਰ ਗ੍ਰਿਫ਼ਤਾਰ ਨਾ ਵੀ ਹੋ ਸਕਿਆ ਤਾਂ ਭਾਜੜ ਵਿਚ ਸ਼ਹਿਰ ਛੱਡ ਕੇ ਜਾਨ ਬਚਾਉਣ ਵਾਸਤੇ ਦੌੜ ਜ਼ਰੂਰ ਜਾਵੇਗਾ। ਇਹ ਚਿੱਠੀ ਪੜ੍ਹ ਕੇ ਭਾਈ ਬੰਦਾ ਸਿੰਘ ਬਹਾਦੁਰ ਨੇ ਉਨ੍ਹਾਂ ਸ਼ਹਿਰ ਵਾਸੀਆਂ ਦਾ ਇਕ ਇਕੱਠ ਬੁਲਾਇਆ ਜਿਨ੍ਹਾਂ ਨੇ ਕਸਮਾਂ ਖਾਧੀਆਂ ਸਨ ਕਿ ਉਹ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ।

ਇਸ ਇਕੱਠ ਵਿਚ ਭਾਈ ਬੰਦਾ ਸਿੰਘ ਬਹਾਦੁਰ ਨੇ ਸਵਾਲ ਕੀਤਾ ਕਿ 'ਵਾਅਦਾ ਕਰ ਕੇ ਗ਼ਦਾਰੀ ਕਰਨ ਵਾਲੇ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ?" ਸਾਰੇ ਲੋਕਾਂ ਨੇ ਜਵਾਬ ਦਿੱਤਾ "ਮੌਤ"। ਇਸ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਰਾਹਗੀਰ ਤੋਂ ਫੜੀ ਚਿੱਠੀ ਦਿਖਾਈ। ਇਹ ਚਿੱਠੀ ਵੇਖ ਕੇ ਸਾਰੇ ਵਜ਼ੀਰ-ਅਮੀਰ ਕੰਬ ਗਏ ਅਤੇ ਗਿੜਗਿੜਾ ਕੇ ਮੁਆਫ਼ੀਆਂ ਮੰਗਣ ਲਗ ਪਏ। ਇਸ 'ਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਕਿਹਾ ਕਿ "ਤੁਹਾਡੇ ਵਿਚੋਂ ਜਿਹੜਾ ਵੀ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਵੜ ਜਾਏਗਾ ਉਸ ਨੂੰ ਮੁਆਫ਼ ਕਰ ਦਿੱਤਾ ਜਾਏਗਾ।" ਇਸ 'ਤੇ ਸਾਰੇ ਸੌ-ਡੇਢ ਸੌ ਬੰਦੇ, ਜੋ ਅਸਲ ਮੁਜਰਿਮ ਸਨ, ਪੀਰ ਜੀ ਦੀ ਹਵੇਲੀ ਨੂੰ ਭੱਜੇ। ਇਸ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਹਵੇਲੀ ਨੂੰ ਬਾਹਰੋਂ ਜੰਦਰਾ ਲਵਾ ਦਿੱਤਾ ਅਤੇ ਹਵੇਲੀ ਨੂੰ ਅੱਗ ਲਾਉਣ ਦਾ ਹੁਕਮ ਦੇ ਦਿੱਤਾ। ਗ਼ਦਾਰੀ ਕਰਨ ਵਾਲੇ ਸਾਰੇ ਬੇਈਮਾਨ ਅੰਦਰ ਸੜ ਕੇ ਮਰ ਗਏ। ਇਸ ਮਗਰੋਂ ਕਿਸੇ ਨੂੰ ਵੀ, ਖ਼ੁਆਬ ਵਿਚ ਵੀ, ਗ਼ਦਾਰੀ ਕਰਨ ਦਾ ਖ਼ਿਆਲ ਨਹੀਂ ਆ ਸਕਦਾ ਸੀ। ਭਾਈ ਬੰਦਾ ਸਿੰਘ ਬਹਾਦੁਰ ਨੇ ਆਮ ਲੋਕਾਂ ਨੂੰ ਕਦੇ ਵੀ ਤੰਗ ਨਹੀਂ ਸੀ ਕੀਤਾ ਭਾਵੇਂ ਉਹ ਹਿੰਦੂ ਸਨ ਜਾਂ ਮੁਸਲਮਾਨ। ਉਸ ਨੇ ਤਾਂ ਸਢੌਰੇ ਵਿਚ ਮਸਜਿਦਾਂ ਅਤੇ ਮਜ਼ਾਰਾਂ ਨੂੰ ਵੀ ਨਹੀਂ ਸੀ ਛੇੜਿਆ। **ਅੱਜ ਵੀ ਸਢੌਰਾ ਵਿਚ ਕੁਤਬ-ਉਲ-ਅਕਤਾਬ (ਸ਼ਾਹ ਅਬਦੁਲ ਵਹਾਬ) ਦੀ ਖ਼ਾਨਗਾਹ ਅਤੇ ਗੰਜੇ-ਇਲਮ ਵੀ ਉਵੇਂ ਹੀ ਕਾਇਮ ਹਨ ਜਿਵੇਂ ਉਹ 1709 ਵਿਚ ਖੜ੍ਹੀਆਂ ਸਨ।**[26] ਇਹ ਘਟਨਾ 5 ਦਸੰਬਰ 1709 ਦੀ ਹੈ। ਹੁਣ ਸਢੌਰੇ ਵਿਖੇ ਖਾਲਸੇ ਦਾ ਨੀਲਾ ਨਿਸ਼ਾਨ ਸਾਹਿਬ[27] ਫਹਿਰਾ ਦਿੱਤਾ ਗਿਆ ਅਤੇ ਸ਼ਹਿਰ ਦੇ ਇੰਤਜ਼ਾਮ ਵਾਸਤੇ ਇਕ 'ਖਾਲਸਾ ਪੰਚਾਇਤ' ਕਾਇਮ ਕਰ ਦਿੱਤੀ ਗਈ। ਇਨ੍ਹਾਂ ਘਟਨਾਵਾਂ ਦੀ ਖ਼ਬਰ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਟੋਡਾ ਨਗਰ ਵਿਚ ਮਿਲੀ। ਬਹਾਦਰ ਸ਼ਾਹ ਨੇ ਲਾਹੌਰ ਦੇ ਸੂਬੇਦਾਰ ਅਤੇ ਸਰਹੰਦ ਦੇ ਫ਼ੌਜਦਾਰ ਨੂੰ ਸਿੱਖਾਂ ਦੇ ਖ਼ਿਲਾਫ਼ ਐਕਸ਼ਨ ਲੈਣ ਵਾਸਤੇ ਖ਼ਤ ਲਿਖੇ।

---

[26] ਪਰ ਪੀਰ ਬੁੱਧੂ ਸ਼ਾਹ ਦਾ ਇਹ ਮਹਿਲ ਹੁਣ ਮੌਜੂਦ ਨਹੀਂ ਹੈ। ਇਸ ਥਾਂ ਤੇ ਹੁਣ ਇੱਕ ਸਕੂਲ ਸਥਾਪਿਤ ਹੈ।

[27] ਗੁਰੂ ਸਾਹਿਬ ਦੇ ਸਮੇਂ, ਸਿੱਖ ਝੰਡੇ ਦਾ ਰੰਗ ਨੀਲਾ ਸੀ। ਦੇਖੋ: ਡਾ ਹਰਜਿੰਦਰ ਸਿੰਘ ਦਿਲਗੀਰ, ਨਾਨਕਸ਼ਾਹੀ ਕੈਲੇਂਡਰ, 2010, ਪੰਨਾ 147-150

ਅਹਵਾਲ-ਉਲ-ਖ਼ਵਾਕੀਨ ਦੇ ਲੇਖਕ ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ ਨੇ ਸਢੌਰਾ ਦਾ ਨਾਂ **'ਅਜਾਇਬਗੜ੍ਹ'** ਰੱਖ ਦਿੱਤਾ।[28] ਔਰੰਗਾਬਾਦੀ ਇਹ ਨਾਂ ਦੋ ਥਾਂਵਾਂ (ਸਫ਼ਾ 64-67 ਅਤੇ 68 ਤੇ) ਲਿਖਦਾ ਹੈ। {ਸਢੌਰੇ ਦੇ ਕਿਲ੍ਹੇ ਨੂੰ ਮੁਗ਼ਲ ਫ਼ੌਜਾਂ ਨੇ 19 ਸਤੰਬਰ 1713 ਦੇ ਦਿਨ ਢਾਹੁਣਾ ਸ਼ੁਰੂ ਕੀਤਾ ਸੀ}।

ਲੋਹਗੜ੍ਹ ਨੂੰ ਰਾਜਧਾਨੀ ਬਣਾਉਣਾ

ਸਮਾਣਾ, ਘੁੜਾਮ, ਸਨੌਰ, ਠਸਕਾ ਮੀਰਾਂਜੀ, ਕੁੰਜਪੁਰਾ, ਸ਼ਾਹਬਾਦ, ਦਾਮਲਾ, ਮੁਸਤਫ਼ਾਬਾਦ, ਕਪੂਰੀ ਅਤੇ ਸਢੌਰਾ ਦੀ ਫ਼ਤਹਿ ਤੋਂ ਬਾਦ, ਫ਼ਰਵਰੀ 1710 ਵਿਚ, ਭਾਈ ਬੰਦਾ ਸਿੰਘ ਬਹਾਦੁਰ ਨੇ ਲੋਹਗੜ੍ਹ ਕਿਲ੍ਹੇ ਨੂੰ ਰਾਜਧਾਨੀ ਬਣਾਉਣ ਦਾ ਫ਼ੈਸਲਾ ਕੀਤਾ। ਲੋਹਗੜ੍ਹ ਕਿਲ੍ਹਾ ਸਢੌਰਾ ਤੋਂ 30 ਕੁ ਕਿਲੋਮੀਟਰ ਦੀ ਵਿੱਥ ’ਤੇ ਸ਼ਿਵਾਲਿਕ ਪਹਾੜੀਆਂ ਵਿਚ, ਸੋਮ ਨਦੀ ਦੇ ਕੋਲ ਹੈ। ਸਾਰਾ ਖ਼ਜ਼ਾਨਾ, ਵਾਧੂ ਹਥਿਆਰ ਅਤੇ ਕਾਫ਼ੀ ਮਿਕਦਾਰ ਵਿਚ ਅਨਾਜ ਵੀ ਇਸ ਕਿਲ੍ਹੇ ਵਿਚ ਲੈ ਆਂਦਾ ਗਿਆ।

ਡਾਬਰ ਦੇ ਇਲਾਕੇ ਦੇ ਵਣਜਾਰਿਆਂ ਦਾ ਰੋਲ

ਡਾਬਰ ਦੇ ਇਲਾਕੇ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਇਲਾਕੇ ਦਾ ਮਾਲਿਕ ਭਾਈ ਲੱਖੀ ਰਾਇ ਵਣਜਾਰਾ ਸੀ, ਜੋ ਉਸ ਸਮੇਂ ਏਸ਼ੀਆ ਦਾ ਸਭ ਤੋਂ ਵੱਡਾ ਵਣਜਾਰਾ (ਵਪਾਰੀ) ਸੀ। ਭਾਈ ਲੱਖੀ ਰਾਇ ਦੇ ਵਪਾਰ ਵਿਚ ਹਜ਼ਾਰਾਂ ਮੁਲਾਜ਼ਮ ਨੌਕਰੀ ਕਰਦੇ ਸਨ, ਜਿਹੜੇ ਕਿ ਸਾਰੇ ਸਿੱਖ ਸਨ। ਜੱਦੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਲੋਹਗੜ੍ਹ ਨੂੰ ਰਾਜਧਾਨੀ ਬਣਾਇਆ ਤਾਂ ਇਹ ਸਾਰੇ ਵਣਜਾਰੇ ਉਸ ਦੇ ਮਦਦਗਾਰ ਬਣ ਗਏ। ਕੁੱਝ ਉਸ ਦੀ ਫ਼ੌਜ ਦਾ ਹਿੱਸਾ ਬਣ ਗਏ ਸਨ, ਕੁੱਝ ਉਨ੍ਹਾਂ ਨੂੰ ਖਾਣਾ, ਅਸਲਾ ਅਤੇ ਹੋਰ ਸਾਮਾਨ ਮੁਹੱਈਆ ਕਰਵਾਉਂਦੇ ਸਨ ਅਤੇ ਕੁਝ ਮੁਗ਼ਲ ਸਰਕਾਰ ਅਤੇ ਫ਼ੌਜ ਦੀਆਂ ਸੂਹਾਂ ਲਿਆਉਣ ਦਾ ਕੰਮ ਕਰਦੇ ਸਨ। ਮੁਗ਼ਲਾਂ ਨੂੰ ਵੀ ਅਨਾਜ ਦੀ ਸਪਲਾਈ ਇਨ੍ਹਾਂ ਵਣਜਾਰਿਆਂ ਤੋਂ ਹੀ ਮਿਲਦੀ ਸੀ, ਇਸ ਕਰਕੇ ਮੁਗ਼ਲਾਂ ਦੀਆਂ ਖ਼ਬਰਾਂ ਇਨ੍ਹਾਂ ਨੂੰ ਪਤਾ ਲਗਦੀਆਂ ਰਹਿੰਦੀਆਂ ਸਨ ਤੇ ਉਹ ਸਾਰਾ ਕੁੱਝ ਭਾਈ ਬੰਦਾ ਸਿੰਘ ਬਹਾਦੁਰ ਤੱਕ ਪਹੁੰਚਾ ਦਿਆ ਕਰਦੇ ਸਨ। ਵਣਜਾਰੇ ਪਰਮਾਤਮਾ ਨੂੰ ਮਨੰਣ ਵਾਲੇ ਸਨ ਅਤੇ ਗੁਰੂ ਨਾਨਕ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਦੇ ਸਨ,[29] ਕਿਉਂਕਿ ਵਣਜਾਰੇ ਸਾਰੇ ਦੇਸ਼ ਵਿਚ ਵਪਾਰ ਕਰਦੇ ਸਨ, ਇਸ ਲਈ ਭਾਈ ਬੰਦਾ ਸਿੰਘ ਬਹਾਦੁਰ ਵੱਲੋਂ ਚਲਾਈ ਹੋਈ ਮੁਹਿੰਮ ਵਿਚ ਵਣਜਾਰੇ ਸਿਖ ਬਹੁਤ ਸਹਾਈ ਹੋਏ। ਬਹੁਤੇ ਵਣਜਾਰਿਆਂ ਨੇ ਸਿੱਖੀ ਧਾਰਨ ਕੀਤੀ ਹੋਈ ਸੀ ਅਤੇ ਆਪਣੇ ਧਰਮ ਦੇ ਬਹੁਤ ਪੱਕੇ ਸਨ। ਕਾਮਵਰ ਖ਼ਾਨ (ਤਜ਼ਕਿਰਾਤੁਲ-ਸਲਾਤੀਨ-ਇ ਚੁਗੱਤਾ, ਸਫ਼ੇ 93-94) ਵੀ ਇਸ ਦੀ ਤਾਈਦ ਕਰਦਾ ਹੈ।

❖❖❖

[28] ਮੁਹੰਮਦ ਕਾਸੀਮ ਔਰੰਗਾਬਾਦੀ ਅਹਵਾਲ-ਉਲ-ਖਵਾਕੀਨ, ਪੰਨਾ 68-69

[29] ਪਛੜੀਆਂ ਜਾਤੀਆਂ ਅਤੇ ਕਬੀਲਿਆ ਉਪਰ ਐਨ.ਡਬਲਿਓ ਦੀ ਪੁਸਤਕ 1542, ਡਬਲਿਊ ਕਰੁਕ

ਅਧਿਆਇ- 5
ਲੋਹਗੜ੍ਹ ਦੀ ਰਾਜਧਾਨੀ ਤੋਂ ਬੰਦਾ ਸਿੰਘ ਬਹਾਦੁਰ ਦੇ ਐਕਸ਼ਨ

ਸਰਹੰਦ ਉਤੇ ਹਮਲੇ ਦੀ ਤਿਆਰੀ

ਅਪ੍ਰੈਲ 1710 ਤਕ ਭਾਈ ਬੰਦਾ ਸਿੰਘ ਬਹਾਦੁਰ ਨੇ ਸਰਹੰਦ ਦੇ ਆਲੇ-ਦੁਆਲੇ ਦਾ ਬਹੁਤਾ ਇਲਾਕਾ ਮੁਗ਼ਲਾਂ ਤੋਂ ਆਜ਼ਾਦ ਕਰਵਾ ਲਿਆ ਸੀ। ਜਮਨਾ ਅਤੇ ਸਤਲੁਜ ਨਦੀਆਂ ਦੇ ਵਿਚਕਾਰ ਦਾ ਇਲਾਕਾ, ਸਣੇ ਅੱਠ ਜਿਲ੍ਹਿਆਂ ਦੇ, ਉਸ ਦੇ ਕਬਜ਼ੇ ਵਿਚ ਸੀ। ਸਰਹੰਦ ਦਾ ਫੌਜਦਾਰ ਸੂਬਾ ਲਾਹੋਰ ਦੇ ਅਧੀਨ ਆਉਂਦਾ ਸੀ। ਪਰ ਅੰਦਰੂਨੀ ਮਾਮਲੇ ਲੈਣ ਲਈ ਖੁਦ ਮੁਖਤਿਆਰ ਸੀ। ਸਤਲੁਜ ਨਦੀ ਤੋਂ ਜਮਨਾ ਨਦੀ ਤੱਕ ਦਾ ਇਲਾਕਾ ਇਸ ਵਿਚ ਸ਼ਾਮਿਲ ਸੀ। ਇਸ ਦੇ 28 ਪਰਗਨੇ ਸਨ ਅਤੇ ਇਸ ਦੀ ਆਮਦਨ 52 ਲੱਖ ਰੁਪੈ ਸਾਲਾਨਾ ਸੀ। ਇਸ ਕਰਕੇ ਇਸ ਨੂੰ 'ਬਾਵਨੀ ਸਰਹੰਦ' ਵੀ ਆਖਦੇ ਸਨ। ਯਮੁਨਾ ਅਤੇ ਸਤਲੁਜ ਨਦੀ ਵਿਚਕਾਰਲਾ ਇਲਾਕਾ ਸਰਹੰਦ ਦੀ ਹਕੂਮਤ ਹੇਠ ਸੀ। ਮਲੇਰਕੋਟਲਾ, ਮਾਛੀਵਾੜਾ ਅਤੇ ਰੋਪੜ ਆਦਿ ਸਰਹੰਦ ਦੇ ਮਾਤਹਿਤ ਸਨ। ਹੁਣ ਭਾਈ ਬੰਦਾ ਸਿੰਘ ਬਹਾਦੁਰ ਦਾ ਅਗਲਾ ਅਤੇ ਵੱਡਾ ਐਕਸ਼ਨ ਸੀ ਸਰਹੰਦ ਦੇ ਜ਼ਾਲਮ ਹਾਕਮਾਂ ਵਜ਼ੀਰ ਖ਼ਾਨ ਅਤੇ ਸੁੱਚਾ ਨੰਦ ਨੂੰ ਉਨ੍ਹਾਂ ਦੇ ਜ਼ੁਲਮਾਂ ਦੀ ਸਜ਼ਾ ਦੇਣਾ। ਇਧਰ ਵਜ਼ੀਰ ਖ਼ਾਨ ਵੀ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਜਿੱਤਾਂ ਤੋਂ ਘਬਰਾ ਗਿਆ ਸੀ। ਉਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਵੱਲੋਂ ਕੁੰਜਪੁਰਾ ਉੱਤੇ ਕਬਜ਼ਾ ਕਰਨ ਦਾ ਗੁੱਸਾ ਵੀ ਸੀ। ਉਹ ਚਾਹੁੰਦਾ ਸੀ ਕਿ ਸਰਹੰਦ ਉੱਤੇ ਹਮਲਾ ਹੋਣ ਤੋਂ ਪਹਿਲਾਂ ਹੀ ਉਹ, ਭਾਈ ਬੰਦਾ ਸਿੰਘ ਬਹਾਦੁਰ ’ਤੇ ਹਮਲਾ ਕਰ ਦੇਵੇ।

ਭਾਈ ਬੰਦਾ ਸਿੰਘ ਬਹਾਦੁਰ ਇਸ ਵੇਲੇ ਛੱਤ-ਬਨੂੜ ਦੇ ਇਲਾਕੇ ਵਿਚ ਸੀ। ਵਜ਼ੀਰ ਖ਼ਾਨ ਕੋਲ ਇਸ ਵੇਲੇ ਇਕ ਵੱਡੀ ਫ਼ੌਜ ਸੀ ਕਿਉਂਕਿ ਵਜ਼ੀਰ ਖ਼ਾਨ ਨੇ ਜਿਹਾਦ ਦਾ ਨਾਅਰਾ ਲਾ ਕੇ ਮੁਸਲਮਾਨਾਂ ਨੂੰ (ਖ਼ਾਸ ਕਰ ਕੇ ਆਪਣੇ ਪਠਾਨ ਭਰਾਵਾਂ, ਰੰਘੜਾਂ ਅਤੇ ਬਲੋਚਾਂ ਨੂੰ) ਫ਼ੌਜ ਵਿਚ ਭਰਤੀ ਕਰ ਲਿਆ ਸੀ। ਬਹੁਤ ਸਾਰੇ ਮੁਸਲਿਮ ਚੌਧਰੀ ਅਤੇ ਜਾਗੀਰਦਾਰ ਵੀ ਉਸ ਦੀ ਫ਼ੌਜ ਵਿਚ ਸ਼ਾਮਿਲ ਹੋ ਗਏ ਸਨ। ਉਸ ਦੀ ਸਭ ਤੋਂ ਵੱਡੀ ਮਦਦ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਕੀਤੀ, ਉਹ ਆਪ, ਆਪਣੇ ਭਰਾਵਾਂ, ਪੁੱਤਰਾਂ ਤੇ ਭਤੀਜਿਆਂ ਅਤੇ ਸਾਰੀ ਫ਼ੌਜ ਸਣੇ ਇਸ ਜਹਾਦ ਵਿਚ ਸ਼ਾਮਿਲ ਹੋ ਗਿਆ।

ਮਾਝੇ ਦੇ ਸਿੱਖਾਂ ਅਤੇ ਮਲੇਰਕੋਟਲਾ ਦੀ ਫ਼ੌਜ ਵਿਚ ਜੰਗ

ਮਈ 1710 ਦੇ ਸ਼ੁਰੂ ਵਿਚ ਮਾਝੇ ਤੋਂ ਦੋ ਹਜ਼ਾਰ ਦੇ ਕਰੀਬ ਸਿੱਖ ਭਾਈ ਬੰਦਾ ਸਿੰਘ ਬਹਾਦੁਰ ਨਾਲ ਸ਼ਾਮਿਲ ਹੋਣ ਵਾਸਤੇ ਕੀਰਤਪੁਰ ਵਿਚ ਪੁੱਜ ਚੁੱਕੇ ਸਨ। ਇਹ ਸਾਰੇ ਉਹ ਸਿੱਖ ਸਨ ਜਿਹੜੇ ਪੰਥ ਵਾਸਤੇ ਜਾਨਾਂ ਵਾਰਨ ਲਈ ਘਰੋਂ ਨਿਕਲੇ ਸਨ। ਕੀਰਤਪੁਰ ਤੋਂ ਉਨ੍ਹਾਂ ਰੋਪੜ ਰਾਹੀਂ ਛੱਤ-ਬਨੂੜ ਪੁੱਜ ਕੇ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਲ ਰਲਣਾ ਸੀ। ਇਸ ਦੀ ਖ਼ਬਰ ਵਜ਼ੀਰ ਖ਼ਾਨ ਨੂੰ ਮਿਲ ਚੁੱਕੀ ਸੀ। ਉਸ ਨੇ ਮਲੇਰਕੋਟਲਾ ਦੇ ਸ਼ੇਰ ਮੁਹੰਮਦ ਖ਼ਾਨ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਵਾਸਤੇ ਹਾਅ ਦਾ ਨਾਅਰਾ ਮਾਰਿਆ ਸੀ, ਨੂੰ ਫ਼ੌਜ ਲਿਜਾ ਕੇ ਮਾਝੇ ਵੱਲੋਂ ਆ ਰਹੇ ਸਿੱਖਾਂ ਨੂੰ ਰੋਕਣ

ਲਈ ਕੂਚ ਕਰਨ ਦੀਆਂ ਹਦਾਇਤਾਂ ਦਿੱਤੀਆਂ। ਸ਼ੇਰ ਮੁਹੰਮਦ ਖ਼ਾਨ ਆਪਣੇ ਭਰਾ (ਖ਼ਿਜਰ ਖ਼ਾਨ) ਅਤੇ ਭਤੀਜਿਆਂ ਵਲੀ ਖ਼ਾਨ ਅਤੇ ਮੁਹੰਮਦ ਬਖ਼ਸ਼ ਨਾਲ ਵੱਡੀ ਫ਼ੌਜ ਲੈ ਕੇ ਰੋਪੜ ਵੱਲ ਚੱਲ ਪਿਆ। ਰੋਪੜ ਦੇ ਨੇੜੇ ਸਤਲੁਜ ਨਦੀ ਦੇ ਕੰਢੇ, ਪਿੰਡ ਬਹਿਲੋਲਪੁਰ ਦੀ ਜੂਹ ਵਿਚ, ਸਿੱਖਾਂ ਅਤੇ ਮਲੇਰ ਕੋਟਲਾ ਦੀਆ ਫ਼ੌਜਾਂ ਵਿਚ ਜ਼ਬਰਦਸਤ ਜੰਗ ਹੋਈ।[30] ਭਾਵੇਂ ਮਲੇਰ ਕੋਟਲੇ ਦੀਆ ਫ਼ੌਜਾਂ ਦੀ ਗਿਣਤੀ ਵੀ ਵਧੇਰੇ ਸੀ। ਸਿੱਖਾਂ ਕੋਲ ਹਥਿਆਰ ਵੀ ਜ਼ਿਆਦਾ ਅਤੇ ਵਧੀਆ ਸਨ ਪਰ ਸਿੱਖ ਤਾਂ ਆਪਣੇ ਗੁਰੂ ਦੇ ਨਾਂ ’ਤੇ ਸਿਰ ਤਲੀ ’ਤੇ ਰੱਖਕੇ ਜੂਝ ਰਹੇ ਸਨ। ਪਹਿਲੇ ਦਿਨ ਮਲੇਰੀਆਂ ਦਾ ਪੱਲੜਾ ਭਾਰੀ ਜਾਪਦਾ ਸੀ। ਹਨੇਰਾ ਪੈਣ ’ਤੇ ਲੜਾਈ ਬੰਦ ਹੋ ਗਈ। ਰਾਤ ਨੂੰ ਮਾਝੇ ਤੋਂ ਕੁਝ ਹੋਰ ਸਿੱਖ ਵੀ ਉਨ੍ਹਾਂ ਨਾਲ ਆ ਰਲੇ। ਅਗਲੇ ਦਿਨ ਪਹੁ-ਫੁੱਟਦਿਆਂ ਹੀ ਸਿੱਖਾਂ ਨੇ ਇਕ ਦਮ ਮਲੇਰੀਆਂ ’ਤੇ ਹਮਲਾ ਕਰ ਦਿੱਤਾ। ਦੋਵੇਂ ਫ਼ੌਜਾਂ ਹੁਣ ਆਹਮੋ-ਸਾਹਮਣੇ ਹੋ ਕੇ ਲੜੀਆਂ, ਗਹਿ-ਗੱਚ ਲੜਾਈ ਦੌਰਾਨ ਇਕ ਗੋਲੀ ਸ਼ੇਰ ਮੁਹੰਮਦ ਖ਼ਾਨ ਮਲੇਰੀਏ ਦੇ ਭਰਾ ਖ਼ਿਜਰ ਖ਼ਾਨ ਦੀ ਛਾਤੀ ਵਿਚ ਆ ਵੱਜੀ ਤੇ ਉਹ ਉੱਥੇ ਹੀ ਢੇਰੀ ਹੋ ਗਿਆ। ਉਸ ਦੇ ਮਰਨ ਦੇ ਨਾਲ ਹੀ ਪਠਾਨ ਫ਼ੌਜੀ ਮੈਦਾਨ ਛੱਡ ਕੇ ਭੱਜਣ ਲਗ ਪਏ। ਇਸ ’ਤੇ ਸ਼ੇਰ ਮੁਹੰਮਦ ਖ਼ਾਨ ਨੇ ਲਲਕਾਰਾ ਮਾਰਿਆ ਅਤੇ ਕੁਝ ਵਫ਼ਾਦਾਰ ਫ਼ੌਜੀਆਂ ਨਾਲ ਉਹ ਅਤੇ ਉਸ ਦੇ ਦੋਵੇਂ ਭਤੀਜੇ ਖ਼ਿਜਰ ਖ਼ਾਨ ਦੀ ਲਾਸ਼ ਚੁੱਕਣ ਵਾਸਤੇ ਅੱਗੇ ਵੱਧੇ। ਸਿੱਖਾਂ ਨੇ ਇਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ ਅਤੇ ਦੋਵੇਂ ਭਰਾ 'ਖ਼ਾਨ ਅਲੀ' ਅਤੇ 'ਮੁਹੰਮਦ ਬਖ਼ਸ਼' ਇਸ ਹਮਲੇ ਵਿਚ ਮਾਰੇ ਗਏ। ਸ਼ੇਰ ਮੁਹੰਮਦ ਖ਼ਾਨ ਖ਼ੁਦ ਵੀ ਜ਼ਖ਼ਮੀ ਹੋ ਗਿਆ। ਇਸ ਮਗਰੋਂ ਤਾਂ ਸਾਰੀਆਂ ਪਠਾਨ ਫ਼ੌਜਾਂ ਮੈਦਾਨ ਵਿੱਚੋਂ ਦੌੜ ਗਈਆਂ। ਜਿੱਤ ਦੀ ਖ਼ੁਸ਼ੀ ਵਿਚ ਸਿੱਖਾਂ ਨੇ ਖ਼ੂਬ ਜੈਕਾਰੇ ਛੱਡੇ ਅਤੇ ਉਹ ਛੱਤ-ਬਨੂੜ ਵੱਲ ਚੱਲ ਪਏ। ਜੱਦੋਂ ਇਸ ਦੀ ਖ਼ਬਰ ਭਾਈ ਬੰਦਾ ਸਿੰਘ ਬਹਾਦੁਰ ਨੂੰ ਪੁੱਜੀ ਤਾਂ ਉਹ ਕੁੱਝ ਸਿੱਖਾਂ ਨੂੰ ਨਾਲ ਲੈ ਕੇ ਕਾਫ਼ੀ ਅੱਗੇ ਆ ਗਿਆ ਅਤੇ ਜੇਤੂ ਮਝੈਲਾਂ ਨੂੰ ਗਲਵੱਕੜੀਆਂ ਪਾ ਕੇ ‘ਜੀ ਆਇਆਂ ਆਖਿਆ’।[31] ਇਸ ਤੋਂ ਅਗਲੇ ਦਿਨ ਸਿੱਖਾਂ ਦੇ ਇਕ ਹੋਰ ਜੱਥੇ ਦੀ ਟੱਕਰ ਰਾਣਵਾਂ ਪਿੰਡ ਵਿਚ ਸੰਘੋਲ ਦੇ ਨੇੜੇ ਵਜ਼ੀਰ ਖ਼ਾਨ ਦੀ ਭੇਜੀ ਫ਼ੌਜ ਨਾਲ ਹੋ ਗਈ। ਇੱਥੋਂ ਵੀ ਜੇਤੂ ਹੋ ਕੇ ਸਿੱਖ ਭਾਈ ਬੰਦਾ ਸਿੰਘ ਬਹਾਦੁਰ ਕੋਲ ਛੱਤ-ਬਨੂੜ ਪਹੁੰਚ ਗਏ।

ਚੱਪੜ-ਚਿੜੀ ਦੀ ਲੜਾਈ

ਜਦੋਂ ਵਜ਼ੀਰ ਖ਼ਾਨ ਨੂੰ ਖ਼ਿਜਰ ਖ਼ਾਨ ਅਤੇ ਉਸ ਦੇ ਦੋਹਾਂ ਪੁੱਤਰਾਂ ਦੇ ਮਰਨ, ਸ਼ੇਰ ਮੁਹੰਮਦ ਖ਼ਾਨ ਦੇ ਜ਼ਖ਼ਮੀ ਹੋਣ ਅਤੇ ਮਲੇਰ ਕੋਟਲਾ ਦੀਆਂ ਫ਼ੌਜਾਂ ਦੀ ਹਾਰ ਦੀ ਖ਼ਬਰ ਪੁੱਜੀ ਤਾਂ ਉਹ ਬੜਾ ਦੁਖੀ ਹੋਇਆ ਪਰ ਉਸ ਨੇ ਦਿੱਲੀ ਅਤੇ ਲਾਹੌਰ ਤੋਂ ਹੋਰ ਫ਼ੌਜ ਅਤੇ ਹਥਿਆਰ ਮੰਗਵਾ ਲਏ ਹੋਏ ਸਨ। ਹੁਣ ਵਜ਼ੀਰ ਖ਼ਾਨ ਕੋਲ ਭਾਰੀ ਗੋਲਾ ਬਾਰੂਦ, ਹਥਿਆਰ, ਘੋੜੇ ਅਤੇ ਹਾਥੀ ਵੀ ਸਨ ਅਤੇ ਉਸ ਦੀ ਫ਼ੌਜ ਦੀ ਗਿਣਤੀ ਵੀ ਬਹੁਤ ਸੀ। ਪਰ ਉਹ ਭਾਈ ਬੰਦਾ ਸਿੰਘ ਬਹਾਦੁਰ ਦਾ ਹਮਲਾ

[30] ਉਨ੍ਹਾਂ ਦਿਨਾਂ ਵਿਚ ਸਤਲੁਜ ਦਰਿਆ ਮਾਛੀਵਾੜਾ ਅਤੇ ਬਹਾਲੋਲਪੁਰ ਦੇ ਨੇੜਿਉਂ ਵਹਿੰਦਾ ਸੀ ਜੋ ਉਸ ਸਮੇਂ ਬਹੁਤ ਵੱਡੇ ਕਸਬੇ ਸਨ। 1750 ਤੋਂ ਬਾਦ, ਨਦੀ ਨੇ ਆਪਣਾ ਰਾਹ ਬਦਲ ਦਿੱਤਾ ਅਤੇ ਹੁਣ ਉੱਤਰੀ ਪਾਸੇ ਵੱਲ 10 ਕਿਲੋਮੀਟਰ ਦੂਰ ਵਹਿੰਦੀ ਹੈ।

[31] ਖ਼ਾਫ਼ੀ ਖ਼ਾਨ, ਮੁੰਤਖਾਬ-ਉਲ-ਲੁਬਾਬ, ਪੰਨਾ 653

ਉਡੀਕਣਾ ਨਹੀਂ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਸਿੱਖਾਂ 'ਤੇ ਅਚਾਨਕ ਹੀ ਹਮਲਾ ਕਰ ਦਿੱਤਾ ਜਾਵੇ; ਦੂਜਾ ਉਹ ਭਾਈ ਬੰਦਾ ਸਿੰਘ ਬਹਾਦੁਰ ਨੂੰ ਸਰਹੰਦ ਤੋਂ ਬਾਹਰ ਹੀ ਟਕਰਨਾ ਚਾਹੁੰਦਾ ਸੀ। ਵਜ਼ੀਰ ਖ਼ਾਨ ਨੇ ਇਸ ਦੇ ਨਾਲ ਇਕ ਹੋਰ ਚਾਲ ਵੀ ਖੇਡੀ। ਉਸ ਨੇ ਸੁੱਚਾ ਨੰਦ ਦੇ ਇਕ ਭਤੀਜੇ ਗੰਡਾ ਮਲ ਨੂੰ ਇਕ ਹਜ਼ਾਰ ਹਿੰਦੂ ਫ਼ੌਜੀ ਦੇ ਕੇ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਵਿਚ ਸ਼ਾਮਿਲ ਹੋਣ ਵਾਸਤੇ ਛੱਤ-ਬਨੂੜ ਵੱਲ ਤੋਰ ਦਿਤਾ। ਉਸ ਦੀ ਯੋਜਨਾ ਇਹ ਸੀ ਕਿ ਜੰਗ ਸ਼ੁਰੂ ਹੁੰਦਿਆਂ ਹੀ ਇਹ ਸਾਰੇ ਗ਼ਦਾਰੀ ਕਰ ਕੇ ਮੈਦਾਨ ਛੱਡ ਕੇ ਭੱਜ ਜਾਣ ਜਿਸ ਨਾਲ ਸਿੱਖ ਫ਼ੌਜਾਂ ਵਿਚ ਖਲਬਲੀ ਮੱਚ ਜਾਵੇ ਅਤੇ ਇਸੇ ਉਲਝਣ ਵਿਚ ਉਹ ਮਾਰੇ ਜਾਣ ਜਾਂ ਮੈਦਾਨ ਛੱਡ ਜਾਣ।

ਜਦੋਂ ਇਹ ਜੱਥਾ ਭਾਈ ਬੰਦਾ ਸਿੰਘ ਬਹਾਦੁਰ ਦੇ ਕੈਂਪ ਵਿਚ ਪਹੁੰਚਿਆ ਤਾਂ ਸਿੱਖਾਂ ਨੂੰ ਇਨ੍ਹਾਂ ਦੀ ਗੱਲ 'ਤੇ ਯਕੀਨ ਨਾ ਆਇਆ ਕਿ ਇਹ ਵਜ਼ੀਰ ਖ਼ਾਨ ਤੋਂ ਬਾਗ਼ੀ ਹੋ ਕੇ ਸਿੱਖਾਂ ਨਾਲ ਆ ਰਲੇ ਹਨ। ਇਸ ਕਰ ਕੇ ਬੰਦਾ ਸਿੰਘ ਨੇ ਫ਼ੈਸਲਾ ਕੀਤਾ ਕਿ ਇਨ੍ਹਾਂ ਨੂੰ ਅੱਗੇ ਲਾਉਣ ਦੀ ਥਾਂ ਸਭ ਤੋਂ ਆਖ਼ਰੀ ਕਤਾਰਾਂ ਵਿਚ ਰੱਖਿਆ ਜਾਏ। ਹੁਣ ਸਾਰੇ ਸਿੱਖ ਚੱਪੜ-ਚਿੜੀ ਦੀ ਜੂਹ ਵਿਚ ਇਕੱਠੇ ਹੋ ਗਏ।

ਭਾਈ ਬੰਦਾ ਸਿੰਘ ਬਹਾਦੁਰ ਨੇ ਜੂਹ ਵਿਚ ਇਕੱਠੇ ਹੋ ਕੇ ਸਰਹੰਦ 'ਤੇ ਹਮਲੇ ਦੀ ਤਿਆਰੀ ਕਰ ਲਈ। ਇੱਥੋਂ ਸਰਹੰਦ ਤਕਰੀਬਨ 20 ਕਿਲੋਮੀਟਰ ਦੂਰ ਸੀ।[32] ਪਰ ਇਸ ਤੋਂ ਪਹਿਲਾਂ ਕਿ ਸਿੱਖ ਫ਼ੌਜਾਂ ਸਰਹੰਦ ਵੱਲ ਕੂਚ ਕਰ ਸਕਦੀਆਂ, ਉਨ੍ਹਾਂ ਨੂੰ ਖ਼ਬਰ ਮਿਲ ਗਈ ਕਿ ਵਜ਼ੀਰ ਖ਼ਾਨ ਵੀ ਇਕ ਵੱਡੀ ਫ਼ੌਜ ਲੈ ਕੇ ਉੱਧਰ ਵੱਲ ਤੁਰ ਚੁੱਕਾ ਹੈ। ਭਾਈ ਬੰਦਾ ਸਿੰਘ ਬਹਾਦੁਰ ਨੇ ਸਾਰੀਆਂ ਫ਼ੌਜਾਂ ਨੂੰ ਚਾਰ ਹਿੱਸਿਆਂ ਵਿਚ ਵੰਡ ਦਿੱਤਾ। ਸਿੱਖਾਂ ਕੋਲ ਹੁਣ ਤੱਕ ਛੇ ਤੋਪਾਂ ਵੀ ਆ ਚੁੱਕੀਆਂ ਸਨ। ਮਸ਼ਹੂਰ ਤੋਪਚੀ ਭਾਈ ਸ਼ਾਹਬਾਜ਼ ਸਿੰਘ ਨੂੰ ਇਨ੍ਹਾਂ ਦਾ ਚਾਰਜ ਸੰਭਾਲ ਦਿੱਤਾ ਗਿਆ। ਫ਼ੌਜਾਂ ਦੀ ਕਮਾਂਡ ਫ਼ਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਆਲੀ ਸਿੰਘ ਨੂੰ ਸੌਂਪ ਦਿੱਤੀ ਗਈ। ਭਾਈ ਬੰਦਾ ਸਿੰਘ ਬਹਾਦੁਰ ਨੇ ਆਪ ਇਕ ਟਿੱਬੇ ’ਤੇ ਮੋਰਚੇ ਲਾ ਲਏ ਅਤੇ ਸਾਰੀ ਹਾਲਤ’ਤੇ ਨਿਗਾਹ ਰੱਖਣ ਲਗ ਪਿਆ। ਖ਼ਾਫ਼ੀ ਖ਼ਾਨ ਮੁਤਾਬਿਕ ਸਿੱਖ ਫ਼ੌਜਾਂ ਦੀ ਗਿਣਤੀ ਤੀਹ ਤੋਂ ਚਾਲ੍ਹੀ ਹਜ਼ਾਰ ਸੀ।[33] 12 ਮਈ 1710 ਦੀ ਸਵੇਰ ਤੱਕ ਵਜ਼ੀਰ ਖ਼ਾਨ ਦੀ ਫ਼ੌਜ ਵੀ ਪਹੁੰਚ ਚੁੱਕੀ ਸੀ। ਵਜੀਰ ਖਾਨ ਦੀ ਫ਼ੌਜ 50 ਹਜਾਰ ਤੋ ਵੱਧ ਸੀ ਜਿਸ ਨਾਲ ਉਹ ਸਰਹੰਦ ਤੋਂ ਚੱਪੜਚਿੜੀ ਵੱਲ ਵੱਧਿਆ। ਉਸ ਦੇ ਨਾਲ ਲਾਹੌਰ ਤੋਂ ਦਿੱਲੀ ਤੱਕ ਦੇ ਸਾਰੇ ਮਨਸਬਦਾਰ ਇਸ ਲੜਾਈ ਵਿਚ ਸ਼ਾਮਿਲ ਸਨ।[34] ਉਸ ਦੀ ਫ਼ੌਜ ਵਿਚ ਸਭ ਤੋਂ ਅੱਗੇ ਹਾਥੀ ਸਨ। ਸਰਹੰਦੀ ਫ਼ੌਜ ਵਿਚ ਸਾਰੇ ਪਾਸਿਉਂ **“ਯਾ ਅਲੀ, ਯਾ ਅਲੀ”** ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਸ ਤੇ ਸਿੱਖਾਂ ਨੇ ‘ਅਕਾਲ’ !

‘ਅਕਾਲ!!’ ਦੇ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ। ਸਿੱਖ ਜਰਨੈਲਾਂ ਨੇ

‘ਫ਼ਤਹਿ ਦਰਸ਼ਨ’ ਦੇ ਨਵੇਂ ਜੈਕਾਰੇ ਘੜ ਲਏ ਸਨ।[35]

---

[32] ਇਹ ਨਾਮ ਅਸਲ ਵਿਚ ਛੱਪੜ ਝਿੜੀ ਦਾ ਮੂਲ ਨਾਮ ਹੈ (ਸ਼ਾਬਦਿਕ: ਦਰਖਤਾਂ ਅਤੇ ਰੁੱਖਾਂ ਦੁਆਲੇ ਤਾਲਾਬ)।

[33] ਖਾਫੀ ਖ਼ਾਨ, op.cit, ਪੰਨਾ 652-53.

[34] ਐਲੀਅਟ ਐਂਡ ਡਾਊਸਨ, ਭਾਰਤ ਦਾ ਇਤਿਹਾਸ ਜਿਵੇਂ ਕਿ ਇਸ ਦੇ ਇਤਿਹਾਸਕਾਰਾਂ ਨੇ ਦੱਸਿਆ ਹੈ. ਭਾਗ 7, ਪੰਨਾ 414

[35] (ਐਲੀਅਟ ਐਂਡ ਡਾਊਸਨ, ਜਿਲਦ 7, ਸਫ਼ਾ 414)।

ਲੜਾਈ ਸ਼ੁਰੂ ਹੁੰਦਿਆਂ ਹੀ ਜਦੋਂ ਹਾਥੀ ਸਿੱਖਾਂ ਦੀਆਂ ਤੋਪਾਂ ਦੀ ਮਾਰ ਦੇ ਦਾਇਰੇ ਵਿਚ ਆ ਗਏ ਤਾਂ ਸਿੱਖਾਂ ਨੇ ਇਕ ਦਮ ਗੋਲੇ ਬਰਸਾ ਕੇ ਹਾਥੀਆਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ। ਵਜ਼ੀਰ ਖ਼ਾਨ ਦੀ ਫ਼ੌਜ ਦੇ ਕੁੱਝ ਹਾਥੀ ਜ਼ਖ਼ਮੀ ਹੋ ਕੇ ਚਿੰਘਾੜਦੇ ਹੋਏ ਪਿੱਛੇ ਨੂੰ ਦੌੜੇ ਅਤੇ ਆਪਣੇ ਹੀ ਫ਼ੌਜੀਆਂ ਨੂੰ ਹੀ ਜ਼ਖ਼ਮੀ ਕਰ ਗਏ। ਇਸ ਦੇ ਜਵਾਬ ਵਜੋਂ ਸਰਹੰਦ ਦੀ ਫ਼ੌਜ ਦੀਆਂ ਤੋਪਾਂ ਵੀ ਵਰ੍ਹਨ ਲਗ ਪਈਆਂ। ਸਿੱਖ ਫ਼ੌਜਾਂ ਕਿਉਂਕਿ ਝਿੜੀ ਵਾਲੇ ਪਾਸੇ ਸਨ ਇਸ ਕਰ ਕੇ ਉਨ੍ਹਾਂ ਨੂੰ ਦਰਖਤਾਂ ਦੀ ਓਟ ਮਿਲ ਗਈ। ਉਧਰ ਸਿੱਖਾਂ ਦੀਆਂ ਤੋਪਾਂ ਨੇ ਸਰਹੰਦੀ ਤੋਪਚੀਆਂ ਨੂੰ ਆਪਣੀ ਮਾਰ ਹੇਠ ਲੈ ਆਂਦਾ। ਇਨ੍ਹਾਂ ਤੋਪਚੀਆਂ ਦੇ ਮਾਰੇ ਜਾਣ ਮਗਰੋਂ ਸਰਹੰਦੀ ਫ਼ੌਜ ਵੱਲੋਂ ਤੋਪਾਂ ਦੀ ਗੋਲਾਬਾਰੀ ਬੰਦ ਹੋ ਗਈ। ਹੁਣ ਕਈ ਸਿੱਖ ਘੋੜਸਵਾਰ ਸਰਹੰਦੀ ਫ਼ੌਜਾਂ ਵਿਚ ਜਾ ਵੜੇ ਅਤੇ ਵੱਢ-ਟੁੱਕ ਸ਼ੁਰੂ ਹੋ ਗਈ। ਸਿੱਖਾਂ ਨੂੰ ਸਰਹੰਦ ’ਤੇ ਬਹੁੱਤ ਗੁੱਸਾ ਸੀ ਅਤੇ ਉਹ ਇਸ ਦੇ ਹਾਕਮਾਂ ਨੂੰ ਸਜ਼ਾ ਦੇਣਾ ਚਾਹੁੰਦੇ ਸਨ, ਇਸ ਕਰਕੇ ਉਹ ਸਿਰ ਤਲੀ ’ਤੇ ਰੱਖ ਕੇ ਜੂਝ ਰਹੇ ਸਨ।

ਦੂਜੇ ਪਾਸੇ ਮੁਗ਼ਲ ਅਤੇ ਪਠਾਨ ਫ਼ੌਜੀ ਤਾਂ ਸਿਰਫ਼ ਤਨਖ਼ਾਹਦਾਰ ਸਨ। ਜਦੋਂ ਬਹੁਤ ਮਾਰੋ-ਮਾਰੀ ਹੋ ਚੁੱਕੀ ਸੀ ਤਾਂ ਬਹੁਤ ਸਾਰੇ ਭਾੜੇ ਦੇ ਸਰਹੰਦੀ ਫ਼ੌਜੀਆਂ ਨੇ ਜਾਨ ਬਚਾਉਣ ਵਾਸਤੇ ਖਿਸਕਣਾ ਸ਼ੁਰੂ ਕਰ ਦਿੱਤਾ। 'ਜ਼ਹਾਦ' ਦੇ ਨਾਂ ਤੇ ਇਕੱਠੇ ਕੀਤੇ ਪਠਾਨ ਅਤੇ ਮੁਗ਼ਲ ਵੀ, ਜੰਗ ਦੇ ਤੌਰ-ਤਰੀਕਿਆਂ ਤੋਂ ਅਣਜਾਣ ਹੋਣ ਕਰਕੇ, ਬਹੁਤੀ ਦੇਰ ਲੜਾਈ ਨਾ ਕਰ ਸਕੇ। ਉਨ੍ਹਾਂ ਵਿਚੋਂ ਬਹੁਤੇ ਮਾਰੇ ਗਏ ਜਾਂ ਮੈਦਾਨ ਛੱਡ ਕੇ ਭੱਜ ਗਏ। ਇਸ ਮੌਕੇ ’ਤੇ ਗੰਡਾ ਮਲ (ਭਤੀਜਾ ਸੁੱਚਾ ਨੰਦ) ਵੀ ਆਪਣੇ ਜਾਸੂਸ ਹਿੰਦੂ ਫ਼ੌਜੀ ਲੈ ਕੇ ਭੱਜਣ ਲਗ ਪਿਆ। ਇਸ ਨਾਲ ਸਿੱਖਾਂ ਦੇ ਖੇਮੇ ਵਿਚ ਵੀ ਕੁੱਝ ਘਬਰਾਹਟ ਫੈਲ ਗਈ। ਇਸ ਨੂੰ ਵੇਖ ਕੇ ਭਾਈ ਬੰਦਾ ਸਿੰਘ ਬਹਾਦੁਰ ਟਿੱਲੇ ਤੋਂ ਉਤਰ ਕੇ ਆਪ ਮੈਦਾਨੇ-ਜੰਗ ਵਿਚ ਆ ਗਿਆ। ਭਾਈ ਬੰਦਾ ਸਿੰਘ ਬਹਾਦੁਰ ਨੂੰ ਆਪਣੇ ਵਿਚ ਖੜਾ ਵੇਖ ਕੇ ਸਿੱਖਾਂ ਦੇ ਹੌਸਲੇ ਦੂਣੇ-ਚੌਣੇ ਹੋ ਗਏ ਅਤੇ ਉਹ ਨਵੇਂ ਜੋਸ਼ ਨਾਲ ਸਰਹੰਦੀ ਫ਼ੌਜਾਂ 'ਤੇ ਟੁੱਟ ਪਏ। ਇਸ ਨਾਲ ਸਰਹੰਦੀ ਫ਼ੌਜਾਂ ਨੇ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ। ਇਹ ਵੇਖ ਕੇ ਵਜ਼ੀਰ ਖ਼ਾਨ ਅਤੇ ਉਸ ਦਾ ਵਜ਼ੀਰ ਸੁੱਚਾ ਨੰਦ ਆਪ ਅਗਲੀਆਂ ਸਫ਼ਾਂ ਵਿਚ ਆ ਗਏ ਅਤੇ ਸਰਹੰਦੀ ਫ਼ੌਜਾਂ ਨੂੰ ਹੱਲਾਸ਼ੇਰੀ ਦੇਣ ਲੱਗ ਪਏ।[36] ਸਭ ਤੋਂ ਪਹਿਲੀ ਟੱਕਰ ਬਾਜ਼ ਸਿੰਘ ਅਤੇ ਸੁੱਚਾ ਨੰਦ ਵਿਚ ਹੋਈ। ਬਾਜ਼ ਸਿੰਘ ਜਦੋਂ ਸੁੱਚਾ ਨੰਦ ਵੱਲ ਵਧਿਆ ਤਾਂ ਬੁਜ਼ਦਿਲ ਸੁੱਚਾ ਨੰਦ ਖ਼ੌਫ਼ ਨਾਲ ਦਹਿਲ ਗਿਆ ਅਤੇ ਪਿੱਛੇ ਨੂੰ ਭੱਜ ਪਿਆ।ਮੈਦਾਨ ਵਿੱਚੋਂ ਭੱਜੇ ਸੁੱਚਾ ਨੰਦ ਨੇ ਸਰਹੰਦ ਪੁੱਜ ਕੇ ਹੀ ਸਾਹ ਲਿਆ। ਇਸ ਮਗਰੋਂ ਜਦੋਂ ਬਾਜ਼ ਸਿੰਘ ਅਤੇ ਫ਼ਤਹਿ ਸਿੰਘ ਦੀ ਨਿਗਾਹ ਵਜ਼ੀਰ ਖ਼ਾਨ ’ਤੇ ਪਈ ਤਾਂ ਉਹ ਘੋੜੇ ਦੌੜਾ ਕੇ ਉਸ ਵਲ ਆ ਗਏ ਅਤੇ ਉਸ ਦੇ ਹਾਥੀ ਨੂੰ ਘੇਰ ਲਿਆ। ਹੁਣ ਹੱਥੋ-ਹੱਥ ਲੜਾਈ ਹੋਈ ਜਿਸ ਵਿਚ ਵਜ਼ੀਰ ਖ਼ਾਨ ਮਾਰਿਆ ਗਿਆ। ਇਤਨੇ ਵਿਚ ਹੀ ਉਨ੍ਹਾਂ ਨੂੰ ਸ਼ੇਰ ਮੁਹੰਮਦ ਖ਼ਾਨ (ਮਲੇਰਕੋਟਲਾ ਵਾਲਾ, ਜੋ ਬਹਿਲੋਲ ਪੁਰ ਵਿਚ ਮਝੈਲਾਂ ਹਥੋਂ ਹਾਰ ਖਾ ਕੇ ਫਿਰ ਇੱਥੇ ਚੱਪੜ-ਚਿੜੀ ਵਿਚ ਆ ਲੜਿਆ ਸੀ) ਵੀ ਨਜ਼ਰ ਆ ਗਿਆ। ਸਿੱਖਾਂ ਨੇ ਉਸ ਨੂੰ ਵੀ ਪਾਰ ਬੁਲਾ ਦਿੱਤਾ।[37] ਉਸ ਦਾ ਭਰਾ

---

[36]ਇਰਵਿਨ ਦੇ ਅਨੁਸਾਰ, ਵਜ਼ੀਰ ਖ਼ਾਨ ਉਦੋਂ 80 ਸਾਲ ਦਾ ਸੀ: ਲੇਟਰ ਮੁਗ਼ਲ , ਭਾਗ-1, ਪੰਨਾ 96.

[37] ਇਰਵਿਨ ਅਨੁਸਾਰ ਸ਼ੇਰ ਮੁਹੰਮਦ ਖ਼ਾਨ, ਵਜ਼ੀਰ ਖ਼ਾਨ ਦੀ ਮੌਤ ਤੋਂ ਪਹਿਲਾਂ ਮਾਰਿਆ ਗਿਆ ਸੀ । ਮਲੇਰਕੋਟਲਾ ਪਰਿਵਾਰ ਦਾ ਮੰਨਣਾ ਹੈ ਕਿ ਉਹ ਇਸ ਲੜਾਈ ਵਿਚ ਨਹੀਂ ਸੀ ਮਰਿਆ ।

ਖਵਾਜਾ ਅਲੀ ਵੀ ਮਾਰਿਆ ਗਿਆ ਇਨ੍ਹਾਂ ਦੀ ਮੌਤ ਮਗਰੋਂ ਇਕ ਵੀ ਪਠਾਨ ਜਾਂ ਮੁਗ਼ਲ ਫ਼ੌਜੀ ਮੈਦਾਨ ਵਿਚ ਨਾ ਠਹਿਰਿਆ। ਸਾਰੇ ਮੁਗ਼ਲ ਫ਼ੌਜੀ ਸਭ ਕੁੱਝ ਛੱਡ ਕੇ ਖ਼ਾਲੀ ਹੱਥ ਸਿਰਫ਼ ਜਾਨ ਬਚਾ ਕੇ ਭੱਜ ਗਏ। ਕੁੱਝ ਮੁਗਲ ਫ਼ੌਜੀਆਂ ਨੇ ਸਿੱਖਾਂ ਅੱਗੇ ਗੋਡੇ ਟੇਕ ਦਿੱਤੇ। ਸਿੱਖਾਂ ਨੇ ਉਨ੍ਹਾਂ ਤੋਂ ਹਥਿਆਰ ਖੋਹ ਕੇ ਉਨ੍ਹਾਂ ਨੂੰ ਮੁਆਫ ਕਰ ਦਿੱਤਾ। ਇਹ ਲੜਾਈ 12 ਮਈ ਦੀ ਸਵੇਰ ਤੋਂ ਦੁਪਹਿਰ ਤਕ, ਸਿਰਫ਼ ਕੁੱਝ ਘੰਟੇ ਹੀ ਚਲੀ ਸੀ।[38]

ਸਰਹੰਦ ਸ਼ਹਿਰ ’ਤੇ ਕਬਜ਼ਾ

ਲੜਾਈ ਖ਼ਤਮ ਹੋਣ ਮਗਰੋਂ ਜ਼ਖ਼ਮੀ ਸਿੱਖਾਂ ਦੀ ਮਰਹਮ ਪੱਟੀ ਕੀਤੀ ਗਈ ਸ਼ਹੀਦ ਸਿੱਖਾਂ ਨੂੰ ਇਕੱਠਿਆਂ ਕਰ ਕੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਇਹ ਸਾਰਾ ਸਮਾਂ ਸਿੱਖ ਸ਼ਬਦ ਗਾਉਂਦੇ ਅਤੇ ਪਾਠ ਕਰਦੇ ਰਹੇ। ਸਸਕਾਰ ਕਰਨ ਮਗਰੋਂ ਬਾਕੀ ਸਿੱਖ ਫ਼ੌਜਾਂ ਸਰਹੰਦ ਵੱਲ ਚੱਲ ਪਈਆਂ। ਵੀਹ ਕਿਲੋਮੀਟਰ ਦਾ ਫ਼ਾਸਲਾ ਤੈਅ ਕਰਕੇ ਸਿੱਖ ਅੱਧੀ ਰਾਤ ਵੇਲੇ ਸਰਹੰਦ ਪਹੁੰਚ ਗਏ। ਇਸ ਵੇਲੇ ਸ਼ਹਿਰ ਦੇ ਦਰਵਾਜ਼ੇ ਬੰਦ ਸਨ। ਸਿੱਖ ਫ਼ੌਜਾਂ ਨੇ ਸਰਹੰਦ ਨਗਰ ਨੂੰ ਘੇਰਾ ਪਾ ਲਿਆ। ਅਗਲੇ ਦਿਨ ਇਕ ਨਿੱਕੀ ਜਹੀ ਝੜਪ ਮਗਰੋਂ ਸਿੱਖ ਸ਼ਹਿਰ ਵਿਚ ਦਾਖ਼ਿਲ ਹੋ ਗਏ। ਉਨ੍ਹਾਂ ਨੇ ਵਜ਼ੀਰ ਖ਼ਾਨ ਦੀ ਲਾਸ਼ ਦਾ ਜਲੂਸ ਕੱਢਿਆ ਅਤੇ ਕਿਲ੍ਹੇ ਦੇ ਕੋਲ ਲੈ ਆਏ। ਉਨ੍ਹਾਂ ਨੇ ਇਸ ਲਾਸ਼ ਨੂੰ ਇਕ ਦਰਖ਼ਤ ਨਾਲ ਪੁੱਠਾ ਲਟਕਾ ਦਿੱਤਾ। ਇਸ ਵੇਲੇ ਤਕ ਲਾਸ਼ ਵਿਚੋਂ ਬੋਅ ਆਉਣੀ ਸ਼ੁਰੂ ਹੋ ਚੁੱਕੀ ਸੀ। ਛੇਤੀ ਹੀ ਗਿਰਝਾਂ ਅਤੇ ਹੋਰ ਪੰਖੀਆਂ ਨੇ ਉਸ ਦੀ ਲਾਸ਼ ਨੂੰ ਨੋਚਣਾ ਸ਼ੁਰੂ ਕਰ ਦਿੱਤਾ। ਇਹ ਦੇਖ ਕੇ ਸ਼ਹਿਰ ਦੇ ਲੋਕ ਬੁਰੀ ਤਰ੍ਹਾਂ ਦਹਿਲ ਗਏ। ਉਨ੍ਹਾਂ ਵਿਚੋਂ ਕਈਆਂ ਨੇ ਸਿੱਖ ਫ਼ੌਜਾਂ ਤੋਂ ਰਹਿਮ ਦੀ ਮੰਗ ਕੀਤੀ। ਇਸ ਵੇਲੇ ਤੱਕ ਸ਼ਹਿਰ ਵਿਚ ਖ਼ਾਮੋਸ਼ੀ ਅਤੇ ਡਰ ਦਾ ਮਾਹੌਲ ਬਣ ਚੁੱਕਾ ਸੀ। ਸਿੱਖਾਂ ਨੇ ਸ਼ਹਿਰ ਵਾਸੀਆਂ ਨੂੰ ਯਕੀਨ ਦਿਵਾਇਆ ਕਿ ਕੋਈ ਵੀ ਸਿੱਖ ਕਿਸੇ ਬੇਗੁਨਾਹ ਦਾ ਵਾਲ ਵੀ ਵਿੰਗਾ ਨਹੀਂ ਕਰੇਗਾ।

ਹੁਣ ਸਿੱਖਾਂ ਨੇ ਕਿਲ੍ਹੇ ਵੱਲ ਮੂੰਹ ਕੀਤਾ, ਇੱਥੇ ਜ਼ਬਰਦਸਤ ਲੜਾਈ ਹੋਈ। ਕਿਲ੍ਹੇ ਦੀਆਂ ਤੋਪਾਂ ਦੇ ਗੋਲਿਆਂ ਨਾਲ 500 ਦੇ ਕਰੀਬ ਸਿੱਖ ਸ਼ਹੀਦ ਹੋ ਗਏ। ਇਸ’ਤੇ ਕੁੱਝ ਸਿੱਖ ਕਿਲ੍ਹੇ ਦੇ ਨੇੜਲੇ ਇਕ ਭੱਠੇ 'ਤੇ ਚੜ੍ਹ ਗਏ ਅਤੇ ਉਥੋਂ ਉਨ੍ਹਾਂ ਨੇ ਕਿਲ੍ਹੇ 'ਚੋਂ ਗੋਲੇ ਬਰਸਾਉਂਦੀਆਂ ਤੋਪਾਂ ਦੇ ਤੋਪਚੀ ਮਾਰ ਦਿੱਤੇ। ਹੁਣ ਸਿੱਖ ਫ਼ੌਜ ਨੇ ਚੱਪੜ-ਚਿੜੀ ਵਿਚ ਸਰਹੰਦੀ ਫ਼ੌਜ ਤੋਂ ਖੋਹੀਆਂ ਤੋਪਾਂ ਨਾਲ ਕਿਲ੍ਹੇ 'ਤੇ ਗੋਲਾਬਾਰੀ ਕਰ ਕੇ ਅੰਦਰ ਜਾਣ ਦਾ ਰਸਤਾ ਬਣਾ ਲਿਆ। ਕਿਲ੍ਹੇ ਦੇ ਅੰਦਰ ਬਚੀ-ਖੁਚੀ ਸਰਹੰਦੀ ਫ਼ੌਜ, ਜੋ ਅਜੇ ਆਕੀ ਹੋਈ ਬੈਠੀ ਸੀ, ਨੇ ਵੀ ਥੋੜ੍ਹੇ ਹੀ ਸਮੇਂ ਵਿਚ ਹਥਿਆਰ ਸੁੱਟ ਦਿੱਤੇ। ਭਾਈ ਬੰਦਾ ਸਿੰਘ ਬਹਾਦੁਰ ਨੇ ਇਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ। ਹੁਣ ਪੂਰੇ ਸਰਹੰਦ ਸ਼ਹਿਰ ਉੱਤੇ ਸਿੱਖਾਂ ਦਾ ਮੁਕੰਮਲ ਕਬਜ਼ਾ ਹੋ ਚੁੱਕਾ ਸੀ। ਇਸ ਵੇਲੇ ਸ਼ਹਿਰ ਜਾਂ ਕਿਲ੍ਹੇ ਵਿਚ ਮੁਖ਼ਾਲਫ਼ਤ ਕਰਨ ਵਾਲਾ ਕੋਈ ਵੀ ਨਹੀਂ ਸੀ ਬਚਿਆ। ਵਜ਼ੀਰ ਖ਼ਾਨ ਦਾ ਪੁੱਤਰ ਸਮੁੰਦ ਖ਼ਾਨ ਚੌਖੀ ਦੌਲਤ ਲੈ ਕੇ ਦਿੱਲੀ ਵੱਲ ਭੱਜ ਚੁੱਕਾ ਸੀ ਪਰ ਸੁੱਚਾ ਨੰਦ ਅਜੇ ਵੀ ਸ਼ਹਿਰ ਵਿਚ ਹੀ ਲੁੱਕਿਆ ਬੈਠਾ ਸੀ।

---

[38] Ibid.

ਸ਼ਾਮ ਵੇਲੇ ਭਾਈ ਬੰਦਾ ਸਿੰਘ ਬਹਾਦੁਰ ਨੇ ਮੁਖੀ ਸ਼ਹਿਰੀਆਂ ਦਾ ਇਕ ਇਕੱਠ ਬੁਲਾਇਆ ਅਤੇ ਐਲਾਨ ਕੀਤਾ ਕਿ ਸਿੱਖ ਕਿਸੇ ਵੀ ਬੇਗੁਨਾਹ ਨੂੰ ਕੋਈ ਤਕਲੀਫ਼ ਨਹੀਂ ਆਉਣ ਦੇਣਗੇ ਪਰ ਕਿਸੇ ਵੀ ਮੁਜਰਿਮ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ। ਇਸ ’ਤੇ ਲੋਕਾਂ ਨੇ ਰਾਹਤ ਮਹਿਸੂਸ ਕੀਤੀ। ਬਹੁਤ ਸਾਰੇ ਲੋਕ ਭਾਈ ਬੰਦਾ ਸਿੰਘ ਬਹਾਦੁਰ ਨਾਲ ਮਿਲਵਰਤਣ ਕਰਨ ਲਗ ਪਏ। ਉਨ੍ਹਾਂ ਵਿਚੋਂ ਕਿਸੇ ਨੇ ਸੁੱਚਾ ਨੰਦ ਦਾ ਵੀ ਥਹੁ-ਪਤਾ ਦਸ ਦਿੱਤਾ। ਸੁੱਚਾ ਨੰਦ ਅੱਜੇ ਸ਼ਹਿਰ ਵਿਚ ਲੁੱਕਿਆ ਹੋਇਆ ਸੀ। ਉਹ ਚੱਪੜ-ਚਿੜੀ ਵਿੱਚੋਂ ਦੌੜ ਆਉਣ ਦੇ ਬਾਵਜੂਦ ਸਰਹੰਦ 'ਚੋਂ ਦੌੜ ਨਹੀਂ ਸਕਿਆ ਸੀ ਕਿਉਂਕਿ ਉਹ ਆਪਣੀ ਬੇਸ਼ੁਮਾਰ ਇਕੱਠੀ ਕੀਤੀ ਹੋਈ ਦੌਲਤ ਨੂੰ ਸੰਭਾਲਣ ਅਤੇ ਕੱਢ ਕੇ ਲਿਜਾਉਣ ਦੀਆਂ ਸਕੀਮਾਂ ਘੱੜਦਾ ਰਹਿ ਗਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਨੱਕ ਵਿਚ ਨਕੇਲ ਪਾ ਕੇ ਉਸ ਨੂੰ ਘਰ-ਘਰ ਵਿਚ ਭਿੱਖਿਆ ਮੰਗਣ ’ਤੇ ਮਜ਼ਬੂਰ ਕੀਤਾ ਗਿਆ। ਰਸਤੇ ਵਿਚ ਲੋਕਾਂ ਨੇ ਉਸ ਨੂੰ ਪੱਥਰ ਵੀ ਮਾਰੇ। ਅਖ਼ੀਰ ਬੁਰੀ ਤਰ੍ਹਾਂ ਜ਼ਲੀਲ ਹੋ ਕੇ ਸੁੱਚਾ ਨੰਦ ਮਰ ਗਿਆ। ਸੁੱਚਾ ਨੰਦ ਕੋਲ ਬੇਸ਼ੁਮਾਰ ਦੌਲਤ ਸੀ। ਇਸ ਸਾਰੀ ਦੌਲਤ ਨੂੰ ਜ਼ਬਤ ਕਰ ਲਿਆ ਗਿਆ।

ਇਬਾਰਤਨਾਮਾ ਦਾ ਲਿਖਾਰੀ ਮੁਹੰਮਦ ਕਾਸਿਮ ਸਫਾ 133-46 'ਤੇ ਲਿਖਦਾ ਹੈ ਕਿ “ਇੰਞ ਜਾਪਦਾ ਸੀ ਕਿ ਉਸ ਨੇ ਇਹ ਸਾਰੀ ਦੌਲਤ ਇਸੇ ਦਿਨ ਵਾਸਤੇ ਇਕੱਠੀ ਕੀਤੀ ਹੋਈ ਸੀ।” ਮੁਹੰਮਦ ਕਾਸਿਮ ਇਹ ਵੀ ਲਿਖਦਾ ਹੈ ਕਿ “ਲੋਕ ਕਹਿੰਦੇ ਸਨ ਕਿ ਵਜ਼ੀਰ ਖ਼ਾਨ ਦੇ ਵੇਲੇ ਕੋਈ ਐਸਾ ਜ਼ੁਲਮ ਨਹੀਂ ਸੀ, ਜੋ ਗ਼ਰੀਬਾਂ ਉੱਤੇ ਨਾ ਕੀਤਾ ਗਿਆ ਹੋਵੇ ਅਤੇ ਹੁਣ (ਜ਼ੁਲਮ ਦਾ) ਕੋਈ ਅਜਿਹਾ ਬੀਜ ਨਹੀਂ ਸੀ ਜਿਸ ਨੂੰ ਫੱਲ ਨਾ ਲਗਾ ਹੋਵੇ।”

ਭਾਈ ਬੰਦਾ ਸਿੰਘ ਬਹਾਦੁਰ ਨੇ ਸੁੱਚਾ ਨੰਦ ਦੇ ਪਰਿਵਾਰ ਨੂੰ ਵੀ ਸਜ਼ਾ ਦਿੱਤੀ। ਉਨ੍ਹਾਂ ਨੂੰ ਜਿਸਮ ਢੱਕਣ ਜੋਗੇ ਕਪੜੇ ਦੇ ਕੇ ਸ਼ਹਿਰ ਵਿਚ ਮੰਗਣ ’ਤੇ ਮਜ਼ਬੂਰ ਕੀਤਾ ਗਿਆ ਅਤੇ ਨਾਲ ਹੀ ਸ਼ਹਿਰ ਵਿਚ ਇਹ ਮੁਨਾਦੀ ਵੀ ਕਰਵਾ ਦਿੱਤੀ ਗਈ ਕਿ ਕੋਈ ਵੀ ਬੰਦਾ ਇਨ੍ਹਾਂ ਨੂੰ ਇਕ ਕੌਡੀ ਤੋਂ ਵੱਧ ਭਿਖਿਆ ਨਾ ਦੇਵੇ। ਇਸ ਦੇ ਨਾਲ ਹੀ ਭਾਈ ਬੰਦਾ ਸਿੰਘ ਬਹਾਦੁਰ ਨੇ ਹਰ ਉਸ ਸ਼ਖ਼ਸ ਨੂੰ ਸਜ਼ਾ-ਏ-ਮੌਤ ਦਿੱਤੀ ਜਿਸ ਨੇ ਲੋਕਾਂ 'ਤੇ ਜ਼ੁਲਮ ਢਾਏ ਸਨ।

ਵਜ਼ੀਰ ਖਾਨ ਦੀ ਮੌਤ ਕਿਵੇਂ ਹੋਈ

ਖ਼ਾਫ਼ੀ ਖ਼ਾਨ ਮੁਤਾਬਿਕ ਵਜ਼ੀਰ ਖ਼ਾਨ ਗੋਲੀ ਲਗਣ ਨਾਲ ਮਰਿਆ ਸੀ। ਇਸ ਮੁਤਾਬਿਕ ਸ਼ੇਰ ਮੁਹੰਮਦ ਖ਼ਾਨ ਮਲੇਰਕੋਟਲੇ ਵਾਲੇ ਨੇ ਬਿਨੋਦ ਸਿੰਘ ’ਤੇ ਹਮਲਾ ਕੀਤਾ। ਇੰਨੇ ਵਿਚ ਇਕ ਗੋਲੀ ਵਜ਼ੀਰ ਖ਼ਾਨ ਨੂੰ ਲੱਗੀ ਅਤੇ ਉਹ ਮਰ ਗਿਆ ਅਤੇ ਸ਼ੇਰ ਮੁਹੰਮਦ ਖ਼ਾਨ ਦਾ ਧਿਆਨ ਉਸ ਪਾਸੇ ਵੱਲ ਹੋ ਗਿਆ।[39] ਕਨੱਈਆ ਲਾਲ ਮੁਤਾਬਿਕ ਵੀ ਵਜ਼ੀਰ ਖ਼ਾਨ ਦੀ ਮੌਤ ਗੋਲੀ ਲਗਣ ਨਾਲ ਹੋਈ ਸੀ।(ਤਾਰੀਖ਼ੇ ਪੰਜਾਬ, ਸਫ਼ਾ 59)। ਲਤੀਫ਼ ਮੁਤਾਬਿਕ ਵਜ਼ੀਰ ਖ਼ਾਨ ਦੀ ਮੌਤ ਇਕ ਤੀਰ ਲਗਣ ਨਾਲ ਹੋਈ ਸੀ। (ਹਿਸਟਰੀ ਆਫ਼ ਪੰਜਾਬ, ਸਫ਼ਾ 274)।

---

[39] ਖ਼ਾਫ਼ੀ ਖ਼ਾਨ, ਮੁੰਤਖ਼ਬਲ-ਉਲ-ਲੁਬਾਬ., ਪੰਨਾ 653; ਇਰਵਿਨ,ਪੁੱਸਤਕ ਲੇਟਰ ਮੁਗਲ, ਭਾਗ 1, ਪੰਨਾ 96; ਐਲੀਅਟ ਅਤੇ ਡੌਜ਼ਨ, ਭਾਗ 7, ਪੰਨਾ 414)

(ਖ਼ਾਫ਼ੀ ਖ਼ਾਨ, ਚੈਪਟਰ 2, ਸਫ਼ਾ 654)। ਦਸਤੂਰ ਉਲ ਇਨਸ਼ਾ ਦਾ ਲੇਖਕ ਯਾਰ ਮੁਹੰਮਦ ਲਿਖਦਾ ਹੈ ਕਿ ਵਜ਼ੀਰ ਖ਼ਾਨ ਦਾ ਸਿਰ ਇਕ ਨੇਜ਼ੇ 'ਤੇ ਟੰਗ ਕੇ ਅਤੇ ਉਸ ਦੇ ਧੜ ਨੂੰ ਬਲਦਾਂ ਪਿੱਛੇ ਬੰਨ੍ਹ ਕੇ, ਘਸੀਟ ਕੇ, 20 ਕਿਲੋਮੀਟਰ ਦੂਰ, ਸਰਹੰਦ ਲਿਜਾਇਆ ਗਿਆ। ਲੋਕ ਕਹਿੰਦੇ ਸਨ ਕਿ ਵਜ਼ੀਰ ਖਾਂ ਨੇ ਹਰ ਤਰ੍ਹਾਂ ਦਾ ਜ਼ੁਲਮ ਜਨਤਾ'ਤੇ ਕੀਤਾ ਅਤੇ ਉਸ ਨੂੰ ਅਜੇਹੀ ਭੈੜੀ ਮੌਤ ਮਿਲੀ ਜੋ ਸਾਰੀ ਦੁਨੀਆਂ ਯਾਦ ਰੱਖੇਗੀ।[40] ਸੁੱਚਾ ਨੰਦ ਅਤੇ ਵਜ਼ੀਰ ਖ਼ਾਨ ਦੇ ਮਹਿਲਾਂ ਬਾਰੇ ਮੁਹੰਮਦ ਕਾਸਿਮ ਲਿਖਦਾ ਹੈ ਕਿ **ਉਨ੍ਹਾਂ ਦੇ 'ਸੁਰਗਾਂ ਵਰਗੇ ਮਹਿਲ ਕਾਂਵਾਂ ਦੇ ਅੱਡੇ ਬਣ ਗਏ'।**

ਬਹਾਦਰ ਸ਼ਾਹ ਨੂੰ ਸਰਹੰਦ ਖੁੱਸਣ ਦੀ ਖ਼ਬਰ ਮਿਲਣੀ

ਜਦੋਂ ਬਹਾਦਰ ਸ਼ਾਹ ਦੱਖਣ ਤੋਂ ਦਿੱਲੀ ਵੱਲ ਆ ਰਿਹਾ ਸੀ, ਉਸਨੂੰ 20 ਮਈ 1710 ਨੂੰ ਸਰਹੰਦ ਸਿੱਖਾਂ ਦੇ ਹੱਥ ਆ ਜਾਣ ਦੀ ਖ਼ਬਰ ਮਿਲੀ ਅਤੇ ਵਜ਼ੀਰ ਖਾਂ ਦੀ ਮੌਤ ਦਾ ਪਤਾ ਲਗਾ। ਉਸਨੇ ਲਾਹੌਰ ਅਤੇ ਦਿੱਲੀ ਦੇ ਮੁੱਖੀਆ ਨੂੰ ਹੁਕਮ ਭੇਜੇ ਕਿ ਉਹ ਸਿੱਖਾਂ ਦੀ ਮੁਹਿੰਮ ਨੂੰ ਦਬਾਉਣ।[41]

ਚੱਪੜ ਚਿੜੀ ਦੀ ਲੜਾਈ ਦੀ ਅਸਲ ਤਾਰੀਖ਼

ਚੱਪੜ ਚਿੜੀ ਦੀ ਲੜਾਈ 12 ਮਈ 1710 ਦੇ ਦਿਨ ਹੋਈ ਸੀ, ਅਗਲੇ ਦਿਨ ਸ਼ਹਿਰ ਸਰਹੰਦ ਅਤੇ ਇਸ ਦੇ ਕਿਲ੍ਹੇ 'ਤੇ ਵੀ ਕਬਜ਼ਾ ਹੋ ਚੁੱਕਾ ਸੀ। ਸਰਹੰਦ 'ਤੇ ਸਿੱਖਾਂ ਦਾ ਕਬਜ਼ਾ ਹੋਣ ਦੀ ਖ਼ਬਰ ਬਾਦਸ਼ਾਹ ਬਹਾਦਰ ਸ਼ਾਹ ਨੂੰ ਬਹਾਸੂ ਨਗਰ ਦੇ ਪੜਾਅ 'ਤੇ 20 ਮਈ 1710 ਨੂੰ ਮਿਲੀ।[42] ਅੰਗਰੇਜ਼ ਲੇਖਕ[43] ਜੇ ਤਾਰੀਖ਼ 22 ਮਈ ਹੁੰਦੀ ਤਾਂ ਬਾਦਸ਼ਾਹ ਨੂੰ 20 ਮਈ ਨੂੰ ਖ਼ਬਰ ਕਿਵੇਂ ਮਿਲ ਸਕਦੀ ਸੀ? ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਰਿਪੋਰਟ ਮੁਤਾਬਿਕ ਲੜਾਈ ਦੀ ਰਿਪੋਰਟ ਬਾਦਸ਼ਾਹ ਨੂੰ 20 ਮਈ 1710 ਨੂੰ ਮਿਲੀ ਸੀ। ਇਸ ਖ਼ਬਰ ਨੂੰ ਬਾਦਸ਼ਾਹ ਕੋਲ ਪਹੁੰਚਾਉਣ ਤੇ ਅੱਠ ਦਿਨ ਲੱਗੇ ਸੀ। ਇਸ ਲਈ 12 ਮਈ 1710 ਹੀ ਚੱਪੜ-ਚਿੱੜੀ ਦੀ ਲੜਾਈ ਦੀ ਸਹੀ ਤਾਰੀਖ਼ ਹੈ।[44]

ਬੰਦਾ ਸਿੰਘ ਬਹਾਦੁਰ ਦਾ ਮੁਸਲਮਾਨ ਸ਼ਹਿਰੀਆਂ ਨਾਲ ਸਲੂਕ

ਜਿੱਤ ਤੋਂ ਬਾਅਦ ਸਿੱਖਾਂ ਨੇ ਨੀਲਾ ਝੰਡਾ ਕਿਲ੍ਹੇ ਦੀ ਚੋਟੀ 'ਤੇ ਲਹਿਰਾਇਆ ਅਤੇ ਬਾਜ਼ ਸਿੰਘ ਬੰਗੇਸ਼ਰੀ ਨੂੰ ਸਰਹੰਦ ਦਾ ਗਵਰਨਰ ਥਾਪਿਆ ਅਤੇ ਆਲੀ ਸਿੰਘ ਸਲੋਂਦੀ ਨੂੰ ਉਸ ਦਾ

[40] ਇਬਾਰਤਨਾਮਾ, ਪ੍ਰਿੰਟਰਡ ਬੁੱਕ ਦੇ ਪੰਨਾ ਨੰ. 133-46; 26ਬੀ ਤੋਂ 35ਬੀ ਖਰੜੇ ਦੀ ਕਾਪੀ ਬ੍ਰਿਟਿਸ਼ ਲਾਇਬ੍ਰੇਰੀ, ਲੰਡਨ ਵਿਖੇ ਮੌਜੂਦ ਹੈ।

[41] ਅਖਬਾਰਾਤਿ-ਦਰਬਾਰਿ-ਮੁਅੱਲਾ, 20 ਮਈ 1710

[42] ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਰਿਪੋਰਟ, ਮਿਤੀ 20.5.1710

[43] ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਇਕ ਬਿਨਾਂ ਤਾਰੀਖ ਰਿਪੋਰਟ ਦਰਜ ਕੀਤੀ ਗਈ।

[44] 'ਸੂਰਜ ਪ੍ਰਕਾਸ' ਦਾ ਲਿਖਾਰੀ ਸੰਤੋਖ ਸਿੰਘ (ਜਿਸ ਨੇ ਸਿੱਖ ਤਵਾਰੀਖ ਨੂੰ ਰੱਜ ਕੇ ਵਿਗੜਿਆ) ਸਰਹੰਦ ਦੀ ਲੜਾਈ 1707 ਵਿੱਚ, ਗੁਰੂ ਗੋਬਿੰਦ ਸਾਹਿਬ ਨੇ ਨੰਦੇੜ ਵਿੱਚ ਹੁੰਦਿਆ, ਕਰਵਾ ਕੇ ਉਨ੍ਹਾਂ ਕੋਲੋਂ ਇਸ ਦੀ ਖੁਸ਼ੀ ਦਾ ਇਜ਼ਹਾਰ ਕਰਵਾਉਂਦਾ ਹੈ। ਸੰਤੋਖ ਸਿੰਘ ਦੀ ਨਕਲ ਮਾਰ ਕੇ ਦੂਜਾ ਲਿਖਾਰੀ ਗਿਆਨੀ ਗਿਆਨ ਸਿੰਘ ਵੀ ਇਹ ਲੜਾਈ ਜੇਠ 1764, ਯਾਨਿ 1707, ਵਿੱਚ ਕਰਵਾਉਂਦਾ ਹੈ।

ਡਿਪਟੀ ਲਗਾ ਦਿੱਤਾ।[45] ਭਾਵੇਂ ਭਾਈ ਬੰਦਾ ਸਿੰਘ ਬਹਾਦੁਰ ਨੇ ਸਾਰੇ ਦੁਸ਼ਮਣਾਂ ਨੂੰ ਸਖ਼ਤ ਸਜ਼ਾ-ਏ-ਮੌਤ ਦਿੱਤੀ ਸੀ ਪਰ ਉਸ ਨੇ ਗੁੱਸੇ ਵਿਚ ਕਦੇ ਵੀ ਕਿਸੇ ਨੂੰ ਤੰਗ ਨਹੀਂ ਕੀਤਾ। ਹੋਰ ਤਾਂ ਹੋਰ ਗੁਰੂ ਅਰਜਨ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ’ਤੇ ਖ਼ੁਸ਼ੀ ਮਨਾਉਣ ਵਾਲੇ ਸਰਹੰਦੀ ਸ਼ੇਖਾਂ ਨੂੰ ਵੀ ਕੁੱਝ ਨਹੀਂ ਕਿਹਾ। ਦਰਅਸਲ ਭਾਈ ਬੰਦਾ ਸਿੰਘ ਬਹਾਦੁਰ ਦੀ ਜੰਗ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ ਸੀ ਬਲਕਿ ਜ਼ੁਲਮ ਕਰਨ ਵਾਲਿਆਂ ਦੇ ਖ਼ਿਲਾਫ਼ ਸੀ। ਇਸੇ ਕਰਕੇ ਭਾਈ ਬੰਦਾ ਸਿੰਘ ਬਹਾਦੁਰ ਨੇ ਕਿਸੇ ਵੀ ਇਸਲਾਮੀ ਅਦਾਰੇ ’ਤੇ ਹਮਲਾ ਨਹੀਂ ਕੀਤਾ। ਅੱਜ ਤਿੰਨ ਸੌ ਸਾਲ ਮਗਰੋਂ ਵੀ (2017-18), ਭਾਈ ਬੰਦਾ ਸਿੰਘ ਬਹਾਦੁਰ ਦੇ ਸਰਹੰਦ ਉੱਤੇ ਹਮਲੇ ਤੋਂ ਤਿੰਨ ਸੌ ਸਾਲ ਮਗਰੋਂ ਵੀ, ਸ਼ੇਖ ਅਹਿਮਦ ਸਰਹੰਦੀ ਦੀ ਮਜ਼ਾਰ ਅਤੇ ਡੇਰਾ, ਲਾਲ ਮਸਜਿਦ, ਸਧਨੇ ਕਸਾਈ ਦੀ ਮਸਜਿਦ, (ਨੇੜੇ ਤਲਾਨੀਆਂ) ਉਸਤਾਦ ਅਤੇ ਸ਼ਾਗਿਰਦ ਦੇ ਮਕਬਰੇ, ਮੀਰੇ-ਮੀਰਾਂ ਪਿੰਡ ਵਿਚ ਬਹਿਲੋਲ ਲੋਧੀ ਦੇ ਜੁਆਈ ਦੀ ਮਜ਼ਾਰ ਅਤੇ ਹੋਰ ਕਈ ਮਸਜਿਦਾਂ ਅਤੇ ਮਕਬਰੇ ਅੱਜ ਵੀ ਸਰਹੰਦ ਅਤੇ ਇਸ ਦੇ ਆਲੇ-ਦੁਆਲੇ ਆਪਣੇ ਜੌਹੋ-ਜਲਾਲ ਵਿਚ ਖੜ੍ਹੇ ਹਨ। ਜੇ ਭਾਈ ਬੰਦਾ ਸਿੰਘ ਬਹਾਦੁਰ ਇਸਲਾਮ-ਵਿਰੋਧੀ ਹੁੰਦਾ ਤਾਂ ਉਹ ਇਨ੍ਹਾਂ ਇਮਾਰਤਾਂ ਨੂੰ ਜੇ ਤਬਾਹ ਨਾ ਵੀ ਕਰਦਾ ਤਾਂ ਨੁਕਸਾਨ ਜ਼ਰੂਰ ਪਹੁੰਚਾਉਂਦਾ।

ਜ਼ਿੰਮੀਦਾਰਾ ਸਿਸਟਮ ਖਤਮ ਕਰਨਾ

ਭਾਈ ਬੰਦਾ ਸਿੰਘ ਬਹਾਦੁਰ ਨੇ 27 ਮਈ 1710 ਨੂੰ ਸਰਹੰਦ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇਕ ਇਕੱਠ ਬੁਲਾਇਆ ਅਤੇ ਲੋਕ ਰਾਜ ਦਾ ਐਲਾਨ ਕਰ ਦਿੱਤਾ। ਉਸ ਨੇ ਇਹ ਵੀ ਕਿਹਾ ਕਿ ਜ਼ਮੀਨ ਦਾ ਮਾਲਕ ਕਾਸ਼ਤਕਾਰ (ਵਾਹੀ ਕਰਨ ਵਾਲਾ ਕਿਰਸਾਨ) ਹੀ ਹੋਵੇਗਾ ਅਤੇ ਉਹ ਸਿਰਫ਼ ਇਕ ਤਿਹਾਈ ਵਟਾਈ ਸਰਕਾਰ ਨੂੰ ਬੰਧਾਨ ਵਜੋਂ ਦੇਵੇਗਾ। ਭਾਈ ਬੰਦਾ ਸਿੰਘ ਬਹਾਦੁਰ ਨੇ ਜ਼ਿਮੀਂਦਾਰੀ ਸਿਸਟਮ ਉੱਕਾ ਹੀ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ। ਇਹ ਭਾਈ ਬੰਦਾ ਸਿੰਘ ਬਹਾਦੁਰ ਹੀ ਸੀ ਜਿਸ ਨੇ 'ਦਲਿਤ' ਜਾਣੇ ਜਾਂਦੇ, ਹੀਣੇ ਅਤੇ ਨਿਗੂਣੇ ਜਿਹੇ ਕਿਸਾਨਾਂ ਨੂੰ ਜੱਟ ਅਤੇ ਜ਼ਮੀਨਾਂ ਦੇ ਮਾਲਿਕ ਬਣਾ ਦਿੱਤਾ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਦੁਨੀਆਂ ਭਰ ਵਿਚ ਜਾਗੀਰਦਾਰੀ ਦਾ ਸਭ ਤੋਂ ਪਹਿਲਾਂ ਖ਼ਾਤਮਾ ਭਾਈ ਬੰਦਾ ਸਿੰਘ ਬਹਾਦੁਰ ਨੇ ਸਿੱਖ ਹੋਮਲੈਂਡ ਵਿਚ ਕੀਤਾ ਸੀ। **ਦੁਨੀਆਂ ਦੇ ਇਤਿਹਾਸ ਵਿਚ ਪਹਿਲੀ ਵਾਰੀ ਕਿਸੇ ਰਾਜੇ ਵਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਸਮਾਜ ਵਿਚ ਰਾਜਸੀ / ਸਾਮਾਜਿਕ ਅਤੇ ਆਰਥਿਕਤਾ ਦੇ ਆਧਾਰ ’ਤੇ ਸਭ ਮਨੁੱਖ ਬਰਾਬਰ ਹੋਣ। ਇਹ ਕੰਮ ਫਰਾਂਸ ਦੀ ਕ੍ਰਾਂਤੀ ਤੋਂ ਲਗਭਗ 70 ਸਾਲ ਪਹਿਲਾਂ ਹੋਇਆ ਸੀ, ਪਰ ਦੁਨੀਆਂ ਭਰ ਵਿਚ ਇਸ ਗਲ ਨੂੰ ਪ੍ਰਚਾਰਿਆ ਹੀ ਨਹੀਂ ਗਿਆ।**

ਮਲੇਰਕੋਟਲਾ ’ਤੇ ਹਮਲਾ

ਆਮ ਤੌਰ ਤੇ ਇਹ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਨ ਨੇ ਕਤਲ ਕਰਨ ਵਾਸਤੇ ਹੁਕਮ ਦਿੱਤਾ ਤਾਂ ਮਲੇਰਕੋਟਲੇ ਦੇ

45. ਤਾਰੀਖ-ਏ-ਇਰਾਦਤਖਾਨੀ, ਪੰਨਾ 68.

ਪਠਾਣ ਹਾਕਮ ਸ਼ੇਰ ਮੁਹੰਮਦ ਖ਼ਾਨ ਨੇ "ਹਾਅ" ਦਾ ਨਾਅਰਾ ਮਾਰਿਆ ਸੀ। "ਆਪਣਾ ਬਦਲਾ ਦੁਸ਼ਮਣ ਦੇ ਮਾਸੂਮ ਬੱਚੇ ਤੋਂ ਨਹੀਂ ਬਲਕਿ ਉਸ (ਗੁਰੂ) ਤੋਂ ਹੀ ਲਿਆ ਜਾਣਾ ਚਾਹੀਦਾ ਹੈ।" ਉਂਝ ਸ਼ੇਰ ਮੁਹੰਮਦ ਖ਼ਾਨ ਸਿੱਖਾਂ ਦਾ ਕੋਈ ਹਮਦਰਦ ਨਹੀਂ ਸੀ ਬਲਕਿ ਕੱਟੜ ਦੁਸ਼ਮਨ ਸੀ। ਉਸ ਨੇ ਅਤੇ ਉਸ ਦੇ ਭਰਾਵਾਂ, ਪੁੱਤਰਾਂ ਅਤੇ ਭਤੀਜਿਆਂ ਨੇ ਵਾਰ-ਵਾਰ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖਾਂ 'ਤੇ ਹਮਲੇ ਕੀਤੇ ਸਨ। 12 ਅਕੂਤਬਰ 1700 ਨੂੰ ਨਿਰਮੋਹਗੜ੍ਹ, 7-8 ਦਸੰਬਰ 1705 ਨੂੰ ਚਮਕੌਰ, 9-10 ਮਈ 1710 ਦੇ ਦਿਨ ਮਝੈਲ ਸਿੰਘਾਂ ਤੇ ਬਹਿਲੋਲ ਪੁਰ ਵਿਚ ਅਤੇ 12 ਮਈ 1710 ਦੇ ਦਿਨ ਚੱਪੜ-ਚਿੜੀ ਵਿਚ ਵੀ ਜ਼ਬਰਦਸਤ ਟੱਕਰ ਲਈ ਸੀ ਅਤੇ ਸਰਹੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਦੇ ਹਰ ਹੁਕਮ ਤੇ ਫੁੱਲ ਚੜ੍ਹਾਉਂਦਿਆਂ ਸਿੱਖਾਂ ਤੇ ਬਿਨਾਂ ਕਾਰਨ ਹੀ ਹਮਲੇ ਕੀਤੇ ਸਨ। ਇਨ੍ਹਾਂ ਲੜਾਈਆਂ ਵਿਚ ਉਹ ਆਪ, ਉਸ ਦੇ ਤਿੰਨ ਭਰਾ ਅਤੇ ਦੋ ਭਤੀਜੇ ਮਾਰੇ ਗਏ ਸਨ। ਇਸ ਕਰਕੇ ਸਿੱਖਾਂ ਨੂੰ ਮਲੇਰਕੋਟਲਾ ਦੇ ਪਠਾਣ ਹਾਕਮ ਵੀ ਬਹੁਤ ਚੁੱਭਦੇ ਸਨ ਅਤੇ ਉਹ ਉਸ ਨੂੰ ਵੀ ਸਜ਼ਾ ਦੇਣਾ ਚਾਹੁੰਦੇ ਸਨ। ਸਰਹੰਦ ਜਿੱਤਣ ਤੋਂ ਬਾਅਦ ਸਿੱਖ ਫ਼ੌਜਾਂ ਨੇ ਮਲੇਰਕੋਟਲਾ ਵੱਲ ਕੂਚ ਕਰ ਦਿੱਤਾ। ਜਦੋਂ ਮਲੇਰੀਆਂ ਨੂੰ ਪਤਾ ਲਗਾ ਕਿ ਸਿੱਖ ਫ਼ੌਜਾਂ ਮਲੇਰਕੋਟਲਾ ਵੱਲ ਆ ਰਹੀਆਂ ਹਨ ਤਾਂ ਉੱਥੋਂ ਦਾ ਇਕ ਸ਼ਾਹੂਕਾਰ ਕਿਸ਼ਨ ਚੰਦ, ਭਾਈ ਬੰਦਾ ਸਿੰਘ ਬਹਾਦੁਰ ਨੂੰ ਮਿਲਣ ਪੁੱਜਾ। ਕਿਸ਼ਨ ਚੰਦ, ਭਾਈ ਬੰਦਾ ਸਿੰਘ ਬਹਾਦੁਰ ਨੂੰ ਪਹਿਲਾਂ ਤੋਂ ਹੀ ਜਾਣਦਾ ਸੀ। ਉਸ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਅਰਜ਼ ਕੀਤੀ ਕਿ ਮਲੇਰਕੋਟਲਾ ਨੂੰ ਬਖ਼ਸ਼ ਦਿੱਤਾ ਜਾਵੇ। ਉਸ ਨੇ ਸ਼ਹਿਰੀਆਂ ਦੀ ਤਰਫ਼ੋਂ ਵੱਡੀ ਰਕਮ ਭਾਈ ਬੰਦਾ ਸਿੰਘ ਬਹਾਦੁਰ ਨੂੰ ਪੇਸ਼ ਕਰਕੇ ਸ਼ਹਿਰ ਨੂੰ ਲੁੱਟੇ ਜਾਣ ਤੋਂ ਬਚਾ ਲਿਆ।[46] ਜੇਕਰ ਕਿਸ਼ਨ ਚੰਦ, ਭਾਈ ਬੰਦਾ ਸਿੰਘ ਬਹਾਦੁਰ ਅੱਗੇ ਫ਼ਰਿਆਦੀ ਨਾ ਹੁੰਦਾ ਤਾਂ ਮਲੇਰਕੋਟਲਾ ਵੀ ਤਬਾਹ ਹੋ ਜਾਣਾ ਸੀ।

ਅਨੂਪ ਕੌਰ ਅਤੇ ਬੁਲਾਕਾ ਸਿੰਘ ਦਾ ਮਸਲਾ

ਇਕ ਕਹਾਣੀ ਮੁਤਾਬਿਕ ਆਪਣੀ ਇਜ਼ਤ ਰੱਖਣ ਵਾਸਤੇ ਆਪਣੀ ਜਾਨ 'ਤੇ ਖੇਡ ਜਾਣ ਵਾਲੀ ਇਕ ਬੀਬੀ ਅਨੂਪ ਕੌਰ ਦੀ ਲਾਸ਼ ਨੂੰ ਮਲੇਰਕੋਟਲਾ ਦੇ ਨਵਾਬ ਨੇ ਕਬਰ ਵਿਚ ਦਬਾ ਦਿੱਤਾ ਸੀ। ਭਾਈ ਬੰਦਾ ਸਿੰਘ ਬਹਾਦੁਰ ਨੇ ਉਸ ਦੀ ਕਬਰ ਲੱਭੀ ਅਤੇ ਉਸ ਦੀ ਲਾਸ਼ ਨੂੰ ਕਬਰ ਵਿੱਚੋਂ ਕੱਢ ਕੇ ਉਸ ਦਾ ਸਸਕਾਰ ਕੀਤਾ। ਇੰਝ ਹੀ ਘੁੜਾਨੀ ਪਿੰਡ, ਜਿੱਥੇ ਰਾਮਰਾਈਆਂ ਨੇ ਇਕ ਸਿੱਖ ਬੁਲਾਕਾ ਸਿੰਘ ਨੂੰ ਬਹੁਤ ਤੰਗ ਕੀਤਾ ਹੋਇਆ ਸੀ, ਭਾਈ ਬੰਦਾ ਸਿੰਘ ਬਹਾਦੁਰ ਉੱਥੇ ਗਿਆ ਅਤੇ ਉਸ ਨੇ ਉਨ੍ਹਾਂ ਰਾਮਰਾਈਏ ਗੁੰਡਿਆਂ ਨੂੰ ਸਖ਼ਤ ਸਜ਼ਾ ਦਿੱਤੀ। ਇਸ ਦੇ ਨਾਲ ਹੀ ਭਾਈ ਬੰਦਾ ਸਿੰਘ ਬਹਾਦੁਰ ਨੇ ਬੁਲਾਕਾ ਸਿੰਘ ਨੂੰ ਉੱਥੋਂ ਦਾ ਥਾਨੇਦਾਰ ਵੀ ਲਾ ਦਿੱਤਾ।

ਬੰਦਾ ਸਿੰਘ ਬਹਾਦੁਰ ਦਾ ਲੋਹਗੜ੍ਹ ਕੂਚ ਕਰਨਾ

ਭਾਈ ਬੰਦਾ ਸਿੰਘ ਬਹਾਦੁਰ ਨੇ ਸੂਬਾ ਸਰਹੰਦ ਦੀ ਬਾਗਡੋਰ ਬਾਜ ਸਿੰਘ ਨੂੰ ਸੌਂਪ ਦਿੱਤੀ ਅਤੇ ਥਾਨੇਸਰ ਦੀ ਜ਼ਿੰਮੇਵਾਰੀ ਰਾਮ ਸਿੰਘ ਅਤੇ ਬਿਨੋਦ ਸਿੰਘ ਦੇ ਹਵਾਲੇ ਕਰ ਆਪ ਖਾਲਸਾ

[46] ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਰਿਪੋਰਟ

ਰਾਜਧਾਨੀ ਲੋਹਗੜ੍ਹ ਆ ਗਿਆ। ਕਾਮਵਰ ਖ਼ਾਨ ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ ਨੂੰ ਸਰਹੰਦ ਵਿਚ ਵਜ਼ੀਰ ਖ਼ਾਨ ਦੇ ਖ਼ਜ਼ਾਨੇ ਵਿਚੋਂ 2 ਕਰੋੜ ਰੁਪੈ ਦੀ ਦੌਲਤ ਹਾਸਿਲ ਹੋਈ ਸੀ, [47]ਇੰਝ ਹੀ ਸੁੱਚਾ ਨੰਦ ਦੇ ਮਹਿਲ ਵਿਚੋਂ ਵੀ ਕਈ ਲੱਖ ਰੁਪਏ ਬਰਾਮਦ ਹੋਏ ਸਨ। ਰੁਸਤੱਮ ਦਿਲ ਖ਼ਾਨ ਨੇ ਬਾਦਸ਼ਾਹ ਨੂੰ ਦੱਸਿਆ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਦੋ ਕਰੋੜ ਰੁਪਏ ਨਾਹਨ ਦੇ ਰਾਜੇ ਕੋਲ ਅਮਾਨਤ ਵਜੋਂ ਜਮ੍ਹਾ ਕਰਵਾ ਦਿੱਤੇ ਸਨ।[48] ਅਖ਼ਬਾਰਾਤਿ-ਦਰਬਾਰਿ-ਮੁਅੱਲਾ 1 ਦਸੰਬਰ 1710 ਦੀ ਰਿਪੋਰਟ ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ ਕੋਲ ਬਹੁਤ ਸਾਰੇ ਸੋਨੇ ਦੇ ਸਿੱਕੇ ਸਨ। ਲੋਹਗੜ੍ਹ ਉੱਤੇ ਮੁਗ਼ਲ ਫ਼ੌਜਾਂ ਦੇ ਹਮਲੇ ਤੋਂ ਕੁਝ ਦਿਨ ਪਹਿਲਾਂ ਇਹ ਸਾਰਾ ਸੋਨਾ ਚਾਲ੍ਹੀ ਊਠਾਂ 'ਤੇ ਲੱਦ ਕੇ ਨਾਹਨ ਦੇ ਰਾਜੇ ਕੋਲ ਅਮਾਨਤ ਵਜੋਂ ਜਮ੍ਹਾਂ ਕਰਵਾ ਦਿੱਤਾ ਸੀ।

ਨਾਨਕਸ਼ਾਹੀ ਸਿੱਕਾ ਚਲਾਉਣਾ।

ਇਸ ਦੇ ਨਾਲ ਹੀ ਭਾਈ ਬੰਦਾ ਸਿੰਘ ਬਹਾਦੁਰ ਨੇ ਖਾਲਸਾ ਰਾਜ ਦਾ ਸਿੱਕਾ ਵੀ ਜ਼ਾਰੀ ਕੀਤਾ। ਇਸ ਦੇ ਇਕ ਪਾਸੇ ਇਹ ਲਿਖਿਆ ਸੀ:

"ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗ਼ਿ ਨਾਨਕ ਵਾਹਿਬ ਅਸਤ
ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ"

ਦੋਹਾਂ ਜਹਾਨਾਂ ਦੇ ਸੱਚੇ ਪਾਤਸ਼ਾਹ ਦੀ ਮਿਹਰ ਨਾਲ ਇਹ ਸਿੱਕਾ ਜ਼ਾਰੀ ਕੀਤਾ ਗਿਆ। ਗੁਰੂ ਨਾਨਕ ਦੀ ਤੇਗ਼ ਹਰੇਕ ਦਾਤ ਬਖ਼ਸ਼ਦੀ ਹੈ, ਅਕਾਲ ਪੁਰਖ ਦੇ ਫ਼ਜ਼ਲ ਨਾਲ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਹੋਈ ਹੈ। ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ:

ਜ਼ਰਬਿ ਅਮਾਨੁਲ ਦਹਿਰ ਮੁਸੱਵਰਤ ਸ਼ਹਿਰ
ਜ਼ੀਨਤ ਅਲ ਤਖ਼ਤ ਖ਼ਾਲਸਾ ਮੁਬਾਰਕ ਬਖ਼ਤ॥

(ਦੁਨੀਆ ਦੇ ਸਕੂਨ ਭਰੇ ਥਾਂ, ਜੰਨਤ ਵਰਗੇ ਸ਼ਹਿਰ, ਭਾਗਾਂ ਵਾਲੇ ਖਾਲਸਾ ਤਖ਼ਤ ਦੀ ਰਾਜਧਾਨੀ ਵਿਚ, ਜ਼ਾਰੀ ਹੋਇਆ)।





ਜਥੇਦਾਰ ਬੰਦਾ ਸਿੰਘ ਬਹਾਦੁਰ ਨੇ ਸਿੱਕੇ ਉਪਰ ਲੋਹਗੜ੍ਹ ਖਾਲਸਾ ਰਾਜਧਾਨੀ ਨੂੰ ਜੰਨਤ ਵਰਗੀ ਥਾਂ ਭਾਗਾਂ ਵਾਲਾ ਸ਼ਹਿਰ ਕਿਹਾ ਹੈ, ਜੋ ਇੱਕ ਛੋਟੀ ਜਿਹੀ ਪਹਾੜੀ 'ਤੇ ਕਿਵੇਂ ਹੋ ਸਕਦਾ ਹੈ। ਇਸ ਲਈ ਇਹ ਸ਼ਹਿਰ ਲੰਬੇ-ਚੋੜੇ ਖੇਤਰ ਵਿਚ ਫੈਲਿਆ ਹੋਇਆ ਸੀ ਜਿਸਨੂੰ ਬੰਦਾ ਸਿਘ ਬਹਾਦਰ ਨੇ ਖਾਲਸਾ ਰਾਜਧਾਨੀ ਐਲਾਨਿਆ ਸੀ।

---

[47] ਕਾਮਵਰ, ਤਜ਼ਕਿਰਾਤੁਲ ਸਲਾਤੀਨ-ਇ-ਚੁਗੱਤਾ, ਪੰਨਾ 334.

[48] ਅਖਬਾਰਾਤਿ-ਦਰਬਾਰਿ-[47] ਕਾਮਵਰ, ਤਜ਼ਕਿਰਾਤੁਲ ਸਲਾਤੀਨ-ਇ-ਚੁਗੱਤਾ, ਪੰਨਾ 334.

ਸਿੱਖ ਰਾਜ ਦੀ ਮੁਹਰ ਜ਼ਾਰੀ ਕਰਨਾ

ਖਾਲਸਾਈ ਸਿੱਕਾ ਜਾਰੀ ਕਰਨ ਮਗਰੋਂ ਸਿੱਖਾਂ ਵੱਲੋਂ ਖਾਲਸਾ ਰਾਜ ਦੀ ਮੁਹਰ ਵੀ ਜ਼ਾਰੀ ਕੀਤੀ ਗਈ, ਜਿਸ 'ਤੇ ਲਿਖਿਆ ਸੀ:

ਦੇਗ਼ੋ-ਤੇਗ਼ੋ-ਫ਼ਤਿਹ-ਓ-ਨੁਸਰਤਿ ਬੇਦਿਰੰਗ
ਯਾਫ਼ਤ ਅਜ਼ ਨਾਨਕ - ਗੁਰੂ ਗੋਬਿੰਦ ਸਿੰਘ
(ਦੇਗ਼ ਤੇਗ਼ ਅਤੇ ਫ਼ਤਹਿ, ਬਿਨਾਂ ਕਿਸੇ ਦੇਰੀ ਤੋਂ ਗੁਰੂ ਨਾਨਕ
ਸਾਹਿਬ-ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ)

ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਨਾ ਤਾਂ ਆਪਣੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਨਾ ਹੀ ਉਸ ਨੇ ਆਪਣੇ ਨਾਂ ਦੀ ਮੁਹਰ ਚਲਾਈ। ਭਾਈ ਬੰਦਾ ਸਿੰਘ ਬਹਾਦੁਰ ਨੇ ਹਰ ਕਾਮਯਾਬੀ ਨੂੰ ਗੁਰੂ ਸਾਹਿਬ ਨੂੰ ਹੀ ਸਮਰਪਣ ਕੀਤਾ ਸੀ। ਦੁਨੀਆਂ ਭਰ ਦੀ ਤਵਾਰੀਖ਼ ਵਿਚ ਕਦੇ ਕਿਸੇ ਜੇਤੂ ਜਾਂ ਹਾਕਮ ਨੇ ਅੱਜ ਤੱਕ ਆਪਣੇ ਨਾਂ ਤੋਂ ਸਿਵਾ ਕਦੇ ਕਿਸੇ ਹੋਰ ਦੇ ਨਾਂ ਦਾ ਸਿੱਕਾ ਜ਼ਾਰੀ ਨਹੀਂ ਕੀਤਾ। ਭਾਈ ਬੰਦਾ ਸਿੰਘ ਬਹਾਦੁਰ ਖ਼ੁਦ ਨੂੰ ਹਮੇਸ਼ਾ 'ਬੰਦਾ-ਏ-ਗੁਰ' ਭਾਵ 'ਗੁਰੂ ਦਾ ਬੰਦਾ' ਆਖਿਆ ਕਰਦਾ ਸੀ।

ਸੰਮਤ ਜ਼ਾਰੀ ਕਰਨਾ

ਸਰਹੰਦ ਦੀ ਜਿੱਤ ਦੇ ਦਿਨ ਤੋਂ ਖਾਲਸੇ ਦਾ ਨਵਾਂ ਸੰਮਤ ਵੀ ਜਾਰੀ ਕੀਤਾ ਗਿਆ। ਭਾਵੇਂ ਭਾਈ ਬੰਦਾ ਸਿੰਘ ਬਹਾਦੁਰ ਨੇ ਸਰਹੰਦ ਦਾ ਨਿਜ਼ਾਮ ਬਾਜ਼ ਸਿੰਘ ਤੇ ਆਲੀ ਸਿੰਘ ਨੂੰ ਸੌਂਪ ਦਿਤਾ ਸੀ ਪਰ ਉਹ ਆਪ ਅਜੇ ਇੱਥੇ ਹੀ ਠਹਿਰਿਆ ਹੋਇਆ ਸੀ। ਉਸ ਨੇ ਸਾਰੀ ਦੌਲਤ ਜੋ ਘੱਟੋ-ਘੱਟ ਤਿੰਨ ਕਰੋੜ ਰੁਪਏ ਸੀ, ਗੱਡਿਆਂ ਤੇ ਲਦਵਾ ਕੇ ਲੋਹਗੜ੍ਹ ਕਿਲ੍ਹੇ ਵੱਲ ਭੇਜ ਦਿੱਤੀ।

ਹਿੰਦੂ ਅਤੇ ਮੁਸਲਮਾਨਾਂ ਦਾ ਸਿੱਖ ਬਣਨਾ

ਜਦੋਂ ਜਮਨਾ ਅਤੇ ਸਤਲੁਜ ਨਦੀਆਂ ਵਿਚਕਾਰ ਸਿੱਖ ਰਾਜ ਕਾਇਮ ਹੋ ਗਿਆ ਤਾਂ ਖਾਲਸੇ ਦੀ ਚੜ੍ਹਦੀ ਕਲਾ ਵੇਖ ਕੇ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਵੀ ਸਿੱਖ ਧਰਮ ਵਿਚ ਸ਼ਾਮਿਲ ਹੋਣ ਲਗ ਪਏ। ਇਹ ਲੋਕ ਹਕੂਮਤ ਦੇ ਫ਼ਾਇਦੇ ਲੈਣ ਵਾਸਤੇ ਹੀ ਸਿੱਖ ਬਣੇ ਸਨ। ਸਰਹੰਦ ਦੀ ਜਿੱਤ ਤੋਂ ਬਾਅਦ ਹਜ਼ਾਰਾਂ ਹੀ ਹਿੰਦੂਆਂ ਨੇ ਸਿੱਖ ਧਰਮ ਆਪਣਾ ਲਿਆ ਸੀ। ਇਨ੍ਹਾਂ ਵਿਚ ਮੀਰ ਨਾਸਿਰ-ਉਦ-ਦੀਨ ਜੋ ਨਾਸਿਰ ਸਿੰਘ ਬਣਿਆ, ਦੀਨਦਾਰ ਖ਼ਾਨ ਪੁੱਤਰ ਜਲਾਲ ਖ਼ਾਨ ਰੋਹੀਲਾ ਜੋ ਦੀਨਦਾਰ ਸਿੰਘ ਬਣਿਆ ਅਤੇ ਕਈ ਹੋਰ ਵੀ ਸ਼ਾਮਿਲ ਸਨ। ਸਿੱਖਾਂ ਦੇ ਜ਼ੋਰ ਘੱਟ ਹੋਣ ਮਗਰੋਂ ਇਹ ਦੀਨਦਾਰ ਖ਼ਾਨ ਫੇਰ ਮੁਸਲਮਾਨ ਬਣ ਗਿਆ ਸੀ ਅਤੇ ਮਗਰੋਂ 1713 ਵਿਚ ਇਹ ਸੱਯਦਾਂ ਨਾਲ ਮਿਲ ਕੇ ਫ਼ਰੱਖ਼ਸੀਅਰ ਨੂੰ ਗੱਦੀ 'ਤੇ ਬਿਠਾਉਣ ਵਿਚ ਮਦਦਗਾਰ ਵੀ ਹੋਇਆ ਸੀ। 1719 ਵਿਚ ਜਦੋਂ ਸੱਯਦਾਂ ਨੇ ਫ਼ਰੱਖ਼ਸੀਅਰ ਨੂੰ ਫੜ ਕੇ ਅੰਨ੍ਹਾ ਕਰਕੇ ਮਾਰਿਆ ਤਾਂ ਉਸਨੂੰ ,ਉਸਦੇ ਮਹਿਲ ਵਿਚ ਧੱਕੇ ਨਾਲ ਵੜ ਕੇ ਅਤੇ ਫੱੜ ਕੇ ਇਹੀ ਲਿਆਇਆ ਸੀ।

ਸਰਹੰਦ ਦੀ ਜਿੱਤ ਵੇਲੇ ਅਤੇ ਮਗਰੋਂ ਵੀ ਬਹੁਤ ਸਾਰੇ ਹਿੰਦੂ ਵੀ ਸਿੱਖ ਬਣ ਗਏ ਸਨ। ਪਰ ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਅਤੇ ਸਿੱਖਾਂ ਦੇ ਘੱਲੂਘਾਰਿਆਂ ਵੇਲੇ ਇਨ੍ਹਾਂ ਵਿੱਚੋਂ ਬਹੁਤੇ

ਫੇਰ ਹਿੰਦੂ ਬਣ ਗਏ ਸਨ। ਬਹੁਤ ਸਾਰੇ ਹਿੰਦੂਆਂ ਦੇ ਕੁਰਸੀਨਾਮਿਆਂ ਤੋਂ ਇਹ ਰਾਜ਼ ਸਾਫ਼ ਪਤਾ ਲਗਦਾ ਹੈ। ਇਹੋ ਜਿਹਾ ਹੀ ਇਕ ਪਰਿਵਾਰ, ਜੋ ਹਿੰਦੂ ਤੋਂ ਸਿੱਖ ਬਣ ਕੇ ਫੇਰ ਹਿੰਦੂ ਬਣਿਆ ਸੀ, ਪਰਮਾ ਨੰਦ (ਕਿਤਾਬ 'ਬੰਦਾ ਬੈਰਾਗੀ' ਦਾ ਲਿਖਾਰੀ) ਦਾ ਪਰਿਵਾਰ ਵੀ ਸੀ ਜੋ ਆਪਣੇ ਆਪ ਨੂੰ ਸ਼ਹੀਦ ਭਾਈ ਮਤੀ ਦਾਸ ਦੇ ਪਰਿਵਾਰ ਵਿੱਚੋਂ ਦਸਦਾ ਸੀ ਪਰ ਦਰਅਸਲ ਛਿੱਬਰ ਬ੍ਰਾਹਮਣ ਜੰਤੀ ਦਾਸ ਦੇ ਪਰਿਵਾਰ ਵਿਚੋਂ ਸੀ। ਮਹਾਰਾਜਾ ਰਣਜੀਤ ਸਿੰਘ ਵੇਲੇ ਸਿੱਖ ਬਣਨ ਦਾ ਡਰਾਮਾ/ਦਿਖਾਵਾ ਕਰਨ ਵਾਲੇ ਯੂ.ਪੀ. ਦੇ ਬ੍ਰਾਹਮਣ ਅਤੇ ਜੰਮੂ ਦੇ ਡੋਗਰੇ ਵੀ ਇਸ ਕਿਸਮ ਦੇ 'ਦਿਖਾਵੇ ਦੇ ਸਿੱਖ' ਸਨ ਜੋ ਰਣਜੀਤ ਸਿੰਘ ਦਾ ਰਾਜ ਖ਼ਤਮ ਹੁੰਦਿਆਂ ਹੀ ਫੇਰ ਹਿੰਦੂ ਬਣ ਗਏ ਸਨ।

ਦੇਓਬੰਦ, ਸਹਾਰਨਪੁਰ, ਜਲਾਲਾਬਾਦ 'ਤੇ ਹਮਲੇ

ਸਿੱਖਾਂ ਦੀ ਚੜ੍ਹਦੀ ਕਲਾ ਵੇਖ ਕੇ ਸਿੱਖ ਸਜਣ ਵਾਲਿਆਂ ਵਿਚ ਜਮਨਾ ਪਾਰ ਦੇਓਬੰਦ ਪਰਗਨਾ ਦੇ ਪਿੰਡ ਉਨਾਰਸਾ ਦੇ ਕੁੱਝ ਲੋਕ ਵੀ ਸਨ। ਜਦ ਜਲਾਲਾਬਾਦ ਦੇ ਫ਼ੌਜਦਾਰ ਜਲਾਲ-ਉਦ-ਦੀਨ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਇਨ੍ਹਾਂ ਸਿੱਖਾਂ ਨੂੰ ਕੈਦ ਵਿਚ ਸੁੱਟ ਦਿੱਤਾ ਅਤੇ ਤਸੀਹੇ ਦੇਣੇ ਸ਼ੁਰੂ ਕੀਤੇ ਤਾਂ ਜੋ ਉਹ ਸਿੱਖ ਧਰਮ ਛੱਡ ਕੇ ਮੁਸਲਮਾਨ ਬਣ ਜਾਣ। ਕਪੂਰ ਸਿੰਘ ਨਾਂ ਦੇ ਇਕ ਸਿੱਖ ਨੇ ਇਸ ਦੀ ਖ਼ਬਰ ਭਾਈ ਬੰਦਾ ਸਿੰਘ ਬਹਾਦੁਰ ਤੱਕ ਪਹੁੰਚਾ ਦਿੱਤੀ। ਇਹ ਸੁਣ ਕੇ ਭਾਈ ਬੰਦਾ ਸਿੰਘ ਬਹਾਦੁਰ ਨੇ ਦੇਓਬੰਦ ਨੂੰ ਸੋਧਣ ਦਾ ਫ਼ੈਸਲਾ ਕਰ ਲਿਆ। ਭਾਈ ਬੰਦਾ ਸਿੰਘ ਬਹਾਦੁਰ ਨੇ ਕੁੱਝ ਹੀ ਦਿਨਾਂ ਵਿਚ ਦੇਓਬੰਦ 'ਤੇ ਹਮਲਾ ਕਰ ਦਿੱਤਾ ਅਤੇ ਕਬਜ਼ਾ ਕਰ ਲਿਆ। ਇਸ ਮਗਰੋਂ ਉਨ੍ਹਾਂ ਜਲਾਲਾਬਾਦ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਪਰ ਇਸ ਤੋਂ ਪਹਿਲਾਂ ਉਹ ਸਹਾਰਨਪੁਰ ਨੂੰ ਜਿੱਤਣ ਦਾ ਸੋਚ ਕੇ ਉੱਧਰ ਨੂੰ ਚਲ ਪਏ। ਇਸ ਦੇ 28 ਪਰਗਨੇ ਸਨ। ਸਹਾਰਨਪੁਰ ਦਾ ਫ਼ੌਜਦਾਰ ਸਯੱਦ ਅਲੀ ਮੁਹੰਮਦ ਖ਼ਾਨ ਕਨੌਜੀ ਸੀ। ਪਹਿਲਾਂ ਤਾਂ ਭਾਈ ਬੰਦਾ ਸਿੰਘ ਬਹਾਦੁਰ ਨੇ ਉਸ ਨੂੰ ਪੈਗ਼ਾਮ ਭੇਜਿਆ ਕਿ ਉਹ ਸਿੱਖ ਫ਼ੌਜਾਂ ਦੀ ਸਿਰਦਾਰੀ ਮੰਨ ਲਵੇ। ਪਰ ਉਹ ਸਿੱਖਾਂ ਤੋਂ ਬੁਰੀ ਤਰ੍ਹਾਂ ਡਰ ਗਿਆ ਅਤੇ ਸ਼ਹਿਰ ਤੋਂ ਦੌੜ ਜਾਣ ਦੀ ਤਿਆਰੀ ਕਰਨ ਲਗ ਪਿਆ। ਸ਼ਹਿਰ ਦੇ ਅਮੀਰਾਂ-ਵਜ਼ੀਰਾਂ ਨੇ ਉਸ ਨੂੰ ਵੱਡੀ ਮਦਦ ਦਾ ਯਕੀਨ ਦਿਵਾਇਆ ਪਰ ਉਹ ਇਨ੍ਹਾਂ ਦਹਿਲ ਗਿਆ ਸੀ ਕਿ ਉਹ ਡਰਦਾ ਹੋਇਆ ਆਪਣੇ ਪੁੱਤਰ ਦੀਨਦਾਰ ਅਲੀ ਖ਼ਾਨ (ਆਪ ਫ਼ੌਜ ਦਾ ਵੱਡਾ ਅਫ਼ਸਰ) ਅਤੇ ਆਪਣੇ ਟੱਬਰ ਅਤੇ ਧਨ-ਦੌਲਤ ਲੈ ਕੇ ਦਿੱਲੀ ਨੂੰ ਦੌੜ ਗਿਆ।

ਉਸ ਦੇ ਜਾਣ ਪਿੱਛੋਂ ਅਮੀਰਾਂ-ਵਜ਼ੀਰਾਂ ਅਤੇ ਕੁਝ ਮੁਤਅਸਬੀ ਮੁਸਲਮਾਨਾਂ ਨੇ ਕੁੱਝ ਫ਼ੌਜ ਇਕੱਠੀ ਕਰਕੇ ਸਿੱਖਾਂ ਦਾ ਟਾਕਰਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਸ਼ਹਿਰ ਦੀ ਚਾਰ ਦੀਵਾਰੀ ਨੂੰ ਵੀ ਤਕੜਿਆਂ ਕਰ ਲਿਆ। ਜਦੋਂ ਸਿੱਖ ਫ਼ੌਜਾਂ ਨੇ ਹਮਲਾ ਕੀਤਾ ਤਾਂ ਇਨ੍ਹਾਂ ਨੇ ਸ਼ਹਿਰ ਦੀਆਂ ਦੀਵਾਰਾਂ ਤੋਂ ਖ਼ੂਬ ਗੋਲਾਬਾਰੀ ਕੀਤੀ ਅਤੇ ਤੀਰਾਂ ਦਾ ਮੀਂਹ ਵਰ੍ਹਾਇਆ। ਪਰ ਉਹ ਸਾਰੇ ਮਿਲ ਕੇ ਵੀ ਸਿੱਖਾਂ ਦਾ ਮੁਕਾਬਲਾ ਨਾ ਕਰ ਸਕੇ ਅਤੇ ਛੇਤੀ ਹੀ ਸਹਾਰਨਪੁਰ 'ਤੇ ਵੀ ਸਿੱਖਾਂ ਨੇ ਕਬਜ਼ਾ ਕਰ ਲਿਆ। ਸਹਾਰਨਪੁਰ ਵਿਚ ਬਹੁਤੀ ਆਬਾਦੀ ਮੁਸਲਮਾਨਾਂ ਦੀ ਸੀ ਅਤੇ ਉਹ ਗ਼ੈਰ-ਮੁਸਲਮਾਨਾਂ ਨਾਲ ਧੱਕਾ ਕਰਦੇ ਰਹਿੰਦੇ ਸਨ, ਇਸ ਕਰ ਕੇ ਇਸ 'ਤੇ ਸਿੱਖਾਂ ਦਾ ਕਬਜ਼ਾ ਹੋਣ ਮਗਰੋਂ ਗ਼ੈਰ-

ਮੁਸਲਮਾਨਾਂ ਨੇ ਬੜੀ ਰਾਹਤ ਮਹਿਸੂਸ ਕੀਤੀ। ਸਿੱਖਾਂ ਦੀ ਜਿੱਤ ਮਗਰੋਂ ਸਾਰੇ ਅਮੀਰ ਮੁਸਲਮਾਨ ਆਪਣਾ ਮਾਲ-ਮੱਤਾ ਘੋੜਿਆਂ 'ਤੇ ਲੱਦ ਕੇ ਸਹਾਰਨਪੁਰ ਛੱਡ ਕੇ ਦਿੱਲੀ ਚਲੇ ਗਏ। ਭਾਈ ਬੰਦਾ ਸਿੰਘ ਬਹਾਦੁਰ ਨੇ ਸਹਾਰਨਪੁਰ ਦਾ ਨਾਂ ਬਦਲ ਕੇ ਭਾਗਨਗਰ (ਭਾਗਾਂਵਾਲਾ ਨਗਰ) ਰੱਖ ਦਿਤਾ।

ਬੇਹਟ ਦੇ ਪੀਰਜ਼ਾਦਿਆਂ ਨੂੰ ਸਜ਼ਾ

ਭਾਈ ਬੰਦਾ ਸਿੰਘ ਬਹਾਦੁਰ ਕੁੱਝ ਚਿਰ ਸਹਾਰਨਪੁਰ ਵਿਚ ਹੀ ਟਿਕਿਆ ਰਿਹਾ। ਇਸ ਦੌਰਾਨ ਪ੍ਰਾਚੀਨ ਸ਼ਹਿਰ ਬੇਹਟ ਨਗਰ (ਸਹਾਰਨਪੁਰ ਤੋਂ 25 ਕਿਲੋਮੀਟਰ) ਦੇ ਹਿੰਦੂ, ਸਿੱਖਾਂ ਕੋਲ ਆਏ ਅਤੇ ਉਥੋਂ ਦੇ ਮੁਸਲਮਾਨ ਹਾਕਮ ਅਤੇ ਪੀਰਜ਼ਾਦਿਆਂ (ਬਹਾਉਦੀਨ ਜ਼ਕਰੀਆ ਸੁਹਰਾਵਰਦੀ ਦੇ ਖ਼ਾਨਦਾਨ ਵਿਚੋਂ) ਦੇ ਇਕ ਅਮੀਰ ਟੱਬਰ ਦੇ ਜ਼ੁਲਮਾਂ ਦੀ ਕਹਾਣੀ ਸੁਣਾਈ। ਇਸ 'ਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਕੁੱਝ ਸਿੱਖ ਜਰਨੈਲਾਂ ਨੂੰ ਫ਼ੌਜ ਦੇ ਕੇ ਬੇਹਟ ਵਲ ਭੇਜ ਦਿੱਤਾ। ਉੱਥੇ ਸਿੱਖਾਂ ਨੂੰ ਬਹੁਤੀ ਕੋਸ਼ਿਸ਼ ਨਹੀਂ ਕਰਨੀ ਪਈ ਅਤੇ ਉਨ੍ਹਾਂ ਦਾ ਸ਼ਹਿਰ 'ਤੇ ਕਬਜ਼ਾ ਹੋ ਗਿਆ। ਸਿੱਖ ਫ਼ੌਜਾਂ ਨੇ ਪੀਰਜ਼ਾਦਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ। ਸਾਰੇ ਪੀਰਜ਼ਾਦੇ ਕਤਲ ਕਰ ਦਿੱਤੇ ਗਏ। ਕਿਹਾ ਜਾਂਦਾ ਹੈ ਕਿ ਉਨ੍ਹਾਂ ਵਿੱਚੋਂ ਸਿਰਫ਼ ਇਕ ਮਰਦ ਹੀ ਬਚਿਆ ਜੋ ਉਸ ਦਿਨ ਵਾਂਢੇ ਗਿਆ ਹੋਇਆ ਸੀ। ਇਹ ਗੱਲ ਜੂਨ 1710 ਦੇ ਪਹਿਲੇ ਹਫ਼ਤੇ ਦੀ ਹੈ।

ਜਲਾਲਗੜ੍ਹੀ 'ਤੇ ਹਮਲਾ

ਬੇਹਟ ਦੇ ਕਬਜ਼ੇ ਮਗਰੋਂ, ਜੂਨ 1710 ਦੇ ਦੂਜੇ ਹਫ਼ਤੇ, ਸਿੱਖ ਫ਼ੌਜਾਂ ਨੇ ਜਲਾਲ ਗੜ੍ਹੀ ਨੂੰ ਜਾ ਘੇਰਿਆ। ਇਸ ਗੜ੍ਹੀ ਵਿਚ ਜਲਾਲਾਬਾਦ ਦੇ ਫ਼ੌਜਦਾਰ ਜਲਾਲ ਖ਼ਾਨ ਨੇ ਕਾਫ਼ੀ ਫ਼ੌਜ ਰੱਖੀ ਹੋਈ ਸੀ ਅਤੇ ਉਸ ਦਾ ਕਾਫ਼ੀ ਮਾਲ-ਮੱਤਾ ਅਤੇ ਅਸਲਾ ਵੀ ਇਥੇ ਹੀ ਸੀ। ਇਸ ਕਰ ਕੇ ਜਲਾਲਦੀਨ ਸਿੱਖਾਂ ਨਾਲ ਟੱਕਰ ਲੈਣ ਵਾਸਤੇ ਪਹਿਲਾਂ ਤੋਂ ਹੀ ਤਿਆਰ ਬੈਠਾ ਸੀ। ਉਸ ਨੇ ਜਹਾਦ ਦੇ ਨਾਂ 'ਤੇ ਬਹੁਤ ਸਾਰੇ ਮੁਸਲਮਾਨ ਨੌਜਵਾਨ ਵੀ ਆਪਣੀ ਫ਼ੌਜ ਵਿਚ ਭਰਤੀ ਕਰ ਲਏ ਸਨ। ਉਸ ਨੇ ਕਿਲ੍ਹੇ ਵਿਚ ਵੀ ਭਾਰੀ ਮਾਤਰਾ ਵਿਚ ਅਨਾਜ ਅਤੇ ਅਸਲਾ ਜਮ੍ਹਾ ਕੀਤਾ ਹੋਇਆ ਸੀ। ਸਿੱਖਾਂ ਨੇ 20 ਦਿਨ ਇਸ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ ਪਰ ਬਰਸਾਤਾਂ ਦੇ ਦਿਨ ਹੋਣ ਕਾਰਨ ਉਹ ਕਾਮਯਾਬ ਨਾ ਹੋ ਸਕੇ ਤੇ ਉਥੋਂ ਮੁੜ ਆਏ।

ਬੂੜੀਆ 'ਤੇ ਕਬਜ਼ਾ ਅਤੇ ਇਸਦਾ ਨਾਂ ਗੁਲਾਬ ਨਗਰ ਰੱਖਣਾ

ਸਹਾਰਨਪੁਰ 'ਤੇ ਕਬਜ਼ਾ ਹੋਣ ਤੋਂ ਪਹਿਲਾਂ ਬੂੜੀਆ [49] ਵੀ ਸਿੱਖਾਂ ਦੇ ਕਬਜ਼ੇ ਹੇਠ ਆ ਚੁੱਕਾ ਸੀ। ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਨੇ ਇਸ ਸ਼ਹਿਰ ਦਾ ਨਾਂ ਗੁਲਾਬਨਗਰ ਰੱਖ ਦਿਤਾ ਸੀ।

---

[49] ਤੀਜੇ ਸਿੱਖ ਗੁਰੂ ਅਮਰ ਦਾਸ ਜੀ ਨੇ 16 ਵੀਂ ਸਦੀ ਦੇ ਅੱਧ ਵਿੱਚ ਭਾਰਤੀ ਉਪ-ਮਹਾਂਦੀਪ ਦੇ ਵੱਖ ਵੱਖ ਹਿੱਸਿਆਂ ਵਿੱਚ 22 ਮੰਜੀਆਂ (ਸਿੱਖ ਉਪਦੇਸ਼ ਕੇਂਦਰ) ਦੀ ਸਥਾਪਨਾ ਕੀਤੀ। ਜਿਨ੍ਹਾਂ ਵਿਚੋ ਇਕ ਮੰਜੀ ਬੁੜੀਆ ਵਿਖੇ ਸਥਾਪਿਤ ਕੀਤੀ ਗਈ ਸੀ ਜੋ ਕਿ ਪੁਰਾਣੇ ਜਗਾਧਰੀ ਸ਼ਹਿਰ ਤੋ ਕਰੀਬ 4 ਕਿਲੋਮੀਟਰ ਦੂਰ ਹੈ। (ਦ ਐਨਸਾਈਕਲੋਪੀਡੀਆ ਆੱਫ ਸਿਖਿਜ਼ਮ), ਹਰਬੰਸ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ, ਪੰਨਾ 417

ਭਾਈ ਬੰਦਾ ਸਿੰਘ ਬਹਾਦੁਰ ਨੇ ਗੁਰਬਖ਼ਸ਼ ਸਿੰਘ ਨੂੰ ਇਸ ਪਰਗਨੇ ਦਾ ਫ਼ੌਜਦਾਰ ਅਤੇ ਅਮੀਨ ਲਾ ਦਿੱਤਾ ਸੀ। ਭਾਈ ਗੁਲਾਬ ਸਿੰਘ ਜੀ ਨੂੰ ਬਖ਼ਸ਼ੀ ਲਾ ਦਿੱਤਾ ਸੀ। ਬੂੜੀਏ ਦੇ ਇਲਾਕੇ ਵਿੱਚ ਸਿੱਖਾਂ ਦੇ ਕਈ ਕਿਲ੍ਹੇ ਸਨ। ਦਆਲ ਗੜ੍ਹ ਭਾਈ ਮਨੀ ਸਿੰਘ ਜੀ ਦੇ ਵੱਡੇ ਭਾਈ ਦਾ ਕਿਲ੍ਹਾ ਸੀ। ਇੱਥੇ ਹੀ ਗੁਰੂ ਨਾਨਕ ਸਾਹਿਬ ਦੀ ਧਰਮਸਾਲ ਅਤੇ ਪ੍ਰਚਾਰਕ ਮੰਜੀ ਸਥਾਪਿਤ ਸੀ। ਗੜ੍ਹੀ ਵਣਜਾਰਾ ਅਤੇ ਭਗਵਾਨ ਦਾਸ ਵੜਤੀਆ ਦਾ ਕਿਲ੍ਹਾ ਭਗਵਾਨਗੜ੍ਹ ਵੀ ਬੂੜੀਆ ਵਿੱਚ ਸਥਾਪਿਤ ਸੀ। ਭਾਈ ਲੱਖੀ ਸ਼ਾਹ ਦੀ ਬਾਉਲੀ ਅਤੇ ਕਈ ਖੂਹ ਇਸ ਇਲਾਕੇ ਵਿੱਚ ਮੌਜੂਦ ਹਨ। ਇਨ੍ਹਾਂ ਖੂਹਾਂ ਵਿੱਚ ਸੁਰੰਗਾਂ ਹਨ ਜੋ ਇੱਕ ਥਾਂ ਤੋਂ ਦੂਜੀ ਥਾਂ ਦੇ ਕਿਲ੍ਹੇ ਵਿੱਚ ਜਾਂਦੀਆਂ ਹਨ। ਬੂੜੀਆ ਸਿੱਖਾਂ ਦਾ ਬਹੁਤ ਵੱਡਾ ਗੜ੍ਹ ਸੀ ਅਤੇ ਵਪਾਰ ਦਾ ਵੱਡਾ ਕੇਂਦਰ ਸੀ।

ਨਨੌਤਾ ’ਤੇ ਕਬਜ਼ਾ

ਇਸ ਤੋਂ ਕੁਝ ਦਿਨ ਬਾਦ, 11 ਜੁਲਾਈ 1710 ਦੇ ਦਿਨ, ਸਿੱਖ ਫ਼ੌਜਾਂ ਨੇ ਨਨੌਤਾ ’ਤੇ ਹਮਲਾ ਕਰ ਦਿੱਤਾ ਤੇ ਇਸ ਨਗਰ ਦੇ ਅਮੀਰਾਂ ਨੂੰ ਖ਼ੂਬ ਲੁੱਟਿਆ। ਇੱਕੋ ਦਿਨ ਵਿਚ ਹੀ ਨਨੌਤਾ ਤਬਾਹ ਹੋ ਚੁੱਕਾ ਸੀ। ਇਸ ਦੀ ਹਾਲਤ ਨੂੰ ਵੇਖ ਕੇ ਲੋਕ ਇਸ ਨੂੰ “ਫੂਟਾ ਸ਼ਹਿਰ” ਕਹਿਣ ਲਗ ਪਏ ਸਨ। ਇਸ ਲੜਾਈ ਦੌਰਾਨ ਸਥਾਨਿਕ ਗੁੱਜਰ ਅਤੇ ਹਿੰਦੂ ਵੀ ਸਿੱਖਾਂ ਦੇ ਨਾਲ ਆ ਰਲੇ ਸਨ। ਇਨ੍ਹਾਂ ਦਾ ਦਾਅਵਾ ਸੀ ਕਿ ਉਹ ਗੁਰੂ ਨਾਨਕ ਸਾਹਿਬ-ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੇਲੇ ਤੋਂ ਹੀ ਸਿੱਖ ਸੱਜੇ ਹੋਏ ਸਨ ਪਰ ਕਈ ਦਹਾਕਿਆਂ ਤੋਂ ਉਨ੍ਹਾਂ ਦਾ ਰਾਬਤਾ ਅਨੰਦਪੁਰ ਸਾਹਿਬ ਨਾਲ ਨਹੀਂ ਸੀ ਹੋ ਸਕਿਆ। ਖ਼ਾਫ਼ੀ ਖ਼ਾਨ ਲਿਖਦਾ ਹੈ ਕਿ ਨਨੌਤਾ ਦੀ ਲੜਾਈ ਵਿਚ ਜਲਾਲ ਖ਼ਾਨ ਨੇ ਆਪਣੇ ਪੁੱਤਰ ਦੀਨਦਾਰ ਖ਼ਾਨ, ਭਣੇਵੇਂ ਗੁਲਾਮ ਮੁਹੰਮਦ ਖ਼ਾਨ ਅਤੇ ਭਤੀਜੇ ਹਜਬਰ ਖ਼ਾਨ ਨੂੰ ਭੇਜਿਆ ਸੀ। ਹਜਬਰ ਖ਼ਾਨ ਇਸ ਲੜਾਈ ਵਿਚ ਮਾਰਿਆ ਗਿਆ ਸੀ। ਇਸ ਮਗਰੋਂ ਵੀ ਦੀਨਦਾਰ ਖ਼ਾਨ ਡੱਟ ਕੇ ਲੜਿਆ ਸੀ ਪਰ ਜਿੱਤ ਸਿੱਖਾਂ ਦੀ ਹੀ ਹੋਈ ਸੀ। ਅਖ਼ੀਰ ਦੀਨਦਾਰ ਖ਼ਾਨ ਸਾਥੀਆਂ ਦੀਆਂ ਲਾਸ਼ਾਂ ਲੈ ਕੇ ਜਲਾਲਾਬਾਦ ਮੁੜ ਅਇਆ। ਸਹਾਰਨਪੁਰ ਦੇ ਫ਼ੌਜਦਾਰ ਮੁਹੰਮਦ ਅਲੀ ਖ਼ਾਨ ਦੇ ਦੋ ਭਤੀਜੇ ਪੀਰ ਖ਼ਾਨ ਅਤੇ ਜਮਾਲ ਖ਼ਾਨ ਵੀ ਇਸ ਲੜਾਈ ਵਿਚ ਮਾਰੇ ਗਏ ਸਨ।[50] ਜਦੋਂ ਸਹਾਰਨਪੁਰ ਦੇ ਫ਼ੌਜਦਾਰ ਅਲੀ ਮੁਹੰਮਦ ਖ਼ਾਨ ਦੇ ਸ਼ਹਿਰ ਛੱਡ ਕੇ ਭੱਜਣ ਦੀ ਖ਼ਬਰ ਦਿੱਲੀ ਦੇ ਫ਼ੌਜਦਾਰ ਨੂੰ ਮਿਲੀ ਤਾਂ ਉਸਨੂੰ 'ਬੁਜ਼ਦਿਲ' ਗਰਦਾਨ ਕੇ ਉਸ ਤੋਂ ਫ਼ੌਜਦਾਰੀ ਖੋਹ ਲਈ ਅਤੇ ਜਲਾਲ ਖ਼ਾਨ ਨੂੰ ਸੌਂਪ ਦਿੱਤੀ।

ਦਿੱਲੀ ਦੇ ਹਾਕਮਾਂ ਅਤੇ ਅਮੀਰਾਂ-ਵਜ਼ੀਰਾਂ ਵਿਚ ਦਹਿਸ਼ਤ

ਸਹਾਰਨਪੁਰ ਵਿਚ ਸਿੱਖਾਂ ਦੇ ਕਬਜ਼ੇ ਮਗਰੋਂ ਦਿੱਲੀ ਦੇ ਹਾਕਮਾਂ ਤੇ ਅਮੀਰਾਂ-ਵਜ਼ੀਰਾਂ ਵਿਚ ਬੁਰੀ ਤਰ੍ਹਾਂ ਦਹਿਸ਼ਤ ਫ਼ੈਲ ਗਈ। ਇਰਾਦਤ ਖ਼ਾਨ ਲਿਖਦਾ ਹੈ[51] ਕਿ “ਦਿੱਲੀ ਤੋਂ ਮੁਲਤਾਨ ਤੱਕ ਇਹ ਰੌਲਾ ਪੈ ਗਿਆ, ਥਾਨੇਸਰ ਤੋਂ ਲਾਹੌਰ ਤੱਕ ਇੰਨਾ ਜ਼ੋਰ ਸੀ ਕਿ ਕੁਝ ਕਿਹਾ ਨਹੀਂ ਜਾ ਸਕਦਾ।

---

[50] ਸਹਾਰਨਪੁਰ-ਦਿੱਲੀ ਸੜਕ 'ਤੇ ਉਨ੍ਹਾਂ ਦੀਆ ਕਾਲੇ ਸ਼ਾਹ ਦੇ ਮਕਬਰੇ ਦੇ ਨੇੜੇ ਕਬਰਾਂ ਹਨ।

[51] ਤਾਰੀਖ਼-ਏ-ਮੁਹੰਮਦ ਸ਼ਾਹੀ

ਐਥੋਂ ਤੱਕ ਕਿ ਨਜ਼ਾਮੁਲ ਮੁਲਕ ਆਸਿਫ਼ ਸ਼ਾਹ ਨੇ, ਇਨਾ ਜਾਹੋ-ਜਲਾਲ ਹੁੰਦਿਆਂ ਵੀ, ਦਿਲੋਂ ਡਰ ਕੇ ਬਾਦਸ਼ਾਹ ਵੱਲ ਅਰਜ਼ੀ ਲਿਖ ਘੱਲੀ ਅਤੇ ਦਿੱਲੀ ਦੇ ਅਹਿਲਕਾਰਾਂ ਨੂੰ ਤਾਕੀਦ ਕੀਤੀ ਕਿ ਹਰ ਕੋਈ ਬਹੁਤ ਛੇਤੀ ਬਾਦਸ਼ਾਹ ਨੂੰ ਇਸ ਹੰਗਾਮੇ ਦੀ ਖ਼ਬਰ ਪਹੁੰਚਾਵੇ। ...ਉਨ੍ਹਾਂ ਦੇ ਤਾਜਦੀਨ ਦੀਵਾਨ ਬਯੋਤਾਤ, ਹਾਫ਼ਿਜ਼ ਖ਼ਾਨ ਦੀਵਾਨ, ਹਸਨ ਰਜ਼ਾ ਕੋਤਵਾਲ...ਫ਼ਖ਼ਰ-ਉਦ-ਦੀਨ ਖ਼ਾਨ ਬਖ਼ਸ਼ੀ ਵਾਕਿਆ ਨਵੀਸ, ਮੁਹੰਮਦ ਤਾਹਿਰ ਵਾਕਿਆ ਨਵੀਸ ਅਤੇ ਦਰਵੇਸ਼ ਮੁਹੰਮਦ ਕਾਜ਼ੀ ਨੇ ਅੱਡੋ-ਅੱਡਰੀਆਂ ਅਰਜ਼ੀਆਂ ਬਾਦਸ਼ਾਹ ਵੱਲ ਲਿਖੀਆਂ। ਦਿੱਲੀ ਦਾ ਸੂਬੇਦਾਰ ਆਸਫ਼-ਉਦ-ਦੌਲਾ ਵੀ ਬੜਾ ਡਰ ਗਿਆ। ਅਮੀਰ ਲੋਕ ਟੱਬਰ ਟੋਰ ਸਣੇ ਦੂਜੇ ਸੂਬਿਆਂ ਵੱਲ ਭੱਜਣ ਲਗ ਪਏ।" ਦਰਅਸਲ ਇਸ ਵੇਲੇ ਹਾਲਾਤ ਇਹ ਸਨ ਕਿ ਸਿੱਖਾਂ ਨੇ ਦਿੱਲੀ ਸੂਬੇ ਦੇ ਆਲੇ-ਦੁਆਲੇ ਸਾਰਾ ਇਲਾਕਾ ਜਿੱਤ ਲਿਆ ਸੀ। ਤਿੰਨ ਸਰਕਾਰਾਂ (ਸਰਹੰਦ, ਥਾਨੇਸਰ, ਸਹਾਰਨਪੁਰ) ਉਨ੍ਹਾਂ ਦੇ ਪੈਰਾਂ ਹੇਠ ਸਨ। ਯਾਨਿ ਦਿੱਲੀ ਦੀ ਸਾਰੇ ਪਾਸਿਉਂ ਤਕਰੀਬਨ ਘੇਰਾ-ਬੰਦੀ ਹੋਈ ਪਈ ਸੀ ਅਤੇ ਸੂਬਾ ਲਾਹੌਰ ਦੇ ਹਾਕਮ ਵੀ ਸਿੱਖਾਂ ਤੋਂ ਤਰ੍ਹਬਕਦੇ ਸਨ।

ਲਾਹੌਰ 'ਤੇ ਰਿਆੜਕੀ (ਮਾਝਾ) ਵਿਚ ਸਿੱਖਾਂ ਦਾ ਦਬਦਬਾ

ਜਦ ਚੂਹੜ ਮੱਲ ਓਹਰੀ ਦੀ ਭੜਕਾਹਟ ਵਿਚ ਆ ਕੇ ਲਾਹੌਰ ਦੇ ਡਿਪਟੀ ਸੂਬੇਦਾਰ ਅਸਲਮ ਖ਼ਾਨ ਨੇ, ਪੱਟੀ ਦੇ ਅਮੀਨ, ਚੌਧਰੀ ਹਰ ਸਹਾਇ ਰਾਹੀਂ ਗੁਰੂ-ਦਾ-ਚੱਕ (ਅੰਮ੍ਰਿਤਸਰ) 'ਤੇ ਹਮਲਾ ਕਰਵਾ ਦਿੱਤਾ ਸੀ। ਇਹ ਲੜਾਈ ਪਹਿਲੇ ਦਿਨ ਅੱਠ-ਨੌਂ ਘੰਟੇ ਹੋਈ ਸੀ। ਇਸ ਵਿਚ ਭਾਈ ਮਨੀ ਸਿੰਘ, ਭਾਈ ਨਗਾਹੀਆ ਸਿੰਘ, ਭਾਈ ਤਾਰਾ ਸਿੰਘ, ਭਾਈ ਮੁਹਕਮ ਸਿੰਘ ਓਹਰੀ ਅਤੇ ਹੋਰਨਾਂ ਨੇ ਬੜੀ ਬਹਾਦਰੀ ਦਿਖਾਈ ਸੀ। ਇਸ ਲੜਾਈ ਵਿਚ ਭਾਈ ਨਗਾਹੀਆ ਸਿੰਘ ਦੇ ਹੱਥੋਂ ਪੱਟੀ ਦਾ ਚੌਧਰੀ ਹਰ ਸਹਾਇ ਮਾਰਿਆ ਗਿਆ ਸੀ। ਦੂਜੇ ਦਿਨ ਦੀ ਲੜਾਈ ਦਾ ਮੈਦਾਨ ਵੀ ਸਿੱਖਾਂ ਦੇ ਹੱਥ ਹੀ ਰਿਹਾ ਸੀ। ਇਸ ਮਗਰੋਂ ਮੁਗ਼ਲ ਫ਼ੌਜਾਂ ਨੇ ਮੁੜ ਕੇ 'ਗੁਰੂ ਦੇ ਚੱਕ' (ਅੰਮ੍ਰਿਤਸਰ)'ਤੇ ਹਮਲਾ ਨਹੀਂ ਸੀ ਕੀਤਾ।

ਜਦੋਂ ਸਿੱਖ ਫ਼ੌਜਾਂ ਨੇ ਸਰਹੰਦ 'ਤੇ ਕਬਜ਼ਾ ਕਰ ਲਿਆ ਤਾਂ ਪੱਟੀ, ਗੁਰੂ ਦਾ ਚੱਕ (ਅੰਮ੍ਰਿਤਸਰ), ਰਿਆੜਕੀ (ਬਿਆਸ ਅਤੇ ਰਾਵੀ ਵਿਚਕਾਰਲੇ ਇਲਾਕੇ) ਅਤੇ ਕੰਢੀ ਦੇ ਇਲਾਕੇ ਦੇ ਸਿੱਖਾਂ ਦੇ ਹੋਸਲੇ ਹੋਰ ਬੁਲੰਦ ਹੋ ਗਏ। ਪੱਟੀ ਅਤੇ ਲਾਹੌਰ ਵਾਲਿਆਂ ਨੂੰ ਅਜੇ ਸੱਤ ਮਹੀਨੇ ਪਹਿਲਾਂ ਸਿੱਖਾਂ ਹੱਥੋਂ ਹੋਈ ਹਾਰ ਚੇਤੇ ਸੀ ਅਤੇ ਇਸ ਕਰ ਕੇ ਲਾਹੌਰ ਦਾ ਨਾਇਬ ਸੂਬੇਦਾਰ ਅਸਲਮ ਖ਼ਾਨ ਵੀ ਉਨ੍ਹਾਂ ਤੋਂ ਬਹੁਤ ਡਰਦਾ ਸੀ। ਸਰਹੰਦ ਤੇ ਭਾਈ ਬੰਦਾ ਸਿੰਘ ਬਹਾਦੁਰ ਦੇ ਕਬਜ਼ੇ ਮਗਰੋਂ ਮਾਝੇ ਦੇ ਸਿੱਖ ਗੁਰੂ ਦਾ ਚੱਕ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਨੇ ਵੀ ਇਸ ਇਲਾਕੇ ਨੂੰ ਮੁਗ਼ਲ ਅਤੇ ਪਠਾਣ ਹਾਕਮਾਂ ਤੋਂ ਖੋਹਣਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਪਹਿਲਾਂ ਲਾਹੌਰ ਅਤੇ ਕਸੂਰ ਨੂੰ ਨਹੀਂ ਛੇੜਿਆ ਕਿਉਂਕਿ ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਮੁਗ਼ਲਾਂ ਦੀ ਬੜੀ ਵੱਡੀ ਫ਼ੌਜ ਵੀ ਸੀ ਤੇ ਉਨ੍ਹਾਂ ਕੋਲ ਕਿਲ੍ਹੇ ਅਤੇ ਅਸਲਾ ਵੀ ਬਹੁਤ ਸੀ। ਬਟਾਲਾ ਜਿਹੜਾ ਕਸ਼ਮੀਰੀ ਮਾਲ ਦੀ ਸਭ ਤੋਂ ਵੱਡੀ ਮੰਡੀ ਜਾਣਿਆ ਜਾਂਦਾ ਸੀ ਅਤੇ ਅਮੀਰਾਂ-ਵਜ਼ੀਰਾਂ ਦਾ ਸ਼ਹਿਰ ਸੀ ਅਤੇ ਕਲਾਨੌਰ, ਜਿੱਥੇ ਅਕਬਰ ਦੀ ਤਾਜਪੋਸ਼ੀ ਹੋਈ ਸੀ ਲਾਹੌਰ ਤੋਂ ਮਗਰੋਂ ਦੂਜੇ ਨੰਬਰ 'ਤੇ ਸਨ ਅਤੇ ਉਨ੍ਹਾਂ ਸ਼ਹਿਰਾਂ ਵਿਚ ਵੀ ਮਾਲ-

ਮੱਤਾ ਬਹੁਤ ਸੀ। ਸਿੱਖਾਂ ਨੇ ਬਟਾਲਾ, ਕਲਾਨੌਰ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਸਾਰੇ ਪਿੰਡਾਂ ਵਿੱਚੋਂ ਸਰਕਾਰੀ ਅਹਿਲਕਾਰਾਂ ਨੂੰ ਭਜਾ ਦਿਤਾ। ਹੁਣ ਮੁਗ਼ਲ ਹਕੂਮਤ ਇਸ ਇਲਾਕੇ ਵਿਚ ਸਿਰਫ਼ ਸ਼ਹਿਰਾਂ ਦੀਆਂ ਚਾਰ-ਦੀਵਾਰੀਆਂ ਅਤੇ ਕਿਲ੍ਹਿਆਂ ਵਿਚ ਹੀ ਰਹਿ ਗਈ ਸੀ।[52] ਕਲਾਨੌਰ ਅਤੇ ਬਟਾਲਾ ਤੋਂ ਮਗਰੋਂ ਸਿੱਖਾਂ ਨੇ ਬੁਤਾਲਾ, ਸਠਿਆਲਾ, ਘੁਮਾਣ ਅਤੇ ਕਾਲਾ ਅਫ਼ਗਾਨਾਂ ਵਿਚ ਵੀ ਹਮਲੇ ਕੀਤੇ।

ਲਾਹੌਰ ’ਤੇ ਹਮਲਾ

ਪੱਟੀ, ਗੁਰੂ ਦਾ ਚੱਕ, ਰਿਆੜਕੀ ਅਤੇ ਕੰਢੀ ਦੇ ਇਲਾਕੇ 'ਤੇ ਕਬਜ਼ੇ ਮਗਰੋਂ, ਜੂਨ 1710 ਵਿਚ, ਸਿੱਖ ਫ਼ੌਜਾਂ ਨੇ ਲਾਹੌਰ ’ਤੇ ਵੀ ਹਮਲਾ ਕੀਤਾ। ਇਸ ਵੇਲੇ ਲਾਹੌਰ ਦਾ ਸੂਬੇਦਾਰ ਬਹਾਦਰ ਸ਼ਾਹ ਦਾ ਸਭ ਤੋਂ ਵੱਡਾ ਸ਼ਹਿਜ਼ਾਦਾ ਮਆਜ਼ੁੱਦੀਨ-ਜਹਾਂਦਾਰ-ਸ਼ਾਹ ਸੀ ਅਤੇ ਨਾਇਬ ਇਕ ਕਾਬਲੀ ਮੌਲਵੀਜ਼ਾਦਾ ਸੱਯਦ ਅਸਲਮ ਖ਼ਾਨ ਸੀ। ਸਿੱਖ ਫ਼ੌਜਾਂ ਨੇ ਸ਼ਾਲੀਮਾਰ ਦੇ ਆਲੇ-ਦੁਆਲੇ ਕਬਜ਼ਾ ਕਰ ਲਿਆ। ਪਰ ਇਲਾਕੇ ਦੇ ਆਮ ਲੋਕਾਂ ਨੂੰ ਕੁੱਝ ਨਾ ਕਿਹਾ। ਬਹੁਤ ਸਾਰੇ ਅਮੀਰ ਵਜ਼ੀਰ ਡਰਦੇ ਮਾਰੇ ਭੱਜ ਕੇ ਲਾਹੌਰ ਸ਼ਹਿਰ ਦੇ ਅੰਦਰ ਆ ਵੜੇ। ਸਿੱਖਾਂ ਨੇ ਸ਼ਹਿਰ ’ਤੇ ਵੀ ਹਮਲਾ ਕੀਤਾ ਪਰ ਉਹ ਸ਼ਹਿਰ ਦੇ ਗੇਟ ਨਾ ਤੋੜ ਸਕੇ ਅਤੇ ਚਾਰਦੀਵਾਰੀ ਦੇ ਅੰਦਰ ਦਾਖ਼ਿਲ ਨਾ ਹੋ ਸਕੇ। ਫ਼ੌਜਦਾਰ ਅਸਲਮ ਖ਼ਾਨ ਸਿਰਫ਼ ਬਚਾਅ ਦੀ ਲੜਾਈ ਲੜਦਾ ਰਿਹਾ ਕਿਉਂਕਿ ਉਸ ਨੂੰ ਅਪ੍ਰੈਲ 1709 ਦੀ ਹਾਰ ਅਜੇ ਵੀ ਚੇਤੇ ਸੀ। ਉਂਝ ਉਸ ਦੀਆਂ ਫ਼ੌਜਾਂ ਨੇ ਸ਼ਹਿਰ ਦਾ ਬਚਾਅ ਬੜੀ ਬਹਾਦਰੀ ਨਾਲ ਕੀਤਾ। ਇਹ ਲੜਾਈ ਦੋ ਦਿਨ ਤੱਕ ਚਲੀ। ਇਸ ਲੜਾਈ ਵਿਚ ਦੋਹਾਂ ਧਿਰਾਂ ਦੇ ਹਜ਼ਾਰਾਂ ਫ਼ੌਜੀ ਮਾਰੇ ਗਏ। ਸਿੱਖ ਫ਼ੌਜਾਂ ਭਾਵੇਂ ਕਿਲ੍ਹਾ ਤਾਂ ਜਿੱਤ ਨਾ ਸਕੀਆਂ ਪਰ ਉਨ੍ਹਾਂ ਨੇ ਲਾਹੌਰ ਦੇ ਆਲੇ ਦੁਆਲੇ ਦੇ ਇਲਾਕੇ ’ਤੇ ਕਬਜ਼ਾ ਕਰ ਲਿਆ।[53] ਪਰ ਸਿੱਖ ਇੱਥੇ ਠਹਿਰਨ ਦੀ ਬਜਾਏ ਅਪਣੇ ਠਿਕਾਨੇ ਤੇ ਪਹੁੰਚ ਗਏ ਸਨ।

---

[52] ਖੁਸ਼ਵਕਤ ਰਾਇ, ਸਾਖਜ਼ਿ ਤਵਾਰੀਖੇ ਸਿੱਖਾਂ

[53] ਐਲੀਅਟ ਐਂਡ ਡਾਊਸਨ, ਭਾਰਤ ਦਾ ਇਤਿਹਾਸ ਭਾਗ 7, ਪੰਨਾ 419, ਮੁਹੰਮਦ ਲਤੀਫ, ਪੰਜਾਬ ਦਾ ਇਤਿਹਾਸ, ਸਫ਼ਾ 275

ਸਿੱਖਾਂ ਦੇ ਖ਼ਿਲਾਫ਼ ਜਹਾਦ

ਮੁਹੰਮਦ ਕਾਸਿਮ ਲਾਹੌਰੀ ਇਬਾਰਤਨਾਮਾ ਵਿਚ ਲਿਖਦਾ ਹੈ ਕਿ ਸਤੰਬਰ-ਅਕਤੂਬਰ 1710 ਵਿਚ ਸਿੱਖਾਂ ਨੇ ਫੇਰ ਲਾਹੌਰ ਵੱਲ ਮੂੰਹ ਕਰ ਲਿਆ। ਲਾਹੌਰ ਦੇ ਮੌਲਵੀਆਂ ਨੇ ਲਾਹੌਰ ਵਿਚ ਈਦਗਾਹ ਦਿੱਲੀ ਦਰਵਾਜ਼ੇ ਦੇ ਨੇੜੇ, ਮੌਜੂਦਾ ਰੇਲਵੇ ਸਟੇਸ਼ਨ ਵਾਲੀ ਥਾਂ 'ਤੇ 'ਹੈਦਰੀ ਝੰਡਾ' ਗੱਡ ਕੇ, ਜਹਾਦ ਦਾ ਨਾਰਾ ਲਾ ਕੇ, ਦਸ ਹਜ਼ਾਰ ਤੋਂ ਵੱਧ ਮੁਸਲਮਾਨਾਂ ਦਾ ਮੁਲਖੱਈਆ ਇਕੱਠਾ ਕਰ ਲਿਆ। ਸ਼ਾਹ ਜਹਾਨ ਬਾਦਸ਼ਾਹ ਦੇ ਵੱਡੇ ਵਜ਼ੀਰ ਸਾਦੁੱਲਾ ਖ਼ਾਨ ਦਾ ਇਕ ਰਿਸ਼ਤੇਦਾਰ ਪੀਰ ਮੁਹੰਮਦ ਤਕੀ, ਮੂਸਾ ਬੇਗ਼ (ਪੁੱਤਰ ਖ਼ੁਦਾ ਵਰਦੀ ਖ਼ਾਨ ਅਗਰਖ਼ਾਨੀ) ਤੋਂ ਇਲਾਵਾ ਮੌਲਾਣਿਆਂ ਦੇ ਆਗੂ ਹਾਜੀ ਇਸਮਾਈਲ, ਹਾਜੀ ਨਿਆਜ਼ ਬੇਗ਼, ਸ਼ਾਹ ਇਨਾਇਤੁੱਲਾ, ਮੁਹੰਮਦ ਜ਼ਮਾਨ ਰੰਘੜ ਅਤੇ ਮੁੱਲਾਂ ਮੀਰ ਮੁਹੰਮਦ ਇਸ ਜਹਾਦੀ ਫ਼ੌਜ ਦੀ ਅਗਵਾਈ ਕਰ ਰਹੇ ਸਨ।

ਇਨ੍ਹਾਂ ਮੁਤੱਸਬੀ ਮੁਸਲਮਾਨਾਂ ਨਾਲ ਬਹੁਤ ਸਾਰੇ ਹਿੰਦੂ ਵੀ ਰੱਲ ਗਏ। ਹਿੰਦੂਆਂ ਦੀ ਅਗਵਾਈ ਅਕਬਰ ਦੇ ਵਜ਼ੀਰ ਟੋਡਰ ਮੱਲ ਦਾ ਪੋਤਰਾ (ਪਹਾੜਾ ਮੱਲ ਦਾ ਪੁੱਤਰ) ਕਰ ਰਿਹਾ ਸੀ। ਇਸ ਜਹਾਦ ਦੇ ਖ਼ਰਚੇ ਵਾਸਤੇ ਹਿੰਦੂ ਵਪਾਰੀਆਂ ਅਤੇ ਹੋਰ ਅਮੀਰਾਂ-ਵਜ਼ੀਰਾਂ ਨੇ ਵੀ ਆਪਣੇ ਖ਼ਜ਼ਾਨਿਆਂ ਦੇ ਮੂੰਹ ਖੋਲ੍ਹ ਦਿੱਤੇ। ਇਸ ਰਕਮ ਨਾਲ ਬਹੁਤ ਸਾਰੇ ਘੋੜੇ ਅਤੇ ਅਸਲਾ ਖ਼ਰੀਦਿਆ ਗਿਆ। ਹਿੰਦੂਆਂ ਵਿੱਚੋਂ ਟੋਡਰ ਮੱਲ ਦੇ ਪੁੱਤਰ ਨੇ ਸਭ ਤੋਂ ਵੱਧ ਦੌਲਤ ਖ਼ਰਚ ਕੀਤੀ। ਉਸ ਨੇ ਤਾਂ ਸੈਂਕੜੇ ਮੁਸਲਮਾਨ ਨੌਜਵਾਨ ਭਰਤੀ ਕਰਕੇ ਆਪਣੇ ਵੱਲੋਂ ਤਨਖ਼ਾਹਾਂ ਵੀ ਦਿੱਤੀਆਂ। ਉਸ ਨੇ ਆਪਣੀਆਂ ਤੋਪਾਂ ਅਤੇ ਬੰਦੂਕਾਂ ਵੀ ਲੜਾਈ ਵਿਚ ਵਰਤਣ ਵਾਸਤੇ ਦੇ ਦਿੱਤੀਆਂ ਸਨ।

ਭਾਵੇਂ ਲਾਹੌਰ ਦਾ ਨਾਇਬ ਅਸਲਮ ਖ਼ਾਨ ਸਿੱਖਾਂ ਤੋਂ ਡਰਦਾ ਆਪ ਤਾਂ ਕਿਲ੍ਹੇ ਵਿਚ ਲੁਕਿਆ ਹੋਇਆ ਸੀ ਪਰ ਉਸ ਨੇ ਵੀ ਸ਼ਰਮੋ-ਸ਼ਰਮੀ ਇਕ ਹਜ਼ਾਰ ਪਿਆਦਾ ਫ਼ੌਜ ਅਤੇ ਪੰਜ ਕੁ ਸੌ ਫ਼ੌਜੀ, ਅਤਾਉਲ੍ਹਾ ਖ਼ਾਨ ਅਤੇ ਮੁਹਿਬ ਖ਼ਾਨ ਖਰਲ ਫ਼ਰੀਦਾਬਾਦੀ ਦੀ ਅਗਵਾਈ ਹੇਠ, ਇਸ ਜਹਾਦ ਵਾਲੀ ਫ਼ੌਜ ਨਾਲ ਭੇਜ ਦਿੱਤੇ। ਇਨ੍ਹਾਂ 'ਗ਼ਾਜ਼ੀਆਂ' ਦੀ ਫ਼ੌਜ ਨਾਲ ਸਿੱਖਾਂ ਦੀਆਂ ਤਿੰਨ ਲੜਾਈਆਂ, ਲਾਹੌਰ ਦੇ ਦੁਆਲੇ 'ਭਰਲੀ' ਦੇ ਇਲਾਕੇ ਵਿਚ ਹੋਈਆ: ਚਮਿਆਰੀ ਕਸਬੇ ਦੇ ਨੇੜੇ ਕੋਟਲਾ ਬੇਗ਼ਮ, ਕਿਲ੍ਹਾ ਭਗਵੰਤ ਸਿੰਘ (ਪਰਗਣਾ ਸਹਿੰਸਰਾ) ਅਤੇ ਭੀਲੋਵਾਲ (ਮੱਲ੍ਹਾ) ਵਿਚ। ਸਭ ਤੋਂ ਪਹਿਲੀ ਲੜਾਈ ਪਿੰਡ 'ਭਰਤ' ਅਤੇ 'ਰਾਣੀ' ਕੋਟ ਕੋਟਲਾ ਬੇਗ਼ਮ ਵਿਖੇ ਹੋਈ। ਇੱਥੇ ਸਿੱਖਾਂ ਦੇ ਸਿਰਫ਼ ਚਾਰ ਕੁ ਨਿੱਕੇ-ਨਿੱਕੇ ਜੱਥੇ ਸਨ। ਲਾਹੌਰੋਂ ਆਈ ਹਜ਼ਾਰਾਂ ਦੀ ਗ਼ਾਜ਼ੀ ਫ਼ੌਜ ਨੇ ਸਿੱਖਾਂ ਨੂੰ ਘੇਰ ਲਿਆ। ਗਿਣਤੀ ਥੋੜ੍ਹੀ ਹੋਣ ਕਾਰਨ ਸਿੱਖ ਬਚਾਅ ਦੀ ਲੜਾਈ ਲੜਦੇ ਰਹੇ ਅਤੇ ਹਨੇਰਾ ਪੈਣ ਮਗਰੋਂ ਘੇਰਾ ਚੀਰ ਕੇ ਨਿਕਲ ਗਏ। ਇੱਥੋਂ ਨਿਕਲ ਕੇ ਸਿੱਖ ਚਮਿਆਰੀ ਪਿੰਡ ਕੋਲ ਜਾ ਕੇ ਰੁਕ ਗਏ।[54] ਹੁਣ ਗ਼ਾਜ਼ੀਆਂ ਨੇ ਚਮਿਆਰੀ ਵੱਲ ਵੀ ਚਾਲੇ ਪਾ ਦਿੱਤੇ। ਚਮਿਆਰੀ ਜਾਂਦਿਆਂ ਗ਼ਾਜ਼ੀਆਂ ਵਿੱਚੋਂ ਕੁੱਝ ਕੁ ਬੰਦਿਆਂ ਨੇ ਨੇੜੇ ਦੇ ਪਿੰਡਾਂ ਵਿਚ ਲੁੱਟ-ਮਾਰ ਕਰਨੀ ਸ਼ੁਰੂ ਕਰ ਦਿੱਤੀ। ਕੁੱਝ ਬਦਮਾਸ਼ ਗ਼ਾਜ਼ੀਆਂ ਨੇ ਔਰਤਾਂ ਨਾਲ ਜਬਰ ਜ਼ਨਾਹ ਵੀ ਕੀਤਾ।ਗ਼ਾਜ਼ੀਆਂ ਦੇ ਆਗੂਆਂ ਨੇ ਇਨ੍ਹਾਂ ਬਦਮਾਸ਼ਾਂ ਨੂੰ ਸਜ਼ਾ ਵੀ ਦਿੱਤੀ। ਪਰ ਇਸ ਦੇ ਬਾਵਜੂਦ ਗੁੰਡਾਗਰਦੀ ਅਤੇ ਬੁਰਛਾਗਰਦੀ ਦੀਆਂ ਹਰਕਤਾਂ ਨੂੰ ਕੋਈ ਖ਼ਾਸ ਠਲ੍ਹ ਨਾ ਪਈ।

---

[54] ਉਨ੍ਹਾਂ ਦਿਨਾਂ ਵਿਚ ਚਮਿਆਰੀ ਇਕ ਪ੍ਰਮੁੱਖ ਸ਼ਹਿਰ ਸੀ ਅਤੇ ਉਸ ਸਮੇਂ ਇਕ ਕਿਲ੍ਹਾ ਵੀ ਸੀ।

ਅਗਲੇ ਦਿਨ ਗਿਣਤੀ ਦੇ ਸਿੱਖਾਂ ਅਤੇ ਗ਼ਾਜ਼ੀਆਂ ਵਿਚਕਾਰ ਘਮਸਾਣ ਦੀ ਲੜਾਈ ਹੋਈ। ਸਿੱਖ ਗਿਣਤੀ ਵਿਚ ਬਹੁਤ ਥੋੜ੍ਹੇ ਸਨ। ਉਹ ਇੱਥੋਂ ਨਿਕਲ ਕੇ ਗੜ੍ਹੀ ਭਗਵੰਤ ਸਿੰਘ ਵਿਚ ਜਾ ਵੜੇ। ਗ਼ਾਜ਼ੀਆਂ ਨੇ ਸਿੱਖਾਂ ਨੂੰ ਇਥੇ ਵੀ ਘੇਰ ਲਿਆ। ਰਾਤ ਵੇਲੇ ਸਿੱਖ ਇੱਥੋਂ ਵੀ ਘੇਰਾ ਤੋੜ ਕੇ ਨਿਕਲ ਗਏ। ਅਗਲੀ ਸਵੇਰ ਨੂੰ ਗੜ੍ਹੀ ਖਾਲੀ ਵੇਖ ਕੇ ਗ਼ਾਜ਼ੀ ਫ਼ੌਜਾਂ ਬਹੁਤ ਖ਼ੁਸ਼ ਹੋਈਆਂ ਅਤੇ ਕੁੱਝ ਚਿਰ ਲਲਕਾਰੇ ਮਾਰਨ ਮਗਰੋਂ, ਜੇਤੂ ਫ਼ੌਜਾਂ ਵਾਂਗ, ਲਾਹੌਰ ਵੱਲ ਨੂੰ ਚੱਲ ਪਈਆਂ। ਲਾਹੌਰ ਜਾਂਦਿਆਂ ਰਾਹ ਵਿਚ ਹਨੇਰਾ ਪੈ ਗਿਆ ਤਾਂ ਉਹ ਰਾਤ ਕੱਟਣ ਵਾਸਤੇ ਭੀਲੋਵਾਲ ਰੁਕੇ। ਉਨ੍ਹਾਂ ਨੇ ਰਾਤ ਭੀਲੋਵਾਲ ਦੇ ਕਿਲ੍ਹੇ ਵਿਚ ਕੱਟਣ ਦਾ ਪਲਾਨ ਬਣਾਇਆ। ਪਰ ਇਹ ਕਿਲ੍ਹਾ ਇਡਾ ਵੱਡਾ ਨਹੀਂ ਸੀ ਕਿ ਇਸ ਵਿਚ ਸਾਰੇ ਜਹਾਦੀ ਸਮਾ ਸਕਦੇ। ਇਸ ਕਰ ਕੇ ਸੀਨੀਅਰ ਅਫ਼ਸਰ ਅਤੇ ਪੁਰਾਣੇ ਫ਼ੌਜੀ ਕਿਲ੍ਹੇ ਵਿਚ ਵੜ ਗਏ ਅਤੇ ਬਾਕੀ ਦੇ ਬਾਹਰ ਰੜੇ ਮੈਦਾਨ ਵਿਚ ਹੀ ਲੇਟ ਗਏ। ਉਧਰ ਜਦੋਂ ਸਿੱਖਾਂ ਨੂੰ ਪਤਾ ਲਗਾ ਕਿ ਜਹਾਦੀ ਫ਼ੌਜ ਕਿਲ੍ਹੇ ਦੇ ਬਾਹਰ ਸੁੱਤੀ ਹੋਈ ਹੈ ਤਾਂ ਉਨ੍ਹਾਂ ਰਾਤੋ-ਰਾਤ, ਚੁਪ-ਚਾਪ ਕਿਲ੍ਹਾ ਘੇਰ ਲਿਆ ਅਤੇ ਪੋਹ ਫੁੱਟਦਿਆਂ ਹੀ ਉਨ੍ਹਾਂ 'ਤੇ ਹਮਲਾ ਕਰ ਦਿਤਾ। ਇਸ ਅਚਾਨਕ ਹਮਲੇ ਵਿਚ ਹਜ਼ਾਰਾਂ ਜਹਾਦੀ ਮਾਰੇ ਗਏ ਅਤੇ ਬਹੁਤ ਸਾਰੇ ਜਾਨ ਬਚਾ ਕੇ ਭੱਜ ਵੀ ਗਏ। ਹੁਣ ਸਿੱਖਾਂ ਨੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ ਅਤੇ ਅੰਦਰ ਠਹਿਰੇ ਫ਼ੌਜੀਆਂ ਨੂੰ ਬਾਹਰ ਨਿਕਲਣ ’ਤੇ ਮਜ਼ਬੂਰ ਕਰ ਦਿੱਤਾ।

ਇਸ ਲੜਾਈ ਵਿਚ ਟੋਡਰ ਮੱਲ ਦਾ ਪੋਤਰਾ, ਮੁਰਤਜ਼ਾ ਖ਼ਾਨ ਅਤੇ ਹੋਰ ਬਹੁਤ ਸਾਰੇ ਜਹਾਦੀ ਆਗੂ ਵੀ ਮਾਰੇ ਗਏ। ਭੀਲੋਵਾਲ ਦੀ ਲੜਾਈ ਨੇ ਇਸ 'ਜਹਾਦ' ਦਾ ਡਰਾਪਸੀਨ ਲੈ ਆਂਦਾ। ਇਨ੍ਹਾਂ ਤਿੰਨਾਂ ਲੜਾਈਆਂ ਵਿਚ ਆਖ਼ਰੀ ਜਿੱਤ ਸਿੱਖਾਂ ਦੀ ਹੀ ਹੋਈ ਅਤੇ ਉਨ੍ਹਾਂ ਨੇ ਕਿਲ੍ਹਿਆਂ 'ਤੇ ਕਬਜ਼ਾ ਵੀ ਕੀਤਾ। ਪਰ ਸਿੱਖ ਇਨ੍ਹਾਂ ਕਿਲ੍ਹਿਆਂ ਵਿਚ ਠਹਿਰੇ ਨਹੀਂ। ਇਨ੍ਹਾਂ ਲੜਾਈਆਂ ਵਿਚ ਸਿੱਖਾਂ ਦੇ ਖ਼ਿਲਾਫ਼ ਲੜਨ ਵਾਲੇ ਜਹਾਦੀ ਇਕ ਤਾਂ ਨਾ-ਤਜਰਬਾਕਾਰ ਸਨ ਅਤੇ ਦੂਜਾ ਜਦੋਂ ਲੜਾਈ ਸ਼ੁਰੂ ਹੋਈ ਤਾਂ ਉਹ ਸ਼ੁਰੂ ਵਿਚ ਹੀ ਸਿੱਖਾਂ ਦੇ ਰੋਹ ਤੋਂ ਦਹਿਲ ਗਏ ਅਤੇ ਸਿੱਖਾਂ ਵੱਲੋਂ ਗੁਰੂ ਦੇ ਨਾਂ 'ਤੇ ਕੀਤੇ ਹਮਲੇ ਦੀ ਤਾਅਬ ਨਾ ਝੱਲ ਸਕੇ। ਭਾਵੇਂ ਵਿੱਚੋਂ ਇਕ ਅੱਧ ਵਾਰ ਜਹਾਦੀਆਂ ਦੇ ਆਗੂਆਂ ਨੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਦੀ ਕੋਸ਼ਿਸ਼ ਵੀ ਕੀਤੀ ਪਰ ਡਰੇ ਹੋਏ ਸਿਪਾਹੀਆਂ ਵਿਚ ਜਾਨ ਨਾ ਭਰੀ ਜਾ ਸਕੀ। ਇਸ ਨਾਲ ਸਿੱਖਾਂ ਦਾ ਦਬਦਬਾ ਹੋਰ ਵੀ ਕਾਇਮ ਹੋ ਗਿਆ ਅਤੇ ਆਮ ਲੋਕ ਹੀ ਨਹੀਂ ਬਲਕਿ ਮੁਗ਼ਲ ਹਾਕਮ ਅਤੇ ਫ਼ੌਜੀ ਵੀ ਸਿੱਖਾਂ ਤੋਂ ਡਰਨ ਲਗ ਪਏ। ਇਸ ਦੀਆਂ ਖ਼ਬਰਾਂ ਬਾਦਸ਼ਾਹ ਨੂੰ ਵੀ ਪਹੁੰਚੀਆਂ ਅਤੇ ਉਹ ਵੀ ਬੁਰੀ ਤਰ੍ਹਾਂ ਘਬਰਾ ਗਿਆ।[55] ਮੁਹੰਮਦ ਕਾਸਿਮ ਲਿਖਦਾ ਹੈ ਕਿ ਸਿੱਖਾਂ ਨੇ ਮਾਝਾ ਤੋਂ ਲੈ ਕੇ ਲਾਹੌਰ ਸ਼ਹਿਰ ਤੱਕ ਆਪਣਾ ਕਬਜ਼ਾ ਕਰ ਲਿਆ ਸੀ।[56] ਇਹ ਗੱਲ ਅਗਸਤ 1710 ਦੀ ਹੈ।

ਇਕ ਸਾਲ ਤੋਂ ਵੀ ਘਟ ਸਮੇਂ (ਨਵੰਬਰ 1709 ਤੋਂ ਸਤੰਬਰ 1710), ਯਾਨਿ ਸਿਰਫ਼ ਦਸ ਮਹੀਨੇ, ਵਿਚ ਭਾਈ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਸਿੱਖਾਂ ਨੇ ਰਾਵੀ ਨਦੀ ਤੇ ਜਮਨਾ ਨਦੀ ਵਿਚਕਾਰਲਾ ਤੇ ਆਲੇ-ਦੁਆਲੇ ਦਾ ਇਲਾਕਾ ਆਜ਼ਾਦ ਕਰਵਾ ਲਿਆ ਸੀ। ਇਸ ਵੇਲੇ

---

[55] (ਮੁਹੰਮਦ ਕਾਸਿਮ, ਇਬਰਤਨਾਮਾ, ਪੰਨਾ-22 ਕਨ੍ਹਈਆ ਲਾਲ, ਸਾਖਜ਼ਿ ਤਵਾਰੀਖੇ-ਇ-ਸਿੱਖਾਂ

[56] ਮੁਹੰਮਦ ਕਾਸਿਮ ਦੀ ਰਿਪੋਰਟ

ਸਿੱਖਾਂ ਨੇ ਸਰਹੰਦ, ਸਮਾਣਾ, ਛੱਤ-ਬਨੂੜ, ਬਹਿਲੋਲਪੁਰ, ਰੋਪੜ, ਘੁੜਾਮ, ਕਪੂਰੀ, ਮਲੇਰਕੋਟਲਾ, ਥਾਨੇਸਰ, ਸ਼ਾਹਬਾਦ, ਬੂੜੀਆ, ਠਸਕਾ, ਸਢੌਰਾ, ਸਹਾਰਨਪੁਰ, ਦਿਓਬੰਦ, ਨਨੌਤਾ, ਬੇਹਟ, ਅੰਬੇਟਾ, ਰਾਹੋਂ, ਬਟਾਲਾ, ਕਲਾਨੌਰ, ਪਠਾਨਕੋਟ, ਬਸੋਹਲੀ (ਜੰਮੂ ਵਿਚ) ਦੇ ਕਿਲ੍ਹਿਆਂ ਅਤੇ ਨਗਰਾਂ 'ਤੇ ਕਬਜ਼ਾ ਕਰ ਆਪਣੇ ਬੋਲ-ਬਾਲੇ ਕਾਇਮ ਕਰ ਲਏ ਸਨ। ਇਸ ਤੋਂ ਇਲਾਵਾ ਚੰਬਾ, ਕੁੱਲੂ, ਮੰਡੀ, ਬਿਲਾਸਪੁਰ, ਨਾਹਨ, ਗੜ੍ਹਵਾਲ ਵਗ਼ੈਰਾ ਪਹਾੜੀ ਰਿਆਸਤਾਂ ਨੇ ਸਿੱਖਾਂ ਦੀ ਸਰਦਾਰੀ ਕਬੂਲ ਕਰ ਲਈ ਸੀ। ਸਿੱਖਾਂ ਦੇ ਇਨ੍ਹਾਂ ਸਾਰੇ ਇਲਾਕਿਆਂ ਵਿਚ ਆਪਣੇ ਫ਼ੌਜਦਾਰ, ਦੀਵਾਨ, ਥਾਣੇਦਾਰ, ਆਮਿਲ, ਜੱਜ, ਕਾਰਦਾਰ ਲਾ ਦਿੱਤੇ ਸਨ। ਦਿੱਲੀ ਸੂਬੇ ਦੇ ਹਾਕਮ ਵੀ ਸਿੱਖ ਫ਼ੌਜਾਂ ਦੇ ਨਾਂ ਤੋਂ ਹੀ ਡਰਨ ਲਗ ਪਏ ਸਨ।

❖❖❖

ਅਧਿਆਇ-6

ਮੁਗ਼ਲ ਬਾਦਸ਼ਾਹ ਦੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ

ਬਾਦਸ਼ਾਹ ਦੀ ਦੱਖਣ ਤੋਂ ਦਿੱਲੀ ਦੀ ਯਾਤਰਾ

ਉਧਰ, 2 ਜਨਵਰੀ 1709 ਨੂੰ, ਬਾਦਸ਼ਾਹ ਬਹਾਦਰ ਸ਼ਾਹ ਨੇ ਦੱਖਣ ਵਿਚ ਆਪਣੇ ਆਖ਼ਰੀ ਭਰਾ ਕਾਮ ਬਖ਼ਸ਼ ਨੂੰ ਹਰਾ ਕੇ ਕਤਲ ਕਰ ਦਿਤਾ। ਹੁਣ ਬਹਾਦਰ ਸ਼ਾਹ ਦਾ ਕੋਈ ਵੀ ਵਿਰੋਧੀ ਨਹੀਂ ਸੀ ਬਚਿਆ। 19 ਜਨਵਰੀ 1709 ਨੂੰ ਉਸ ਨੇ ਦੱਖਣ ਤੋਂ ਦਿੱਲੀ ਵਲ ਵਾਪਸੀ ਦਾ ਸਫ਼ਰ ਸ਼ੁਰੂ ਕਰ ਦਿਤਾ। 29 ਜਨਵਰੀ ਨੂੰ ਬਹਾਦਰ ਸ਼ਾਹ ਦਾ ਪੜਾਅ 'ਤਾਲਾਬ ਹੁਸੈਨ ਜ਼ਾਕਰ' ਦੇ ਮੁਕਾਮ 'ਤੇ ਸੀ। ਇੱਥੋਂ ਉਸ ਨੇ ਖਵਾਜਾ ਅਬਦੁੱਲਾ 'ਦਿਲ ਦਲੇਰ ਖ਼ਾਨ' ਨੂੰ ਲਾਹੌਰ ਦਾ ਸੂਬੇਦਾਰ ਅਤੇ ਜੰਮੂ ਦਾ ਫ਼ੌਜਦਾਰ ਬਣਾ ਦਿੱਤਾ ਤੇ ਉਸ ਨੂੰ ਦਿੱਲੀ ਤੋਂ ਲਾਹੌਰ ਜਾਣ ਵਾਸਤੇ ਪੈਗ਼ਾਮ ਭੇਜ ਦਿਤਾ।[57] ਬਹਾਦਰ ਸ਼ਾਹ ਹੌਲੀ-ਹੌਲੀ ਆਪਣਾ ਸਫ਼ਰ ਤੈਅ ਕਰਦਾ ਦਿੱਲੀ ਵੱਲ ਨੂੰ ਜਾ ਰਿਹਾ ਸੀ। 6 ਮਾਰਚ 1709 ਨੂੰ ਬਹਾਦਰ ਸ਼ਾਹ ਕਮਲਾਪੁਰ ਦੀ ਜੂਹ ਵਿਚ ਪੁੱਜ ਗਿਆ। ਇੱਥੇ ਉਸ ਨੇ ਇਕ ਬੜਾ ਅਜ਼ੀਬ ਜਿਹਾ ਸਨਕੀ ਐਲਾਨ ਜ਼ਾਰੀ ਕੀਤਾ ਕਿ 'ਜਸ਼ਨ ਦੇ ਦਿਨ ਤੋਂ ਬਿਨਾ, ਮੁਨਾਇਮ ਖ਼ਾਨ ਬਹਾਦਰ (ਖ਼ਾਨ-ਖ਼ਾਨਾ), ਅਮੀਰ-ਉਲ-ਉਮਰਾ ਜ਼ੁਲਫ਼ਿਕਾਰ ਖ਼ਾਨ, ਚੁਗੱਤਾ ਖ਼ਾਨ, ਮਹਾਬਤ ਖ਼ਾਨ, ਸ਼ਾਹ ਨਿਵਾਜ਼ ਖ਼ਾਨ ਅਤੇ ਹਮੀਦ-ਉਦ-ਦੀਨ, ਛੇਆਂ ਅਮੀਰਾਂ ਤੋਂ ਬਿਨਾ ਹੋਰ ਕੋਈ ਜੜਾਊ ਸਰਪੇਚ ਸਿਰ 'ਤੇ ਨਾ ਸਜਾਏ।' 13 ਮਾਰਚ ਨੂੰ ਬਹਾਦਰ ਸ਼ਾਹ ਨੇ ਇਕ ਹੋਰ ਹੁਕਮ ਜਾਰੀ ਕੀਤਾ ਕਿ 'ਕਿਸੇ ਹਿੰਦੂ ਨੂੰ ਪਾਲਕੀ ਵਿਚ ਸਫ਼ਰ ਕਰਦਾ ਵੇਖੋ ਤਾਂ ਗ੍ਰਿਫ਼ਤਾਰ ਕਰ ਲਓ।'[58]

29 ਮਾਰਚ 1709 ਦੇ ਦਿਨ ਬਹਾਦਰ ਸ਼ਾਹ ਮਾਦਰੀ ਨਗਰ ਪੁੱਜ ਗਿਆ। ਇੱਥੋਂ ਉਸ ਨੇ ਅਸਦ ਖ਼ਾਨ (ਨਵਾਬ ਆਸਫ਼-ਉਦ-ਦੌਲਾ ਨਿਜ਼ਾਮੁਲ ਮੁਲਕ) ਦਿੱਲੀ ਅਤੇ ਮੁਹੰਮਦ ਅਮੀਨ ਖ਼ਾਨ 'ਚੈਨ ਬਹਾਦੁਰ', ਫ਼ੌਜਦਾਰ ਮੁਰਾਦਾਬਾਦ, ਨੂੰ ਫ਼ੁਰਮਾਨ ਭੇਜੇ ਕਿ ਮਾਰਵਾੜ (ਜੋਧਪੁਰ) ਦੇ ਰਾਜੇ ਅਜੀਤ ਸਿੰਘ ਨੂੰ ਨਾਬਰੀ-ਅਕਾਬਰੀ (ਬਗ਼ਾਵਤ) ਦੀ ਸਜਾ ਦਿੱਤੀ ਜਾਵੇ। ਇਨ੍ਹਾਂ ਬਾਗ਼ੀ ਰਾਜਪੂਤ ਰਾਜਿਆਂ ਨੂੰ ਸਜ਼ਾ ਦੇਣ ਵਾਸਤੇ ਬਾਦਸ਼ਾਹ ਆਪ ਵੀ ਰਾਜਿਸਥਾਨ ਵੱਲ ਚੱਲ ਪਿਆ। ਅਜੀਤ ਸਿੰਹ (ਜੋਧਪੁਰ), ਜੈ ਸਿੰਹ ਸਵਾਈ (ਜੈਪੁਰ-ਅੰਬੇਰ) ਅਤੇ ਅਮਰ ਸਿੰਹ (ਉਦੈਪੁਰ) ਰਾਜੇ, 1708 ਵਿਚ ਬਹਾਦਰ ਸ਼ਾਹ ਨਾਲ ਦੱਖਣ ਦੀ ਮੁਹਿੰਮ 'ਤੇ ਗਏ ਸਨ, ਪਰ ਰਸਤੇ ਵਿਚ ਹੀ, ਮੰਦਸੌਰ ਤੋਂ ਮੁੜ ਆਏ ਸਨ। ਇਨ੍ਹਾਂ ਰਾਜਪੂਤ ਰਾਜਿਆਂ ਨੇ ਵਾਪਿਸ ਆ ਕੇ ਆਲੇ-ਦੁਆਲੇ ਦੇ ਮੁਗ਼ਲ ਅਫ਼ਸਰ ਕਤਲ ਕਰ ਕੇ ਆਪਣਾ ਮੁਕੰਮਲ ਕਬਜ਼ਾ ਕਾਇਮ ਕਰ ਲਿਆ ਸੀ।

21 ਅਗਸਤ 1709 ਦੇ ਦਿਨ ਬਹਾਦਰ ਸ਼ਾਹ ਸਾਮਰਦਾ ਨਗਰ ਪੁੱਜ ਗਿਆ। ਇੱਥੋਂ ਉਸ ਨੇ ਕਾਜ਼ੀ ਕੁਰਬਾਨ ਦੇ ਪੁੱਤਰ ਮੀਰ ਅਬਦੁੱਲਾ ਸਲਾਮ ਨੂੰ ਲਾਹੌਰ ਦਾ ਕੋਤਵਾਲ ਬਣਾਉਣ ਦਾ ਫ਼ੁਰਮਾਨ ਜਾਰੀ ਕੀਤਾ। ਉਸ ਨੇ 23 ਅਗਸਤ ਨੂੰ ਅਲੀ ਮਰਦਾਨ ਖ਼ਾਨ (ਜ਼ਬਰਦਸਤ ਖ਼ਾਨ) ਨੂੰ ਕਸ਼ਮੀਰ ਦਾ ਸੂਬੇਦਾਰ ਬਣਾ ਦਿੱਤਾ। ਬਹਾਦਰ ਸ਼ਾਹ ਨੇ ਇਸੇ ਦਿਨ ਇਹ ਹੁਕਮ ਵੀ ਜ਼ਾਰੀ ਕੀਤਾ

[57] ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਐਂਟਰੀ, ਤਜ਼ਕਿਰਾਤੁਲ ਸਲਾਤੀਨ-ਇ-ਚੁਗੱਤਾ

[58] ਪਾਲਕੀ ਵਿਸ਼ੇਸ਼ ਅਧਿਕਾਰ ਅਤੇ ਅਮੀਰਸ਼ਾਹੀ ਦਾ ਪ੍ਰਤੀਕ ਸੀ

ਕਿ 'ਹਿੰਦੂ ਅਹਿਲਕਾਰਾਂ ਦੇ ਮਨਸਬਾਂ ਵਿਚ ਬਿਨਾ-ਸ਼ਰਤ ਸਵਾਰਾਂ ਦੀ ਗਿਣਤੀ ਘਟਾ ਦਿੱਤੀ ਜਾਵੇ।' 12 ਅਕਤੂਬਰ 1709 ਦੇ ਦਿਨ ਬਹਾਦਰ ਸ਼ਾਹ ਨੇ ਅਲਤਾਫ਼ ਖ਼ਾਨ ਨੂੰ ਲਾਹੌਰ ਦਾ ਬਖ਼ਸ਼ੀ ਅਤੇ 'ਵਾਕਿਆ ਨਿਗਾਰ' ਨੂੰ (ਖ਼ਬਰਾਂ ਦਾ ਲਿਖਾਰੀ) ਬਣਾ ਦਿੱਤਾ।

ਬਾਦਸ਼ਾਹ ਨੂੰ ਸਿੱਖਾਂ ਦੀਆਂ ਜਿੱਤਾਂ ਦੀਆਂ ਖ਼ਬਰਾਂ ਮਿਲਣਾ

25 ਫ਼ਰਵਰੀ 1710 ਨੂੰ ਬਹਾਦਰ ਸ਼ਾਹ ਜਮਰੌਲੀ ਕਸਬੇ ਵਿਚ ਪਹੁੰਚ ਗਿਆ। ਇੱਥੇ ਉਸ ਨੂੰ ਸਰਹੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦਾ ਇਕ ਖ਼ਤ ਮਿਲਿਆ ਜਿਸ ਵਿਚ ਉਸ ਨੇ ਲਿਖਿਆ ਸੀ ਕਿ "ਖਾਲਸਾ ਸਿੱਖਾਂ ਨੇ ਜੋ ਭੜਥੂ ਸਰਹੰਦ ਅਤੇ ਪੰਜਾਬ ਦੇ ਗੋਰੇ ਵਿਚ ਪਾ ਦਿਤਾ ਹੈ ਕਿੱਥੋਂ ਤਕ ਅਰਜ਼ ਕਰਾਂ। ਉਨ੍ਹਾਂ ਨੇ ਚੰਗੇ-ਚੰਗੇ ਪਰਗਨੇ ਖਸਤਾ-ਖਰਾਬ ਕਰ ਦਿੱਤੇ ਹਨ। ਅੱਜ ਹੀ ਖ਼ਬਰ ਮਿਲੀ ਹੈ ਕਿ ਪਰਗਨਾ ਬੂੜੀਆ ਅਤੇ ਸਢੌਰਾ ਲੁੱਟ-ਪੁੱਟ ਲਏ ਗਏ ਹਨ। ਸਰਕਾਰੀ ਅਹਿਲਕਾਰ ਮਾਰ ਮੁਕਾਏ ਹਨ। ਦਾਮਲੇ ਦੇ ਸ਼ਾਨਾ-ਮੱਤੇ ਅਫ਼ਗਾਨਾਂ ਨੂੰ ਮਾਰ ਦਿੱਤਾ) ਹੈ।" ਇਸ 'ਤੇ ਬਹਾਦਰ ਸ਼ਾਹ ਨੇ ਨਿਜ਼ਾਮੁਲ ਮੁਲਕ ਨੂੰ ਵਜ਼ੀਰ ਖ਼ਾਨ ਦਾ ਸਾਥ ਦੇਣ ਦੀ ਹਦਾਇਤ ਲਿਖ ਭੇਜੀ।[59] 23 ਅਪਰੈਲ ਨੂੰ ਬਹਾਦਰ ਸ਼ਾਹ ਨੂੰ ਲਾਹੌਰ ਸੂਬੇ ਦੇ ਦੀਵਾਨ ਰੁਸਤਮ ਖ਼ਾਨ ਦਾ ਖ਼ਤ ਮਿਲਿਆ ਜਿਸ ਵਿਚ ਉਸ ਨੇ ਲਿਖਿਆ ਸੀ ਕਿ "ਇਕ ਜਣੇ ਨੇ ਆਪਣੇ ਆਪ ਨੂੰ ਗੁਰੂ ਦਸ ਕੇ, ਜਮੀਅਤ ਜੋੜਨਾ ਅਤੇ ਫ਼ਸਾਦ ਕਰਨਾ ਸ਼ੁਰੂ ਕਰ ਦਿੱਤਾ ਹੈ।" ਇਸ 'ਤੇ ਬਾਦਸ਼ਾਹ ਨੇ 28 ਅਪਰੈਲ ਨੂੰ ਏਮਨਾਬਾਦ ਅਤੇ ਇਸ ਦੇ ਆਲੇ-ਦੁਆਲੇ ਦੇ ਫ਼ੌਜਦਾਰਾਂ ਨੂੰ ਹੁਕਮ ਜ਼ਾਰੀ ਕੀਤਾ ਕਿ ਉਹ ਲਾਹੌਰ ਦੇ ਸੂਬੇਦਾਰ ਦਾ ਸਾਥ ਦੇਣ ਤਾਂ ਜੋ ਸਿੱਖਾਂ ਨੂੰ ਸਜ਼ਾ ਦਿੱਤੀ ਜਾ ਸਕੇ।[60]

ਮਈ 1710 ਦੇ ਦਿਨ ਬਹਾਦਰ ਸ਼ਾਹ ਅਜਮੇਰ ਪਹੁੰਚ ਗਿਆ। ਇੱਥੇ ਬਹਾਦਰ ਸ਼ਾਹ ਦੇ ਭੇਜੇ ਸਫ਼ੀਰ ਜੈਪੁਰ, ਜੋਧਪੁਰ, ਅਜਮੇਰ ਦੇ ਰਾਜਪੂਤ ਰਾਜਿਆਂ ਨੂੰ ਲੈ ਕੇ ਬਾਦਸ਼ਾਹ ਕੋਲ ਪਹੁੰਚੇ।[61] 10 ਮਈ ਨੂੰ ਬਾਦਸ਼ਾਹ ਨੇ ਸ਼ਾਹਜ਼ਾਦਾ ਅਜ਼ੀਮੁੱਸ਼ਾਨ ਦੀ ਸਿਫ਼ਾਰਿਸ਼ ਮੰਨ ਕੇ ਇਨ੍ਹਾਂ ਤਿੰਨਾਂ ਰਾਜਿਆਂ ਦੇ ਸਾਰੇ ਕਸੂਰ ਮੁਆਫ਼ ਕਰ ਦਿੱਤੇ ਅਤੇ ਉਨ੍ਹਾਂ ਨੂੰ ਖਿੱਲਤਾਂ ਦੇ ਕੇ ਵਿਦਾ ਕੀਤਾ। ਦਰਅਸਲ ਬਾਦਸ਼ਾਹ ਇਸ ਵੇਲੇ ਪੰਜਾਬ ਦੀ ਹਾਲਤ ਬਾਰੇ ਵਧੇਰੇ ਫ਼ਿਕਰਮੰਦ ਸੀ ਇਸ ਕਰਕੇ ਉਸ ਨੇ ਰਾਜਪੂਤਾਂ ਨਾਲ ਸਮਝੌਤਾ ਕਰਨਾ ਹੀ ਬੇਹਤਰ ਸਮਝਿਆ।[62] 12 ਮਈ ਨੂੰ ਪਰਤੀਤ ਰਾਓ ਹਰਕਾਰੇ ਨੇ ਬਹਾਦਰ ਸ਼ਾਹ ਨੂੰ ਦੱਸਿਆ ਕਿ "ਇਕ ਸਿੱਖ ਨੇ ਸਰਹੰਦ ਅਤੇ ਲਾਹੌਰ ਦੇ ਇਲਾਕੇ ਵਿਚ ਆਪਣੇ ਆਪ ਨੂੰ ਗੁਰੂ ਐਲਾਨ ਕਰ ਦਿਤਾ ਹੈ ਅਤੇ ਉਸ ਨੇ ਬਹੁਤ ਸਾਰੇ ਬੰਦੇ ਆਪਣੇ ਨਾਲ ਇਕੱਠੇ ਕਰ ਲਏ ਹਨ। ਉਸ ਨੇ ਸਹਾਰਨਪੁਰ 'ਤੇ ਵੀ ਹਮਲਾ ਕੀਤਾ ਹੈ।" ਇਸ 'ਤੇ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਸੂਬੇਦਾਰ ਸਿੱਖਾਂ ਦੇ ਖ਼ਿਲਾਫ਼ ਫ਼ੌਰੀ ਐਕਸ਼ਨ ਲੈਣ।[63] ਇਸੇ ਦਿਨ, ਮੁਗ਼ਲ ਬਾਦਸ਼ਾਹ ਦੇ ਦਰਬਾਰ ਵਿਚ ਹਾਜ਼ਿਰ, ਅੰਬੇਰ ਦੇ ਰਾਜੇ ਜੈ ਸਿੰਘ ਸਵਾਈ ਦੇ ਵਕੀਲ ਨੇ ਆਪਣੇ ਰਾਜੇ ਨੂੰ ਲਿਖੀ ਇਕ ਚਿੱਠੀ ਵਿਚ ਦੱਸਿਆ ਕਿ: "ਵਜ਼ੀਰ ਖ਼ਾਨ (ਫੋਜਦਾਰ ਸਰਹੰਦ) ਦੇ ਵਕੀਲ ਨੇ ਮੈਨੂੰ ਦੱਸਿਆ ਹੈ ਕਿ ਇਸ ਫ਼ਿਰਕੇ (ਸਿੱਖਾਂ) ਦੇ ਫ਼ਸਾਦ ਨੂੰ ਮਾਮੂਲੀ ਨਹੀਂ ਸਮਝਣਾ ਚਾਹੀਦਾ। 70,000 ਦੇ

[59] ਅਖਬਾਰਾਤਿ-ਦਰਬਾਰਿ-ਮੁਅੱਲਾ , 25.2.1710 ਦੀ ਰਿਪੋਰਟ
[60] ਅਖਬਾਰਾਤਿ-ਦਰਬਾਰਿ-ਮੁਅੱਲਾ , 23.4.1710 ਦੀ ਰਿਪੋਰਟ
[61] ਅਖਬਾਰਾਤਿ-ਦਰਬਾਰਿ-ਮੁਅੱਲਾ , 5.5.1710 ਦੀ ਰਿਪੋਰਟ
[62] ਅਖਬਾਰਾਤਿ-ਦਰਬਾਰਿ-ਮੁਅੱਲਾ , 10.5.1710 ਦੀ ਰਿਪੋਰਟ
[63] ਅਖਬਾਰਾਤਿ-ਦਰਬਾਰਿ-ਮੁਅੱਲਾ , 12.5.1710 ਦੀ ਰਿਪੋਰਟ

ਕਰੀਬ ਸਿੱਖ ਸਢੌਰਾ ਵਿਚ ਇਕੱਠੇ ਹੋਏ ਹਨ। ਉਹ ਕਦੀ ਗੁਰੂ ਦਾ ਨਾਂ ਜ਼ਬਾਨ 'ਤੇ ਲਿਆਉਂਦੇ ਹਨ ਅਤੇ ਕਦੇ ਕਹਿੰਦੇ ਹਨ ਕਿ 'ਇਕ ਦਰਵੇਸ਼ ਅਜ਼ਗੈਬੋਂ ਆ ਕੇ ਸਾਡੇ ਨਾਲ ਸ਼ਾਮਿਲ ਹੋ ਗਿਆ ਹੈ।' ਦੁਆਬਾ ਵਗ਼ੈਰਾ ਪਰਗਨੇ ਬਰਬਾਦ ਕਰਕੇ ਫ਼ਤਿਹਾਬਾਦ (ਬਿਆਸ ਨਦੀ ਤਕ) ਛਾ ਗਏ ਹਨ। ਵਜ਼ੀਰ ਖ਼ਾਨ ਦੇ ਲਿਖਣ 'ਤੇ ਨਵਾਬ ਨਿਜ਼ਾਮੁਲ ਮੁਲਕ (ਅਸਦ ਖ਼ਾਨ) ਨੇ ਹਿਸਾਰ ਵਗ਼ੈਰਾ ਦੇ ਫ਼ੌਜਦਾਰਾਂ ਨੂੰ ਸ਼ਰੀਕ ਹੋਣ ਵਾਸਤੇ ਲਿਖਿਆ ਹੈ ਪਰ ਇਨ੍ਹਾਂ ਵਿਚਾਰਿਆਂ ਦੀਆਂ ਆਪਣੀਆਂ ਜਾਨਾਂ ਸੁਕਣੇ ਪਈਆਂ ਹੋਈਆ ਹਨ। ਵੇਖੀਏ ਰੱਬ ਦੀ ਕੀ ਮਰਜ਼ੀ ਹੈ? ਇਸ ਜਮਾਤ ਦੇ ਬੰਦਿਆਂ ਨੇ ਲਾਹੌਰ ਵਿਚ ਵੀ ਖਦੇੜ-ਬਖੇੜ ਕੀਤੀ ਹੈ ਅਰ ਕਈਆਂ ਨੂੰ ਮਾਰ ਦਿੱਤਾ ਹੈ ਅਰ ਕਹਿੰਦੇ ਹਨ ਕਿ ਸਹਾਰਨਪੁਰ ਨੂੰ ਵੀ ਆ ਘੇਰਿਆ ਹੈ।...

ਮੁਕਦੀ ਗੱਲ ਇਸ ਵੇਲੇ ਤਕ ਇਸੇ ਫ਼ਿਰਕੇ ਦੀਆਂ ਤਾਕਤਾਂ ਨਿੱਤ ਵੱਧ ਰਹੀਆ ਹਨ। ਨਵਾਬ ਆਸਫ਼ੁੱਦੌਲਾ (ਅਸਦ ਖ਼ਾਨ) ਨੇ ਮੁਹੰਮਦ ਅਮੀਨ ਖ਼ਾਨ ਅਤੇ ਖ਼ਾਨ ਦੁੱਰਾਨ ਬਹਾਦੁਰ ਵੱਲ ਪੈਗ਼ਾਮ ਭੇਜੇ ਸਨ ਕਿ ਉਹ ਉਸ ਪਾਸੇ ਸਿੱਖਾਂ 'ਤੇ ਇਕ ਦਮ ਚੜ੍ਹਾਈ ਕਰਨ। ਉਨ੍ਹਾਂ ਜਵਾਬ ਦਿੱਤਾ ਹੈ ਕਿ 'ਅਸੀਂ ਤਾਂ ਆਪ ਪ੍ਰੇਸ਼ਾਨ-ਹਾਲ ਹਾਂ, ਜੇ ਨਵਾਬ ਸਾਹਿਬ ਉਧਰ ਚੜ੍ਹਨਗੇ ਤਾਂ (ਅਸੀਂ) ਨਾਲ ਹੀ ਚਲੇ ਚਲਾਗੇ'।...ਗੱਲ ਟਲਦੀ ਨਾ ਵੇਖ ਕੇ ਨਵਾਬ ਸਾਹਿਬ ਨੇ ਅਬਦੁੱਲਾ ਖ਼ਾਨ (ਖਵਾਜਾ) ਨੂੰ ਵਜ਼ੀਰ ਖ਼ਾਨ ਪਾਸ ਭੇਜਣ ਦਾ ਫ਼ੈਸਲਾ ਕੀਤਾ ਹੈ। ਨਾਲੇ ਹੋਰ ਫ਼ੌਜਦਾਰਾਂ ਨੂੰ ਤਾਕੀਦੀ ਖ਼ਤ ਲਿਖੇ ਹਨ ਕਿ 'ਆਪੋ ਵਿਚ ਸੋਥਾ ਕਰ ਕੇ ਇਸ ਫ਼ਿਰਕੇ ਨਾਲ ਸਿੱਝਣ।' ਬਾਦਸ਼ਾਹ ਵੱਲੋਂ ਵੀ ਗਿਰਦੋ-ਨਿਵਾਹੀ ਦੇ ਫ਼ੌਜਦਾਰਾਂ ਨੂੰ ਤਾਕੀਦ ਹੋਈ ਹੈ। ਅਰ ਅਬਦੁੱਲਾ ਖ਼ਾਨ ਨੂੰ ਪਚੀ ਹਜ਼ਾਰ ਆਲਾਤਿ-ਨੁਕਰਾ (ਚਾਂਦੀ ਦੇ ਸਿੱਕੇ) ਅਤੇ ਪੰਜਾਹ ਹਜ਼ਾਰ ਰੁਪਏ ਸਰਹੰਦ ਦੇ ਖ਼ਜ਼ਾਨੇ ਵਿੱਚੋਂ ਮਦਦ ਵਾਸਤੇ ਦਿੱਤੇ ਜਾਣ ਦਾ ਹੁਕਮ ਹੋਇਆ ਹੈ। ਖ਼ਾਨ ਸਾਹਿਬ ਦੇ ਆਪ ਬੁਰੇ ਹਾਲ ਅਤੇ ਬਾਂਕੇ ਦਿਹਾੜੇ ਹਨ, ਪਰ ਬੱਧੇ-ਰੁੱਧੇ ਉਸ ਹੁਕਮ ਨੂੰ ਮੰਨ ਲਿਆ ਹੈ।"[64]

20 ਮਈ 1710 ਨੂੰ ਬਾਦਸ਼ਾਹ ਅਜਮੇਰ ਦੇ ਨੇੜੇ ਬਹਾਸੂ ਦੇ ਪੜਾਅ 'ਤੇ ਸੀ। ਇੱਥੇ ਉਸ ਨੂੰ ਖ਼ਬਰ ਮਿਲੀ ਕਿ ਸਿੱਖਾਂ ਨੇ ਸਰਹੰਦ 'ਤੇ ਵੀ ਕਬਜ਼ਾ ਕਰ ਲਿਆ ਹੈ[65] ਅਤੇ ਉੱਥੋਂ ਦੇ ਫੋਜਦਾਰ ਵਜ਼ੀਰ ਖ਼ਾਨ ਨੂੰ ਮਾਰ ਦਿਤਾ ਗਿਆ ਹੈ ਅਤੇ ਉਸ ਦਾ ਪੁੱਤਰ ਜਾਂ ਜਵਾਈ ਮਾਰਿਆ ਗਿਆ ਹੈ ਜਾਂ ਫੜਿਆ ਗਿਆ ਹੈ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਇਸ ਖ਼ਬਰ ਦੀ ਤਸਦੀਕ ਕਰਨੀ ਅਜੇ ਬਾਕੀ ਹੈ। 24 ਮਈ 1710 ਨੂੰ ਬਾਦਸ਼ਾਹ ਟੋਡਾ ਕਸਬਾ ਵਿਚ ਸੀ। ਇੱਥੇ ਉਸ ਨੂੰ ਸਰਹੰਦ 'ਤੇ ਸਿੱਖਾਂ ਦੇ ਕਬਜ਼ੇ ਅਤੇ ਵਜ਼ੀਰ ਖ਼ਾਨ ਦੇ ਮਾਰੇ ਜਾਣ ਦੀ ਖ਼ਬਰ ਦੀ ਤਾਈਦ ਹੋਈ। ਬਹਾਦਰ ਸ਼ਾਹ ਨੇ ਸ਼ਾਹਜਹਾਂਬਾਦ (ਦਿੱਲੀ) ਦੇ ਮੁਸੱਦੀਆਂ ਵੱਲ ਹੁਕਮ ਲਿਖਾਇਆ ਕਿ ਉਹ ਖ਼ਾਨ ਜਹਾਨ ਬਹਾਦੁਰ ਸੂਬੇਦਾਰ ਅਲਾਹਾਬਾਦ ਅਤੇ ਅਬੈਦ ਖ਼ਾਨ ਬਹਾਦੁਰ ਨੂੰ ਮਦਦ ਵਜੋਂ 8 ਲੱਖ ਰੁਪਏ ਦੇਣ, ਅਰ ਅਫ਼ਜ਼ਲ ਖ਼ਾਨ ਨੂੰ ਹੁਕਮ ਦਿੱਤਾ ਗਿਆ ਕਿ ਉਹ ਸ਼ਾਹਜਹਾਂਬਾਦ ਜਾਵੇ ਅਤੇ ਖ਼ਾਨ ਬਹਾਦੁਰ, ਅਬਦੁੱਲਾ ਖ਼ਾਨ, ਸ਼ਮਸ਼ੇਰ ਖ਼ਾਨ, ਚੇਤ ਸਿੰਹ (ਜ਼ਿਮੀਂਦਾਰ ਕਮਾਓ) ਅਤੇ ਅਨੂਪ ਸਿੰਹ ਅਤੇ ਈਸਾ ਖ਼ਾਨ ਵਗ਼ੈਰਾ ਨੂੰ (ਭਾਈ ਬੰਦਾ ਸਿੰਘ ਬਹਾਦੁਰ) ਦੀ ਤਾੜਨਾ ਵਾਸਤੇ ਭੇਜੇ।[66]

---

[64] ਅਖਬਾਰਾਤਿ-ਦਰਬਾਰਿ-ਮੁਅੱਲਾ, 12.5.1710 ਦੀ ਰਿਪੋਰਟ

[65] ਅਖਬਾਰਾਤਿ-ਦਰਬਾਰਿ-ਮੁਅੱਲਾ, 20.5.1710 ਦੀ ਰਿਪੋਰਟ

[66] ਅਖਬਾਰਾਤਿ-ਦਰਬਾਰਿ-ਮੁਅੱਲਾ, 24.5.1710 ਦੀ ਰਿਪੋਰਟ

ਭਾਈ ਬੰਦਾ ਸਿੰਘ ਬਹਾਦੁਰ ਦੀਆਂ ਜਿੱਤਾਂ ਨੂੰ ਸਾਹਮਣੇ ਰੱਖ ਕੇ ਬਾਦਸ਼ਾਹ ਨੇ ਮਹਿਸੂਸ ਕੀਤਾ ਕਿ ਉਹ ਸਿੱਖਾਂ ਅਤੇ ਰਾਜਪੂਤਾਂ ਦੋਹਾਂ ਨਾਲ ਇਕੱਠਿਆਂ ਨਹੀਂ ਲੜ ਸਕਦਾ। ਇਸ ਹਾਲਤ ਵਿਚ ਬਹਾਦਰ ਸ਼ਾਹ ਨੇ ਅੰਬੇਰ, ਉਦੈਪੁਰ ਅਤੇ ਜੋਧਪੁਰ ਰਾਜਪੂਤਾਂ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਵਰਤਣ ਦੀ ਸੋਚ ਨਾਲ, ਉਨ੍ਹਾਂ ਨਾਲ ਸਮਝੌਤਾ ਕਰਨ ਦਾ ਫ਼ੈਸਲਾ ਕਰ ਲਿਆ ਅਤੇ 26 ਮਈ ਨੂੰ ਉਨ੍ਹਾਂ ਦੇ 'ਗੁਨਾਹ' ਮੁਆਫ਼ ਕਰਨ ਸੰਬੰਧੀ ਫ਼ੁਰਮਾਨ, ਭੇਜ ਦਿੱਤੇ। ਇਸ ਦੇ ਨਾਲ ਹੀ ਬਹਾਦਰ ਸ਼ਾਹ ਨੇ ਆਪ ਵੀ ਪੰਜਾਬ ਵੱਲ ਕੂਚ ਕਰਨ ਦਾ ਐਲਾਨ ਕਰ ਦਿੱਤਾ।

27 ਮਈ ਨੂੰ ਸ਼ਫ਼ਸ਼ਿਖਨ ਖ਼ਾਨ ਨੇ ਬਹਾਦਰ ਸ਼ਾਹ ਨੂੰ ਅਰਜ਼ ਕੀਤੀ ਕਿ "ਜੇ ਚਕਲਾ ਸਰਹੰਦ ਦੀ ਫ਼ੌਜਦਾਰੀ ਲੋੜੀਂਦੀ ਸਮਗਰੀ ਅਤੇ ਜਮੀਅਤ ਸਣੇ ਫੌਜ਼ (ਸ਼ਫ਼ਸਿੱਖਨ ਖ਼ਾਨ) ਨੂੰ ਬਖ਼ਸ਼ੀ ਜਾਏ ਤਾਂ ਇਹ ਗ਼ੁਲਾਮ, ਉਸ 'ਗੁਰੂ', ਜਿਸ ਨੇ ਫ਼ਸਾਦ ਮਚਾਇਆ ਹੋਇਆ ਹੈ, ਦਾ ਛੇਤੀ ਹੀ ਮੱਕੂ ਬੰਨ੍ਹ ਦੇਵੇਗਾ।" ਬਖ਼ਸ਼ੀ-ਉਲ-ਮੁਲਕ ਨੇ ਇਹ ਅਰਜ਼ ਬਹਾਦਰ ਸ਼ਾਹ ਤੱਕ ਪਹੁੰਚਾ ਦਿੱਤੀ, ਪਰ ਬਾਦਸ਼ਾਹ ਨੇ ਪੇਸ਼ਕਸ਼ ਨੂੰ ਕਬੂਲ ਨਹੀਂ ਕੀਤਾ।[67] 28 ਮਈ ਨੂੰ ਬਹਾਦਰ ਸ਼ਾਹ ਨੂੰ ਦੱਸਿਆ ਗਿਆ ਕਿ ਜੋਧਪੁਰ ਦੇ ਰਾਜਾ ਅਜੀਤ ਸਿੰਹ ਅਤੇ ਜੈਪੁਰ ਦੇ ਰਾਜਾ ਜੈ ਸਿੰਹ ਸਵਾਈ ਨੂੰ (ਭਾਈ ਬੰਦਾ ਸਿੰਘ ਬਹਾਦੁਰ) ਦੇ ਖ਼ਤ ਪੁੱਜੇ ਹਨ ਅਤੇ ਉਨ੍ਹਾਂ ਇਨ੍ਹਾਂ ਖ਼ਤਾਂ ਦੇ ਜਵਾਬ ਵੀ ਲਿਖ ਘੱਲੇ ਹਨ। ਇਹ ਦੋਵੇਂ ਰਾਜੇ ਸਾਂਭਰ ਤੋਂ ਮਨੋਹਰਪੁਰ ਵੱਲ ਕੂਚ ਕਰ ਗਏ ਹਨ।[68] 5 ਜੂਨ ਨੂੰ ਬਹਾਦਰ ਸ਼ਾਹ ਨੇ ਖ਼ਾਨ-ਖ਼ਾਨਾ (ਮੁਨਾਇਮ ਖ਼ਾਨ) ਦੇ ਅਰਜ਼ ਕਰਨ 'ਤੇ ਮਹਾਬਤ ਖ਼ਾਨ (ਪੁੱਤਰ ਖ਼ਾਨ- ਖ਼ਾਨਾ) ਨੂੰ ਇਨ੍ਹਾਂ ਰਾਜਿਆਂ ਵੱਲ ਭੇਜਿਆ ਤਾਂ ਜੋ ਉਹ ਉਨ੍ਹਾਂ ਨੂੰ ਤਸੱਲੀ ਦਿਵਾ ਕੇ ਬਹਾਦਰ ਸ਼ਾਹ ਦੇ ਹਜ਼ੂਰੀ ਲੈ ਆਵੇ।[69] 10 ਜੂਨ ਨੂੰ ਖ਼ਬਰ ਮਿਲੀ ਕਿ ਮਹਾਬਤ ਖ਼ਾਨ ਇਨ੍ਹਾਂ ਰਾਜਿਆਂ ਨੂੰ ਬਾਦਸ਼ਾਹ ਕੋਲ ਲਿਆ ਰਿਹਾ ਹੈ। ਸਿੱਖਾਂ ਤੋਂ ਡਰੇ ਅਤੇ ਘਬਰਾਏ ਹੋਏ ਬਾਦਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਇਕ ਪੜਾਅ ਅੱਗੇ ਜਾ ਕੇ ਰਾਜਿਆਂ ਨੂੰ ਸ਼ਾਹੀ ਅਦਬ ਨਾਲ 'ਜੀ ਆਇਆਂ' ਕਹਿਣ।

10 ਜੂਨ ਨੂੰ ਹੀ ਬਾਦਸ਼ਾਹ ਨੇ ਲਾਹੌਰ ਦੇ ਮੁਸੱਦੀਆਂ ਵੱਲ ਹੁਕਮ ਭੇਜਿਆ ਕਿ ਉਹ ਵਜ਼ੀਰ ਖ਼ਾਨ ਦੇ ਭਤੀਜੇ ਮੁਹੰਮਦ ਤਕੀ ਨੂੰ ਤਿੰਨ ਹਜ਼ਾਰ ਰੁਪਏ ਰਾਹ ਖ਼ਰਚ ਦੇਣ ਅਤੇ ਬਾਦਸ਼ਾਹ ਵੱਲ ਭੇਜ ਦੇਣ। ਇਸੇ ਦਿਨ ਬਾਦਸ਼ਾਹ ਨੂੰ ਪਤਾ ਲਗਾ ਕਿ ਬਖ਼ਸ਼ੀ ਸ਼ਾਹ ਨਿਵਾਜ਼ ਦੀ ਜਾਗੀਰ ਦੇ ਆਮਿਲ (ਅਫ਼ਸਰ) ਸਿੱਖਾਂ ਤੋਂ ਡਰ ਕੇ ਇਲਾਕਾ ਛੱਡ ਕੇ ਭੱਜ ਗਏ ਹਨ। ਥਾਨੇਸਰ ਵਿਚ ਵੀ ਭਗਦੜ ਮੱਚ ਗਈ ਹੈ। ਪਾਨੀਪਤ (ਪਰਗਨਾ ਫ਼ੈਜ਼ਾਬਾਦ) ਦੇ ਬਹੁਤੇ ਲੋਕ ਮਾਲ-ਮੱਤਾ ਲੈ ਕੇ ਦਿੱਲੀ ਨੱਸ ਆਏ ਹਨ।

11 ਜੂਨ ਨੂੰ ਬਾਦਸ਼ਾਹ ਫਿਰ ਅੱਗੇ ਨੂੰ ਟੁਰ ਪਿਆ। ਰਸਤੇ ਵਿਚ ਮਹਾਬਤ ਖ਼ਾਨ ਦੋਹਾਂ ਰਾਜਪੂਤ ਰਾਜਿਆਂ ਨੂੰ ਲੈ ਆਇਆ। ਅਜੀਤ ਸਿੰਹ ਅਤੇ ਜੈ ਸਿੰਹ ਸਵਾਈ ਨੇ ਦੋ-ਦੋ ਸੌ ਮੁਹਰਾਂ ਅਤੇ ਦੋ-ਦੋ ਹਜ਼ਾਰ ਰੁਪਏ ਬਹਾਦਰ ਸ਼ਾਹ ਨੂੰ ਭੇਂਟ ਕੀਤੇ। ਰਾਜੇ ਨੇ ਉਨ੍ਹਾਂ ਨੂੰ ਵੱਧੀਆ ਜਾਮੇ-ਜੋੜੇ, ਜੜਾਊ ਸ਼ਮਸ਼ੀਰਾਂ, ਵਡਮੁੱਲੀਆਂ ਦਾਊਦੀਆਂ, ਹਾਥੀ ਅਤੇ ਇਰਾਕੀ ਘੋੜੇ ਹਰ ਇਕ ਨੂੰ ਦਿੱਤੇ, ਨਾਲ ਹੀ ਬਾਦਸ਼ਾਹ ਨੇ ਮਿੱਠੇ ਬਚਨ ਕਹਿ ਕੇ ਤਸੱਲੀ ਦਿੱਤੀ ਅਤੇ ਵਤਨਾਂ ਨੂੰ ਵਿਦਾ ਕੀਤਾ।

---

67 ਅਖਬਾਰਾਤਿ-ਦਰਬਾਰਿ-ਮੁਅੱਲਾ, 27.5.1710 ਦੀ ਰਿਪੋਰਟ

68 ਅਖਬਾਰਾਤਿ-ਦਰਬਾਰਿ-ਮੁਅੱਲਾ, 28.5.1710 ਦੀ ਰਿਪੋਰਟ

69 ਅਖਬਾਰਾਤਿ-ਦਰਬਾਰਿ-ਮੁਅੱਲਾ, 5.6.1710 ਦੀ ਰਿਪੋਰਟ

ਖ਼ਾਫ਼ੀ ਖ਼ਾਨ (ਮੁੰਤਖ਼ਾਬੁਲ-ਉਲ-ਲੁਬਾਬ ਵਿਚ) ਲਿਖਦਾ ਹੈ ਕਿ 12 ਜੂਨ ਨੂੰ ਬਾਦਸ਼ਾਹ ਬਹਾਦਰ ਸ਼ਾਹ ਅਜਮੇਰ ਪੁੱਜਾ ਤਾਂ ਉਸ ਨੂੰ ਪੰਜਾਬ ਦੇ ਸਾਰੇ ਸੂਬਿਆਂ ਵਿਚ ਸਿੱਖਾਂ ਵੱਲੋਂ ਪਾਏ ਭੜਥੂ ਦੀਆਂ ਖ਼ਬਰਾਂ ਮਿਲੀਆਂ ਅਤੇ ਉਹ ਪਰੇਸ਼ਾਨ ਹੋ ਗਿਆ। ਬਾਦਸ਼ਾਹ ਨੂੰ 22 ਜੂਨ ਨੂੰ ਇਹ ਵੀ ਪਤਾ ਲਗਾ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਕਿਲ੍ਹਾ ਲੋਹਗੜ੍ਹ ਵਿਚ ਡੇਰਾ ਜਮਾਇਆ ਹੋਇਆ ਹੈ। ਪਿਛਲੇ ਹਫ਼ਤੇ ਇਕ ਦਿਨ ਉਹ ਇਸ ਕਿਲ੍ਹੇ ਵਿੱਚੋਂ ਹਾਥੀ 'ਤੇ ਚੜ੍ਹ ਕੇ, ਹੱਥ ਵਿਚ ਨੇਜ਼ਾ ਫੜ ਕੇ ਨਿਕਲਿਆ ਅਤੇ ਇੱਥੋਂ 20-25 ਕਿਲੋਮੀਟਰ ਦੂਰ ਗੁਲਾਬ ਨਗਰ (ਬੂੜੀਆ) ਪਹੁੰਚਿਆ। ਉਸ ਨਾਲ ਢਾਈ ਹਜ਼ਾਰ ਘੋੜਸਵਾਰ ਅਤੇ ਦਸ ਹਜ਼ਾਰ ਪਿਆਦਾ ਫ਼ੌਜ ਸੀ। ਬੂੜੀਆ ਵਿਚ ਉਸ ਨੂੰ ਖ਼ਬਰ ਮਿਲੀ ਕਿ ਸਿੱਖ ਫ਼ੌਜਾਂ ਜਲਾਲ ਖ਼ਾਨ ਤੋਂ ਹਾਰ ਕੇ ਸਹਾਰਨਪੁਰ ਆ ਗਈਆ ਹਨ। ਜਦ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਇਸ ਲੜਾਈ ਵਿਚ ਸਿੱਖਾਂ ਦਾ ਕਾਫ਼ੀ ਅਸਲਾ ਅਤੇ ਚੌਦਾਂ ਹਜ਼ਾਰ ਰੁਪਿਆ ਜਲਾਲ ਖ਼ਾਨ ਦੇ ਹੱਥ ਆਇਆ ਹੈ ਤਾਂ ਉਸ (ਬਾਦਸ਼ਾਹ) ਨੂੰ ਕੁਝ ਤਸੱਲੀ ਮਹਿਸੂਸ ਹੋਈ। ਅਗਲੇ ਦਿਨ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਬੂੜੀਆ ਤੋਂ ਭਾਈ ਬੰਦਾ ਸਿੰਘ ਬਹਾਦੁਰ ਸਹਾਰਨਪੁਰ ਵੱਲ ਚਲਾ ਸੀ।

ਸਹਾਰਨਪੁਰ ਪਰਗਨੇ ਦੇ ਪਿੰਡ ਬਨੇਰ ਵਿਚ ਸਹਾਰਨਪੁਰ ਦਾ ਨਵਾਂ ਸਿੱਖ ਥਾਨੇਦਾਰ ਅਮਰ ਸਿੰਘ ਉਸ ਨੂੰ ਅੱਗੋਂ ਆ ਮਿਲਿਆ। ਭਾਈ ਬੰਦਾ ਸਿੰਘ ਬਹਾਦੁਰ ਨੇ ਉਸ ਦੇ ਮੂੰਹ ਕੋਲ ਦੋ ਵਾਰ ਨੇਜ਼ਾ ਕਰ ਕੇ ਕਿਹਾ, "ਅਫ਼ਗ਼ਾਨਾਂ ਨਾਲ ਜੰਗ 'ਚੋਂ ਨੱਸ ਕੇ ਕਿਉਂ ਆਏ ਹੋ" ਇਸ 'ਤੇ ਅਮਰ ਸਿੰਘ ਨੇ ਜਵਾਬ ਦਿੱਤਾ ਕਿ "ਹਿੰਦੂ ਚੌਧਰੀ ਲਾਲ ਕੰਵਰ ਗੁੱਜਰ ਨੇ ਸਾਡੇ ਨਾਲ ਦਗ਼ਾ ਕੀਤਾ ਹੈ। ਇਸੇ ਕਾਰਨ ਸਾਡੀ ਹਾਰ ਹੋਈ ਹੈ।" ਇਸ 'ਤੇ ਬਾਬਾ ਬੰਦਾ ਸਿੰਘ ਨੇ ਕਿਹਾ ਕਿ "ਅਸੀਂ ਇਹ ਬੀੜਾ ਧਰਮ ਵਾਸਤੇ ਚੁੱਕਿਆ ਹੈ। ਕੀ ਗੁੱਜਰ ਅਤੇ ਕੀ ਹਿੰਦੂ ਆਪਣੇ ਆਪ ਆ ਕੇ ਨੌਕਰ ਹੋਇਆ ਕਰਨਗੇ।" ਇਸ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਜਾਨ ਮੁਹੰਮਦ, ਜ਼ਿਮੀਂਦਾਰ ਗੁਲਾਬ ਨਗਰ (ਬੂੜੀਆ), ਨੂੰ ਆਖਿਆ, "ਅਸੀਂ ਤੈਨੂੰ ਸਾਰੇ ਪਰਗਨੇ ਦਾ ਰਾਜਾ ਬਣਾ ਦਿੱਤਾ ਹੈ। ਤੂੰ ਜੋ ਗੁਨਾਹ ਕੀਤੇ ਸਨ ਉਹ ਅਸੀਂ ਮੁਆਫ਼ ਕਰ ਦਿੱਤੇ ਹਨ। ਤੂੰ ਆਪਣੀ ਫ਼ੌਜ ਸਣੇ ਜਾਹ ਅਤੇ ਚੌਂਡਲੇ ਦੇ ਜਿਮੀਂਦਾਰ ਸਰਦਾਰ ਖ਼ਾਨ ਨੂੰ ਲੈ ਕੇ ਅਤੇ ਫਿਰ ਜਲਾਲ ਖ਼ਾਨ ਨੂੰ ਸੋਧਣ ਵਾਸਤੇ ਚੜ੍ਹਾਈ ਕਰ।" ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ ਗੁਰਬਖ਼ਸ਼ ਸਿੰਘ ਇਸ ਵੇਲੇ ਬੂੜੀਆ ਦਾ ਫ਼ੌਜਦਾਰ ਅਤੇ ਅਮੀਨ ਹੈ। ਇੱਥੋਂ ਦੇ ਅਮੀਨ ਕਾਜ਼ੀ ਸ਼ਾਹ ਮੁਹੰਮਦ ਨੂੰ ਗ੍ਰਿਫ਼ਤਾਰ ਕਰ ਕੇ ਉਸ ਦਾ ਮਾਲ-ਮੱਤਾ ਜ਼ਬਤ ਕਰ ਕੇ ਉਸ ਨੂੰ ਡਾਬਰ (ਲੋਹਗੜ੍ਹ) ਵਿਚ ਕੈਦ ਕਰ ਦਿੱਤਾ ਹੈ। ਭਾਈ ਬੰਦਾ ਸਿੰਘ ਬਹਾਦੁਰ ਨੇ ਕਿਸ਼ੋਰ ਸਿੰਘ ਨੂੰ ਬੂੜੀਆ ਦਾ ਮਦਾਰੁੱਲ ਮਹਾਮ (ਕਾਰ ਮੁਖ਼ਤਿਆਰ) ਬਣਾ ਦਿੱਤਾ ਹੈ।

ਇਸੇ ਸਮੇਂ ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਬੂੜੀਆ ਦਾ ਨਾਂ ਗੁਲਾਬ ਨਗਰ ਅਤੇ ਸਹਾਰਨਪੁਰ ਦਾ ਨਾਂ **ਭਾਗਾ ਵਾਲਾ ਨਗਰ** ਰੱਖ ਦਿੱਤਾ ਹੈ।[70] ਇਨ੍ਹਾਂ ਖ਼ਬਰਾਂ ਨਾਲ ਬਾਦਸ਼ਾਹ ਫੇਰ ਪਰੇਸ਼ਾਨ ਹੋ ਗਿਆ। ਪਹਿਲੀ ਜੁਲਾਈ 1710 ਦੇ ਦਿਨ ਬਹਾਦਰ ਸ਼ਾਹ ਦਾ ਕਾਫ਼ਲਾ ਰੂਪ ਨਗਰ ਪੁੱਜਾ। ਇੱਥੇ ਉਸ ਨੂੰ ਮੁਰਾਫ਼ ਖ਼ਾਨ ਦਾ ਖ਼ਤ ਮਿਲਿਆ ਜਿਸ ਵਿਚ ਉਸ ਨੇ ਲਿਖਿਆ ਸੀ ਕਿ ਸਿੱਖਾਂ ਨੇ ਰਾਮਪੁਰਾ, ਨਨੌਤਾ, ਝੁੰਝਾਣਾ, ਬਕੌਰ, ਬਰਸਾਦੂ, ਸਢੌਰਾ, ਕਰਾਨਾ, ਬੁਢਾਣਾ, ਕੰਧਾਲਾ ਅਤੇ ਬੂੜੀਆ ਵਿਚ ਥਾਣੇ ਕਾਇਮ ਕਰ ਲਏ ਹਨ।

---

[70] ਅਖਬਾਰਾਤਿ-ਦਰਬਾਰਿ-ਮੁਅੱਲਾ, 22.6.1710 ਦੀ ਰਿਪੋਰਟ

ਸਹਾਰਨਪੁਰ ਦਾ ਕਾਨੂੰਨਗੋ ਅਤੇ ਬਾਗ਼ੀ ਗੁੱਜਰ ਉਸ ਦੇ ਨਾਲ ਰਲ ਗਏ ਹਨ। ਬਾਦਸ਼ਾਹ ਨੂੰ ਇਹ ਖ਼ਬਰ ਵੀ ਮਿਲੀ ਕਿ 20 ਜੂਨ ਨੂੰ ਸਿੱਖਾਂ ਦੀ ਟੱਕਰ ਪਿੰਡ ਰੜ੍ਹ ਦੇ ਕੋਲ ਪਿੰਡ ਕੇਹਰਾ ਦੀ ਜੂਹ ਵਿਚ, ਦੇਹਰਾਨਾ ਅਤੇ ਮੁਕਾਦ ਪਿੰਡਾਂ ਵਿਚਲੇ ਅਫ਼ਗ਼ਾਨਾਂ ਨਾਲ ਹੋਈ ਸੀ ਜਿਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਹਰਾ ਦਿੱਤਾ ਸੀ। ਸਿੱਖਾਂ ਅਤੇ ਅਫ਼ਗ਼ਾਨਾਂ ਵਿਚ ਹੋਈ ਲੜਾਈ ਬਾਰੇ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਜਲਾਲ ਖ਼ਾਨ ਨੇ ਆਪਣੇ ਪੋਤਰੇ ਗ਼ੁਲਾਮ ਮੁਹੰਮਦ ਬਨਿਆਰਾ ਅਤੇ ਪੀਰ ਮੁਹੰਮਦ ਖ਼ਾਨ ਦੀ ਮਦਦ ਨਾਲ ਸਿੱਖਾਂ ਨੂੰ ਜ਼ਬਰਦਸਤ ਹਾਰ ਦਿੱਤੀ ਸੀ। ਇਸ ਲੜਾਈ ਵਿਚ ਕਈ ਸਿੱਖ ਮਾਰੇ ਗਏ ਸਨ ਅਤੇ ਬਾਕੀ ਭੱਜ ਗਏ ਸਨ। ਸਿੱਖਾਂ ਦੀਆਂ ਦੋ ਤੋਪਾਂ, ਪੰਜ ਬੰਦੂਕਾਂ, ਛੇ ਰਾਮਜੰਗੇ, ਕਈ ਰਾਈਫ਼ਲਾਂ, ਦੋ ਤਲਵਾਰਾਂ, ਇਕ ਹਜ਼ਾਰ ਤੀਰ, ਚਾਰ ਤੰਬੂ ਅਤੇ ਹੋਰ ਬਹੁਤ ਸਾਰਾ ਸਾਮਾਨ ਜਲਾਲ ਖ਼ਾਨ ਦੀਆਂ ਫ਼ੌਜਾਂ ਦੇ ਹੱਥ ਆਇਆ ਸੀ। ਇਹ ਖ਼ਬਰ ਸੁਣ ਕੇ ਉਦਾਸ ਹੋਏ ਬਾਦਸ਼ਾਹ ਨੂੰ ਕੁਝ ਤਸੱਲੀ ਹੋਈ ਅਤੇ ਉਸ ਨੇ ਜਲਾਲ ਖ਼ਾਨ ਵਾਸਤੇ ਇਕ ਖਿੱਲਤ, ਇਕ ਫ਼ੁਰਮਾਨ ਅਤੇ ਇਕ ਘੋੜਾ ਭੇਜਣ ਦਾ ਹੁਕਮ ਦਿੱਤਾ। ਬਾਦਸ਼ਾਹ ਇਨੀ ਨਿੱਕੀ ਜਿਹੀ ਜਿੱਤ ’ਤੇ ਵੀ ਬਾਗ਼ੋ-ਬਾਗ਼ ਹੋ ਗਿਆ ਅਤੇ ਉਸ ਨੇ ਇਹ ਵੀ ਕਿਹਾ ਕਿ ਸਰਹੰਦ ਅਤੇ ਸਹਾਰਨਪੁਰ ਦੀ ਫ਼ੌਜਦਾਰੀ ਵੀ ਇਸ ਖ਼ਾਨ (ਜਲਾਲ ਖ਼ਾਨ ਰੁਹੀਲਾ) ਨੂੰ ਸੌਂਪ ਦਿੱਤੀ ਜਾਵੇਗੀ।[71]

2 ਜੁਲਾਈ ਨੂੰ ਬਾਦਸ਼ਾਹ ਨੂੰ, ਭਾਈ ਬੰਦਾ ਸਿੰਘ ਬਹਾਦੁਰ ਦੀ ਸਰਹੰਦ ਵਿਚ ਜਿੱਤ ਤੋਂ ਮਗਰੋਂ, ਸਿੱਖਾਂ ਵੱਲੋਂ ਐਲਾਨਿਆ ਗਿਆ ਐਲਾਨ-ਨਾਮਾ ਪੜ੍ਹ ਕੇ ਸੁਣਾਇਆ ਗਿਆ ਜਿਸ ਦੇ ਬੋਲ ਸਨ:

ਅਜ਼ਮਤ-ਇ-ਨਾਨਕ ਗੁਰੂ ਹਮ ਜ਼ਾਹਰ ਓ ਬਾਤਨ ਅਸਤ॥
ਪਾਦਸ਼ਾਹ-ਇ-ਦੀਨ-ਓ-ਦੁਨੀਆਂ ਆਪ ਸੱਚਾ ਸਾਹਿਬ ਅਸਤ॥

ਇਸ ਦੁਨੀਆਂ 'ਤੇ ਉਸ ਦੁਨੀਆਂ ਵਿਚ ਗੁਰੂ ਨਾਨਕ ਦੀ ਵਡਿਆਈ ਕਾਇਮ ਹੋ ਗਈ। ਸੱਚਾ ਗੁਰੂ ਦੀਨ ਅਤੇ ਦੁਨੀਆਂ ਦਾ ਪਾਤਿਸ਼ਾਹ ਹੈ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਸਿੱਖਾਂ ਨੇ ਆਪਣੇ ਅਜੀਬੋ-ਗ਼ਰੀਬ ਖ਼ੁਫ਼ੀਆ ‘ਬੋਲੇ’ ਮੁਕੱਰਰ ਕੀਤੇ ਹੋਏ ਹਨ। ਉਹ ਇਕ-ਇਕੱਲੇ ਸਿੱਖ ਨੂੰ 'ਫ਼ੌਜ' ਕਹਿੰਦੇ ਹਨ। ਉਨ੍ਹਾਂ ਨੇ ਆਪਣਾ ਸਿੱਕਾ ਵੀ ਚਲਾ ਦਿੱਤਾ ਹੈ। ਉਹ ਆਪਣੇ ਹੁਕਮਨਾਮਿਆਂ ਵਿਚ, ਜੋ ਆਮਿਲਾਂ (ਟੈਕਸ ਇਕੱਠਾ ਕਰਨ ਵਾਲਿਆ) ਨੂੰ ਭੇਜਦੇ ਹਨ 'ਸੰਮਤ ਪਹਿਲਾ' ਲਿਖਦੇ ਹਨ। ਉਹ ਪਿੰਡਾਂ ਵਿਚ ਫ਼ਸਲਾਂ ਦੀ ਵਟਾਈ ਕਰਾਉਂਦੇ ਹਨ, ਦੋ ਹਿੱਸੇ ਰਾਹਕ ਨੂੰ ਦਿੰਦੇ ਹਨ ਅਤੇ ਸਿਰਫ਼ ਤੀਜਾ ਹਿੱਸਾ ਆਪ ਲੈਂਦੇ ਹਨ। ਵਜ਼ੀਰ ਖ਼ਾਨ ਦੇ ਦਫ਼ੀਨਿਆਂ ਤੋਂ ਬਿਨਾਂ ਹਾਥੀ, ਘੋੜੇ, ਨਕਦ ਮਾਲ ਅਤੇ ਜਿਨਸਾਂ ਬਹੁਤ ਉਨ੍ਹਾਂ ਦੇ ਹੱਥ ਲਗੀਆਂ ਹਨ।ਲੋਕਾਂ ਵਿਚ ਬੜਾ ਰੌਲਾ-ਰੱਪਾ ਪਿਆ ਹੋਇਆ ਹੈ।[72] ਇਨ੍ਹਾਂ ਦਿਨਾਂ ਵਿਚ ਬਾਦਸ਼ਾਹ ਨੂੰ ਪਤਾ ਲਗਾ ਕਿ ਭਾਈ ਬੰਦਾ ਸਿੰਘ ਬਹਾਦੁਰ ਆਪ ਸਹਾਰਨਪੁਰ ਆ ਪੁੱਜਾ ਹੈ ਇਸ ਕਰ ਕੇ ਬਾੜ੍ਹਾ ਦਾ ਸੱਦਾਤ ਖ਼ਾਨ ਅਤੇ ਹੋਰ ਅਮੀਰ-ਵਜ਼ੀਰ ਭਾਈ ਬੰਦਾ ਸਿੰਘ ਬਹਾਦੁਰ ਦਾ ਟਾਕਰਾ ਕਰਨ ਵਾਸਤੇ ਤਿਆਰੀ ਕਰ ਰਹੇ ਹਨ। ਸੱਦਾਤ ਕੋਲ ਸੱਤ ਸੌ ਘੋੜਸਵਾਰ ਫ਼ੌਜ ਹੈ। ਜਲਾਲ ਖ਼ਾਨ ਰੋਹੀਲਾ ਇਸ ਵਕਤ ਜਲਾਲਾਬਾਦ ਦੀ ਰੱਖਿਆ ਵਾਸਤੇ ਇਸ ਨਗਰ ਦੇ ਕਿਲ੍ਹੇ ਵਿਚ ਬੈਠਾ ਹੋਇਆ ਹੈ ਜੋ ਉਸ ਦੇ ਘਰ ਮੁਜ਼ੱਫ਼ਰ ਨਗਰ ਤੋਂ 45 ਕੁ ਕਿਲੋਮੀਟਰ ਦੂਰ ਹੈ।

---

[71] ਅਖਬਾਰਾਤਿ-ਦਰਬਾਰਿ-ਮੁਅੱਲਾ 1.7.1710 ਦੀ ਰਿਪੋਰਟ
[72] ਅਖਬਾਰਾਤਿ-ਦਰਬਾਰਿ-ਮੁਅੱਲਾ , 2.7.1710 ਦੀ ਰਿਪੋਰਟ

8 ਜੁਲਾਈ ਨੂੰ ਬਹਾਦਰ ਸ਼ਾਹ ਨੇ ਸਿਕੰਦਰਾਬਾਦ ਅਤੇ ਮੇਰਠ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੂੰ ਸਰਹੰਦ ਦਾ ਨਵਾਂ ਫ਼ੌਜਦਾਰ ਬਣਾ ਦਿਤਾ ਅਤੇ ਉਸ ਦੇ ਮਨਸਬ ਵਿਚ ਅੱਠ ਸੌ ਦਾ ਵਾਧਾ ਕਰ ਕੇ ਦੋ ਹਜ਼ਾਰ ਸਵਾਰ ਅਤੇ ਦੋ ਹਜ਼ਾਰ ਜ਼ਾਤ ਕਰ ਦਿਤਾ। ਪਰ ਇਸ ਅਹਿਮਦ ਖ਼ਾਨ ਵਿਚ ਸਰਹੰਦ ਜਾਣ ਦੀ ਜੁਰਅਤ ਨਹੀਂ ਸੀ।[73]

23 ਜੁਲਾਈ ਨੂੰ ਬਾਦਸ਼ਾਹ ਉਦੈਪੁਰ ਪਹੁੰਚ ਗਿਆ। ਇੱਥੇ ਉਸ ਨੂੰ ਪਤਾ ਲਗਾ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਪਾਨੀਪਤ ਉੱਤੇ ਕਬਜ਼ਾ ਕਰਨ ਵਾਸਤੇ ਵੀ ਫ਼ੌਜ ਭੇਜ ਦਿੱਤੀ ਹੈ। ਇਹ ਵੀ ਚਰਚਾ ਹੈ ਕਿ ਉੱਥੋਂ ਦੇ ਹਾਕਮ ਸਿੱਖਾਂ ਨਾਲ ਰਲ ਗਏ ਹਨ। ਸਿੱਖਾਂ ਦਾ ਸਰਹੰਦ ਅਤੇ ਸਹਾਰਨਪੁਰ 'ਤੇ ਮੁਕੰਮਲ ਕਬਜ਼ਾ ਹੋ ਚੁੱਕਾ ਹੈ। ਬਖ਼ਸ਼ੀ ਮੁਹੰਮਦ ਨਸੀਰ, ਸਿੱਖ ਬਣ ਕੇ, ਨਸੀਰ ਸਿੰਘ ਅਖਵਾਉਣ ਲਗ ਪਿਆ ਹੈ। ਭਾਈ ਬੰਦਾ ਸਿੰਘ ਬਹਾਦੁਰ ਨੇ ਉਸ ਨੂੰ ਖ਼ਜ਼ਾਨਾ ਅਫ਼ਸਰ ਬਣਾ ਦਿਤਾ ਹੈ। ਇਨ੍ਹਾਂ ਦੋਹਾਂ ਸ਼ਹਿਰਾਂ ਵਿਚ ਇਕ ਵੀ ਮੁਗ਼ਲ ਜਾਂ ਅਫ਼ਗ਼ਾਨ ਅਫ਼ਸਰ ਨਹੀਂ ਰਿਹਾ। ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਕੋਲ ਕੋਈ ਗ਼ੈਬੀ ਤਾਕਤ ਹੈ। ਜਦ ਉਹ ਸਹਾਰਨਪੁਰ ਜਾਣ ਵਾਸਤੇ ਨਦੀ ਜਮਨਾ ਦੇ ਕੰਢੇ 'ਤੇ ਆਇਆ ਤਾਂ ਉਸ ਨੇ ਨਦੀ ਨੂੰ ਕਿਹਾ ਕਿ ਮੇਰੀਆਂ ਫ਼ੌਜਾਂ ਨੂੰ ਪਾਰ ਕਰਨ ਵਾਸਤੇ ਰਸਤਾ ਦੇ, ਤਾਂ ਨਦੀ ਇਕ ਦਮ ਸ਼ਾਂਤ ਹੋ ਗਈ ਅਤੇ ਸਾਰੀਆਂ ਸਿੱਖ ਫ਼ੌਜਾਂ ਆਰਾਮ ਨਾਲ ਪਾਰ ਹੋ ਗਈਆਂ।[74]

25 ਜੁਲਾਈ ਨੂੰ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਸਿੱਖਾਂ ਨੇ ਸਹਾਰਨਪੁਰ, ਨਨੌਤਾ ਵਗ਼ੈਰਾ ਪੂਰੀ ਤਰ੍ਹਾਂ ਕਬਜ਼ੇ ਵਿਚ ਕਰ ਲਏ ਹਨ। ਬਾਦਸ਼ਾਹ ਨੂੰ ਅਰਜ਼ ਪੁੱਜੀ ਕਿ ਉਹ ਫ਼ਿਰੋਜ਼ ਖ਼ਾਨ ਮੇਵਾਤੀ ਦੀ ਕਮਾਂਡ ਹੇਠ ਸ਼ਾਹੀ ਫ਼ੌਜ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਭੇਜ ਦੇਵੇ। ਇਸ 'ਤੇ ਬਾਦਸ਼ਾਹ ਨੇ ਰੁਸਤਮ ਦਿਲ ਖ਼ਾਨ ਰਾਹੀਂ ਫ਼ਿਰੋਜ਼ ਖ਼ਾਨ ਮੇਵਾਤੀ ਨੂੰ ਸਿੱਖਾਂ ਦੇ ਖ਼ਿਲਾਫ਼ ਫ਼ੌਜ ਲਿਜਾਉਣ ਦਾ ਹੁਕਮ ਦੇ ਦਿਤਾ।28 ਜੁਲਾਈ ਨੂੰ ਬਾਦਸ਼ਾਹ ਨੇ ਬਾੜ੍ਹਾ ਦੇ ਸੱਯਦ ਵਜੀਹ-ਉਦ-ਦੀਨ, ਉਸਮਾਨ ਖ਼ਾਨ ਕਰਾਵਲ ਅਤੇ ਰੁਸਤਮ ਦਿਲ ਖ਼ਾਨ ਦੇ ਭਰਾ ਸੁਲਤਾਨ ਕੁਲੀ ਖ਼ਾਨ ਨੂੰ ਵੀ ਫ਼ਿਰੋਜ਼ ਖ਼ਾਨ ਮੇਵਾਤੀ ਦੇ ਨਾਲ ਜਾਣ ਦੀ ਇਜਾਜ਼ਤ ਦੇ ਦਿੱਤੀ। ਬਾਦਸ਼ਾਹ ਨੇ ਮੇਵਾਤੀ ਨੂੰ ਪੰਜਾਹ ਹਜ਼ਾਰ ਰੁਪਏ ਵੀ ਖ਼ਰਚੇ ਵਾਸਤੇ ਦਿੱਤੇ।[75]

ਹੁਣ ਬਾਦਸ਼ਾਹ ਨੇ ਆਪ ਪੰਜਾਬ ਵਿਚ ਵੱਡਾ ਐਕਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਉਸ ਨੇ ਚਾਰ ਅਗਸਤ ਨੂੰ ਉਦੈਪੁਰ ਦੇ ਰਾਜੇ ਅਮਰ ਸਿੰਹ ਨੂੰ ਖਿੱਲਤ, ਕਲਗ਼ੀ, ਸੁਨਹਿਰੀ ਕਾਠੀ ਸਣੇ ਘੋੜਾ, ਝਾਲਰਦਾਰ ਪਾਲਕੀ ਵਗ਼ੈਰਾ ਇਨਾਮ ਵਜੋਂ ਦਿੱਤੇ ਤਾਂ ਜੋ ਉਸਨੇ ਵੀ ਸਿੱਖਾਂ ਖ਼ਿਲਾਫ਼ ਮੁਹਿੰਮ ਵਿਚ ਲਿਜਾਇਆ ਜਾ ਸਕੇ। 14 ਅਗਸਤ ਨੂੰ ਬਾਦਸ਼ਾਹ ਮਦਗਾਂਵ ਵਿਚ ਸੀ। ਇੱਥੋਂ ਉਸਨੇ ਫ਼ੁਰਮਾਨ ਜਾਰੀ ਕੀਤਾ ਕਿ 'ਬਾਦਸ਼ਾਹ ਦੇ ਕਾਫ਼ਲੇ ਨਾਲ ਕੋਈ ਦਿੱਲੀ ਨਾ ਜਾਵੇ ਤੇ ਨਾ ਹੀ ਰਾਜਧਾਨੀ ਤੋਂ ਕਿਸੇ ਨੂੰ ਸ਼ਾਹੀ ਲਸ਼ਕਰ ਵਿਚ ਵੜਨ ਦਿਤਾ ਜਾਵੇ।[76]' ਬਾਦਸ਼ਾਹ ਆਪ ਵੀ ਦਿੱਲੀ ਨਹੀਂ ਗਿਆ ਅਤੇ ਸਿੱਧਾ ਹੀ ਸੋਨੀਪਤ ਵੱਲ ਚਲਾ ਗਿਆ।ਬਾਦਸ਼ਾਹ ਨਾਲ ਲਖਨਊ, ਮੁਰਾਦਾਬਾਦ

[73] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 8.7.1710 ਦੀ ਰਿਪੋਰਟ
[74] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 23.7.1710 ਦੀ ਰਿਪੋਰਟ
[75] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 25.7.1710 ਦੀ ਰਿਪੋਰਟ
[76] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 14.8.1710 ਦੀ ਰਿਪੋਰਟ

ਅਤੇ ਦਿੱਲੀ ਦੇ ਸੂਬੇਦਾਰ ਵੀ ਆਪਣੀਆਂ ਫ਼ੌਜਾਂ ਸਣੇ ਸ਼ਾਮਿਲ ਹੋ ਗਏ। ਇਸ ਤੋਂ ਇਲਾਵਾ ਬਾੜ੍ਹਾ ਸਾਦਾਤ (ਜ਼ਿਲ੍ਹਾ ਮੁਜ਼ੱਫ਼ਰ ਨਗਰ) ਦਾ ਸੱਯਦ ਅਬਦੁੱਲਾ (ਸੂਬੇਦਾਰ ਅਲਾਹਾਬਾਦ), ਦੋ ਹਿੰਦੂ ਰਾਜਪੂਤ ਰਾਜੇ ਛਤਰਸਾਲ ਬੁੰਦੇਲਾ ਤੇ ਉਦਿਤ ਸਿੰਹ ਬੁੰਦੇਲਾ ਵੀ ਆਪਣੀਆਂ ਫ਼ੌਜਾਂ ਲੈ ਕੇ ਬਾਦਸ਼ਾਹ ਦੇ ਨਾਲ ਚੱਲ ਪਏ।[77]

26 ਅਗਸਤ ਨੂੰ ਬਾਦਸ਼ਾਹ ਨੇ ਕਮਾਓਂ ਦੇ ਹਿੰਦੂ ਰਾਜੇ ਨੂੰ ਹੁਕਮ ਭੇਜਿਆ ਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਦਾ ਪਿੱਛਾ ਕਰੇ ਅਤੇ ਉਸ ਨੂੰ ਸਜ਼ਾ ਦੇਣ ਮਗਰੋਂ ਬਾਦਸ਼ਾਹ ਕੋਲ ਪੇਸ਼ ਹੋਵੇ। 28 ਅਗਸਤ ਨੂੰ ਸ੍ਰੀਨਗਰ-ਗੜ੍ਹਵਾਲ ਦੇ ਰਾਜੇ ਫ਼ਤਹਿ ਸ਼ਾਹ ਨੂੰ ਵੀ ਹੁਕਮ ਭੇਜਿਆ ਗਿਆ ਕਿ ਉਹ ਨਾਨਕ ਪੰਥੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਸ਼ੁਰੂ ਕਰੇ।[78] ਇਨ੍ਹਾਂ ਦਿਨਾਂ ਵਿਚ ਫ਼ਿਰੋਜ਼ ਖ਼ਾਨ ਮੇਵਾਤੀ ਅਤੇ ਬਾੜ੍ਹਾ ਦੇ ਸ਼ੱਯਦ ਵਜੀਹ-ਉਦ-ਦੀਨ ਵਿਚ ਫ਼ਰਕ ਆ ਗਏ। ਵਜੀਹ-ਉਦ-ਦੀਨ ਰੁਸ ਕੇ ਆਪਣੇ ਨਗਰ ਚਲਾ ਗਿਆ। ਅਗਲੇ ਦਿਨ 5 ਸਤੰਬਰ ਨੂੰ ਜਦ ਇਹ ਖ਼ਬਰ ਬਾਦਸ਼ਾਹ ਨੂੰ ਮਿਲੀ ਤਾਂ ਉਸ ਨੇ ਗੁੱਸੇ ਵਿਚ ਆ ਕੇ ਉਸ ਦਾ ਮਨਸਬ ਪੰਜ ਸੌ ਜ਼ਾਤ ਘਟਾਉਣ ਦਾ ਫ਼ੁਰਮਾਨ ਜਾਰੀ ਕਰ ਦਿਤਾ ਅਤੇ ਦੋ ਗੁਰਜ-ਬਰਦਾਰ ਭੇਜ ਕੇ ਉਸ ਨੂੰ ਦਰਬਾਰ ਵਿਚ ਪੇਸ਼ ਹੋਣ ਦਾ ਹੁਕਮ ਦਿਤਾ।

ਉਧਰ ਯਮਨਾ ਪਾਰ ਮਲ੍ਹਾਂ ਮਾਰਨ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਵੀ ਪੰਜਾਬ ਵੱਲ ਵਾਪਸੀ ਸ਼ੁਰੂ ਕਰ ਦਿਤੀ। ਉਸ ਨੇ ਬਿਨੋਦ ਸਿੰਘ ਅਤੇ ਰਾਮ ਸਿੰਘ ਨੂੰ ਚਾਰ ਹਜ਼ਾਰ ਸਵਾਰ ਦੇ ਕੇ ਪਾਨੀਪਤ ਅਤੇ ਤਰਾਵੜੀ 'ਤੇ ਕਬਜਾ ਕਰਨ ਵਾਸਤੇ ਭੇਜ ਦਿਤਾ। ਭਾਈ ਭਗਤੂ ਪਰਿਵਾਰ ਦੇ ਭਾਈ ਫ਼ਤਹਿ ਸਿੰਘ ਅਤੇ ਗੁਰਬਖ਼ਸ਼ ਸਿੰਘ, ਬਾਬਾ ਫੂਲ ਪਰਿਵਾਰ ਦੇ ਤਿਲੋਕ ਸਿੰਘ ਅਤੇ ਰਾਮ ਸਿੰਘ ਅਤੇ ਭਾਈ ਰੂਪੇ ਦੇ ਬੇਟੇ ਪਰਮ ਸਿੰਘ ਅਤੇ ਧਰਮ ਸਿੰਘ ਨੂੰ ਮਾਲਵਾ (ਸਮਾਣਾ, ਲੱਖੀ ਜੰਗਲ ਅਤੇ ਤਿਹਾੜਾ) ਦਾ ਇਲਾਕਾ ਸੌਂਪ ਕੇ ਭਾਈ ਬੰਦਾ ਸਿੰਘ ਬਹਾਦੁਰ ਆਪ ਲੋਹਗੜ੍ਹ ਕਿਲ੍ਹੇ ਵੱਲ ਰਵਾਨਾ ਹੋ ਗਿਆ।

ਮੁੰਤਖ਼ਬੁਲ-ਉਲ-ਲੁਬਾਬ ਦਾ ਲੇਖਕ ਮੁਹੰਮਦ ਹਾਸ਼ਿਮ ਖ਼ਾਫ਼ੀ ਖ਼ਾਨ ਇਸ ਸਮੇਂ ਦੀ ਹਾਲਤ ਬਾਰੇ ਲਿਖਦਾ ਹੈ: "ਇਧਰ ਰਾਜਧਾਨੀ ਸ਼ਾਹਜਹਾਂਬਾਦ (ਦਿੱਲੀ) ਤੋਂ ਦੋ ਪੜਾਉ ਨੇੜੇ ਤਕ, ਅਤੇ ਓਧਰ ਲਾਹੌਰ ਦੇ ਗੋਰਹੇ ਤਕ, ਸਾਰੇ ਕਸਬੇ ਅਤੇ ਮਸ਼ਹੂਰ ਸ਼ਹਿਰ, ਮਰਦਊ ਤੋਂ ਸੈਂਕੜੇ ਕੋਹਾਂ ਦੂਰ ਨਾਪਾਕਾਂ (ਸਿੱਖਾਂ) ਦੀ ਲੁਟ-ਮਾਰ ਨਾਲ ਬੁਰੀ ਤਰ੍ਹਾਂ ਦਲੇ-ਮਲੇ ਗਏ ਸਨ ਅਤੇ ਆਦਮੀ ਗਿਣਤੀ ਦੀ ਹੱਦ ਤੋਂ ਬਹੁਤ ਵਧੇਰੇ 'ਸ਼ਹੀਦ' ਹੋ ਗਏ ਸਨ। ਅਰ ਸੰਸਾਰ ਕਾਫ਼ਰਾਂ (ਸਿੱਖਾਂ) ਦੀ ਮਾਰ ਨਾਲ ਬਰਬਾਦ ਹੋ ਗਿਆ ਸੀ। ਖ਼ਾਸ ਕਰ ਕੇ ਸਢੌਰਾ ਅਤੇ ਕਰਨਾਲ ਕਸਬੇ, ਸਣੇ ਸੰਬੰਧਤ ਪਿੰਡਾਂ ਦੇ, ਜਿੱਥੋਂ ਦੇ ਫ਼ੌਜਦਾਰ, ਅਨੇਕ ਸਾਥੀ ਮੁਸਲਮਾਨਾਂ ਸਮੇਤ, ਆਪਣੀ ਔਕਾਤ ਮੁਤਾਬਿਕ ਮੁਕਾਬਲਾ ਕਰ ਕੇ 'ਜਾਮ-ਏ-ਸ਼ਹਾਦਤ' ਪੀ ਗਏ ਸਨ, ਬਹੁਤ ਜ਼ਿਆਦਾ ਬਰਬਾਦ ਕੀਤੇ ਗਏ।"

28 ਅਗਸਤ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਵੀ ਪੰਜਾਬ ਵਿਚ ਸਿੱਖਾਂ ਦੇ ਬੋਲ ਬਾਲੇ ਦਾ ਜ਼ਿਕਰ ਹੋਇਆ ਸੀ: "ਸਰਹੰਦ ਦੇ ਦਫ਼ੀਨਿਆਂ-ਖ਼ਜ਼ੀਨਿਆਂ ਬਾਰੇ ਕੀ ਲਿਖੀਏ! ਸਾਹੂਕਾਰਾਂ ਤੋਂ ਪਤਾ ਲਗਦਾ ਹੈ ਕਿ ਦੋਆਬਾ ਤੋਂ ਮਾਮਲਾ-ਵਟਾਈ ਅਸਲੋਂ ਹਾਸਿਲ ਨਹੀਂ ਹੋ ਰਿਹਾ। ਸਦਾ ਖਾਲਸੇ-ਸਿੱਖ ਮਾਮਲਾ ਵਸੂਲ ਕਰਦੇ ਅਤੇ ਗੱਡੇ ਲੱਦ ਕੇ ਡਾਬਰ (ਲੋਹਗੜ੍ਹ), ਜੋ ਉਨ੍ਹਾਂ ਆਪਣੀ

[77] Ibid

[78] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 26.8.1710 ਦੀ ਰਿਪੋਰਟ

ਰਾਜਧਾਨੀ ਬਣਾਇਆ ਹੈ, ਲੈ ਜਾਂਦੇ ਹਨ। ਇਕ ਦਿਨ ਤਾਂ ਤਿੰਨ ਸੌ ਗੱਡੇ ਲੱਦੀ ਲਈ ਜਾਂਦੇ ਸਨ। ਲਾਹੌਰ ਤੱਕ ਉਨ੍ਹਾਂ ਦਾ ਰਾਹ ਡੱਕਣ ਵਾਲਾ ਕੋਈ ਨਹੀਂ।"[79]

29 ਅਗਸਤ ਨੂੰ ਬਾਦਸ਼ਾਹ ਨੇ ਇਕ ਨਵਾਂ ਹੁਕਮ ਜਾਰੀ ਕੀਤਾ ਕਿ ਜੋ ਹਿੰਦੂ ਪੇਸ਼ਕਾਰ ਬਣ ਕੇ ਹਜ਼ੂਰ ਆਉਂਦੇ ਹਨ, ਆਪਣੀਆਂ ਦਾਹੜੀਆਂ ਮੁਨਾਂ ਕੇ ਆਇਆ ਕਰਨ।[80] ਇਸ ਹੁਕਮ 'ਤੇ ਇਕ ਦਮ ਅਮਲ ਕਰਨ ਵਾਲੇ ਪੇਸ਼ਕਾਰਾਂ, ਦੀਵਾਨਾਂ, ਬਖ਼ਸ਼ੀਆਂ, ਮੀਰ ਆਤਿਸ਼ ਅਤੇ ਹੋਰ ਖ਼ਿਦਮਤ ਗੁਜ਼ਾਰਾਂ ਨੂੰ ਜਾਮੇ-ਜੋੜੇ ਅਤੇ ਕੰਨਾਂ ਲਈ ਮੋਤਸਰੀਆਂ ਇਨਾਮ ਵਜੋਂ ਬਖ਼ਸ਼ੀਆਂ ਗਈਆਂ। ਬਾਦਸ਼ਾਹ ਸਿੱਖਾਂ ਤੋਂ ਇਨ੍ਹਾ ਡਰਨ ਲਗ ਪਿਆ ਸੀ ਕਿ ਹੁਣ ਉਸ ਦਾ ਸਿਰਫ਼ ਇੱਕੋ-ਇਕ ਕੰਮ ਰਹਿ ਗਿਆ ਸੀ: ਭਾਈ ਬੰਦਾ ਸਿੰਘ ਬਹਾਦੁਰ ਨੂੰ ਖ਼ਤਮ ਕਰਨਾ ਅਤੇ ਉਸ ਦਾ ਹਰ ਐਕਸ਼ਨ ਇਸੇ ਮੁਹਿੰਮ ਦੁਆਲੇ ਘੁੰਮਦਾ ਸੀ। 29 ਸਤੰਬਰ ਨੂੰ ਬਾਦਸ਼ਾਹ ਨੇ ਮਹਾਬਤ ਖ਼ਾਨ (ਪੁੱਤਰ ਮੁਨਈਮ ਖ਼ਾਨ) ਨੂੰ ਆਪਣੇ ਕੋਲ ਬੁਲਾ ਕੇ ਖਿੱਲਤ ਭੇਟ ਕੀਤੀ ਅਤੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਜਾਣ ਵਾਸਤੇ ਹੁਕਮ ਕੀਤਾ। ਉਸ ਨੂੰ ਕਿਹਾ ਗਿਆ ਕਿ ਉਹ ਆਪਣਾ ਮੋਰਚਾ ਕਰਨਾਲ ਵਿਚ ਲਾਵੇ। ਬਾਦਸ਼ਾਹ ਨੇ ਨੁਸਰਤ ਖ਼ਾਨ, ਗ਼ੁਲਾਮ ਨਬੀ ਕੁਲੀ ਖ਼ਾਨ ਅਤੇ ਸਯੱਦ ਹਸਨ ਖ਼ਾਨ ਤੋਂ ਇਲਾਵਾ ਹਿੰਦੂ ਰਾਜਾ ਛਤਰਸਾਲ ਬੁੰਦੇਲਾ ਨੂੰ ਵੀ ਮਹਾਬਤ ਖ਼ਾਨ ਦੇ ਨਾਲ ਜਾਣ ਵਾਸਤੇ ਹੁਕਮ ਕੀਤਾ, ਜੋ ਉਨ੍ਹਾਂ ਨੇ ਖ਼ੁਸ਼ੀ-ਖ਼ੁਸ਼ੀ ਕਬੂਲ ਕਰ ਲਿਆ।[81]

ਰਾਹੋਂ ਦੀ ਲੜਾਈ (ਸਤੰਬਰ-ਅਕਤੂਬਰ 1710)

ਸਤੰਬਰ-ਅਕਤੂਬਰ 1710 ਵਿਚ ਸਿੱਖਾਂ ਨੇ ਰਾਹੋਂ (ਉਦੋਂ ਜ਼ਿਲ੍ਹਾ ਜਲੰਧਰ, ਹੁਣ ਜ਼ਿਲ੍ਹਾ ਨਵਾਂਸ਼ਹਿਰ) 'ਤੇ ਵੀ ਹਮਲਾ ਕੀਤਾ ਅਤੇ ਕੁੱਝ ਚਿਰ ਵਾਸਤੇ ਤਾਂ ਉਹ ਇਸ ਸ਼ਹਿਰ ਅਤੇ ਇਸ ਦੇ ਕਿਲ੍ਹੇ 'ਤੇ ਕਾਬਜ਼ ਵੀ ਹੋ ਗਏ। ਜਦੋਂ ਤੋਂ ਸਰਹੰਦ ਸਿੱਖਾਂ ਦੇ ਹੱਥ ਆਇਆ ਸੀ ਉੱਦੋਂ ਤੋਂ ਮੁਗਲ ਅਤੇ ਪਠਾਨ ਮੁੱਖੀ ਅਤੇ ਜਰਨੈਲ ਸਿੱਖਾਂ ਕੋਲੋ ਸਰਹੰਦ ਵਾਪਿਸ ਲੈਣਾ ਚਾਹੁੰਦੇ ਸਨ। ਉਨ੍ਹਾਂ ਵਿਚ ਇੱਕ ਸ਼ਮਸ਼ ਖਾਂ ਵੀ ਸੀ ਜੋ ਸੁਲਤਾਨਪੁਰ ਲੋਧੀ ਦਾ ਪੁਰਾਣਾ ਚੀਫ਼ ਰਹਿ ਚੁੱਕਾ ਸੀ। ਸਤੰਬਰ ਵਿਚ ਸ਼ਮਸ਼ ਖਾਂ ਨੇ ਸਿੱਖਾਂ ਵਿਰੁੱਧ ਜ਼ੇਹਾਦ ਦਾ ਨਾਅਰਾ ਲਾਇਆ ਅਤੇ ਸੁਲਤਾਨਪੁਰ ਅਤੇ ਲਾਗਲਿਆ ਇਲਾਕਿਆਂ ਵਿੱਚੋਂ ਬਹੁਤ ਮੁਗਲ ਇਕੱਠੇ ਕਰ ਲਏ। ਸਰਹੰਦ ਫਤਹਿ ਕਰਨ ਤੋਂ ਪਹਿਲਾਂ ਉਹ ਰਾਹੋਂ ਨੂੰ ਸਿੱਖਾਂ ਹੱਥੋਂ ਆਜ਼ਾਦ ਕਰਵਾਉਣਾ ਚਾਹੁੰਦਾ ਸੀ ਇਸ ਲਈ ਸੁਲਤਾਨਪੁਰ ਤੋਂ ਰਾਹੋਂ ਵੱਲ ਚਲਿਆ। ਖ਼ਾਫ਼ੀ ਖ਼ਾਂ ਦੀ ਲਿਖਤ ਮੁਤਾਬਿਕ, ਸ਼ਮਸ਼ ਖ਼ਾਂ ਪਾਸ ਇੱਕ ਲੱਖ ਫ਼ੌਜ ਸੀ ਜਿਸ ਵਿਚ 4-5 ਹਜ਼ਾਰ ਘੋੜਸਵਾਰ ਅਤੇ 30 ਹਜ਼ਾਰ ਪੈਦਲ ਫ਼ੌਜ ਅਤੇ ਬਾਕੀ ਸਾਧਾਰਨ ਮੁਗਲ ਸਨ। ਅਤੇ ਇਸ ਸਮੇਂ ਸਿੱਖਾਂ ਦੀ ਫ਼ੌਜ 70000 ਦੇ ਕਰੀਬ ਲਿਖਦਾ ਹੈ। ਜਦੋਂ ਸ਼ਮਸ਼ ਖ਼ਾਂ ਰਾਹੋ ਪਹੁੰਚਿਆ ਤਾਂ ਸਿੱਖਾਂ ਨੇ ਕਿਲ੍ਹੇ ਵਿੱਚੋਂ ਬਾਹਰ ਆ ਕੇ ਸ਼ਮਸ਼ ਖ਼ਾਂ ਦੀ ਫ਼ੌਜ 'ਤੇ ਧਾਵਾ ਬੋਲ ਦਿਤਾ। ਇੱਕ ਵਾਰ ਤਾਂ ਸ਼ਮਸ਼ ਖ਼ਾਂ ਦੀ ਫ਼ੌਜ ਭੱਜਣ ਵਾਲੀ ਸੀ ਕਿ ਉਸੇ ਵਕਤ ਸ਼ਮਸ਼ ਖ਼ਾਂ ਦਾ ਚਾਚਾ ਬਾਇਜ਼ੀਦ ਖ਼ਾਂ, ਸੁਬੇਦਾਰ ਜੰਮੂ (ਕੁਤੁਬ-ਉਦ-ਦੀਨ) ਵੱਡੀ ਫ਼ੌਜ ਲੈ ਕੇ ਸ਼ਮਸ਼ ਖ਼ਾਂ ਨਾਲ ਆ ਰਲਿਆ।[82]

---

[79] ਅਖਬਾਰਾਤਿ-ਦਰਬਾਰਿ-ਮੁਅੱਲਾ, 28.8.1710 ਦੀ ਰਿਪੋਰਟ
[80] ਅਖਬਾਰਾਤਿ-ਦਰਬਾਰਿ-ਮੁਅੱਲਾ, 29.8.1710 ਦੀ ਰਿਪੋਰਟ
[81] ਅਖਬਾਰਾਤਿ-ਦਰਬਾਰਿ-ਮੁਅੱਲਾ, 29.9.1710 ਦੀ ਰਿਪੋਰਟ
[82] ਖ਼ਾਫ਼ੀ ਖ਼ਾਨ, ਭਾਗ 2, ਪੰਨਾ 658

ਦੋਹਾਂ ਧਿਰਾਂ ਵਿਚ ਬੜੀ ਜ਼ਬਰਦਸਤ ਜੰਗ ਹੋਈ। ਸਿੱਖ ਗਿਣਤੀ ਵਿਚ ਥੋੜ੍ਹੇ ਹੋਣ ਦੇ ਬਾਵਜੂਦ ਡਟ ਕੇ ਲੜੇ। ਕਸੂਰ ਦਾ ਪਠਾਨ ਫ਼ੌਜਦਾਰ ਉਮਰ ਖ਼ਾਨ ਵੀ ਅਚਾਨਕ ਉੱਧਰ ਆ ਨਿਕਲਿਆ। ਇਨ੍ਹਾਂ ਨੇ ਕਿਲ੍ਹੇ ਅਤੇ ਸ਼ਹਿਰ ਨੂੰ ਸਾਰੇ ਪਾਸੇ ਤੋਂ ਘੇਰਾ ਪਾ ਲਿਆ। ਸਿੱਖਾਂ ਨੇ ਇਨ੍ਹਾਂ ਤਿੰਨਾਂ ਫ਼ੌਜਾਂ ਦਾ ਕਈ ਦਿਨ ਤੱਕ ਮੁਕਾਬਲਾ ਕੀਤਾ ਪਰ ਅਸਲੇ ਦੀ ਘਾਟ ਅਤੇ ਖਾਣ ਦਾ ਸਾਮਾਨ ਮੁੱਕ ਜਾਣ ਕਾਰਨ ਉਨ੍ਹਾਂ ਨੂੰ ਕਿਲ੍ਹਾ ਖ਼ਾਲੀ ਕਰਨਾ ਪਿਆ। ਮੁਗ਼ਲ ਫ਼ੌਜ ਦਾ ਘੇਰਾ ਚੀਰ ਕੇ ਨਿਕਲਦੇ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ, ਇਸ ਜਿੱਤ ਮਗਰੋਂ ਸਾਰੀਆਂ ਮੁਗ਼ਲ ਅਤੇ ਪਠਾਨ ਫ਼ੌਜਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹ ਸਰਹੰਦ ਵੱਲ ਚਲ ਪਏ ਤਾਂ ਜੋ ਉਸ ਨੂੰ ਸਿੱਖਾਂ ਤੋਂ ਆਜ਼ਾਦ ਕਰਵਾਇਆ ਜਾ ਸਕੇ। ਰਾਹੋਂ ਤੋਂ ਸ਼ਮਸ ਖ਼ਾਨ ਨੇ ਮਾਛੀਵਾੜਾ ਦੇ ਪੱਤਣ ਤੋਂ ਸਤਲੁਜ ਦਰਿਆ ਪਾਰ ਕੀਤਾ ਅਤੇ ਇੱਥੋਂ ਦੀ ਕਿਲ੍ਹਾ-ਨੁਮਾਂ ਪੱਕੀ ਸਰਾਂ ਵਿਚ ਪਹਿਲਾ ਪੜਾਅ ਕੀਤਾ।[83] ਰਾਹੋਂ 'ਤੇ ਸ਼ਮਸ ਖ਼ਾਨ ਦੀ ਫ਼ੌਜ ਦੇ ਕਬਜ਼ੇ ਦੀ ਖ਼ਬਰ ਬਾਦਸ਼ਾਹ ਨੂੰ 15 ਅਕਤੂਬਰ 1710 ਦੇ ਦਿਨ ਮਿਲੀ ਸੀ।

ਤਰਾਵੜੀ ਦੀ ਲੜਾਈ

ਰਾਹੋਂ ਦੇ ਕਿਲ੍ਹੇ 'ਤੇ ਸ਼ਾਹੀ ਫ਼ੌਜ ਦਾ ਕਬਜ਼ਾ, ਸਿੱਖਾਂ ਦੇ ਖ਼ਿਲਾਫ਼ ਮੁਗ਼ਲਾਂ ਦੀ ਭਾਵੇਂ ਪਹਿਲੀ ਜਿੱਤ ਸੀ; ਪਰ ਬਾਦਸ਼ਾਹ ਦੀ ਆਪਣੀ ਭੇਜੀ ਫ਼ੌਜ ਦਾ ਪਹਿਲਾ ਐਕਸ਼ਨ ਤਰਾਵੜੀ ਨੇੜੇ, 16-17 ਅਕਤੂਬਰ 1710 ਹੋਇਆ ਸੀ। ਬਹਾਦਰ ਸ਼ਾਹ ਦੀ ਭੇਜੀ 60 ਹਜ਼ਾਰ ਫ਼ੌਜ ਵਿੱਚੋਂ ਫ਼ਿਰੋਜ਼ ਖ਼ਾਨ ਮੇਵਾਤੀ ਦੀ ਅਗਵਾਈ ਹੇਠ ਆਈ ਫ਼ੌਜ ਵਿਚੋਂ ਜਰਨੈਲ ਮਹਾਬਤ ਖ਼ਾਨ ਨੇ ਸਿੱਖਾਂ 'ਤੇ ਪਹਿਲਾ ਹਮਲਾ ਕੁਰੂਕਸ਼ੇਤਰ ਨੇੜੇ (ਕਰਨਾਲ ਤੋਂ 24 ਕਿਲੋਮੀਟਰ ਦੂਰ) ਪਿੰਡ ਅਮੀਨ ਦੀ ਜੂਹ ਵਿਚ ਕੀਤਾ ਸੀ। ਸਿੱਖ ਜਰਨੈਲ ਬਿਨੋਦ ਸਿੰਘ ਨੇ ਜ਼ਬਰਦਸਤ ਟੱਕਰ ਦਿੱਤੀ। ਮਹਾਬਤ ਖ਼ਾਨ ਸਿੱਖਾਂ ਦੇ ਹੱਲੇ ਤੋਂ ਡਰ ਕੇ ਪਿੱਛੇ ਹਟ ਗਿਆ।

(ਮੁਹੰਮਦ ਕਾਸਿਮ ਔਰੰਗਾਬਾਦੀ: ਅਹਵਾਲ-ਉਲ ਖ਼ਵਾਕੀਨ', ਸਫ਼ੇ 31-32) 'ਤੇ ਲਿਖਦਾ ਹੈ। ਇਸ ਹਾਰ ਮਗਰੋਂ ਫ਼ਿਰੋਜ਼ ਖ਼ਾਨ ਮੇਵਾਤੀ ਗੁੱਸਾ ਖਾ ਕੇ ਆਪ ਅੱਗੇ ਵੱਧਿਆ ਅਤੇ ਸਾਰੀਆਂ ਫ਼ੌਜਾਂ ਨੂੰ ਇਕ ਦਮ ਹੱਲਾ ਬੋਲਣ ਵਾਸਤੇ ਕਿਹਾ। ਇਸ ਮਗਰੋਂ ਘਮਸਾਣ ਦੀ ਜੰਗ ਹੋਈ। ਪਰ ਦੋ-ਚਾਰ ਹਜ਼ਾਰ ਸਿੱਖ ਫ਼ੌਜੀ, 60 ਹਜ਼ਾਰ ਮੁਗ਼ਲ ਫ਼ੌਜਾਂ ਅੱਗੇ, ਬਹੁਤੀ ਦੇਰ ਤੱਕ ਟਿਕ ਨਾ ਸਕੇ। ਇਸ ਮੌਕੇ 'ਤੇ ਸੈਂਕੜੇ ਸਿੱਖ ਸ਼ਹੀਦ ਹੋ ਗਏ। ਫ਼ਿਰੋਜ਼ ਖ਼ਾਨ ਮੇਵਾਤੀ ਨੇ ਸ਼ਹੀਦ ਹੋਏ 300 ਸਿੱਖਾਂ ਦੇ ਸਿਰ ਕਟਵਾ ਕੇ ਬਾਦਸ਼ਾਹ ਨੂੰ ਭੇਜੇ।

ਸਿੱਖਾਂ ਨੇ ਥਾਨੇਸਰ ਸ਼ਹਿਰ ਦੇ ਕੋਲ ਇੱਕ ਉੱਚਾ ਮੀਨਾਰ (ਸੈਟਲ-ਅਲ-ਜੰਗ) ਖੜਾ ਕੀਤਾ ਹੋਇਆ ਸੀ ਜੋ ਮਾਲਕੀ ਦਾ ਚਿੰਨ੍ਹ ਦਰਸਾਉਂਦਾ ਸੀ।[84] ਇਸ ਮਗਰੋਂ ਜੋਸ਼ ਵਿਚ ਆ ਕੇ ਮੇਵਾਤੀ ਨੇ ਸਿੱਖਾਂ 'ਤੇ ਦੋ ਹੋਰ ਹਮਲੇ ਕੀਤੇ। ਤਰਾਵੜੀ ਅਤੇ ਥਾਨੇਸਰ ਵਿਚ 19 ਅਕਤੂਬਰ 1710 ਨੂੰ ਦੋਹਾਂ ਧਿਰਾਂ ਵਿਚ ਖ਼ੂਬ ਜੰਗ ਹੋਈ। ਆਖਿਰਕਾਰ ਸਿੱਖ ਪਿਛੇ ਹੱਟ ਕੇ ਆਪਣੇ ਲੋਹਗੜ੍ਹ ਤੋਂ ਬਣੇ ਅਗਲੇਰੇ ਮੋਰਚਿਆਂ ਵਿਚ ਜਾ ਵੜੇ।

---

[83] ਹੁਣ ਇਸ ਕਿਲ੍ਹੇ ਵਰਗੀ ਸਰਾਂ ਦਾ ਨਾਂ-ਨਿਸ਼ਾਨ ਵੀ ਬਾਕੀ ਨਹੀਂ ਹੈ ।

[84] ਓਹੀਪੰਨਾ 99.

ਇਸ ਦੌਰਾਨ ਸਿੱਖਾਂ ਨੂੰ ਸ਼ਾਹਬਾਦ ਵਿਚ ਵੀ ਹਾਰ ਹੋ ਚੁੱਕੀ ਸੀ। ਇਸ ਤੇ ਖ਼ੁਸ਼ ਹੋ ਕੇ ਬਾਦਸ਼ਾਹ ਨੇ 20 ਅਕਤੂਬਰ ਨੂੰ ਮੇਵਾਤੀ ਨੂੰ ਖ਼ੂਬ ਇਨਾਮ ਦਿੱਤੇ। ਮੇਵਾਤੀ ਨੂੰ ਇਕ ਲੱਖ ਰੁਪੈ ਨਕਦ ਅਤੇ ਨਾਲ ਹੀ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੂੰ ਹਟਾ ਕੇ ਸਰਹੰਦ ਦੀ ਫੌਜਦਾਰੀ ਵੀ ਬਖ਼ਸ਼ੀ ਗਈ।[85] ਜਦ ਬਾਇਜ਼ੀਦ ਖ਼ਾਨ ਨੂੰ ਸਿੱਖਾਂ ਦੀ ਅਮੀਨਗੜ੍ਹ ਵਿਚ ਹਾਰ ਦੀ ਖ਼ਬਰ ਮਿਲੀ ਤਾਂ ਉਹ ਫ਼ੌਜ ਲੈ ਕੇ ਸਰਹੰਦ ਵੱਲ ਚੱਲ ਚੁੱਕਾ ਸੀ। ਉਸ ਨਾਲ ਉਸ ਦਾ ਭਤੀਜਾ ਸ਼ਮਸ ਖ਼ਾਨ ਵੀ ਸੀ। ਉਹ ਕੁੱਝ ਦਿਨ ਪਹਿਲੋਂ ਹੀ ਸਿੱਖਾਂ ਨੂੰ ਰਾਹੋਂ ਵਿਚ ਹਰਾ ਕੇ ਆਏ ਸਨ। ਇਸ ਕਰ ਕੇ ਉਹ ਤਕੜੇ ਹੌਸਲੇ ਅਤੇ ਉੱਚੀਆਂ ਹਵਾਵਾਂ ਵਿਚ ਸਨ। ਉਹ 2 ਨਵੰਬਰ 1710 ਦੇ ਦਿਨ ਸਰਹੰਦ ਕੋਲ ਪੁੱਜ ਗਏ। ਇਸ ਵੇਲੇ ਸਰਹੰਦ ਵਿਚ ਬਹੁੱਤ ਥੋੜ੍ਹੀ ਜਿਹੀ ਹੀ ਸਿੱਖ ਫ਼ੌਜ ਸੀ। ਸੂਬੇਦਾਰ ਭਾਈ ਬਾਜ਼ ਸਿੰਘ ਵੀ ਇਸ ਵੇਲੇ ਸਰਹੰਦ ਵਿਚ ਨਹੀਂ ਸੀ। ਸਿੱਖਾਂ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ। ਅਖ਼ੀਰ ਜੱਦ ਉਨ੍ਹਾਂ ਕੋਲ ਰਾਸ਼ਨ ਮੁੱਕ ਗਿਆ ਤਾਂ ਉਹ 20 ਨਵੰਬਰ 1710 ਦੀ ਰਾਤ ਨੂੰ ਰਾਸ਼ਨ ਲੈਣ ਵਾਸਤੇ ਕਿਲ੍ਹੇ ਵਿਚੋਂ ਬਾਹਰ ਨਿਕਲੇ। ਮੁਗ਼ਲ ਫ਼ੌਜਾਂ ਨੇ ਉਨ੍ਹਾਂ ਉੱਤੇ ਜ਼ਬਰਦਸਤ ਹਮਲਾ ਕਰ ਦਿਤਾ। ਭਾਈ ਸੁੱਖਾ ਸਿੰਘ ਬੰਗੇਸ਼ਰੀ ਅਤੇ ਸ਼ਾਮ ਸਿੰਘ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਨੇ ਸ਼ਮਸ ਖ਼ਾਨ ਅਤੇ ਬਾਇਜ਼ੀਦ ਖ਼ਾਨ ਦੀ ਫ਼ੌਜ ਨਾਲ ਯਾਕੂਬ ਖ਼ਾਨ ਦੇ ਬਾਗ਼ ਵਿਚ ਅਤੇ ਇਸ ਦੇ ਬਾਹਰ ਖ਼ੂਬ ਲੋਹਾ ਲਿਆ। ਪਰ ਥੋੜ੍ਹੀ ਗਿਣਤੀ ਅਤੇ ਬਹੁਤ ਘਟ ਅਸਲਾ ਹੋਣ ਕਾਰਨ ਸਿੱਖ ਬਹੁਤੀ ਦੇਰ ਨਾ ਟਿਕ ਸਕੇ। ਇਸ ਲੜਾਈ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਸਿੱਖ ਆਪਣੇ ਜਰਨੈਲ ਭਾਈ ਸੁੱਖਾ ਸਿੰਘ ਦੀ ਸ਼ਹੀਦੀ ਮਗਰੋਂ ਪਿੱਛੇ ਹਟ ਕੇ ਸਰਹੰਦ ਦੇ ਕਿਲ੍ਹੇ ਵਿਚ ਜਾ ਵੜੇ। ਭਾਈ ਸੁੱਖਾ ਸਿੰਘ ਅਤੇ ਇਨ੍ਹਾਂ ਹੋਰ ਸ਼ਹੀਦਾਂ ਦੀ ਯਾਦ ਵਿਚ ਸ਼ਹੀਦ ਗੰਜ ਗੁਰਦੁਆਰਾ, ਲੜਾਈ ਵਾਲੀ ਥਾਂ 'ਤੇ, ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਦੇ ਨੇੜੇ, ਬਣਿਆ ਹੋਇਆ ਹੈ।

ਪਰ ਸਿੱਖ ਬਹੁਤੀ ਦੇਰ ਕਿਲ੍ਹਾ ਕਾਬੂ ਵਿਚ ਨਾ ਰਖ ਸਕੇ ਅਤੇ 24 ਨਵੰਬਰ ਦੀ ਰਾਤ ਨੂੰ ਹਨੇਰੇ ਵਿਚ ਘੇਰਾ ਤੋੜਦੇ ਹੋਏ ਖਰੜ ਵਲ ਨੂੰ ਚਲੇ ਗਏ। ਉਨ੍ਹਾਂ ਦਾ ਪਿੱਛਾ ਸਰਹੰਦ ਵੱਲ ਆ ਰਹੀ ਮੁਹੰਮਦ ਅਮੀਨ ਖ਼ਾਨ ਦੀ ਫ਼ੌਜ ਨੇ ਕੀਤਾ। ਬੁੜੈਲ (ਹੁਣ ਚੰਡੀਗੜ੍ਹ ਦਾ ਹਿੱਸਾ) ਦੇ ਕਿਲ੍ਹੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵਿਚ ਸਿੱਖਾਂ ਅਤੇ ਮੁਗਲਾਂ ਵਿਚ ਖ਼ੂਬ ਟੱਕਰ ਹੋਈ। ਪਰ, ਇਸ ਟੱਕਰ ਵਿਚ ਇਕ ਹਜ਼ਾਰ ਤੋਂ ਵੱਧ ਮੁਗਲ ਮਾਰੇ ਗਏ ਅਤੇ ਮੈਦਾਨ ਸਿੱਖਾਂ ਦੇ ਹੱਥ ਰਿਹਾ। ਸ਼ਮਸ ਖ਼ਾਨ ਨੇ ਸਰਹੰਦ 'ਤੇ ਕਬਜ਼ੇ ਮਗਰੋਂ ਸਿੱਖਾਂ ਤੋਂ ਲੁੱਟੇ ਮਾਲ ਵਿੱਚੋਂ ਚਾਰ ਨਿਸ਼ਾਨ, ਇਕ ਨਿਸ਼ਾਨ ਸਾਹਿਬ, ਚਾਰ ਤੀਰ, ਦੋ ਨੇਜ਼ੇ ਅਤੇ ਸਿੱਖਾਂ ਦੇ ਸਿਰਾਂ ਦੇ ਚਾਰ ਗੱਡੇ 25 ਨਵੰਬਰ ਨੂੰ ਬਾਦਸ਼ਾਹ ਨੂੰ ਭੇਜੇ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਸ਼ਮਸ ਖ਼ਾਨ ਨੂੰ ਖਿੱਲਤ ਭੇਜੀ। ਸ਼ਮਸ ਖ਼ਾਨ ਵੱਲੋਂ ਸਰਹੰਦ 'ਤੇ ਕਬਜ਼ਾ ਕਰਨ ਦੀ ਮੁਹੰਮਦ ਅਮੀਨ ਖ਼ਾਨ ਨੂੰ ਬੜੀ ਤਕਲੀਫ਼ ਹੋਈ। ਦਰਅਸਲ ਇਹ ਸਿਹਰਾ ਉਹ ਆਪ ਹਾਸਿਲ ਕਰਨਾ ਚਾਹੁੰਦਾ ਸੀ। ਇਸ ਗੱਲ ਕਾਰਨ ਮੁਹੰਮਦ ਅਮੀਨ ਖ਼ਾਨ ਸ਼ਮਸ ਖ਼ਾਨ ਨਾਲ ਈਰਖਾ ਕਰਨ ਲਗ ਪਿਆ ਅਤੇ ਉਸ ਦਾ ਸਦਾ ਵਾਸਤੇ ਮੁਖ਼ਾਲਿਫ਼ ਬਣ ਗਿਆ।

---

[85] ਖਾਫੀ ਖ਼ਾਨ, ਓ.ਪੀ.ਆਈ.ਟੀ., ਪੰਨਾ 669-70, ਕਾਮਵਰ ਖ਼ਾਨ, ਓ. ਸੀ. ਟੀ., ਪੰਨਾ 352, ਅਖਬਾਰਾਤਿ-ਦਰਬਾਰਿ-ਮੁਅੱਲਾ, 20.10.1710 ਦੀ ਐਂਟਰੀ

ਬਾਦਸ਼ਾਹ ਦਾ ਸਢੌਰਾ 'ਤੇ ਲੋਹਗੜ੍ਹ ਵੱਲ ਕੂਚ

ਭਾਵੇਂ ਬਹਾਦਰ ਸ਼ਾਹ ਨੇ ਇਕ ਲੱਖ ਤੋਂ ਵੱਧ ਫ਼ੌਜ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਭੇਜ ਦਿਤੀ ਸੀ ਪਰ ਉਹ ਖ਼ੁਦ ਵੀ ਬਾਕੀ ਫ਼ੌਜ ਲੈ ਕੇ ਪੰਜਾਬ ਵੱਲ ਆ ਰਿਹਾ ਸੀ। 12 ਅਕਤੂਬਰ 1710 ਨੂੰ ਸ਼ਾਹੀ ਫ਼ੌਜ ਸੋਨੀਪਤ, 20 ਅਕਤੂਬਰ ਨੂੰ 'ਸਰਾਇ ਕੰਵਰ', 23 ਅਕਤੂਬਰ ਨੂੰ ਸਮਾਲਖਾ, 28 ਅਕਤੂਬਰ ਨੂੰ ਘਰੌਂਡਾ ਅਤੇ 30 ਅਕਤੂਬਰ ਨੂੰ ਕਰਨਾਲ ਪੁੱਜੀ। ਪਹਿਲੀ ਨਵੰਬਰ ਨੂੰ ਬਾਦਸ਼ਾਹ ਨੂੰ ਅਜ਼ੀਮਾਬਾਦ-ਤਰਾਵੜੀ, ਥਾਨੇਸਰ ਅਤੇ ਸਰਹੰਦ ਦੇ ਨਕਸ਼ੇ ਪੇਸ਼ ਕੀਤੇ ਗਏ। 10 ਨਵੰਬਰ ਦੇ ਦਿਨ ਬਾਦਸ਼ਾਹ ਨੂੰ ਫ਼ੌਜ ਵਿਚ ਘੋੜ ਸਵਾਰ ਫ਼ੌਜੀਆਂ ਦੀ ਗਿਣਤੀ ਬਾਰੇ ਦੱਸਿਆ ਗਿਆ। ਇਸ ਤੋਂ ਇਲਾਵਾ ਬਾਕੀ ਮਨਸਬਦਾਰਾਂ ਅਤੇ ਹਿੰਦੂ ਰਾਜਿਆਂ (ਛਤਰਸਾਲ ਬੁੰਦੇਲਾ ਅਤੇ ਉਦਿਤ ਸਿੰਹ ਬੁੰਦੇਲਾ ਆਦਿ) ਦੀਆਂ ਫ਼ੌਜਾਂ ਵੀ ਨਾਲ ਸਨ।[86] ਇਸ ਤਰ੍ਹਾਂ ਬਾਦਸ਼ਾਹ ਬਹਾਦਰ ਸ਼ਾਹ ਢਾਈ ਲੱਖ ਤੋਂ ਵੱਧ ਫ਼ੌਜ ਨਾਲ ਲੋਹਗੜ੍ਹ ਵਲ ਵਧ ਰਿਹਾ ਸੀ। ਕਰਨਾਲ ਤੋਂ ਲੈ ਕੇ ਸਢੌਰੇ ਤੱਕ ਮੁਗਲ ਫੌਜ਼ਾਂ ਨੂੰ ਸਿਖਾਂ ਦੇ 19 ਕਿਲ੍ਹਿਆਂ ਵਿਚੋਂ ਲੰਘਣਾ ਪੈਣਾ ਸੀ, ਜਿਵੇਂ- ਸਾਮਗੜ੍ਹ, , ਗੋਬਿੰਦਗੜ੍ਹ, ਕਿਸ਼ਨਗੜ੍ਹ, ਲੰਡਾ, ਖਰੀਂਡਵਾ, ਰਤਨਗੜ੍ਹ, ਡੇਰਾ ਬਣਜਾਰਾ, ਕੇਸਰੀ ਕਲਾਂ, ਲਖਮੜੀ, ਅਧੋਯਾ, ਤੰਦਵਾਲ, ਹੇਮੂਮਾਜਰਾ, ਸੁਹਾਨਾ, ਸਿਰਸਗੜ੍ਹ, ਮੁਲਾਣਾ, ਧੀਨ, ਧਨੋਰੀ, ਅਜੀਜਪੁਰ ਕਲਾਂ, ਸਰਾਵਾਂ। 11 ਨਵੰਬਰ 1710 ਨੂੰ ਕਰਨਾਲ ਵਿਚੋਂ ਲੰਘਦਾ ਹੋਇਆ 13 ਨਵੰਬਰ 1710 ਨੂੰ ਬਾਦਸ਼ਾਹ ਆਲਮਗੀਰ ਪੁੱਜਾ ਫਿਰ 19 ਨਵੰਬਰ ਨੂੰ ਥਾਨੇਸਰ ਅਤੇ ਸ਼ਾਹਬਾਦ ਪਾਰ ਕੀਤਾ।[87] ਇੱਥੇ ਇਨ੍ਹਾਂ ਕਿਲ੍ਹਿਆਂ ਨੂੰ ਜਿੱਤਣ ਲਈ ਬਾਦਸ਼ਾਹ ਨੂੰ ਕਾਫ਼ੀ ਜਦੋਂ ਜ਼ਹਿਦ ਕਰਨੀ ਪਈ ਤਾਂ ਅੱਗੇ ਸਢੌਰੇ ਪਹੁੰਚਣ ਦਾ ਰਸਤਾ ਬਣਿਆ। ਮੁਗਲਾਂ ਨੇ ਸਢੌਰੇ ਪਹੁੰਚਣ ਦਾ ਛੋਟਾ ਰਸਤਾ ਛੱਡ ਦਿਤਾ ਕਿਉਂਕਿ ਰਸਤਾ ਜਮਨਾ ਨਦੀ ਦੇ ਕਿਨਾਰੇ-ਕਿਨਾਰੇ ਸੀ ਜਿੱਥੇ ਸੰਘਣੇ ਜੰਗਲ ਸਨ, ਜਿਨ੍ਹਾਂ ਵਿਚ ਸਿੱਖਾਂ ਨੇ ਆਪਣੇ ਮੋਰਚੇ ਬਣਾਏ ਹੋਏ ਸਨ। ਇਸ ਰਸਤੇ ਮੁਗਲਾਂ ਦਾ ਭਾਰੀ ਜਾਨੀ ਨੁਕਸਾਨ ਹੋਣਾ ਸੀ। ਦੂਸਰੇ ਪਾਸੇ ਮਾਰਕੰਡਾ ਨਦੀ ਦੇ ਨਾਲ ਰਸਤਾ ਸਾਫ ਸੀ, ਭਾਵੇਂ ਇਹ ਰਸਤਾ ਲੰਬਾ ਸੀ, ਪਰ ਜ਼ਿਆਦਾ ਸੁਰੱਖਿਅਤ ਸੀ। ਇਸ ਵਕਤ ਬਾਦਸ਼ਾਹ ਸੋਚ-ਸੋਚ ਕੇ ਅੱਗੇ ਵੱਧ ਰਹਿਆ ਸੀ ਕਿਉਂਕਿ ਉਸ ਦੀ ਮੁਗਲ ਫ਼ੌਜ 'ਤੇ ਸਿੱਖਾਂ ਦੇ ਲਗਾਤਾਰ ਹਮਲੇ ਹੋ ਰਹੇ ਸੀ, ਜਿਸਨੇ ਬਾਦਸ਼ਾਹ ਨੂੰ ਸਾਵਧਾਨ ਕਰ ਦਿਤਾ ਸੀ। ਬਾਦਸ਼ਾਹ ਤਾਂ ਖ਼ੁੱਦ ਸਢੌਰੇ ਪਹੁੰਚਿਆ ਹੀ ਨਹੀ ਉਸਨੇ ਕੁਝ ਮੀਲ ਪਹਿਲਾਂ ਹੀ ਸਢੌਰੇ ਤੋਂ ਆਪਣਾ ਕੈਂਪ ਲਗਾ ਲਿਆ।[88]

ਬਾਦਸ਼ਾਹ ਨੇ ਰੁਸਤਮ ਦਿਲ ਖ਼ਾਨ ਅਤੇ ਰਫ਼ੀ-ਉਸ਼ਾਨ ਨੂੰ ਲੋਹਗੜ੍ਹ ਦੀ ਮੋਰਚਾਬੰਦੀ ਦਾ ਪਤਾ ਲਾਉਣ ਵਾਸਤੇ ਹੁਕਮ ਕੀਤਾ। ਬਾਦਸ਼ਾਹ ਨੂੰ ਇਤਲਾਹ ਮਿਲੀ ਕਿ ਲੜਾਈਆਂ ਦੌਰਾਨ ਸ਼ਾਹੀ ਫ਼ੌਜ ਦੇ ਜਵਾਨ ਬੜੀ ਵੱਡੀ ਗਿਣਤੀ ਵਿਚ ਮਾਰੇ ਜਾ ਚੁੱਕੇ ਹਨ ਅਤੇ ਮਰ ਰਹੇ ਹਨ। ਇਸ 'ਤੇ ਬਾਦਸ਼ਾਹ ਡਰ ਗਿਆ ਅਤੇ ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਕੋਈ ਹਿੰਦੂ ਹਾਕਮ ਉਸ ਦੇ ਨੇੜੇ ਨਾ ਆਉਣ ਦਿਤਾ ਜਾਵੇ। ਹੋਰ ਤਾਂ ਹੋਰ, ਉਹ ਉਨ੍ਹਾਂ ਹਿੰਦੂ ਰਾਜਿਆਂ ਅਤੇ ਜਰਨੈਲਾ ਤੋਂ ਵੀ ਡਰਨ

[86] (ਕਾਮਵਰ ਖ਼ਾਨ: ਤਖ਼ਕਿਰਾਤੁਲ-ਸਲਾਤੀਨ-ਇਮ ਚੁਗਤਾ, ਪੰਨਾ 103, ਅਲੀ ਨਦੀਮ ਰਿਜਵੀ ਦਾ ਤਰਜਮਾ)

[87] ਗੰਡਾ ਸਿੰਘ, ਪੁਸਤਕ ਬਾਬਾ ਬੰਦਾ ਸਿੰਘ ਬਹਾਦਰ, ਪੰਨਾ 188

[88] (ਪੰਚੋਲੀ ਜਗਜੀਵਨ ਦਾਸ ਦਾ ਰਾਜਾ ਜੈਪੁਰ ਨੂੰ, 26 ਦਸੰਬਰ 1710 ਦੇ ਦਿਨ ਲਿਖਿਆ ਖ਼ਤ, ਸੀਰੀਅਲ ਨੰਬਰ 1, ਅਰਜ਼ਦਾਸ਼ਤ ਨੰਬਰ 195)।

ਲਗ ਪਿਆ, ਜਿਹੜੇ ਕਿ ਸਦਾ ਉਸ ਦੇ ਵਫ਼ਾਦਾਰ ਰਹੇ ਸਨ ਅਤੇ ਲੋਹਗੜ੍ਹ 'ਤੇ ਹਮਲੇ ਵਿਚ ਉਸ ਦਾ ਸਾਥ ਦੇ ਰਹੇ ਸਨ। ਉਸ ਨੇ ਉਨ੍ਹਾਂ ਤੇ ਆਪਣੇ ਖੇਮੇ ਵਿਚ ਵੜਨ 'ਤੇ ਪਾਬੰਦੀ ਲਾ ਦਿੱਤੀ। ਸਿਰਫ਼ ਹਿੰਦੂ ਰਾਜੇ ਅਤੇ ਜਰਨੈਲ ਹੀ ਨਹੀਂ ਉਹ ਆਪਣੇ ਵਫ਼ਾਦਾਰ ਸਿਪਾਹੀਆਂ ਤੋਂ ਵੀ ਡਰਨ ਲਗ ਪਿਆ।

ਸਢੌਰੇ ਦੀ ਪਹਿਲੀ ਲੜਾਈ

ਅਖਬਾਰਾਤਿ-ਦਰਬਾਰਿ-ਮੁਅੱਲਾ ਮੁਤਾਬਿਕ ਬਾਦਸ਼ਾਹ 24 ਨਵੰਬਰ ਦੇ ਦਿਨ ਸਢੌਰੇ ਦੇ ਨੇੜੇ ਪਹੁੰਚ ਗਿਆ ਸੀ। ਸ਼ਾਹੀ ਫ਼ੌਜ ਫੀਰੋਜ਼ ਖਾਂ ਮੇਵਾਤੀ ਅਤੇ ਰੁਸਤਮ-ਦਿਲ-ਖਾਂ ਦੀ ਅਗਵਾਈ ਹੇਠ ਮੁਗਲ ਫੌਜ਼ ਸਢੌਰਾ ਪਹੁੰਚੀ ਅਤੇ ਕਿਲ੍ਹੇ ਨੂੰ ਘੇਰ ਲਿਆ। ਬਾਦਸ਼ਾਹ ਨੇ ਫ਼ੌਜਾਂ ਨੂੰ ਹੁਕਮ ਦਿਤਾ ਸੀ ਕਿ ਉਹ ਕਿਲ੍ਹੇ ਤੋਂ ਕੁੱਝ ਦੂਰੀ 'ਤੇ ਉੱਚੀ ਮੀਨਾਰ ਬਣਾਉਣ ਤਾਂ ਕਿ ਕਿਲ੍ਹੇ 'ਤੇ ਤੀਰਾਂ ਦਾ ਮੀਂਹ ਵਰ੍ਹਾਇਆ ਜਾ ਸਕੇ।

24 ਨਵੰਬਰ ਨੂੰ ਸਿੱਖਾਂ ਅਤੇ ਮੁਗਲਾਂ ਵਿਚਕਾਰ ਇਥੇ ਜਬਰਦਸਤ ਲੜਾਈ ਹੋਈ। 'ਕਾਮਵਰ ਖਾਂ' ਜੋ ਕਹਿੰਦਾ ਹੈ ਕਿ ਮੈਂ ਇਹ ਲੜਾਈ ਅੱਖੀ ਦੇਖੀ ਹੋਈ ਹੈ ਮੁਤਾਬਿਕ- ''ਮੈਂ ਰਾਜਕੁਮਾਰ ਰਾਫਿਓਸਾਨ ਦੀ ਯੁਨਿਟ ਵਿਚ ਉਸ ਵਕਤ ਹਾਜਰ ਸੀ। ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਕਿ ਇਹ ਕਾਲੇ ਮੂਹ ਵਾਲੇ ਲੋਕ (ਸਿੱਖ) ਮੈਦਾਨੇ ਜੰਗ ਵਿਚ ਆ ਜਾਂਦੇ ਅਤੇ ਬੜੀ ਬਹਾਦਰੀ ਨਾਲ ਲੜਦੇ ਹੋਏ ਆਖਰਕਰ ਸ਼ਾਹੀ ਫ਼ੌਜ ਦਾ ਸ਼ਿਕਾਰ ਬਣ ਜਾਂਦੇ। ਇਸ ਵਕਤ ਭਾਰੀ ਸ਼ਾਹੀ ਫ਼ੌਜ ਇਨ੍ਹਾਂ ਨੂੰ ਚਾਰੇ ਪਾਸਿਉਂ ਘੇਰ ਲੈਂਦੀ ਅਤੇ ਇਨ੍ਹਾਂ ਨੂੰ ਬਹਾਦਰੀ ਨਾਲ ਕਾਬੂ ਕਰਦੇ ਹੋਏ ਇਨ੍ਹਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੀ। ਇੱਥੇ ਤਕਰੀਬਨ ਢਾਈ-ਹਜ਼ਾਰ ਸਿੱਖ (ਕਾਲੇ ਮੂੰਹ ਵਾਲੇ) ਉਨ੍ਹਾਂ ਦੇ ਮੁੱਖੀਆਂ ਸਮੇਤ ਮਾਰੇ ਗਏ। ਸ਼ਾਹੀ ਫ਼ੌਜ ਵਿੱਚੋਂ ਫੀਰੋਜ਼ ਸ਼ਾਹ ਮੈਵਾਤੀ ਦਾ ਭਤੀਜਾ ਅਤੇ ਮੈਵਾਤੀ ਦਾ ਪੁੱਤਰ ਮਾਰਿਆ ਗਿਆ'' ਅਤੇ ਭਾਰੀ ਗਿਣਤੀ ਵਿਚ ਮੁਗਲ ਮਾਰੇ ਗਏ। ਹੁਣ ਮੁਗਲਾਂ ਨੇ ਲੋਹਗੜ੍ਹ ਕਿਲ੍ਹੇ ਵਲ ਮੂਹ ਕੀਤਾ।

ਲੋਹਗੜ੍ਹ ਦੀ ਪਹਿਲੀ ਲੜਾਈ (1710 ਤੋਂ 1712)

ਬਾਦਸ਼ਾਹ ਬਹਾਦਰ ਸ਼ਾਹ ਚਾਰ ਰਾਜਕੁਮਾਰਾਂ ਸਮੇਤ ਲੋਹਗੜ੍ਹ ਵੱਲ ਵਧਿਆ। ਬਾਦਸ਼ਾਹ ਨਾਲ ਇਕ ਸੋ ਤੋਂ ਉੱਪਰ ਛੋਟੇ ਪਦਵੀਂ ਵਾਲੇ ਮੁੱਖੀ ਅਤੇ ਕਈ ਲੱਖਾ ਗਿਣਤੀ ਦੇ ਸਿਪਾਹੀ ਲੋਹਗੜ੍ਹ ਜਾ ਰਹੇ ਸਨ। ਬਾਅਦ ਵਿਚ ਬਾਦਸ਼ਾਹ ਨੇ ਇਨ੍ਹਾਂ ਦੇ ਜਾਟ ਅਤੇ ਹਿੰਦੂ ਰਾਜੇ ਜਿਵੇਂ ਛੱਤਰਸਾਲ ਬੁੰਦੇਲਾ ਅਤੇ ਚੂੜਾਮਣੀ ਜਾਟ ਅਤੇ ਕੁੱਝ ਸਮੇਂ ਬਾਦ ਰਾਜਾ ਜੈ ਸਿੰਘ ਸਵਾਏ ਜੋਧਪੁਰ ਦੇ ਰਾਜਾ ਅਜੀਤ ਸਿੰਘ ਅਤੇ ਅਜਮੇਰ ਦੇ ਰਾਜਾ ਅਮਰ ਸਿੰਘ ਨੂੰ ਵੀ ਭਾਈ ਬੰਦਾ ਸਿੰਘ ਬਹਾਦੁਰ ਵਿਰੁੱਧ ਲੜ੍ਹਨ ਲਈ ਬੁਲਾਇਆ।

29 ਨਵੰਬਰ 1710 ਨੂੰ ਸ਼ਾਹੀ ਫ਼ੌਜਾਂ, ਰਾਜਕੁਮਾਰ ਜਹਾਨ-ਦਾਰ-ਸ਼ਾਹ ਦੀ ਅਗਵਾਈ ਹੇਠ ਲੋਹਗੜ੍ਹ ਦੇ ਕਿਲ੍ਹੇ ਵੱਲ ਵੱਧੀਆਂ ਤਾਂ ਕਿ ਨੇੜੇ ਜਾਦੇ ਪੂਰਾ ਜਾਇਜਾ ਲਿਆ ਜਾ ਸਕੇ।[89] ਰਾਜਕੁਮਾਰ ਜਹਾਂਦਾਰ ਸ਼ਾਹ ਨੇ ਲੋਹਗੜ੍ਹ[90] ਅਤੇ ਇਸਦੇ ਕਿਲ੍ਹਿਆਂ ਦਾ ਨਕਸ਼ਾ ਤਿਆਰ ਕਰਨ

[89] ਅਮਰਜੀਤ ਸਿੰਘ (ਸੰਪਾਦਕ), ਬਾਬਾ ਬੰਦਾ ਸਿੰਘ ਬਹਾਦੁਰ, ਜੇ.ਐਸ. ਗਰੇਵਾਲ ਵਲੋਂ ਨੋਟ, ਪੰਨਾ 34

[90] ਅਖਬਾਰਾਤਿ-ਦਰਬਾਰਿ-ਮੁਅੱਲਾ, 16.11.1710 ਦੀ ਰਿਪੋਰਟ

ਵਿਚ ਉਸਨੂੰ ਕਾਫੀ ਸਮਾਂ ਲਗਾ। ਅਸਲ ਵਿਚ ਮੁਗਲਾਂ ਨੂੰ ਲੋਹਗੜ੍ਹ ਕਿਲ੍ਹੇ ਦੀ ਵਿਸ਼ਾਲਤਾ ਦਾ ਪਤਾ ਨਹੀ ਸੀ। ਸ਼ਾਹੀ ਫ਼ੌਜਾਂ ਨੇ ਹੁਣ ਤੱਕ ਇਸ ਤਰ੍ਹਾਂ ਦੀ ਕਿਲ੍ਹਾਬੰਦੀ ਅਤੇ ਰੁਕਾਵਟ ਅੱਜ ਤੱਕ ਵੇਖੀ ਨਹੀਂ ਸੀ। ਇਸ ਵਿਸ਼ਾਲਤਾ ਵਾਲੀ ਜਗ੍ਹਾ ਅਤੇ ਕਿਲ੍ਹੇ ਬੰਦੀ ਜੋ ਕਈ ਮੀਲਾਂ ਵਿਚ ਫੈਲੀ ਹੋਈ ਸੀ, ਦਾ ਨਕਸ਼ਾ ਖਿਚਦਿਆ ਮੁਗਲ ਜਰਨੈਲ ਅਤੇ ਬਾਦਸ਼ਾਹ ਬਹੁਤ ਢਹਿੰਦੀ ਕਲਾ ਵਿਚ ਆ ਗਏ ਕਿਉਂਕਿ ਨਕਸ਼ਾ ਬਣਾਉਣਾ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ।

ਬਾਦਸ਼ਾਹ ਨੇ ਮਾਰਕੰਡਾ ਅਤੇ ਜਮੁਨਾ ਦੇ ਵਿਚਕਾਰਲੇ ਇਲਾਕੇ ਨੂੰ ਕਾਬੂ ਕਰਨ ਦੀ ਸਕੀਮ ਬਣਾਈ ਹੋਈ ਸੀ, ਪਰ ਮੁਗਲਾਂ ਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਲੋਹਗੜ੍ਹ ਤੋਂ ਪਹਿਲਾਂ ਦਾ ਜਾਲ ਕਿਵੇਂ ਤੋੜਿਆ ਜਾਵੇ? 52 ਕਿਲ੍ਹਿਆਂ /ਚੌਕੀਆ ਦਾ ਜਿਕਰ ਪ੍ਰੋ. ਬਲਵੰਤ ਸਿੰਘ ਨੇ ਮਈ 2011 ਦੀ ਗੁਰਮਤ ਪ੍ਰਕਾਸ਼ ਦੇ ਸਫਾ 53 'ਤੇ ਵੀ ਕੀਤਾ ਹੋਇਆ ਹੈ), ਕਿਉਂਕਿ ਇਨ੍ਹਾਂ ਮੋਰਚਿਆ/ਕਿਲ੍ਹਿਆਂ ਤੋਂ ਮੁਗਲਾਂ ਉਪਰ ਹਮਲੇ ਲਗਾਤਾਰ ਹੋ ਰਹੇ ਸਨ, ਜਿਸਨੇ ਮੁਗਲ ਫ਼ੌਜਾਂ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਸੀ ਅਤੇ ਮੁਗਲ ਫ਼ੌਜਾਂ ਨੂੰ ਅੱਗੇ ਵੱਧਣ ਤੋਂ ਵੱਡੀ ਰੁਕਾਵਟ ਬਣੇ ਹੋਏ ਸਨ। ਮੁਗਲਾਂ ਦੇ ਤਰਜਬੇਕਾਰ ਜਰਨੈਲ ਵੀ ਇੱਥੇ ਅਸਫਲ ਸਨ, ਇਸ ਪੂਰੇ ਕਿਲ੍ਹੇਬੰਦੀ ਨੂੰ ਚਾਰੇ ਪਾਸੇ ਘੇਰਨ ਦੀ ਸਕੀਮ ਮੁਗਲਾਂ ਕੋਲੋਂ ਨਾ ਬਣ ਸਕੀ, ਕਿਉਂਕਿ ਕਿਲ੍ਹੇ ਦੇ ਪਿਛਲੇ ਪਾਸੇ ਉਚੀਆਂ ਪਹਾੜੀਆਂ ਅਤੇ ਬਾਹੀਆਂ 'ਤੇ ਮਾਰਕੰਡਾ ਅਤੇ ਜਮਨਾ/ਸੋਮ ਨਦੀਆਂ ਸਨ।

ਇਸ ਵਕਤ ਬਾਦਸ਼ਾਹ ਨੇ ਆਪਣੀ ਫ਼ੌਜ ਨੂੰ ਛੇ ਹਿੱਸਿਆਂ ਵਿਚ ਵੰਡ ਦਿਤਾ। ਰਾਜਕੁਮਾਰ ਰਫੀਓਸਾਨ ਨੂੰ 31 ਹਜਾਰ ਫ਼ੌਜ ਦੀ ਕਮਾਨ ਸੰਭਾਲੀ ਅਤੇ 'ਬੁਖਸ਼ੀ-ਓਲ-ਮੁਲਕ ਜੁਲਫੀਕਰ ਖਾਂ ਨੂੰ ਉਸਦੀ ਸਹਾਇਤਾ ਲਈ ਲਗਾ ਦਿਤਾ। ਬਾਕੀ ਦੇ ਤਿੰਨ ਰਾਜਕੁਮਾਰ ਹਰੇਕ ਨੂੰ 11-11 ਹਜਾਰ ਫ਼ੌਜ ਦੀ ਅਗਵਾਈ ਦਿੱਤੀ। ਸੱਤ ਹਜਾਰ ਛੇਵੀ ਡਵਿਜਨ ਦੀ ਅਗਵਾਈ ਮਹਾਬਤ-ਖਾਂ (ਖਾਨ-ਖਾਨਾਂ ਦੇ ਪੁੱਤਰ) ਨੂੰ ਦਿੱਤੀ।[91] ਹਿੰਦੂ ਰਾਜਿਆਂ ਦੀ ਫ਼ੌਜ ਦੀ ਕਮਾਨ ਛਤਰਸਾਲ ਬੁੰਦੇਲਾ ਅਤੇ ਉਦੈ ਸਿੰਘ ਬੁੰਦੇਲਾ ਹੇਠ ਸ਼ਾਹੀ ਫ਼ੌਜ ਬਾਦਸ਼ਾਹ ਨਾਲ ਰਲੀ।[92]

ਇਕ ਸ਼ਾਹੀ ਅਫ਼ਸਰ 'ਮਿਰਜ਼ਾ ਰੁੱਕਨ' ਨੇ ਬਾਦਸ਼ਾਹ ਨੂੰ ਦੱਸਿਆ ਕਿ ਕਿਲ੍ਹੇ ਲੋਹਗੜ੍ਹ ਨੂੰ ਜਾਣ ਦੇ ਰਸਤੇ ਉਪਰ ਭਾਰੀ ਲੜਾਈ ਚੱਲ ਰਹੀ ਹੈ ਅਤੇ ਮੁਗਲ ਫ਼ੌਜ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਤੋਂ ਬਾਦਸ਼ਾਹ ਹੋਰ ਵੀ ਡਰ ਗਿਆ ਇਸੇ ਦੌਰਾਨ ਬਾਦਸ਼ਾਹ ਦੇ ਕੈਂਪ 'ਤੇ ਵੀ ਸਿੱਖਾ ਦਾ ਹਮਲਾ ਹੋ ਗਿਆ, (ਅਹਵਾਲ-ਉਲ-ਖ਼ਵਾਕੀਨ, ਸਫ਼ੇ 31-32 ਮੁਤਾਬਿਕ ਜਿਸ ਕਰਕੇ ਬਾਦਸ਼ਾਹ ਆਪਣਾ ਕੈਂਪ 12 ਕੋਹ (38 ਕਿਲੋਮੀਟਰ) ਪਿਛੇ ਸ਼ਾਹਬਾਦ ਕੋਲ ਪਿੰਡ ਉਗਾਲਾ ਲੈ ਆਇਆ।) ਕਾਮਵਰ ਖਾਂ ਜੋ ਕਿ ਸ਼ਾਹੀ ਕੈਂਪ ਨਾਲ ਹੀ ਘੁੰਮ ਰਿਹਾ ਸੀ, ਲਿਖਦਾ ਹੈ ਕਿ ਊਠਾਂ ਤੇ ਚੜੇ ਰਾਜਪੂਤ ਸਿਪਾਹੀ ਸਾਰੇ ਹੀ ਇਲਾਕਿਆਂ ਵਿਚ ਘੁੰਮ ਰਹੇ ਸਨ। ਉਹ ਹਜ਼ਾਰਾਂ ਦੀ ਗਿਣਤੀ ਵਿਚ ਸਨ ਪਰ ਬਾਦਸ਼ਾਹ ਕੋਲ ਉਸਦੇ ਚਾਰੇ ਪੁੱਤਰ ਅਤੇ ਕੁੱਝ ਦਰਬਾਰੀ ਸਨ। ਮੁਗਲ ਤਾਂ ਆਪਣੀ ਭਾਰੀ ਗਿਣਤੀ ਵਿਚ ਹੋ ਰਹੇ ਜਾਨੀ ਨੁਕਸਾਨ ਤੋਂ ਬਹੁੱਤ ਘਬਰਾਏ ਹੋਏ ਸਨ। ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਿੰਘ ਆਪਣੇ ਲੋਹਗੜ੍ਹ ਕਿਲ੍ਹੇ ਦੇ ਦੁਆਲੇ ਬਣੇ ਮੋਰਚਿਆਂ ਤੋਂ ਹੀ ਮੁਗਲਾਂ ਉੱਤੇ ਤੋਪਾਂ

---

[91] (ਕਾਮਵਰ ਖ਼ਾਨ: ਤਖ਼ਕਿਰਾਤੁਲ-ਸਲਾਤੀਨ-ਇਮ ਚੁਗਤਾ, ਪੰਨਾ 103, ਅਲੀ ਨਦੀਮ ਰਿਜਵੀ ਦਾ ਤਰਜਮਾ)

[92] ਪੰਚੋਲੀ ਜਗਜੀਵਨ ਦਾਸ ਨੇ ਜੈਪੁਰ ਦੇ ਸ਼ਾਸਕ ਨੂੰ ਪੱਤਰ, 26 ਦਸੰਬਰ ਨੂੰ ਮਿਤੀ 1710, ਸੀਰੀਅਲ ਨ 1, ਅਰਜਸ਼ਾਸ਼ਤ ਨੰਬਰ 195 (ਰਾਜਸਥਾਨੀ ਦਸਤਾਵੇਜ਼ਾਂ ਵਿਚ ਦਿੱਤੇ ਹਵਾਲੇ, ਬਲਵੰਤ ਸਿੰਘ ਢਿਲੋਂ ਵਲੋਂ ਸੰਪਾਦਿਤ)

ਦੇ ਗੋਲੇ ਦਾਗਦੇ ਹੋਏ ਮੁਗਲਾਂ ਦਾ ਭਾਰੀ ਨੁਕਸਾਨ ਕਰ ਦਿੱਤਾ ਸੀ। ਇਸ ਲੜਾਈ ਵਿੱਚ ਦੋਹਾਂ ਪਾਸਿਆਂ ਤੋਂ ਬਹੁਤ ਨੁਕਸਾਨ ਹੋ ਰਿਹਾ ਸੀ।[93] ਰੁਸਤਮ ਦਿਲ ਖਾਂ ਬਹਾਦਰ ਨੇ ਕਿਲ੍ਹੇ ਦੇ 'ਸੁਧਵਾਲਾ' ਥਾਂ ਨੂੰ ਘੇਰਾ ਪਾਇਆ ਹੋਇਆ ਸੀ, ਇਸ ਉਮੀਦ ਨਾਲ ਕਿ ਭਾਈ ਬੰਦਾ ਸਿੰਘ ਬਹਾਦੁਰ ਇਸ ਇਮਾਰਤ ਵਿਚ ਹੋਵੇਗਾ। ਪਰ ਇਹ ਖਬਰ ਗਲਤ ਸੀ ਕਿਉਂਕਿ ਭਾਈ ਬੰਦਾ ਸਿੰਘ ਬਹਾਦੁਰ ਇਕ ਹੋਰ ਪਹਾੜੀ ਦੀ ਚੋਟੀ 'ਤੇ ਬੈਠ ਕੇ ਆਪਣੇ ਸਿੰਘਾਂ ਦੀਆਂ ਕਾਰਵਾਈਆਂ ਦੇਖ ਰਿਹਾ ਸੀ। ਕੋਈ ਵੀ ਮੁਗਲਾਂ ਦਾ ਜਰਨੈਲ ਭਾਈ ਬੰਦਾ ਸਿੰਘ ਬਹਾਦੁਰ ਦੇ ਨਜ਼ਦੀਕ ਨਹੀਂ ਪਹੁੰਚ ਸਕਿਆ ਕਿਉਂਕਿ ਉਹ (ਭਾਈ ਬੰਦਾ ਸਿੰਘ ਬਹਾਦੁਰ) ਬਹੁਤ ਹੀ ਤੇਜ-ਤਰਾਰ ਸੀ, ਜੋ ਕਿ ਹਵਾ ਵਾਂਗ ਇਕ ਥਾਂ ਤੋਂ ਦੂਜੀ ਥਾਂ 'ਤੇ ਚਲਾ ਜਾਂਦਾ ਸੀ ਅਤੇ ਆਪਣੇ ਸਿੱਖਾਂ ਦਾ ਜਿੱਥੇ ਵੀ ਕਮਜ਼ੋਰ ਡੀਫੈਂਸ ਹੁੰਦਾ ਵੇਖਦਾ ਉਥੇ ਹੋਰ ਸਿੱਖ ਭੇਜਦਾ ਸੀ। ਸਿੱਖ ਫ਼ੌਜਾਂ ਨੇ ਮੁਗਲ ਫ਼ੌਜਾਂ ਦੀ ਭਾਰੀ ਗਿਣਤੀ ਦੀ ਪਰਵਾਹ ਨਾ ਕਰਦਿਆਂ ਹੋਇਆਂ ਇਨ੍ਹਾਂ ਪਿਕਟਾਂ ਤੇ ਡੱਟ ਕੇ ਲੜਾਈ ਕੀਤੀ।ਮੁਗਲ ਜਰਨੈਲ ਤਾਂ ਆਪਣੀਆਂ ਜਾਨਾਂ ਬਚਾਉਣ ਦੇ ਚੱਕਰ ਵਿਚ ਆ ਗਏ। ਕਿਸੇ ਤਰ੍ਹਾਂ ਹੀ ਸ਼ਾਹੀ ਫ਼ੌਜਾਂ ਲੋਹਗੜ੍ਹ ਕਿਲ੍ਹੇ ਦੇ ਨਜ਼ਦੀਕ ਕੋਹ ਦੇ ਚੌਥੇ ਹਿੱਸੇ ਤੱਕ ਪੁੱਜ ਚੁੱਕੀਆਂ ਸਨ ਜਿੱਥੇ ਉਨ੍ਹਾਂ ਉਪਰ ਲੋਹਗੜ੍ਹ ਦੀਆਂ ਪਹਾੜੀਆਂ ਤੋਂ ਤੋਪਾਂ ਦੇ ਗੋਲੇ ਬਰਸ ਰਹੇ ਸਨ। 'ਉਮੀਨੀ-ਐਲ ਉਮਰਾ' ਬਹਾਦਰ ਨੁਸਰਤ ਜੰਗ ਲੋਹਗੜ੍ਹ ਕਿਲ੍ਹੇ ਦੇ ਨਜ਼ਦੀਕ ਕਦੀ ਨਹੀਂ ਗਿਆ। ਬਾਦਸ਼ਾਹ ਬਹਾਦਰ ਸ਼ਾਹ ਤਾਂ ਸ਼ਾਹਬਾਦ ਦੇ ਉਗਾਲਾ ਪਿੰਡ ਤੋਂ ਹੀ ਬੈਠਾ ਹੀ ਮੁਗਲ ਫ਼ੌਜ ਦਾ ਜਾਨੀ ਨੁਕਸਾਨ ਸੁਣ-ਸੁਣ ਕੇ ਸਹਿਮ ਰਿਹਾ ਸੀ।

ਇਰਵਿਨ ਲਿਖਦਾ ਹੈ, ''ਮੁਗਲ ਅਤੇ ਪਠਾਨ ਸਿਪਾਹੀ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਅਫਵਾਹਾਂ ਤੋਂ ਬਹੁਤ ਡਰੇ ਹੋਏ ਸਨ, ਉਨ੍ਹਾਂ ਸੁਣਿਆ ਹੋਇਆ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਤੀਰ ਅਤੇ ਤਲਵਾਰ ਦੇ ਵਾਰਾਂ ਦਾ ਅਸਰ ਨਹੀਂ ਹੋਣ ਦਿੰਦਾ। ਉਨ੍ਹਾਂ ਨੂੰ ਇਹ ਵੀ ਪਤਾ ਲਗਾ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਆਪਣੇ ਸਿੰਘਾਂ ਨੂੰ ਅਸ਼ੀਰਵਾਦ ਦਿਤਾ ਹੋਇਆ ਹੈ ਕਿ ਜੇਕਰ ਲੜਦੇ ਸਮੇਂ ਉਨ੍ਹਾਂ ਵਿਚੋਂ ਕੋਈ ਮਰ ਜਾਵੇਗਾ ਤਾਂ ਉਸਨੂੰ ਅਗਲੇ ਜਨਮ ਵਿਚ ਉੱਚੀ ਪਦਵੀ ਮਿਲੇਗੀ। ਇਨ੍ਹਾਂ ਅਫਵਾਹਾਂ ਕਰਕੇ ਮੁਗਲ ਜਰਨੈਲ ਘਬਰਾਏ ਹੋਏ ਸਨ। ਇਨੀ ਵੱਡੀ ਜਦੋ-ਜਹਿੱਦ ਤੋਂ ਬਾਅਦ ਬਾਦਸ਼ਾਹ ਬਹਾਦਰ ਸ਼ਾਹ ਨੇ ਮਹਿਸੂਸ ਕੀਤਾ ਕਿ ਲੋਹਗੜ੍ਹ ਕਿਲ੍ਹੇ ਨੂੰ ਜਿਤ ਸਕਣਾ ਬਹੁਤ ਮੁਸ਼ਕਲ ਹੈ ਕਿਉਂ ਨਾ ਭਾਈ ਬੰਦਾ ਸਿੰਘ ਬਹਾਦੁਰ ਨੂੰ ਹੀ ਫੜਿਆ ਜਾਵੇ। ਇਸਤੋਂ ਬਾਦ ਬਾਦਸ਼ਾਹ ਨੇ ਆਪਣੀ ਸਾਰੀ ਤਾਕਤ ਭਾਈ ਬੰਦਾ ਸਿੰਘ ਬਹਾਦੁਰ ਨੂੰ ਫੜਨ 'ਤੇ ਲਗਾ ਦਿੱਤੀ।

ਬਾਦਸ਼ਾਹ ਦੀ ਸੁਰੱਖਿਆ ਵਾਸਤੇ ਬਹੁਤ ਮੁਗਲ ਸਿਪਾਹੀ ਲਗੇ ਹੋਏ ਸਨ ਅਤੇ ਉਸਨੇ ਆਪਣੇ ਹੀ ਹਿੰਦੂ ਸਿਪਾਹੀਆਂ ਦਾ ਦਾਖਲਾ ਆਪਣੇ ਕੈਂਪ ਵਿਚ ਬੰਦ ਕੀਤਾ ਹੋਇਆ ਸੀ। ਇੱਥੇ ਬਾਦਸ਼ਾਹ ਆਪਣੇ-ਆਪ ਨੂੰ ਬਹੁਤ ਅਸਮਰਥ ਮਹਿਸੂਸ ਕਰ ਰਿਹਾ ਸੀ। ਇਸ ਦੌਰਾਨ ਮੁਗਲਾਂ ਦੀ ਸਪਲਾਈ 'ਤੇ ਵੀ ਅਸਰ ਪੈਣ ਲਗਾ, ਕਿਉਂਕਿ ਸ਼ਾਹੀ ਫ਼ੌਜਾਂ ਤਾਂ ਇੱਥੇ ਜੰਗ ਵਿਚ ਲਗੀਆਂ ਹੋਈਆਂ ਸਨ। ਉਨ੍ਹਾਂ ਨੂੰ ਖਾਣ ਵਾਸਤੇ ਅਨਾਜ, ਡਾਕਟਰੀ ਸਹਾਇਤਾ, ਲੜਨ ਲਈ ਬਾਰੂਦ ਅਤੇ ਘੋੜੇ ਚਾਹੀਦੇ ਸਨ। ਇਹ ਸਾਰੀ ਸਪਲਾਈ ਤਾਂ ਵਣਜਾਰੇ ਹੀ ਮੁਗਲਾਂ ਨੂੰ ਕਰਦੇ ਸਨ ਜਿਹੜੇ ਹੁਣ ਆਪਣਾ ਤਨ-ਮਨ ਨਾਲ ਯੋਗਦਾਨ ਸਿੱਖਾਂ ਨੂੰ ਦੇ ਰਹੇ ਸਨ।

---

[93] ਤਜ਼ਕਿਰਾਤੁਲ-ਸਲਾਤੀਨ-ਇ ਚੁਗੱਤਾ

ਸਿੱਖ ਤਾਂ ਗੁਰੀਲਾ ਯੁੱਧ ਦੇ ਬਹੁਤ ਮਾਹਿਰ ਸਨ ਉਨ੍ਹਾਂ ਦੇ ਵਾਰ ਅਚਾਨਕ ਅਤੇ ਸਪੀਡ ਨਾਲ ਹੁੰਦੇ ਸਨ। ਉਹ ਚੀਤੇ ਦੀ ਤਰ੍ਹਾਂ ਆਉਂਦੇ ਸਨ ਤੇ ਵਾਰ ਕਰਕੇ ਚੀਤੇ ਦੀ ਤਰ੍ਹਾਂ ਗਾਇਬ ਹੋ ਜਾਂਦੇ ਸਨ। ਜਦੋਂ ਵੀ ਦੁਸ਼ਮਣ ਉਨ੍ਹਾਂ ਦੇ ਮਾਰ ਹੇਠਾਂ ਆਇਆ, ਉਨ੍ਹਾਂ ਉਸਨੂੰ ਬਖਸ਼ਿਆ ਨਹੀਂ।

'ਅਸਗਰ-ਅਲ-ਸਮਾਧੀ' ਜੋ ਉਸ ਵਕਤ ਦਾ ਲਿਖਾਰੀ ਲਿਖਦਾ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸਦੇ ਸਿੰਘ ਤਾਂ ਸ਼ੇਰ ਅਤੇ ਚੀਤੇ ਵਾਂਗੂ ਸਨ ਜਿਵੇਂ ਸ਼ੇਰ ਹਾਥੀ ਦੀ ਪਿੱਠ ਤੇ ਚੜ੍ਹ ਕੇ ਉਸਨੂੰ ਮੁਕਾ ਦਿੰਦਾ ਹੈ ਅਤੇ ਚੀਤੇ ਦੀ ਤਰ੍ਹਾਂ, ਇਹ ਸਿੰਘ ਉਸ ਜਗ੍ਹਾਂ ਬੜੀ ਤੇਜ਼ੀ ਨਾਲ ਪਹੁੰਚ ਜਾਂਦੇ, ਜਿੱਥੇ ਤੇਜ਼ ਤੋਂ ਤੇਜ ਘੋੜਾ ਵੀ ਜਾਣ ਤੋਂ ਝਿਜਕਦਾ ਸੀ। ਮੁਗਲ ਫ਼ੌਜ ਦਿਨ ਵੇਲੇ ਹਮਲਾ ਕਰਦੀ ਸੀ ਤੇ ਸਿੱਖ ਉਸਨੂੰ ਰੋਕਦੇ ਸਨ। ਮੁਗਲਾਂ ਦੇ ਹਮਲੇ ਕਮਜ਼ੋਰ ਤਰੀਕੇ ਦੇ ਸਨ, ਕਿਉਂਕਿ ਕੁਦਰਤੀ ਕੰਦਰਾਂ-ਖੱਡਾਂ ਸਿੱਖਾਂ ਵਾਲੇ ਪਾਸੇ ਸਨ ਜਿਸ ਤੋਂ ਉਨ੍ਹਾਂ ਨੂੰ ਸੁਰੱਖਿਆ ਮਿਲਦੀ ਸੀ। ਮੁਗਲ ਸਿਪਾਹੀ ਇਨ੍ਹਾਂ ਕੰਦਰਾਂ-ਖੱਡਾਂ ਅਤੇ ਪਹਾੜੀ ਇਲਾਕੇ ਵਿਚ ਲੜਨ ਦੇ ਆਦੀ ਨਹੀਂ ਸਨ ਇਸ ਕਰਕੇ ਇਨ੍ਹਾਂ ਦਾ ਨੁਕਸਾਨ ਜ਼ਿਆਦਾ ਹੋ ਗਿਹਾ ਸੀ। ਦੁਜੇ ਪਾਸਿਓਂ ਸਿੱਖ ਤਾਂ ਮੁਗਲਾਂ ਨੂੰ ਰਾਤ ਨੂੰ ਵੀ ਚੈਨ ਨਾਲ ਬੈਠਣ ਨਹੀਂ ਸਨ ਦਿੰਦੇ, ਉਹ ਰਾਤ ਨੂੰ ਮੁਗਲਾਂ ਉਪਰ ਹਮਲਾ ਕਰਕੇ, ਲਾਈਟਾਂ ਦੇ ਸਹਾਰੇ ਆਪਣੀ ਥਾਂਵਾਂ ’ਤੇ ਪਹੁੰਚ ਜਾਂਦੇ ਸੀ।ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ 'ਖ਼ਾਨ-ਖਾਨਾਂ' ਅਤੇ ਮੁਗਲ ਰਾਜਕੁਮਾਰਾਂ ਦਾ ਖਿਆਲ ਸੀ ਕਿ ਇਸ ਲੋਹਗੜ੍ਹ ਕਿਲ੍ਹੇ ਨੂੰ ਇਕ ਸਾਲ ਤੋਂ ਪਹਿਲਾਂ ਨਹੀਂ ਸੀ ਜਿੱਤਿਆ ਜਾ ਸਕਦਾ।[94]

ਸਿੱਖ ਸਿਪਾਹੀਆਂ ਦੀ ਸਪਲਾਈ ਦਾ ਪ੍ਰਬੰਧ

ਗੁਰੂ ਸਾਹਿਬ ਬਹੁਤ ਦੂਰ ਦ੍ਰਿਸ਼ਟੀ ਵਾਲੇ ਸਨ। ਉਨ੍ਹਾਂ ਨੇ ਭਵਿੱਖ ਵਿਚ ਮੁਗਲਾਂ ਨਾਲ ਲੰਮੇ ਯੁੱਧ ਦੀ ਸੰਭਾਵਨਾ ਰੱਖਦਿਆਂ, ਲੋਹਗੜ੍ਹ ਕਿਲ੍ਹੇ ਵਿਚ ਵੱਡੇ-ਵੱਡੇ ਅਨਾਜ ਦੇ ਸਟੋਰ ਕਰਨ ਲਈ ਭੰਡਾਰ ਬਣਾਏ ਅਤੇ ਸਿੱਖਾਂ ਦੇ ਵਿਚ ਬਹਾਦਰੀ ਦੇ ਜਜ਼ਬੇ ਵੀ ਭਰਦੇ ਰਹੇ।ਉਨ੍ਹਾਂ ਸਿੱਖਾਂ ਨੂੰ ਲੋਹਗੜ੍ਹ ਦੀਆਂ ਉੱਚੀਆਂ-ਨੀਵੀਆਂ ਪਹਾੜੀਆਂ ਅਤੇ ਸੰਘਣੇ ਜੰਗਲਾਂ ਵਿਚ ਰਹਿਣ ਦੇ ਆਦੀ ਬਣਾਇਆ।ਭਾਈ ਬੰਦਾ ਸਿੰਘ ਬਹਾਦੁਰ ਸਮੇਂ ਇਨ੍ਹਾਂ ਵਣਜਾਰਿਆਂ ਨੇ ਪੂਰਾ ਸਾਥ ਦਿਤਾ। ਹਰ ਜ਼ਰੂਰੀ ਵਰਤੋਂ ਦੇ ਨਾਲ-ਨਾਲ ਇਹ ਸਿੱਖਾਂ ਨੂੰ ਅਸਲਾ/ ਬਰੂਦ ਪਹੁੰਚਾਉਂਦੇ ਰਹੇ ਅਤੇ ਸਿੱਖਾਂ ਨਾਲ ਅੱਗੇ ਹੋ ਕੇ ਮੁਗਲਾਂ ਵਿਰੁੱਧ ਲੜੇ। ਵਣਜਾਰਿਆਂ ਨੇ ਇਸ ਲੜਾਈ ਵਿਚ ਮੁਗਲਾਂ ਨੂੰ ਸਭ ਤਰ੍ਹਾਂ ਦੀ ਸਪਲਾਈ ਬੰਦ ਕਰ ਦਿੱਤੀ ਜਿਸ ਕਰਕੇ ਮੁਗਲ ਫ਼ੌਜ ਵਿਚ ਅਨਾਜ ਆਦਿ ਦੀ ਘਾਟ ਆਉਣੀ ਸ਼ੁਰੂ ਹੋ ਗਈ ਜਿਸ ਕਰਕੇ ਮੁਗਲਾਂ ਦੀ ਫ਼ੌਜ ਢਹਿੰਦੀਆਂ ਕਲਾ ਵਿਚ ਜਾਣੀ ਸ਼ੁਰੂ ਹੋ ਗਈ।[95]

ਦੀਵਾਨ ਭੀਖਾਰੀ ਦਾਸ ਨੇ ਮਹਾਰਾਜਾ ਜੈ ਸਿੰਘ ਨੂੰ ਸੂਚਿਤ ਕੀਤਾ ਕਿ ਭਾਰੀ ਬਾਰਸ਼ ਕਰਕੇ ਸ਼ਾਹੀ ਕੈਂਪ ਵਿਚ ਅਨਾਜ ਦੀ ਬਹੁਤ ਥੁੜ ਆ ਗਈ ਹੈ। ਭਾਰੀ ਗਿਣਤੀ ਵਿਚ ਘੋੜਿਆਂ ਦੀਆਂ ਜਾਨਾਂ ਗਈਆਂ ਹਨ ਅਤੇ ਹੋਰ ਜੰਗਲੀ ਜਾਨਵਰ ਮਰਨ ਕਰਕੇ ਲੜਾਈ ਦੇ ਮੈਦਾਨ ਵਿਚ ਭਾਰੀ ਬਦਬੂ ਫੈਲ ਗਈ ਹੈ ਅਤੇ ਬਿਮਾਰੀ ਪੈ ਰਹੀ ਹੈ।[96] ਇਨ੍ਹਾਂ ਵਣਜਾਰਿਆਂ ਨੇ ਇਨ੍ਹਾਂ ਹਲਾਤਾਂ ਵਿਚ ਵੀ ਸਿੱਖ ਫੋਜਾਂ ਲਈ ਅਨਾਜ ਦੀ ਕਮੀ ਨਹੀਂ ਆਉਣ ਦਿੱਤੀ।[97]

---

[94] ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, (ਡਾ. ਬਲਵੰਤ ਸਿੰਘ ਢਿੱਲੋਂ), ਪੰਨੇ 34-37

[95] ਮੁਜੱਫਰ ਆਲਮ ਮੁਗਲ ਉੱਤਰੀ ਭਾਰਤ ਵਿਚ ਸਾਮਰਾਜ ਦਾ ਸੰਕਟ, ਪੰਨਾ 163

[96] ਬਾਬਾ ਬੰਦਾ ਸਿੰਘ ਬਹਾਦੁਰ ’ਤੇ ਰਾਜਸਥਾਨੀ ਦਸਤਾਵੇਜ਼, ਵਕੀਲ ਰਿਜ਼ਰਵ ਨੰ. 2, ਮਿਤੀ 1 9, 1711

[97] ਖ਼ਾਫ਼ੀ ਖ਼ਾਨ, ਐਲੀਅਟ ਅਤੇ ਡਾਉਸਨ, ਭਾਗ 7. ਪੰਨਾ 454

ਅਖਬਾਰਾਤਿ-ਦਰਬਾਰਿ-ਮੁਅੱਲਾ ਵਿਚ ਇਨ੍ਹਾਂ ਤੱਥਾ ਦੀਆਂ ਮਹਤੱਵਪੂਰਣ ਰਿਪੋਰਟਾਂ ਹਨ। ਬਹਾਦਰ ਸ਼ਾਹ ਦੇ ਰਾਜਕਾਲ ਦੇ ਪੰਜਵੇਂ ਸਾਲ ਯਾਨਿ 1710 ਵਿਚ ਜਗਜੀਵਨ ਦਾਸ ਨੇ ਰਿਪੋਰਟ ਦਿੱਤੀ, ਜੋ ਇਸ ਤਰ੍ਹਾਂ ਪੜ੍ਹੀ ਜਾਂਦੀ ਹੈ ਕੁਝ ਲੋਕ ਸਿੱਖਾਂ ਵਾਸਤੇ ਘੋੜੇ ਅਤੇ ਬਰੂਦ ਖਰੀਦਕੇ ਕੋਇਸਤਾਨ ਦੀਆਂ ਪਹਾੜੀਆਂ ਰਾਹੀਂ ਲਿਆਉਂਦੇ ਸਨ। ਜੇ ਕੋਈ ਉਨ੍ਹਾਂ ਨੂੰ ਰੋਕਦਾ ਵੀ ਤਾਂ ਉਹ ਕਹਿੰਦੇ ਸਨ ਕਿ ਇਹ ਖ਼ਾਸ ਇਲਾਕੇ ਦੇ ਜ਼ਿਮੀਂਦਾਰਾਂ ਵਾਸਤੇ ਹਨ। ਇਸ ਕਾਰਵਾਈ 'ਤੇ ਬਾਦਸ਼ਾਹ ਨੇ ਪੁੱਛ-ਪੜਤਾਲ ਕਰਨ ਦੇ ਹੁਕਮ ਵੀ ਦਿੱਤੇ ਸਨ।[98]

ਲੋਹਗੜ੍ਹ ਅਤੇ ਇਸਦੀ ਮੋਰਚਾ ਬੰਦੀ ਉੱਪਰ ਪਾਣੀ ਦਾ ਪ੍ਰਬੰਧ

ਮੁਗਲਾਂ ਕੋਲ ਪਾਣੀ ਦੇ ਪ੍ਰਬੰਧ ਬਹੁਤ ਘੱਟ ਸਨ।[99] ਲੜਾਈ ਸਮੇਂ ਪਾਣੀ ਦੀ ਜ਼ਰੂਰਤ ਬਹੁੱਤ ਹੁੰਦੀ ਹੈ। ਪਾਣੀ ਵਾਲੇ ਖੂਹ ਤਾਂ ਸਾਰੇ ਲੋਹਗੜ੍ਹ ਕਿਲ੍ਹੇ ਵਿਚ ਹੀ ਸਨ, ਜਿੱਥੇ ਮੁਗਲਾਂ ਦੀ ਪਹੁੰਚ ਨਹੀਂ ਸੀ। ਬਹਾਦਰ ਸ਼ਾਹ ਨੇ ਹੁਕਮ ਦਿਤਾ ਕਿ ਕੋਈ ਵੀ ਇੱਥੇ ਪਾਣੀ ਨਾ ਪੀਵੇ,ਕਿਉਂਕਿ ਉਹ ਸੋਚਦਾ ਸੀ ਕਿ ਕਿਧਰੇ ਸਿੱਖਾਂ ਨੇ ਪਾਣੀ ਵਿਚ ਜ਼ਹਿਰ ਨਾ ਮਿਲਾਇਆ ਹੋਵੇ ਇੱਧਰ ਲੋਹਗੜ੍ਹ ਦੇ ਵੱਖ-ਵੱਖ ਹਿੱਸਿਆਂ ਦੀ ਮੋਰਚਾਬੰਦੀ 'ਤੇ ਸਿੱਖਾਂ ਨੇ ਮੇਲ ਜੋਲ ਨਾਲ ਕੰਮ ਕੀਤਾ। ਕਿਸੇ ਨੂੰ ਕੋਈ ਸਮਾਨ ਦੀ ਘਾਟ ਪੈਣ 'ਤੇ ਉਸਦੇ ਨਾਲ ਵਾਲੇ ਸੰਗੀ ਪੂਰਾ ਕਰ ਦਿੰਦੇ ਸਨ। ਲੋਹਗੜ੍ਹ ਦੀਆਂ ਪਹਾੜੀਆਂ ਉਪਰ ਪਾਣੀ ਸਟੋਰ ਕਰਨ ਦੇ ਬੜੇ ਵੱਡੇ ਡੈਮ ਬਣਾਏ ਗਏ ਸਨ ਜੋ ਪਾਣੀ ਨਾਲ ਭਰੇ ਰਹਿੰਦੇ ਸਨ, ਕਿਉਂਕਿ ਇਨ੍ਹਾਂ ਪਹਾੜੀਆਂ 'ਤੇ ਕੁਦਰਤੀ ਪਾਣੀ ਚਲਦਾ ਰਹਿੰਦਾ ਸੀ। ਇਸ ਤਰ੍ਹਾਂ ਸਿੱਖਾਂ ਦੀ ਚੰਗੀ ਤਰ੍ਹਾਂ ਕੀਤੀ ਹੋਈ ਯੋਜਨਾ ਨੇ ਮੁਗਲ ਜਰਨੈਲਾਂ ਨੂੰ ਭਾਰੀ ਵਖ਼ਤ ਪਾਈ ਰੱਖਿਆ।

ਇਤਿਹਾਸਕਾਰਾਂ ਮੁਤਾਬਿਕ ਲੋਹਗੜ੍ਹ ਦੀ ਲੜਾਈ ਬਾਰੇ ਜਾਣਕਾਰੀ

ਬਹੁਤ ਸਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਮੁਗ਼ਲ ਫ਼ੌਜ ਨੇ ਸਢੌਰਾ ਜਿੱਤਣ ਮਗਰੋਂ ਲੋਹਗੜ੍ਹ 'ਤੇ 30 ਨਵੰਬਰ 1710 ਦੇ ਦਿਨ ਹਮਲਾ ਕੀਤਾ ਅਤੇ ਅਗਲੇ ਦਿਨ ਪਹਿਲੀ ਦਸੰਬਰ ਨੂੰ ਕਬਜ਼ਾ ਕਰ ਲਿਆ। ਭਾਈ ਬੰਦਾ ਸਿੰਘ ਬਹਾਦੁਰ ਆਪਣੇ ਬਚੇ ਖੁਚੇ ਕੁੱਝ ਕੁ ਸਾਥੀਆਂ ਸਣੇ ਨਾਹਨ ਦੀਆਂ ਪਹਾੜੀਆਂ ਵਿਚੋਂ ਨਿਕਲ ਗਿਆ। ਲੋਹਗੜ੍ਹ ਕਿਲ੍ਹੇ 'ਤੇ ਕਬਜ਼ਾ ਕਰਨ ਦੀ ਕਹਾਣੀ ਸੰਬੰਧੀ, ਤਕਰੀਬਨ ਇਹੀ ਜਾਂ ਇਸ ਨਾਲ ਮਿਲਦਾ-ਜੁਲਦਾ ਵੇਰਵਾ ਬਹੁਤੇ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਮਿਲਦਾ ਹੈ। ਸਾਰੇ ਇਤਿਹਾਸਕਾਰਾਂ ਨੇ ਦਰਅਸਲ ਉਨ੍ਹਾਂ ਮੁਸਲਮਾਨ ਲਿਖਾਰੀਆਂ ਦੀਆਂ ਲਿਖਤਾਂ ਨੂੰ ਹੀ ਅਧਾਰ ਬਣਾਇਆ ਸੀ ਜਿਹੜੇ ਕਿ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਇਹ ਸਾਰੀ ਲੜਾਈ ਆਪਣੇ ਅੱਖੀਂ ਦੇਖੀ ਸੀ (ਖ਼ਾਸ ਕਰਕੇ ਕਾਮਵਰ ਖ਼ਾਨ, ਖ਼ਾਫ਼ੀ ਖ਼ਾਨ) ਅਤੇ ਇਨ੍ਹਾਂ ਹੀ ਮੁਸਲਿਮ ਸੋਮਿਆਂ ਦੇ ਅਧਾਰ 'ਤੇ ਲਿਖਣ ਦਾ ਦਾਅਵਾ ਕਰਨ ਵਾਲੇ ਅੰਗਰੇਜ਼ ਲਿਖਾਰੀ ਇਰਵਿਨ ਦੀ ਕਿਤਾਬ 'ਲੇਟਰ ਮੁਗ਼ਲਜ਼' ਮੁਤਾਬਿਕ: 29 ਨਵੰਬਰ ਬੁਧਵਾਰ ਦੇ ਦਿਨ ਬਾਦਸ਼ਾਹ, ਲੋਹਗੜ੍ਹ ਕਿਲ੍ਹੇ ਤੋਂ ਕੁੱਝ ਫ਼ਰਲਾਂਗ ਦੂਰ, ਸੋਮ ਨਦੀ ਦੇ ਕੰਢੇ 'ਤੇ, ਪਿੰਡ ਕੰਪੋ ਦੀ ਹੱਦ

---

[98] ਅਖਬਾਰਾਤਿ-ਦਰਬਾਰਿ-ਮੁਅੱਲਾ, 28-10-1711 ਦੀ ਰਿਪੋਰਟ

[99] ਅਖਬਾਰਾਤਿ-ਦਰਬਾਰਿ-ਮੁਅੱਲਾ, 15-10-1710 ਦੀ ਰਿਪੋਰਟ

ਵਿਚ ਪੁੱਜ ਗਿਆ। ਹਾਲਾਤ ਵੇਖ ਕੇ ਉਸ ਨੇ ਹੁਕਮ ਦਿੱਤਾ ਕਿ ਖਾਨ-ਖਾਨਾ ਅਤੇ ਮਹਾਬਤ ਖ਼ਾਨ ਅਗਲੇ ਦਿਨ ਸਿੱਖਾਂ ਦੇ ਪਹਾੜਾਂ 'ਤੇ ਬਣੇ ਮੋਰਚਿਆਂ ਦਾ ਜਾਇਜ਼ਾ ਲੈਣ। ਇਹੀ ਹੁਕਮ ਰਫ਼ੀਉੱਸ਼ਾਨ ਸ਼ਹਿਜ਼ਾਦਾ ਨੂੰ ਵੀ ਦਿਤਾ ਗਿਆ। 30 ਨਵੰਬਰ ਨੂੰ ਸਾਰਾ ਜਾਇਜ਼ਾ ਲੈ ਕੇ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਨੂੰ ਇੰਝ ਘੇਰਾ ਪਾਇਆ:

1) ਰਫ਼ੀਉੱਸ਼ਾਨ ਪਰਬਤ-ਪੱਲੇ ਤੋਂ ਇਕ ਕਿਲੋਮੀਟਰ ਹਟਵੇਂ, ਭਾਈ ਬੰਦਾ ਸਿੰਘ ਬਹਾਦੁਰ ਦੇ ਡੇਰੇ ਵੱਲ ਭੇਜਿਆ ਗਿਆ। ਉਸ ਦੇ ਨਾਲ ਬਖ਼ਸ਼ੀ-ਉਲ-ਮੁਲਕ ਜ਼ੁਲਫ਼ਿਕਾਰ ਖ਼ਾਨ ਦੀ ਡਿਊਟੀ ਲਾਈ ਗਈ।
2) ਖ਼ਾਨ-ਖ਼ਾਨਾ, ਬਖ਼ਸ਼ੀ ਮਹਾਬਤ ਖ਼ਾਨ ਅਤੇ ਖ਼ਾਨ ਜ਼ਮਾਨ ਬਹਾਦਰ (ਤਿੰਨੇ ਪਿਓ-ਪੁੱਤਰ) ਉਸ ਇਲਾਕੇ ਦੇ ਜਾਣੂਆਂ ਪਿੱਛੇ ਲੰਘਾ ਕੇ ਪਰਬਤ ਦੀ ਢਾਕੇ (ਕਮਰ) ਵਿਚ ਦਾਖਿਲ ਹੋਏ।
3) ਹਿੰਦੂ ਰਾਜਾ ਛਤਰਸਾਲ ਬੁੰਦੇਲਾ ਅਤੇ ਇਸਲਾਮ ਖ਼ਾਨ 'ਮੀਰ ਆਤਿਸ਼' ਖ਼ਾਨ-ਖ਼ਾਨਾ ਦੀ ਮੁਹਰੈਲੀ ਫ਼ੌਜ ਬਣ ਕੇ ਅਗਾਂਹ ਵੱਧੇ।[100]
4) ਹਮੀਦ-ਉਦ-ਦੀਨ ਖ਼ਾਨ, ਅਜ਼ੀਮੁੱਸ਼ਾਨ ਸ਼ਾਹ ਬਹਾਦਰ ਦੇ ਸਾਥੀ ਤੇ ਜਹਾਨ ਸ਼ਾਹ ਬਹਾਦੁਰ ਦੇ ਚਾਕਰ, ਉੱਪਰ ਜ਼ਿਕਰ ਕੀਤੇ ਤੀਨਾਂ ਦਲਾਂ ਦੀ ਮਦਦ ਵਾਸਤੇ, ਮਗਰ-ਮਗਰ ਤੁਰੇ।[101]

ਮੁਸਲਮਾਨ ਲਿਖਾਰੀ ਕਾਮਵਰ ਲਿਖਦਾ ਹੈ ਕਿ: "ਪਹਿਰ ਦਿਨ ਚੜ੍ਹਿਆ ਸੀ। ਖ਼ਾਨ-ਖ਼ਾਨਾ (ਮੁਨਈਮ ਖ਼ਾਨ) ਨੇ 5 ਹਜ਼ਾਰ ਸਾਥੀਆਂ ਸਣੇ ਸਿੱਖਾਂ ਦੇ ਪਹਾੜ ਦੀ ਸਿੱਖਰ 'ਤੇ ਬਣੇ ਮੋਰਚਿਆਂ ਉੱਤੇ ਹਮਲਾ ਕੀਤਾ। ਤੋਪ-ਤੁਫ਼ੰਗ ਦਾ ਬੜਾ ਕਰਾਰਾ ਜੰਗ ਹੋਇਆ। ਖ਼ਾਨ-ਖ਼ਾਨਾ ਲੋਹਗੜ੍ਹ ਦੀ ਕੋਟ-ਖਾਲੀ ਤੱਕ ਪਹੁੰਚ ਗਿਆ। ਦੁਵੱਲੀ ਪੂਰੇ ਤਾਣ-ਮਾਣ ਨਾਲ ਜੁੱਧ ਮੱਚਿਆ।[102] ਜਿੰਦਾਂ ਲੈਣ-ਦੇਣ ਦਾ ਵਪਾਰ ਖ਼ੂਬ ਗਰਮ ਹੋ ਮੱਚਿਆ।" ਇਸ ਹਾਲਤ ਨੂੰ ਵੇਖ ਕੇ ਮੁਗ਼ਲ ਅਤੇ ਪਠਾਣ ਫ਼ੌਜੀ ਬੜੇ ਡਰੇ ਹੋਏ ਸਨ। ਕਿਉਂਕਿ ਉਨ੍ਹਾਂ ਦਾ ਹੁਣ ਤੱਕ ਜਾਨੀ ਨੁਕਸਾਨ ਬਹੁਤ ਹੋ ਚੁਕਿਆ ਸੀ।

ਖ਼ਾਫ਼ੀ ਖ਼ਾਂ ਲਿਖਦਾ ਹੈ ਕਿ ਇਸ ਲੜਾਈ ਦਾ ਵਰਨਣ ਕਰਨਾ ਬਹੁਤ ਔਖਾ ਹੈ। ਫ਼ਕੀਰਾਂ ਵਰਗੇ ਭੱਦੇ ਕਪੜਿਆਂ ਵਾਲੇ ਇਨ੍ਹਾਂ ਸਿੱਖਾਂ ਨੇ ਸ਼ਾਹੀ ਫ਼ੌਜਾਂ ਦੇ ਵਿਚ ਦਹਿਸ਼ਤ ਮਚਾਈ ਹੋਈ ਸੀ।[103]

ਇਰਵਿਨ ਲਿਖਦਾ ਹੈ ਕਿ, "ਭਾਈ ਬੰਦਾ ਸਿੰਘ ਬਹਾਦੁਰ ਬਾਰੇ ਅਫ਼ਵਾਹਾਂ ਤੋਂ ਮੁਗ਼ਲ ਫ਼ੌਜੀ ਬੜੇ ਡਰੇ ਹੋਏ ਸਨ। ਉਨ੍ਹਾਂ ਨੂੰ ਡਰ ਸੀ ਕਿ ਬੰਦਾ ਜਾਦੂ ਜਾਣਦਾ ਹੈ। ਉਹ ਅਜਿਹਾ ਜਾਦੂ ਜਾਣਦਾ ਹੈ

---

[100] ਛਤਰਸਾਲ ਰਾਜਾ ਰੁਦਰ ਪ੍ਰਤਾਪ ਦੇਵ ਨਾਲ ਸਹਮਤੀ ਸੀ। ਰੁਦਰ ਪ੍ਰਤਾਪ ਦੇ ਪੋਤਰੇ ਨੇ ਅਕਬਰ ਦੇ ਮੰਤਰੀ ਅਬੂ ਫਜ਼ਲ ਦਾ ਕਤਲ ਕਰ ਦਿਤਾ ਸੀ। ਛਤਰਸਾਲ ਚੰਦਰ ਰਾਏ ਦਾ ਪੁੱਤਰ ਸੀ।1671 ਵਿਚ, ਛੱਤਰਸਾਲ ਕੇਵਲ 25 ਘੋੜਸਵਾਰਾਂ ਦੀ ਇਕ ਛੋਟੀ ਜਿਹੀ ਇਕਾਈ ਦਾ ਮੁਖੀ ਸੀ। ਉਸਨੇ ਸਖ਼ਤ ਮਿਹਨਤ ਕੀਤੀ ਅਤੇ ਇੱਕ ਪ੍ਰਮੁੱਖ ਲੜਾਕੂ ਬਣ ਗਿਆ। ਬਾਅਦ ਵਿੱਚ, 21 ਜਨਵਰੀ 1714 ਨੂੰ, ਫ਼ਰੁਖਸ਼ੀਅਰ ਨੇ ਉਸਨੂੰ ਛੇ ਹਜ਼ਾਰ ਜ਼ਾਤ ਅਤੇ ਚਾਰ ਹਜਾਰ ਘੋੜ ਸਵਾਰ ਮਨਸਬ ਸੌਂਪਿਆ, ਜੋ ਗ਼ੈਰ-ਮੁਸਲਮਾਨਾਂ ਲਈ ਬਹੁਤ ਉਂਚਾ ਰੁਤਬਾ ਸੀ। ਉਸ ਦੀ ਮੌਤ ਸਮੇਂ ਉਹ ਪੂਰਬੀ ਬੁੰਦੇਲਖੰਡ ਦੇ ਅੱਧ ਦਾ ਮਾਲਕ ਸੀ।

[101] (ਖ਼ਾਫ਼ੀ ਖ਼ਾਨ, ਮੁੰਤਖ਼ਬੁਲ-ਉਲ-ਲੁਬਾਬ, ਜਿਲਦ 2, ਸਫ਼ੇ 671-72)

[102] ਤਜ਼ਕਿਰਾਤੁਲ ਸਲਾਤੀਨ ਚੁਗੱਤਾ, ਪੰਨਾ 153

[103] ਐਲੀਅਟ ਐਂਡ ਡਾਊਸਨ , ਪੈ.ਚਟਿ. ਭਾਗ 7, ਪੰਨਾ 423

ਜਿਸ ਨਾਲ ਉਹ ਦੁਸ਼ਮਣ ਦੇ ਨੇਜ਼ਿਆਂ ਅਤੇ ਤਲਵਾਰਾਂ ਦੇ ਵਾਰਾਂ ਨੂੰ ਬੇਅਸਰ ਕਰ ਸਕਦਾ ਹੈ। ਉਨ੍ਹਾਂ ਨੇ ਇਹ ਵੀ ਸੁਣ ਰੱਖਿਆ ਸੀ ਕਿ ਬੰਦੇ ਨੇ ਸਿੱਖਾਂ ਨੂੰ 'ਵਰ' ਦਿਤਾ ਹੋਇਆ ਹੈ ਕਿ ਜੇ ਉਨ੍ਹਾਂ ਵਿਚੋਂ ਕੋਈ ਜੰਗ ਵਿਚ ਮਰ ਗਿਆ ਤਾਂ ਉਹ ਦੋਬਾਰਾ ਜਨਮ ਲੈ ਕੇ ਵੱਡੇ ਅਹੁਦੇ 'ਤੇ ਆਵੇਗਾ।

ਇਨ੍ਹਾਂ ਅਫ਼ਵਾਹਾਂ ਕਾਰਨ ਬਾਦਸ਼ਾਹ ਅਤੇ ਵੱਡੇ ਜਰਨੈਲ ਬੜੇ ਪਰੇਸ਼ਾਨ ਅਤੇ ਬੇ ਦਿਲ ਜਿਹੇ ਹੋ ਗਏ ਸਨ।"[104] (ਖ਼ਾਫ਼ੀ ਖ਼ਾਨ, ਜਿਲਦ 2, ਸਫ਼ਾ 671, ਅਤੇ ਇਰਵਿਨ, ਲੇਟਰ ਮੁਗ਼ਲਜ਼, ਜਿਲਦ ਪਹਿਲੀ, ਸਫ਼ਾ 111 ਮੁਤਾਬਿਕ ਸ਼ੁਰੂ-ਸ਼ੁਰੂ ਵਿਚ ਸਿੱਖਾਂ ਤੇ ਸ਼ਾਹੀ ਫ਼ੌਜਾਂ ਵਿਚ ਛੋਟੀ-ਮੋਟੀ ਜੰਗ ਚਲਦੀ ਰਹੀ। ਜਿਹੜਾ ਸਿੱਖ ਵੀ ਕਿਲ੍ਹੇ 'ਚੋਂ ਬਾਹਰ ਨਿਕਲਦਾ ਸੀ ਉਹ ਮੁਗ਼ਲ ਫ਼ੌਜਾਂ ਨਾਲ ਭਿੜ ਕੇ, ਚੰਗੀ ਜੱਦੋ-ਜਹਿਦ ਮਗਰੋਂ, ਮਾਰਿਆ ਜਾਂਦਾ ਸੀ। ਬਹੁੱਤ ਸਾਰੇ ਮੁਗ਼ਲ ਫ਼ੌਜੀ ਵੀ ਮਰ ਰਹੇ ਸਨ।[105]

ਖ਼ਾਨ-ਖ਼ਾਨਾ ਨੂੰ ਡੱਟਿਆ ਵੇਖ ਕੇ ਸ਼ਹਿਜ਼ਾਦਾ ਰਫ਼ੀ-ਉਦ-ਸ਼ਾਹ ਅਤੇ ਰੁਸਤਮ ਦਿਲ ਖ਼ਾਨ ਨੇ ਵੀ ਲੋਹਗੜ੍ਹ ਵਲ ਧਾਵਾ ਬੋਲ ਦਿਤਾ। ਉਨ੍ਹਾਂ ਨੇ ਇਹ ਇਸ ਵਾਸਤੇ ਕੀਤਾ ਤਾਂ ਕਿ ਕਿਤੇ ਖ਼ਾਨ-ਖ਼ਾਨਾ ਜਿੱਤ ਦਾ ਸਿਹਰਾ ਨਾ ਲੈ ਜਾਵੇ। ਖ਼ਾਨ-ਖ਼ਾਨਾ ਅਤੇ ਉਸ ਦੀ ਰੀਸ ਕਰਨ ਵਾਲਿਆ ਦੀ ਇਹ ਹਰਕਤ ਬਾਦਸ਼ਾਹ ਬਹਾਦਰ ਸ਼ਾਹ ਦੇ ਹੁਕਮ ਦੀ ਅਦੂਲੀ ਸੀ ਕਿਉਂਕਿ ਉਸ ਨੇ ਹਦਾਇਤ ਦਿੱਤੀ ਹੋਈ ਸੀ ਕਿ ਕੋਈ ਵੀ ਕਿਲ੍ਹੇ ਵੱਲ ਨਾ ਵੱਧੇ ਅਤੇ ਸਿੱਖਾਂ ਨੂੰ ਥਕਾ ਕੇ, ਉਨ੍ਹਾਂ ਦਾ ਰਾਸ਼ਨ ਅਤੇ ਅਸਲਾ ਮੁਕਾਉਣ ਮਗਰੋਂ ਹੀ, ਉਨ੍ਹਾਂ ਨੂੰ ਕਾਬੂ ਕੀਤਾ ਜਾਵੇ। ਹੁਣ ਜਦੋਂ ਇਹ ਬਾਦਸ਼ਾਹ ਦੀ ਹੁਕਮ-ਅਦੂਲੀ ਕਰ ਕੇ ਅੱਗੇ ਵੱਧੇ ਹੀ ਸਨ ਤਾਂ ਉਨ੍ਹਾਂ ਕੋਲ ਇਕੋ ਹੀ ਚਾਰਾ ਸੀ ਕਿ ਜਾਂ ਤਾਂ ਉਹ ਕਿਲ੍ਹਾ ਜਿੱਤ ਲੈਣ ਅਤੇ ਜਾਂ ਮਾਰੇ ਜਾਣ ਕਿਉਂਕਿ ਹਾਰ ਕੇ ਮੁੜਨ ਦਾ ਮਤਲਬ ਬਾਦਸ਼ਾਹ ਤੋਂ ਹੁਕਮ-ਅਦੂਲੀ ਅਤੇ ਮਿਸ਼ਨ ਫੇਲ੍ਹ ਹੋਣ ਦੀ ਸਜ਼ਾ ਹਾਸਿਲ ਕਰਨਾ ਸੀ । ਉੱਧਰ ਸਿੱਖ, ਅਸਲਾ ਥੋੜ੍ਹਾ ਹੋਣ ਕਰ ਕੇ, ਇਕ-ਇਕ ਕਰ ਕੇ ਗੋਲੇ ਸੁੱਟ ਰਹੇ ਸਨ। ਮੁਗ਼ਲ ਫ਼ੌਜਾਂ ਦੇ ਜਰਨੈਲਾਂ ਨੇ ਇਸ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਸਿੱਖਾਂ ਕੋਲ ਬਾਰੂਦ ਥੋੜ੍ਹਾ ਹੈ। ਉਹੀ ਗੱਲ ਹੋਈ, ਸ਼ਾਮ ਤੋਂ ਪਹਿਲਾਂ ਹੀ ਸਿੱਖਾਂ ਦਾ ਬਾਰੂਦ ਮੁੱਕ ਗਿਆ। ਹੁਣ ਉਹ ਮੋਰਚਿਆਂ ਵਿਚੋਂ ਨਿਕਲੇ ਅਤੇ ਉਨ੍ਹਾਂ ਨੇ ਮੁਗ਼ਲ ਫ਼ੌਜਾਂ 'ਤੇ ਤਲਵਾਰਾਂ ਨਾਲ ਹਮਲਾ ਕਰ ਦਿਤਾ। ਇੰਝ ਬਹੁੱਤ ਸਾਰੇ ਸਿੱਖ ਸ਼ਹੀਦ ਹੋ ਗਏ।

ਇਸ ਵੇਲੇ ਭਾਈ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਕਿਲ੍ਹੇ ਤੋਂ ਉੱਪਰ, ਨਾਲ ਵਾਲੀ ਪਹਾੜੀ 'ਤੇ ਬਣੇ ਇਕ ਹੋਰ ਕਿਲ੍ਹੇ ਸਿਤਾਰਗੜ੍ਹ ਵਿਚ, ਬੈਠਾ ਸੀ। ਸ਼ਾਹੀ ਫ਼ੌਜ ਲੋਹਗੜ੍ਹ ਨੂੰ ਘੇਰੀ ਬੈਠੀ ਸੀ ਅਤੇ ਕਿਸੇ ਵੇਲੇ ਵੀ ਇਸ 'ਤੇ ਕਬਜ਼ਾ ਕਰ ਸਕਦੀ ਸੀ।

ਕਾਮਵਰ ਲਿਖਦਾ ਹੈ ਕਿ ਜਦੋਂ ਸੂਰਜ ਅਜੇ ਚੜ੍ਹਿਆਂ ਹੀ ਸੀ ਖ਼ਾਨ-ਖਾਨਾਂ ਨੇ ਆਪਣੇ 5000 ਸਾਥੀਆਂ ਸਮੇਤ ਪਹਾੜੀ ਦੀ ਸਿੱਖਰ ਤੇ ਸਿੱਖ ਬੈਰਕਾਂ 'ਤੇ ਧਾਵਾ ਬੋਲ ਦਿਤਾ। ਇੱਥੇ ਜ਼ਬਰਦਸਤ ਤੋਪਾਂ ਤੇ ਤੀਰਾਂ ਦੀ ਜੰਗ ਲੜੀ ਗਈ। ਖ਼ਾਨ-ਖ਼ਾਨਾਂ ਕਿਲ੍ਹੇ ਦੇ ਬਹੁਤ ਨੇੜੇ ਪਹੁੰਚ ਗਿਆ। ਇਸ ਸਮੇਂ ਦੋਵਾਂ ਪਾਸਿਉਂ ਬਹੁਤ ਭਾਰੀ ਨੁਕਸਾਨ ਹੋਇਆ ਸੀ।[106]

---

[104] ਐਲੀਅਟ ਐਂਡ ਡਾਊਸਨ, ਓ.ਪੀ. ਭਾਗ 7, ਪੰਨਾ. 555-56

[105] (ਖ਼ਾਫ਼ੀ ਖ਼ਾਨ, ਮੁੰਤਖ਼ਬੁਲ-ਉਲ-ਲੁਬਾਬ, ਜਿਲਦ 2, ਸਫ਼ਾ 669-70, ਐਲੀਅਟ ਐਂਡ ਡਾਊਸਨ, ਜਿਲਦ 7, ਸਫ਼ਾ 423-24, ਕਾਮਵਰ, ਸਫ਼ਾ 153 ਏ)

[106] ਤਜ਼ਕਿਰਾਤੁਲ-ਸਲਾਤੀਨ-ਇ ਚੁਗੱਤਾ, ਪੰਨਾ 153

ਸਿੱਖਾਂ ਨੂੰ ਹੁਣ ਅਹਿਸਾਸ ਹੋ ਗਿਆ ਸੀ ਉਨ੍ਹਾਂ ਦਾ ਭਲਾ ਕਿਲ੍ਹੇ 'ਚੋਂ ਨਿਕਲ ਜਾਣ ਵਿਚ ਹੀ ਹੈ। ਰਾਤ ਵੇਲੇ ਉਨ੍ਹਾਂ ਨੇ ਬਹੁਤ ਸਾਰਾ ਬਾਰੂਦ ਭਰ ਕੇ ਇਮਲੀ ਦੀ ਗੇਲੀ ਨਾਲ ਬਣਾਈ ਤੋਪ ਚਲਾਈ ਜਿਸ ਨਾਲ ਧਰਤੀ ਕੰਬ ਗਈ। ਇਸ ਧਮਾਕੇ ਨਾਲ ਸਾਰੇ ਸ਼ਾਹੀ ਫ਼ੌਜੀ ਡਰ ਕੇ ਲੁੱਕ ਗਏ। ਸਿੱਖਾਂ ਨੇ ਇਸ ਦਾ ਫ਼ਾਇਦਾ ਉਠਾਇਆ ਅਤੇ ਕਿਲ੍ਹੇ ਵਿੱਚੋਂ ਨਿਕਲ ਕੇ ਪਹਾੜਾਂ ਵਲ ਚਲੇ ਗਏ। ਇਨ੍ਹਾਂ ਵਿਚ ਹੀ ਭਾਈ ਬੰਦਾ ਸਿੰਘ ਬਹਾਦੁਰ ਵੀ ਸੀ। ਇਸ ਲੜਾਈ ਵਿਚ 1500 ਸਿੱਖ ਅਤੇ ਉਨ੍ਹਾਂ ਦੇ ਦੋ ਸਰਦਾਰ ਮਾਰੇ ਗਏ ਸਨ।

ਅਗਲੀ ਸਵੇਰ (ਪਹਿਲੀ ਦਸੰਬਰ 1710) ਸੂਰਜ ਚੜ੍ਹਦਿਆਂ ਹੀ ਰਾਜੇ ਉੱਦਿਤ ਸਿੰਹ ਬੁੰਦੇਲਾ ਅਤੇ ਰੁਸਤਮ ਦਿਲ ਖ਼ਾਨ ਬਹਾਦਰ ਨੇ ਇਕ ਵੱਡਾ ਹੱਲਾ ਕੀਤਾ ਅਤੇ ਕਿਲ੍ਹੇ ਦੇ ਅੰਦਰ ਦਾਖ਼ਲ ਹੋ ਕੇ ਇਸ 'ਤੇ ਕਬਜ਼ਾ ਕਰ ਲਿਆ। ਗੁਲਾਬ ਸਿੰਘ ਬਖ਼ਸ਼ੀ, ਜਿਸ ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਪੋਸ਼ਾਕ ਪਾਈ ਹੋਈ ਸੀ, ਅਤੇ ਸਿਰਫ਼ ਤੀਹ ਹੋਰ ਸਿੱਖ ਹੀ ਉਨ੍ਹਾਂ ਦੇ ਹੱਥ ਲਗੇ। ਖ਼ਾਫ਼ੀ ਖ਼ਾਨ ਲਿਖਦਾ ਹੈ ਕਿ ਬਾਜ਼ ਬੱਚ ਕੇ ਨਿਕਲ ਗਿਆ ਅਤੇ ਉੱਲੂ ਫੜਿਆ ਗਿਆ ਹੈ,[107] ਜਦੋਂ ਬਹਾਦਰ ਸ਼ਾਹ ਨੂੰ ਪਤਾ ਲੱਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਬਚ ਕੇ ਨਿਕਲ ਗਿਆ ਹੈ ਤਾਂ ਉਹ ਬਹੁਤ ਲੋਹਾ ਲਾਖਾ ਹੋਇਆ ਤੇ ਉਸਨੇ ਗੁੱਸੇ ਵਿਚ ਕਿਹਾ ਕਿ ਕਿਵੇਂ ਇੱਕ ਗਿੱਦੜ ਇਨ੍ਹਾਂ ਕੁੱਤਿਆਂ ਹੱਥੋਂ ਬੱਚਕੇ ਦੌੜ ਗਿਆ।[108]

ਪਰ, ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ "ਅਗਲੇ ਦਿਨ ਸਲਤਨਤ ਦੇ ਤਾਜ ਦੇ ਵੱਡੇ ਮੋਤੀ (ਸ਼ਹਿਜ਼ਾਦੇ) ਰਫ਼ੀਅਉਸ਼ਾਨ ਤੇ ਵਜ਼ੀਰ-ਉਲ-ਮੁਮਾਲਿਕ ਖ਼ਾਨ-ਖ਼ਾਨਾਂ (ਮੁਨਾਇਮ ਖ਼ਾਨ) ਨੂੰ ਹੁਕਮ ਹੋਇਆ ਕਿ ਉਹ ਜਾ ਕੇ ਕਿਲ੍ਹੇ ਨੂੰ ਘੇਰਾ ਪਾ ਲੈਣ। ਇਸ ਤਰ੍ਹਾਂ ਉਨ੍ਹਾਂ ਨੇ ਹੁਕਮ ਮੁਤਾਬਿਕ, ਕਾਬਲ ਫ਼ੌਜਾਂ ਨੂੰ ਤਰਤੀਬ ਦੇ ਕੇ ਉਸ ਫ਼ਰੇਬੀ ਦੇ ਕਿਲ੍ਹੇ ਨੂੰ ਜਾ ਘੇਰਿਆ। ਉਹ ਕਪਟੀ ਆਪਣੀ ਗੜ੍ਹੀ ਦੇ ਬੁਰਜ, ਚਾਰ ਦੀਵਾਰੀ, ਟਿੱਲੇ ਅਤੇ ਦਰਵਾਜ਼ਿਆਂ ਨੂੰ, ਜਿਹੜੇ ਗੜ੍ਹੀ ਦੇ ਚਾਰ-ਚੁਫ਼ੇਰੇ ਸਨ, ਨੂੰ ਮਜ਼ਬੂਤ ਕਰਨ ਵਿਚ ਰੁੱਝ ਗਿਆ। ਉੱਚੇ ਖ਼ਾਨਦਾਨ ਵਾਲੇ ਸ਼ਹਿਜ਼ਾਦੇ ਅਤੇ ਖ਼ਾਨ-ਖ਼ਾਨਾਂ ਹਰ ਇਕ ਇਮਾਰਤ ਦੀ ਮੋਰਚਾਬੰਦੀ ਨੂੰ ਮਜ਼ਬੂਤ ਕਰ ਕੇ ਜੰਗ ਕਰਨ ਵਾਸਤੇ ਤਿਆਰ-ਬਰ-ਤਿਆਰ ਹੋ ਗਏ। ਉਨ੍ਹਾ ਨੇ ਤੋਪਾਂ, ਰਹਿਕਲੇ ਅਤੇ ਰਾਕਟ ਚਲਾਉਣੇ ਸ਼ੁਰੂ ਕਰ ਦਿੱਤੇ। ਰੱਬੀ ਮਦਦ ਸਦਕਾ ਸਬੱਬ ਨਾਲ ਵੱਡ-ਪਰਤਾਪੀ ਸ਼ਹਿਜ਼ਾਦੇ ਵੱਲੋਂ ਇਕ ਰਾਕਟ ਉਸ ਜੁਗਤੀ (ਭਾਈ ਬੰਦਾ ਸਿੰਘ ਬਹਾਦੁਰ) ਦੇ ਬਾਰੂਦਖ਼ਾਨੇ ਦੇ ਢੇਰ ਵਿਚ ਜਾ ਡਿੱਗਾ ਅਤੇ ਉਸ ਨੂੰ ਅੱਗ ਲੱਗ ਗਈ। ਉਸ ਬਦਬਖ਼ਤ ਦੇ ਬੇਸ਼ੁਮਾਰ ਆਦਮੀ ਇਕ ਛਿਣ ਵਿਚ ਜਹਨੁੰਮ ਵਿਚ ਜਾ ਪੁੱਜੇ। ਜਿਹੜੇ ਮੋਰਚੇ ਬਹੁੱਤ ਸਾਰੀਆਂ ਲੱਕੜਾਂ ਨਾਲ ਬਣਾਏ ਸਨ ਉਹ ਸਾਰੇ ਦੇ ਸਾਰੇ ਸੜ ਗਏ। ਜਿਸ ਵੇਲੇ ਅੱਗ ਬੁਝ ਗਈ, ਉੱਚੀ ਕੁਲ ਵਾਲੇ ਸ਼ਹਿਜ਼ਾਦੇ ਨੇ ਉਸ ਲਾਅਨਤੀ ਦੇ ਕਿਲ੍ਹੇ ਦੀ ਨਿਚਾਣ ਵਿਚ ਪੈਰ ਜਮਾ ਲਏ ਪਰ ਉਸ ਗਰੋਹ ਵੱਲੋਂ ਕੋਈ ਆਵਾਜ਼ ਨਹੀਂ ਆ ਰਹੀ ਸੀ ਕਿਉਂਕਿ ਜੰਗ ਦੀ ਦਹਿਸ਼ਤ ਦੋਹਾਂ ਧਿਰਾਂ 'ਤੇ ਹਾਵੀ ਹੁੰਦੀ ਹੈ, ਇਸ ਵਾਸਤੇ ਲਸ਼ਕਰ ਦੇ ਬਹਾਦੁਰ ਅੱਗੇ ਨਾ ਵੱਧਦੇ ਹੋਏ, ਸ਼ਹਿਜ਼ਾਦੇ ਦੇ ਹੁਕਮ ਦੀ ਉਡੀਕ ਕਰਨ ਲੱਗੇ।

---

[107] ਐਲੀਅਟ ਐਂਡ ਡਾਊਸਨ , ਓ.ਪੀ. ਭਾਗ 7, ਪੰਨਾ. 555-56

[108] ਐਲੀਅਟ ਐਂਡ ਡਾਊਸਨ , ਓ.ਪੀ. ਭਾਗ 7,

ਔਰੰਗਾਬਾਦੀ ਲਿਖਦਾ ਹੈ ਕਿ ਖ਼ਾਨ-ਖ਼ਾਨਾਂ ਦੀ ਨੇਕ ਸਲਾਹ ਨਾਲ ਸ਼ਹਿਜ਼ਾਦੇ ਦੀ ਰਾਏ ਵੀ ਇਹੋ ਬਣੀ ਕਿ ਉਸ (ਭਾਈ ਬੰਦਾ ਸਿੰਘ ਬਹਾਦੁਰ) ਦੀ ਮੋਰਚਾਬੰਦੀ ਨੂੰ ਤੋੜਨਾ ਮੁਸ਼ਕਿਲ ਦਿਖਾਈ ਦੇ ਰਿਹਾ ਸੀ ਅਤੇ ਦਿਲ ਵਿਚ ਇਹ ਗੱਲ ਵੀ ਆ ਰਹੀ ਸੀ ਕਿ ਉਪਰੋਕਤ ਗੰਢ ਇੱਕ ਸਾਲ ਤੋਂ ਘੱਟ ਸਮੇਂ ਵਿਚ ਨਹੀਂ ਖੁਲ੍ਹੇਗੀ। ਯਾਨਿ ਕਿ ਇਹ ਮਸਲਾ ਇਕ ਸਾਲ ਤੋਂ ਘੱਟ ਸਮੇਂ ਵਿਚ ਹੱਲ ਨਹੀਂ ਹੋਵੇਗਾ।[109] ਰੱਬੀ ਉਤਸ਼ਾਹ ਨੇ ਕੰਮ ਕੀਤਾ ਅਤੇ ਲੰਬੇ ਸਮੇਂ ਦੇ ਮੁਆਮਲੇ ਨੂੰ ਇਕ ਛਿਣ ਵਿਚ ਹੱਲ ਕਰ ਦਿੱਤਾ। ਕੀ ਜ਼ਰੂਰੀ ਹੈ ? ਕਿ ਅਸੀਂ ਕਾਹਲ ਕਰੀਏ ! ਫ਼ੌਜੀ ਵੀ ਬਹੁੱਤ ਥੱਕ-ਟੁੱਟ ਚੁੱਕੇ ਹਨ। ਇਸ ਵਾਸਤੇ ਅੱਜ ਰੁੱਕ ਜਾਣਾ ਚਾਹੀਦਾ ਹੈ। ਰੱਬ ਨੇ ਚਾਹਿਆ ਤਾਂ ਅਸੀਂ ਭਲਕੇ ਨੂੰ ਸੂਰਜ ਚੜ੍ਹਦੇ ਸਾਰ ਇਕ ਛਿਣ ਵਿਚ ਕਬਜ਼ਾ ਕਰ ਲਵਾਂਗੇ। ਜੇ ਅਸੀਂ ਅੱਜ ਹਮਲਾ ਕਰਦੇ ਹਾਂ ਤਾਂ ਮੁਮਕਿਨ ਹੈ ਕਿ ਉਹ (ਭਾਈ ਬੰਦਾ ਸਿੰਘ ਬਹਾਦੁਰ) ਹੋਰ ਰਸਤੇ ਰਾਹੀਂ ਫ਼ਰਾਰ ਹੋ ਜਾਵੇ ਅਤੇ ਮਿਹਨਤ ਬਰਬਾਦ ਚਲੀ ਜਾਵੇ। ਸੋ, ਹਕੂਮਤ ਵਾਸਤੇ ਇਹੋ ਮੁਨਾਸਿਬ ਹੈ ਕਿ ਅਜੇ ਉਸ ਦੇ ਫ਼ਰਾਰ ਹੋਣ ਦੇ ਰਾਹ ਨੂੰ ਰੋਕਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਜੇ ਉਹ ਕੁਨਸਲਾ ਜੁਗਤੀ ਇੱਥੋਂ ਭੱਜ ਜਾਵੇ ਤਾਂ ਉਸ ਵਾਸਤੇ ਦੋ ਹੀ ਰਸਤੇ ਹਨ: ਪਹਿਲਾ ਬਰਫ਼ੀ ਰਾਜੇ (ਨਾਹਨ) ਦੀ ਸਰਹੱਦ ਵੱਲ, ਅਤੇ ਦੂਜਾ, ਅਫ਼ਗ਼ਾਨ (ਜੰਮੂ ਕਸ਼ਮੀਰ) ਦੀ ਹੱਦ ਵੱਲ। ਉਨ੍ਹਾਂ ਵੱਲ ਲਿਖ ਦੇਣਾ ਚਾਹੀਦਾ ਹੈ ਕਿ ਉਹ ਉਸ ਨੂੰ ਆਪਣੀਆਂ ਸਰਹੱਦਾਂ ਵੱਲ ਆਉਣ ਨਾ ਦੇਣ ਅਤੇ ਪਿਛਲੇ ਰਸਤੇ ਬੰਦ ਕਰ ਦੇਣ। ਜਿਸ ਵੇਲੇ ਚਾਰੇ ਪਾਸਿਆਂ ਦੀ ਪੂਰੀ ਮਜ਼ਬੂਤੀ ਹੋ ਜਾਵੇ ਤਾਂ ਹਮਲਾ ਕਰਕੇ ਇਕ ਬੰਦਾ ਵੀ ਜਿਊਂਦਾ ਨਹੀਂ ਰਹਿਣ ਦਿਤਾ ਜਾਣਾ ਚਾਹੀਦਾ ਤਾਂ ਕਿ ਇਸ ਮਗਰੋਂ ਕੋਈ ਕੁਨਸਲਾ ਆਦਮੀ ਅਜਿਹਾ ਕੋਝਾ ਕੰਮ ਕਰਨ ਦਾ ਭਾਗੀ ਨਾ ਬਣੇ।ਅੱਜ ਚੰਗੀ ਸਲਾਹ ਇਹ ਹੈ ਕਿ ਇਕ ਵੱਡੇ ਸਰਦਾਰ ਦੀ ਅਗਵਾਈ ਹੇਠ ਮੁਨਾਸਿਬ ਫ਼ੌਜਾਂ ਨੂੰ ਮੋਰਚਾਬੰਦੀ 'ਤੇ ਛੱਡ ਕੇ ਰਾਜਧਾਨੀ (ਬਾਦਸ਼ਾਹੀ ਡੇਰਾ) ਨੂੰ ਚਲੇ ਜਾਣਾ ਚਾਹੀਦਾ ਹੈ।" "ਪਰ ਜੇ ਉਪਰੋਕਤ ਕਿਲ੍ਹਾ ਉਨ੍ਹਾਂ ਦੇ ਖ਼ਿਆਲ ਮੁਤਾਬਿਕ ਫ਼ਤਹਿ ਨਾ ਹੋਇਆ, ਤਾਂ ਕੁੱਝ ਨਹੀਂ ਬਚਦਾ। ਜਦੋਂ ਕਿ ਉਸ ਭੈੜੇ ਵਤੀਰੇ ਵਾਲੇ ਕਾਫ਼ਰ (ਭਾਈ ਬੰਦਾ ਸਿੰਘ ਬਹਾਦੁਰ) ਦੀ ਜ਼ਿੰਦਗੀ ਕੁੱਝ ਹੋਰ ਦਿਨਾਂ ਵਾਸਤੇ ਬਚ ਗਈ ਹੋਵੇਗੀ; ਇਸ ਵਾਸਤੇ ਇਹੋ ਜਿਹੀ ਸਲਾਹ ਕਿਵੇਂ ਸੱਚੀ ਹੁੰਦੀ। ਵੱਡ-ਪਰਤਾਪੀ ਸ਼ਹਿਜ਼ਾਦਾ ਰਾਜਧਾਨੀ (ਬਾਦਸ਼ਾਹੀ ਡੇਰਾ) ਵੱਲ ਪਰਤ ਗਿਆ। ਬੁੱਢੀ ਉਮਰ ਦਾ ਹੋਣ ਦੇ ਬਾਵਜੂਦ ਖ਼ਾਨ-ਖ਼ਾਨਾਂ ਵੀ ਧੋਖਾ ਖਾ ਗਿਆ।

ਲੋਹਗੜ੍ਹ ਕਿਲ੍ਹਾ ਮੁਗਲਾਂ ਹੱਥ ਆਉਣਾ ਅਤੇ ਬੰਦਾ ਸਿੰਘ ਬਹਾਦੁਰ ਦਾ ਬੱਚ ਕੇ ਨਿਕਲ ਜਾਣਾ

"ਭਾਈ ਬੰਦਾ ਸਿੰਘ ਬਹਾਦੁਰ ਨੇ ਦੋ ਕੁ ਸੌ ਜਵਾਨ ਉਸ ਕਿਲ੍ਹੇ ਵਿਚ ਛੱਡੇ ਅਤੇ ਬਰਫ਼ੀ ਰਾਜੇ ਦੀ ਸਰਹੱਦ ਰਾਹੀਂ ਬਾਹਰ ਨਿਕਲ ਗਿਆ। ਉਹ ਬਦਕਿਸਮਤ ਸ਼ਖ਼ਸ ਜਿਹੜੇ ਉਸ ਨੇ ਕਿਲ੍ਹੇ ਦੀ ਰਾਖੀ ਵਾਸਤੇ ਪਿੱਛੇ ਛੱਡੇ ਸਨ, ਵੀ ਮੁਸੀਬਤ ਦੇ ਜਾਲ ਵਿਚ ਫਸੇ ਰਹਿ ਗਏ। ਉਸ ਦਿਨ ਸਵੇਰੇ ਹੀ ਸ਼ਹਿਜ਼ਾਦੇ ਨੇ ਪੁੱਜ ਕੇ ਹਮਲਾ ਕਰਨ ਦਾ ਹੁਕਮ ਦਿਤਾ ਅਤੇ ਅਸਾਨੀ ਨਾਲ ਕਿਲ੍ਹਾ ਜਿੱਤ

[109] ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ

ਲਿਆ। ਮੁਗਲ ਫ਼ੌਜਾਂ ਨੇ ਇਥੇ ਜਾਂਬਾਜ਼ ਜਵਾਨ ਕਿਲ੍ਹੇ ਦੀਆਂ ਕੰਧਾਂ ਨਾਲ ਪੌੜੀਆਂ ਲਾ ਕੇ ਅਤੇ ਲਟਕਦੇ ਹੋਏ (ਕਿਲ੍ਹੇ ਦੇ) ਅੰਦਰ ਜਾ ਵੜੇ। ਪਰ, ਜਿਵੇਂ ਉਨ੍ਹਾਂ ਨੇ ਕਿਲ੍ਹੇ ਦੀ ਮਜ਼ਬੂਤੀ ਬਾਰੇ ਸੁਣਿਆ ਸੀ, ਉਨ੍ਹਾਂ ਨੂੰ ਉਹ ਮਜ਼ਬੂਤੀ ਨਜ਼ਰ ਨਹੀਂ ਆਈ। (ਭਾਈ ਬੰਦਾ ਸਿੰਘ ਬਹਾਦੁਰ ਦੇ) ਜਿਨ੍ਹਾਂ ਆਦਮੀਆਂ ਨੇ ਤਲਵਾਰਾਂ ਨਾਲ ਮੁਕਾਬਲਾ ਕੀਤਾ, ਉਹ ਇਕ ਪਲ ਵਿਚ ਕਤਲ ਹੋ ਗਏ। ਜਿਹੜੇ ਭੱਜ ਗਏ, ਉਨ੍ਹਾਂ ਨੂੰ ਆਮ ਲੋਕਾਂ ਨੇ ਪੱਥਰ ਮਾਰ-ਮਾਰ ਕੇ ਪਾਰ ਬੁਲਾ ਦਿਤਾ। ਉਪਰੋਕਤ ਕਿਲ੍ਹਾ ਤੇਜ-ਪ੍ਰਤਾਪ ਵਾਲੇ ਗ਼ਾਜ਼ੀ ਲਸ਼ਕਰ ਦੇ ਕਬਜ਼ੇ ਵਿਚ ਆ ਗਿਆ। ਹਰੇਕ ਸ਼ਖ਼ਸ ਦੇ ਹੱਥ ਬੇਸ਼ੁਮਾਰ ਲੁੱਟ ਦਾ ਮਾਲ ਲੱਗਿਆ। ਇਕ ਹਫ਼ਤੇ ਤੱਕ ਲਸ਼ਕਰ ਵਾਲੇ ਟੋਲੇ ਬਣਾ ਕੇ ਪਹਾੜੀ ਇਲਾਕੇ ਵਿਚ ਦਾਖ਼ਿਲ ਹੁੰਦੇ ਰਹਿੰਦੇ ਸਨ ਅਤੇ ਕਾਫ਼ਰਾਂ ਦੀ ਕੌਮ ਦਾ ਜਿਹੜਾ ਆਦਮੀ ਵੀ ਉਨ੍ਹਾਂ ਨੂੰ ਮਿਲਦਾ, ਉਸ ਨੂੰ ਕਤਲ ਕਰ ਦਿੰਦੇ ਸਨ। ਉਹ ਬਹੁੱਤ ਸਾਰਾ ਲੁੱਟ ਦਾ ਮਾਲ ਇਕੱਠਾ ਕਰ ਕੇ ਆਪਣੇ ਘਰਾਂ ਨੂੰ ਲੈ ਆਉਂਦੇ ਸਨ। ਮਖ਼ਮਲ, ਬਾਨਾਤ, ਕੀਮਖ਼ਾਬ, ਖ਼ੁਤਨ ਅਤੇ ਲਾਹੌਰ ਦੇ ਬੁਣੇ ਹੋਏ ਕਪੜੇ, ਲਾਚੇ, ਅਕਸਰ ਅਨੋਖੀਆਂ ਚੀਜ਼ਾਂ, ਨਕਲੀ, ਬਾਂਦੀ ਤੇ ਗ਼ੁਲਾਮ ਤੋਂ ਵਾਂਝਾ ਕੋਈ ਘਰ ਨਹੀਂ ਰਿਹਾ ਸੀ। ਸੁਸਤ, ਸਖੀ, ਅਫ਼ੀਮੀ, ਪੋਸਤੀ, ਬੀਮਾਰ, ਲੂਣ ਹਰਾਮੀ, ਨਿਤਾਣੇ ਅਤੇ ਬੁਜ਼ਦਿਲ ਜਾਂ ਧਾਰਮਿਕ ਬੰਦਿਆਂ, ਜਿਹੜੇ ਲੜਾਈ ਦੇ ਮੈਦਾਨ ਵਿਚ ਨਹੀਂ ਗਏ ਸਨ, ਉਹ ਉਪਰੋਕਤ ਚੀਜ਼ਾਂ ਤੋਂ ਵਾਂਝੇ ਰਹਿ ਗਏ ਸਨ।"[110]

ਕਿਲ੍ਹੇ' 'ਤੇ 'ਕਬਜ਼ਾ' ਕੀਤੇ ਜਾਣ ਮਗਰੋਂ ਦੇ ਹਾਲਤ ਨੂੰ ਕਾਮਵਰ ਇੰਝ ਬਿਆਨ ਕਰਦਾ ਹੈ:"ਅਸੀਂ ਸਲਾਹ ਕਰ ਕੇ ਕਿਲ੍ਹੇ ਦੇ ਅੰਦਰ ਜਾ ਵੜੇ ਤੇ ਲੁਟ ਮਾਰ ਦਾ ਤਮਾਸ਼ਾ ਵੇਖਣ ਲਗ ਪਏ। ਬਾਦਸ਼ਾਹੀ ਲਸ਼ਕਰ ਦੇ ਮਾਰ-ਖੋਰ ਲੁੱਚੇ ਅਫ਼ਗ਼ਾਨ ਅਤੇ ਬਲੋਚ ਹੱਥੋ-ਪਾਈ ਕਰ ਕੇ ਜ਼ਨਾਨੀਆਂ ਅਤੇ ਬੱਚਿਆਂ ਨੂੰ ਫੜ-ਫੜ ਕੇ ਲਈ ਜਾ ਰਹੇ ਸਨ ਅਤੇ ਮਾਲ ਅਸਬਾਬ ਲੁੱਟ ਰਹੇ ਸਨ। ਇਨ੍ਹਾਂ ਗਾਰਤਕਾਰਾਂ ਹੱਥੋਂ ਬਾਰੂਦਖਾਨੇ 'ਚ ਅੱਗ ਜਾ ਪਈ ਜਿਸ ਨਾਲ ਬੇਸ਼ੁਮਾਰ ਲੋਕ ਮਾਰੇ ਗਏ। ਇਨ੍ਹਾਂ ਵਿਚ ਸੁੱਚਾ ਨੰਦ ਦਾ ਪੁੱਤਰ ਤੇ ਬਹੁਤ ਸਾਰੇ ਮੁਸਲਮਾਨ ਮਰਦ-ਤਰੀਮਤਾਂ ਦੀਆਂ ਲਾਸ਼ਾਂ, ਜੋ ਸਿੱਖਾਂ ਨੇ ਗ੍ਰਿਫ਼ਤਾਰ ਕਰ ਕੇ ਰਖੇ ਹੋਏ ਸਨ, ਮਲਬੇ ਹੇਠ ਦੱਬੀਆਂ ਪਈਆਂ ਸਨ।"

ਮੁਗ਼ਲ ਫ਼ੌਜਾਂ ਨੂੰ ਲੋਹਗੜ੍ਹ ਕਿਲ੍ਹੇ ਵਿਚੋਂ ਪੰਜ ਹਾਥੀ, ਤਿੰਨ ਤੋਪਾਂ, 17 ਛੋਟੀਆਂ ਤੋਪਾਂ, ਸੱਤ ਰਹਿਕਲੇ, ਇਕ ਚੰਦੋਆ ਤੇ ਕੁੱਝ ਚਾਂਦੀ ਦੀਆਂ ਚੋਬਾਂ ਹੀ ਹੱਥ ਆਈਆਂ। ਲੋਹਗੜ੍ਹ ਦੇ ਜ਼ਿਮੀਂਦਾਰ ਕੁੰਦਨ ਪਾਸੋਂ 8 ਕੂ ਲੱਖ ਰੁਪੈ ਅਤੇ ਅਸ਼ਰਫ਼ੀਆਂ ਵਸੂਲ ਹੋਈਆ।[111]

ਪਹਿਲੀ ਦਸੰਬਰ ਨੂੰ ਲੁੱਟ ਦਾ ਸਾਰਾ ਮਾਲ ਮੱਤਾ ਬਾਦਸ਼ਾਹ ਦੇ ਖੇਮੇ ਵਿਚ ਲਿਆਦਾਂ ਗਿਆ। ਇਸ ਲੜਾਈ ਵਿਚ ਬਹਾਦਰੀ ਦਿਖਾਉਣ ਬਦਲੇ 2 ਦਸੰਬਰ ਨੂੰ ਬਾਦਸ਼ਾਹ ਨੇ ਜਮਦਾਤ-ਉਲ-ਮੁਲਕ ਅਤੇ ਬਖ਼ਸ਼ੀ-ਉਲ-ਮੁਮਾਲਿਕ ਦੀ ਬਹੁਤ ਤਾਰੀਫ਼ ਕੀਤੀ। ਇੰਝ ਹੀ ਜ਼ੋਰਾਵਰ ਖ਼ਾਨ, ਰਣਬਾਜ਼ ਖ਼ਾਨ ਤੇ ਸ਼ੇਰ ਖ਼ਾਨ ਨੂੰ ਬਹਾਦਰੀ ਦਿਖਾਉਣ ਬਦਲੇ ਖਿੱਲਤਾਂ ਦਿੱਤੀਆ ਗਈਆ।[112]

---

110 (ਮੁਹੰਮਦ ਕਾਸਿਮ ਔਰੰਗਾਬਾਦੀ: ਅਹਵਾਲ-ਉਲ-ਖਵਾਕੀਨ, ਸੰਪਾਦਕ ਬਲਵੰਤ ਸਿੰਘ ਢਿੱਲੋਂ, ਸਫ਼ੇ 40-43)

111 ਖ਼ਾਫ਼ੀ ਖ਼ਾਨ, ਮੁੰਤਖ਼ਬੁਲ-ਉਲ-ਲੁਬਾਬ, ਜਿਲਦ 2, ਸਫ਼ਾ 672-73

112 ਅਖਬਾਰਾਤਿ-ਦਰਬਾਰਿ-ਮੁਅੱਲਾ, 1.12.1710 ਦੀ ਰਿਪੋਰਟ

ਕੀ ਲੋਹਗੜ੍ਹ ਦਾ ਕਿਲ੍ਹਾ ਇਕ ਦਿਨ ਵਿਚ ਜਿੱਤਿਆ ਜਾ ਸਕਦਾ ਸੀ?

ਉਪਰ ਜੋ ਜ਼ਿਕਰ ਕੀਤਾ ਗਿਆ ਹੈ ਉਹ ਮੁਗ਼ਲਾਂ ਦੀਆਂ ਲਿਖਤਾਂ ਦੇ ਅਧਾਰ 'ਤੇ ਹੈ ਅਤੇ ਜਾਂ ਫਿਰ ਅਖ਼ਬਾਰਾਤਿ-ਦਰਬਾਰਿ-ਮੁਅੱਲਾ (ਜੈਪੁਰ ਦੇ ਰਾਜੇ ਨੂੰ ਲਿਖੀਆਂ ਚਿੱਠੀਆਂ) ਦੇ ਅਧਾਰ 'ਤੇ ਹੈ (ਅਤੇ ਇਨ੍ਹਾਂ ਚਿੱਠੀਆਂ ਵਿਚ ਵੀ ਜੋ ਕੁਝ ਲਿਖਿਆ ਜਾਂਦਾ ਸੀ ਉਹ ਬਾਦਸ਼ਾਹ ਦੇ ਕੈਂਪ ਤੋਂ ਮਿਲੀ ਜਾਣਕਾਰੀ ਦੇ ਅਧਾਰ 'ਤੇ ਹੀ ਹੁੰਦਾ ਸੀ)। ਇਸ ਕਰ ਕੇ ਇਹ ਵੇਰਵਾ ਸਾਰਾ ਮੁਸਲਮਾਨ ਲਿਖਾਰੀਆਂ ਨੇ ਇਕ ਤਾਂ ਬਾਦਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਅਤੇ ਦੂਜਾ ਸਿੱਖਾਂ ਨੂੰ ਕਮਜ਼ੋਰ ਸਾਬਿਤ ਕਰਨ ਵਾਸਤੇ ਲਿਖਿਆ ਸੀ। ਅਸੀਂ ਵੇਖਿਆ ਹੈ ਕਿ ਲੋਹਗੜ੍ਹ ਦਾ ਕਿਲ੍ਹਾ 28-30 ਕਿਲੋਮੀਟਰ ਲੰਬਾ ਅਤੇ 10-15 ਕਿਲੋਮੀਟਰ ਚੋੜਾ ਸੀ। ਜਿਸਦੇ ਦੁਆਲੇ ਡੇਢ ਕੋਹ ਤੱਕ ਭਾਈ ਬੰਦਾ ਸਿੰਘ ਬਹਾਦੁਰ ਨੇ ਮੋਰਚੇ ਬਣਾਏ ਹੋਏ ਸਨ।(ਅਹਵਾਲ-ਉਲ-ਖ਼ਵਾਕੀਨ, ਸਫ਼ਾ 25) ਕੀ ਇਸ ਕਿਲ੍ਹੇ ਨੂੰ ਇਕ-ਦੋ ਦਿਨ ਵਿਚ ਕਬਜ਼ੇ ਵਿਚ ਲਿਆ ਜਾ ਸਕਦਾ ਸੀ? ਇਹ ਨਾਮੁਮਕਿਨ ਹੈ। ਇਕ ਦਿਨ ਵਿਚ ਤਾਂ ਵੱਧ ਤੋਂ ਵੱਧ ਇਕ ਪਹਾੜੀ ਜਿੱਤੀ ਜਾ ਸਕਦੀ ਸੀ। ਇੱਥੇ ਤਾਂ ਦਰਜਨਾਂ ਪਹਾੜੀਆਂ ਸਨ। ਹਰ ਪਹਾੜੀ 'ਤੇ ਬੁਰਜ਼ ਅਤੇ ਮੋਰਚੇ ਬਣੇ ਹੋਏ ਸਨ।

1735 ਦੀ ਰਚਨਾ ਅਹਵਾਲ-ਉਲ-ਖ਼ਵਾਕੀਨ ਦਾ ਲਿਖਾਰੀ ਮੁਹੰਮਦ ਕਾਸਿਮ ਔਰੰਗਾਬਾਦੀ (34 ਤੋਂ 37) ਲਿਖਦਾ ਹੈ ਕਿ "ਖ਼ਾਨ-ਖ਼ਾਨਾ (ਮੁਨਾਇਮ ਖ਼ਾਨ) ਦੀ ਨੇਕ ਸਲਾਹ ਨਾਲ ਸ਼ਹਿਜ਼ਾਦੇ ਦੀ ਰਾਏ ਭੀ ਇਹੋ ਬਣੀ ਕਿ ਉਸ (ਭਾਈ ਬੰਦਾ ਸਿੰਘ ਬਹਾਦੁਰ) ਦੀ ਮੋਰਚਾਬੰਦੀ ਨੂੰ ਤੋੜਨਾ ਅਤੀ ਮੁਸ਼ਕਿਲ ਦਿਖਾਈ ਦੇ ਰਿਹਾ ਸੀ ਅਤੇ ਦਿਲ ਵਿਚ ਇਹ ਗੱਲ ਵੀ ਆ ਰਹੀ ਸੀ ਕਿ ਇਹ ਮਸਲਾ ਇਕ ਸਾਲ ਤੋਂ ਘਟ ਸਮੇਂ ਵਿਚ ਹੱਲ ਨਹੀਂ ਹੋਵੇਗਾ।"[113] ਇਨ੍ਹੀ ਵੱਡੀ ਲੋਹਗੜ੍ਹ ਦੀ ਕਿਲ੍ਹਾਬੰਦੀ ਨੂੰ ਇਤਿਹਾਸਕਾਰਾਂ ਨੇ ਇਕ ਮਜਾਕ ਬਣਾ ਕੇ ਪੇਸ਼ ਕੀਤਾ। ਇਹ ਸਾਰਾ ਇਤਿਹਾਸ ਮੁਗਲਾਂ ਦਾ ਹੌਂਸਲਾ ਬੁਲੰਦ ਰੱਖਣ ਲਈ ਅਤੇ ਮੁਗਲ ਹਕੂਮਤ ਦੀ ਬੇਬਸੀ ਨੂੰ ਛੁਪਾਉਣ ਲਈ ਕੀਤਾ ਗਿਆ।

ਮੁਗਲ ਫੌਜਾਂ ਨੂੰ ਸਿੱਖਾਂ ਨੇ ਲੋਹਗੜ੍ਹ ਕਿਲ੍ਹੇ ਦੇ ਨੇੜੇ ਵੀ ਨਹੀਂ ਆਉਣ ਦਿਤਾ ਅਤੇ ਮੁਗਲਾਂ ਦੀ ਭਾਰੀ ਖੱਜਲ-ਖੁਆਰੀ ਕੀਤੀ (ਮੁਹੰਮਦ ਕਾਸਿਮ ਔਰੰਗਾਬਾਦੀ ਸਫ਼ਾ-11 ਅਹਵਾਲ-ਉਲ-ਖਵਾਕੀਨ ਵਿਚ ਲਿਖਦਾ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਹੱਥੋਂ ਹੋਈਆ ਅਨੋਖੀਆਂ ਘਟਨਾਵਾਂ ਦਾ ਵੇਰਵਾ ਦੇਣਾ ਇਸਲਾਮ ਦੀ ਹੇਠੀ ਅਤੇ ਖੱਜਲ-ਖੁਆਰੀ ਹੈ)

ਉੱਧਰ ਔਰੰਗਾਬਾਦੀ ਲਿਖਦਾ ਹੈ, ਜੋ ਵੀ ਇਸ ਕਿਲ੍ਹੇ ਵੱਲ ਅੱਗੇ ਵਧਿਆ, ਉਸਨੇ ਜਾਨ ਗਵਾ ਲਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਮਾਸਿਕ ਪਤ੍ਰਿਕਾ 'ਗੁਰਮਤ ਪ੍ਰਕਾਸ਼' ਦੇ ਮਈ 2011 ਅੰਕ ਦੇ ਪੰਨਾਂ 53 ਵਿਚ ਪ੍ਰੋਫੈਸਰ ਬਲਵੰਤ ਸਿੰਘ ਲਿਖਦੇ ਹਨ ਕਿ ਲੋਹਗੜ੍ਹ ਕਿਲ੍ਹਾ ਹੁਨਰ ਤੇ ਕਲਾ ਦੀ ਜਾਗਦੀ ਮਿਸਾਲ ਹੈ, ਜਿਸਨੂੰ 60 ਹਜ਼ਾਰ ਦੀ ਫ਼ੋਜ ਸਰ ਨਹੀ ਕਰ ਸਕਦੀ ਸੀ।

---

[113] ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, ਪੰਨਾ 34-37

ਲੋਹਗੜ੍ਹ ਕਿਲ੍ਹੇ ਦੇ ਕਬਜ਼ੇ ਦਾ ਝੂਠਾ ਪ੍ਰਚਾਰ

ਇਹ ਦਾਅਵਾ ਕਰਨਾ ਕਿ ਅਗਲੇ ਦਿਨ ਹਮਲਾ ਕਰ ਕੇ ਕੁਝ ਹੀ ਘੰਟਿਆਂ ਵਿਚ ਮੁਗ਼ਲ ਫ਼ੌਜਾਂ ਨੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਕੋਰਾ ਝੂਠ ਹੈ। ਅਜਿਹਾ ਜਾਪਦਾ ਹੈ ਕਿ ਉਨ੍ਹਾਂ ਨੇ ਸਿਤਾਰਗੜ੍ਹ ਅਤੇ ਨਾਲ ਦੀ ਇਕ ਅੱਧ ਪਹਾੜੀ ਜੋ ਲੋਹਗੜ੍ਹ ਕਿਲ੍ਹੇ ਦੇ ਇਕ ਹਿੱਸੇ ਦਾ ਸ਼ੁਰੂਆਤੀ, ਪਰ ਇਕ ਨਿੱਕਾ ਜਿਹਾ ਹਿੱਸਾ ਸੀ, 'ਤੇ ਕਬਜ਼ਾ ਕੀਤਾ ਸੀ 'ਤੇ ਬਾਦਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਇਹ ਪ੍ਰਚਾਰ ਦਿਤਾ ਸੀ ਕਿ ਉਨ੍ਹਾਂ ਨੇ ਲੋਹਗੜ੍ਹ ਕਿਲ੍ਹੇ ਤੇ ਕਬਜ਼ਾ ਕਰ ਲਿਆ ਹੈ। ਕਾਮਵਰ ਖ਼ਾਨ, ਖ਼ਾਫ਼ੀ ਖ਼ਾਨ ਤੇ ਮੁਹੰਮਦ ਕਾਸਿਮ ਔਰੰਗਾਬਾਦੀ, ਜੋ ਇਸ ਲੜਾਈ ਦੇ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕਰਦੇ ਹਨ, ਨੇ ਮੁਗ਼ਲਾਂ ਦੀ ਤਾਕਤ ਅਤੇ ਸ਼ਾਨ ਦਾ ਪ੍ਰਚਾਰ ਕਰਨ, ਮੁਸਲਮਾਨਾਂ ਦੇ ਹੌਂਸਲੇ ਵਧਾਉਣ ਅਤੇ ਸਿੱਖਾਂ ਦੇ ਖ਼ਿਲਾਫ਼ ਪ੍ਰਚਾਰ ਕਰਨ ਜਾਂ ਸਿੱਖਾ ਨੂੰ ਛੋਟਾ ਅਤੇ ਕਮਜ਼ੋਰ ਸਾਬਿਤ ਕਰਨ ਜਾਂ ਬਾਦਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਇਹ (ਅਤਿਕਥਨੀ) ਤੇ ਝੂਠ ਪਰਚਾਰਿਆ। ਹਕੀਕਤ ਇਹ ਹੈ ਕਿ ਇਹ ਕਿਲ੍ਹਾ ਇਤਨਾ ਵਿਸ਼ਾਲ (ਚੌੜਾ ਅਤੇ ਲੰਮੇਰਾ) ਅਤੇ ਔਖੀਆਂ ਪਹਾੜੀਆਂ ਵਿਚ ਬਣਿਆ ਹੋਇਆ ਸੀ ਕਿ ਇਸ ਨੂੰ ਕਈ ਸਾਲਾਂ ਵਿਚ ਵੀ ਪੂਰੀ ਤਰ੍ਹਾਂ ਜਿੱਤਿਆ ਨਹੀਂ ਸੀ ਜਾ ਸਕਦਾ।

ਹਕੀਕਤ ਇਹ ਹੈ ਕਿ ਸਢੌਰੇ ਤੋਂ ਲੋਹਗੜ੍ਹ ਪਹੁੰਚਣ ਵਾਸਤੇ ਬੜਾ ਔਖਾ ਮੋਰਚਾ ਸੀ। ਇਸ ਰਸਤੇ ਵਿਚ ਸਿੱਖਾਂ ਦੇ ਕਈ ਗੜ੍ਹ ਸਨ, ਜਿਂਵੇ-ਬਕਾਲਾ, ਅਜ਼ੀਜ਼ਪੁਰ ਕਲਾਂ, ਬੰਦਾ ਬਹਾਦਰਪੁਰ, ਨੋਸ਼ਹਿਰਾ, ਬੁੱਢੀ, ਰਾਮਪੁਰ, ਰਣਜੀਤਪੁਰ, ਮਛਰੌਲੀ, ਮਾਰਵਾ, ਕਪੂਰੀ, ਮਹਿਲਾਂਵਾਲੀ, ਜੁੱਡਾ, ਸੁੰਦਰ ਬਹਾਦੁਰਪੁਰ, ਤਾਹਰਪੁਰ, ਤਾਰੂਵਾਲਾ, ਬਸਾਤੀਆਂ ਵਾਲਾ, ਨਗਲੀ, ਮੁਹਿਦੀਨਪੁਰ ਇਨ੍ਹਾਂ ਗੜ੍ਹੀਆਂ ਵਿਚ ਬੁਰਜ ਅਤੇ ਪੱਕੇ ਮੋਰਚੇ ਕਾਇਮ ਸਨ। ਦੂਜੇ ਲਫ਼ਜ਼ਾਂ ਵਿਚ ਲੋਹਗੜ੍ਹ ਪੁੱਜਣ ਤੋਂ ਪਹਿਲਾਂ ਇਨ੍ਹਾਂ ਸਾਰਿਆਂ ਕਿਲ੍ਹਿਆਂ 'ਤੇ ਮੁਗਲਾਂ ਨੂੰ ਲੜਾਈਆਂ ਲੜਨੀਆਂ ਪੈਣੀਆਂ ਸਨ। ਉਧਰ ਭਾਈ ਬੰਦਾ ਸਿੰਘ ਬਹਾਦੁਰ ਨੂੰ ਪਤਾ ਲਗ ਚੁੱਕਾ ਸੀ ਕਿ ਬਾਦਸ਼ਾਹ ਨੇ ਬਹੁਤ ਵੱਡੀ ਫ਼ੌਜ ਨਾਲ ਇਲਾਕੇ ਨੂੰ ਘੇਰਾ ਪਾਇਆ ਹੋਇਆ ਹੈ। ਹਾਲਾਂਕਿ ਪਹਾੜਾਂ ਵਾਲਾ ਪਾਸਾ ਭਾਈ ਬੰਦਾ ਸਿੰਘ ਬਹਾਦੁਰ ਵਾਸਤੇ ਪੂਰੀ ਤਰ੍ਹਾਂ ਮਹਿਫ਼ੂਜ਼ ਸੀ ਅਤੇ ਇੰਝ ਹੀ ਕਲੇਸਰ ਦਾ ਜੰਗਲ ਵੀ ਇਕ ਵਧੀਆ ਡੀਫ਼ੈਂਸ ਸੀ। ਪਹਾੜਾਂ ਦੀਆਂ ਐਨੀਆਂ ਪਰਤਾਂ ਅਤੇ ਚੋਟੀਆਂ ਨੂੰ ਮੁਗ਼ਲ ਫ਼ੌਜਾਂ ਕਈ ਸਾਲਾਂ ਵਿਚ ਜਿੱਤ ਨਹੀਂ ਸਕਦੀਆਂ ਸਨ। ਸਿੱਖ ਤਾ ਸਢੌਰੇ ਅਤੇ ਗੁਰਦਾਸ ਨੰਗਲ ਦੇ ਕਿਲ੍ਹਿਆਂ ਵਿਚ ਕਈ ਮਹੀਨੇ ਲੰਬੇ ਘੇਰੇ ਦੇ ਬਾਦ ਬੜੀ ਮੁਸ਼ਕਲ ਨਾਲ ਮੁਗਲਾਂ ਦੇ ਕਾਬੂ ਆਏ ਸਨ। ਲੋਹਗੜ੍ਹ ਕਿਲ੍ਹੇ ਵਿਚ ਕਈ ਸਢੌਰੇ ਵਰਗੇ ਕਿਲ੍ਹੇ ਸਮਾ ਜਾਂਦੇ ਹਨ।

ਬੰਦਾ ਸਿੰਘ ਬਹਾਦੁਰ ਨੇ ਲੋਹਗੜ੍ਹ ਕਿਉਂ ਛੱਡਿਆ ?

ਲੋਹਗੜ੍ਹ ਦੇ ਇਲਾਕੇ ਵਿਚ ਪਹੁੰਚਣ ਲਈ ਮੁਗਲ ਫੌਜ ਅਪਣਾ ਬਹੁੱਤ ਨੁਕਸਾਨ ਕਰਵਾ ਚੁਕੀ ਸੀ। ਬਾਦਸ਼ਾਹ ਨੇ ਮੋਰਚਿਆਂ ਬਾਰੇ ਜਾਨਕਾਰੀ ਲੈਣ ਦਾ ਹੁਕਮ ਦਿਤਾ ਸੀ। ਪਰ ਖਾਨ-ਖਾਨਾ ਨੇ ਹੁਕਮ ਅਦੁਲੀ ਕਰ ਕੇ ਮੁਗਲ ਫ਼ੌਜ ਦਾ ਭਾਰੀ ਨੁਕਸਾਨ ਕਰਵਾ ਦਿਤਾ ਸੀ। ਲੇਕਿਨ ਪ੍ਰਾਪਤੀ ਕੁਝ ਵੀ ਨਾ ਹੋਈ।ਫ਼ੌਜ ਇਸ ਇਲਾਕੇ ਨੂੰ ਦੂਰ ਬੈਠ ਕੇ ਕੇਵਲ ਦਿਨੇ ਹੀ ਦੇਖ ਸਕਦੀ ਸੀ।

ਕਿਉਂਕਿ ਰਾਤ ਸਮੇਂ ਇਸ ਜਗ੍ਹਾ ਨੂੰ ਛਡਨਾ ਪੈਂਦਾ ਸੀ। ਸਿੱਖ ਫ਼ੌਜ ਰਾਤ ਨੂੰ ਚਾਰੇ ਪਾਸੇ ਤੋ ਅਟੈਕ ਕਰ ਦੇਂਦੀ ਸੀ। ਲੋਹਗੜ੍ਹ ਕਿਲ੍ਹੇ ਅੰਦਰ ਜਾਣ ਬਾਰੇ ਮੁਗਲ ਫੌਜ ਸੋਚ ਭੀ ਨਹੀਂ ਸਕਦੀ ਸੀ। ਭਾਈ ਬੰਦਾ ਸਿੰਘ ਬਹਾਦੁਰ ਲੋੜ ਅਨੁਸਾਰ ਸਿੱਖ ਫ਼ੌਜ ਨੂੰ ਲੋਹਗੜ੍ਹ ਕਿਲ੍ਹੇ ਦੇ ਮੋਰਚਿਆ ਵਿਚ ਛੱਡ ਕੇ ਵਡੀ ਫੋਜ ਦੇ ਕਾਫਲੇ ਨਾਲ ਉਪਰ ਦੇ ਪਹਾੜੀ ਕਿਲ੍ਹੇ ਜਿਤਦੇ ਹੋਏ ਲਾਹੋਰ ਤੱਕ ਜਾ ਪਹੁੰਚੇ।[114]

ਲੋਹਗੜ੍ਹ ਤੋਂ ਪਹਿਲੇ ਦੀਆਂ ਇੱਕ-ਦੋ ਪਹਾੜੀਆਂ ਜਿੱਤਣ ਤੋਂ ਬਾਅਦ ਦੇ ਹਾਲਾਤ

ਇਕ ਦੋ ਪਹਾੜਿਆ ਦੀ ਜਿੱਤ ਨੂੰ ਮੁਗ਼ਲ ਲੋਹਗੜ੍ਹ ਦੀ ਜਿੱਤ ਕਹਿੰਦੇ ਹਨ, ਮੁਗ਼ਲਾਂ ਨੇ ਇਸ ਨੂੰ ਹੀ ਲੋਹਗੜ੍ਹ ਕਿਲ੍ਹੇ ਨੂੰ ਜਿੱਤ ਲੈਣ ਦਾ ਕਾਰਨਾਮੇ ਵਜੋਂ ਐਲਾਨ ਕਰ ਦਿੱਤਾ ਸੀ। ਇਹ ਨਿੱਕੀ ਜਿਹੀ ਲੜਾਈ 30 ਨਵੰਬਰ ਦੀ ਲੜਾਈ ਸੀ। ਮੁਗ਼ਲ ਜਰਨੈਲਾਂ ਨੇ ਦੋ ਪਹਾੜੀਆਂ ਉੱਤੇ ਕਬਜ਼ਾ ਕਰਨ ਨੂੰ ਲੋਹਗੜ੍ਹ ਕਿਲ੍ਹਾ ਜਿੱਤਣਾ ਐਲਾਨ ਕਰਕੇ ਬਾਦਸ਼ਾਹ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ। ਪਰ ਬਹਾਦਰ ਸ਼ਾਹ ਨੂੰ ਅੱਜੇ ਤੱਕ ਇਹ ਨਹੀਂ ਸੀ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਪਹਾੜੀਆਂ ਦੇ ਰਸਤੇ ਨਿਕਲ ਗਿਆ ਹੈ। ਖ਼ਾਫ਼ੀ ਖ਼ਾਨ ਮੁਤਾਬਿਕ, ਜਦੋਂ ਭਾਈ ਬੰਦਾ ਸਿੰਘ ਬਹਾਦੁਰ ਦੇ ਨਿਕਲ ਜਾਣ ਦੀ ਖ਼ਬਰ ਬਹਾਦਰ ਸ਼ਾਹ ਨੂੰ ਮਿਲੀ ਤਾਂ ਉਹ ਬੜਾ ਗੁੱਸੇ ਵਿਚ ਆਇਆ ਅਤੇ ਉਸ ਨੇ ਕਿਹਾ 'ਐਨੇ ਕੁੱਤਿਆਂ ਦੇ ਘੇਰੇ ’ਚੋਂ ਗਿੱਦੜ ਬਚ ਕੇ ਨਿਕਲ ਗਿਆ? ' ਬਾਦਸ਼ਾਹ ਦੇ ਇਸ ਗੁੱਸੇ ਦਾ ਇਸ਼ਾਰਾ ਖ਼ਾਨ-ਖ਼ਾਨਾਂ (ਮੁਨਾਇਮ ਖ਼ਾਨ) ਵੱਲ ਸੀ ਕਿਉਂਕਿ ਉਸ ਨੇ ਹੀ ਬਾਦਸ਼ਾਹ ਦੇ ਹੁਕਮ ਦੀ ਪਰਵਾਹ ਕੀਤੇ ਬਿਨਾਂ, ਆਪਣੀ ਮਰਜ਼ੀ ਨਾਲ, ਹੱਲਾ ਬੋਲ ਦਿੱਤਾ ਸੀ। ਇਹ ਸੁਣ ਕੇ ਖ਼ਾਨ-ਖ਼ਾਨਾ ਨਿਮੋਝੂਣਾ ਹੋ ਕੇ ਦਰਬਾਰ 'ਚੋਂ ਉਠ ਆਇਆ (ਖ਼ਾਨ-ਖ਼ਾਨਾ ਨੇ ਇਹ ਗੱਲ ਦਿਲ ਨੂੰ ਲਾ ਲਈ ਤੇ ਉਹ ਬੀਮਾਰ ਪੈ ਗਿਆ ਅਤੇ ਢਾਈ ਮਹੀਨੇ ਪਿੱਛੋਂ, ਉਹ ਸਢੌਰੇ ਨੇੜੇ ਪਿੰਡ ਬਢੌਲੀ ਵਿਚ ਮਰ ਗਿਆ ਇਸ ਖ਼ਾਨ ਖ਼ਾਨਾਂ ਨੂੰ ਮੁਗ਼ਲੀਆਂ ਸਲਤਨਤ ਦਾ ਉਸ ਵੇਲੇ ਦਾ ਸਭ ਤੋਂ ਵੱਡਾ ਮਨਸਬ ਸੱਤ ਹਜ਼ਾਰ ਜ਼ਾਤ ਅਤੇ ਸੱਤ ਹਜ਼ਾਰ ਸਵਾਰ, ਜਿਸ ਵਿੱਚੋਂ ਪੰਜ ਹਜ਼ਾਰ ਦੋ-ਅਸਪਾ ਸੀ, ਮਿਲਿਆ ਹੋਇਆ ਸੀ। ਖ਼ਾਨ-ਖ਼ਾਨਾਂ ਹੁਣ ਤੱਕ ਆਪਣੇ ਕਾਰਨਾਮਿਆਂ ਕਾਰਨ ਇਕ ਕਰੋੜ ਰੁਪੈ ਦੇ ਕਰੀਬ ਇਨਾਮ ਹਾਸਿਲ ਕਰ ਚੁੱਕਾ ਸੀ)।

ਭਾਈ ਬੰਦਾ ਸਿੰਘ ਬਹਾਦੁਰ ਦੇ ਬਚ ਨਿਕਲਣ ਦੇ ਅਫ਼ਸੋਸ ਵਜੋਂ ਬਾਦਸ਼ਾਹ ਨੇ ਢੋਲ, ਨਗਾਰੇ ਤੇ ਨਾਚ-ਗਾਣਾ ਬੰਦ ਕਰਵਾ ਦਿੱਤਾ ਅਤੇ ਉਹ ਅਫ਼ਸੋਸ-ਜ਼ਦਾ ਹੋ ਕੇ ਬੈਠ ਗਿਆ। ਭਾਈ ਬੰਦਾ ਸਿੰਘ ਬਹਾਦੁਰ ਦੇ ਕਿਲ੍ਹੇ ਵਿੱਚੋਂ ਨਿਕਲਣ 'ਤੇ ਗੁਲਾਬ ਸਿੰਘ ਦੇ ਫੜੇ ਜਾਣ ਬਾਰੇ ਖ਼ਾਫ਼ੀ ਖ਼ਾਨ ਲਿਖਦਾ ਹੈ ਕਿ "ਬਾਜ਼ ਉਡ ਗਿਆ ਸੀ ਅਤੇ ਉੱਲੂ ਫੜਿਆ ਗਿਆ ।" (ਐਲੀਅਟ ਐਂਡ ਡਾਊਸਨ, ਜਿਲਦ 7, ਸਫ਼ਾ 555-56) ਪਰ, ਮੁਹੰਮਦ ਕਾਸਿਮ ਔਰੰਗਾਬਾਦੀ (ਅਹਵਾਲ-ਉਲ-ਖਵਾਕੀਨ) ਮੁਤਾਬਿਕ ਵੱਡੇ ਸ਼ਹਿਜ਼ਾਦੇ ਅਤੇ ਖ਼ਾਨ-ਖ਼ਾਨਾਂ ਨੇ ਕਿਲ੍ਹੇ ਨੂੰ ਜਿੱਤਣ ਮਗਰੋਂ ਇਕ ਦਮ ਬਾਦਸ਼ਾਹ ਨੂੰ ਹਰਕਾਰੇ ਰਾਹੀਂ ਦਰਖ਼ਾਸਤ ਭੇਜੀ, ਜਿਸ ਨੂੰ ਪੜ੍ਹ ਕੇ ਬਾਦਸ਼ਾਹ ਬਹੁੱਤ ਖ਼ੁਸ਼ ਹੋਇਆ ਅਤੇ ਰੱਬ ਦੇ ਸ਼ੁਕਰਾਨੇ ਵਜੋਂ ਸੱਜਦੇ ਕੀਤੇ। ਪਰ ਨਾਲ ਹੀ ਭਾਈ ਬੰਦਾ ਸਿੰਘ ਬਹਾਦੁਰ ਦੇ ਫ਼ਰਾਰ ਹੋਣ ਕਰ ਕੇ ਉਸ ਦਾ ਮਨ ਸੋਚਾਂ ਵਿਚ ਡੁੱਬ ਗਿਆ। ਬਾਦਸ਼ਾਹ ਨੇ ਪੁੱਛਿਆ ਕਿ ਉਹ

---

[114] ਜੱਥੇਦਾਰ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼, ਵਕੀਲ ਦੀ ਰਿਪੋਰਟ ਨੰਬਰ 351, ਮਿਤੀ 6 ਮਾਰਚ 1711

ਕਿਹੜੇ ਪਾਸਿਉਂ ਬਾਹਰ ਨਿਕਲ ਗਿਆ? ਮਗਰੋਂ ਸ਼ਹਿਜ਼ਾਦਾ ਅਤੇ ਖ਼ਾਨ-ਖ਼ਾਨਾਂ ਆ ਗਏ ਅਤੇ ਉਨ੍ਹਾਂ ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ਰਾਰੀ ਦਾ ਹਾਲ ਵੇਰਵੇ ਨਾਲ ਸੁਣਾਇਆ* ਅਤੇ ਦੱਸਿਆ ਕਿ ਉਹ ਬਰਫ਼ੀ ਰਾਜਾ (ਨਾਹਨ ਦਾ ਰਾਜਾ) ਦੇ ਇਲਾਕੇ ਵੱਲ ਨਿਕਲ ਗਿਆ ਹੈ। ਇਸ 'ਤੇ ਬਾਦਸ਼ਾਹ ਨੇ ਹੁਕਮ ਕੀਤਾ ਕਿ ਬਰਫ਼ੀ ਰਾਜਾ ਨੂੰ ਬਿਨਾਂ ਕਿਸੇ ਦੇਰੀ ਤੋਂ ਹਾਜ਼ਰ ਕੀਤਾ ਜਾਵੇ। {*ਅਹਵਾਲ-ਉਲ-ਖ਼ਵਾਕੀਨ ਦੇ ਲੇਖਕ ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ, ਭਾਈ ਬੰਦਾ ਸਿੰਘ ਬਹਾਦੁਰ ਦੇ ਬਚ ਕੇ ਨਿਕਲ ਜਾਣ 'ਤੇ ਬਾਦਸ਼ਾਹ ਮੁਨਾਇਮ ਖ਼ਾਨ ਖ਼ਾਨ-ਖ਼ਾਨਾਂ ਨਾਲ ਗੁੱਸੇ ਨਹੀਂ ਹੋਇਆ ਸੀ, [115] ਪਰ ਖ਼ਾਫ਼ੀ ਖ਼ਾਨ ਮੁਤਾਬਿਕ ਬਹੁਤ ਹੀ ਗੁੱਸੇ ਹੋਇਆ ਸੀ ਤੇ ਉਸ ਨੂੰ 'ਕੁੱਤੇ' ਨਾਲ ਤਸ਼ਬੀਹ ਦਿੱਤੀ ਸੀ।

ਅਖ਼ਬਾਰਾਤਿ-ਦਰਬਾਰਿ-ਮੁਅੱਲਾ ਮੁਤਾਬਿਕ: ਐਤਵਾਰ, 3 ਦਸੰਬਰ 1710 ਦੇ ਦਿਨ ਬਾਦਸ਼ਾਹ ਨੇ ਦਰਬਾਰ ਲਾਇਆ ਅਤੇ ਸਿੱਖਾਂ ਦੇ ਖ਼ਿਲਾਫ਼ ਲੜਾਈ ਵਿਚ ਰੋਲ ਅਦਾ ਕਰਨ ਵਾਲਿਆਂ ਨੂੰ ਇਨਾਮ ਦਿੱਤੇ।

ਇਸ ਦੇ ਨਾਲ ਹੀ ਬਾਦਸ਼ਾਹ ਨੇ ਗਿਆਨ ਚੰਦ (ਰਾਜਾ ਕਮਾਯੂੰ), ਫ਼ਤਹਿ ਸ਼ਾਹ (ਰਾਜਾ ਗੜ੍ਹਵਾਲ) ਤੇ ਭੂਪ ਪ੍ਰਕਾਸ਼ ਉਰਫ਼ 'ਰਾਜਾ ਬਰਫ਼ੀ' (ਰਾਜਾ ਨਾਹਨ) ਦੇ ਨਾਂ ਫ਼ੁਰਮਾਨ ਭੇਜੇ ਕਿ "ਬੰਦਾ ਡਾਬਰ (ਲੋਹਗੜ੍ਹ) ਤੋਂ ਹਰਨ ਹੋ ਗਿਆ ਹੈ। ਜੇ ਤੁਹਾਡੇ ਬੰਨੇ ਅੰਦਰ ਪਹੁੰਚੇ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਕੇ ਹਜ਼ੂਰ ਭੇਜ ਦਿਓ।" ਬਾਦਸ਼ਾਹ ਨੇ ਹਾਮਿਦ ਖ਼ਾਨ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੀ ਖੋਜ਼ ਵਿਚ ਭੇਜ ਦਿੱਤਾ ਅਤੇ ਕਿਹਾ ਕਿ ਉਹ ਨਾ ਫੜਿਆ ਜਾ ਸਕੇ ਤਾਂ ਨਾਹਨੀਏ ਰਾਜੇ ਭੂਪ ਪ੍ਰਕਾਸ਼ ਨੂੰ ਫੜ ਕੇ ਲੈ ਆਉਣ (ਕਿਉਂਕਿ ਭਾਈ ਬੰਦਾ ਸਿੰਘ ਬਹਾਦੁਰ ਉਸ ਦੇ ਇਲਾਕੇ ਵਿਚ ਗਿਆ ਸੀ)। ਬਾਦਸ਼ਾਹ ਨੇ ਇਹ ਵੀ ਹੁਕਮ ਦਿੱਤਾ ਕਿ ਨਾਹਨੀਏ ਰਾਜੇ ਨੂੰ ਗ੍ਰਿਫ਼ਤਾਰ ਕਰਕੇ ਪਿੰਜ਼ਰੇ ਵਿਚ ਪਾ ਕੇ ਦਿੱਲੀ ਲਿਜਾਇਆ ਜਾਏ। ਇਹ ਉਹੀ ਪਿੰਜਰਾ ਸੀ ਜਿਸ ਵਿਚ ਭਾਈ ਬੰਦਾ ਸਿੰਘ ਬਹਾਦੁਰ ਨੂੰ ਪਾ ਕੇ ਲਿਆਉਣ ਵਾਸਤੇ ਉੱਥੇ ਲਿਆਦਾਂ ਗਿਆ ਸੀ। (ਐਲੀਅਟ ਐਂਡ ਡਾਊਸਨ, ਜਿਲਦ 7, ਸਫ਼ਾ 425)। 6 ਦਸੰਬਰ ਨੂੰ ਬਾਦਸ਼ਾਹ ਨੇ ਹੁਕਮ ਜ਼ਾਰੀ ਕੀਤਾ ਕਿ ਸ਼ਾਹੀ ਫ਼ੌਜ ਦੇ ਹਿੰਦੂ ਅਫ਼ਸਰਾਂ ਵਿਚੋਂ ਕੋਈ ਵੀ ਨਾ ਤਾਂ ਗ਼ੁਲਾਮਾਂ ਨੂੰ 'ਤੇ ਨਾ ਔਰਤਾਂ ਨੂੰ ਖ਼ਰੀਦ ਸਕਦਾ ਹੈ ਅਤੇ ਨਾ ਹੀ ਬਾਗ਼ੀਆਂ ਦੇ ਮਾਲ ਦੀ ਲੁੱਟ-ਮਾਰ ਕਰ ਸਕਦਾ ਹੈ (ਇਹ ਹੱਕ ਸਿਰਫ਼ ਮੁਸਲਮਾਨਾਂ ਨੂੰ ਹੀ ਹਾਸਿਲ ਸੀ)। ਬਾਦਸ਼ਾਹ ਨੇ ਇੱਥੋਂ ਤੱਕ ਕਿਹਾ ਕਿ ਜੇ ਕਿਸੇ ਹਿੰਦੂ ਅਫ਼ਸਰ ਨੇ ਕੋਈ ਗ਼ੁਲਾਮ ਜਾਂ ਔਰਤ ਫੜੀ ਹੋਵੇ ਤਾਂ ਉਸ ਨੂੰ ਛੱਡ ਦੇਵੇ। ਇੱਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਬਹਾਦਰ ਸ਼ਾਹ ਦੀ ਮਦਦ ਕਰਨ ਵਾਲਿਆਂ ਵਿੱਚੋਂ ਬਹੁਤੇ ਲੋਕ ਹਿੰਦੂ ਰਾਜੇ ਅਤੇ ਚੌਧਰੀ ਸਨ ਪਰ ਉਨ੍ਹਾਂ ਨਾਲ ਵੀ ਬਹਾਦਰ ਸ਼ਾਹ ਦਾ ਸਲੂਕ ਇਹੋ ਜਿਹਾ ਸੀ। [116]

ਸਿੱਖਾਂ ਦੇ ਕਤਲੇਆਮ ਦਾ ਹੁਕਮ ਜਾਰੀ ਕਰਨਾ

10 ਦਸੰਬਰ 1710 ਨੂੰ [117] ਬਾਦਸ਼ਾਹ ਨੇ ਬਖ਼ਸ਼ੀ-ਉਲ-ਮੁਮਾਲਿਕ ਮਹਾਬਤ ਖ਼ਾਨ ਨੂੰ ਹੁਕਮ ਜਾਰੀ ਕੀਤਾ ਕਿ ਉਸ (ਬਾਦਸ਼ਾਹ) ਦੇ ਨਾਂ 'ਤੇ ਦਿੱਲੀ ਦੇ ਆਲੇ-ਦੁਆਲੇ ਦੇ ਫ਼ੌਜਦਾਰਾਂ ਨੂੰ ਫ਼ੁਰਮਾਨ ਜ਼ਾਰੀ ਕਰੇ ਕਿ "ਜਿੱਥੇ ਵੀ ਕੋਈ ਨਾਨਕ-ਪ੍ਰਸਤ (ਸਿੱਖ) ਨਜ਼ਰ ਆਵੇ ਉਸ ਨੂੰ ਕਤਲ

---

[115] ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, ਪੰਨਾ 34-37

[116] ਅਖਬਾਰਾਤਿ-ਦਰਬਾਰਿ-ਮੁਅੱਲਾ , 6 ਦਸੰਬਰ 1710 ਦੀ ਐਂਟਰੀ

[117] ਕੁਝ ਕਾਗਜ਼ਾਂ ਵਿਚ 30 ਨਵੰਬਰ 1710 ਨੂੰ ਵੀ ਤਾਰੀਖ ਦਾ ਜ਼ਿਕਰ ਕੀਤਾ ਗਿਆ ਹੈ. ਰਕ ਇਹ ਹੈ ਕਿ ਜੂਲੀਅਨ ਅਤੇ ਗ੍ਰੈਗੋਰੀਅਨ ਕੈਲੰਡਰਾਂ ਦੀ ਵਰਤੋਂ ਕੀਤੀ ਗਈ ਹੈ।

ਕਰ ਦਿੱਤਾ ਜਾਵੇ। " (ਮਗਰੋਂ 26 ਮਾਰਚ 1711 ਨੂੰ ਬਾਦਸ਼ਾਹ ਨੇ ਇਹ ਹੁਕਮ ਵੀ ਜ਼ਾਰੀ ਕੀਤਾ ਕਿ ਸਿੱਖਾਂ ਨੂੰ 'ਸਿੱਖ' ਨਹੀਂ ਬਲਕਿ 'ਸਿੱਖ-ਚੋਰ' ਲਿਖਿਆ ਜਾਇਆ ਕਰੇ)।[118]

ਰਾਜਾ ਨਾਹਨ ਦੀ ਗ੍ਰਿਫ਼ਤਾਰੀ

ਬਾਦਸ਼ਾਹ ਨੇ ਰੁਸਤਮ ਦਿਲ ਖ਼ਾਨ ਨੂੰ ਹੁਕਮ ਜ਼ਾਰੀ ਕੀਤਾ ਸੀ ਕਿ ਨਾਹਨੀਏ ਰਾਜੇ ਭੂਪ ਪ੍ਰਕਾਸ਼ ਨੂੰ ਫੜ ਕੇ ਲਿਆਂਦਾ ਜਾਵੇ ਅਤੇ ਮੇਰੇ ਹਜ਼ੂਰ ਪੇਸ਼ ਕੀਤਾ ਜਾਵੇ। ਉਸ ਨੇ ਹਾਮਿਦ ਖ਼ਾਨ ਨੂੰ ਨਾਹਨ ਭੇਜ ਕੇ ਰਾਜੇ ਨੂੰ ਲਿਆਉਣ ਵਾਸਤੇ ਭੇਜ ਦਿਤਾ। ਹਾਮਿਦ ਖ਼ਾਨ ਨੇ ਰਾਜਾ ਭੂਪ ਪ੍ਰਕਾਸ਼ ਨੂੰ ਬਾਦਸ਼ਾਹ ਦਾ ਪੈਗ਼ਾਮ ਦਿਤਾ। ਉਸ ਨੇ ਉਸ ਨੂੰ ਇਹ ਵੀ ਕਿਹਾ ਕਿ ਇਹ ਮਹਾਬਤ ਖ਼ਾਨ ਦਾ ਵਚਨ ਹੈ ਕਿ ਉਸ ਦਾ ਕੁੱਝ ਵੀ ਨਹੀਂ ਵਿਗੜੇਗਾ। ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ ਹਾਮਿਦ ਖ਼ਾਨ ਨਾਹਨ ਦੇ ਨਾਬਾਲਗ ਰਾਜੇ ਭੂਪ ਪ੍ਰਕਾਸ਼ ਨੂੰ ਲੈ ਆਇਆ। ਖਵਾਜਾ ਕੁਤਬਦੀਨ, ਹਰਕਾਰਾ ਦਿਆਨਤ ਰਾਓ ਅਤੇ ਓਮਾ ਪੰਡਤ ਉਸ ਨੂੰ ਲੈ ਕੇ ਬਾਦਸਾਹ ਦੇ ਹਜ਼ੂਰ ਪੁੱਜੇ। ਭੂਪ ਪ੍ਰਕਾਸ਼ ਨੇ ਬਾਦਸ਼ਾਹ ਨੂੰ ਇਕ ਸੌ ਮੁਹਰ, ਚਾਰ ਬਾਜ਼, ਪੰਜ ਜੁੱਰੇ (ਨਰ ਬਾਜ਼, ਸ਼ਿਕਾਰੀ ਪੰਛੀ), ਨੌਂ ਕਿਤਾਸ਼ ਤੇ ਪੰਜ ਸੌ ਜਦਵਾਰ ਪੇਸ਼ ਕੀਤੀਆਂ।[119] ਬਾਦਸ਼ਾਹ ਨੇ ਉਸ ਨੂੰ ਇਸ ਬਦਲੇ ਜੋੜਾ-ਜਾਮਾ ਭੇਟ ਕੀਤਾ ਪਰ ਦਰਬਾਰ ਵਿਚ ਰਹਿਣ ਦਾ ਹੁਕਮ ਵੀ ਦਿੱਤਾ।

ਅਗਲੇ ਦਿਨ ਉਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਨੂੰ ਗ੍ਰਿਫ਼ਤਾਰ ਕਰਵਾਉਣ ਦੀ ਸ਼ਰਤ 'ਤੇ ਰਿਹਾਈ ਦੀ ਪੇਸ਼ਕਸ਼ ਕੀਤੀ। ਬਾਦਸ਼ਾਹ ਨੇ ਰਾਜਾ ਨਾਹਨ ਨੂੰ ਹੁਕਮ ਕੀਤਾ ਕਿ "ਕਾਲੀ ਕੰਬਲ਼ੀ ਵਾਲੇ (ਭਾਈ ਬੰਦਾ ਸਿੰਘ ਬਹਾਦੁਰ) ਜਿਹੜਾ ਉਸ ਦੀ ਸਰਹੱਦ ਵਿਚ ਲੁਕਿਆ ਹੋਇਆ ਹੈ, ਨੂੰ ਲੱਭ ਕੇ ਦੇਵੇ ਨਹੀਂ ਤਾਂ ਉਸ ਪਿੰਜਰੇ, ਜਿਹੜਾ ਉਸ ਬਦਕਿਸਮਤ (ਭਾਈ ਬੰਦਾ ਸਿੰਘ ਬਹਾਦੁਰ) ਵਾਸਤੇ ਤਜਵੀਜ਼ ਹੋਇਆ ਸੀ, ਨੂੰ ਕਬੂਲ ਕਰੇ।"[120] ਬਾਦਸ਼ਾਹ ਨੇ ਉਸ ਦੀ ਮਾਂ ਨੂੰ ਵੀ ਪੈਗ਼ਾਮ ਭੇਜਿਆ ਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਨੂੰ ਪਕੜਾ ਦੇਵੇ ਅਤੇ ਆਪਣਾ ਪੁੱਤਰ ਲੈ ਜਾਵੇ। ਇਸ 'ਤੇ ਨਾਹਨ ਦੇ ਰਾਜੇ ਦੀ ਮਾਂ ਨੇ 35 ਸਿੱਖ ਗ੍ਰਿਫ਼ਤਾਰ ਕਰਵਾ ਕੇ ਭੇਜੇ। ਬਾਦਸ਼ਾਹ ਨੇ ਉਹ ਸਾਰੇ ਮਰਵਾ ਦਿਤੇ ਪਰ ਭਾਈ ਬੰਦਾ ਸਿੰਘ ਬਹਾਦੁਰ ਦੀ ਗ੍ਰਿਫ਼ਤਾਰੀ ਤੱਕ ਰਾਜਾ ਨਾਹਨ ਨੂੰ ਛੱਡਣ ਤੋਂ ਨਾਂਹ ਕਰ ਦਿਤੀ।

ਰਾਜਾ ਨਾਹਨ ਭੂਪ ਪ੍ਰਕਾਸ਼ ਨੂੰ ਮਹਾਬਤ ਖ਼ਾਨ ਦੀ ਕੈਦ ਵਿਚ ਰੱਖਿਆ ਗਿਆ ਸੀ। 17 ਮਾਰਚ ਨੂੰ ਬਾਦਸ਼ਾਹ ਨੇ (ਨਿਜੀ ਸਿਪਾਹੀਆਂ) ਰਾਹੀਂ ਮਹਾਬਤ ਖ਼ਾਨ ਨੂੰ ਹੁਕਮ ਕੀਤਾ ਕਿ ਭੂਪ ਪ੍ਰਕਾਸ਼ ਨੂੰ ਉਸ ਕੰਡਿਆਂ ਵਾਲੇ ਪਿੰਜਰੇ ਵਿਚ ਪਾ ਦੇਵੇ ਜਿਹੜਾ ਗੁਰੂ (ਭਾਈ ਬੰਦਾ ਸਿੰਘ ਬਹਾਦੁਰ) ਵਾਸਤੇ ਬਣਵਾਇਆ ਗਿਆ ਸੀ। ਇਸ 'ਤੇ ਮਹਾਬਤ ਖ਼ਾਨ ਨੇ ਅਰਜ਼ ਕੀਤੀ ਕਿ ਰਾਜਾ ਬੇਕਸੂਰ ਹੈ ਅਤੇ ਗੁਰੂ (ਭਾਈ ਬੰਦਾ ਸਿੰਘ ਬਹਾਦੁਰ) ਪਹਿਲਾਂ ਹੀ ਉਸ ਦੇ ਇਲਾਕੇ ਵਿਚੋਂ ਜਾ ਚੁੱਕਾ ਹੈ। ਇਸ 'ਤੇ ਬਾਦਸ਼ਾਹ ਨੇ ਕਿਹਾ ਕਿ ਜੇ ਅਸੀਂ ਉਸ (ਭੂਪ ਪ੍ਰਕਾਸ਼) ਨੂੰ ਸਜ਼ਾ ਨਾ ਦਿੱਤੀ ਤਾਂ ਸਾਰੇ

[118] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 26 ਮਾਰਚ 1711 ਦੀ ਰਿਪੋਰਟ

[119] ਜੁਰਰਾ, ਕਿਤਸ਼ ਅਤੇ ਜਦਵਾਰ ਸ਼ਿਕਾਰ ਦੇ ਸਾਰੇ ਪੰਛੀ ਹਨ. ਅਖ਼ਬਾਰਾਤਿ-ਦਰਬਾਰਿ-ਮੁਅੱਲਾ, 12.12.1710 ਦੀ ਰਿਪੋਰਟ

[120] ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, ਪੰਨਾਂ 37

ਜ਼ਿਮੀਂਦਾਰ (ਪਹਾੜੀ ਰਾਜੇ) ਸਿੱਖ ਬਣ ਜਾਣਗੇ, ਤੂੰ ਉਸ ਨੂੰ ਜ਼ਰੂਰ ਸਜ਼ਾ ਦੇ। ਮਹਾਬਤ ਖ਼ਾਨ ਨੇ ਫਿਰ ਕਿਹਾ ਕਿ ਪਿੰਜ਼ਰੇ ਦੇ ਅੰਦਰ ਤੀਖੇ ਅਤੇ ਸਖ਼ਤ ਕਿੱਲ ਹਨ ਅਤੇ ਜਿਉਂ ਹੀ ਰਾਜੇ ਨੂੰ ਉਸ ਵਿਚ ਪਾਇਆ, ਉਹ ਮਰ ਜਾਵੇਗਾ। ਇਸ 'ਤੇ ਬਾਦਸ਼ਾਹ ਨੇ ਕਿਹਾ ਕਿ ਜੇ ਉਹ ਮਰ ਜਾਵੇਗਾ ਤਾਂ ਉਹ ਯਕੀਨਨ ਜਹੱਨੁਮ ਵਿਚ ਜਾਏਗਾ। ਇਸ ਮਗਰੋਂ ਮਹਾਬਤ ਖ਼ਾਨ ਨੇ ਹੋਰ ਅਰਜ਼ ਨਹੀਂ ਕੀਤੀ। ਦਰਅਸਲ ਮਹਾਬਤ ਖ਼ਾਨ ਨੇ ਰਾਜਾ ਨਾਹਨ ਨੂੰ ਇਸ ਵਚਨ ਨਾਲ ਬਾਦਸ਼ਾਹ ਕੋਲ ਪੇਸ਼ ਹੋਣ ਵਾਸਤੇ ਲਿਆਦਾ ਸੀ ਕਿ ਉਸ (ਰਾਜਾ) ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਪਰ ਬਾਦਸ਼ਾਹ ਨੇ ਮਹਾਬਤ ਖ਼ਾਨ ਦੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਇਸ ਹਾਲਤ ਵਿਚ ਮਹਾਬਤ ਖ਼ਾਨ ਨੇ ਮਜ਼ਬੂਰ ਹੋ ਕੇ ਰਾਜੇ ਨੂੰ ਪਿੰਜਰੇ ਵਿਚ ਬੰਦ ਕਰ ਦਿੱਤਾ ਪਰ ਇਹ ਕਰਨ ਤੋਂ ਪਹਿਲਾਂ ਉਸ ਨੇ ਪਿੰਜ਼ਰੇ ਦੇ ਅੰਦਰ ਦੇ ਕਿੱਲ ਟੇਢੇ ਕਰ ਦਿੱਤੇ ਤਾਂ ਜੋ ਉਹ ਭੂਪ ਪ੍ਰਕਾਸ਼ ਨੂੰ ਚੁਭਣ ਨਾ)।[121]

ਪੰਚੋਲੀ ਜਗਜੀਵਨ ਦਾਸ ਮੁਤਾਬਿਕ ਜਦੋਂ ਰਾਜਾ ਭੂਪ ਪ੍ਰਕਾਸ਼ ਤੇ ਉਸ ਦਾ ਦੀਵਾਨ (ਵਜ਼ੀਰ) ਉੱਥੇ ਪੁੱਜੇ ਤਾਂ ਖ਼ਾਨ ਖ਼ਾਨਾ ਨੇ ਉਸ ਨੂੰ ਪੁੱਛਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਕਿੱਥੇ ਹੈ। ਇਸ 'ਤੇ ਭੂਪ ਪ੍ਰਕਾਸ਼ ਦੇ ਦੀਵਾਨ ਨੇ ਦੱਸਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਉਸ ਦੀ ਰਿਆਸਤ ਵਿਚੋਂ ਬਾਹਰ ਜਾ ਚੁੱਕਾ ਹੈ। ਇਸ 'ਤੇ ਖ਼ਾਨ-ਖ਼ਾਨਾ ਨੇ ਕਿਹਾ ਕਿ ਉਹ ਝੂਠ ਬੋਲਦਾ ਹੈ ਅਤੇ ਉਸ ਨੇ ਦੀਵਾਨ ਦੀ ਬੇਇਜ਼ਤੀ ਕੀਤੀ ਅਤੇ ਉਸ ਨੂੰ ਹੱਥ ਕੜੀ ਲਾ ਕੇ, ਪੈਰਾਂ ਵਿਚ ਬੇੜੀਆਂ ਪਾ ਕੇ ਅਤੇ ਗਲੇ ਵਿਚ ਲੋਹੇ ਦਾ ਪੱਟਾ ਪਾ ਕੇ, ਇਕ ਪਿੰਜਰੇ ਵਿਚ ਬੰਦ ਕਰ ਦਿੱਤਾ। ਰਾਜਾ ਨਾਹਨ ਦੇ ਵੀ ਹਥਿਆਰ ਲੁਹਾ ਕੇ ਉਸ ਨੂੰ ਵੀ ਇਕ ਚੌਕੀ (ਛੋਟਾ ਟੈਂਟ) ਵਿਚ ਕੈਦ ਕਰ ਦਿੱਤਾ ਗਿਆ ਤੇ ਉਸ ਦੇ ਦੁਆਲੇ ਫ਼ੌਜ ਦਾ ਪਹਿਰਾ ਲਾ ਦਿਤਾ ਗਿਆ। ਰਾਜਾ ਛਤਰਸਾਲ ਨੇ ਵੀ ਰਾਜਾ ਨਾਹਨ ਨੂੰ ਇਹ ਵਚਨ ਦਿਤਾ ਸੀ ਕਿ ਉਸ ਦਾ ਕੁੱਝ ਨਹੀਂ ਵਿਗੜੇਗਾ। ਮਗਰੋਂ, ਜਦ ਰਾਜਾ ਛਤਰਸਾਲ ਨੇ ਵੇਖਿਆ ਕਿ ਬਾਦਸ਼ਾਹ ਨੇ ਨਾਹਨ ਦੇ ਰਾਜੇ ਨੂੰ ਕੈਦ ਕਰਨ ਦਾ ਹੁਕਮ ਦਿੱਤਾ ਹੈ ਤਾਂ ਉਹ ਬਾਦਸ਼ਾਹ ਨੂੰ ਛੱਡ ਕੇ ਵਾਪਿਸ ਆਪਣੇ ਵਤਨ ਚਲਾ ਗਿਆ।[122]

ਦੀਵਾਨ ਭਿਖਾਰੀ ਦਾਸ ਮੁਤਾਬਿਕ ਜਦ ਨਾਹਨ ਦੇ ਰਾਜੇ ਨੂੰ ਖ਼ਾਨ-ਖ਼ਾਨਾ ਨੇ ਪੁੱਛਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਕਿੱਥੇ ਹੈ ਤਾਂ ਉਸ ਨੇ ਕਿਹਾ ਕਿ ਮੈਨੂੰ ਉਸ ਦਾ ਕੁੱਝ ਨਹੀਂ ਪਤਾ। ਮੇਰਾ ਦੀਵਾਨ, ਜੋ ਗੁਰੂ ਦਾ ਸਿੱਖ ਹੈ, ਉਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਦਾ ਪਤਾ ਹੋ ਸਕਦਾ ਹੈ। ਇਸ 'ਤੇ ਦੀਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਦੂਜੇ ਦਿਨ ਬਾਦਸ਼ਾਹ ਨੇ ਕਿਹਾ ਕਿ ਦੀਵਾਨ ਦੀ ਕੁੱਟਮਾਰ ਕਰਨ ਨਾਲ ਕੁੱਝ ਵੀ ਹਾਸਿਲ ਨਹੀਂ ਹੋਣ ਲਗਾ। ਇਸ ਦੀ ਬਜਾਏ ਰਾਜਾ ਨਾਹਨ ਨੂੰ ਗ੍ਰਿਫ਼ਤਾਰ ਕਰ ਲਓ ਤੇ ਉਸ ਨੂੰ ਕਹੋ ਕਿ ਜੇ ਉਹ ਭਾਈ ਬੰਦਾ ਸਿੰਘ ਬਹਾਦੁਰ ਨੂੰ ਪੇਸ਼ ਨਹੀਂ ਕਰਦਾ ਤਾਂ ਉਸ ਦੀ ਰਿਆਸਤ ਤਬਾਹ ਕਰ ਦਿੱਤੀ ਜਾਏਗੀ।[123]

---

121 ਬਾਬਾ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼

122 ਰਾਜਸਥਾਨੀ ਦਸਤਾਵੇਜ਼, ਪੰਚੋਲੀ ਜਗਜੀਵਨ ਦਾਸ ਵੱਲੋਂ 26 ਦਸੰਬਰ 1710 ਦੇ ਦਿਨ ਰਾਜਾ ਜੈਪੁਰ ਨੂੰ ਲਿਖੀ ਚਿੱਠੀ, ਸੀਰੀਅਲ ਨੰਬਰ 1, ਅਰਜ਼ਦਾਸ਼ਤ 195 ਭਿਖਾਰੀ ਦਾਸ ਵੱਲੋਂ ਰਾਜਾ ਜੈ ਸਿੰਹ ਸਵਾਈ ਨੂੰ 17 ਮਾਰਚ 1711 ਦੇ ਦਿਨ ਭੇਜੀ ਅਰਜ਼ਦਾਸ਼ਤ, ਸੀਰੀਅਲ ਨੰਬਰ 13, ਵਕੀਲ ਰਿਪੋਰਟ ਨੰਬਰ 45

123 ਬਾਬਾ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼ 'ਦੀਵਾਨ ਭਿਖਾਰੀ ਦਾਸ ਵੱਲੋਂ ਰਾਜਾ ਜੈਪੁਰ ਨੂੰ 10 ਜਨਵਰੀ 1711 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 2, ਵਕੀਲ ਰਿਪੋਰਟ ਨੰਬਰ 11)

20 ਮਾਰਚ 1711 ਦੇ ਦਿਨ ਬਾਦਸ਼ਾਹ ਨੇ ਰਾਜਾ ਨਾਹਨ ਨੂੰ ਪਿੰਜਰੇ ਵਿਚ ਹੀ ਦਿੱਲੀ ਲਿਜਾਣ ਅਤੇ ਉੱਥੇ ਸਲੀਮਗੜ੍ਹ* ਕਿਲ੍ਹੇ ਵਿਚ ਬੰਦ ਕਰਨ ਦਾ ਹੁਕਮ ਜਾਰੀ ਕੀਤਾ। (ਪੰਚੋਲੀ ਜਗਜੀਵਨ ਦਾਸ ਵੱਲੋਂ 24 ਮਾਰਚ 1711 ਦੇ ਦਿਨ ਰਾਜਾ ਜੈਪੁਰ ਨੂੰ ਲਿਖੀ ਚਿੱਠੀ, ਸੀਰੀਅਲ ਨੰਬਰ 16, ਵਕੀਲ ਰਿਪੋਰਟ ਨੰਬਰ 48)। ਬਾਦਸ਼ਾਹ ਨੇ ਹੁਕਮ ਕੀਤਾ ਕਿ ਇਨ੍ਹਾਂ ਨੂੰ ਦਿੱਲੀ ਵਿਚ, ਲਾਲ ਕਿਲ੍ਹੇ ਦੇ ਪਿੱਛੇ ਬਣੇ ਹੋਏ, ਸਲੀਮਗੜ੍ਹ ਕਿਲ੍ਹੇ ਦੇ ਕਿਲ੍ਹੇਦਾਰ ਦੇ ਹਵਾਲੇ ਕਰਨ ਮਗਰੋਂ ਇਸ ਦੀ ਰਸੀਦ ਵੀ ਉਸ (ਬਾਦਸ਼ਾਹ) ਨੂੰ ਪਹੁੰਚਾਈ ਜਾਵੇ। (ਮਗਰੋਂ ਨਾਹਨ ਦੇ ਰਾਜੇ ਨੇ ਜੈਪੁਰ ਤੇ ਜੋਧਪੁਰ ਦੇ ਰਾਜਿਆਂ ਨੂੰ ਦੋ ਵਾਰ ਪੈਗ਼ਾਮ ਭੇਜ ਕੇ ਆਪਣੀ ਰਿਹਾਈ ਵਿਚ ਮਦਦ ਦੀ ਅਰਜ਼ ਕੀਤੀ। ਇਸ 'ਤੇ ਉਨ੍ਹਾਂ ਉਸਨੂੰ ਜਵਾਬ ਭੇਜਿਆ ਕਿ ਅਸੀਂ ਕੋਈ ਮਦਦ ਨਹੀਂ ਕਰ ਸਕਦੇ ਅਤੇ ਤੇਰੀ ਰਿਹਾਈ ਇੱਕੋ ਸੂਰਤ ਵਿਚ ਹੋ ਸਕਦੀ ਹੈ ਕਿ ਤੂੰ ਕਿਵੇਂ ਨਾ ਕਿਵੇਂ ਭਾਈ ਬੰਦਾ ਸਿੰਘ ਬਹਾਦੁਰ ਨੂੰ ਗ੍ਰਿਫ਼ਤਾਰ ਕਰਵਾ ਦੇ)। {*ਮਗਰੋਂ ਫ਼ਰਵਰੀ 1716 ਵਿਚ ਭਾਈ ਬੰਦਾ ਸਿੰਘ ਬਹਾਦੁਰ ਨੂੰ ਵੀ ਇਸੇ ਪਿੰਜਰੇ ਵਿਚ ਦਿੱਲੀ ਲਿਜਾਇਆ ਗਿਆ ਸੀ ਤੇ ਸਲੀਮਗੜ੍ਹ ਕਿਲ੍ਹੇ ਵਿਚ ਹੀ ਕੈਦ ਰੱਖਿਆ ਗਿਆ ਸੀ}।

ਬਹਾਦਰ ਸ਼ਾਹ ਦੀ ਮੌਤ ਮਗਰੋਂ ਨਵੇਂ ਬਾਦਸ਼ਾਹ ਜਹਾਂਦਾਰ ਸ਼ਾਹ ਨੇ 2 ਜੁਲਾਈ 1712 ਨੂੰ ਨਾਹਨ ਦੇ ਨਾਬਾਲਗ ਰਾਜੇ ਨੂੰ ਕੈਦ ਵਿਚੋਂ ਦਰਬਾਰ ਵਿਚ ਬੁਲਾਇਆ। (ਉਸ ਨੂੰ ਬੈਠਣ ਦੀ ਇਜਾਜ਼ਤ ਨਾ ਦਿਤੀ ਗਈ ਅਤੇ ਖੜ੍ਹਾ ਰੱਖਿਆ ਗਿਆ)। ਉਸਨੂੰ ਕਿਸੇ ਜ਼ਿੰਮੇਦਾਰ ਸ਼ਖ਼ਸ ਦੀ ਜ਼ਾਮਨੀ 'ਤੇ ਰਿਹਾ ਕਰਨ ਦਾ ਹੁਕਮ ਦਿਤਾ ਗਿਆ ਅਤੇ ਉਸ ਵੱਲੋਂ ਵਫ਼ਾਦਾਰੀ ਜ਼ਾਹਿਰ ਕਰਨ ਬਦਲੇ ਉਸ ਨੂੰ ਖਿੱਲਤ ਭੇਟ ਕੀਤੀ ਗਈ}।

22 ਜਨਵਰੀ 1711 ਦੇ ਦਿਨ ਬਾਦਸ਼ਾਹ ਸਢੌਰਾ ਦੇ ਨੇੜੇ ਸੀ ਤਾਂ ਇਕ ਹਰਕਾਰੇ ਨੇ ਉਸ ਨੂੰ ਖ਼ਬਰ ਦਿੱਤੀ ਕਿ ਨਾਹਨ ਦੇ ਰਾਜੇ ਭੂਪ ਪ੍ਰਕਾਸ਼ ਦੀ ਮਾਂ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਕਾਬੂ ਕਰ ਲਿਆ ਹੈ ਅਤੇ ਉਹ ਉਸ ਨੂੰ ਬਾਦਸ਼ਾਹ ਕੋਲ ਪੇਸ਼ ਕਰਨ ਵਾਸਤੇ ਲਿਆ ਰਹੀ ਹੈ। ਉਹ ਇਸ ਵਕਤ ਸ਼ਾਹੀ ਖੇਮੇ (ਕੈਂਪ) ਤੋਂ 12 ਕੋਹ (ਤਕਰੀਬਨ 38 ਕਿਲੋਮੀਟਰ) ਦੂਰ ਹੈ ਅਤੇ ਉਸ ਨੇ ਕਿਹਾ ਹੈ ਕਿ ਮਹਾਬਤ ਖ਼ਾਨ ਨੂੰ ਅੱਗੇ ਹੋ ਕੇ ਉਸ ਨੂੰ ਲਿਆਉਣ ਵਾਸਤੇ ਭੇਜ ਦਿਤਾ ਜਾਵੇ। ਇਸ 'ਤੇ ਬਾਦਸ਼ਾਹ ਨੇ (ਨਿਜੀ ਸੇਵਾਦਾਰਾਂ) ਨੂੰ ਫ਼ੁਰਮਾਨ ਦੇ ਕੇ ਮਹਾਬਤ ਖ਼ਾਨ ਵੱਲ ਭੇਜ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਨੂੰ ਲੋਹੇ ਦੇ ਉਸ ਪਿੰਜਰੇ ਵਿਚ ਬੰਦ ਕਰ ਕੇ ਲੈ ਕੇ ਆਵੇ ਜਿਹੜਾ ਉਸ ਵਾਸਤੇ ਉਚੇਚੇ ਤੌਰ 'ਤੇ ਬਣਵਾਇਆ ਗਿਆ ਸੀ। ਬਾਦਸ਼ਾਹ ਨੇ ਇਹ ਵੀ ਕਿਹਾ ਕਿ ਉਸ (ਭਾਈ ਬੰਦਾ ਸਿੰਘ ਬਹਾਦੁਰ) ਦੀ ਪਤਨੀ ਜੋ ਕਿ ਉਸ ਦੇ ਨਾਲ ਫ਼ੜੀ ਗਈ ਹੈ, ਨੂੰ ਰੱਥ ਵਿਚ ਬਿਠਾ ਕੇ ਲਿਆਂਦਾ ਜਾਵੇ। ਕੁੱਝ ਚਿਰ ਮਗਰੋਂ ਬਾਦਸ਼ਾਹ ਨੇ ਖ਼ਾਨ-ਖ਼ਾਨਾਂ ਨੂੰ ਕਿਹਾ ਕਿ ਉਹ ਕੁੱਝ ਹੋਰ ਹਰਕਾਰੇ ਭੇਜ ਦੇਵੇ ਤੇ ਕਹੇ ਕਿ ਭਾਈ ਬੰਦਾ ਸਿੰਘ ਬਹਾਦੁਰ ਨੂੰ ਛੇਤੀ ਲਿਆਂਦਾ ਜਾਵੇ। 24 ਜਨਵਰੀ ਦੇ ਦਿਨ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਰਾਜਾ ਨਾਹਨ ਦੀ ਮਾਂ ਕਿਉਂਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਨੂੰ ਗ੍ਰਿਫ਼ਤਾਰ ਕਰਕੇ ਲਿਆ ਰਹੀ ਸੀ ਵਾਸਤੇ ਇਕ ਲੱਖ ਰੁਪੈ ਦੇ ਗਹਿਣੇ ਬਣਵਾਏ ਜਾਣ।[124]

❖❖❖

[124] ਜੱਥੇਦਾਰ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼, ਅਖਬਾਰਾਤਿ-ਦਰਬਾਰਿ-ਮੁਅੱਲਾ, 22 ਜਨਵਰੀ 1711 ਦੀ ਰਿਪੋਰਟ

ਅਧਿਆਇ-7

ਮੁਗ਼ਲ ਬਾਦਸ਼ਾਹ ਵੱਲੋਂ ਸਿੱਖਾਂ ਦੇ ਖ਼ਿਲਾਫ਼ ਵੱਡੀ ਮੁਹਿੰਮ ਦਾ ਫ਼ੈਸਲਾ

9 ਫ਼ਰਵਰੀ 1711 ਨੂੰ ਬਾਦਸ਼ਾਹ ਨੇ ਹਮੀਦ ਖ਼ਾਨ ਨੂੰ ਖਿੱਲਤ ਦੇ ਕੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਭੇਜ ਦਿਤਾ। ਉਸ ਨੂੰ ਪੰਜ ਹਜ਼ਾਰ ਸਵਾਰਾਂ ਦੀ ਫ਼ੌਜ ਵੀ ਦਿੱਤੀ ਗਈ। 6 ਮਾਰਚ ਨੂੰ ਬਾਦਸ਼ਾਹ ਨੂੰ ਗ਼ਾਜ਼ੀ ਖ਼ਾਨ ਦਾ ਪੈਗ਼ਾਮ ਮਿਲਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਲਾਹੌਰ ਵੱਲ ਆ ਰਹੀਆਂ ਹਨ। ਇਸ 'ਤੇ ਬਾਦਸ਼ਾਹ ਨੇ ਖ਼ਾਨ-ਖ਼ਾਨਾਂ ਦੇ ਪੁੱਤਰ ਬਖ਼ਸ਼ੀ-ਉਲ-ਮੁਲਕ ਮਹਾਬਤ ਖ਼ਾਨ ਨੂੰ ਵੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਤੋਰ ਦਿਤਾ। ਉਸ ਦੇ ਨਾਲ 14 ਹਜ਼ਾਰ ਘੋੜਸਵਾਰ ਫ਼ੌਜ ਭੇਜੀ ਗਈ।[125] ਇਸੇ ਦਿਨ ਬਾਦਸ਼ਾਹ ਨੇ ਹਮੀਦ ਖ਼ਾਨ ਬਹਾਦਰ ਅਤੇ ਇਸਫ਼ੰਦਯਾਰ ਖ਼ਾਨ ਨੂੰ ਰੁਸਤਮ ਦਿਲ ਖ਼ਾਨ ਦੀ ਅਗਵਾਈ ਵਿਚ 15 ਹਜ਼ਾਰ ਫ਼ੌਜ ਦੇ ਕੇ ਭੇਜ ਦਿਤਾ। ਇਸੇ ਦਿਨ ਹੀ ਬਾਦਸ਼ਾਹ ਨੂੰ ਪਤਾ ਲਗਾ ਕਿ ਸਿੱਖ ਫ਼ੌਜਾਂ ਦੀ ਗਿਣਤੀ 40 ਹਜ਼ਾਰ ਦੇ ਕਰੀਬ ਹੈ। ਇਹ ਵੀ ਖ਼ਬਰ ਮਿਲੀ ਕਿ ਭਾਈ ਬੰਦਾ ਸਿੰਘ ਬਹਾਦੁਰ ਕੁੱਲੂ ਅਤੇ ਭੁੰਤਰ ਦੇ ਨੇੜੇ ਹੈ ਅਤੇ ਉਸ ਦੇ ਸਾਥੀ ਪਹਾੜਾਂ ਤੋਂ ਉਤਰ ਕੇ ਰੋਪੜ ਤੱਕ ਦੇ ਇਲਾਕੇ ਵਿਚ ਕਬਜ਼ਾ ਕਰ ਰਹੇ ਹਨ (ਪੰਚੋਲੀ ਜਗਜੀਵਨ ਦਾਸ ਵੱਲੋਂ ਰਾਜਾ ਜੈਪੁਰ ਨੂੰ 6 ਮਾਰਚ 1711 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 10, ਵਕੀਲ ਰਿਪੋਰਟ ਨੰਬਰ 351) ਸਿੱਖਾਂ ਦੇ ਖ਼ਿਲਾਫ਼ ਇਨੀ ਵੱਡੀ ਮੁਹਿੰਮ ਵਿੱਢਣ ਦੇ ਬਾਵਜੂਦ, ਬਾਦਸ਼ਾਹ ਨੂੰ ਤਸੱਲੀ ਨਹੀਂ ਸੀ ਕਿ ਇਸਦੇ ਜਰਨੈਲ ਸਿੱਖਾਂ ’ਤੇ ਕਾਬੂ ਪਾ ਲੈਣਗੇ। 14 ਮਾਰਚ ਨੂੰ ਬਾਦਸਾਹ ਨੇ ਐਲਾਨ ਕੀਤਾ ਕਿ ਉਹ ਆਪ ਵੀ ਲਾਹੌਰ ਜਾ ਕੇ ਰਹੇਗਾ ਅਤੇ ਉੱਥੋਂ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਦੀ ਨਿਗਰਾਨੀ ਕਰੇਗਾ।ਬਾਦਸ਼ਾਹ ਨੇ ਸਾਰੇ ਪਾਸੇ ਹਰਕਾਰਿਆਂ ਅਤੇ ਖ਼ਬਰ-ਨਵੀਸਾਂ ਨੂੰ ਹਦਾਇਤਾਂ ਦੇ ਦਿਤੀਆਂ ਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੀਆਂ ਫ਼ੌਜਾਂ ਦੀ ਪਲ-ਪਲ ਦੀ ਖ਼ਬਰ ਉਸ ਨੂੰ ਭੇਜਿਆ ਕਰਨ। ਬਾਦਸ਼ਾਹ ਨੂੰ ਹਰ ਰੋਜ਼ ਦੋ-ਤਿੰਨ ਥਾਂਵਾਂ ਤੋਂ ਖ਼ਬਰ-ਨਵੀਸਾਂ ਦੀਆਂ ਚਿੱਠੀਆਂ ਪਹੁੰਚਦੀਆਂ ਰਹਿੰਦੀਆਂ ਸਨ, ਜਿਨ੍ਹਾਂ ਤੋਂ ਉਸ ਨੂੰ ਪਤਾ ਲਗਦਾ ਰਹਿੰਦਾ ਸੀ ਕਿ ਬੰਦਾ ਕਿੱਥੇ ਹੈ, ਕੀ ਕਰ ਰਿਹਾ ਹੈ ਅਤੇ ਉਸ ਦਾ ਅਗਲਾ ਐਕਸ਼ਨ ਕੀ ਹੈ? ਜਿਨ੍ਹਾਂ ਖ਼ਬਰਾਂ ਭੇਜਣ ਵਾਲਿਆ ਦੇ ਨਾਂ ਅਖ਼ਬਾਰਾਤਿ ਦਰਬਾਰਿ ਮੁਅੱਲਾ ਵਿਚ ਮਿਲਦੇ ਹਨ ਉਨ੍ਹਾਂ ਵਿਚ ਇਹ ਵੀ ਸ਼ਾਮਿਲ ਹਨ: ਓਮਾ ਪੰਡਤ, ਆਸਕਰ ਰਾਓ, ਅਬਦੁਲ ਰਹਿਮਾਨ, ਅਬਦੁਲ ਰਹੀਮ, ਅਲਤਾਫ਼ ਖ਼ਾਨ, ਇਰਾਦਤਮੰਦ ਖ਼ਾਨ, ਸ਼ੰਕਰ ਰਾਓ, ਕੇਸ਼ੋ ਰਾਓ, ਜਗਜੀਵਨ ਦਾਸ, ਦਿਆਨਤ ਰਾਓ, ਪ੍ਰਤੀਤ ਰਾਓ, ਭਗਵਤੀ ਦਾਸ ਵਗ਼ੈਰਾ। ਇਹ ਸਾਰੇ ਲਾਹੌਰ, ਸਰਹੰਦ, ਗੁਜਰਾਤ, ਦਿੱਲੀ, ਜੰਮੂ, ਅਜਮੇਰ ਵਗ਼ੈਰਾ ਤੋਂ ਖ਼ਬਰਾਂ ਭੇਜਦੇ ਰਹਿੰਦੇ ਸਨ।[126] ਜਦ ਇਨ੍ਹਾਂ ਵਿੱਚੋਂ ਕੋਈ ਸਿੱਖਾਂ ਦੇ ਮਰਨ ਜਾਂ ਨੁਕਸਾਨ ਹੋਣ ਦੀ ਖ਼ਬਰ ਭੇਜਦਾ ਸੀ ਤਾਂ ਬਾਦਸ਼ਾਹ ਉਸ ਨੂੰ ਕੋਈ ਨਾ ਕੋਈ ਇਨਾਮ ਵੀ ਦੇ ਦਿੰਦਾ ਸੀ ਜਾਂ ਕਿਸੇ ਰਾਹੀਂ ਭੇਜ ਦਿੰਦਾ ਸੀ। ਇਸ ਦੇ ਨਾਲ ਹੀ ਬਹਾਦਰ ਸ਼ਾਹ ਨੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਅੱਗੇ ਵੱਧ ਕੇ ਹਿੱਸਾ ਪਾਉਣ ਵਾਲਿਆਂ ਨੂੰ ਵੱਡੇ ਇਨਾਮ, ਸਨਮਾਨ, ਮਨਸਬ ਅਤੇ ਜਾਗੀਰਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਉਸ ਨੇ ਬਹੁੱਤ ਸਾਰੇ ਜਰਨੈਲਾਂ ਨੂੰ ਫ਼ੌਜਾਂ ਦੇ ਕੇ ਸਿੱਖਾਂ ਦੇ ਪਿੱਛੇ ਭੇਜਣਾ ਸ਼ੁਰੂ ਕਰ ਦਿਤਾ। 20 ਮਾਰਚ ਨੂੰ ਬਾਦਸ਼ਾਹ ਨੇ ਹਿੰਦੂ ਚੌਧਰੀਆਂ

---

[125] ਅਖਬਾਰਾਤਿ-ਦਰਬਾਰਿ-ਮੁਅੱਲਾ, 6.3.1711 ਦੀ ਰਿਪੋਰਟ

[126] ਇਹ ਨਾਂ ਅਖਬਾਰਾਤਿ-ਦਰਬਾਰਿ-ਮੁਅੱਲਾ ਦੀਆਂ ਵੱਖ-ਵੱਖ ਇੰਦਰਾਜਾਂ ਵਿਚ ਮਿਲਦੇ ਹਨ.

ਚੂੜਾਮਨੀ ਜੱਟ ਅਤੇ ਕਿਸ਼ਨ ਸਿੰਘ ਨਰੋਕਾ ਨੂੰ ਵੀ ਖਿੱਲਤਾਂ ਦੇ ਕੇ ਮਹਾਬਤ ਖ਼ਾਨ ਦੇ ਨਾਲ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਭੇਜ ਦਿਤਾ।[127]

22 ਮਾਰਚ 1711 ਦੇ ਦਿਨ ਬਾਦਸ਼ਾਹ ਲੋਹਗੜ੍ਹ ਤੋਂ ਲਾਹੌਰ ਵੱਲ ਚਲ ਪਿਆ। 24 ਮਾਰਚ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਚਰਚਾ ਸੀ ਕਿ ਗੁਰੂ ਕਾ ਚੱਕ (ਅੰਮ੍ਰਿਤਸਰ) ਤੋਂ ਸ਼ਾਹਦਰਾ (ਲਾਹੌਰ ਵਿਚ ਦਾਖ਼ਲ ਹੋਣ ਦਾ ਪੜਾਅ) ਤੱਕ ਵੀ ਭਾਈ ਬੰਦਾ ਸਿੰਘ ਬਹਾਦੁਰ ਦਾ ਰਾਜ ਕਾਇਮ ਹੋ ਚੁੱਕਾ ਹੈ। ਪੰਚੋਲੀ ਜਗਜੀਵਨ ਦਾਸ ਵੱਲੋਂ ਰਾਜਾ ਜੈਪੁਰ ਨੂੰ 24 ਮਾਰਚ 1711 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 16, ਵਕੀਲ ਰਿਪੋਰਟ ਨੰਬਰ 48। 18 ਅਪ੍ਰੈਲ 1711 ਦੇ ਦਿਨ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਸਿੱਖ ਸਢੌਰਾ ਵਿਚੋਂ ਮੁਸਲਮਾਨਾਂ ਦੇ ਡੰਗਰ ਖੋਹ ਕੇ ਲੈ ਗਏ ਹਨ। ਕੁੱਝ ਦਾ ਵਿਚਾਰ ਸੀ ਕਿ ਇਹ ਕਾਰਵਾਈ ਭਾਈ ਬੰਦਾ ਸਿੰਘ ਬਹਾਦੁਰ ਦੇ ਸਾਥੀ ਵਣਜਾਰਿਆਂ ਨੇ ਕੀਤੀ ਸੀ [128] (ਭਿਖਾਰੀ ਦਾਸ ਵੱਲੋਂ ਰਾਜਾ ਜੈਪੁਰ ਨੂੰ 18 ਅਪ੍ਰੈਲ 1711 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 20, ਵਕੀਲ ਰਿਪੋਰਟ ਨੰਬਰ 51)।

ਬਾਦਸ਼ਾਹ ਵੱਲੋਂ ਰੋਪੜ ਵਿਚ ਛਾਉਣੀ ਕਾਇਮ ਕਰਨੀ

22 ਅਪ੍ਰੈਲ ਦੇ ਦਿਨ ਜੱਦ ਬਾਦਸ਼ਾਹ ਸਤਲੁਜ ਨਦੀ ਵੱਲ ਵੱਧ ਰਿਹਾ ਸੀ ਤਾਂ ਉਸ ਨੇ ਤਖ਼ਤ 'ਤੇ ਬੈਠਣ ਦੇ ਪੰਜਵੇਂ ਸਾਲ ਵਿਚ ਦਾਖ਼ਿਲ ਹੋਣ (ਉਹ 19 ਜੂਨ 1707 ਦੇ ਦਿਨ ਤਖ਼ਤ 'ਤੇ ਬੈਠਾ ਸੀ) ਦਾ ਜਸ਼ਨ ਮਨਾਉਣ ਦਾ ਐਲਾਨ ਕੀਤਾ। ਉਸ ਨੇ ਹੁਕਮ ਕੀਤਾ ਕਿ ਇਸ ਵਾਸਤੇ ਲਾਹੌਰ ਵਿਚ ਇਕ ਉੱਚਾ ਪਲੇਟਫ਼ਾਰਮ ਉਸਾਰਿਆ ਜਾਵੇ। ਬਾਦਸ਼ਾਹ ਨੇ ਇਹ ਹੁਕਮ ਤਾਂ ਜਾਰੀ ਕਰ ਦਿਤਾ ਸੀ ਪਰ ਅੰਦਰੋਂ-ਅੰਦਰੀਂ ਉਹ ਬਹੁਤ ਡਰਿਆ ਹੋਇਆ ਸੀ ਕਿਉਂਕਿ ਭਾਵੇਂ ਕੁੰਜਪੁਰਾ, ਥਾਨੇਸਰ, ਸ਼ਾਹਬਾਦ, ਸਰਹੰਦ, ਆਦਿ ਤੋਂ ਸਿੱਖਾਂ ਦਾ ਕਬਜ਼ਾ ਖ਼ਤਮ ਹੋ ਚੁੱਕਾ ਸੀ, ਪਰ ਬਾਦਸ਼ਾਹ ਨੂੰ ਤਸੱਲੀ ਨਹੀਂ ਸੀ। **ਭਾਵੇਂ ਬਾਦਸ਼ਾਹ ਨੂੰ ਇਹ ਭਰਮ ਪਾ ਦਿਤਾ ਗਿਆ ਸੀ ਕਿ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਜਿੱਤ ਲਿਆ ਹੈ, ਜਦੋਂ ਕਿ ਹਕੀਕਤ ਇਹ ਹੈ ਕਿ ਉਨ੍ਹਾਂ ਨੇ ਸਿਰਫ਼ ਲੋਹਗੜ੍ਹ ਦੀਆਂ ਇਕ ਦੋ ਪਹਾੜੀਆ 'ਤੇ ਹੀ ਕਬਜ਼ਾ ਕੀਤਾ ਸੀ।** ਸਿੱਖ ਅੱਜੇ ਵੀ ਲੋਹਗੜ੍ਹ ਅਤੇ ਸਢੌਰੇ ਵਿਚ ਅਤੇ ਇਸ ਦੇ ਆਲੇ ਦੁਆਲੇ ਦੇ ਜੰਗਲ ਅਤੇ ਪਿੰਡਾਂ ਵਿਚ ਮੌਜੂਦ ਸਨ। ਬਾਦਸ਼ਾਹ ਨੂੰ ਖ਼ਬਰਾਂ ਮਿਲ ਰਹੀਆਂ ਸਨ ਕਿ ਸਿੱਖ ਸਢੌਰਾ, ਲੋਹਗੜ੍ਹ, ਸਰਹੰਦ ਵਗ਼ੈਰਾ ਵਿਚ ਘੁੰਮ ਰਹੇ ਸਨ ਅਤੇ ਇਕ ਤਾਂ ਹਿੰਦੂ ਲੋਕ ਉਨ੍ਹਾਂ ਨਾਲ ਮਿਲਵਰਤਨ ਕਰ ਰਹੇ ਸਨ ਅਤੇ ਮੁਸਲਮਾਨ ਉਨ੍ਹਾਂ ਤੋਂ ਡਰ ਕੇ ਰਹਿ ਰਹੇ ਸਨ। ਉਸ ਨੂੰ ਇਹ ਖ਼ਬਰਾਂ ਵੀ ਮਿਲ ਰਹੀਆਂ ਸਨ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਪਹਾੜੀ ਰਾਜਿਆਂ ਤੋਂ ਈਨ ਮੰਨਵਾ ਲਈ ਹੈ। ਉਸ ਨੂੰ ਇਹ ਵੀ ਖ਼ਬਰ ਮਿਲ ਚੁੱਕੀ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਜੰਮੂ ਦੀ ਸਰਹੱਦੀ ਚੌਕੀ ਰਾਇਪੁਰ ਅਤੇ ਬਹਿਰਾਮਪੁਰ ਦੀ ਜੂਹ ਵਿਚ ਸੁਲਤਾਨਪੁਰ ਦੇ ਫ਼ੌਜਦਾਰ ਸ਼ਮਸ ਖ਼ਾਨ ਅਤੇ ਉਸ ਦੇ ਚਾਚੇ ਕੁਤਬਦੀਨ ਖ਼ੇਸ਼ਗੀ ਉਰਫ਼ ਬਾਇਜ਼ੀਦ ਖ਼ਾਨ (ਫ਼ੌਜਦਾਰ ਜੰਮੂ) ਨੂੰ ਹਰਾ ਕੇ ਮਾਰ ਦਿਤਾ ਸੀ।

ਬਾਦਸ਼ਾਹ ਨੂੰ ਪਤਾ ਲਗ ਚੁੱਕਾ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਬਟਾਲਾ ਅਤੇ ਕਲਾਨੌਰ 'ਤੇ ਵੀ ਕਬਜ਼ਾ ਕਰ ਲਿਆ ਹੈ ਅਤੇ ਉਹ ਸ਼ਾਹਦਰਾ-ਲਾਹੌਰ ਤੱਕ ਪਹੁੰਚ ਚੁੱਕਾ ਹੈ ਅਤੇ ਕਿਸੇ ਵੇਲੇ ਵੀ ਲਾਹੌਰ 'ਤੇ ਕਬਜ਼ਾ ਕਰ ਸਕਦਾ ਹੈ। ਇਹ ਸੋਚ ਕੇ ਬਾਦਸ਼ਾਹ ਬਹੁਤ ਦਹਿਲਿਆ

---

[127] ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼

[128] ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼.

ਹੋਇਆ ਸੀ। **22 ਅਪ੍ਰੈਲ 1711 ਦੇ ਦਿਨ ਬਾਦਸ਼ਾਹ ਨੇ ਸ਼ਹਿਜ਼ਾਦਿਆਂ ਅਤੇ ਉਮਰਾ ਨੂੰ ਕਿਹਾ ਕਿ ਅਸੀਂ ਰੋਪੜ ਵਿਚ ਛਾਉਣੀ ਕਾਇਮ ਕਰਾਂਗੇ। ਬਾਦਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਸਾਰੇ ਉੱਥੇ ਆਪਣੀਆਂ ਹਵੇਲੀਆਂ ਬਣਾ ਲੈਣ।** ਉਸ ਨੇ ਰੋਪੜ ਦਾ ਨਾਂ ਜਹਾਂਗੀਰਪੁਰ ਰੱਖਣ ਦਾ ਐਲਾਨ ਵੀ ਕੀਤਾ। ਉਸ ਨੇ ਕਿਹਾ ਕਿ ਇਹ ਇਕ ਬਹੁੱਤ ਅਹਿਮ ਜਗ੍ਹਾ ਹੈ ਅਤੇ ਇਥੋਂ ਲਾਹੌਰ ਅਤੇ ਦਿੱਲੀ ਦਾ ਫ਼ਾਸਲਾ ਬਰਾਬਰ ਹੈ। ਇਸ ਜਗ੍ਹਾ ਛਾਉਣੀ ਬਣਾਉਣ ਨਾਲ ਪਹਾੜਾਂ ਨੂੰ ਜਾਣ ਵਾਲਾ ਰਸਤਾ ਬੰਦ ਹੋ ਜਾਵੇਗਾ। ਨਾ ਤਾਂ ਪਹਾੜੀ ਰਾਜੇ ਭਾਈ ਬੰਦਾ ਸਿੰਘ ਬਹਾਦੁਰ ਦੀ ਮਦਦ ਵਾਸਤੇ ਆ ਸਕਣਗੇ ਅਤੇ ਨਾ ਹੀ ਭਾਈ ਬੰਦਾ ਸਿੰਘ ਬਹਾਦੁਰ ਪਹਾੜਾਂ ਵੱਲ ਬਚ ਕੇ ਜਾ ਸਕੇਗਾ।[129] (ਭਿਖਾਰੀ ਦਾਸ ਵੱਲੋਂ ਰਾਜਾ ਜੈਪੁਰ ਨੂੰ 26 ਅਪ੍ਰੈਲ 1711 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 21, ਵਕੀਲ ਰਿਪੋਰਟ ਨੰਬਰ 52)। ਇਸ ਤੋਂ ਸਾਫ਼ ਜ਼ਾਹਰ ਹੈ ਕਿ ਬਾਦਸ਼ਾਹ ਸਮਝਦਾ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਨੂੰ ਛੇਤੀ ਕੀਤਿਆ ਹਰਾਇਆ ਨਹੀਂ ਜਾ ਸਕਦਾ ਅਤੇ ਉਹ ਬਹੁੱਤ ਵੱਡੀ ਤਾਕਤ ਹੈ, ਜਿਸਦੇ ਮੁਕਾਬਲਾ ਬਹੁੱਤ ਲੰਬਾ ਸਮਾਂ ਕਰਨਾ ਪਵੇਗਾ। ਉਸ ਨੂੰ ਯਕੀਨ ਸੀ ਕਿ ਲੋਹਗੜ੍ਹ ਤੋਂ ਭਾਈ ਬੰਦਾ ਸਿੰਘ ਬਹਾਦੁਰ ਦਾ ਜਾਣਾ ਵਕਤੀ ਗੱਲ ਹੈ ਅਤੇ ਜਿਉਂ ਹੀ ਉਸ ਨੂੰ ਸ਼ਾਹੀ ਫ਼ੌਜਾਂ ਦੇ ਇਸ ਇਲਾਕੇ ਵਿਚੋਂ ਦੂਰ ਚਲੇ ਜਾਣ ਦੀ ਖ਼ਬਰ ਮਿਲੇਗੀ ਉਹ ਵਾਪਿਸ ਆ ਜਾਵੇਗਾ। ਬਾਦਸ਼ਾਹ ਦੀ ਹਾਲਤ ਔਰੰਗਜ਼ੇਬ ਵਾਲੀ ਸੀ ਜਿਸ ਨੇ ਦੱਖਣ ਦੀ ਬਗ਼ਾਵਤ ਤੋਂ ਡਰਦਿਆਂ ਆਗਰਾ ਅਤੇ ਦਿੱਲੀ ਛੱਡ ਕੇ ਔਰੰਗਾਬਾਦ ਵਿਚ ਡੇਰੇ ਲਾਏ ਹੋਏ ਸਨ।

ਬੰਦਾ ਸਿੰਘ ਬਹਾਦੁਰ ਦੀ ਦਿੱਲੀ ’ਤੇ ਕਬਜ਼ੇ ਦੀ ਅਫ਼ਵਾਹ

20 ਮਈ ਨੂੰ ਬਾਦਸ਼ਾਹ ਨੂੰ ਭਗਵਾਨ ਦਾਸ ਹਰਕਾਰੇ ਵੱਲੋਂ ਭੇਜੀ ਰਿਪੋਰਟ ਮਿਲੀ ਜਿਸ ਵਿਚ ਦਸਿਆ ਗਿਆ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਬਟਾਲਾ ਵੱਲ ਮੁੜ ਆਇਆ ਹੈ ਅਤੇ ਉਸ ਵਕਤ ਉਹ ਉਸ ਨਗਰ ਤੋਂ ਸਿਰਫ਼ 2 ਕੋਹ (7 ਕਿਲੋਮੀਟਰ) ਦੂਰ ਪਿੰਡ ਅਚਲ ਬਟਾਲਾ ਵਿਚ ਹੈ। ਇਹ ਵੀ ਖ਼ਬਰ ਪੁੱਜੀ ਕਿ ਰਾਮ ਸਿੰਘ ਨਾਂ ਦਾ ਇਕ ਸਿੱਖ ਸੱਤ ਹਜ਼ਾਰ ਫ਼ੌਜ ਨਾਲ, ਜੰਮੂ ਦੀਆਂ ਪਹਾੜੀਆਂ ਤੋਂ ਆ ਕੇ, ਭਾਈ ਬੰਦਾ ਸਿੰਘ ਬਹਾਦੁਰ ਨਾਲ ਸ਼ਾਮਿਲ ਹੋ ਗਿਆ ਹੈ। ਇਸ ਤੋਂ ਇਲਾਵਾ ਜੋ ਕੋਈ ਵੀ ਮੁਸਲਮਾਨ ਜਾਂ ਹਿੰਦੂ ਉਸ ਕੋਲ ਆਉਂਦਾ ਹੈ ਉਸ ਨੂੰ ਨੌਕਰੀ ਦੇ ਦਿੱਤੀ ਜਾਂਦੀ ਹੈ। ਉਸ (ਭਾਈ ਬੰਦਾ ਸਿੰਘ ਬਹਾਦੁਰ) ਨੇ ਇਨ੍ਹਾਂ ਸਾਰਿਆਂ ਨੂੰ ਕਿਹਾ ਹੈ ਕਿ ਜੇ ਮੁਗ਼ਲ ਫ਼ੌਜ ਉਧਰ ਆਈ ਤਾਂ ਉਸ ਦਾ ਮੁਕਾਬਲਾ ਕੀਤਾ ਜਾਵੇ ਨਹੀਂ ਤਾਂ ਲੱਖੀ ਜੰਗਲ ਅਤੇ ਅਜਮੇਰ ਵੱਲੋਂ ਦਿੱਲੀ ਜਾ ਕੇ ਉਸ 'ਤੇ ਕਬਜ਼ਾ ਕਰ ਲਿਆ ਜਾਵੇ। ਇਸ ਖ਼ਬਰ ਨਾਲ ਬਾਦਸ਼ਾਹ ਹੋਰ ਘਬਰਾ ਗਿਆ। 25 ਮਈ 1711 ਨੂੰ ਬਹਾਦਰ ਸ਼ਾਹ ਨੇ ਈਸਾਖ਼ਾਨ ਨੂੰ ਪੂਰਬੀ ਦੁਆਬ ਦਾ ਡਿਪਟੀ ਮੁਖੀ ਬਣਾ ਦਿਤਾ।

ਪਸਰੂਰ ਦੇ ਨੇੜੇ ਸਿੱਖਾਂ 'ਤੇ ਮੁਗਲਾਂ ਵਿਚ ਲੜਾਈ

ਮਈ 1711 ਦੇ ਅਖ਼ੀਰਲੇ ਦਿਨਾਂ ਵਿਚ ਸਿੱਖ ਫ਼ੌਜਾਂ ਪਸਰੂਰ ਤੋਂ 20-22 ਕਿਲੋਮੀਟਰ ਦੂਰ ਸਨ। 30 ਮਈ ਨੂੰ ਬਾਦਸ਼ਾਹ ਵੱਲੋਂ ਉਚੇਚੀ ਮੁਹਿੰਮ 'ਤੇ ਭੇਜੇ ਮੁਹੰਮਦ ਅਮੀਨ ਖ਼ਾਨ (ਚੈਨ ਬਹਾਦਰ) ਅਤੇ ਗ਼ਾਜ਼ੀ ਖ਼ਾਨ (ਰੁਸਤਮਿ-ਜੰਗ) ਨੂੰ ਖ਼ਬਰ ਮਿਲੀ ਕਿ ਸਿੱਖ ਪਸਰੂਰ ਕੋਲ ਪੜਾਅ ਕਰ ਰਹੇ ਹਨ।[130] (ਇਨ੍ਹਾਂ ਦੀ ਬਾਦਸ਼ਾਹ ਨੇ ਸਿੱਖਾਂ ਦਾ ਖਾਤਮਾ ਕਰਨ ਦੀ ਸਪੈਸ਼ਲ ਡਿਊਟੀ

---

[129] (ਬਾਬਾ ਬੰਦਾ ਸਿੰਘ ਬਹਾਦੁਰ 'ਤੇ ਰਾਜਸਥਾਨੀ ਦਸਤਾਵੇਜ਼)

[130] ਪੁਰਾਣੇ ਜ਼ਮਾਨੇ ਵਿਚ, ਇਸ ਸ਼ਹਿਰ ਦਾ ਨਾਂ ਪੋਰਸ-ਅਰਧ ਸੀ, ਜਿਸ ਦੇ ਨਾਂ 'ਤੇ ਰਾਜਾ ਪੋਰਸ (330 ਓ. ਈ.), ਜੋ ਬਾਦ ਵਿਚ, ਪਰਸਰੂਰ ਅਤੇ ਅਖੀਰ ਵਿਚ ਪਸਰੂਰ ਬਣ ਗਿਆ।

ਲਗਾਈ ਹੋਈ ਸੀ) ਖ਼ਬਰ ਮਿਲਦਿਆਂ ਹੀ ਸ਼ਾਹੀ ਫ਼ੌਜਾਂ ਦੇ ਇਹ ਦੋਵੇਂ ਜਰਨੈਲ, ਲਗਾਤਾਰ 30 ਕੋਹ (100 ਕਿਲੋਮੀਟਰ) ਪੈਂਡਾ ਕਰ ਕੇ ਪਸਰੂਰ ਪੁੱਜੇ ਅਤੇ ਪਹਿਲੀ ਜੂਨ ਨੂੰ ਇਨ੍ਹਾਂ ਸ਼ਾਹੀ ਫ਼ੌਜਾਂ ਦੀ ਸਿੱਖ ਫ਼ੌਜਾਂ ਨਾਲ ਟੱਕਰ ਹੋ ਗਈ, ਜਿਸ ਦੌਰਾਨ ਖ਼ੂਬ ਖ਼ੂਨ ਡੋਲ੍ਹਵੀਂ ਲੜਾਈ ਹੋਈ। ਇਸ ਲੜਾਈ ਵਿਚ ਦੋਹਾਂ ਫ਼ੌਜਾਂ ਦਾ ਜ਼ਬਰਦਸਤ ਨੁਕਸਾਨ ਹੋਇਆ। ਇਸ ਲੜਾਈ ਵਿਚ ਮੁਗ਼ਲ ਜਰਨੈਲ ਈਸਾ ਖ਼ਾਨ (ਪੁਤਰ ਦੌਲਤ ਮੁਈਨ) ਵੀ ਸ਼ਾਮਿਲ ਸੀ। ਉਸ ਦਾ ਹਾਥੀ ਵੀ ਇਸ ਲੜਾਈ ਵਿਚ ਗੋਲੀ ਲਗਣ ਨਾਲ ਜ਼ਖ਼ਮੀ ਹੋ ਗਿਆ। ਦੁਸ਼ਮਣ ਫ਼ੌਜਾਂ ਦੀ ਗਿਣਤੀ ਵਧੇਰੇ ਹੋਣ ਕਰ ਕੇ ਸਿੱਖਾਂ ਨੇ ਟੱਕਰ ਲੈਣ ਦੀ ਬਜਾਏ ਜੰਮੂ ਦੇ ਹਿੰਦੂ ਰਾਜੇ ਧਰੁੱਵ ਦੇਵ ਦੇ ਇਲਾਕੇ ਵਿਚ ਪਹਾੜਾਂ ਵਲ ਮੂੰਹ ਕਰ ਲਿਆ।

ਜਦੋਂ ਧਰੁੱਵ ਦੇਵ ਨੂੰ ਸਿੱਖਾਂ ਦੇ ਉਧਰ ਆਉਣ ਦਾ ਪਤਾ ਲਗਾ ਤਾਂ ਉਸ ਨੇ ਆਪਣੀ ਸਾਰੀ ਫ਼ੌਜ ਸਿੱਖਾਂ ਦੇ ਪਿੱਛੇ ਭੇਜ ਦਿੱਤੀ। ਉਧਰ ਰਾਜੌਰੀ ਦੇ ਜ਼ਮੀਦਾਰ ਅਜ਼ਮਤ-ਉਲਾ-ਖ਼ਾਨ ਨੇ ਵੀ ਆਪਣੇ ਫ਼ੌਜੀ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਭੇਜ ਦਿੱਤੇ। ਸਿੱਖ ਅਜਿਹੇ ਹਾਲਾਤ ਵੇਖਦੇ ਉੱਪਰ ਪਹਾੜਾਂ ਵਲ ਨੂੰ ਨਿਕਲ ਗਏ। ਇਸ ਦੌਰਾਨ ਪਰੋਲ ਅਤੇ ਕਠੂਆ ਵਿਚ ਵੀ ਸਿੱਖ ਫ਼ੌਜਾਂ ਨੂੰ ਭਾਰੀ ਨੁਕਸਾਨ ਹੋਇਆ। ਇਨ੍ਹਾਂ ਲੜਾਈਆਂ ਵਿਚ ਸ਼ਹੀਦ ਹੋਣ ਵਾਲੇ 5 ਸੌ ਸਿੱਖਾਂ ਦੇ ਸਿਰ ਕੱਟ ਕੇ ਬਾਦਸ਼ਾਹ ਨੂੰ ਭੇਜੇ ਗਏ। ਇਸ ਵੇਲੇ ਇਹ ਅਫ਼ਵਾਹ ਵੀ ਫ਼ੈਲਾਈ ਗਈ ਕਿ ਭਾਈ ਬੰਦਾ ਸਿੰਘ ਬਹਾਦੁਰ ਵੀ ਸ਼ਹੀਦ ਹੋ ਗਿਆ ਹੈ। ਇਸ 'ਤੇ ਮੁਗ਼ਲ ਫ਼ੌਜਾਂ ਸ਼ਹੀਦ ਹੋਏ ਸਿੱਖਾਂ ਵਿਚੋਂ ਭਾਈ ਬੰਦਾ ਸਿੰਘ ਬਹਾਦੁਰ ਦਾ ਮ੍ਰਿਤਕ ਸ਼ਰੀਰ ਲਭਦੀਆਂ ਰਹੀਆਂ ਪਰ ਉਨ੍ਹਾਂ ਦਾ ਭਰਮ ਛੇਤੀ ਹੀ ਦੂਰ ਹੋ ਗਿਆ।

ਇਸ ਜੰਗ ਦੀ ਖ਼ਬਰ ਬਾਦਸ਼ਾਹ ਨੂੰ 4 ਜੂਨ 1711 ਨੂੰ ਮਿਲੀ। ਬਾਦਸ਼ਾਹ ਨੇ ਇਸ ਲੜਾਈ ਵਿਚ ਬਹਾਦਰੀ ਦਿਖਾਉਣ ਬਦਲੇ ਮੁਹੰਮਦ ਅਮੀਨ ਖ਼ਾਨ ਨੂੰ ਖਿੱਲਤ, ਇਕ ਹੀਰਿਆਂ ਨਾਲ ਜੜੀ ਤਲਵਾਰ ਅਤੇ ਮੱਛੀ ਅਤੇ ਸ਼ੇਰ ਵਾਲਾ ਇਕ ਨਿਸ਼ਾਨ (ਇਮਬਲਇਮ) ਅਤੇ ਗ਼ਾਜ਼ੀ ਖ਼ਾਨ ਨੂੰ ਇਕ ਖਿੱਲਤ, ਇਕ ਤਲਵਾਰ ਅਤੇ ਮੱਛੀ ਅਤੇ ਘੋੜੇ ਵਾਲਾ ਇਕ ਨਿਸ਼ਾਨ ਦੇਣ ਦਾ ਐਲਾਨ ਕੀਤਾ ਅਤੇ ਉਨ੍ਹਾਂ ਨੂੰ ਪੈਗ਼ਾਮ ਭੇਜਿਆ ਕਿ ਉਹ ਬਾਦਸ਼ਾਹ ਨੂੰ ਆ ਕੇ ਮਿਲਣ ਅਤੇ ਇਨਾਮ ਹਾਸਿਲ ਕਰਨ। ਬਾਦਸ਼ਾਹ ਨੇ ਦੌਲਤ ਮੁਈਨ ਅਤੇ ਉਸ ਦੇ ਪੁੱਤਰ ਈਸਾ ਖ਼ਾਨ ਨੂੰ ਵੀ ਇਨਾਮ ਵਿਚ ਤਲਵਾਰਾਂ ਭੇਜਣ ਦਾ ਐਲਾਨ ਕੀਤਾ।[131] 7 ਜੂਨ 1711 ਨੂੰ ਬਾਦਸ਼ਾਹ ਨੂੰ ਪਤਾ ਲਗਾ ਕਿ ਜੰਮੂ ਦਾ ਰਾਜਾ ਧਰੁੱਵ ਦੇਵ ਅਤੇ ਰਾਜੌਰੀ ਦਾ ਜ਼ਿਮੀਂਦਾਰ ਸ਼ੱਯਦ ਅਜ਼ਮਤ ਉਲ੍ਹਾ ਖ਼ਾਨ ਸਿੱਖ ਫ਼ੌਜਾਂ ਦਾ ਪਿੱਛਾ ਕਰ ਰਹੇ ਸਨ ਅਤੇ ਮੁਹੰਮਦ ਅਮੀਨ ਖ਼ਾਨ ਅਤੇ ਗ਼ਾਜ਼ੀ ਖ਼ਾਨ ਬਹਾਦਰ ਵੀ ਉਨ੍ਹਾਂ ਦੇ ਨਾਲ ਸਨ ਅਤੇ ਉਨ੍ਹਾਂ ਨੇ ਸਿੱਖ ਫ਼ੌਜਾਂ ਨੂੰ ਘੇਰਾ ਪਾ ਲਿਆ ਸੀ। ਬਾਦਸ਼ਾਹ ਨੂੰ ਯਕੀਨ ਦਿਵਾਇਆ ਜਾ ਰਿਹਾ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਨੂੰ ਛੇਤੀ ਹੀ ਫੜ ਲਿਆ ਜਾਵੇਗਾ। ਪਰ ਬਾਦਸ਼ਾਹ ਦੀ ਖ਼ੁਸ਼ੀ ਥੋੜ੍ਹਾ ਚਿਰ ਹੀ ਕਾਇਮ ਰਹੀ ਕਿਉਂਕਿ ਇਸ ਘੇਰੇ ਵਿੱਚੋਂ ਵੀ ਸਿੱਖ ਫ਼ੌਜਾਂ ਬਚ ਕੇ ਨਿਕਲ ਗਈਆਂ। ਇਸ ਮਗਰੋਂ ਸਿੱਖ ਫ਼ੌਜਾਂ ਵਜ਼ੀਰਾਬਾਦ ਦੇ ਇਲਾਕੇ ਵੱਲ ਨੂੰ ਚਲੀਆਂ ਗਈਆ। ਇੱਥੋਂ ਦੇ ਫ਼ੌਜਦਾਰ ਅਜ਼ਹਰ ਖ਼ਾਨ ਨੇ ਵੀ ਸਿੱਖਾਂ 'ਤੇ ਜ਼ਬਰਦਸਤ ਹਮਲਾ ਕੀਤਾ ਅਤੇ ਆਪਣੇ ਇਲਾਕੇ ਵਿੱਚੋਂ ਨਿਕਲ ਜਾਣੋਂ ’ਤੇ ਮਜ਼ਬੂਰ ਕਰ ਦਿੱਤਾ।

ਬਾਦਸ਼ਾਹ ਨੇ ਵਜ਼ੀਰਾਬਾਦ ਦੇ ਫ਼ੌਜਦਾਰ ਅਜ਼ਹਰ ਖ਼ਾਨ ਨੂੰ ਇਸ ਕਾਰਨਾਮੇ ਬਦਲੇ ਖਿੱਲਤ ਭੇਂਟ ਕੀਤੀ।[132] ਇਸ ਵੇਲੇ ਬਾਦਸ਼ਾਹ ਲਾਹੌਰ ਵੱਲ ਆ ਰਿਹਾ ਸੀ। ਉਹ 9 ਜੂਨ ਨੂੰ ਬਜਵਾੜਾ ਪੁੱਜਾ (ਉਸ ਸਮੇਂ ਬਜਵਾੜਾ ਇਕ ਵੱਡਾ ਕਸਬਾ ਸੀ, ਅਤੇ ਹੁਸ਼ਿਆਰਪੁਰ ਇੱਕ ਛੋਟਾ

[131] ਅਖਬਾਰਾਤਿ-ਦਰਬਾਰਿ-ਮੁਅੱਲਾ, 4.6.1711 ਦੀ ਰਿਪੋਰਟ

[132] ਅਖਬਾਰਾਤਿ-ਦਰਬਾਰਿ-ਮੁਅੱਲਾ, 7.6.1711 ਦੀ ਰਿਪੋਰਟ

ਜਿਹਾ ਪਿੰਡ) ਅਤੇ ਕੁੱਝ ਦਿਨ ਇੱਥੇ ਰੁੱਕਿਆ ਅਤੇ ਫਿਰ ਲਾਹੌਰ ਵੱਲ ਚਲ ਪਿਆ। 13 ਜੂਨ 1711 ਨੂੰ ਬਾਦਸ਼ਾਹ ਨੇ ਚਾਰ ਰੁਪੈ ਮਹੀਨਾ ਤਨਖ਼ਾਹ ਅਤੇ ਦੋ ਹਜ਼ਾਰ ਪੈਦਲ ਫ਼ੌਜੀ ਅਤੇ 25 ਰੁਪੈ ਮਹੀਨਾ ਅਤੇ ਦੋ ਹਜ਼ਾਰ ਘੋੜ ਸਵਾਰ ਭਰਤੀ ਕਰਨ ਦਾ ਫ਼ੁਰਮਾਨ ਜਾਰੀ ਕੀਤਾ। ਉਸ ਨੇ ਹੋਰ ਵੀ ਫ਼ੌਜਾਂ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਭੇਜ ਦਿਤੀਆਂ। 16 ਜੂਨ ਨੂੰ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਸਿੱਖ ਫ਼ੌਜਾਂ ਵਜ਼ੀਰਾਬਾਦ ਤੋਂ ਪਹਾੜਾਂ ਵੱਲ ਨਿਕਲ ਗਈਆਂ ਹਨ ਅਤੇ ਸਢੌਰੇ ਵੱਲ ਜਾ ਰਹੀਆਂ ਹਨ। ਉਸ ਨੂੰ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਪਹਾੜਾਂ ਵਿਚੋਂ ਜਾ ਰਿਹਾ ਹੈ ਅਤੇ ਉਸ ਨੇ ਦੋਬਾਰਾ ਲੋਹਗੜ੍ਹ ਪਹੁੰਚਣਾ ਹੈ। ਇਸ 'ਤੇ ਉਸਨੂੰ ਵੱਡੇ ਸ਼ਹਿਜ਼ਾਦੇ ਜਹਾਂਦਾਰ ਖ਼ਾਨ ਅਤੇ ਈਸਾ ਖ਼ਾਨ (ਨਾਇਬ ਫ਼ੌਜਦਾਰ ਬਿਸਤ ਦੋਆਬ ਜਲੰਧਰ) ਦੀ ਡਿਊਟੀ ਲਾਈ ਕਿ ਉਹ ਸਢੌਰੇ ਵੱਲ ਜਾ ਕੇ ਸਿੱਖਾਂ ਨੂੰ ਘੇਰਨ। ਪਰ ਸਿੱਖ ਫ਼ੌਜਾਂ ਤਾਂ ਉਸ ਵੇਲੇ ਪਹਾੜਾਂ ਵਿਚ ਫਸੀਆਂ ਬੈਠੀਆਂ ਸਨ ਅਤੇ ਲੋਹਗੜ੍ਹ ਤੋਂ ਬਹੁੱਤ ਦੂਰ ਸਨ। ਭਾਈ ਬੰਦਾ ਸਿੰਘ ਬਹਾਦੁਰ ਵੀ ਇਨ੍ਹਾਂ ਦੇ ਵਿਚ ਹੀ ਸੀ। ਜੱਦ ਮੁ.ਗਲ ਫ਼ੌਜਾਂ ਸਢੌਰੇ ਪੁੱਜੀਆਂ ਤਾਂ ਉਨ੍ਹਾਂ ਨੂੰ ਭਾਈ ਬੰਦਾ ਸਿੰਘ ਬਹਾਦੁਰ ਦਾ ਨਾਂ ਨਿਸ਼ਾਨ ਨਜ਼ਰ ਨਾ ਆਇਆ।

ਦਰਅਸਲ ਇਹ ਭਾਈ ਬੰਦਾ ਸਿੰਘ ਬਹਾਦੁਰ ਦੀ ਰਣਨੀਤੀ ਦਾ ਹਿੱਸਾ ਸੀ। ਉਹ ਮੁ.ਗਲ ਫ਼ੌਜਾਂ ਨੂੰ ਉਲਝਾ ਕੇ ਦੋ ਹਿੱਸਿਆਂ ਵਿਚ ਵੰਡਣਾ ਚਾਹੁੰਦਾ ਸੀ। ਇਸ ਸਾਰਾ ਕੁੱਝ ਤੋਂ ਘਬਰਾ ਕੇ ਹੁਣ ਬਹਾਦਰ ਸ਼ਾਹ ਨੇ ਆਪ ਲਾਹੌਰ ਬੈਠ ਕੇ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਜੰਗ ਲੜਨ ਦਾ ਐਲਾਨ ਕੀਤਾ। ਬਾਦਸ਼ਾਹ ਨੂੰ ਘਬਰਾਇਆ ਵੇਖ ਕੇ ਮੁ.ਗਲ ਸਿਪਾਹੀ ਤਾਂ ਹੋਰ ਵੀ ਡਰਨ ਲਗ ਪਏ। ਤਕਰੀਬਨ ਹਰ ਰੋਜ਼ 'ਬੰਦਾ ਆ ਗਿਆ! ਬੰਦਾ ਆ ਗਿਆ!!' ਦੀਆਂ ਅਫ਼ਵਾਹਾਂ ਨਾਲ ਮੁ.ਗਲ ਫ਼ੌਜੀਆਂ ਦੇ ਹੌਂਸਲੇ ਪ੍ਰਸਤ ਹੋ ਰਹੇ ਸਨ। ਹਾਲਾਤ ਇਹ ਸਨ ਕਿ ਭਾਈ ਬੰਦਾ ਸਿੰਘ ਬਹਾਦੁਰ ਦਾ ਨਾਂ ਸੁਣ ਕੇ ਹੀ ਮੁ.ਗਲ ਫ਼ੌਜੀ ਡਰ ਜਾਇਆ ਕਰਦੇ ਸਨ ਅਤੇ ਉਨ੍ਹਾਂ ਦੇ ਮੱਥਿਆਂ 'ਤੇ ਤਰੇਲੀਆਂ ਆ ਜਾਇਆ ਕਰਦੀਆਂ ਸਨ। 17 ਜੁਲਾਈ 1711 ਨੂੰ ਬਹਾਦਰ ਸ਼ਾਹ ਨੂੰ .ਗਾਜੀ ਖਾਨ ਦਾ ਭੇਜਿਆ ਸੁਨੇਹਾ ਮਿਲਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਉਸਦੇ ਘੇਰੇ ਵਿਚ ਆ ਰਿਹਾ ਹੈ, ਇਸ ਲਈ ਹੋਰ ਫ਼ੌਜੀ ਸਹਾਇਤਾ ਭੇਜੀ ਜਾਵੇ ਤਾਂ ਕਿ ਭਾਈ ਬੰਦਾ ਸਿੰਘ ਬਹਾਦੁਰ ਫੜਿਆ ਜਾਂ ਮਾਰਿਆ ਜਾ ਸਕੇ। ਕਿਉਂਕਿ .ਗਾਜੀ ਖਾਨ ਕੋਲ ਪਹਿਲਾਂ ਹੀ 2 ਹਜ਼ਾਰ ਫ਼ੌਜ ਸੀ, ਇਸ ਕਰਕੇ ਬਾਦਸ਼ਾਹ ਨੇ ਉਸ ਦੀ ਮੰਗ ਅਣਸੁਣੀ ਕਰ ਦਿੱਤੀ। ਅਮੀਨ ਖਾਂ ਜੋ ਕਿ ਬਾਦਸ਼ਾਹ ਦੇ ਕੋਲ ਬੈਠਾ ਹੋਇਆ ਸੀ, ਉਸਨੇ ਬਾਦਸ਼ਾਹ ਨੂੰ ਕਿਹਾ ਕਿ .ਗਾਜੀ ਖਾਨ ਹੋਰ ਪੈਸਾ, ਬਾਰੂਦ ਅਤੇ ਹਥਿਆਰ ਲੈਣਾ ਚਾਹੁੰਦਾ ਹੈ।[133] 19 ਜੁਲਾਈ ਨੂੰ ਬਾਦਸ਼ਾਹ ਕਾਹਨੂੰਵਾਲ ਪਹੁੰਚਿਆ[134] ਅਤੇ 30 ਜੁਲਾਈ ਨੂੰ ਉਹ ਕਲਾਨੌਰ ਸੀ ਅਤੇ ਅਗਲੇ ਦਿਨ ਉਹ ਲਾਹੌਰ ਵੱਲ ਚੱਲ ਪਿਆ।[135]

❖❖❖

[133] ਅਖਬਾਰਾਤਿ-ਦਰਬਾਰਿ-ਮੁਅੱਲਾ, 11.7.1711 ਦੀ ਰਿਪੋਰਟ

[134] ਅਖਬਾਰਾਤਿ-ਦਰਬਾਰਿ-ਮੁਅੱਲਾ, 19.7.1711 ਦੀ ਰਿਪੋਰਟ

[135] ਅਖਬਾਰਾਤਿ-ਦਰਬਾਰਿ-ਮੁਅੱਲਾ, 30.7.1711 ਦੀ ਰਿਪੋਰਟ

ਅਧਿਆਇ-8

ਲੋਹਗੜ੍ਹ ਕਿਲ੍ਹਾ ਛੱਡਣ ਮਗਰੋਂ ਬੰਦਾ ਸਿੰਘ ਬਹਾਦੁਰ ਦੇ ਐਕਸ਼ਨ

ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਹੈ ਕਿ ਲੋਹਗੜ੍ਹ ਤੋਂ ਨਿਕਲ ਜਾਣਾ ਦਰਅਸਲ ਸਿੰਘਾਂ ਦਾ ਇਕ ਪੈਂਤੜਾ ਸੀ। ਉਨ੍ਹਾਂ ਦੀ ਪਲਾਨਿੰਗ ਸੀ ਕਿ ਸ਼ਾਹੀ ਲਸ਼ਕਰ ਦੇ ਜਵਾਨ ਹੰਭ ਜਾਣ ਅਤੇ ਬਾਦਸ਼ਾਹ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਨਿਕਲ ਜਾਣ ਦਾ ਝੋਰਾ ਲਗਾ ਰਹੇ। ਇਸ ਕਰ ਕੇ ਡਰੇ ਹੋਏ ਬਾਦਸ਼ਾਹ ਨੂੰ ਹੌਂਸਲਾ ਦੇਣ ਵਾਸਤੇ ਉਸ ਨੂੰ ਝੂਠੀ ਖ਼ਬਰ ਪਹੁੰਚਾਈ ਗਈ ਕਿ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ 'ਤੇ ਕਬਜ਼ਾ ਕਰ ਲਿਆ ਹੈ। ਉਸ ਨੇ ਇਹ ਵੀ ਪੈਗ਼ਾਮ ਪਹੁੰਚਾ ਦਿਤਾ ਕਿ ਉਹ ਲਾਹੌਰ 'ਤੇ ਹਮਲਾ ਕਰਨ ਦੀ ਪਲਾਨ ਬਣਾ ਰਿਹਾ ਹੈ। ਉਸ ਨੂੰ ਪਤਾ ਸੀ ਕਿ ਇਸ ਨਾਲ ਮੁਗ਼ਲ ਫ਼ੌਜਾਂ ਲੋਹਗੜ੍ਹ ਛੱਡ ਕੇ ਲਾਹੌਰ ਨੂੰ ਚੱਲ ਪੈਣਗੀਆਂ। ਇਸ ਕਰਕੇ ਭਾਈ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਵਿਚੋਂ ਨਿਕਲ ਗਿਆ। ਉਹ ਨਾਹਨ ਤੋਂ ਬਿਲਾਸਪੁਰ ਪੁੱਜਾ।

ਪਹਾੜੀ ਰਿਆਸਤਾਂ ਤੋਂ ਈਨ ਮਨਵਾਉਣਾ ਤੇ ਬਿਲਾਸਪੁਰ ’ਤੇ ਹਮਲਾ

ਲੋਹਗੜ੍ਹ ਵਿਚੋਂ ਨਿਕਲ ਕੇ ਭਾਈ ਬੰਦਾ ਸਿੰਘ ਬਹਾਦੁਰ ਨੇ ਪਹਾੜੀ ਇਲਾਕਿਆਂ ਵਿਚ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ। ਇਸ ਦੌਰ ਵਿਚ ਸਭ ਤੋਂ ਪਹਿਲਾਂ ਉਸ ਨੇ ਪਹਾੜੀ ਰਾਜਿਆਂ ਨੂੰ ਸੋਧਣ ਦਾ ਪਲਾਨ ਬਣਾਇਆ। ਉਸ ਦਾ ਸਭ ਤੋਂ ਪਹਿਲਾ ਹਮਲਾ ਕਹਿਲੂਰ ਰਿਆਸਤ ਦੀ ਰਾਜਧਾਨੀ ਬਿਲਾਸਪੁਰ 'ਤੇ ਸੀ। ਇੱਥੋਂ ਦੇ ਰਾਜੇ ਅਜਮੇਰ ਚੰਦ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਅਨੰਦਪੁਰ ਅਤੇ ਨਿਰਮੋਹਗੜ੍ਹ 'ਤੇ 10 ਵਾਰੀ ਹਮਲੇ ਕੀਤੇ ਸਨ। ਸਰਹੰਦ ਅਤੇ ਲਾਹੌਰ ਦੀ ਫ਼ੌਜ ਨੂੰ ਅਨੰਦਪੁਰ ਅਤੇ ਨਿਰਮੋਹਗੜ੍ਹ 'ਤੇ ਹਮਲਾ ਕਰਨ ਵਾਸਤੇ ਚੜ੍ਹਾ ਲਿਆਉਣ ਵਾਲਾ ਵੀ ਉਹੀ ਸੀ। 5-6 ਦਸੰਬਰ 1705 ਦੇ ਦਿਨ, ਅਨੰਦਪੁਰ ਤੋਂ ਸਦਾ ਵਾਸਤੇ ਚਲੇ ਜਾਣ ਵਾਸਤੇ ਮਜ਼ਬੂਰ ਕਰਨ ਵਾਸਤੇ, ਨਗਰ ਨੂੰ ਘੇਰਾ ਵੀ ਇਸੇ ਦੀ ਫ਼ੌਜ ਨੇ ਪਾਇਆ ਸੀ। ਸੱਚ ਤਾਂ ਇਹ ਹੈ ਕਿ ਸਿੱਖਾਂ ਦੀਆਂ ਮੁਸ਼ਕਲਾਂ ਦਾ ਮੁਖ ਜ਼ਿੰਮੇਦਾਰ ਰਾਜਾ ਅਜਮੇਰ ਚੰਦ ਸੀ। ਸੋ ਵਜ਼ੀਰ ਖ਼ਾਨ ਵਾਂਗ ਇਸ ਨੂੰ ਸਜਾ ਦੇਣਾ ਵੀ ਬਹੁਤ ਜ਼ਰੂਰੀ ਸੀ।

ਇਤਿਹਾਸਿਕ ਪੜਚੋਲ ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ ਨੇ, ਅਜਮੇਰ ਚੰਦ 'ਤੇ ਹਮਲਾ ਕਰਨ ਦੀ ਬਜਾਏ ਪਹਿਲਾਂ ਉਸ ਨੂੰ ਗ਼ੁਲਾਮੀ ਕਬੂਲ ਕਰਨ ਦਾ ਪੈਗ਼ਾਮ ਭੇਜਿਆ ਕਿ ਉਹ ਈਨ ਮੰਨ ਲਵੇ।ਅਜਮੇਰ ਚੰਦ ਸਿੱਖਾਂ ਅੱਗੇ ਸਿਰ ਕਿੱਥੇ ਝੁਕਾਉਂਦਾ ਸੀ? ਈਨ ਮੰਨਣ ਦੀ ਥਾਂ ਉਸ ਨੇ ਪਹਾੜੀ ਰਾਜਿਆਂ ਅਤੇ ਕਾਂਗੜਾ ਅਤੇ ਜਲੰਧਰ ਦੋਆਬਾ ਦੇ ਫ਼ੌਜਦਾਰਾਂ ਕੋਲੋਂ ਮਦਦ ਮੰਗ ਲਈ। ਉਨ੍ਹਾਂ ਨੇ ਆਪਣੀਆਂ ਫ਼ੌਜਾਂ ਅਤੇ ਅਸਲਾ ਭੇਜ ਦਿਤਾ। ਅਜਮੇਰ ਚੰਦ ਨੇ ਬਿਲਾਸਪੁਰ ਦੇ ਕਿਲ੍ਹੇ ਨੂੰ ਚੰਗੀ ਤਰ੍ਹਾਂ ਮਜ਼ਬੂਤ ਕਰ ਲਿਆ ਪਰ ਬਿਲਾਸਪੁਰ ਦਾ ਕਿਲ੍ਹਾ ਪਹਾੜਾਂ ਵਿਚ ਘਿਰਿਆ ਹੋਣ ਦੇ ਬਾਵਜੂਦ ਸਿੱਖਾਂ ਦੇ ਇਕ ਜ਼ੋਰਦਾਰ ਹੱਲੇ ਅੱਗੇ ਬਹੁਤੀ ਦੇਰ ਟਿਕ ਨਹੀਂ ਸਕਿਆ।[136] ਦੂਜਾ, ਸਿੱਖ ਫ਼ੌਜੀ ਗੁਰੂ ਵਾਸਤੇ ਲੜ ਰਹੇ ਸਨ ਨਾ ਕਿ ਉਹ ਪਹਾੜੀ ਫ਼ੌਜੀਆਂ ਵਾਂਗ ਕਿਸੇ ਰਾਜੇ ਦੇ ਤਨਖ਼ਾਹਦਾਰ ਸਨ। ਇਸ ਕਰ ਕੇ ਭਾਵੇਂ ਸਿੱਖਾਂ ਅਤੇ ਬਿਲਾਸਪੁਰੀਆਂ ਵਿਚ ਖ਼ੂਬ ਲੜਾਈ ਹੋਈ ਪਰ ਛੇਤੀ ਹੀ ਅਜਮੇਰ ਚੰਦ ਨੇ ਹਥਿਆਰ ਸੁੱਟ ਦਿੱਤੇ। ਇਸ ਲੜਾਈ ਵਿਚ 1300 ਪਹਾੜੀ ਫ਼ੌਜੀ ਮਾਰੇ ਗਏ।

---

[136] ਪੁਰਾਣਾ ਬਿਲਾਸਪੁਰ ਗੋਬਿੰਦ ਸਾਗਰ ਝੀਲ ਦੇ ਨੇੜੇ ਸੀ । ਹੁਣ ਉਸ ਥਾਂ ਦੇ ਨੇੜੇ ਇੱਕ ਨਵਾਂ ਸ਼ਹਿਰ ਸਥਾਪਿਤ ਹੈ।

ਸਿੱਖਾਂ ਵਿੱਚੋਂ ਬਹੁਤ ਥੋੜ੍ਹੇ ਬੰਦੇ ਸ਼ਹੀਦ ਹੋਏ ਸਨ। ਇਹ ਸਵਾਲ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਅਜਮੇਰ ਚੰਦ ਨੂੰ ਸੁੱਚਾ ਨੰਦ ਵਾਂਗ ਸਜ਼ਾ ਕਿਉਂ ਨਹੀਂ ਦਿੱਤੀ? ਇਕ ਵਿਚਾਰ ਇਹ ਹੈ ਕਿ, ਅਜਮੇਰ ਚੰਦ ਨੇ ਸਿੱਖਾਂ ਦੀ ਗ਼ੁਲਾਮੀ ਕਬੂਲ ਕਰ ਲਈ ਸੀ ਅਤੇ ਹਥਿਆਰ ਸੁੱਟ ਦਿੱਤੇ ਸਨ। ਕੁੱਝ ਸਿੱਖਾਂ ਮੁਤਾਬਿਕ, ਅਜਮੇਰ ਚੰਦ ਅਤੇ ਵਜ਼ੀਰ ਖ਼ਾਨ ਅਤੇ ਸੁੱਚਾ ਨੰਦ ਦਾ ਜੁਰਮ ਇੱਕੋ ਜਿੰਨਾ ਨਹੀਂ ਸੀ। ਉਹ ਸੋਚਦੇ ਸਨ ਕਿ ਅਜਮੇਰ ਚੰਦ ਨੇ ਅਨੰਦਪਰ ਸਾਹਿਬ 'ਤੇ ਹਮਲੇ ਜ਼ਰੂਰ ਕੀਤੇ ਸਨ ਪਰ ਸਰਹੰਦ ਵਾਲਿਆਂ ਨੇ ਤਾਂ ਬੇਗੁਨਾਹ ਬੱਚਿਆਂ ਅਤੇ ਮਾਤਾ ਜੀ ਨੂੰ ਤਸੀਹੇ ਦੇ-ਦੇ ਕੇ ਸ਼ਹੀਦ ਕੀਤਾ ਸੀ।

ਮੰਡੀ ਦੇ ਰਾਜੇ ਨੂੰ ਸਿਰੋਪਾਓ

ਬਿਲਾਸਪੁਰ ਨੂੰ ਜਿੱਤਣ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਕੁੱਝ ਹੋਰ ਪਹਾੜੀ ਰਾਜਿਆਂ ਨੂੰ ਵੀ ਈਨ ਮੰਨਣ ਵਾਸਤੇ ਪੈਗ਼ਾਮ ਭੇਜੇ। ਇਕ-ਇਕ ਕਰ ਕੇ ਸਾਰਿਆਂ ਨੇ ਸਿਰ ਝੁਕਾ ਦਿਤਾ। ਸਭ ਤੋਂ ਪਹਿਲਾਂ ਮੰਡੀ ਦੇ ਰਾਜੇ ਸਿੱਧ ਸੇਨ ਨੇ ਭਾਈ ਬੰਦਾ ਸਿੰਘ ਬਹਾਦੁਰ ਅੱਗੇ ਸਿਰ ਝੁਕਾਇਆ। ਭਾਈ ਬੰਦਾ ਸਿੰਘ ਬਹਾਦੁਰ ਨੂੰ ਪਤਾ ਸੀ ਕਿ ਇਹ ਰਿਆਸਤ ਗੁਰੂ ਨਾਨਕ ਸਾਹਿਬ ਦੇ ਜ਼ਮਾਨੇ ਤੋਂ ਹੀ ਗੁਰੂ ਘਰ ਦੀ ਸੇਵਾਦਾਰ ਰਹੀ ਸੀ, ਇਸ ਕਰ ਕੇ ਉਸ ਨੇ ਮੰਡੀ ਦੇ ਰਾਜੇ ਨੂੰ ਇੱਜ਼ਤ ਨਾਲ ਖਿੱਲਤ ਦੇ ਕੇ ਵਿਦਾ ਕੀਤਾ। ਇੰਝ ਹੀ ਨਾਹਨ ਦਾ ਰਾਜਾ ਤਾਂ ਪਹਿਲਾਂ ਹੀ ਭਾਈ ਬੰਦਾ ਸਿੰਘ ਬਹਾਦੁਰ ਦਾ ਸਾਥ ਦੇ ਰਿਹਾ ਸੀ ਅਤੇ ਇਸੇ ਕਰਕੇ ਕੁੱਝ ਦਿਨ ਪਹਿਲਾਂ ਹੀ ਬਾਦਸ਼ਾਹ ਬਹਾਦਰ ਸ਼ਾਹ ਨੇ ਨਾਹਨ-ਰਾਜਾ ਭੂਪ ਪ੍ਰਕਾਸ਼ ਨੂੰ ਕੈਦ ਕਰ ਦਿਤਾ ਸੀ ਅਤੇ ਉਸ ਦੀ ਰਿਹਾਈ ਵਾਸਤੇ ਭਾਈ ਬੰਦਾ ਸਿੰਘ ਬਹਾਦੁਰ ਦੀ ਗ੍ਰਿਫ਼ਤਾਰੀ ਦੀ ਸ਼ਰਤ ਰੱਖੀ ਸੀ (ਮਗਰੋਂ ਨਾਹਨ ਦੇ ਰਾਜੇ ਨੇ ਮੋਤ ਤੋ ਡਰਦੇ ਫ਼ਰਖ਼ਸੀਅਰ ਨਾਲ ਸਾਂਝ ਪਾ ਲਈ ਸੀ ਅਤੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਸ਼ਾਮਿਲ ਹੋ ਗਿਆ ਸੀ)।

ਕੁੱਲੂ ਵਿਚ ਬੰਦਾ ਸਿੰਘ ਬਹਾਦੁਰ ਨੂੰ ਰਾਜੇ ਵੱਲੋਂ ਨਜਰਾਨੇ

ਕੁੱਲੂ ਦੇ ਰਾਜਾ ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਈਨ ਮਨ ਲਈ ਸੀ ਅਤੇ ਬਹੁਤ ਸਾਰੇ ਨਜਰਾਨੇ ਤੋਹਫੇ ਵਜੋ ਦਿਤੇ ਸਨ। ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਕੁੱਲੂ ਵਿਚ ਗ੍ਰਿਫਤਾਰ ਵੀ ਕਰਵਾ ਦਿੱਤਾ ਸੀ।

ਬੰਦਾ ਸਿੰਘ ਬਹਾਦੁਰ ਦਾ ਚੰਬਾ ਵਿੱਚ ਵਿਆਹ

ਕੁੱਲੂ ਨੂੰ ਝੁਕਾਉਣ ਮਗਰੋਂ ਜਨਵਰੀ 1711 ਵਿਚ ਭਾਈ ਬੰਦਾ ਸਿੰਘ ਬਹਾਦੁਰ ਚੰਬਾ ਪੁੱਜ ਗਿਆ, ਜਿੱਥੇ ਉਸ ਨੂੰ ਰਾਜਾ ਉਦੈ ਸਿੰਹ ਨੇ ਆਪਣੀ ਧੀ ਸੁਸ਼ੀਲ ਕੁੰਵਰ (ਮਗਰੋਂ ਸੁਸ਼ੀਲ ਕੌਰ) ਦਾ ਡੋਲਾ ਵੀ ਦਿਤਾ। ਇਸ ਤੋਂ ਮਗਰੋਂ ਸੁਸ਼ੀਲ ਕੌਰ ਸਦਾ ਹੀ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਲ ਰਹੀ ਸੀ ਅਤੇ ਉਸ ਨੇ ਮਾਰਚ 1712 ਵਿਚ ਲੋਹਗੜ੍ਹ ਵਿਚ ਹੀ 'ਅਜੈ ਸਿੰਘ' ਨੂੰ ਜਨਮ ਦਿਤਾ ਸੀ, ਜਿਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਲ 9 ਜੂਨ 1716 ਦੇ ਦਿਨ ਸ਼ਹੀਦ ਕਰ ਦਿਤਾ ਗਿਆ ਸੀ। ਸੁਸ਼ੀਲ ਕੌਰ ਨੂੰ ਵੀ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਲ ਗੁਰਦਾਸ ਨੰਗਲ ਦੀ ਗੜ੍ਹੀ ਵਿੱਚੋਂ ਦਸੰਬਰ 1715 ਨੂੰ ਗ੍ਰਿਫ਼ਤਾਰ ਕਰ ਕੇ ਦਿਲੀ ਲਿਜਾਇਆ ਗਿਆ ਸੀ ਉਸ ਦੇ ਅੰਤ ਸਮੇਂ ਜਾਂ ਮੌਤ ਬਾਰੇ ਕਿਸੇ ਸੋਮੇ ਵਿਚ ਕੋਈ ਵੀ ਜ਼ਿਕਰ ਨਹੀਂ ਮਿਲਦਾ।

ਜੰਮੂ ਤੇ ਸੁਲਤਾਨਪੁਰ ਲੋਧੀ ਦੇ ਫ਼ੌਜਦਾਰਾਂ ਨੂੰ ਮਾਰਨਾ

ਭਾਈ ਬੰਦਾ ਸਿੰਘ ਬਹਾਦੁਰ ਚੰਬਾ ਤੋਂ ਮਗਰੋਂ ਸੀਬਾ, ਨੂਰਪੁਰ ਅਤੇ ਜਸਵਾਨ ਦੇ ਪਹਾੜੀ ਰਾਜਿਆਂ ਤੋਂ ਈਨ ਮਨਵਾ ਕੇ ਰਿਆਸੀ ਪਹੁੰਚ ਗਿਆ। ਇੱਥੇ ਭਾਈ ਬੰਦਾ ਸਿੰਘ ਬਹਾਦੁਰ ਨੇ ਸਿੱਖ ਫ਼ੌਜਾਂ ਨੂੰ ਮੁੜ ਜਥੇਬੰਦ ਕੀਤਾ ਅਤੇ ਕੁੱਝ ਚਿਰ ਰਿਆਸੀ (ਜੰਮੂ-ਕਸ਼ਮੀਰ) ਵਿਚ ਟਿਕਣ ਮਗਰੋਂ ਉਸ ਨੇ ਫਿਰ ਪੰਜਾਬ ਵੱਲ ਨੂੰ ਮੂੰਹ ਕਰ ਲਿਆ। ਉਹ ਮਾਰਚ 1711 ਦੇ ਪਹਿਲੇ ਹਫ਼ਤੇ ਜੰਮੂ ਦੀ ਸਰਹੱਦੀ ਚੌਕੀ ਰਾਇਪੁਰ ਅਤੇ ਬਹਿਰਾਮਪੁਰ ਦੀ ਜੂਹ ਵਿਚ ਪਹੁੰਚ ਗਿਆ। ਇਨ੍ਹੀਂ ਦਿਨੀਂ ਜਲੰਧਰ-ਦੋਆਬ ਦੀ ਰਾਜਧਾਨੀ ਸੁਲਤਾਨਪੁਰ ਦਾ ਫ਼ੌਜਦਾਰ ਸ਼ਮਸ ਖ਼ਾਨ ਆਪਣੇ-ਚਾਚੇ ਕੁਤਬਦੀਨ ਖ਼ੇਸ਼ਗੀ ਉਰਫ਼ ਬਾਇਜ਼ੀਦ ਖ਼ਾਨ (ਫ਼ੌਜਦਾਰ ਜੰਮੂ) ਕੋਲ ਆਇਆ ਹੋਇਆ ਸੀ। ਜੱਦ ਉਨ੍ਹਾਂ ਨੂੰ ਪਤਾ ਲਗਾ ਕਿ ਸਿੱਖ ਫ਼ੌਜਾਂ ਇਨ੍ਹਾਂ ਪਹਾੜਾਂ ਵਿਚ ਘੁੰਮ ਰਹੀਆਂ ਹਨ ਤਾਂ ਉਨ੍ਹਾਂ ਦੋਹਾਂ ਨੇ ਫ਼ੌਜ ਲੈ ਕੇ ਸਿੱਖਾਂ ਵੱਲ ਕੂਚ ਕਰ ਦਿਤਾ। ਉਨ੍ਹਾਂ ਨੇ ਪਹਿਲਾਂ ਵੀ, 1710 ਦੀ ਸਤੰਬਰ-ਅਕਤੂਬਰ ਵਿਚ, ਸਿੱਖ ਫ਼ੌਜਾਂ ਨੂੰ ਰਾਹੋਂ ਅਤੇ ਸਰਹੰਦ ਵਿਚ ਹਰਾਇਆ ਸੀ। ਇਸ ਆਕੜ ਵਿਚ ਉਹ ਸਿੱਖਾਂ ਦੇ ਪਿੱਛੇ ਚੱਲ ਪਏ। ਸਿੱਖ ਉਸ ਵੇਲੇ ਜੰਗ ਵਾਸਤੇ ਤਿਆਰ ਨਹੀਂ ਸਨ। ਇਸ ਕਰ ਕੇ ਥੋੜ੍ਹਾ ਜਿਹਾ ਮੁਕਾਬਲਾ ਕਰਨ ਮਗਰੋਂ ਸਿੱਖ ਹਰਨ ਹੋ ਗਏ। ਬਾਇਜ਼ੀਦ ਖ਼ਾਨ ਅਤੇ ਸ਼ਮਸ ਖ਼ਾਨ ਨੇ ਉਨ੍ਹਾਂ ਦਾ ਬਹੁਤੀ ਦੂਰ ਤਕ ਪਿੱਛਾ ਨਾ ਕੀਤਾ। ਦਰਅਸਲ ਸਿੱਖ ਭੱਜੇ ਨਹੀਂ ਸਨ, ਇਹ ਤਾਂ ਉਨ੍ਹਾਂ ਦਾ ਇਕ ਪੈਂਤੜਾ ਸੀ। ਜਦੋਂ ਸਿੱਖਾਂ ਨੇ ਵੇਖਿਆ ਕਿ ਪਠਾਣ ਜਰਨੈਲ ਆਪਣੇ ਆਪ ਨੂੰ ਜੇਤੂ ਸਮਝਦੇ ਹੋਏ ਅਵੇਸਲੇ ਹੋ ਗਏ ਹਨ ਤਾਂ ਉਨ੍ਹਾਂ ਨੇ ਪਿੱਛੇ ਮੁੜ ਕੇ ਮੁਗ਼ਲ ਫ਼ੌਜ 'ਤੇ ਇਕ ਦਮ ਹਮਲਾ ਕਰ ਦਿਤਾ। ਇਸ ਅਚਾਨਕ ਹਮਲੇ ਵਿਚ ਸ਼ਮਸ ਖ਼ਾਨ ਮੌਕੇ 'ਤੇ ਹੀ ਮਾਰਿਆ ਗਿਆ ਅਤੇ ਬਾਇਜ਼ੀਦ ਖ਼ਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।ਉਹ ਵੀ ਤਿੰਨ ਦਿਨ ਮਗਰੋਂ ਮਰ ਗਿਆ। ਇਨ੍ਹਾਂ ਦੀਆਂ ਲਾਸ਼ਾਂ ਨੂੰ ਕਸੂਰ ਵਿਚ ਲਿਜਾ ਕੇ ਦਫ਼ਨ ਕੀਤਾ ਗਿਆ। ਇਸ ਲੜਾਈ ਵਿਚੋਂ ਸਿੱਖ ਫ਼ੌਜਾਂ ਨੂੰ ਸ਼ਮਸ ਖ਼ਾਨ ਅਤੇ ਕੁਤਬਦੀਨ ਦੇ ਡੇਰੇ ਦਾ ਬਹੁੱਤ ਸਾਰਾ ਅਸਲਾ ਅਤੇ ਹੋਰ ਮਾਲ-ਮੱਤਾ ਵੀ ਹੱਥ ਆਇਆ।ਪਰ ਇਨ੍ਹਾਂ ਦੀ ਮੌਤ ਦੀ ਖ਼ਬਰ ਬਾਦਸ਼ਾਹ ਨੂੰ 23 ਅਪ੍ਰੈਲ 1711 ਨੂੰ ਮਿਲੀ ਸੀ ਜਦੋਂ ਉਹ ਰੋਪੜ ਨੇੜੇ ਸੀ।[137]

12 ਮਾਰਚ 1711 ਦੇ ਦਿਨ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਸ਼ਮਸ ਖ਼ਾਨ ਅਤੇ ਕੁਤਬ ਖ਼ਾਨ (ਬਾਇਜ਼ੀਦ ਖ਼ਾਨ) ਦੀ ਸਿੱਖਾਂ ਨਾਲ ਜ਼ਬਰਦਸਤ ਲੜਾਈ ਹੋ ਰਹੀ ਹੈ। ਇਸ ਇਤਲਾਹ ਮੁਤਾਬਿਕ ਦੋਹਾਂ ਵਿਚੋਂ ਇਕ ਮਰ ਚੁੱਕਾ ਹੈ ਅਤੇ ਦੂਜਾ ਅਜੇ ਲੜ ਰਿਹਾ ਹੈ। ਬਾਦਸ਼ਾਹ ਨੇ ਇਸ ਖ਼ਬਰ ਦੀ ਤਸਦੀਕ ਕਰਨ ਵਾਸਤੇ ਹਦਾਇਤ ਦਿੱਤੀ। ਪਰ 20 ਮਾਰਚ ਨੂੰ ਭਿਖਾਰੀ ਦਾਸ ਦੀ ਚਿੱਠੀ ਵਿਚ ਦੱਸਿਆ ਗਿਆ ਕਿ ਇਹ ਦੋਵੇਂ ਸਿੱਖਾਂ ਹੱਥੋਂ ਮਾਰੇ ਗਏ ਹਨ। (ਦੀਵਾਨ ਭਿਖਾਰੀ ਦਾਸ ਦੀ ਚਿੱਠੀ, ਵਕੀਲ ਰਿਪੋਰਟ ਨੰਬਰ 45, 46) ਬਾਦਸ਼ਾਹ ਨੂੰ ਦਿੱਤੀ ਗਈ ਇਤਲਾਹ ਮੁਤਾਬਿਕ ਸਿੱਖ ਫ਼ੌਜਾਂ ਦੀ ਗਿਣਤੀ 25 ਹਜ਼ਾਰ ਸੀ। ਹੁਣ ਬਾਇਜ਼ੀਦ ਖ਼ਾਨ ਕੁਤਬਦੀਨ ਖ਼ੇਸ਼ਗੀ ਦੇ ਮਰ ਜਾਣ ਕਰ ਕੇ ਬਾਦਸ਼ਾਹ ਨੇ ਸਰਹੰਦ ਦੇ ਫ਼ੌਜਦਾਰ ਫ਼ੀਰੋਜ਼ ਖਾਨ ਮੇਵਾਤੀ ਨੂੰ ਸਰਹੰਦ ਤੋਂ ਬਦਲ ਕੇ ਜੰਮੂ ਦਾ ਫ਼ੌਜਦਾਰ ਲਾ ਦਿਤਾ ਅਤੇ ਉਸ ਦੀ ਥਾਂ ਗ਼ਾਜ਼ੀ ਖ਼ਾਨ 'ਰੁਸਤਮ ਜੰਗ' ਨੂੰ ਸਰਹੰਦ ਦਾ ਫ਼ੌਜਦਾਰ ਬਣਾ ਦਿਤਾ। ਮਾਰੇ ਗਏ ਬਾਇਜ਼ੀਦ ਖ਼ਾਨ ਕੋਲ ਇਕ ਹਜ਼ਾਰ ਜ਼ਾਤ ਅਤੇ ਪੰਜ ਸੌ ਸਵਾਰ ਦਾ ਮਨਸਬ ਸੀ, ਉਸਦੇ ਨਾਲ ਹੀ ਮਾਰੇ ਗਏ, ਉਸ ਦੇ ਭਤੀਜੇ ਸ਼ਮਸ ਖ਼ਾਨ (ਪੁੱਤਰ ਪੀਰ ਖ਼ਾਨ, ਪੋਤਾ ਸੁਲਤਾਨ ਅਹਿਮਦ ਖ਼ਾਨ) ਕੋਲ ਪੰਜ ਸੌ ਜ਼ਾਤ ਅਤੇ ਇਕ ਸੌ ਸਵਾਰ ਦਾ ਮਨਸਬ ਸੀ ਅਤੇ ਉਹ ਜਲੰਧਰ-ਬਿਸਤ ਵਿਚ ਸੁਲਤਾਨਪੁਰ ਦਾ ਸਾਬਕਾ ਫ਼ੌਜਦਾਰ ਸੀ। 1710 ਦੇ ਸ਼ੁਰੂ ਵਿਚ ਉਸ ਨੂੰ ਇਸ ਅਹੁਦੇ

---

[137] ਅਖ਼ਬਾਰਾਤਿ-ਦਰਬਾਰਿ-ਮੁਅੱਲਾ, 23.4.1711 ਦੀ ਰਿਪੋਰਟ

ਤੋਂ ਹਟਾ ਦਿਤਾ ਗਿਆ ਸੀ। ਫਿਰ 4 ਅਗਸਤ 1710 ਦੇ ਦਿਨ ਬਾਦਸ਼ਾਹ ਨੇ, ਨਕੋਦਰ ਵਿਚ ਲੁੱਟਮਾਰ ਕਰਨ ਦੇ ਦੋਸ਼ ਕਾਰਨ, ਉਸ ਦਾ ਮਨਸਬ ਵੀ ਇਕ ਸੌ ਜ਼ਾਤ ਅਤੇ ਇਕ ਸੌ ਸਵਾਰ ਘਟਾ ਦਿਤਾ ਸੀ ਅਤੇ ਉਸ ਦਾ ਖ਼ਿਤਾਬ 'ਖ਼ਿਤਾਬ ਖ਼ਾਨੀ' ਵੀ ਵਾਪਿਸ ਲੈ ਲਿਆ ਸੀ ਪਰ, ਰਾਹੋਂ ਅਤੇ ਸਰਹੰਦ ਵਿਚ ਸਿੱਖਾਂ ਨੂੰ ਹਰਾਉਣ, 'ਤੇ ਇਸ ਮਗਰੋਂ ਵੀ ਸਿੱਖਾਂ ਦੇ ਖ਼ਿਲਾਫ਼ ਜ਼ਬਰਦਸਤ ਮੁਹਿੰਮ ਚਲਾਉਣ ਕਾਰਨ, ਉਸ ਨੂੰ ਅਤੇ ਉਸ ਦੇ ਚਾਚਾ ਕੁਤਬਦੀਨ ਖ਼ੇਸ਼ਗੀ (ਬਾਇਜ਼ੀਦ ਖ਼ਾਨ), ਦੋਹਾਂ ਨੂੰ ਦੋਬਾਰਾ ਉਨ੍ਹਾਂ ਦੇ ਔਹਦਿਆਂ 'ਤੇ ਬਹਾਲ ਕਰ ਦਿਤਾ ਗਿਆ ਸੀ। ਮਆਸਰੁਲ ਉਮਰਾ ਦਾ ਲੇਖਕ ਲਿਖਦਾ ਹੈ ਕਿ ਸ਼ਮਸ ਖ਼ਾਨ ਨੇ ਸਿੱਖਾਂ ਨਾਲ 22 ਵਾਰ ਟੱਕਰ ਲਈ ਸੀ ਪਰ ਮੁੜ ਬਹਾਲੀ ਤੋਂ ਇਕ ਮਹੀਨੇ ਦੇ ਅੰਦਰ ਹੀ ਉਹ ਸਿੱਖਾਂ ਦੇ ਹੱਥੋਂ ਮਾਰਿਆ ਗਿਆ ਸੀ। ਇਸ ਮਗਰੋਂ ਸਿੱਖ ਫ਼ੌਜਾਂ ਨੇ ਲਾਹੌਰ ਵੱਲ ਮੂੰਹ ਕਰ ਲਿਆ। 7 ਮਾਰਚ 1711 ਦੀ ਇਤਲਾਹ ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ ਲਾਹੌਰ ਸ਼ਹਿਰ ਦੇ ਨੇੜੇ ਪੁੱਜ ਚੁੱਕਾ ਸੀ। (ਦੀਵਾਨ ਭਿਖਾਰੀ ਦਾਸ ਦੀ ਚਿੱਠੀ, ਵਕੀਲ ਰਿਪੋਰਟ ਨੰਬਰ 311)

ਬਹਾਦਰ ਸ਼ਾਹ ਸਿੱਖਾਂ ਵਿਰੁੱਧ ਮੁਹਿੰਮ ਲਈ ਇੰਨਾਂ ਫ਼ਿਕਰਮੰਦ ਸੀ ਕਿ ਉਸਨੇ ਹਰ ਜਰਨੈਲ, ਅਫ਼ਸਰ, ਚੌਧਰੀਆਂ ਅਤੇ ਹੋਰਨਾਂ ਨੂੰ ਜੰਗ ਵਿਚ ਹਿੱਸਾ ਲੈਣ ਲਈ ਅਤੇ ਸਿੱਖਾ ਵਿਰੁੱਧ ਕਾਰਵਾਈ ਕਰਨ ਲਈ ਉਤਸਾਹਿਤ ਕਰਦਾ ਸੀ। ਉਹ ਤੋਹਫ਼ੇ,ਸਨਮਾਨ, ਖ਼ਿਲਤਾਂ, ਮਨਸਬ ਅਤੇ ਜਗੀਰਾਂ ਉਨ੍ਹਾਂ ਲੋਕਾਂ ਨੂੰ ਦੇ ਰਿਹਾ ਸੀ, ਜਿਨ੍ਹਾਂ ਨੇ ਸਿੱਖਾ ਵਿਰੁੱਧ ਕਾਰਵਾਈਆਂ ਵਿਚ ਹਿੱਸਾ ਲਿਆ ਸੀ। 20 ਮਾਰਚ ਨੂੰ ਉਸਨੇ ਹਿੰਦੂ ਆਗੂ, ਚੂੜਾਮਣੀ ਜੱਟ ਅਤੇ ਕਿਸ਼ਨ ਸਿੰਘ ਨਾਰੋਕਾ ਨੂੰ ਸਨਮਾਨ ਦੀਆਂ ਖ਼ਿਲਤਾਂ ਦੇ ਕੇ ਮਹਾਬਤ ਖਾਂ ਨਾਲ ਮਿਲ ਕੇ ਸਿੱਖਾਂ ਦਾ ਖਾਤਮਾ ਕਰਨ ਲਈ ਭੇਜਿਆ। 2 ਅਪ੍ਰੈਲ ਨੂੰ ਉਸਨੇ ਸੈਫ਼ ਖਾਂ ਨੂੰ ਸੁਲਤਾਨਪੁਰ ਦਾ ਚੀਫ਼ ਨਿਯੁੱਕਤ ਕੀਤਾ, ਉਸਦਾ ਮਨਸਬ 600 ਘੋੜੇ ਵਧਾਇਆ। ਉਸਨੇ ਲੱਖੀ ਜੰਗਲ ਇਲਾਕੇ ਦਾ ਪ੍ਰਬੰਧ ਸੁਲਤਾਨ ਖਾਂ ਨੂੰ ਦਿਤਾ ਅਤੇ ਉਸ ਦਾ ਮਨਸਬ ਚੌਦਾਂ ਸੌ ਘੋੜੇ ਵੱਧਾ ਦਿਤਾ ਅਤੇ ਉਸਨੂੰ ਅੱਸੀ ਹਜ਼ਾਰ ਦਾਮ ਵੀ ਸਿੱਖਾਂ ਵਿਰੁੱਧ ਮੁਹਿੰਮ ਲਈ ਦਿੱਤੇ।[138]

ਬਟਾਲਾ ਅਤੇ ਕਲਾਨੌਰ ਉਤੇ ਸਿੱਖਾਂ ਦਾ ਕਬਜ਼ਾ

ਹੁਣ ਸਿੱਖ ਫ਼ੌਜਾਂ ਨੇ ਕਲਾਨੌਰ ਅਤੇ ਬਟਾਲੇ ਵੱਲ ਰੁਖ਼ ਕਰ ਲਿਆ ਸੀ। ਅਖ਼ਬਾਰਾਤਿ-ਦਰਬਾਰਿ-ਮੁਅੱਲਾ ਮੁਤਾਬਿਕ ਜਦੋਂ ਭਾਈ ਬੰਦਾ ਸਿੰਘ ਬਹਾਦੁਰ ਦੇ ਬਟਾਲਾ ਦੇ ਨੇੜੇ ਪੁੱਜਣ ਦੀਆਂ ਖ਼ਬਰਾਂ ਆਈਆਂ ਤਾਂ ਸ਼ਹਿਰ ਅਤੇ ਆਲੇ-ਦੁਆਲੇ ਦੇ ਬਹੁਤ ਸਾਰੇ ਅਮੀਰ-ਵਜ਼ੀਰ, ਆਪਣਾ ਮਾਲ-ਮੱਤਾ ਸੰਭਾਲ ਕੇ, ਆਪਣੇ ਟੱਬਰਾਂ ਸਣੇ, ਸ਼ਹਿਰ ਛੱਡ ਕੇ ਲਾਹੌਰ ਨੂੰ ਭੱਜ ਗਏ। ਉਦੋਂ ਬਟਾਲਾ ਵਿਚ ਸਯੱਦ ਮੁਹੰਮਦ ਫ਼ਜ਼ਲ ਕਾਦਰੀ ਅਤੇ ਸ਼ੈਖ਼ ਅਹਿਮਦ (ਸ਼ੈਖ਼ੁਲ ਹਿੰਦ) ਦੋ ਮਸ਼ਹੂਰ ਸ਼ਖ਼ਸੀਅਤਾਂ ਰਹਿੰਦੀਆਂ ਸਨ। ਸ਼ੱਯਦ ਮੁਹੰਮਦ ਫ਼ਜ਼ਲ ਕਾਦਰੀ ਜਿਸ ਨੇ ਇਕ ਵੱਡਾ ਮਦਰੱਸਾ ਵੀ ਕਾਇਮ ਕੀਤਾ ਹੋਇਆ ਸੀ, ਸਿੱਖਾਂ ਨਾਲ ਲੜਾਈ ਕਰਕੇ ਨੁਕਸਾਨ ਕਰਵਾਉਣ ਦੇ ਹੱਕ ਵਿਚ ਨਹੀਂ ਸੀ ਪਰ ਸ਼ੈਖ਼ ਅਹਿਮਦ ਜਿਸ ਨੂੰ 'ਸ਼ੈਖ਼ੁਲ ਹਿੰਦ' ਕਿਹਾ ਜਾਂਦਾ ਸੀ, ਭਾਈ ਬੰਦਾ ਸਿੰਘ ਬਹਾਦੁਰ ਨੂੰ ਜ਼ਬਰਦਸਤ ਟੱਕਰ ਦੇਣੀ ਚਾਹੁੰਦਾ ਸੀ। ਭਾਈ ਬੰਦਾ ਸਿੰਘ ਬਹਾਦੁਰ ਨੇ ਬਟਾਲੇ 'ਤੇ ਹਮਲਾ ਕਰਨ ਤੋਂ ਪਹਿਲਾਂ, 6 ਕਿਲੋਮੀਟਰ ਦੂਰ, ਅਚਲ-ਬਟਾਲਾ ਪੁੱਜ ਕੇ ਪੜਾਅ ਕੀਤਾ 'ਤੇ ਅਗਲੇ ਦਿਨ ਸਿੱਖ ਫ਼ੌਜਾਂ ਪਹੁ-ਫੁੱਟਣ ਤੋਂ ਪਹਿਲਾਂ ਬਟਾਲੇ ਦੇ ਹਾਥੀ ਦਰਵਾਜ਼ੇ ਨੇੜੇ ਪੁੱਜ ਗਈਆਂ। ਸ਼ੇਖ਼ ਅਹਿਮਦ ਨੇ ਸ਼ਹਿਰੋਂ ਬਾਹਰ ਆ ਕੇ ਸਿੱਖ ਫ਼ੌਜਾਂ ਨਾਲ ਟੱਕਰ ਲਈ ਪਰ ਬੜੀ ਛੇਤੀ ਹੀ ਉਹ ਮਾਰਿਆ ਗਿਆ।

[138] ਅਖਬਾਰਤਿ-ਦਰਬਾਰਿ-ਮੁਅੱਲਾ, 2.4.1711 ਦੀ ਰਿਪੋਰਟ

ਇਸ ਮਗਰੋਂ ਸਿੱਖ ਫ਼ੌਜਾਂ ਦਰਵਾਜ਼ੇ ਭੰਨ ਕੇ ਸ਼ਹਿਰ ਵਿਚ ਦਾਖ਼ਿਲ ਹੋਈਆਂ ਅਤੇ ਜ਼ਾਲਮ ਹਾਕਮਾਂ ਨੂੰ ਬਣਦੀ ਸਜਾ ਦਿੱਤੀ। ਕਾਜ਼ੀ ਅਬਦੁਲ ਹੱਕ ਦਾ ਮਹਿਲ ਅਤੇ ਸਾਰੀਆਂ ਹਵੇਲੀਆਂ ਸਾੜ ਦਿਤੀਆਂ ਗਈਆਂ। 20 ਮਾਰਚ 1711 ਦੀ ਰਿਪੋਰਟ ਮੁਤਾਬਿਕ ਸਿੱਖਾਂ ਦਾ ਬਟਾਲਾ 'ਤੇ ਮੁਕੰਮਲ ਕਬਜ਼ਾ ਹੋ ਚੁੱਕਾ ਸੀ ।(ਦੀਵਾਨ ਭਿਖਾਰੀ ਦਾਸ ਦੀ ਚਿੱਠੀ, ਵਕੀਲ ਰਿਪੋਰਟ ਨੰਬਰ 46)

ਬਟਾਲਾ ਤੋਂ ਬਾਅਦ ਸਿੱਖ ਫ਼ੌਜਾਂ ਨੇ ਕਲਾਨੌਰ 'ਤੇ ਵੀ ਕਬਜ਼ਾ ਕਰ ਲਿਆ। ਕਲਾਨੌਰ ਉਸ ਵੇਲੇ ਲਾਹੌਰ ਤੋਂ ਮਗਰੋਂ ਮਾਝੇ ਦਾ ਸਭ ਤੋਂ ਵੱਡਾ ਸ਼ਹਿਰ ਸੀ। ਇਹ ਉਹੀ ਸ਼ਹਿਰ ਸੀ ਜਿੱਥੇ 1555 ਵਿਚ ਅਕਬਰ ਦੀ ਤਾਜਪੋਸ਼ੀ ਹੋਈ ਸੀ। ਇਸ ਸ਼ਹਿਰ ਵਿਚ ਇਕ ਸ਼ਾਨਦਾਰ ਕਿਲ੍ਹਾ ਅਤੇ ਬਹੁੱਤ ਸਾਰੀਆਂ ਵੱਡੀਆਂ-ਵੱਡੀਆਂ ਹਵੇਲੀਆਂ ਸਨ। ਇਥੋਂ ਦਾ ਫ਼ੌਜਦਾਰ ਸੁਹਰਾਬ ਖ਼ਾਨ ਸੀ ਅਤੇ ਕਾਨੂੰਨਗੋ ਇਕ ਹਿੰਦੂ ਸੰਤੋਖ ਰਾਏ ਸੀ। ਉਹ ਦੋਵੇਂ ਭਾਈ ਬੰਦਾ ਸਿੰਘ ਬਹਾਦੁਰ ਦੇ ਹਮਲੇ ਦੀ ਤਾਅਬ ਨਾ ਝੱਲ ਸਕੇ। ਸੰਤੋਖ ਰਾਇ ਦੇ ਭਰਾ ਅਣੋਖ ਰਾਇ ਨੇ ਵੀ ਕੁੱਝ ਚਿਰ ਭਾਈ ਬੰਦਾ ਸਿੰਘ ਬਹਾਦੁਰ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਤਿੰਨੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ, ਜਾਨਾਂ ਬਚਾ ਕੇ, ਲਾਹੌਰ ਵੱਲ ਨੱਸ ਗਏ। ਉਨ੍ਹਾਂ ਦੀ ਥਾਂ 'ਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਸਿੱਖਾਂ ਨੂੰ ਫ਼ੌਜਦਾਰੀ ਅਤੇ ਹੋਰ ਅੱਹੁਦਿਆਂ 'ਤੇ ਲਾ ਦਿਤਾ। ਅਪ੍ਰੈਲ 1711 ਦਾ ਦੂਜਾ ਅੱਧ ਭਾਈ ਬੰਦਾ ਸਿੰਘ ਬਹਾਦੁਰ ਨੇ ਕਲਾਨੌਰ ਵਿਚ ਹੀ ਬਿਤਾਇਆ। ਇਹ ਸ਼ਹਿਰ ਇੰਨ੍ਹਾਂ ਵੱਡਾ ਸੀ ਕਿ ਇਸ ਵਿਚ ਸੈਂਕੜੇ ਮਸੀਤਾਂ ਸਨ ਅਤੇ ਇੱਥੇ ਹਜ਼ਾਰਾਂ ਮੁਸਲਮਾਨ ਰਹਿੰਦੇ ਸਨ। ਭਾਈ ਬੰਦਾ ਸਿੰਘ ਬਹਾਦੁਰ ਨੇ ਕਲਾਨੌਰ 'ਤੇ ਕਬਜ਼ਾ ਕਰਨ ਮਗਰੋਂ ਵੀ ਕਿਸੇ ਮਸਜਿਦ ਜਾਂ ਕਿਸੇ ਹੋਰ ਮੁਸਲਮ ਅਦਾਰੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਉਸ ਨੇ ਇਕ ਵਾਰ ਦਰਬਾਰ ਲਾ ਕੇ ਇਹ ਸਪਸ਼ਟ ਵੀ ਕੀਤਾ ਕਿ ਉਸ ਦੀ ਲੜਾਈ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ ਬਲਕਿ ਜ਼ਾਲਮ ਪਠਾਨ ਅਤੇ ਮੁਗ਼ਲ ਹਾਕਮਾਂ ਦੇ ਖ਼ਿਲਾਫ਼ ਹੈ।

7 ਅਪ੍ਰੈਲ 1711 ਨੂੰ ਬਹਾਦਰ ਸ਼ਾਹ ਬਨੂੜ ਦੇ ਨੇੜੇ ਪਹੁੰਚਿਆ ਜਦੋਂ ਉਸਨੂੰ ਦੱਸਿਆ ਗਿਆ ਕਿ ਸਿੱਖਾਂ ਨੇ ਬਿਆਸ ਨਦੀ ਦੇ ਨੇੜੇ ਪਨਾਹ ਲਈ ਹੋਈ ਹੈ ਜੋ ਕਿ ਲਾਹੌਰ ਤੋਂ 40-45 ਮੀਲ ਦੂਰ ਹੈ ਉਨ੍ਹਾਂ ਆਪਣਾ ਕਿਲ੍ਹਾ ਵੀ ਬਣਾ ਲਿਆ ਹੈ।ਸਿੱਖਾ ਨੇ 25 ਕਿਲੋਮੀਟਰ ਲੰਬੇ ਅਤੇ 10 ਕਿਲੋਮੀਟਰ ਚੋੜੇ ਇਲਾਕੇ ਵਿਚ ਅਪਣੀਆਂ ਚੋਂਕੀਆਂ ਵੀ ਕਾਇਮ ਕਰ ਲਈਆਂ ਹਨ ਅਤੇ ਲੋਕਲ ਜਿੰਮੀਦਾਰ ਉਨ੍ਹਾਂ ਦਾ ਸਾਥ ਦੇ ਰਹੇ ਹਨ।[139]

15 ਅਪ੍ਰੈਲ 1711 ਨੂੰ ਬਾਦਸ਼ਾਹ ਨੂੰ ਦੱਸਿਆਂ ਗਿਆ ਕਿ ਬਿਲਾਸਪੁਰ ਦਾ ਰਾਜਾ ਸਿੱਖਾਂ ਦਾ ਮਿੱਤਰ ਬਣ ਗਿਆ ਹੈ ਅਤੇ ਜਿਸ ਨੇ ਸਿੱਖਾਂ ਨੂ ਭਰੋਸਾ ਦਿਤਾ ਹੈ ਕਿ ਜੇਕਰ ਮੁਗਲ ਫ਼ੌਜਾਂ ਨੇ ਉਨ੍ਹਾਂ ਦਾ ਪਿੱਛਾਂ ਕੀਤਾ ਤਾਂ ਉਹ ਸਿੱਖਾਂ ਨੂੰ ਸੁੱਰਖਿਆਂ ਦੇਵੇਗਾ ਅਤੇ ਮੁਗਲਾਂ ਨੂੰ ਆਪਣੀ ਹੱਦ ਵਿਚ ਵੜਣ ਨਹੀਂ ਦੇਵੇਗਾ।[140]

25 ਅਪ੍ਰੈਲ 1711 ਨੂੰ ਬਹਾਦਰ ਸ਼ਾਹ ਨੇ ਅਸ਼ਰਫ਼ ਖਾਂ ਨੂੰ ਹਰਿਆਣਾ (ਹੁਸ਼ਿਆਰਪੁਰ) ਦਾ ਆਰਮੀ ਚੀਫ਼ ਨਿਯੁੱਕਤ ਕੀਤਾ ਅਤੇ ਉਸਨੂੰ ਭਾਈ ਬੰਦਾ ਸਿੰਘ ਬਹਾਦੁਰ ਪਿੱਛੇ ਲਗਾ ਦਿਤਾ।ਉਸੇ ਦਿਨ ਉਸਨੂੰ ਆਤਿਸ਼ ਖਾਂ ਨੂੰ ਤੋਪਾਂ ਦਾ ਇੰਚਾਰਜ ਬਣਾ ਕੇ ਸਤਲੁਜ ਦੇ ਇਲਾਕੇ ਵਿੱਚ ਭੇਜ ਦਿਤਾ ਜੋ ਕਿ ਸਿੱਖਾਂ ਵਿਰੁੱਧ ਇੱਕ ਸਖ਼ਤ ਮੁਹਿੰਮ ਸੀ।[141]

ਭਾਈ ਬੰਦਾ ਸਿੰਘ ਬਹਾਦੁਰ ਦੇ ਇਸ ਐਲਾਨ-ਨਾਮੇ 'ਤੇ ਆਮ ਮੁਸਲਮਾਨਾਂ ਨੇ ਬੜਾ ਸਕੂਨ ਮਹਿਸੂਸ ਕੀਤਾ ਕਿਉਂਕਿ ਆਮ ਆਦਮੀ ਉਸ ਵੇਲੇ ਜ਼ਾਲਮ ਹਾਕਮਾਂ ਤੋਂ ਬੜਾ ਦੁਖੀ ਸੀ,

[139] ਅਖਬਾਰਾਤਿ-ਦਰਬਾਰਿ-ਮੁਅੱਲਾ, 7.4.1711 ਦੀ ਰਿਪੋਰਟ
[140] ਅਖਬਾਰਾਤਿ-ਦਰਬਾਰਿ-ਮੁਅੱਲਾ, 15.4.1711 ਦੀ ਰਿਪੋਰਟ
[141] ਅਖਬਾਰਾਤਿ-ਦਰਬਾਰਿ-ਮੁਅੱਲਾ, 25.4.1711 ਦੀ ਰਿਪੋਰਟ

ਇਸ ਕਰਕੇ ਉਨ੍ਹਾਂ ਦੇ ਦਿਲ ਵਿਚ ਭਾਈ ਬੰਦਾ ਸਿੰਘ ਬਹਾਦੁਰ ਅਤੇ ਖਾਲਸਾ ਫ਼ੌਜ ਵਾਸਤੇ ਹਮਦਰਦੀ ਅਤੇ ਅਕੀਦਤ ਪੈਦਾ ਹੋ ਗਈ। ਇਸ ਦੇ ਨਾਲ ਹੀ ਹਜ਼ਾਰਾਂ ਮੁਸਲਮਾਨਾਂ ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਵਿਚ ਨੌਕਰੀ ਕਰਨ ਦੀ ਖ਼ਾਹਿਸ਼ ਦਾ ਇਜ਼ਹਾਰ ਕੀਤਾ। ਭਾਈ ਬੰਦਾ ਸਿੰਘ ਬਹਾਦੁਰ ਨੇ ਫ਼ਰਾਖ਼ਦਿਲੀ ਦਿਖਾਉਂਦਿਆਂ ਹੋਇਆ ਮੁਸਲਮਾਨਾਂ ਨੂੰ ਵੀ ਫ਼ੌਜ ਵਿਚ ਨੌਕਰੀਆਂ ਦੇ ਦਿਤੀਆਂ। ਮਗਰੋਂ 28 ਅਪੈਰਲ 1711 ਦੇ ਦਿਨ ਜਦੋਂ ਬਾਦਸ਼ਾਹ ਨੇ ਰੋਪੜ ਨੇੜੇ ਸਤਲੁਜ ਨਦੀ ਪਾਰ ਕੀਤੀ ਤਾਂ ਉਸ ਨੂੰ ਹਿਦਾਇਤ ਉੱਲਾ ਖ਼ਾਨ ਨੇ ਭਾਈ ਬੰਦਾ ਸਿੰਘ ਬਹਾਦੁਰ ਬਾਰੇ, ਭਗਵਤੀ ਦਾਸ ਹਰਕਾਰੇ ਦੀ, ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ: "ਨਾਨਕ ਪੂਜ (ਭਾਈ ਬੰਦਾ ਸਿੰਘ ਬਹਾਦੁਰ) ਦਾ ਡੇਰਾ 26 ਅਪਰੈਲ 1711 ਤਕ ਕਲਾਨੌਰ ਦੇ ਕਸਬੇ ਵਿਚ ਸੀ। ਉਸ ਨੇ ਬਚਨ ਅਤੇ ਇਕਰਾਰ ਕੀਤਾ ਹੈ ਕਿ ਉਹ ਮੁਸਲਮਾਨਾਂ ਨੂੰ ਕੋਈ ਤਕਲੀਫ਼ ਨਹੀਂ ਦੇਵੇਗਾ। ਇਸ ਕਰ ਕੇ ਜਿਹੜਾ ਕੋਈ ਵੀ ਮੁਸਲਮਾਨ ਉਸ ਵੱਲ ਰੁਜੂ ਹੁੰਦਾ (ਨਾਲ ਜਾ ਮਿਲਦਾ) ਹੈ ਉਹ ਉਸ ਦੀ ਦਿਹਾੜੀ ਅਤੇ ਤਨਖ਼ਾਹ ਨੀਅਤ ਕਰ ਕੇ ਉਸ ਦਾ ਖ਼ਿਆਲ ਵੀ ਰਖਦਾ ਹੈ। ਉਸ ਨੇ ਉਨ੍ਹਾਂ ਨੂੰ ਖ਼ੁਤਬਾ ਅਤੇ ਨਮਾਜ਼ ਦੀ ਇਜਾਜ਼ਤ ਵੀ ਦਿਤੀ ਹੋਈ ਹੈ। ਇਸ ਕਰ ਕੇ ਪੰਜ ਹਜ਼ਾਰ ਮੁਸਲਮਾਨ ਉਸ ਬਾਗ਼ੀ ਸਿੱਖ ਆਗੂ ਕੋਲ ਨੌਕਰ ਹੋ ਗਏ ਹਨ। ਅਜ਼ਾਨ ਅਤੇ ਨਮਾਜ਼ ਦੀ ਇਜਾਜ਼ਤ ਮਗਰੋਂ ਮੁਸਲਮਾਨ ਇਨ੍ਹਾਂ ਬਾਗ਼ੀਆਂ ਦੀ ਫ਼ੌਜਾਂ ਵਿਚ ਸਕੂਨ ਮਹਿਸੂਸ ਕਰ ਰਹੇ ਹਨ।"[142]

ਇਕ ਖ਼ਬਰ ਮੁਤਾਬਿਕ ਸਿੱਖਾਂ ਨੇ ਗੁਰੂ-ਦਾ-ਚੱਕ (ਹੁਣ ਅੰਮ੍ਰਿਤਸਰ) 'ਤੇ ਕਬਜ਼ਾ ਕਰ ਲਿਆ ਸੀ ਅਤੇ ਰਾਵੀ ਨਦੀ ਦੇ ਦੂਜੇ ਕੰਢੇ ਸ਼ਾਹਦਰਾ (ਲਾਹੌਰ ਦੇ ਬਾਹਰਵਾਰ) ਤਕ ਕਬਜ਼ਾ ਕਰ ਲਿਆ ਸੀ। (ਪੰਚੋਲੀ ਜਗਜੀਵਨ ਦਾਸ ਵਕੀਲ ਦੀ ਰਿਪੋਰਟ, ਨੰਬਰ 48, 24 ਮਾਰਚ 1711) ਅਖ਼ਬਾਰਾਤਿ-ਦਰਬਾਰਿ-ਮੁਅੱਲਾ ਮੁਤਾਬਿਕ 7 ਅਪ੍ਰੈਲ 1711 ਨੂੰ, ਜੱਦ ਬਾਦਸ਼ਾਹ ਬਨੂੜ ਕੋਲ ਸੀ, ਤਾਂ ਉਸ ਨੂੰ ਦੱਸਿਆ ਗਿਆ ਕਿ ਸਿੱਖ ਲਾਹੌਰ ਤੋਂ 40-45 ਕਿਲੋਮੀਟਰ ਦੀ ਦੂਰੀ ’ਤੇ ਪੜਾਅ ਕਰ ਰਹੇ ਸਨ ਅਤੇ ਉਨ੍ਹਾਂ ਨੇ ਇਕ ਕਿਲ੍ਹਾ ਵੀ ਬਣਾ ਲਿਆ ਹੈ। ਸਿੱਖਾਂ ਨੇ ਰਾਵੀ ਨਦੀ ਦੇ ਦੁਆਲੇ, ਪਹਾੜਾਂ ਦੇ ਨੇੜੇ 25 ਕਿਲੋਮੀਟਰ ਚੌੜੇ ਅਤੇ 10 ਕਿਲੋਮੀਟਰ ਲੰਬੇ ਇਲਾਕੇ ਵਿਚ ਆਪਣੇ ਥਾਣੇ ਵੀ ਕਾਇਮ ਕਰ ਲਏ ਸਨ ਅਤੇ ਇਸ ਇਲਾਕੇ ਦੇ ਜ਼ਿਮੀਂਦਾਰ ਉਨ੍ਹਾਂ ਦਾ ਸਾਥ ਦੇ ਰਹੇ ਸਨ। 15 ਅਪ੍ਰੈਲ ਨੂੰ ਬਾਦਸ਼ਾਹ ਨੂੰ ਪਤਾ ਲਗਾ ਕਿ ਬਿਲਾਸਪੁਰ ਦੇ ਰਾਜੇ ਨੇ ਸਿੱਖਾਂ ਨਾਲ ਦੋਸਤੀ ਕਰ ਲਈ ਹੈ ਜਿਸ ਹੇਠ ਰਾਜਾ ਸਿੱਖਾਂ ਨੂੰ ਆਪਣੀ ਰਿਆਸਤ ਵਿਚ ਪਨਾਹ ਦੇਵੇਗਾ ਅਤੇ ਜੇ ਮੁਗ਼ਲ ਫ਼ੌਜਾਂ ਸਿੱਖਾਂ ਦੇ ਪਿੱਛੇ ਆਈਆਂ ਤਾਂ ਉਹ ਉਨ੍ਹਾਂ ਦਾ ਰਾਹ ਰੋਕੇਗਾ। ਭਾਵੇਂ ਬਾਦਸ਼ਾਹ ਨੂੰ ਕਦੇ-ਕਦੇ ਸਿੱਖਾਂ ਦੀ ਹਾਰ ਦੀ ਖ਼ਬਰ ਵੀ ਮਿਲ ਜਾਂਦੀ ਸੀ ਪਰ ਉਸ ਨੂੰ ਬਹੁਤ ਪਰੇਸ਼ਾਨੀ ਸੀ ਕਿਉਂਕਿ ਉਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਦਾ ਕੁੱਝ ਵੀ ਪਤਾ ਨਹੀਂ ਸੀ ਲਗ ਰਿਹਾ। ਪਰ ਉਸ ਨੂੰ 13 ਮਈ 1711 ਦੇ ਦਿਨ ਕੇਸ਼ੋ ਰਾਓ ਹਰਕਾਰੇ ਦੀ ਭੇਜੀ ਖ਼ਬਰ ਤੋਂ ਇਹ ਵੀ ਪਤਾ ਲਗਾ ਕਿ ਸਿੱਖਾਂ ਨੇ ਰਾਵੀ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਵਿਚ ਪੱਕੇ ਠਾਣੇ ਕਾਇਮ ਕਰ ਲਏ ਹੋਏ ਸਨ ਅਤੇ ਇਲਾਕੇ ਦੇ ਬਹੁਤ ਸਾਰੇ ਪਠਾਣ ਜਰਨੈਲਾਂ ਅਤੇ ਜਾਗੀਰਦਾਰਾਂ ਨੂੰ ਕਤਲ ਕਰ ਕੇ ਉਨ੍ਹਾਂ ਦੇ ਖ਼ਜ਼ਾਨੇ ਅਤੇ ਅਸਲੇ ਕਬਜ਼ੇ ਵਿਚ ਕਰ ਲਏ ਸਨ। ਬਹਾਦਰ ਸ਼ਾਹ ਨੂੰ ਆਪਣੇ ਮਾਰੇ ਗਏ ਜਰਨੈਲਾਂ ਦਾ ਹੋਰ ਵੀ ਵੱਡਾ ਅਫ਼ਸੋਸ ਸੀ।

ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਕਾਰਗੁਜ਼ਾਰੀ ਦਿਖਾਉਣ ਬਦਲੇ ਬਾਦਸ਼ਾਹ ਨੇ ਜੰਮੂ ਦੇ ਜ਼ਿਮੀਂਦਾਰ ਕਿਰਪਾਲ ਦੇਵ, ਨੂਰਪੁਰ ਦੇ ਜ਼ਿਮੀਂਦਾਰ ਦਯਾ ਧੰਮਾ, ਜ਼ਿਮੀਂਦਾਰ ਉਦਿਤ ਸਿੰਘ ਬੁੰਦੇਲਾ, ਕੋਟਲਾ ਦੇ ਜ਼ਿਮੀਂਦਾਰ ਸਾਦਾਤ ਖ਼ਾਨ, ਤਾਲਾਵਾੜ ਦੇ ਜ਼ਿਮੀਂਦਾਰ ਅਤੇ 11 ਹੋਰ ਜ਼ਿਮੀਂਦਾਰਾਂ (ਜਿਨ੍ਹਾਂ ਵਿੱਚੋਂ ਬਹੁਤੇ ਹਿੰਦੂ ਸਨ) ਨੂੰ ਖਿੱਲਤਾਂ ਦਿਤੀਆਂ। ਇਨ੍ਹਾਂ ਜ਼ਿਮੀਂਦਾਰਾਂ ਨੂੰ

[142] ਅਖਬਾਰਾਤਿ-ਦਰਬਾਰਿ-ਮੁਅੱਲਾ, 28.4.1711 ਦੀ ਰਿਪੋਰਟ

ਗੁਰਜ-ਬਰਦਾਰ ਖਵਾਜਾ ਸੁਲਤਾਨ ਅਤੇ ਰਜੌਰੀ ਦੇ ਜ਼ਿਮੀਂਦਾਰ ਸ਼ੱਯਦ ਅਜ਼ਮਤੁੱਲਾ ਖ਼ਾਨ ਰਾਹੀਂ ਹੁਕਮ ਭੇਜੇ ਗਏ ਕਿ ਉਹ ਨਾਨਕ-ਪ੍ਰਸਤਾਂ ਸਿੱਖਾਂ ਨੂੰ ਖ਼ਤਮ ਕਰਨ ਦੀ ਮੁਹਿੰਮ ਵਿਚ ਸ਼ਾਮਿਲ ਹੋਣ। 25 ਅਪਰੈਲ ਨੂੰ ਬਾਦਸ਼ਾਹ ਨੇ ਅਸ਼ਰਫ਼ ਖ਼ਾਨ ਨੂੰ ਹਰਿਆਣਾ (ਹੁਣ ਜ਼ਿਲ੍ਹਾ ਹੁਸ਼ਿਆਰਪੁਰ) ਦਾ ਫ਼ੌਜਦਾਰ ਬਣਾ ਦਿਤਾ ਅਤੇ ਉਸ ਨੂੰ ਵੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਭੇਜਿਆ। ਇਸੇ ਦਿਨ ਆਤਿਸ਼ ਖ਼ਾਨ ਨੂੰ ਤੋਪਖਾਨੇ ਦਾ ਇੰਚਾਰਜ ਬਣਾ ਕੇ ਸਤਲੁਜ ਪਾਰ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਭੇਜਿਆ ਗਿਆ। 28 ਅਪ੍ਰੈਲ ਨੂੰ ਬਾਦਸ਼ਾਹ ਨੂੰ ਖ਼ਬਰ ਦਿੱਤੀ ਗਈ ਕਿ 20 ਅਪਰੈਲ ਨੂੰ ਸਿੱਖ ਫ਼ਤਹਿਬਾਦ (ਗੋਇੰਦਵਾਲ ਤੋਂ 6 ਕਿਲੋਮੀਟਰ) ਵਿਚ ਸਨ। ਉੱਥੋਂ ਦੇ ਥਾਨੇਦਾਰ ਅਤੇ ਜ਼ਿਮੀਂਦਾਰ ਈਸਾ ਖ਼ਾਨ ਨੇ ਮਿਲ ਕੇ ਇਨ੍ਹਾਂ ਸਿੱਖਾਂ ਨਾਲ ਜ਼ਬਰਦਸਤ ਟੱਕਰ ਲਈ ਜਿਸ ਵਿਚ ਬਹੁਤ ਸਾਰੇ ਮੁਗਲ ਅਤੇ ਸਿੱਖ ਮਾਰੇ ਗਏ ਸਨ।[143] ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ ਪੰਜ ਹਜ਼ਾਰ ਪਠਾਨ ਸਿੱਖਾਂ ਨਾਲ ਲੜਨ ਵਾਸਤੇ ਤਿਆਰ ਖੜੇ ਹਨ।

5 ਮਈ 1711 ਨੂੰ ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਨੂੰ ਸ਼ਾਬਾਸ਼ ਦਿੱਤੀ ਅਤੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਰੋਲ ਅਦਾ ਕਰਨ 'ਤੇ ਖਿੱਲਤ ਭੇਂਟ ਕੀਤੀ।[144] ਉਸ ਨੂੰ ਦੋਬਾਰਾ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਭੇਜਿਆ ਅਤੇ ਉਸ ਨਾਲ ਨੌਂ ਹਜ਼ਾਰ ਫ਼ੌਜੀ ਦਿੱਤੇ ਗਏ। ਮਈ 1711 ਦੇ ਪਹਿਲੇ ਹਫ਼ਤੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਪਤਾ ਲਗ ਗਿਆ ਕਿ ਬਾਦਸ਼ਾਹ ਦੀ ਫ਼ੌਜ ਨੇ ਸਤਲੁਜ ਪਾਰ ਕਰ ਲਿਆ ਹੈ।[145] ਇਸ 'ਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਕਲਾਨੌਰ 'ਤੇ ਬਟਾਲਾ ਖ਼ਾਲੀ ਕਰ ਦਿੱਤੇ ਅਤੇ ਲੱਖੀ ਜੰਗਲ ਵੱਲ ਰੁਖ਼ ਕਰ ਲਿਆ ਸੀ।(ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 9 ਮਈ 1711 ਦੀ ਰਿਪੋਰਟ)। ਇੱਥੋਂ ਉਨ੍ਹਾਂ ਨੇ ਜੰਮੂ ਵੱਲ ਪਹਾੜਾਂ ਨੂੰ ਨਿਕਲਣਾ ਸੀ। 14 ਮਈ ਨੂੰ ਬਾਦਸ਼ਾਹ ਨੇ ਤਲਵਨ ਦੇ ਜ਼ਿਮੀਂਦਾਰ ਮੁਗ਼ਲ ਬੇਗ਼ ਖ਼ਾਨ, ਦੁਰਲਬ ਖ਼ਾਨ, ਅਬਦੁਲ ਸੱਮਦ ਖ਼ਾਨ ਅਤੇ ਇਨਾਇਤ ਖ਼ਾਨ ਨੂੰ ਵੀ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ’ਤੇ ਭੇਜ ਦਿੱਤਾ। ਇਸ ਤੋਂ ਇਲਾਵਾ ਇਨਾਮ ਖ਼ਾਨ ਵਾਲਾਸ਼ਾਹੀ ਨੂੰ ਵੀ ਹੁਕਮ ਹੋਇਆ ਕਿ ਉਹ ਮੁਹੰਮਦ ਅਮੀਨ ਖ਼ਾਨ ਨਾਲ ਸ਼ਾਮਿਲ ਹੋ ਜਾਵੇ ਅਤੇ ਸਿੱਖਾਂ ਦੇ ਖ਼ਾਤਮੇ ਵਿਚ ਹਿੱਸਾ ਪਾਵੇ।[146] 15 ਮਈ ਨੂੰ ਬਾਦਸ਼ਾਹ ਨੇ ਅਬਦੁਸ ਸਮਦ ਖ਼ਾਨ (ਕੁੜਮ ਮੁਹੰਮਦ ਅਮੀਨ ਖ਼ਾਨ ਅਤੇ ਬਾਪ ਜ਼ਕਰੀਆ ਖ਼ਾਨ) ਨੂੰ ਵੀ ਮੁਹੰਮਦ ਅਮੀਨ ਖ਼ਾਨ ਨਾਲ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਾਸਤੇ ਤੋਰ ਦਿੱਤਾ ਗਿਆ।[147]18 ਮਈ ਨੂੰ ਬਾਦਸ਼ਾਹ ਨੂੰ ਭਗਵਾਨ ਦਾਸ ਹਰਕਾਰੇ ਦੀ ਭੇਜੀ ਇਤਲਾਹ ਤੋਂ ਪਤਾ ਲਗਾ ਕਿ ਭਾਈ ਬੰਦਾ ਸਿੰਘ ਬਹਾਦੁਰ, ਬਿਆਸ ਨਦੀ ਤੋਂ ਸੱਤ ਕੋਹ (22 ਕਿਲੋਮੀਟਰ ਦੂਰ), ਪਿੰਡ ਅਲ੍ਹਾਬ ਵਿਚ ਪੜਾਅ ਕਰ ਰਿਹਾ ਸੀ। ਜੱਦ ਸ਼ਾਹੀ ਫ਼ੋਜਾਂ ਨੂੰ ਇਸ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਨਦੀ ’ਤੇ ਪੁਲ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਦੇ ਤੀਰਾਂ ਅਤੇ ਬੰਦੂਕਾਂ ਦੀ ਬੌਛਾੜ ਨੇ ਉਨ੍ਹਾਂ ਨੂੰ ਪੁਲ ਬਨਾਉਣ ਹੀ ਨਾ ਦਿੱਤਾ।

19 ਮਈ 1711 ਨੂੰ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਮੁਹੰਮਦ ਅਮੀਨ ਖ਼ਾਨ ਨੂੰ 10 ਬੰਦੂਕਾਂ, 300 ਤੀਰ, 50 ਮਣ ਸਿੱਕਾ, 7 ਜਜ਼ੀਰੇ, ਦੋ ਹਜ਼ਾਰ ਬੰਦੂਕਚੀ ਹੋਰ ਭੇਜੇ ਜਾਣ। ਇਸੇ ਦਿਨ ਬਾਦਸ਼ਾਹ ਨੇ ਉਸ ਨੂੰ ਇਕ ਲੱਖ ਰੁਪਏ ਖ਼ਜ਼ਾਨਾ ਖ਼ਾਸ ਵਿਚੋਂ ਐਡਵਾਂਸ ਵੀ ਜਾਰੀ ਕੀਤੇ।[148] ਬਾਦਸ਼ਾਹ ਨੇ ਦੌਲਤ ਬੇਗ਼ ਖ਼ਾਨ, ਸਾਲੇਹ ਖ਼ਾਨ ਅਤੇ ਫ਼ਤਹਿ ਉੱਲਾ ਖ਼ਾਨ ਨੂੰ ਵੀ ਮੁਹੰਮਦ ਅਮੀਨ

[143] ਅਖਬਾਰਾਤਿ-ਦਰਬਾਰਿ-ਮੁਅੱਲਾ, 28.4.1711 ਦੀ ਰਿਪੋਰਟ
[144] ਅਖਬਾਰਾਤਿ-ਦਰਬਾਰਿ-ਮੁਅੱਲਾ, 5.5.1711 ਦੀ ਰਿਪੋਰਟ
[145] ਅਖਬਾਰਾਤਿ-ਦਰਬਾਰਿ-ਮੁਅੱਲਾ 9.5.1711 ਦੀ ਰਿਪੋਰਟ
[146] ਅਖਬਾਰਾਤਿ-ਦਰਬਾਰਿ-ਮੁਅੱਲਾ, 14.5.1711 ਦੀ ਰਿਪੋਰਟ
[147] ਅਖਬਾਰਾਤਿ-ਦਰਬਾਰਿ-ਮੁਅੱਲਾ, 15.5.1711 ਦੀ ਰਿਪੋਰਟ
[148] ਅਖਬਾਰਾਤਿ-ਦਰਬਾਰਿ-ਮੁਅੱਲਾ, 19.5.1711 ਦੀ ਰਿਪੋਰਟ

ਖ਼ਾਨ ਨਾਲ ਮੁਹਿੰਮ 'ਤੇ ਜਾਣ ਵਾਸਤੇ ਮਨਜ਼ੂਰੀ ਦਿਤੀ। ਇਸੇ ਦਿਨ ਸਰਬਰਾਹ ਖ਼ਾਨ, ਇਸਲਾਮ ਖ਼ਾਨ ਬਹਾਦਰ, ਕੁਲੀਚ ਮੁਹੰਮਦ ਖ਼ਾਨ ਬਹਾਦਰ, ਮਹਾਬਤ ਖ਼ਾਨ ਬਹਾਦਰ, ਮੁਖ਼ਲਿਸ ਖ਼ਾਨ ਬਹਾਦਰ, ਅਜਨਬੀ ਖ਼ਾਨ ਬਹਾਦਰ, ਬਖ਼ਸ਼ੀ-ਉਲ-ਮੁਲਕ ਅਤੇ ਮਿਰਜ਼ਾ ਸ਼ਾਹ ਨਿਵਾਜ਼ ਖ਼ਾਨ ਨੂੰ ਵੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਤੇ ਜਾਣ ਦਾ ਹੁਕਮ ਹੋਇਆ।

ਮਈ 1711 ਦੇ ਅਖ਼ੀਰਲੇ ਦਿਨਾਂ ਵਿਚ ਸਿੱਖ ਫ਼ੌਜਾਂ ਪੁਰਸਰੂਰ (ਪਸਰੂਰ) ਤੋਂ 20-22 ਕਿਲੋਮੀਟਰ ਦੂਰ ਸਨ। 30 ਮਈ ਨੂੰ ਬਾਦਸ਼ਾਹ ਵੱਲੋਂ ਉਚੇਚੀ ਮੁਹਿੰਮ ਤੇ ਭੇਜੇ ਮੁਹੰਮਦ ਅਮੀਨ ਖ਼ਾਨ (ਚੈਨ ਬਹਾਦਰ) ਅਤੇ ਗ਼ਾਜ਼ੀ ਖ਼ਾਨ (ਰੁਸਤਮਿ-ਜੰਗ) ਨੂੰ ਖ਼ਬਰ ਮਿਲੀ ਕਿ ਸਿੱਖ ਪਸਰੂਰ ਕੋਲ ਪੜਾਅ ਕਰ ਰਹੇ ਹਨ। (ਇਨ੍ਹਾਂ ਦੀ ਬਾਦਸ਼ਾਹ ਨੇ ਸਿੱਖਾਂ ਦਾ ਖਾਤਮਾ ਕਰਨ ਦੀ ਸਪੈਸ਼ਲ ਡਿਊਟੀ ਲਗਾਈ ਹੋਈ ਸੀ) ਖ਼ਬਰ ਮਿਲਦਿਆਂ ਹੀ ਸ਼ਾਹੀ ਫ਼ੌਜਾਂ ਦੇ ਇਹ ਦੋਵੇਂ ਜਰਨੈਲ, ਲਗਾਤਾਰ 30 ਕੋਹ (100 ਕਿਲੋਮੀਟਰ) ਪੈਂਡਾ ਕਰ ਕੇ ਪਸਰੂਰ ਪੁੱਜੇ ਅਤੇ ਪਹਿਲੀ ਜੂਨ ਨੂੰ ਇਨ੍ਹਾਂ ਸ਼ਾਹੀ ਫ਼ੌਜਾਂ ਦੀ ਸਿੱਖ ਫ਼ੌਜਾਂ ਨਾਲ ਟੱਕਰ ਹੋ ਗਈ। ਇਸ ਦੌਰਾਨ ਖ਼ੂਬ ਖ਼ੂਨ ਡੋਲ੍ਹਵੀਂ ਲੜਾਈ ਹੋਈ। ਇਸ ਲੜਾਈ ਵਿਚ ਦੋਹਾਂ ਫ਼ੌਜਾਂ ਦਾ ਜ਼ਬਰਦਸਤ ਨੁਕਸਾਨ ਹੋਇਆ।

ਇਸ ਜੰਗ ਦੀ ਖ਼ਬਰ ਬਾਦਸ਼ਾਹ ਨੂੰ 4 ਜੂਨ 1711 ਨੂੰ ਮਿਲੀ। ਬਾਦਸ਼ਾਹ ਨੇ ਇਸ ਲੜਾਈ ਵਿਚ ਬਹਾਦਰੀ ਦਿਖਾਉਣ ਬਦਲੇ ਮੁਹੰਮਦ ਅਮੀਨ ਖ਼ਾਨ ਨੂੰ ਖ਼ਿੱਲਤ, ਇਕ ਹੀਰਿਆਂ ਨਾਲ ਜੜੀ ਤਲਵਾਰ ਅਤੇ ਮੱਛੀ ਅਤੇ ਸ਼ੇਰ ਵਾਲਾ ਇਕ ਨਿਸ਼ਾਨ ਅਤੇ ਗ਼ਾਜ਼ੀ ਖ਼ਾਨ ਨੂੰ ਇਕ ਖ਼ਿੱਲਤ, ਇਕ ਤਲਵਾਰ ਅਤੇ ਮੱਛੀ ਅਤੇ ਘੋੜੇ ਵਾਲਾ ਇਕ ਨਿਸ਼ਾਨ ਦੇਣ ਦਾ ਐਲਾਨ ਕੀਤਾ ਅਤੇ ਉਨ੍ਹਾਂ ਨੂੰ ਪੈਗ਼ਾਮ ਭੇਜਿਆ ਕਿ ਉਹ ਬਾਦਸ਼ਾਹ ਨੂੰ ਆ ਕੇ ਮਿਲਣ ਅਤੇ ਇਨਾਮ ਹਾਸਿਲ ਕਰਨ। ਬਾਦਸ਼ਾਹ ਨੇ ਵਜ਼ੀਰਾਬਾਦ ਦੇ ਫ਼ੌਜਦਾਰ ਅਜ਼ਹਰ ਖ਼ਾਨ ਨੂੰ ਇਸ ਕਾਰਨਾਮੇ ਬਦਲੇ ਖ਼ਿੱਲਤ ਭੇਂਟ ਕੀਤੀ। ਇਸ ਵੇਲੇ ਬਾਦਸ਼ਾਹ ਲਾਹੌਰ ਵੱਲ ਆ ਰਿਹਾ ਸੀ। ਉਹ 9 ਜੂਨ ਨੂੰ ਬਜਵਾੜਾ ਪੁੱਜਾ ਅਤੇ ਕੁਝ ਦਿਨ ਇੱਥੇ ਰੁਕਿਆ ਅਤੇ ਫਿਰ ਲਾਹੌਰ ਵੱਲ ਚੱਲ ਪਿਆ। 13 ਜੂਨ 1711 ਨੂੰ ਬਾਦਸ਼ਾਹ ਨੇ ਚਾਰ ਰੁਪਏ ਮਹੀਨਾ ਤਨਖ਼ਾਹ ’ਤੇ ਦੋ ਹਜ਼ਾਰ ਪੈਦਲ ਫ਼ੌਜੀ ਅਤੇ 25 ਰੁਪਏ ਮਹੀਨਾ ’ਤੇ ਦੋ ਹਜ਼ਾਰ ਘੋੜਸਵਾਰ ਭਰਤੀ ਕਰਨ ਦਾ ਫ਼ੁਰਮਾਨ ਜ਼ਾਰੀ ਕੀਤਾ। ਉਸ ਨੇ ਹੋਰ ਵੀ ਫ਼ੌਜਾਂ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਭੇਜੀਆਂ।

❖❖❖

ਅਧਿਆਇ-9

ਬਹਾਦਰ ਸ਼ਾਹ ਦਾ ਲਾਹੌਰ ਰਹਿਣ ਦਾ ਫੈਸਲਾ

ਪਹਿਲੀ ਅਗਸਤ 1711 ਦੇ ਦਿਨ ਬਹਾਦਰ ਸ਼ਾਹ ਲਾਹੌਰ ਪੁੱਜ ਗਿਆ। ਬਾਦਸ਼ਾਹ ਦੇ ਨਾਲ ਬਹੁਤ ਸਾਰੀ ਫ਼ੌਜ ਸੀ ਇਸ ਕਰਕੇ ਉਸ ਨੇ ਆਪਣਾ ਡੇਰਾ ਸ਼ਾਹੀ ਕਿਲ੍ਹੇ ਦੀ ਬਜਾਏ ਪਿੰਡ ਆਲੋਵਾਲ ਦੀ ਜੂਹ ਵਿਚ ਰੱਖਿਆ। ਬਾਦਸ਼ਾਹ ਦੇ ਸਭ ਤੋਂ ਵੱਡੇ ਪੁੱਤਰ ਅਜ਼ੀਮਉਸ਼ਾਨ ਨੇ ਪਿੰਡ ਅਵਾਨ ਦੀ ਜੂਹ ਵਿਚ ਆਪਣਾ ਡੇਰਾ ਲਾਇਆ। ਉਸ ਨੇ ਆਪਣੀ ਹਿਫ਼ਾਜ਼ਤ ਵਾਸਤੇ ਖ਼ਜ਼ਾਨੇ ਦੇ ਗੱਡਿਆਂ ਨਾਲ ਆਪਣੇ ਆਲੇ-ਦੁਆਲੇ ਵਲਗਣ ਬਣਾ ਲਈ। ਬਾਦਸ਼ਾਹ ਦੇ ਦੂਜੇ ਤਿੰਨਾਂ ਪੁੱਤਰਾਂ ਚੋਂ ਮੁਅੱਜ਼ੁਦੀਨ ਨੇ ਪਰਵੇਜ਼ਾਬਾਦ ਮੰਡੀ ਕੋਲ, ਰਫ਼ੀ-ਉਸ਼-ਸ਼ਾਨ ਨੇ ਧਰਮੂ ਦੇ ਬਾਗ਼ ਕੋਲ ਅਤੇ ਮੁਹੰਮਦ ਜਹਾਨ ਸ਼ਾਨ ਨੇ ਸ਼ਾਹਮੀਰ ਖ਼ੁਸ਼ ਦੇ ਮੈਦਾਨ ਵਿਚ ਆਪਣੇ ਡੇਰੇ ਜਮਾ ਲਏ।[149] ਇਸ ਵੇਲੇ ਤਕ ਲਾਹੌਰ ਦੇ ਮੁਸਲਮਾਨ ਸਿੱਖਾਂ ਤੋਂ ਡਰੇ-ਡਰੇ ਰਹਿੰਦੇ ਸਨ। ਅਜੇ ਕੁੱਝ ਮਹੀਨੇ ਪਹਿਲਾਂ ਹੀ ਸਿੱਖਾਂ ਦੇ ਖ਼ਿਲਾਫ਼ ਜਹਾਦ ਖੜਾ ਕਰਕੇ ਹਜ਼ਾਰਾਂ ਮੁਸਲਮਾਨਾਂ ਨੇ ਹੈਦਰੀ ਝੰਡੇ ਹੇਠ ਸਿੱਖਾਂ ਨਾਲ ਟੱਕਰ ਲਈ ਸੀ ਪਰ ਉਹ ਤਿੰਨਾਂ ਲੜਾਈਆਂ ਵਿਚ ਹੀ ਸਿੱਖਾਂ ਦੇ ਹੱਥੋਂ ਬੁਰੀ ਤਰ੍ਹਾਂ ਮਾਰ ਖਾ ਚੁੱਕੇ ਸਨ। ਇਨ੍ਹਾਂ ਲੜਾਈਆਂ ਵਿਚ ਜਹਾਦ ਦੇ ਕਈ ਮੁਖੀ ਆਗੂ ਵੀ ਮਾਰੇ ਗਏ ਸਨ। ਇਸ ਦਾ ਡਰ ਅਤੇ ਦਹਿਸ਼ਤ ਉਨ੍ਹਾਂ ਦੇ ਮਨਾਂ ਵਿਚੋਂ ਨਿਕਲੀ ਨਹੀਂ ਸੀ ਪਰ ਹੁਣ ਬਾਦਸ਼ਾਹ ਦੇ ਆਉਣ ਨਾਲ ਅਤੇ ਤਕਰੀਬਨ ਇਕ ਲੱਖ ਫ਼ੌਜ ਦੀ ਮੌਜੂਦਗੀ ਨੇ, ਉਨ੍ਹਾਂ ਵਿਚ ਫੇਰ ਜਾਨ ਭਰ ਦਿੱਤੀ। ਕੁੱਝ ਹੀ ਦਿਨਾਂ ਮਗਰੋਂ ਇਕ ਸਾਲ ਪਹਿਲਾਂ ਸਿੱਖਾਂ ਦੇ ਖ਼ਿਲਾਫ਼ ਜਹਾਦ ਖੜ੍ਹਾ ਕਰਨ ਅਤੇ ਮਾਰ ਖਾ ਕੇ ਘਰ ਬੈਠ ਜਾਣ ਵਾਲੇ ਸੱਯਦ ਇਨਾਇਤੁਲਾ ਅਤੇ ਮੁਹੰਮਦ ਤੱਕੀ ਨੇ ਬਾਦਸ਼ਾਹ ਨੂੰ ਮਿਲ ਕੇ ਪੂਰੀ ਮਦਦ ਦਾ ਯਕੀਨ ਦਿਵਾਇਆ। ਬਾਦਸ਼ਾਹ ਵੱਲੋਂ ਹੌਂਸਲਾ ਮਿਲਣ ਮਗਰੋਂ ਇਨ੍ਹਾਂ ਨੇ ਆਮ ਸਿੱਖਾਂ ਤੋਂ ਆਪਣੀ ਹਾਰ ਅਤੇ ਬੇਇੱਜ਼ਤੀ ਦਾ ਬਦਲਾ ਲੈਣਾ ਸ਼ੁਰੂ ਕਰ ਦਿੱਤਾ। ਇਸ ਮੁਹਿੰਮ ਵਿਚ ਬਹੁਤ ਸਾਰੇ ਸਿੱਖ ਕਤਲ ਕਰ ਦਿੱਤੇ ਗਏ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਹਿੰਦੂਆਂ ਨੂੰ ਸਿੱਖ ਫ਼ੌਜਾਂ ਦੇ ਹਿਮਾਇਤੀ ਆਖ ਕੇ ਕਤਲ ਕਰ ਦਿੱਤਾ ਗਿਆ।

ਡਰੂ ਕੌਮ ਹੋਣ ਕਰਕੇ ਹਿੰਦੂ ਚੁਪ-ਚਾਪ ਜ਼ੁਲਮ ਸਹਿੰਦੇ ਰਹੇ। ਅਖ਼ੀਰ ਇਕ ਭਲੇ ਮੁਸਲਮਾਨ ਨੇ ਬਚਨ ਸਿੰਘ ਕਛਵਾਹਾ ਅਤੇ ਬਦਨ ਸਿੰਘ ਬੁੰਦੇਲਾ, ਜਿਹੜੇ ਬਾਦਸ਼ਾਹ ਨਾਲ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਵਿਚ ਹਿੱਸਾ ਲੈਣ ਵਾਸਤੇ, ਆਪਣੀਆਂ ਫ਼ੌਜਾਂ ਲੈ ਕੇ ਆਏ ਹੋਏ ਸੀ, ਨੂੰ ਇਸ ਦੀ ਖ਼ਬਰ ਦੇ ਦਿੱਤੀ। ਉਨ੍ਹਾਂ ਨੇ ਬਾਦਸ਼ਾਹ ਨੂੰ ਆਖ ਕੇ ਹਿੰਦੂਆਂ ਦੇ ਇਸ ਮੁਸਲਿਮ ਬੁਰਛਾਗਰਦੀ ਨੂੰ ਰੁਕਵਾਇਆ, ਪਰ ਸਿੱਖਾਂ 'ਤੇ ਜ਼ੁਲਮ ਫੇਰ ਵੀ ਜ਼ਾਰੀ ਰਹੇ। ਬਾਦਸ਼ਾਹ ਨੂੰ ਪਤਾ ਸੀ ਕਿ ਸਿੱਖ ਕਦੇ ਵੀ ਕੇਸ ਦਾੜ੍ਹੀ ਦੀ ਬੇਅਦਬੀ ਨਹੀਂ ਸਨ ਕਰਦੇ ਅਤੇ ਸਿੱਖਾਂ ਅਤੇ ਹਿੰਦੂਆਂ ਨੂੰ ਵੱਖਰੇ-ਵੱਖਰੇ ਪਛਾਣਨ ਦਾ ਇਕੋ-ਇੱਕ ਤਰੀਕਾ ਇਹ ਸੀ ਕਿ ਹਿੰਦੂਆਂ ਦਾ ਮੁੰਢਣ ਕਰ ਦਿੱਤਾ ਜਾਵੇ। ਇਸ ਸੋਚ ਨਾਲ ਬਾਦਸ਼ਾਹ ਨੇ ਫ਼ੁਰਮਾਨ ਜਾਰੀ ਕਰ ਦਿਤਾ ਕਿ "ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂ ਆਪਣੀਆਂ ਦਾੜ੍ਹੀਆਂ ਮੁੰਨਵਾ ਦੇਣ ਤਾਂ ਜੋ ਉਨ੍ਹਾਂ ਨੂੰ ਕੋਈ ਸਿੱਖ ਨਾ ਸਮਝ ਲਵੇ।" ਇਸ 'ਤੇ ਸਾਰੇ ਹਿੰਦੂਆਂ ਨੇ ਆਪਣੀਆਂ ਦਾੜ੍ਹੀਆਂ, ਮੁੱਛਾਂ ਅਤੇ ਵਾਲ ਮੁੰਨਾ ਦਿੱਤੇ (ਤਾਰੀਖ਼ੇ ਮੁਹੰਮਦ ਸ਼ਾਹੀ)। ਪਰ ਦਿੱਲੀ ਦੇ ਫ਼ੌਜਦਾਰ ਯਾਰ ਮੁਹੰਮਦ ਖ਼ਾਨ ਕਲੰਦਰੀ ਦੀ ਦਸਤੂਰ-ਉਲ-ਇਨਸ਼ਾ (ਰੁੱਕਾਤਿ ਅਮੀਨੁਦੌਲਾ, ਰੁੱਕਾ ਪੰਜਵਾਂ) ਮੁਤਾਬਿਕ **ਹਿੰਦੂਆਂ ਨੇ ਆਪ ਦਾੜ੍ਹੀਆਂ**

[149] (ਅਖਬਾਰਾਤਿ-ਦਰਬਾਰਿ-ਮੁਅੱਲਾ, 1.8.1711 ਦੀ ਐਂਟਰੀ)

ਨਹੀਂ ਸਨ ਮੁੰਨਵਾਈਆਂ। ਇਹ ਤਾਂ ਬਾਦਸ਼ਾਹ ਦੇ ਹੁਕਮ 'ਤੇ ਜ਼ਬਰਦਸਤੀ ਕੀਤਾ ਗਿਆ ਸੀ: "...ਸ਼ਾਹੀ ਹੁਕਮ ਹੋਇਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂਆਂ ਦੀਆਂ ਦਾੜ੍ਹੀਆਂ ਕੱਟ ਦਿਤੀਆ ਜਾਣ ਅਤੇ ਸਾਰੇ ਸੂਬਿਆਂ ਵਿਚ ਹੁਕਮ ਜ਼ਾਹਿਰ ਕਰ ਦਿਤਾ ਜਾਵੇ ਕਿ ਕੋਈ ਗ਼ੈਰ ਮੁਸਲਮਾਨ ਲੰਬੀ ਦਾੜ੍ਹੀ ਨਾ ਰੱਖੇ ਅਤੇ ਜੇ ਕੋਈ ਅਜਿਹਾ ਮਿਲ ਜਾਵੇ, (ਜਿਸ ਨੇ ਦਾੜ੍ਹੀ ਰੱਖੀ ਹੋਈ ਹੋਵੇ) ਤਾਂ ਉਸ ਦੀ ਦਾੜ੍ਹੀ ਪੁੱਟ ਦਿੱਤੀ ਜਾਵੇ। ਇਸ ਲਈ ਸਾਰੇ ਬਾਦਸ਼ਾਹੀ ਮੁਲਕਾਂ ਵਿਚ ਇਹ ਹੁਕਮ ਨਸ਼ਰ ਕਰ ਦਿਤਾ ਗਿਆ। ਬਾਦਸ਼ਾਹੀ ਕੈਂਪ ਵਿਚ ਇਸ ਹੁਕਮ ਨੇ ਇਹ ਸ਼ਕਲ ਅਖ਼ਤਿਆਰ ਕਰ ਲਈ ਕਿ ਫ਼ੌਜਾਂ ਦੇ ਦਿਓ-ਕੱਦ ਸਰਦਾਰ ਨਾਈਆਂ ਨੂੰ ਨਾਲ ਲਈ ਗੰਦੇ ਪਾਣੀ ਦੀਆਂ ਚਿਲਮਚੀਆਂ ਸਮੇਤ ਗਲੀਆਂ ਅਤੇ ਬਾਜ਼ਾਰਾਂ ਵਿਚ ਜਿਸ ਕਿਸੇ ਨੂੰ ਦੇਖਦੇ ਬੇਇਜ਼ਤੀ ਨਾਲ ਉਸ ਦੀ ਦਾੜ੍ਹੀ ਮੁੰਨ ਦਿੰਦੇ ਅਤੇ ਉਸ ਦੀ ਪਗੜੀ ਅਤੇ ਜਾਮੇ ਲਾਹ ਦਿੰਦੇ। ਬਾਦਸ਼ਾਹ ਅਤੇ ਸ਼ਾਹਜ਼ਾਦਿਆਂ ਦੇ ਮੁਸਤੱਦੀ ਅਤੇ ਦੂਜੇ ਹਿੰਦੂ ਆਪਣੀਆਂ ਦਾੜ੍ਹੀਆਂ ਮੁਨਾ ਕੇ ਹੀ ਬਾਦਸ਼ਾਹ ਅਤੇ ਸ਼ਹਿਜ਼ਾਦਿਆਂ ਦੇ ਹਜ਼ੂਰ ਆਉਂਦੇ..."।

23 ਅਗਸਤ 1711 ਨੂੰ ਬਾਦਸ਼ਾਹ ਨੇ ਮੁੱਹਮਦ ਅਮੀਨ ਖਾਨ ਨੂੰ ਦੋ ਲੱਖ ਰੁਪਏ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਪੇਸ਼ਗੀ ਭੇਜੀ। 27 ਅਗਸਤ 1711 ਬਹਾਦਰ ਸ਼ਾਹ ਨੂੰ ਖਬਰ ਮਿਲੀ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਰਾਵੀ ਅਤੇ ਬਿਆਸ ਨਦੀ ਪਾਰ ਕਰ ਲਈ ਹੈ ਅਤੇ ਉਹ ਲੋਹਗੜ੍ਹ ਜਾਣ ਵਾਸਤੇ ਰੋਪੜ ਵੱਲ ਜਾ ਰਿਹਾ ਸੀ। 14 ਸਤੰਬਰ 1711 ਨੂੰ ਬਹਾਦਰ ਸ਼ਾਹ ਨੂੰ ਸੂਚਨਾ ਮਿਲੀ ਕਿ ਬੰਦਾ ਸਿਘ ਚਾਰ ਹਜ਼ਾਰ ਸਿੱਖ ਸਿਪਾਹੀਆਂ ਸਮੇਤ ਸਤਲੁਜ ਨਦੀ 7 ਸਤੰਬਰ ਨੂੰ ਪਾਰ ਕਰ ਚੁੱਕਾ ਸੀ। ਬਾਦਸ਼ਾਹ ਨੇ ਮੁਹੰਮਦ ਅਮੀਨ ਖਾਨ ਨੂੰ ਸੁਨੇਹਾ ਭੇਜਿਆ ਕਿ ਉਹ ਕੀਰਤਪੁਰ ਵੱਲ ਜਾਣ। ਬਾਦਸ਼ਾਹ ਨੇ ਦੋ ਹਜ਼ਾਰ ਮੁਗਲ ਸਿਪਾਹੀ ਮੁਹੰਮਦ ਅਮੀਨ ਦੀ ਸਹਾਇਤਾ ਲਈ ਭੇਜੇ। ਪਰ ਨਦੀ ਵਿਚ ਹੜ੍ਹ ਆਉਣ ਕਾਰਨ ਮੁਹੰਮਦ ਅਮੀਨ 5 ਅਕਤੂਬਰ 1711 ਨੂੰ ਨਦੀ ਪਾਰ ਕਰ ਸਕਿਆ। ਜਦੋਂ ਭਾਈ ਬੰਦਾ ਸਿੰਘ ਬਹਾਦੁਰ ਨੂੰ ਇਹ ਖਬਰ ਮਿਲੀ ਤਾਂ ਉਹ ਪਹਾੜੀਆਂ ਰਾਂਹੀ ਕੁੱਲੂ ਰਿਆਸਤ ਵਿਚ ਜਾ ਵੜਿਆ।

ਲਾਹੌਰ ਵਿਚ ਬਹਾਦਰ ਸ਼ਾਹ, ਭਾਈ ਬੰਦਾ ਸਿੰਘ ਬਹਾਦੁਰ ਅਤੇ ਸਿੰਘਾਂ ਦੀਆਂ ਗਤੀ ਵਿੱਧੀਆਂ ਦੀ ਪਲ-ਪਲ ਦੀ ਖ਼ਬਰ ਰੱਖ ਰਿਹਾ ਸੀ। ਹੁਣ ਬਹਾਦਰ ਸ਼ਾਹ ਨੇ ਆਮ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰੀ ਗਿਣਤੀ ਵਿਚ ਗ੍ਰਿਫਤਾਰ ਕਰ ਮਾਰ ਮੁਕਾਉਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਇਸੇ ਤਰਾਂ ਕੁੱਝ ਮੁਗਲਾਂ ਨੇ ਬਾਦਸ਼ਾਹ ਕੋਲੋਂ ਇਨਾਮ ਪ੍ਰਾਪਤ ਕਰਨ ਦੇ ਨਿਸ਼ਚੇ ਨਾਲ ਸਿੰਘਾਂ ਦੇ ਪਰਿਵਾਰ ਫੜਾਏ। ਇੱਥੋ ਤੱਕ ਕਿ ਲਾਹੌਰ ਅਤੇ ਹੋਰ ਇਲਾਕਿਆਂ ਦੇ ਹਿੰਦੂਆਂ ਨੇ ਸਿੱਖਾਂ ਨੂੰ ਫੜਵਾਉਣ ਵਿਚ ਕੋਈ ਕਸਰ ਨਹੀਂ ਛੱਡੀ।

2 ਨਵਬੰਰ 1711 ਨੂੰ ਬਹਾਦਰ ਸ਼ਾਹ ਨੇ ਹੁਸ਼ਿਆਰ ਖਾਨ ਜਲੰਧਰ-ਦੁਆਬ ਦੀ ਫ਼ੌਜ ਦਾ ਕਮਾਂਡਰ ਬਣਾ ਦਿਤਾ ਅਤੇ ਉਸਨੇ ਸਿੱਖਾਂ ਵਿਰੁੱਧ ਮੁਹਿੰਮ 'ਤੇ ਭੇਜਿਆ। 5 ਨਵੰਬਰ ਨੂੰ ਮੁਹੰਮਦ ਅਮੀਨ ਖਾਨ ਦਾ ਪੁੱਤਰ ਬਾਦਸ਼ਾਹ ਨੂੰ ਮਿਲਿਆ ਜਿਸ ਵਿਚ ਲਿਖਿਆ ਸੀ ਕਿ ਸਿੱਖ ਰਾਤ ਨੂੰ ਸਾਡੇ ਕੈਂਪਾਂ 'ਤੇ ਹਮਲਾ ਕਰਦੇ ਹਨ, ਕਿਰਪਾ ਕਰਕੇ 5000 ਘੋੜਸਵਾਰ ਫ਼ੌਜੀ ਸਿੱਖਾਂ ਦਾ ਪਿੱਛਾ ਕਰਨ ਲਈ ਭੇਜੋ। ਅਗਲੇ ਦਿਨ ਹੀ ਬਹਾਦਰ ਸ਼ਾਹ ਨੇ ਪੰਜ ਹਜ਼ਾਰ ਮੁਗਲ ਫ਼ੌਜੀ ਅਤੇ 300 ਤਜਰਬੇਕਾਰ ਹਥਿਆਰਬੰਦ ਰੋਪੜ ਭੇਜ ਦਿੱਤੇ ਜਿਨ੍ਹਾਂ ਦੀ ਕਮਾਂਡ ਹੁਸ਼ਿਆਰ ਖਾਨ (ਜੋ ਜਲੰਧਰ ਫ਼ੌਜ ਦਾ ਮੁਖੀਆ ਸੀ) ਕੋਲ ਸੀ।[150] 12 ਨਵੰਬਰ 1711 ਨੂੰ ਜੈਨ-ਉਦੀਨ-ਅਹਿਮਦ ਖਾਨ ਜੋ ਸਰਹੰਦ ਦਾ ਨਵਾਂ ਗਵਰਨਰ

[150] (ਅਖਬਾਰਾਤਿ-ਦਰਬਾਰਿ-ਮੁਅੱਲਾ, 5.11.1711 ਦੀ ਰਿਪੋਰਟ)

ਸੀ ਇਕ ਹਜ਼ਾਰ ਵਧੀਆ ਤਜਰਬੇਕਾਰ ਸਿਪਾਹੀ ਲੈ ਕੇ ਮੁਹੰਮਦ ਅਮੀਨ ਖਾਂ ਨਾਲ ਜਾ ਰਲਿਆ। 14 ਨਵੰਬਰ ਨੂੰ ਬਾਦਸ਼ਾਹ ਨੂੰ ਰਿਪੋਰਟ ਮਿਲੀ ਕਿ ਸ਼ਾਹੀ ਫ਼ੌਜ ਨੇ ਚਾਰ ਘੰਟੇ ਸਿੱਖਾਂ ਨਾਲ ਬਹੁਤ ਭਿਆਨਕ ਲੜਾਈ ਲੜੀ, ਜਿਸ ਵਿਚ ਸ਼ਾਹੀ ਫ਼ੌਜੀ ਸਿਪਾਹੀਆਂ ਦਾ ਕਾਫੀ ਜਾਨੀ ਨੁਕਸਾਨ ਹੋਇਆ।

ਚਾਲੀ ਸਿੰਘਾਂ ਦਾ ਕਤਲ

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਦਸੰਬਰ 1710 ਵਿਚ ਮੁਗਲ ਬਾਦਸ਼ਾਹ ਨੇ ਸਿੱਖਾਂ ਦਾ ਜੜੋਂ ਖਾਤਮਾ ਕਰਨ ਦਾ ਹੁਕਮ ਦੇ ਦਿਤਾ ਸੀ। ਹਰ ਮੁਗਲ ਅਫ਼ਸਰ, ਧਾਰਮਿਕ ਆਗੂ ਅਤੇ ਨੇਤਾ ਅਤੇ ਹਿੰਦੂ ਮੁੱਖੀਏ ਬਾਦਸ਼ਾਹ ਦੇ ਹੁਕਮ ਲਾਗੂ ਕਰਨ ਲਈ ਸਿੱਖਾਂ ਦੇ ਪਿੱਛੇ ਲੱਗ ਗਏ। ਮੁਲਤਾਨ ਦੇ ਮੁੱਖੀ ਨੇ ਰਿਆਸਤ ਦੇ ਵੱਖੋ-ਵੱਖ ਹਿੱਸਿਆਂ ਵਿੱਚੋਂ 40 ਸਿੱਖਾਂ ਨੂੰ ਫੜ ਲਿਆ ਜਿਨ੍ਹਾਂ ਵਿਚੋਂ ਬਹੁਤਾਤ ਵਣਜਾਰੇ ਸਨ। ਇਨ੍ਹਾਂ ਸਿੱਖਾਂ ਨੂੰ ਬਾਦਸ਼ਾਹ ਸਾਹਮਣੇ ਪੇਸ਼ ਹੋਣ ਲਈ ਲਾਹੌਰ ਭੇਜਿਆ ਗਿਆ। 11 ਅਕਤੂਬਰ 1711 ਨੂੰ ਬਾਦਸ਼ਾਹ ਨੇ ਹੁਕਮ ਦਿਤਾ ਕਿ ਇਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਹੋ, ਜੇ ਇਹ ਨਾਂਹ ਕਰਨ, ਤਾਂ, ਇਨ੍ਹਾਂ ਨੂੰ ਜਿਊਂਦਿਆਂ ਧਰਤੀ ਵਿਚ ਦਬ ਦਿਉ। ਪਰ ਇਨ੍ਹਾਂ ਵਿਚੋਂ ਕੋਈ ਵੀ ਆਪਣਾ ਧਰਮ ਛੱਡਣ ਲਈ ਤਿਆਰ ਨਾ ਹੋਇਆ। ਇਸ ਲਈ ਇਨ੍ਹਾਂ ਨੂੰ ਜਿਊਂਦਿਆਂ ਹੀ ਬਾਦਸ਼ਾਹ ਦੇ ਕੈਂਪ ਕੋਲ ਆਲੋਵਾਲ ਪਿੰਡ ਵਿਚ ਦਫਨਾ ਦਿਤਾ ਗਿਆ।[151] ਇਹ ਸਿੱਖ ਸਹਿਜ ਸਿੰਘ ਚੋਹਾਨ, ਡੋਗਰ ਸਿੰਘ, ਹੀਰਾ ਸਿੰਘ, ਦਿਆਲ ਸਿੰਘ, ਕੇਸ਼ੌ ਸਿੰਘ ਭੱਟ, ਦੇਸਾ ਸਿੰਘ, ਨਰਬੁੱਧ ਸਿੰਘ, ਤਾਰਾ ਸਿੰਘ, ਸੇਵਾ ਸਿੰਘ, ਦੇਵਾ ਸਿੰਘ, ਜੇਠਾ ਸਿੰਘ, ਜੇਠਾ ਸਿੰਘ ਪਰਮਾਰ, ਹਰੀ ਸਿੰਘ, ਰੂਪ ਸਿੰਘ, ਪ੍ਰਸਨ ਸਿੰਘ, ਅਨੂਪ ਸਿੰਘ, ਕੇਹਰ ਸਿੰਘ, ਚੰਨਣ ਸਿੰਘ, ਧਰਮ ਸਿੰਘ, ਅਤੇ ਹੋਰ ਸਨ। (ਭੱਟ ਵਹੀ ਤਲਾਉਡਾ ਦੀ ਇਕ ਇੰਦਰਾਜ ਵਿਚ, ਪਰਗਨਾ ਜੀਂਦ ਵਿਚ ਕੁੱਝ ਨਾਮ ਦੱਸੇ ਗਏ ਹਨ; ਜਿਸ ਵਿਚ ਸਾਰੇ 40 ਸਿੱਖਾਂ ਦੇ ਨਾਮ ਉਪਲਬਧ ਨਹੀਂ ਹਨ। ਹੋਰ ਵੇਰਵੇ ਲਈ: ਗੁਰੂ ਕੇ ਸ਼ੇਰ, ਲਿਖਤ ਡਾ. ਹਰਜਿੰਦਰ ਸਿੰਘ ਦਿਲਗੀਰ)

ਬਿਲਾਸਪੁਰ ਵਿਚ ਸ਼ਹੀਦੀਆਂ

ਦਸੰਬਰ 1711 ਵਿਚ ਸਿੱਖ ਫ਼ੌਜਾਂ ਕਹਿਲੂਰ ਰਿਆਸਤ ਵਿਚ ਦਾਖ਼ਿਲ ਹੋ ਚੁੱਕੀਆਂ ਸਨ, ਇਨ੍ਹਾਂ ਵਿਚ ਭਾਈ ਬੰਦਾ ਸਿੰਘ ਬਹਾਦੁਰ ਸ਼ਾਮਿਲ ਨਹੀਂ ਸੀ। 28 ਦਸੰਬਰ 1711 ਈ: ਦੇ ਦਿਨ ਮੁਹੰਮਦ ਅਮੀਨ ਖ਼ਾਨ ਦੀਆਂ ਫ਼ੌਜਾਂ ਨੇ ਬਰਸਾਣਾ ਨਦੀ ਦੇ ਕੰਢੇ 'ਤੇ ਤੰਬੂ ਗੱਡੇ ਹੋਏ ਸਨ। ਜੱਦ ਸਿੱਖਾਂ ਨੂੰ ਇਸ ਦਾ ਪਤਾ ਲਗਾ ਤਾਂ ਉਨ੍ਹਾਂ ਮੁਗ਼ਲ ਫ਼ੌਜਾਂ 'ਤੇ ਹਮਲਾ ਕਰ ਦਿਤਾ। ਇਸ ਮੌਕੇ ਤੇ ਤੀਰਾਂ ਅਤੇ ਬੰਦੂਕਾਂ ਦੀ ਭਾਰੀ ਜੰਗ ਹੋਈ। ਇਸ ਜੰਗ ਵਿਚ ਤਕਰੀਬਨ ਪੰਜ ਸੌ ਸਿੱਖ ਸ਼ਹੀਦ ਹੋਏ। ਸ਼ਹੀਦ ਹੋਣ ਵਾਲੇ ਸਿੱਖਾਂ ਵਿਚ ਚਿਤਰ ਸਿੰਘ ਅਤੇ ਬਾਘ ਸਿੰਘ, (ਦੋਵੇਂ ਪੁਤਰ ਭਾਈ ਉਦੈ ਸਿੰਘ ਅਤੇ ਪੋਤੇ ਭਾਈ ਮਨੀ ਸਿੰਘ) ਵੀ ਸ਼ਾਮਿਲ ਸਨ। ਸ਼ਾਮ ਪੈਣ ਮਗਰੋਂ ਸਿੱਖ ਨਦੀ ਪਾਰ ਕਰ ਕੇ ਬਿਲਾਸਪੁਰ ਵੱਲ ਨਿਕਲ ਗਏ। ਹਾਲਾਂ ਕਿ ਦੋਹੀਂ ਪਾਸੀਂ ਇੱਕੋ ਜਿਹਾ ਨੁਕਸਾਨ ਹੋਇਆ ਸੀ ਪਰ ਬਹਾਦਰ ਸ਼ਾਹ ਨੂੰ ਖ਼ੁਸ਼ ਕਰਨ ਵਾਸਤੇ ਇਸ ਨੂੰ ਮੁਗ਼ਲ ਫ਼ੌਜਾਂ ਦੀ ਜਿੱਤ ਦੱਸਿਆ ਗਿਆ। ਮੁਹੰਮਦ ਅਮੀਨ ਖ਼ਾਨ ਨੇ ਇਨਾਮ ਹਾਸਿਲ ਕਰਨ ਵਾਸਤੇ ਸ਼ਹੀਦ ਹੋਏ ਪੰਜ ਸੌ ਸਿੱਖਾਂ ਦੇ ਸਿਰ ਕਟਵਾ ਕੇ ਬਾਦਸ਼ਾਹ ਨੂੰ ਭੇਜੇ। ਬਾਦਸ਼ਾਹ ਕੋਲ ਇਹ ਸਿਰ ਜਦ 12 ਜਨਵਰੀ 1712 ਨੂੰ ਪੁੱਜੇ ਤਾਂ ਉਸ ਨੇ ਇਨ੍ਹਾਂ ਸਿਰਾਂ ਦੀ ਨੁਮਾਇਸ਼ ਲਾਉਣ ਵਾਸਤੇ ਆਖਿਆ। ਫਿਰ 18 ਜਨਵਰੀ ਨੂੰ ਇਨ੍ਹਾਂ ਸਿਰਾਂ ਦੇ ਮੀਨਾਰ

[151] (ਅਖਬਾਰਾਤਿ-ਦਰਬਾਰਿ-ਮੁਅੱਲਾ, 11.11.1711 ਦੀ ਰਿਪੋਰਟ)

ਬਣਾਉਣ ਦੇ ਹੁਕਮ ਜਾਰੀ ਕੀਤੇ ਗਏ। ਬਾਦਸ਼ਾਹ ਨੇ ਮੁਗ਼ਲ ਫ਼ੌਜ ਦੀ ਇਸ 'ਕਾਮਯਾਬੀ' 'ਤੇ ਮੁਜਰਾ ਕਰਵਾਉਣ ਦਾ ਹੁਕਮ ਜਾਰੀ ਕੀਤਾ। ਇਸ ਦੇ ਨਾਲ ਹੀ ਉਸ ਨੇ ਨਜੂਮੀਆਂ ਦੀ ਤਜਵੀਜ਼ ਮੁਤਾਬਿਕ ਇਕ ਘੋੜਾ, ਇਕ ਜੰਗਲੀ ਸੰਢਾ, ਇਕ ਗ਼ੁਲਾਮ, ਕੁਝ ਜੜਾਊ ਅਤੇ ਸੋਨੇ ਦੀਆਂ ਚੀਜ਼ਾਂ ਵਗ਼ੈਰਾ ਦਾਨ-ਪੁੰਨ ਕੀਤੀਆਂ ਅਤੇ ਇਨ੍ਹਾਂ ਸਭ ਚੀਜ਼ਾਂ ਦੇ ਸਿਰ-ਵਾਰਨੇ ਕਰ ਕੇ ਅਫ਼ਸਰਾਂ ਨੂੰ ਬਖ਼ਸ਼ੀਆਂ ਪਰ ਇਹ ਸਭ ਕਰਨ ਦੇ ਬਾਵਜੂਦ ਬਹਾਦਰ ਸ਼ਾਹ ਸਿੱਖਾਂ ਤੋਂ ਭੈ ਭੀਤ ਹੋ ਕੇ ਬੀਮਾਰ ਪੈ ਗਿਆ।[152]

22 ਜਨਵਰੀ 1712 ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਕੀਰਤਪੁਰ ਤੋਂ ਨਿਕਲ ਕੇ ਕਹਿਲੂਰ (ਬਿਲਾਸਪੁਰ) ਰਿਆਸਤ ਵਿਚ ਚਲਾ ਗਿਆ ਸੀ ਅਤੇ ਬੱਸੀ ਅਫ਼ਗ਼ਾਨਾਂ (ਕੀਰਤਪੁਰ ਤੋਂ ਪੰਝੀ ਕਿਲੋਮੀਟਰ ਦੂਰ) ਵਿਚ ਪੜਾਅ ਕਰ ਰਿਹਾ ਹੈ। ਬਿਲਾਸਪੁਰ ਦੇ ਰਾਜੇ ਅਜਮੇਰ ਚੰਦ ਨੇ ਉਸ ਨੂੰ ਪਨਾਹ ਦਿੱਤੀ ਹੋਈ ਹੈ। ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਕਿ **ਭਾਈ ਬੰਦਾ ਸਿੰਘ ਬਹਾਦੁਰ ਨੂੰ ਪਨਾਹ ਦੇਣ ਦੇ ਜੁਰਮ ਵਿਚ, ਮੁਗ਼ਲ ਜਰਨੈਲ ਫ਼ਿਰੋਜ਼ ਜੰਗ ਖ਼ਾਨ ਨੇ, ਕੀਰਤਪੁਰ ਅਤੇ ਕਲਿਆਣਪੁਰ ਪਿੰਡਾਂ ਨੂੰ ਸਾੜ ਕੇ ਸੁਆਹ ਕਰ ਦਿਤਾ ਸੀ।** ਫ਼ਿਰੋਜ਼ ਜੰਗ ਨੇ ਆਪ ਨਿਰਮੋਹਗੜ (ਕੀਰਤਪੁਰ ਤੋਂ ਪੰਜ ਕਿਲੋਮੀਟਰ ਦੂਰ) ਡੇਰੇ ਲਾਏ ਹੋਏ ਸਨ ਅਤੇ ਉਹ ਇੱਥੋਂ ਸਿੱਖਾਂ 'ਤੇ ਨਿਗਾਹ ਰੱਖ ਰਿਹਾ ਸੀ।(ਇਹ ਉਹੀ ਪਹਾੜ ਸੀ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਅਕਤੂਬਰ 1700 ਵਿਚ ਕੁੱਝ ਦਿਨ ਬਤੀਤ ਕੀਤੇ ਸਨ)

ਹਾਤਿਮ ਖ਼ਾਨ ਦਾ ਸਿੱਖਾਂ ਹੱਥੋਂ ਮਾਰਿਆ ਜਾਣਾ

ਦਸੰਬਰ ਦੇ ਦੂਜੇ ਹਫ਼ਤੇ ਵਿਚ ਜੋਧਪੁਰ ਅਤੇ ਜੈਪੁਰ ਦੇ ਹਿੰਦੂ ਰਾਜੇ ਵਾਪਿਸ ਰਾਜਿਸਥਾਨ ਨੂੰ ਮੁੜ ਗਏ ਸਨ। 25 ਦਸੰਬਰ 1711 ਨੂੰ ਭਾਈ ਬੰਦਾ ਸਿੰਘ ਬਹਾਦੁਰ ਨੂੰ ਇਸ ਬਾਰੇ ਪਤਾ ਲੱਗ ਚੁੱਕਾ ਸੀ। ਬਾਦਸ਼ਾਹ ਨੇ ਇਨ੍ਹਾਂ ਰਾਜਿਆਂ ਨੂੰ ਜਾਣ ਲਗਿਆ (ਇਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਹੀ) ਚਾਰ ਹਜ਼ਾਰੀ ਅਤੇ ਸਾਢੇ ਤਿੰਨ ਹਜ਼ਾਰੀ ਮਨਸਬ ਬਖ਼ਸ਼ ਦਿੱਤੇ ਸਨ। ਸ਼ਹਿਜ਼ਾਦਾ ਅਜ਼ੀਮਉਸ਼ਾਨ ਨੇ ਇਨ੍ਹਾਂ ਨੂੰ ਮਨਸਬ ਦੇ ਪਰਵਾਨੇ ਪੇਸ਼ ਕਰਨ ਅਤੇ ਵਿਦਾਇਗੀ ਦੇਣ ਵਾਸਤੇ ਫ਼ੌਜਦਾਰ ਹਾਤਿਮ ਖ਼ਾਨ ਨੂੰ ਇਨ੍ਹਾਂ ਦੇ ਪਿੱਛੇ ਭੇਜਿਆ ਸੀ। ਜੱਦ ਹਾਤਿਮ ਖ਼ਾਨ ਵਾਪਿਸ ਮੁੜ ਰਿਹਾ ਸੀ ਤਾਂ ਸਿੱਖ ਫ਼ੌਜਾਂ ਨੇ ਉਸ ਨੂੰ ਝੱਜਰ ਦੇ ਨੇੜੇ ਘੇਰ ਕੇ ਮਾਰ ਦਿੱਤਾ। ਇਸ ਦੀ ਖ਼ਬਰ ਬਾਦਸ਼ਾਹ ਨੂੰ ਪਹਿਲੀ ਫ਼ਰਵਰੀ 1712 ਨੂੰ ਮਿਲੀ।[153] ਇਨ੍ਹੀਂ ਦਿਨੀਂ ਭਾਈ ਬੰਦਾ ਸਿੰਘ ਬਹਾਦੁਰ ਬਿਲਾਸਪੁਰ ਵਿਚ ਬੈਠਾ ਸੀ। ਸਿੱਖਾਂ ਦੇ ਇਕ ਜੱਥੇ ਨੇ ਅਨੰਦਪੁਰ ਸਾਹਿਬ ਤੋਂ 14 ਕਿਲੋਮੀਟਰ ਦੂਰ, ਜਿੰਦਬੜੀ ਜੋ ਕਿਸੇ ਜ਼ਮਾਨੇ ਵਿਚ ਇਕ ਵੱਡਾ ਪਰਗਨਾ ਰਿਹਾ ਸੀ ਵਿਚ ਦੋਆਬਾ ਦੇ ਫ਼ੌਜਦਾਰ ਹੋਸ਼ਦਾਰ ਖ਼ਾਨ ਦੀ ਫ਼ੌਜ 'ਤੇ ਹਮਲਾ ਕਰ ਦਿਤਾ ਅਤੇ ਬਹੁਤ ਸਾਰੇ ਮੁਗ਼ਲ ਸਿਪਾਹੀ ਮਾਰ ਮੁਕਾਏ।

23 ਜਨਵਰੀ 1712 ਨੂੰ ਬਾਦਸ਼ਾਹ ਨੇ ਜੰਮੂ ਦੇ ਫ਼ੌਜਦਾਰ ਫ਼ਿਰੋਜ਼ ਖ਼ਾਨ ਬਹਾਦਰ ਨੂੰ ਵੀ ਸਿੱਖਾਂ ਦਾ ਪਿੱਛਾ ਕਰਨ ਵਾਸਤੇ ਹੁਕਮ ਭੇਜ ਦਿਤਾ।[154] ਫ਼ਰਵਰੀ 1712 ਦੇ ਪਹਿਲੇ ਹਫ਼ਤੇ ਭਾਈ ਬੰਦਾ ਸਿੰਘ ਬਹਾਦੁਰ ਆਪ ਬਿਲਾਸਪੁਰ ਵਿਚ ਬੈਠਾ ਸੀ, ਦੁਆਬੇ ਦਾ ਫ਼ੌਜਦਾਰ ਹੋਸ਼ਦਾਰ ਖ਼ਾਨ ਜੈਜੋਂ ਵਿਚ ਪੁੱਜ ਚੁੱਕਾ ਸੀ ਅਤੇ ਮੁਹੰਮਦ ਅਮੀਨ ਖ਼ਾਨ ਪਿੰਡ ਭਲੋਵਾਲ ਵਿਚ ਸੀ। ਇਨ੍ਹਾਂ ਦੋਹਾਂ ਦੀਆਂ ਫ਼ੌਜਾਂ ਪਿੰਡ ਜਿੰਦਬੜੀ ਅਤੇ ਝੱਜਰ ਵਿਚ ਵੀ ਬੈਠੀਆਂ ਸਨ ਅਤੇ ਸਿੱਖਾਂ 'ਤੇ ਨਿਗਾਹ ਰੱਖ

152 (ਅਖਬਾਰਾਤਿ-ਦਰਬਾਰਿ-ਮੁਅੱਲਾ, 1.8.1712 ਦੀ ਰਿਪੋਰਟ)
153 (ਅਖਬਾਰਾਤਿ-ਦਰਬਾਰਿ-ਮੁਅੱਲਾ, 1.2.1712 ਦੀ ਰਿਪੋਰਟ)
154 (ਅਖਬਾਰਾਤਿ-ਦਰਬਾਰਿ-ਮੁਅੱਲਾ, 23.1.1712 ਨੂੰ ਰਿਪੋਰਟ)

ਰਹੀਆਂ ਸਨ। ਇਸ ਵੇਲੇ ਤੱਕ ਮੁਹੰਮਦ ਅਮੀਨ ਖ਼ਾਨ ਦੀ ਅਗਵਾਈ ਵਿਚ ਵੀਹ ਹਜ਼ਾਰ ਤੋਂ ਵੀ ਵੱਧ ਮੁਗ਼ਲ ਫ਼ੌਜ ਭਾਈ ਬੰਦਾ ਸਿੰਘ ਬਹਾਦੁਰ ਦੇ ਪਿੱਛੇ ਲਗੀ ਹੋਈ ਸੀ ਪਰ ਉਹ ਅਜੇ ਤੱਕ ਉਸ ਦੇ ਨੇੜੇ ਨਹੀਂ ਸਨ ਪੁੱਜ ਸਕੇ। ਭਾਵੇਂ ਮੁਹੰਮਦ ਅਮੀਨ ਖ਼ਾਨ ਨੂੰ ਕੋਈ ਵੱਡੀ ਕਾਮਯਾਬੀ ਨਹੀਂ ਸੀ ਮਿਲੀ ਪਰ ਫਿਰ ਵੀ ਬਹਾਦਰ ਸ਼ਾਹ ਨੇ 13 ਫ਼ਰਵਰੀ 1712 ਦੇ ਦਿਨ ਉਸ ਨੂੰ "ਗ਼ਾਜ਼ੀ-ਉਦ-ਦੀਨ ਖ਼ਾਨ ਬਹਾਦਰ" ਦਾ ਖ਼ਿਤਾਬ ਦੇ ਦਿਤਾ।

ਬਹਾਦਰ ਸ਼ਾਹ ਦਾ ਪਾਗ਼ਲ ਹੋਣਾ ਅਤੇ ਉਸ ਦੀ ਮੌਤ

ਇਕੱਲਾ ਅਮੀਨ ਖ਼ਾਨ ਹੀ ਨਹੀਂ ਬਲਕਿ ਬਾਦਸ਼ਾਹ ਨੇ ਦਸ ਵੱਡੇ ਅਤੇ ਦਰਜਨਾਂ ਛੋਟੇ ਜਰਨੈਲ ਅਤੇ ਹਜ਼ਾਰਾਂ ਫ਼ੌਜਾਂ ਭਾਈ ਬੰਦਾ ਸਿੰਘ ਬਹਾਦੁਰ ਦੇ ਪਿੱਛੇ ਲਾਈਆਂ ਹੋਈਆਂ ਸਨ। ਉਨ੍ਹਾਂ ਦੀਆਂ ਸਿੱਖ ਫ਼ੌਜਾਂ ਨਾਲ ਬਹੁਤ ਝੜਪਾਂ ਹੋਈਆਂ। ਜਿਨ੍ਹਾਂ ਵਿਚ ਦੋਹਾਂ ਧਿਰਾਂ ਦਾ ਚੋਖਾ ਨੁਕਸਾਨ ਹੋਇਆ ਸੀ। ਬਾਦਸ਼ਾਹ ਨੇ ਕਈ ਲੱਖ ਰੁਪਏ ਅਤੇ ਬੇ ਹਿਸਾਬ ਅਸਲਾ ਵੀ ਦਾਅ 'ਤੇ ਲਾਇਆ ਹੋਇਆ ਸੀ ਪਰ ਭਾਈ ਬੰਦਾ ਸਿੰਘ ਬਹਾਦੁਰ ਨੂੰ ਖ਼ਤਮ ਕਰਨ ਵਿਚ ਕਾਮਯਾਬੀ ਹਾਸਿਲ ਨਾ ਹੋਈ।ਬਾਦਸ਼ਾਹ ਬਹਾਦਰ ਸ਼ਾਹ ਨੂੰ 1708 ਵਿਚ ਆਪਣੇ ਭਰਾਵਾਂ ਨੂੰ ਹਰਾਉਣ ਅਤੇ ਮਾਰ ਮੁਕਾਉਣ ਵਿਚ ਕਾਮਯਾਬੀ ਹਾਸਿਲ ਹੋ ਚੁੱਕੀ ਸੀ। ਉਹ ਦੱਖਣ ਦੀ ਬਗ਼ਾਵਤ ਨੂੰ ਦਬਾ ਚੁੱਕਾ ਸੀ। ਉਸ ਨੇ ਰਾਜਪੂਤਾਂ ਨੂੰ ਕਾਬੂ ਕਰ ਲਿਆ ਸੀ ਅਤੇ ਇਹ ਸਾਰੇ ਮੁਖ਼ਾਲਿਫ਼ ਵੱਡੀਆਂ-ਵੱਡੀਆਂ ਫ਼ੌਜਾਂ ਅਤੇ ਬੇਪਨਾਹ ਤਾਕਤ ਵਾਲੇ ਸਨ। ਪਰ ਸਿੱਖ ਫੌਜਾਂ ਨਾਲ ਦਰਜਨਾਂ ਝੜਪਾਂ ਵਿਚ ਹਜ਼ਾਰਾਂ ਸਿੱਖਾਂ ਦੇ ਮਾਰੇ ਜਾਣ ਨਾਲ ਵੀ ਉਨ੍ਹਾਂ ਦੀ ਗਿਣਤੀ ਨਾ ਘਟੀ ਅਤੇ ਉਨ੍ਹਾਂ ਦੇ ਐਕਸ਼ਨ (ਹਮਲੇ) ਨਾ ਰੁੱਕੇ। ਇਨ੍ਹਾਂ ਸਾਰੀਆਂ ਖ਼ਬਰਾਂ ਨਾਲ ਬਾਦਸ਼ਾਹ ਘਬਰਾਇਆ ਰਹਿੰਦਾ ਸੀ ਅਤੇ ਕਈ ਵਾਰ ਤਾਂ 'ਬੰਦਾ-ਬੰਦਾ' ਕਹਿ ਕੇ ਬੜਬੜਾਉਂਦਾ ਵੀ ਹੁੰਦਾ ਸੀ। ਯਾਨਿ ਭਾਈ ਬੰਦਾ ਸਿੰਘ ਬਹਾਦੁਰ ਦਾ ਨਾ ਫੜਿਆ ਜਾਣਾ ਉਸ ਵਾਸਤੇ ਅਜ਼ਾਬ ਬਣਦਾ ਜਾ ਰਿਹਾ ਸੀ ਤੇ ਉਹ ਬੌਂਦਲਿਆ ਫਿਰਦਾ ਸੀ। ਉਹ ਇਕ ਤਰ੍ਹਾਂ ਦਾ ਨੀਮ ਪਾਗ਼ਲ ਹੋ ਚੁੱਕਾ ਸੀ।

ਇਨ੍ਹੀਂ ਦਿਨੀਂ ਹੀ ਬਾਦਸ਼ਾਹ ਨੂੰ ਸਿਕਾਇਤ ਕੀਤੀ ਗਈ ਕਿ ਜੋਗੀ, ਸੰਨਿਆਸੀ, ਬੈਰਾਗੀ ਵਗ਼ੈਰਾ ਲੋਕ ਲਸ਼ਕਰ ਦੇ ਦੁਆਲੇ ਘੁੰਮਦੇ ਰਹਿੰਦੇ ਹਨ ਅਤੇ ਇਸ ਦੀਆਂ ਖ਼ਬਰਾਂ ਭਾਈ ਬੰਦਾ ਸਿੰਘ ਬਹਾਦੁਰ ਤੱਕ ਪਹੁੰਚਾਉਂਦੇ ਰਹਿੰਦੇ ਹਨ। ਬਾਦਸ਼ਾਹ ਨੇ ਹੁਕਮ ਜਾਰੀ ਕੀਤਾ ਕਿ ਇਨ੍ਹਾਂ ਨੂੰ ਸ਼ਹਿਰ ਵਿਚੋਂ ਕੱਢ ਦਿੱਤਾ ਜਾਵੇ ਅਤੇ ਲਸ਼ਕਰ ਦੇ ਨੇੜੇ ਆਉਣ ਵਾਲੇ ਜੋਗੀਆਂ, ਸੰਨਿਆਸੀਆਂ, ਬੈਰਾਗੀਆਂ ਵਗ਼ੈਰਾ ਨੂੰ ਕਤਲ ਕਰ ਦਿਤਾ ਜਾਵੇ। ਬਾਦਸ਼ਾਹ ਨੇ ਇਹੀ ਹੁਕਮ 28 ਅਕਤੂਬਰ 1711 ਦੇ ਦਿਨ ਵੀ ਜਾਰੀ ਕੀਤਾ ਸੀ। ਇਨ੍ਹਾਂ ਦਿਨਾਂ ਵਿਚ ਹੀ ਬਾਦਸ਼ਾਹ ਬਹਾਦਰ ਸ਼ਾਹ ਨੇ ਹੁਕਮ ਜਾਰੀ ਕੀਤਾ ਹੋਇਆ ਸੀ ਕਿ **"ਜਿੱਥੇ ਕਿਤੇ ਕੋਈ ਸਿੱਖ ਲੱਭੇ ਉਸ ਨੂੰ ਕਤਲ ਕਰ ਦਿਤਾ ਜਾਏ। " ਉਸ ਨੇ ਇਹ ਹੁਕਮ ਵੀ ਜਾਰੀ ਕੀਤਾ ਕਿ ਸਾਰੇ ਹਿੰਦੂ ਸਿਰ, ਮੁੱਛਾਂ ਅਤੇ ਦਾੜ੍ਹੀਆਂ ਮੁੰਨਵਾ ਦੇਣ ਤੇ ਜੋ ਇਹ ਨਹੀਂ ਕਰਨਗੇ ਸਿੱਖ ਸਮਝੇ ਜਾਣਗੇ ਅਤੇ ਕਤਲ ਕਰ ਦਿਤੇ ਜਾਣਗੇ।** ਜਨਵਰੀ ਦੇ ਦੂਜੇ ਹਫ਼ਤੇ ਬਹਾਦਰ ਸ਼ਾਹ ਦੀ ਤਬੀਅਤ ਖ਼ਰਾਬ ਹੋਣੀ ਸ਼ੁਰੂ ਹੋ ਗਈ। ਬਾਦਸ਼ਾਹ ਦੇ ਦਿਲ ਵਿਚ ਸਿੱਖਾਂ ਦਾ ਡਰ ਬੁਰੀ ਤਰ੍ਹਾਂ ਸਮਾ ਗਿਆ। ਉਹ ਇੰਨਾਂ ਡਰਿਆ ਹੋਇਆ ਸੀ ਕਿ ਉਹ ਹਰ ਇਕ ਨਾਲ ਗ਼ੁੱਸੇ ਅਤੇ ਸਨਕੀ ਤਰੀਕੇ ਨਾਲ ਅਤੇ ਕਈ ਵਾਰ ਨੀਮ-ਪਾਗਲਾਂ ਵਾਂਗ ਸਲੂਕ ਕਰਦਾ ਸੀ। ਉਸ ਦੀ ਸਭ ਤੋਂ ਪਹਿਲੀ ਪਾਗ਼ਲਾਂ ਵਾਲੀ ਹਰਕਤ ਮੁਨਾਇਮ ਖ਼ਾਨ (ਜਿਸ ਨੂੰ ਉਸ ਨੇ ਖ਼ਾਨ-ਖ਼ਾਨਾ ਬਹਾਦੁਰ, ਜ਼ਫ਼ਰ ਜੰਗ, ਵਫ਼ਾਦਾਰ, ਵਜ਼ੀਰ-ਏ-ਆਲ੍ਹਾ ਦੇ ਖ਼ਿਤਾਬ ਦਿੱਤੇ ਹੋਏ ਸਨ) ਨੂੰ ਬੇਇਜ਼ਤ ਕਰਨਾ ਸੀ। 30 ਨਵਬੰਰ 1710 ਨੂੰ ਜੱਦ ਭਾਈ ਬੰਦਾ ਸਿੰਘ ਬਹਾਦੁਰ ਲੋਹਗੜ੍ਹ 'ਚੋਂ ਬੱਚ ਕੇ ਨਿਕਲ

ਗਿਆ ਤਾਂ ਬਹਾਦਰ ਸ਼ਾਹ ਨੇ ਉਸ ਨੂੰ "ਕੁੱਤੇ" ਨਾਲ ਤਸ਼ਬੀਹ ਦਿੱਤੀ। ਇਹ ਖ਼ਾਨ-ਖ਼ਾਨਾ ਇਸ ਬੇਇੱਜ਼ਤੀ ਮਗਰੋਂ ਬੀਮਾਰ ਪੈ ਕੇ, 18 ਫ਼ਰਵਰੀ 1711 ਦੇ ਦਿਨ, ਰਾਹ ਵਿਚ ਹੀ ਮਰ ਗਿਆ ਸੀ।

ਬਹਾਦਰ ਸ਼ਾਹ ਦਾ ਦੂਜਾ ਵੱਡਾ ਪਾਗ਼ਲਾਨਾ ਹੁਕਮ ਸਰਹੰਦ ਦੇ ਫ਼ੌਜਦਾਰ ਗ਼ਾਜ਼ੀ ਖ਼ਾਨ ਰੁਸਤਮ-ਏ-ਜੰਗ ਦੇ ਖ਼ਿਲਾਫ਼ ਸੀ। 23 ਅਪ੍ਰੈਲ 1711 ਨੂੰ ਬਾਦਸ਼ਾਹ ਨੇ ਗ਼ਾਜ਼ੀ ਖ਼ਾਨ ਨੂੰ ਸਰਹੰਦ ਦਾ ਫ਼ੌਜਦਾਰ ਬਣਾ ਕੇ, ਸਿੱਖਾਂ ਦਾ 'ਖੁਰਾ ਖੋਜ ਮਿਟਾਉਣ' ਵਾਸਤੇ, ਉਨ੍ਹਾਂ ਦਾ ਪਿੱਛਾ ਕਰਨ ਵਾਸਤੇ ਤੋਰਿਆ ਹੋਇਆ ਸੀ। ਪਰ ਜੱਦ ਉਹ ਮੁਹੰਮਦ ਅਮੀਨ ਖ਼ਾਨ ਨਾਲ ਵਿਗੜ ਪਿਆ ਅਤੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਛੱਡ ਕੇ ਘਰ ਆ ਬੈਠਾ ਤਾਂ ਬਾਦਸ਼ਾਹ ਨੇ 22 ਅਗਸਤ ਨੂੰ ਉਸ ਦਾ ਸਭ ਕੁੱਝ ਖੋਹ ਕੇ, ਉਸ ਦੇ ਪੈਰਾਂ ਨੂੰ ਬੇੜੀਆਂ ਪਾ ਕੇ ਜੇਲ੍ਹ ਵਿਚ ਸੁੱਟ ਦਿਤਾ ਸੀ। ਬਹਾਦਰ ਸ਼ਾਹ ਨੇ ਅਜਿਹੀਆਂ ਅਜੀਬ ਹਰਕਤਾਂ ਕਈ ਹੋਰ ਵੀ ਕੀਤੀਆਂ ਸਨ। ਹੁਣ ਬਹਾਦਰ ਸ਼ਾਹ ਬੇਹਦ ਪਰੇਸ਼ਾਨ ਰਹਿਣ ਲਗ ਪਿਆ ਅਤੇ ਛੇਤੀ ਹੀ ਉਹ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਆਲ ਅਤੇ ਸਿੱਖਾਂ ਦੇ ਨਾਂ ਤੋਂ ਵੀ ਡਰਨ ਲੱਗ ਪਿਆ। ਜਨਵਰੀ 1712 ਵਿਚ ਉਸ ਦਾ ਦਿਮਾਗ਼ ਬਿਲਕੁਲ ਹੀ ਬੌਂਦਲ ਗਿਆ ਅਤੇ ਉਸ ਨੇ ਪੂਰੇ ਸ਼ੁਦਾਈਆਂ ਵਾਲੀਆਂ ਹਰਕਤਾਂ ਸ਼ੁਰੂ ਕਰ ਦਿਤੀਆਂ। 12 ਫਰਵਰੀ 1712 ਨੂੰ ਉਸ ਨੇ ਇਕ ਅਜੀਬ ਹੁਕਮ ਜਾਰੀ ਕਰਕੇ ਸ਼ਹਿਰ ਦੇ ਸਾਰੇ ਕੁੱਤੇ ਮਾਰਨ ਵਾਸਤੇ ਹਦਾਇਤ ਦਿੱਤੀ। ਇਸ ਮੁਹਿੰਮ ਹੇਠ ਹਰ ਰੋਜ਼ ਸੈਂਕੜੇ ਕੁੱਤੇ ਮਾਰੇ ਗਏ ਅਤੇ ਬਹੁਤ ਸਾਰੇ ਕੁੱਤੇ ਡਰ ਕੇ ਨਦੀ ਰਾਵੀ ਪਾਰ ਕਰ ਕੇ ਭੱਜ ਗਏ। ਉਹ ਭਾਈ ਬੰਦਾ ਸਿੰਘ ਬਹਾਦੁਰ ਅਤੇ ਸਿੱਖਾਂ ਤੋਂ ਇੰਨਾਂ ਡਰਿਆ ਹੋਇਆ ਸੀ ਕਿ ਉਹ ਉਨ੍ਹਾਂ ਨੂੰ ਸੱਗ (ਕੁੱਤੇ) ਕਿਹਾ ਕਰਦਾ ਸੀ ਅਤੇ ਸ਼ਾਇਦ ਕੁੱਤੇ ਮਾਰਨ ਦੇ ਹੁਕਮ ਨਾਲ ਉਹ ਸਿੱਖਾਂ ਨੂੰ ਮਾਰਨ ਦੀ ਗੱਲ ਕਰਨੀ ਚਾਹੁੰਦਾ ਸੀ।

ਅਗਲੇ ਕੁੱਝ ਹਫ਼ਤੇ ਉਸ ਦੀ ਬੀਮਾਰੀ ਵੱਧਦੀ ਗਈ। 25 ਫ਼ਰਵਰੀ ਨੂੰ ਬਹਾਦਰ ਸ਼ਾਹ ਨੇ ਆਖ਼ਰੀ ਦਰਬਾਰ ਲਾਇਆ। ਅਗਲੇ ਦਿਨ ਸਿਰ ਦੀ ਸੋਜ਼ ਨਾਲ ਬਾਦਸ਼ਾਹ ਦੀ ਤਬੀਅਤ ਬਹੁੱਤ ਜ਼ਿਆਦਾ ਖ਼ਰਾਬ ਹੋ ਗਈ ਤੇ ਬਾਦਸ਼ਾਹ ਬਿਸਤਰ 'ਤੇ ਹੀ ਲੰਬਾ ਪੈ ਗਿਆ। ਤਿੰਨ ਹਕੀਮ ਹਰ ਵੇਲੇ ਉਸ 'ਤੇ ਖੜੇ ਰਹਿੰਦੇ ਸਨ। ਪਰ ਉਨ੍ਹਾਂ ਦੇ ਇਲਾਜ ਨਾਲ ਵੀ ਬਾਦਸ਼ਾਹ ਦੀ ਸਿਹਤ ਨੂੰ ਕੋਈ ਫ਼ਰਕ ਨਾ ਪਿਆ ਅਤੇ 27-28 ਫ਼ਰਵਰੀ 1712 ਨੂੰ ਰਾਤ ਨੂੰ ਲਾਹੌਰ ਵਿਚ ਹੀ ਉਸ ਦੀ ਮੌਤ ਹੋ ਗਈ। ਬਹਾਦਰ ਸ਼ਾਹ ਦੀ ਲਾਸ਼ ਨੂੰ ਦਿੱਲੀ ਲਿਜਾ ਕੇ ਦਫ਼ਨ ਕਰਨ ਵਾਸਤੇ ਤਾਬੂਤ ਵਿਚ ਪਾ ਕੇ ਰੱਖ ਦਿਤਾ ਗਿਆ। ਪਰ ਮੌਲਵੀ ਮੁਰਾਦੁੱਲਾ, ਅਬਦੁਲ ਕਾਦਰ ਅਤੇ ਮਹਿਫ਼ੂਜ਼ ਖ਼ਾਨ, ਜਿਨ੍ਹਾਂ ਦੀ ਸਪੁਰਦਗੀ ਵਿਚ ਬਾਦਸ਼ਾਹ ਦੀ ਲਾਸ਼ ਸੀ, ਕਈ ਦਿਨ ਲਾਸ਼ ਦਿੱਲੀ ਨਾ ਭੇਜ ਸਕੇ ਕਿਉਂਕਿ ਬਾਦਸ਼ਾਹ ਦੇ ਚੌਹਾਂ ਪੁੱਤਰਾਂ ਵਿਚ ਤਖ਼ਤ 'ਤੇ ਕਬਜ਼ੇ ਦੀ ਜੰਗ ਸ਼ੁਰੂ ਹੋ ਚੁੱਕੀ ਸੀ। ਇੰਝ ਬਾਦਸ਼ਾਹ ਦੀ ਲਾਸ਼ ਕਈ ਦਿਨ ਲਾਹੌਰ ਵਿਚ ਹੀ ਰੁਲਦੀ ਰਹੀ ਅਤੇ ਅਖ਼ੀਰ 43 ਦਿਨ ਮਗਰੋਂ (12 ਅਪਰੈਲ 1712 ਦੇ ਦਿਨ), ਬਾਦਸ਼ਾਹ ਦੀ ਬੇਵਾ (ਵਿੱਧਵਾ) ਮਿਹਰ ਪਰਵਰ, ਮੁਹੰਮਦ ਖ਼ਾਨ ਦੀ ਹਿਫ਼ਾਜ਼ਤ ਵਿਚ, ਲਾਸ਼ ਨੂੰ ਦਿੱਲੀ ਲੈ ਗਈ।[155] ਲਾਸ਼ 16 ਮਈ ਨੂੰ ਦਿੱਲੀ ਪੁੱਜੀ ਅਤੇ ਢਾਈ ਮਹੀਨੇ ਰੁਲਣ ਮਗਰੋਂ ਇਹ ਲਾਸ਼ ਕੁਤਬ ਮੀਨਾਰ ਕੋਲ, ਬਖ਼ਤਿਆਰ ਕਾਕੀ ਦੇ ਮਜ਼ਾਰ ਦੇ ਨੇੜੇ, ਔਰੰਗਜ਼ੇਬ ਦੀ ਬਣਾਈ ਮਸਜਿਦ ਦੇ ਵਿਹੜੇ ਵਿਚ, ਦਫ਼ਨਾ ਦਿੱਤੀ ਗਈ।

ਬਹਾਦਰ ਸ਼ਾਹ ਦੀ ਮੌਤ ਮਗਰੋਂ ਉਸ ਦੇ ਪੁੱਤਰਾਂ 'ਚ ਖ਼ੂਨੀ-ਜੰਗ

ਬਹਾਦਰ ਸ਼ਾਹ ਦੀ ਮੌਤ ਮਗਰੋਂ ਉਸ ਦੇ ਪੁੱਤਰਾਂ ਵਿਚ ਬਾਦਸ਼ਾਹ ਬਣਨ ਵਾਸਤੇ ਭਾਰੀ ਜੰਗ ਹੋਈ। ਇਸ ਮੌਕੇ 'ਤੇ ਸਿੱਖਾਂ ਦੇ ਖ਼ਿਲਾਫ਼ ਫ਼ੌਜਾਂ ਲੈ ਕੇ ਨਿਕਲੇ ਸਾਰੇ ਜਰਨੈਲ, ਸਣੇ ਮੁਹੰਮਦ

[155] (ਅਖਬਾਰਾਤਿ-ਦਰਬਾਰਿ-ਮੁਅੱਲਾ, 12.4.1712 ਦੀ ਰਿਪੋਰਟ)

ਅਮੀਨ ਖ਼ਾਨ 'ਚੈਨ ਬਹਾਦਰ', ਵੀ ਮੁਹਿੰਮ ਵਿੱਚੇ ਛੱਡ ਕੇ ਲਾਹੌਰ ਮੁੜ ਆਏ। 3 ਮਾਰਚ 1712 ਦੇ ਦਿਨ ਜਹਾਂਦਾਰ ਸ਼ਾਹ ਦੇ ਤਿੰਨੇ ਭਰਾ ਦੋ-ਟੁੱਕ ਫ਼ੈਸਲਾ ਕਰਨ ਵਾਸਤੇ ਮੈਦਾਨਿ-ਜੰਗ ਵਿਚ ਆ ਗਏ।(ਉਸ ਸਮੇਂ ਰਾਵੀ ਨਦੀ ਲਾਹੌਰ ਦੇ ਕਿਲ੍ਹੇ ਦੇ ਨੇੜੇ ਵਹਿੰਦੀ ਸੀ) ਇਸ ਮੌਕੇ 'ਤੇ ਕਹਿਰਾਂ ਦੀ ਜੰਗ ਹੋਈ। ਪਹਿਲਾਂ ਅਬਦੁਸ ਸਮਦ ਖ਼ਾਨ ਨੇ ਸ਼ਹਿਜ਼ਾਦੇ ਅਜ਼ੀਮ-ਉਸ-ਸ਼ਾਨ ਨੂੰ ਮਾਰ ਮੁਕਾਇਆ ਅਤੇ ਉਸ ਦੀ ਲਾਸ਼ ਚੁੱਕਵਾ ਕੇ ਜਹਾਂਦਾਰ ਸ਼ਾਹ ਦੇ ਪੈਰਾਂ ਵਿਚ ਜਾ ਸੁੱਟੀ। ਅਜ਼ੀਮ-ਉਸਸ਼ਾਨ ਦੀ ਮੌਤ ਮਗਰੋਂ ਇਕ ਵਾਰ ਤਾਂ ਚੁੱਪ ਵਰਤ ਗਈ। ਦੋ ਹਫ਼ਤੇ ਮਗਰੋਂ, 16-17 ਮਾਰਚ 1712 ਨੂੰ, ਬਹਾਦਰ ਸ਼ਾਹ ਦੇ ਦੋਹਾਂ ਨਿੱਕੇ ਪੁੱਤਰਾਂ, ਰਫ਼ੀਉੱਸ਼ਾਨ (ਰਫ਼ੀ-ਉਲ-ਕਾਦਰ) ਅਤੇ ਜਹਾਨ ਸ਼ਾਹ (ਖ਼ੁਜਿਸ਼ਤਾ ਅਖ਼ਤਰ) ਨੇ ਨਵਾਂ ਲਸ਼ਕਰ ਭਰਤੀ ਕਰ ਕੇ ਜੰਗ ਕੀਤਾ। 17 ਮਾਰਚ ਨੂੰ ਜੱਦ ਸਭ ਤੋਂ ਛੋਟਾ ਸ਼ਹਿਜ਼ਾਦਾ ਜਹਾਨ ਸ਼ਾਹ ਆਪਣੇ ਪੁੱਤਰ ਫ਼ਰਖੰਦਾ ਅਖ਼ਤਰ ਨਾਲ ਆਪਣੇ ਖੇਮੇ ਵੱਲ ਜਾ ਰਿਹਾ ਸੀ ਤਾਂ ਅਬਦੁਸ ਸਮੱਦ ਖ਼ਾਨ ਨੇ ਤੋਪ ਨਾਲ ਦੋਵੇਂ ਪਿਓ-ਪੁੱਤਰ ਫੁੰਡ ਸੁੱਟੇ। ਪਰ ਸ਼ਹਿਜ਼ਾਦਾ ਰਫੀਉੱਸ਼ਾਨ ਅਜੇ ਜੰਗ ਦੇ ਮੈਦਾਨ ਵਿਚ ਡਟਿਆ ਬੈਠਾ ਸੀ।

ਅਗਲੇ ਦਿਨ ਪਹੁ-ਫੁਟਦਿਆਂ ਹੀ ਜਹਾਂਦਾਰ ਸ਼ਾਹ ਦੀ ਫ਼ੌਜ ਨੇ ਵੱਡਾ ਹੱਲਾ ਕੀਤਾ। ਰਫ਼ੀਉੱਸ਼ਾਨ ਵੱਲੋਂ ਨਵੇਂ ਭਰਤੀ ਕੀਤੇ ਸਿਪਾਹੀ ਛੇਤੀ ਹੀ ਮੈਦਾਨ 'ਚੋਂ ਭੱਜ ਗਏ। ਹੁਣ ਰਫ਼ੀਉੱਸ਼ਾਨ ਹਾਥੀ ਤੋਂ ਉਤਰ ਕੇ ਆਪ ਜੰਗ ਵਿਚ ਕੁੱਦ ਪਿਆ ਅਤੇ ਆਪਣੇ ਦੋ ਭਰਾਵਾਂ ਵਾਂਗ ਉਹ ਵੀ ਮਾਰਿਆ ਗਿਆ। ਤਿੰਨਾਂ ਸ਼ਹਿਜ਼ਾਦਿਆਂ ਅਤੇ ਉਨ੍ਹਾਂ ਦੇ ਪੁੱਤਰਾਂ ਦੀਆਂ ਲੋਥਾਂ ਤਿੰਨ ਦਿਨ ਰਾਵੀ ਨਦੀ ਦੇ ਕਿਨਾਰੇ 'ਤੇ ਤਪਦੀ ਰੇਤ ਵਿਚ ਰੁਲਦੀਆਂ ਰਹੀਆਂ। ਅਖ਼ੀਰ ਚੌਥੇ ਦਿਨ ਨਵੇਂ ਬਾਦਸ਼ਾਹ, ਜਹਾਂਦਾਰ ਸ਼ਾਹ, ਨੇ ਇਨ੍ਹਾਂ ਸ਼ਹਿਜ਼ਾਦਿਆਂ ਦੀਆਂ ਗਲੀਆਂ-ਸੜੀਆਂ ਲਾਸ਼ਾਂ ਨੂੰ ਦਫ਼ਨਾਉਣ ਦਾ ਹੁਕਮ ਦਿਤਾ।(ਇਸ ਤਰ੍ਹਾਂ ਦਾ ਵਿਉਹਾਰ ਜਹਾਂਦਾਰ ਸ਼ਾਹ ਦੀ ਆਪਣੇ ਭਰਾਵਾਂ ਦੇ ਮਿਰਤਕ ਸਰੀਰਾਂ ਨਾਲ ਕੀਤਾ। ਉਸਨੇ ਆਪਣੇ ਪੁਰਾਨੇ ਵਿਰੋਧੀਆਂ ਨੂੰ ਆਮ ਸਤਿਕਾਰ ਵੀ ਨਹੀਂ ਦਿਤਾ, ਇਹ ਜ਼ੁਲਮ ਦੀ ਆਖਰੀ ਇੰਤਹਾ ਸੀ।)

ਜਹਾਂਦਾਰ ਸ਼ਾਹ ਵੱਲੋਂ ਮੁਖ਼ਾਲਫ਼ਾਂ ਦਾ ਕਤਲੇਆਮ

ਜਹਾਂਦਾਰ ਨੇ ਤਾਕਤ ਸੰਭਾਲਣ ਮਗਰੋਂ ਆਪਣੇ ਹਿਮਾਇਤੀਆਂ ਅਤੇ ਮਦਦਗਾਰਾਂ ਨੂੰ ਇਨਾਮ ਅਤੇ ਆਪਣੇ ਦੁਸ਼ਮਣਾਂ ਅਤੇ ਮੁਖ਼ਾਲਫ਼ਾਂ ਨੂੰ ਸਜ਼ਾਵਾਂ ਦੇਣੀਆਂ ਸ਼ੁਰੂ ਕੀਤੀਆਂ। ਅਮੀਰ-ਉਲ-ਉਮਰਾ ਬਹਾਦਰ, ਕੋਕਲਤਾਸ਼ ਖ਼ਾਨ ਬਹਾਦਰ, ਖਵਾਜਾ ਹਸਨ ਖ਼ਾਨ, ਸ਼ੱਕਰ-ਉਲ੍ਹਾ ਖ਼ਾਨ ਤੇ ਕੁੱਝ ਹੋਰ ਉਮਰਾ ਨੇ ਜਹਾਂਦਾਰ ਸ਼ਾਹ ਦੀ ਬਹੁਤ ਮਦਦ ਕੀਤੀ ਸੀ। ਉਸ ਨੇ ਇਨ੍ਹਾਂ ਸਾਰਿਆਂ ਨੂੰ ਇਨਾਮ ਅਤੇ ਔਹਦੇ ਬਖ਼ਸ਼ੇ। ਇਸ ਮਗਰੋਂ ਉਸ ਦੇ ਦੁਸ਼ਮਣਾਂ ਦੀ ਵਾਰੀ ਆਈ। ਉਸ ਨੇ 20 ਮਾਰਚ ਨੂੰ, ਆਪਣੇ ਭਰਾ ਖ਼ੁਜਿਸ਼ਤਾ ਅਖ਼ਤਰ ਦੇ ਖ਼ਾਸ ਸਾਥੀਆਂ ਮੁਹੰਮਦ ਰੁਸਤਮ (ਉਰਫ਼ ਗ਼ਜ਼ਨਫ਼ਰ ਖ਼ਾਨ ਉਰਫ਼ ਗ਼ਾਜ਼ੀ ਖ਼ਾਨ, ਸਾਬਕਾ ਫ਼ੌਜਦਾਰ ਸਰਹੰਦ) ਅਤੇ ਮੁਖ਼ਲਿਸ ਖ਼ਾਨ (ਪੁੱਤਰ ਖ਼ਾਨ-ਖ਼ਾਨਾ) ਨੂੰ ਕਤਲ ਕਰਨ ਦਾ ਹੁਕਮ ਦਿੱਤਾ।[156] ਇਸੇ ਦਿਨ ਸ਼ਾਮ ਵੇਲੇ ਹਮੀਦ-ਉਦ-ਦੀਨ ਖ਼ਾਨ ਬਹਾਦਰ ਆਲਮਗੀਰੀ, ਸਰਫ਼ਰਾਜ਼ ਖ਼ਾਨ ਬਹਾਦਰ (ਬਹਿਰੋਜ਼ ਖ਼ਾਨ) ਅਤੇ ਉਸ ਦੇ ਪੁੱਤਰ, ਸੈਫ਼-ਉਲ੍ਹਾ-ਖ਼ਾਨ, ਰਹਿਮਾਨ ਯਾਰ ਖ਼ਾਨ, ਮੁਸ਼ੱਰਫ਼ ਖ਼ਾਨ (ਗੁਰਜ ਬਰਦਾਰ) ਅਤੇ ਫ਼ਕੀਰ-ਉਲ੍ਹਾ-ਖ਼ਾਨ ਨੂੰ ਵੀ ਮੌਤ ਦੀ ਸਜ਼ਾ ਦਿੱਤੀ। ਇਹ ਸਾਰੇ ਦੇ ਸਾਰੇ ਮੁਗ਼ਲ ਸਰਕਾਰ ਦੇ ਸਭ ਤੋਂ ਸੀਨੀਅਰ ਅਫ਼ਸਰ ਸਨ। ਇਨ੍ਹਾਂ ਤੋਂ ਇਲਾਵਾ ਹਮੀਦ-ਉਦ-ਦੀਨ ਖ਼ਾਨ ਬਹਾਦਰ, ਮਹਾਬਤ ਖ਼ਾਨ ਬਹਾਦਰ

[156] (ਅਖਬਾਰਾਤਿ-ਦਰਬਾਰਿ-ਮੁਅੱਲਾ, 20.3.1712 ਦੀ ਰਿਪੋਰਟ)

ਖ਼ਾਨਾ-ਇ-ਜ਼ਮਾਨਾ (ਖ਼ਾਨ-ਖ਼ਾਨਾ ਦਾ ਦੂਜਾ ਪੁੱਤਰ), ਅਹਿਤਮਾਨ ਖ਼ਾਨ ਅਤੇ ਉਸ ਦਾ ਪੁੱਤਰ ਲੁਤੁਫ਼-ਉਲ੍ਹਾ-ਖ਼ਾਨ (ਖ਼ੁਜਿਸ਼ਤਾ ਅਖ਼ਤਰ ਦਾ ਡਿਪਟੀ), ਰਹਿਮਾਨ ਖ਼ਾਨ ਯਾਰ, ਅਤਾ-ਉਲ੍ਹਾ ਖ਼ਾਨ, ਫ਼ਤਹਿ-ਉਲ੍ਹਾ ਖ਼ਾਨ, ਮੋਹਤਮ ਖ਼ਾਨ, ਰਾਇ ਰਾਈਆਂ, ਜਨੀ ਖ਼ਾਨ, ਫ਼ਿਦਵੀ ਖ਼ਾਨ, ਅਬਦੁਲ ਕਰੀਰ ਖ਼ਾਨ, ਅਕੀਦਤ ਖ਼ਾਨ (ਪੁੱਤਰ ਅਮੀਰ ਖ਼ਾਨ), ਮੁਹੰਮਦ ਅਲੀ ਖ਼ਾਨ (ਜਹਾਂਦਾਰ ਖ਼ਾਨ ਦਾ ਬਖ਼ਸ਼ੀ) ਵਗ਼ੈਰਾ 17 ਬੰਦਿਆਂ ਨੂੰ ਕੈਦ ਕਰ ਦਿਤਾ ਗਿਆ। ਇਨ੍ਹਾਂ ਦੀਆਂ ਜਾਇਦਾਦਾਂ ਵੀ ਜ਼ਬਤ ਕਰ ਲਈਆਂ ਗਈਆਂ। ਪਰ ਅਗਲੇ ਦਿਨ ਹੀ ਨਵੇਂ ਬਾਦਸ਼ਾਹ ਨੇ ਲੁਤਫ਼-ਉਲ੍ਹਾ-ਖ਼ਾਨ, ਰਾਇ ਰਾਈਆਂ ਅਤੇ ਜਨੀ ਖ਼ਾਨ ਨੂੰ ਮੁਆਫ਼ ਕਰਨ ਦਾ ਐਲਾਨ ਕਰ ਦਿੱਤਾ। 21 ਮਾਰਚ ਨੂੰ ਬਾਦਸ਼ਾਹ ਨੇ ਮੁਖ਼ਲਿਸ ਖ਼ਾਨ ਅਤੇ ਹਕੀਮ ਮੋਇਤਮਦ-ਉਲ-ਮੁਲਕ ਦੇ ਬੰਦ ਬੰਦ ਕੱਟਣ ਦਾ ਹੁਕਮ ਜ਼ਾਰੀ ਕੀਤਾ।[157] ਜਹਾਂਦਾਰ ਸ਼ਾਹ 23 ਮਾਰਚ 1712 ਨੂੰ ਰਸਮੀ ਤੌਰ ਤੇ ਤਖ਼ਤ 'ਤੇ ਬੈਠਾ।

❖❖❖

[157] (ਅਖਬਾਰਾਤਿ-ਦਰਬਾਰਿ-ਮੁਅੱਲਾ, 21.3.1712 ਦੀ ਰਿਪੋਰਟ)

ਅਪ੍ਰੈਲ 1712 ਦੇ ਦਿਨ ਮੁਹੰਮਦ ਅਮੀਨ ਖ਼ਾਨ ਜਹਾਂਦਾਰ ਸ਼ਾਹ ਨੂੰ ਇਕੱਲਿਆ ਮਿਲਿਆ ਅਤੇ ਬਾਦਸ਼ਾਹ ਨੇ ਉਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ 10000 ਘੋੜਸਵਾਰ ਫ਼ੌਜ ਦੀ ਅਗਵਾਈ ਹੇਠ ਜਾਣ ਵਾਸਤੇ ਸ਼ੁਭ ਇਛਾਵਾਂ ਦਿੱਤੀਆਂ। 9 ਅਪ੍ਰੈਲ 1712 ਦੇ ਦਿਨ ਮੁਹੰਮਦ ਅਮੀਨ ਖ਼ਾਨ ਨੇ ਮੁਅਰਫ਼ ਖ਼ਾਨ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ’ਤੇ ਤੋਰ ਦਿੱਤਾ।[159]

ਅਖ਼ਬਾਰਾਤਿ ਦਰਬਾਰਿ ਮੁਅੱਲਾ ਮੁਤਾਬਿਕ 23 ਅਪ੍ਰੈਲ 1712 ਦੇ ਦਿਨ ਮੁਹੰਮਦ ਅਮੀਨ ਖ਼ਾਨ ਨੇ ਬਾਦਸ਼ਾਹ ਨੂੰ ਦੱਸਿਆ ਕਿ ਉਸ ਨੇ ਦੋ ਹਜ਼ਾਰ ਫ਼ੌਜੀਆਂ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਵਾਸਤੇ ਤਿਆਰ ਕੀਤਾ ਹੋਇਆ ਹੈ। ਉਸ ਨੇ ਦੋ ਹਜ਼ਾਰ ਘੋੜਸਵਾਰ ਅਤੇ ਤਿੰਨ ਹਜ਼ਾਰ ਪੈਦਲ ਸਿਪਾਹੀਆਂ ਦੀ ਮੰਗ ਕੀਤੀ। ਇਸ ’ਤੇ ਬਾਦਸ਼ਾਹ ਜਹਾਂਦਾਰ ਸ਼ਾਹ ਨੇ ਨਵੇਂ ਸਿਪਾਹੀ ਭਰਤੀ ਕਰਨ ਦੀ ਇਜਾਜ਼ਤ ਦੇ ਦਿੱਤੀ। ਇਸ ਵਿਚ 15 ਸੌ ਘੋੜਸਵਾਰ 25 ਰੁਪਏ ਮਹੀਨਾ ’ਤੇ, ਅਤੇ 2 ਹਜ਼ਾਰ ਪੈਦਲ ਸਿਪਾਹੀ 4 ਰੁਪਏ ਮਹੀਨਾ ਤਨਖ਼ਾਹ ’ਤੇ, ਭਰਤੀ ਕਰਕੇ ਉਸ ਦੇ ਨਾਲ ਭੇਜ ਦਿੱਤੇ। ਇਨ੍ਹੀਂ ਦਿਨੀਂ ਜਹਾਂਦਾਰ ਸ਼ਾਹ ਦਿੱਲੀ ਵਾਸਤੇ ਰਵਾਨਾ ਹੋ ਚੁੱਕਾ ਸੀ। ਉਹ 7 ਮਈ 1712 ਨੂੰ ਸੁਲਤਾਨਪੁਰ ਲੋਧੀ ਵਿਚ ਸੀ। ਇੱਥੋਂ ਦੱਖਣੀ ਸਰਾਂ (ਨਕੋਦਰ ਨੇੜੇ), ਨੂਰਮਹਿਲ, ਫ਼ਿਲੌਰ, ਲੁਧਿਆਣਾ, ਦੋਰਾਹਾ ਅਤੇ ਖੇੜਾ ਵਿਚ ਪੜਾਅ ਕਰਦਾ ਉਹ 20 ਮਈ ਨੂੰ ਸਰਹੰਦ ਪਹੁੰਚ ਗਿਆ। ਉਸ ਦਿਨ ਇਲਾਕੇ ਦੇ ਅਮੀਰ ਉਸ ਕੋਲ ਪੇਸ਼ ਹੋਏ ਅਤੇ ਦੱਸਿਆ ਕਿ ਬਾਦਸ਼ਾਹ ਬਹਾਦਰ ਸ਼ਾਹ ਦੇ ਸਮੇਂ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਾਥੀਆਂ ਨੇ ਸਾਡੇ ਬਹੁਤ ਬੰਦੇ ਕਤਲ ਕਰ ਦਿੱਤੇ ਸਨ ਅਤੇ ਸਾਡੇ ’ਤੇ ਬਹੁਤ ਜ਼ੁਲਮ ਢਾਹੇ ਸਨ। ਬਹੁਤ ਸਾਰੇ ਲੋਕ ਤਬਾਹ ਹੋ ਚੁੱਕੇ ਸਨ। ਹੁਣ ਵੀ ਜਦ ਤੁਸੀਂ ਇੱਥੋਂ ਚਲੇ ਜਾਓਗੇ ਤਾਂ ਉਹ ਇੱਥੇ ਆ ਜਾਣਗੇ ਅਤੇ ਅਸੀਂ ਮਹਿਫ਼ੂਜ਼ ਨਹੀ ਹੋਵਾਂਗੇ।ਜੇ ਸਾਨੂੰ ਹਿਫ਼ਾਜ਼ਤ ਨਹੀਂ ਦੇ ਸਕਦੇ ਤਾਂ ਅਸੀਂ ਤੁਹਾਡੇ ਨਾਲ ਹੀ ਇਥੋਂ ਚਲੇ ਜਾਂਵਗੇ। ਬਾਦਸ਼ਾਹ ਨੇ ਉਨ੍ਹਾਂ ਨੂੰ ਹਿਫ਼ਾਜ਼ਤ ਦੇਣ ਦਾ ਵਾਅਦਾ ਕੀਤਾ।[160] 22 ਮਈ 1712 ਦੇ ਦਿਨ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੇ ਬਾਦਸ਼ਾਹ ਨੂੰ ਦੱਸਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਆਪਣੀ ਪੁਰਾਣੀ ਥਾਂ (ਲੋਹਗੜ੍ਹ) ਵਿਚ ਹੀ ਰਹਿ ਰਿਹਾ ਹੈ। ਇਸ ’ਤੇ, ਬਾਦਸ਼ਾਹ ਨੇ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਵਾਸਤੇ ਸਰਹੰਦ ਦੇ ਫ਼ੌਜਦਾਰ ਨੂੰ 8000 ਨਵੇਂ ਘੋੜਸਵਾਰ ਰੱਖਣ ਦੀ ਮਨਜ਼ੂਰੀ ਦਿੱਤੀ।[161]

29 ਮਈ 1712 ਦੇ ਦਿਨ ਬਾਦਸ਼ਾਹ ਜਹਾਂਦਾਰ ਸ਼ਾਹ ਥਾਨੇਸਰ ਵਿਚ ਸੀ। ਇੱਥੇ ਵੀ ਨਗਰ ਦੇ ਅਮੀਰਾਂ ਨੇ ਉਸ ਨੂੰ ਦੱਸਿਆ ਕਿ ਜਦ ਭਾਈ ਬੰਦਾ ਸਿੰਘ ਬਹਾਦੁਰ ਨੇ ਇਸ ਨਗਰ ’ਤੇ ਹਮਲਾ ਕੀਤਾ ਸੀ ਤਾਂ ਇੱਥੋਂ ਦੇ ਕੁੱਝ ਆਵਾਰਾ ਲੋਕ ਉਸ ਨਾਲ ਰਲ ਗਏ ਸਨ। ਉਹ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਾਮਾਨ ਮੁਹੱਈਆ ਕਰਵਾਉਂਦੇ ਸਨ। ਉਨ੍ਹਾਂ ਨੇ ਮੁਸਲਮਾਨਾਂ ਨੂੰ ਬਹੁਤ ਦੁੱਖ ਦਿੱਤਾ ਸੀ। ਉਨ੍ਹਾਂ ਨੇ ਬਹੁਤ ਸਾਰੀਆਂ ਮਸਜਿਦਾਂ, ਮਜ਼ਾਰ ਅਤੇ ਹਵੇਲੀਆਂ ਢਾਹ ਦਿੱਤੀਆਂ ਸਨ। ਉਹ ਅਜੇ ਵੀ ਨਗਰ ਵਿਚ ਹਨ। ਬਾਦਸ਼ਾਹ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਹੁਕਮ ਦਿੱਤਾ। ਉਸ ਦੇ ਹੁਕਮ ਦੀ ਤਾਮੀਲ ਕਰਕੇ 17 ਜਣੇ ਗ੍ਰਿਫ਼ਤਾਰ ਕੀਤੇ ਗਏ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਜਿਹੜੇ ਮੁਸਲਮਾਨ ਬਣ ਜਾਣ ਉਨ੍ਹਾਂ ਨੂੰ ਖ਼ਿਲਤ ਦਿੱਤੀ ਜਾਵੇ ਅਤੇ ਜਿਹੜੇ ਨਾ ਬਣਨ ਉਨ੍ਹਾਂ ਦੇ ਬੰਦ-ਬੰਦ ਕੱਟ

---

[159] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 29 ਮਾਰਚ 1712, 5 ਅਪ੍ਰੈਲ 1712 ਅਤੇ 9 ਅਪ੍ਰੈਲ 1712 ਦੀਆਂ ਰਿਪੋਰਟਾਂ)

[160] (ਅਖਬਾਰਾਤਿ-ਦਰਬਾਰਿ-ਮੁਅੱਲਾ, 20.5.1712 ਦੀ ਰਿਪੋਰਟ)

[161] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 20 ਮਈ 1712, ਤੇ 22 ਮਈ 1712 ਦੀ ਰਿਪੋਰਟ)

ਕੇ, ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜੇ ਨਗਰ ਦੇ ਬਾਹਰ ਦੀ ਮੀਨਾਰ ਦੇ ਨੇੜੇ ਲਟਕਾ ਦਿੱਤੇ ਜਾਣ। ਇਨ੍ਹਾਂ ਵਿੱਚੋਂ 14 ਬੰਦਿਆ ਨੇ ਇਸਲਾਮ ਕਬੂਲ ਕਰ ਖ਼ਿਲਤਾਂ ਹਾਸਿਲ ਕੀਤੀਆਂ ਅਤੇ ਜਿਹੜੇ 3 ਥਾਨੇਸਰ ਚੌਧਰੀ ਦੇ ਨੌਕਰ ਸਨ, ਉਨ੍ਹਾਂ ਨੂੰ ਇਸਲਾਮ ਕਬੂਲ ਨਾ ਕਰਨ ’ਤੇ ਕੱਟ ਕੇ ਮੀਨਾਰ ਕੋਲ ਟੰਗ ਦਿਤਾ। ਇਸੇ ਦਿਨ ਬਾਦਸ਼ਾਹ ਨੇ ਐਲਾਨ ਕੀਤਾ ਕਿ ਜਮਦਾਤੁੱਲ ਮੁਲਕ ਆਪਣੀਆਂ ਫ਼ੌਜਾਂ ਛੇਤੀ ਹੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ’ਤੇ, ਭੇਜੇਗਾ।[162]

8 ਜੂਨ 1712 ਦੇ ਦਿਨ ਬਾਦਸ਼ਾਹ ਜਹਾਂਦਾਰ ਸ਼ਾਹ ਦਿੱਲੀ ਪਹੁੰਚ ਗਿਆ ਅਤੇ 11 ਜੂਨ ਦੇ ਦਿਨ ਲਾਲ ਕਿਲ੍ਹਾ ਵਿਚ ਦਾਖ਼ਿਲ ਹੋਇਆ ਅਤੇ ਤਖ਼ਤ ’ਤੇ ਬੈਠਾ। 12 ਜੂਨ ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਸਰਹੰਦ ਵਿਚ ਆਪਣਾ ਥਾਣਾ ਕਾਇਮ ਕੀਤਾ ਹੋਇਆ ਹੈ।[163] 13 ਜੂਨ 1712 ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਕਮਾਊਂ ਦੇ ਮੁੱਖੀ ਜਗਤ ਚੰਦ ਨੇ ਭਾਈ ਬੰਦਾ ਸਿੰਘ ਬਹਾਦੁਰ ਵਿਰੁੱਧ ਮੁਹਿੰਮ ਵਿਚ ਸਰਕਾਰ ਦਾ ਸਾਥ ਦਿੱਤਾ ਸੀ ਪਰ ਗੜਵਾਲ ਦੇ ਫਤਹਿ ਸ਼ਾਹ (ਫਤਿਹ ਸ਼ਾਹ ਗੜਵਾਲ ਦਾ ਮੁੱਖੀ ਸੀ। ਉਸਨੇ ਗੁਰੂ ਗੋਬਿੰਦ ਸਿੰਘ ’ਤੇ 18 ਸਿਤੰਬਰ 1688 ਨੂੰ ਭੰਗਾਣੀ ਸਾਹਿਬ ਵਿਖੇ ਹਮਲਾ ਕੀਤਾ ਸੀ। ਉਹ ਲੜਾਈ ਵਿਚ ਉਸ ਦਾ ਭਾਰੀ ਨੁਕਸਾਨ ਹੋਇਆ ਸੀ ਅਤੇ ਉਹ ਯੁੱਧ ਦੇ ਮੈਦਾਨ ਤੋਂ ਭੱਜ ਗਿਆ ਸੀ ਅਤੇ ਵਾਪਸ ਗੜਵਾਲ ਚਲਾ ਗਿਆ, ਬਾਅਦ ਵਿਚ ਉਸਨੇ ਮਹਿਸੂਸ ਕੀਤਾ ਕਿ ਗੁਰੁ ਸਾਹਿਬ 'ਤੇ ਹਮਲਾ ਕਰਨਾ ਉਸਦੀ ਗਲਤੀ ਸੀ ਅਤੇ ਇਸ ਲਈ ਉਸਨੇ ਮੁਗ਼ਲਾਂ ਦੇ ਵਿਰੁੱਧ, ਭਾਈ ਬੰਦਾ ਸਿੰਘ ਬਹਾਦੁਰ ਦੀ ਮਦਦ ਕੀਤੀ) ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਮਦਦ ਕੀਤੀ ਸੀ। ਜਗਤ ਚੰਦ ਨੂੰ ਮੋਤੀਆਂ ਜੜ੍ਹਿਆ ਖ਼ਿਤਾਬ ਤਲਵਾਰ ਦੇ ਰੂਪ ਵਿਚ ਦਿੱਤਾ ਗਿਆ। ਬਾਦਸ਼ਾਹ ਨੇ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੂੰ ਮੁਹੰਮਦ ਅਮੀਨ ਖ਼ਾਨ ਦੀ ਫ਼ੌਜ ਦੀ ਦੀਵਾਨੀ (ਤਨਖ਼ਾਹਾਂ ਦਾ ਇੰਤਜ਼ਾਮ) ਵੀ ਸੌਂਪ ਦਿੱਤੀ। ਬਾਦਸ਼ਾਹ ਨੇ ਮੁਹੰਮਦ ਅਮੀਨ ਖ਼ਾਨ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਵਾਸਤੇ ਤਾਇਨਾਤ ਕੀਤਾ ਹੋਇਆ ਸੀ। ਇਸ ਦੇ ਨਾਲ ਹੀ ਬਾਦਸ਼ਾਹ ਨੇ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਦੇ ਭਤੀਜੇ ਅਬੂ-ਉਲ-ਕਾਸਿਮ ਨੂੰ ਸਰਹੰਦ ਦਾ ਨਾਇਬ (ਡਿਪਟੀ) ਫ਼ੌਜਦਾਰ ਥਾਪ ਦਿੱਤਾ।[164]।

24 ਜੁਲਾਈ ਨੂੰ ਬਾਦਸ਼ਾਹ ਨੇ ਜਲਾਲਾਬਾਦ ਦੇ ਜ਼ਲਾਲ ਖਾਂ ਮੁਹੰਮਦ ਅਮੀਨ ਖਾਨ (ਜਿਸਨੇ ਸਿੱਖਾਂ ਨੂੰ ਜਬਰਦਸਤ ਟੱਕਰ ਦਿੱਤੀ ਸੀ), ਨੂੰ ਰਾਜੋਰੀ, ਅਤੇ ਮੁਹੰਮਦ ਬਾਕਾ ਨੂੰ ਫਤਿਹਾਬਾਦ ਦਾ ਆਰਮੀ ਚੀਫ਼ ਨਿਯੁੱਕਤ ਕੀਤਾ।[165]

ਸਢੌਰਾ ਦੀ ਦੂਜੀ ਲੜਾਈ

ਅਗਸਤ 1712 ਵਿਚ ਭਾਈ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਵਿਚ ਬੈਠਾ ਹੋਇਆ ਸੀ। ਜੱਦ ਮੁਹੰਮਦ ਅਮੀਨ ਖ਼ਾਨ ਨੂੰ ਇਹ ਪਤਾ ਲਗਾ ਤਾਂ ਉਸ ਨੇ ਇਕ ਵੱਡੀ ਫ਼ੌਜ ਨਾਲ ਲੋਹਗੜ੍ਹ ਵੱਲ ਕੂਚ ਕਰ ਦਿੱਤਾ। ਲੋਹਗੜ੍ਹ ਪਹੁੰਚਣ ਤੋਂ ਪਹਿਲਾਂ ਉਸਨੂੰ ਸਢੌਰਾ ਅਤੇ ਲੋਹਗੜ੍ਹ ਦੇ ਵਿਚਕਾਰ ਬਣੇ 52 ਤੋਂ ਵੱਧ ਮੋਰਚਿਆਂ ’ਤੇ ਲੜਨਾ ਪੈਣਾ ਸੀ। ਅਖ਼ਬਾਰਾਤਿ ਦਰਬਾਰਿ ਮੁਅੱਲਾ ਮੁਤਾਬਿਕ

[162] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 29 ਮਈ 1712 ਦੀ ਰਿਪੋਰਟ)।
[163] (ਅਖਬਾਰਾਤਿ-ਦਰਬਾਰਿ-ਮੁਅੱਲਾ, 12.6.1712 ਦੀ ਰਿਪੋਰਟ)
[164] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 11 ਤੇ 12 ਜੂਨ ਤੇ 12 ਜੁਲਾਈ 1712 ਦੀਆਂ ਰਿਪੋਰਟਾਂ)
[165] (ਅਕਬਾਰਾਤਿ- ਦਰਬਾਰਿ-ਮੁਅੱਲਾ, 24.7.1712 ਦੀ ਰਿਪੋਰਟ)

ਪਹਿਲੀ ਸਤੰਬਰ 1712 ਦੇ ਦਿਨ ਬਾਦਸ਼ਾਹ ਜਹਾਂਦਾਰ ਸ਼ਾਹ ਨੂੰ ਮੁਹੰਮਦ ਅਮੀਨ ਖ਼ਾਨ ਦੀ ਰਿਪਰੋਟ ਪੁੱਜੀ ਜਿਸ ਵਿਚ ਦੱਸਿਆ ਗਿਆ ਸੀ ਕਿ ਬਹੁੱਤ ਸਾਰੇ ਸਿੱਖ ਅਗਸਤ 1712 ਦੇ ਸ਼ੁਰੂ ਵਿਚ ਪਹਾੜਾਂ ਤੋਂ ਉਤਰ ਕੇ ਸਢੌਰਾ ਦੇ ਕਿਲ੍ਹੇ ਵਿਚ ਆ ਗਏ ਸਨ ਤੇ ਉਨ੍ਹਾਂ ਨੇ ਸਢੌਰੇ ਵਿਚ ਪੱਕੀ ਗੜ੍ਹੀ ਬਣਾ ਲਈ ਹੋਈ ਸੀ। ਮੁਗ਼ਲ ਫ਼ੌਜਾਂ ਨੇ ਵੀ ਇਸ ਕਿਲ੍ਹੇ ਦੇ ਬਾਹਰ ਇਕ ਕੱਚੀ ਗੜ੍ਹੀ ਬਣਾ ਕੇ ਮੋਰਚੇ ਪੁੱਟ ਲਏ ਸਨ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਸਿੱਖ ਹਰ ਰੋਜ਼ ਗੜ੍ਹੀ ਵਿਚੋਂ ਨਿਕਲਦੇ ਸਨ ਤੇ ਮੁਗ਼ਲ ਫ਼ੌਜੀ ਉਨ੍ਹਾਂ ’ਤੇ ਹਮਲਾ ਕਰਦੇ ਸਨ। ਇੰਞ ਰੋਜ਼ ਲੜਾਈ ਹੁੰਦੀ ਸੀ। ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਸੀ ਕਿ 17 ਅਗਸਤ ਨੂੰ ਭਾਈ ਬੰਦਾ ਸਿੰਘ ਬਹਾਦੁਰ ਪਹਾੜਾਂ 'ਚੋਂ ਉਤਰ ਕੇ ਸਢੌਰੇ ਵੱਲ ਆਇਆ ਤੇ ਦੋਹਾਂ ਧਿਰਾਂ ਵਿਚ ਜ਼ਬਰਦਸਤ ਜੰਗ ਹੋਈ। ਇਸ ਲੜਾਈ ਵਿਚ, ਗਿਣਤੀ ਘੱਟ ਹੋਣ ਕਾਰਨ, ਮੁਗ਼ਲਾਂ ਦਾ ਬਹੁਤ ਨੁਕਸਾਨ ਹੋਇਆ ਸੀ।[166]

ਮੁਹੰਮਦ ਅਮੀਨ ਖ਼ਾਨ ਦੀ ਅਰਜ਼ ’ਤੇ 8 ਸਤੰਬਰ ਨੂੰ ਬਾਦਸ਼ਾਹ ਨੇ ਉਸ ਵੱਲ ਦੋ ਤੋਪਾਂ ਰਵਾਨਾ ਕਰਨ ਦਾ ਹੁਕਮ ਜ਼ਾਰੀ ਕੀਤਾ। ਬਾਦਸ਼ਾਹ ਨੇ ਦਰੋਗ਼ਾ-ਇ-ਤੋਪਖ਼ਾਨਾ ਨੂੰ ਹੁਕਮ ਦਿੱਤਾ ਕਿ ਉਹ ਦੋ ਤੋਪਾਂ ਭੇਜ ਦੇਵੇ।[167] ਪਰ, ਛੇ ਮਹੀਨੇ ਦੇ ਘੇਰੇ ਮਗਰੋਂ ਵੀ ਸਢੌਰਾ ਮੁਗ਼ਲਾਂ ਦੇ ਕਬਜ਼ੇ ਵਿਚ ਨਾ ਆ ਸਕਿਆ।

ਅਕਤੂਬਰ ਦੇ ਸ਼ੁਰੂ ਵਿਚ ਸਿੱਖਾਂ ਨੇ ਬਨੂੜ ਨੇੜੇ ਛੱਤ ਪਰਗਨੇ ਵਿਚ ਹਮਲਾ ਕਰਕੇ ਕਾਜ਼ੀ ਅਤੇ ਮੁਤਸੱਦੀ ਕਤਲ ਕਰ ਦਿੱਤੇ। ਸਰਹੰਦ ਦੇ ਫ਼ੌਜਦਾਰ ਦਾ ਡਿਪਟੀ ਜਾਨ ਬਚਾ ਕੇ ਦੌੜ ਗਿਆ। ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਵੀ ਸਿੱਖਾਂ ਦੇ ਖ਼ਿਲਾਫ਼ ਕੋਈ ਐਕਸ਼ਨ ਨਾ ਲੈ ਸਕਿਆ। ਬਹਾਦਰ ਸ਼ਾਹ ਨੂੰ ਮਰਿਆਂ ਅੱਠ ਮਹੀਨੇ ਹੋ ਚੁੱਕੇ ਸਨ ਅਤੇ ਇਸ ਸਮੇਂ ਦੌਰਾਨ ਸਿੱਖਾਂ ਨੇ ਲੋਹਗੜ੍ਹ, ਸਢੌਰਾ ਤੇ ਸਰਹੰਦ ਦੇ ਦੁਆਲੇ ਫਿਰ ਆਪਣਾ ਬੋਲਬਾਲਾ ਕਾਇਮ ਕਰ ਲਿਆ ਸੀ।[168]

❖❖❖

[166] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 1.9.1712 ਦੀ ਰਿਪੋਰਟ)।

[167] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 8 ਸਤੰਬਰ 1712 ਦੀ ਰਿਪੋਰਟ)

[168] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 15 ਅਕਤੂਬਰ 1712 ਦੀ ਰਿਪੋਰਟ)

ਅਧਿਆਇ-11

ਮੁਗਲਾਂ ਦੀ ਸਿੱਖਾਂ ਵਿਰੁੱਧ ਤੀਜੀ ਜਦੋ-ਜ਼ਹਿੱਦ

ਜਹਾਂਦਾਰ ਸ਼ਾਹ ਦਾ ਕਤਲ 'ਤੇ ਫ਼ਰੱਖ਼ਸੀਅਰ ਦਾ ਬਾਦਸ਼ਾਹ ਬਣਨਾ

ਉਧਰ 27 ਮਾਰਚ 1712 ਦੇ ਦਿਨ ਪਟਨਾ ਵਿਚ ਜਹਾਂਦਾਰ ਸ਼ਾਹ ਦੇ ਭਤੀਜੇ ਫ਼ਰੱਖ਼ਸੀਅਰ (ਪੁੱਤਰ ਅਜ਼ੀਮਉਸ਼ਾਨ) ਨੇ ਖ਼ੁੱਦ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਇਸ ਮੌਕੇ ’ਤੇ ਹੁਸੈਨ ਅਲੀ ਖ਼ਾਨ ਬਿਹਾਰ ਸੂਬੇ ਦਾ ਨਾਇਬ ਸੂਬੇਦਾਰ ਸੀ। ਫ਼ਰੱਖ਼ਸੀਅਰ ਵੱਲੋਂ ਬਾਦਸ਼ਾਹਤ ਦਾ ਐਲਾਨ ਕਰਨ ਵੇਲੇ ਹੁਸੈਨ ਅਲੀ ਖ਼ਾਨ ਪਟਨਾ ਵਿਚ ਨਹੀਂ ਸੀ। ਇਸ ਸਮੇਂ ਫ਼ਰੱਖ਼ਸੀਅਰ ਦੀ ਮਾਂ ਹੁਸੈਨ ਅਲੀ ਖ਼ਾਨ ਦੀ ਮਾਂ ਕੋਲ ਗਈ ਅਤੇ ਉਸ ਨੂੰ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਫ਼ਰੱਖ਼ਸੀਅਰ ਦੀ ਮਦਦ ਕਰਨ ਵਾਸਤੇ ਆਖੇ। ਉਸ ਨੇ ਕਿਹਾ ਕਿ ਹੁਸੈਨ ਅਲੀ ਅਤੇ ਉਸ ਦੇ ਭਰਾ ਅਬਦੁੱਲਾ ਖ਼ਾਨ (ਕੁਤਬ-ਉਲ-ਮੁਲਕ) ਨੂੰ ਸਰਕਾਰੀ ਅਹੁਦੇ ਫ਼ਰੱਖ਼ਸੀਅਰ ਦੇ ਬਾਪ ਨੇ ਹੀ ਦਿਵਾਏ ਸਨ ਇਸ ਕਰਕੇ ਉਨ੍ਹਾਂ ਨੂੰ ਵੀ ਸਾਡੀ ਮਦਦ ਕਰਨੀ ਚਾਹੀਦੀ ਹੈ।ਪਹਿਲਾਂ ਤਾਂ ਹੁਸੈਨ ਅਲੀ ਖ਼ਾਨ ਦੀ ਮਾਂ ਨੇ ਕੋਈ ਵਾਅਦਾ ਨਾ ਕੀਤਾ ਪਰ ਜਦ ਉਸ ਨੇ ਰੋਣਾ-ਪਿੱਟਣਾ ਤੇ ਮਿੰਨਤਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਉਹ ਮੰਨ ਗਈ।(ਇਰਵਿਨ, ਲੇਟਰ ਮੁਗ਼ਲਜ਼, ਸਫ਼ਾ 206)। ਕੁਝ ਦਿਨਾਂ ਬਾਅਦ ਹੁਸੈਨ ਅਲੀ ਵੀ ਪਟਨਾ ਪਹੁੰਚ ਗਿਆ। ਹੁਣ ਫ਼ਰੱਖ਼ਸੀਅਰ ਆਪਣੀ ਮਾਂ ਨੂੰ ਲੈ ਕੇ ਉਸ ਕੋਲ ਪੁੱਜਾ ਅਤੇ ਕਹਿਣ ਲਗਾ ਕਿ ਜਾ ਤਾਂ ਮੈਨੂੰ ਗ੍ਰਿਫ਼ਤਾਰ ਕਰਕੇ ਬਾਦਸ਼ਾਹ ਕੋਲ ਭੇਜ ਦਿਓ ਜਾਂ ਬਾਦਸ਼ਾਹਤ ਦਿਵਾਓ। ਮੈਂ ਹਕੂਮਤ ਦੀ ਅਸਲ ਵਾਗਡੋਰ ਤੁਹਾਨੂੰ ਸੌਂਪ ਦਿਆਂਗਾ। ਉਸ ਨੇ ਦੋ ਵੱਡੇ ਅਹੁਦੇ: ਫ਼ੌਜ ਦਾ ਮੁੱਖੀ ਅਤੇ ਬਖ਼ਸ਼ੀ ਦੋਹਾਂ ਭਰਾਵਾਂ ਨੂੰ ਦੇਣੇ ਮੰਨ ਲਏ (ਇਰਵਿਨ, ਸਫ਼ਾ 206)। ਪਹਿਲਾਂ ਹੁਸੈਨ ਅਲੀ ਅਤੇ ਫਿਰ ਉਸ ਦਾ ਭਰਾ ਅਬਦੁੱਲਾ ਜੋ ਅਲਾਹਾਬਾਦ ਸੂਬੇ ਦਾ ਨਾਇਬ ਸੂਬੇਦਾਰ ਸੀ, ਵੀ ਫ਼ਰੱਖ਼ਸੀਅਰ ਨਾਲ ਮਿਲ ਗਿਆ ਕਿਉਂ ਕਿ ਜਹਾਂਦਾਰ ਸ਼ਾਹ ਉਸ ਦੀ ਵਫ਼ਾਦਾਰੀ ’ਤੇ ਸ਼ੱਕ ਕਰਦਾ ਸੀ। ਨਵੰਬਰ ਵਿਚ ਫ਼ਰੱਖ਼ਸੀਅਰ ਫ਼ੌਜ ਲੈ ਕੇ ਦਿੱਲੀ ਵੱਲ ਚੱਲ ਪਿਆ।

17 ਨਵੰਬਰ 1712 ਦੇ ਦਿਨ ਉਹ ਆਗਰਾ ਨੇੜੇ ਸ਼ਾਮੂਗੜ੍ਹ ਦੇ ਮੈਦਾਨ ਵਿਚ ਪੁੱਜ ਚੁੱਕਾ ਸੀ। ਇੱਥੇ ਜਹਾਂਦਰ ਸ਼ਾਹ ਦੇ ਕਈ ਜਰਨੈਲ ਬਹਾਨੇ ਨਾਲ ਦਿੱਲੀ ’ਚੋਂ ਖਿਸਕ ਕੇ ਫ਼ਰੱਖ਼ਸੀਅਰ ਨਾਲ ਆ ਮਿਲੇ। ਪਹਿਲੇ ਹੱਲੇ ਵਿਚ ਹੀ ਕੋਕਲਤਾਸ਼ ਖ਼ਾਨ ਮਾਰਿਆ ਗਿਆ ਅਤੇ 'ਰੁਸਤਮਿ ਹਿੰਦ' ਜ਼ਖ਼ਮੀ ਹੋ ਗਿਆ। ਸ਼ਾਮ ਵੇਲੇ ਜਹਾਂਦਾਰ ਖ਼ਾਨ ਆਪ ਵੀ ਨੱਸ ਗਿਆ ਅਤੇ ਸਿਰਫ਼ ਜ਼ੁਲਫ਼ਕਾਰ ਖ਼ਾਨ ਹੀ ਮੈਦਾਨ ਵਿਚ ਡੱਟਿਆ ਰਿਹਾ। ਅਖ਼ੀਰ ਉਹ ਵੀ ਮੁਕਾਬਲਾ ਨਾ ਕਰ ਸਕਿਆ ਅਤੇ ਦਿੱਲੀ ਨੂੰ ਭੱਜ ਟੁਰਿਆ। ਉਧਰ ਫ਼ਰੱਖ਼ਸੀਅਰ 11 ਜਨਵਰੀ 1713 ਨੂੰ ਦਿੱਲੀ ਪੁੱਜ ਗਿਆ। ਅਸਦ ਖ਼ਾਨ ਨੇ ਫ਼ਰੱਖ਼ਸੀਅਰ ਨੂੰ ਬਾਦਸ਼ਾਹ ਜਹਾਂਦਾਰ ਸ਼ਾਹ ਦੇ ਲੁਕਣ ਦੀ ਥਾਂ ਬਾਰੇ ਦਸ ਦਿੱਤਾ। ਫ਼ਰਖ਼ਸੀਅਰ ਨੇ ਸੈਫ਼ ਖ਼ਾਨ ਨੂੰ ਜਹਾਂਦਾਰ ਸ਼ਾਹ ਅਤੇ ਜ਼ੁਲਫ਼ਦਾਰ ਖ਼ਾਨ ਦੇ ਸਿਰ ਵੱਢ ਕੇ ਲਿਆਉਣ ਵਾਸਤੇ ਕਿਹਾ। ਇੰਞ 31 ਜਨਵਰੀ 1713 ਨੂੰ ਇਕ ਹੋਰ ਬਾਦਸ਼ਾਹ ਮਾਰਿਆ ਗਿਆ ਅਤੇ ਇਕ ਨਵਾਂ ਬਾਦਸ਼ਾਹ ਫ਼ਰੱਖ਼ਸੀਅਰ ਦਿੱਲੀ ਦੇ ਤਖ਼ਤ ’ਤੇ ਕਾਬਜ਼ ਹੋ ਗਿਆ। **ਫ਼ਰੱਖ਼ਸੀਅਰ ਜਹਾਂਦਾਰ ਸ਼ਾਹ 'ਤੇ ਇੰਨਾਂ ਖ਼ਫ਼ਾ ਸੀ ਕਿ ਉਸ ਨੇ 20 ਜੂਨ ਨੂੰ ਇਹ ਹੁਕਮ ਵੀ ਜਾਰੀ ਕੀਤਾ ਕਿ “ਜਹਾਂਦਾਰ ਦੀ ਹਕੂਮਤ ਦਾ ਸਮਾਂ ਲਿਖਤਾਂ ’ਚੋਂ ਕੱਢ ਕੇ, ਹਜ਼ਰਤ ਬਾਦਸ਼ਾਹ (ਫ਼ਰੱਖ਼ਸੀਅਰ) ਦਾ ਰਾਜ ਉਸ ਦੇ ਪਟਨੇ ਵਿਚ ਗੱਦੀ ’ਤੇ ਬੈਠਣ ਦੇ ਦਿਨ 27 ਮਾਰਚ 1712 ਤੋਂ ਗਿਣਿਆ ਜਾਵੇ।”**

ਬੰਦਾ ਸਿੰਘ ਬਹਾਦੁਰ ਵਿਰੁੱਧ ਮੁਗਲਾਂ ਦੀ ਨਵੀਂ ਮੁਹਿੰਮ

ਫ਼ਰੱਖ਼ਸੀਅਰ ਨੇ ਪ੍ਰਸ਼ਾਸਨ ਦਾ ਪੂਰਾ ਕੰਟਰੋਲ ਲੈਣ ਤੋਂ ਬਾਅਦ ਆਪਣੇ ਦੁਸ਼ਮਣਾਂ ਨੂੰ ਸਜਾ ਦੇਣ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਉਨ੍ਹਾਂ ਸਿੱਖਾਂ ਵੱਲ ਧਿਆਨ ਕੀਤਾ। ਜਨਵਰੀ 1713 ਦੇ ਤੀਜੇ ਹਫਤੇ ਦਰਮਿਆਨ ਮੁਹੰਮਦ ਅਮੀਨ ਖਾਨ ਜੋ ਸਿੱਖਾਂ ਵਿਰੁੱਧ ਜਦੋ-ਜਹਿੱਦ ਵਿਚ ਦੋ ਸਾਲ ਲੜਦਾ ਰਿਹਾ, ਫ਼ਰੱਖਸ਼ੀਅਰ ਦੀ ਅਦਾਲਤ ਵਿਚ ਜਾ ਹਾਜ਼ਰ ਹੋਇਆ ਅਤੇ ਨਵੇਂ ਬਾਦਸ਼ਾਹ ਨੂੰ ਆਪਣੀ ਵਫ਼ਾਦਾਰੀ ਵਿਖਾਈ ਅਤੇ ਸਰਕਾਰ ਦਾ ਸਾਥ ਦੇਣ ਦਾ ਵਚਨ ਕੀਤਾ। ਮੁਹੰਮਦ ਅਮੀਨ ਖਾਨ ਨੇ ਦੋਂਵੇ ਸਮੇਂ ਰਾਜ ਗੱਦੀ ਦੀ ਲੜਾਈ ਵਿਚ ਕਿਸੇ ਪਾਸੇ ਵੀ ਹਿੱਸਾ ਨਹੀਂ ਲਿਆ ਸੀ ਇਸ ਕਰਕੇ ਫ਼ਰੱਖਸ਼ੀਅਰ ਨੇ 13 ਫ਼ਰਵਰੀ 1713 ਨੂੰ ਮੁਹੰਮਦ ਅਮੀਨ ਖਾਨ ਨੂੰ ਦੂਜੇ ਬਖ਼ਸ਼ੀ 'ਤੇ ਨਿਯੁੱਕਤ ਕੀਤਾ।

ਫ਼ਰੱਖ਼ਸੀਅਰ ਵੱਲੋਂ ਆਪਣੇ ਪਿਓ ਦੇ ਕਾਤਲ ਅਬਦੁਸ ਸਮਦ ਖ਼ਾਨ ਨੂੰ ਮੁਆਫ਼ੀ ਦੇ ਕੇ ਸਿੱਖਾਂ ਪਿੱਛੇ ਭੇਜਣਾ

ਅਬਦੁਸ ਸਮੱਦ ਖ਼ਾਨ ਬਾਦਸ਼ਾਹ ਜਹਾਂਦਾਰ ਖ਼ਾਨ ਦਾ ਵਫ਼ਾਦਾਰ ਸੀ। ਬਹਾਦਰ ਸ਼ਾਹ ਦੀ ਮੌਤ ਮਗਰੋਂ, 3 ਮਾਰਚ 1712 ਦੇ ਦਿਨ ਹੋਈ ਲੜਾਈ ਵਿਚ ਅਜ਼ੀਮੁਨ ਸ਼ਾਹ (ਫ਼ਰੱਖ਼ਸੀਅਰ ਦੇ ਬਾਪ) ਨੂੰ ਜੰਗ ਵਿਚ ਮਾਰਨ ਦੀ ਮੁਹਿੰਮ ਦਾ ਉਹੀ ਮੁੱਖੀ ਸੀ। ਜਹਾਂਦਾਰ ਖ਼ਾਨ ਨੇ ਉਸ ਨੂੰ ਇਸ ਬਦਲੇ "ਬਹਾਦਰ" ਦਾ ਖ਼ਿਤਾਬ ਵੀ ਦਿੱਤਾ ਸੀ ਅਤੇ ਛੇ ਹਜ਼ਾਰੀ ਮਨਸਬ ਵੀ ਦਿੱਤਾ ਸੀ। ਇਸ ਹਿਸਾਬ ਨਾਲ ਉਹ ਫ਼ਰੱਖ਼ਸੀਅਰ ਦੇ ਪਹਿਲੇ ਦਰਜੇ ਦੇ ਦੁਸ਼ਮਣਾਂ ਵਿਚ ਆਉਂਦਾ ਸੀ। 26 ਜਨਵਰੀ 1713 ਦੇ ਦਿਨ ਮੁਹੰਮਦ ਅਮੀਨ ਖ਼ਾਨ ਬਹਾਦਰ ਬਾਦਸ਼ਾਹ ਕੋਲ ਆਇਆ ਅਤੇ ਉਸ ਯਕੀਨ ਤੇ ਕਿਹਾ ਕਿ ਅਬਦੁਸ ਸਮਦ ਖ਼ਾਨ (ਜੋ ਮੁਹੰਮਦ ਅਮੀਨ ਖ਼ਾਨ ਦਾ ਕੁੜਮ ਸੀ) ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗਣਾ ਚਾਹੁੰਦਾ ਹੈ। ਉਸ ਨੇ ਯਕੀਨ ਦਿਵਾਇਆ ਕਿ ਅਬਦੁਸ ਸਮਦ ਖ਼ਾਨ ਬਾਦਸ਼ਾਹ ਦਾ ਗ਼ੁਲਾਮ ਬਣ ਕੇ ਰਹੇਗਾ। ਬਾਦਸ਼ਾਹ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਹ ਅਬਦੁਸ ਸਮਦ ਖ਼ਾਨ ਨੂੰ ਮੁਆਫ਼ ਕਰ ਦੇਵੇਗਾ। ਉਸ ਨੇ ਅਬਦੁਸ ਸਮਦ ਖ਼ਾਨ ਨੂੰ ਅਗਲੇ ਦਿਨ ਇਕੱਲਿਆ ਮਿਲਣ ਵਾਸਤੇ ਕਿਹਾ। ਹੁਕਮ ਪੁੱਜਣ 'ਤੇ 27 ਜਨਵਰੀ ਨੂੰ ਅਬਦੁਸ ਸਮਦ ਖ਼ਾਨ ਬਾਦਸ਼ਾਹ ਫ਼ਰੱਖ਼ਸੀਅਰ ਅੱਗੇ ਪੇਸ਼ ਹੋਇਆ ਅਤੇ ਆਪਣੇ ਜੁਰਮਾਂ ਦੀ ਮੁਆਫ਼ੀ ਮੰਗੀ। ਬਾਦਸ਼ਾਹ ਨੇ ਉਸ ਦੀ ਮੁਆਫ਼ੀ ਕਬੂਲ ਕਰ ਲਈ ਅਤੇ ਖ਼ਿੱਲਤ ਵੀ ਭੇਂਟ ਕੀਤੀ।[169]

ਫ਼ਰਵਰੀ 1713 ਦੇ ਦਿਨ ਫ਼ਰੱਖ਼ਸੀਅਰ ਨੇ ਅਬਦੁਸ ਸਮਦ ਖ਼ਾਨ ਨੂੰ ਜੰਮੂ ਦਾ ਫ਼ੌਜਦਾਰ ਲਾ ਦਿੱਤਾ ਅਤੇ ਸਿੱਖਾਂ ਦੇ ਖ਼ਿਲਾਫ਼ ਸਖ਼ਤ ਐਕਸ਼ਨ ਕਰਨ ਵਾਸਤੇ ਹਦਾਇਤ ਦਿੱਤੀ। 12 ਫ਼ਰਵਰੀ ਦੇ ਦਿਨ ਉਸ ਨੂੰ ਦੋਆਬਾ ਦਾ ਫ਼ੌਜਦਾਰ ਵੀ ਬਣਾ ਦਿਤਾ। 14 ਫ਼ਰਵਰੀ ਨੂੰ ਉਸ ਨੂੰ ਲਾਹੌਰ ਦੀ ਸੂਬੇਦਾਰੀ 'ਤੇ ਵੀ ਬਹਾਲ ਕਰ ਦਿੱਤਾ ਗਿਆ ਅਤੇ ਸ਼ਰਤ ਰੱਖੀ ਕਿ ਉਹ ਭਾਈ ਬੰਦਾ ਸਿੰਘ ਬਹਾਦੁਰ ਤੋਂ ਸਢੌਰਾ 'ਤੇ ਲੋਹਗੜ੍ਹ ਕਿਲ੍ਹੇ ਖੋਹ ਲਵੇ। ਅਬਦੁਸ ਸਮਦ ਖ਼ਾਨ ਹੁਣ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਠਿਲ੍ਹ ਪਿਆ।

ਫ਼ਰੱਖਸ਼ੀਅਰ ਨੂੰ ਸਿੱਖਾਂ ਬਾਰੇ ਸੂਚਨਾਵਾਂ ਮਿਲਣੀਆਂ

10 ਮਾਰਚ 1713 ਦੇ ਦਿਨ ਫ਼ਰੱਖ਼ਸੀਅਰ ਨੂੰ ਦੱਸਿਆ ਗਿਆ ਕਿ ਸਿੱਖ ਚਕਲਾ ਸਰਹੰਦ ਦੇ ਬਹੁੱਤ ਸਾਰੇ ਪਰਗਨਿਆਂ ਅਤੇ ਪਿੰਡਾਂ ਉੱਤੇ ਹਮਲੇ ਕਰਦੇ ਹਨ। ਅਤੇ ਜ਼ੈਨ-ਉਦ-ਦੀਨ

---

[169] (ਅਖ਼ਬਾਰਾਤਿ-ਦਰਬਾਰਿ-ਮੁਅੱਲਾ, 26 ਅਤੇ 17 ਜਨਵਰੀ 1713 ਦੀ ਰਿਪੋਰਟ)

ਅਹਿਮਦ ਖ਼ਾਨ ਫ਼ੌਜਦਾਰ ਸਰਹੰਦ ਸਿੱਖਾਂ ਦਾ ਕੁੱਝ ਵੀ ਨਹੀਂ ਵਿਗਾੜ ਸਕਿਆ। ਉਲਟਾ ਫ਼ੌਜਦਾਰ ਸਰਹੰਦ ਦੇ ਸਿਪਾਹੀ ਲੋਕਾਂ ਦਾ ਦਾਣਾ ਅਤੇ ਡੰਗਰ ਜਬਰੀ ਖੋਹ ਕੇ ਲੈ ਜਾਂਦੇ ਸਨ। ਇਸ ਕਰਕੇ ਸਰਹੰਦ ਦੇ ਲੋਕ ਉੱਥੋਂ ਭੱਜ ਰਹੇ ਹਨ।[170] ਫ਼ਰੱਖ਼ਸੀਅਰ ਨੂੰ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਪਹਾੜਾਂ ਦੀਆਂ ਕੰਦਰਾਂ ਜਿਹੜੀਆਂ ਹਿੰਦੋਸਤਾਨ ਦੇ ਇਲਾਕਿਆਂ 'ਤੇ ਹਕੂਮਤ ਤੋਂ ਬਾਹਰ ਸਨ ਵਿਚੋਂ ਨਿਕਲ ਕੇ ਲੋਹਗੜ੍ਹ ਨੂੰ ਮੁੜ ਮਜ਼ਬੂਤ ਕਰ ਲਿਆ ਹੈ ਅਤੇ ਉਸ ਇਲਾਕੇ ਦੀਆਂ ਬਸਤੀਆਂ 'ਤੇ ਕਬਜ਼ਾ ਕਰ ਲਿਆ ਹੈ। ਉਸ ਦੇ ਲਸ਼ਕਰ ਰਾਤ ਨੂੰ ਵੀਹ ਤੋਂ ਤੀਹਾਂ ਕੋਹਾਂ (70 ਤੋਂ 100 ਕਿਲੋਮੀਟਰ) ਤੱਕ ਹਮਲੇ ਕਰਦੇ ਹਨ ਅਤੇ ਮੁਸਲਮਾਨਾਂ ਦੇ ਫ਼ਿਰਕੇ ਦਾ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਦਾ ਹੈ ਕਤਲ ਕਰ ਦਿੰਦੇ ਹਨ। ਮੁਹੰਮਦ ਕਾਸਿਮ ਔਰੰਗਾਬਾਦੀ[171] ਲਿਖਦਾ ਹੈ ਕਿ ਇਸ ਅਣੋਖੀ ਘਟਨਾ ਦੇ ਹੋਣ ਨਾਲ ਬਾਦਸ਼ਾਹ ਦੇ ਦਿਲ ਵਿਚ ਡਰ ਬੈਠ ਗਿਆ ਅਤੇ ਉਸਨੂੰ ਇੰਨਾਂ ਵਹਿਮ ਹੋ ਗਿਆ ਕਿ ਲਿਖਿਆ ਨਹੀਂ ਜਾ ਸਕਦਾ। ਇਸ ਮੌਕੇ 'ਤੇ ਕੁਤਬ-ਉਲ-ਮੁਲਕ ਸੱਯਦ ਹਸਨ ਅਲੀ ਅਬਦੁਲਾ ਖ਼ਾਨ, ਅਮੀਰ-ਉਲ-ਉਮਰਾ ਸੱਯਦ ਹੁਸੈਨ ਅਲੀ ਖ਼ਾਨ, ਹਾਮੀਦ ਖ਼ਾਨ, ਸਮਸਾਮ-ਉਦ-ਦੌਲਾ ਅਤੇ ਹੋਰ ਵੱਡੇ ਸਰਦਾਰ ਹਾਜ਼ਰ ਸਨ। ਇਸ 'ਤੇ ਫ਼ਰੱਖ਼ਸੀਅਰ ਨੇ ਲਾਹੌਰ ਦੇ ਸੂਬੇਦਾਰ ਅਬਦੁਸ ਸਮਦ ਖ਼ਾਨ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ 'ਤੇ ਭੇਜਣ ਦਾ ਫ਼ੈਸਲਾ ਕੀਤਾ। ਅਖ਼ਬਾਰਾਤਿ-ਦਰਬਾਰਿ-ਮੁਅੱਲਾ ਮੁਤਾਬਿਕ 21 ਮਾਰਚ 1713 ਦੇ ਦਿਨ ਫ਼ਰੱਖ਼ਸੀਅਰ ਨੇ ਅਮੀਰ-ਉਲ-ਉਮਰਾ ਸੱਯਦ ਹੁਸੈਨ ਅਲੀ ਖ਼ਾਨ ਰਾਹੀਂ ਅਬਦੁਸ ਸਮਦ ਖ਼ਾਨ ਨੂੰ ਖ਼ੱਤ ਲਿਖਵਾਇਆ ਕਿ ਉਹ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨਾਲ ਰੱਲ ਕੇ ਭਾਈ ਬੰਦਾ ਸਿੰਘ ਬਹਾਦੁਰ 'ਤੇ ਹਮਲਾ ਕਰੇ।

ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ[172] ਬਾਦਸ਼ਾਹ ਨੇ ਆਪਣੇ ਹੁਕਮ ਵਿਚ ਇਹ ਲਿਖਵਾਇਆ ਸੀ ਕਿ "ਮਹਾਨ ਹਕੂਮਤ ਦੇ ਮਦਦਗਾਰ, ਵੱਡੀ ਸਲਤਨਤ ਦੇ ਖ਼ਾਸ ਸ਼ਖ਼ਸ, ਵੱਡੇ ਸਰਦਾਰਾਂ ਦੇ ਸਰਦਾਰ, ਮਹਾਨ ਰਈਸਾਂ ਦੇ ਕੌਮੀ ਸਰਦਾਰ, ਮੁਕੰਮਲ ਦਾਨੇ ਸ਼ਖ਼ਸ ਅਤੇ ਪਸੰਦੀਦਾ ਸੂਰਤ ਵਾਲਾ ਅਬਸੁਦ ਸਮਦ ਖ਼ਾਨ, ਬਾਦਸ਼ਾਹੀ ਰਹਿਮਤਾਂ ਦਾ ਭਾਗੀ ਬਣ ਕੇ ਜਾਣ ਲਵੇ ਕਿ ਉਹ ਸ਼ਾਹੀ ਹੁਕਮ ਪੁੱਜਣ ਸਾਰ ਢਿੱਲ-ਮੱਠ ਨਾ ਕਰਦਾ ਹੋਇਆ ਕਹਿਰ ਦੇ ਮਾਰਿਆਂ ਸਿੱਖਾਂ ਨੂੰ ਲੋਹਗੜ੍ਹ ਤੋਂ ਬਾਹਰ ਕੱਢਣ ਵਾਸਤੇ ਚਲਾ ਜਾਵੇ ਇਨਾਮ ਖ਼ਾਨ ਬਹਾਦਰ ਦੀ ਅਗਵਾਈ ਹੇਠ ਫ਼ਤਹਿਮੰਦ ਫ਼ੌਜਾਂ, ਜਿਨ੍ਹਾਂ ਵਿਚ ਸੱਤ ਹਜ਼ਾਰ ਮੁਗ਼ਲ ਸਵਾਰ ਅਤੇ ਦਸ ਸਰਦਾਰ, ਜਿਨ੍ਹਾਂ ਦਾ ਨਾਮਵਾਰ ਵੇਰਵਾ ਸੂਚੀ ਵਿਚ ਜ਼ਾਹਰ ਕੀਤਾ ਗਿਆ ਹੈ, ਸ਼ਾਮਿਲ ਹਨ, ਹਕੂਮਤ ਦੇ ਉਸ ਕਾਬਲੇ-ਇਤਬਾਰ ਸ਼ਖ਼ਸ* (*ਅਬਦੁਸ ਸਮਦ ਖ਼ਾਨ) ਦੀ ਫ਼ੌਜੀ ਮਦਦ ਵਜੋਂ ਰਵਾਨਾ ਕਰ ਦਿੱਤੀਆਂ ਹਨ। ਹਕੂਮਤ 'ਤੇ ਕੁਰਬਾਨ ਹੋਣ ਵਾਸਤੇ ਜ਼ਰੂਰੀ ਗੱਲ ਇਹ ਹੈ ਕਿ ਉਹ ਇਕ ਦੂਜੇ ਦੀ ਨੇਕ ਸਲਾਹ ਨਾਲ ਕੰਮ ਕਰੇ, ਖ਼ਬਰਦਾਰੀ ਅਤੇ ਸੁਚੇਤਤਾ ਨੂੰ ਹੱਥੋਂ ਨਾ ਜਾਣ ਦੇਵੇ। ਇਕੱਲੇ-ਇਕੱਲੇ, ਛੋਟੇ-ਵੱਡੇ ਦਾ ਲਿਹਾਜ਼ ਇੰਝ ਕਰੇ ਕਿ ਕਿਸੇ ਨੂੰ ਕੋਈ ਸ਼ਿਕਾਇਤ ਨਾ ਹੋਵੇ। ਉਸ ਫ਼ੌਜ ਦੀ ਤਨਖ਼ਾਹ ਸਰਹੰਦ ਦੇ ਖ਼ਜ਼ਾਨੇ ਜ਼ਿੰਮੇ ਮੁਕੱਰਰ ਕੀਤੀ ਗਈ ਹੈ। ਇਸ ਸੰਬੰਧੀ ਵੀ ਤਸੱਲੀ ਰੱਖ ਕੇ ਉਪਰੋਕਤ ਮੁਹਿੰਮ ਨੂੰ ਨੇਪਰੇ ਚਾੜ੍ਹਨ ਵਾਸਤੇ ਪੂਰੀ ਕੋਸ਼ਿਸ਼ ਕਰੇ। ਉਹ ਜਾਣ ਲਵੇ ਕਿ ਮੁਹਿੰਮ ਦੇ ਪੂਰਾ ਹੋਣ 'ਤੇ ਉਸ ਦਾ ਪੂਰਾ ਸਤਿਕਾਰ ਹੋਵੇਗਾ ਅਤੇ ਸ਼ਾਹੀ ਬਖ਼ਸ਼ਿਸ਼ਾਂ ਦਾ ਵਧੇਰੇ ਹੱਕਦਾਰ ਹੋਵੇਗਾ।"[173]

---

[170] (ਅਖ਼ਬਾਰਾਤਿ ਦਰਬਾਰਿ-ਮੁਅੱਲਾ 10 ਮਾਰਚ 1713 ਦੀ ਰਿਪੋਰਟ)

[171] (ਅਹਵਾਲ-ਉਲ-ਖ਼ਵਾਕੀਨ, ਸਫ਼ੇ 64-67 'ਤੇ)

[172] (ਅਖ਼ਬਾਰਾਤਿ-ਦਰਬਾਰਿ-ਮੁਅੱਲਾ, 21.3.1713 ਦੀ ਰਿਪੋਰਟ)

[173] (ਅਹਵਾਲ-ਉਲ-ਖ਼ਵਾਕੀਨ, ਸਫ਼ੇ 64-67 'ਤੇ)

ਮੁਹੰਮਦ ਕਾਸਿਮ ਔਰੰਗਾਬਾਦੀ ਮੁਤਾਬਿਕ ਅਮੀਰ-ਉਲ-ਉਮਰਾ ਸੱਯਦ ਹੁਸੈਨ ਅਲੀ ਖ਼ਾਨ ਨੂੰ ਵੀ ਹੁਕਮ ਹੋਇਆ ਕਿ ਉਹ ਸਾਰੀਆਂ ਸ਼ਾਹੀ ਫ਼ੌਜਾਂ ਵਿਚੋਂ ਬਹਾਦੁਰ 'ਤੇ ਸ਼ਾਨੋ-ਸ਼ੌਕਤ ਵਾਲੇ ਇਨਾਮ ਖ਼ਾਨ ਨੂੰ ਫ਼ਤਹਿਮੰਦ ਫ਼ੌਜਾਂ ਸਮੇਤ ਅਬਦੁਸ ਸਮਦ ਖ਼ਾਨ ਦੀ ਫ਼ੌਜੀ ਮਦਦ ਵਾਸਤੇ ਰਵਾਨਾ ਕਰੇ। ਉਸ ਨਾਲ ਜਾਣ ਵਾਸਤੇ ਨਾਮਜ਼ਦ ਕੀਤੇ 13 ਜਰਨੈਲ ਹੇਠ ਲਿਖੇ ਸਨ: ਖ਼ੁਸ਼ਕਿਸਮਤ ਜਾਨਸ਼ ਖ਼ਾਨ, ਦੌਲਤ ਬੇਗ਼ ਖ਼ਾਨ ਹਜ਼ਾਰਾ, ਇਰਾਦਤ ਖ਼ਾਨ, ਅਰਬ ਅਲੀ ਖ਼ਾਨ, ਮੀਰ ਹੁਸੈਨੀ ਖ਼ਾਨ, ਸੱਯਦ ਜਵਾਦ ਖ਼ਾਨ ਬੁਖ਼ਾਰੀ, ਮਿਰਜ਼ਾ ਮੁਹੰਮਦ ਸ਼ਫ਼ੀਅ ਬਰਲਾਸ, ਨਾਜ਼ਰ ਖ਼ਾਨ ਖ਼ੇਸ਼ਗੀ, ਵਲੀਦਾਦ ਖ਼ਾਨ ਸ਼ੇਰਜਾਦ, ਸ਼ੇਰ ਖ਼ਾਨ, ਮਿਰਜ਼ਾ ਬੇਗ ਤੁਰਕ, ਮੀਰ ਮੁਸਤਫ਼ਾ ਤੇ ਜ਼ਹੂਰ ਉਲਾ ਖ਼ਾਨ।[174]

ਬੰਦਾ ਸਿੰਘ ਬਹਾਦੁਰ ਦਾ ਨਾਹਨ 'ਤੇ ਹਮਲਾ

ਮਾਰਚ 1713 ਵਿਚ ਭਾਈ ਬੰਦਾ ਸਿੰਘ ਬਹਾਦੁਰ ਲੋਹਗੜ੍ਹ ਵਿਚ ਸੀ। ਇਨ੍ਹੀਂ ਦਿਨੀਂ ਉਸ ਨੂੰ ਪਤਾ ਲਗਾ ਕਿ ਨਾਹਨ ਦਾ ਰਾਜਾ ਮੁਗ਼ਲਾਂ ਨਾਲ ਸੌਦੇਬਾਜ਼ੀ ਕਰਕੇ ਆਇਆ ਸੀ ਅਤੇ ਇਸੇ ਕਰਕੇ ਉਸਨੇ (ਰਾਜਾ ਨਾਹਨ) ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਹੋਈ ਹੈ। ਨਾਹਨ ਦੇ ਰਾਜੇ ਨੂੰ ਸੋਧਣ ਵਾਸਤੇ ਭਾਈ ਬੰਦਾ ਸਿੰਘ ਬਹਾਦੁਰ ਨੇ 5-6 ਹਜ਼ਾਰ ਸਿੱਖਾਂ ਨੂੰ ਨਾਲ ਲੈ ਕੇ (ਲੋਹਗੜ੍ਹ) ਤੋਂ ਨਾਹਨ ਵੱਲ ਕੂਚ ਕਰ ਦਿੱਤਾ। ਜੱਦ ਨਾਹਨ ਦੇ ਰਾਜੇ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਹ ਸ਼ਹਿਰ ਤੋਂ ਦੌੜ ਗਿਆ ਅਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਉੱਥੇ ਡੇਰਾ ਲਾ ਲਿਆ। ਅਖ਼ੀਰ, ਉੱਥੋਂ ਦੇ ਅਮੀਰਾਂ-ਵਜ਼ੀਰਾਂ ਨੇ ਚੋਖੀ ਰਕਮ ਦੇ ਕੇ ਭਾਈ ਬੰਦਾ ਸਿੰਘ ਬਹਾਦੁਰ ਤੋਂ ਮੁਆਫ਼ੀ ਮੰਗੀ ਅਤੇ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਾਥੀ ਵਾਪਿਸ ਲੋਹਗੜ੍ਹ ਚਲੇ ਗਏ।[175]

ਸਢੌਰਾ ਦੀ ਤੀਜੀ ਲੜਾਈ

ਨਾਹਨ ਤੋਂ ਲੋਹਗੜ੍ਹ ਵਾਪਿਸ ਮੁੜਨ ਤੋਂ ਇਕ ਹਫ਼ਤਾ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੇ ਇਕ ਹਜ਼ਾਰ ਫ਼ੌਜੀ ਸਢੌਰੇ ਭੇਜ ਦਿੱਤੇ। ਸਿੱਖਾਂ ਨੇ ਲੋਹਗੜ੍ਹ ਦੇ ਨਾਲ-ਨਾਲ ਸਢੌਰੇ ਦਾ ਕਿਲ੍ਹਾ ਵੀ ਮਜ਼ਬੂਤ ਕਰ ਲਿਆ। ਹੁਣ ਉਨ੍ਹਾਂ ਨੇ ਸਢੌਰਾ ਹੀ ਨਹੀਂ ਸਾਰੇ ਸਰਹੰਦ ਦੇ ਸਾਰੇ ਪਰਗਨਿਆਂ ਵਿਚ ਆਪਣਾ ਹੁਕਮ ਚਲਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਜ਼ੈਨ-ਉਦ-ਦੀਨ ਅਹਿਮਦ ਖਾਨ ਫ਼ੌਜਦਾਰ ਸਰਹੰਦ ਨੇ ਇਲਾਕੇ ਨੂੰ ਸਿੱਖਾਂ ਤੋਂ ਮਹਿਫ਼ੂਜ਼ ਰਖਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸਿੱਖਾਂ ਦੀ ਤਾਕਤ ਅੱਗੇ ਉਹ ਟਿਕ ਨਾ ਸਕਿਆ ਅਤੇ ਉਹ ਉਨ੍ਹਾਂ ਦਾ ਕੁੱਝ ਵੀ ਨਾ ਵਿਗਾੜ ਸਕਿਆ।[176] ਸਢੌਰੇ ਨੂੰ ਘੇਰਾ ਪਾਉਣ ਵਾਲੀ ਮੁਗ਼ਲ ਫ਼ੌਜ ਦੀ ਗਿਣਤੀ ਕਈ ਹਜ਼ਾਰਾਂ ਵਿਚ ਸੀ। ਅਪ੍ਰੈਲ 1713 ਵਿਚ ਹੀ 7000 ਮੁਗ਼ਲ ਘੋੜਸਵਾਰ ਸਢੌਰੇ ਪਹੁੰਚ ਚੁੱਕੇ ਸਨ ਅਤੇ ਉਨ੍ਹਾਂ ਦੇ ਜਰਨੈਲਾਂ ਮਤਾਬਿਕ ਸਿੱਖਾਂ ਦਾ ਟਾਕਰਾ ਕਰਨ ਵਾਸਤੇ ਇਨੇ ਮੁਗ਼ਲ ਫ਼ੌਜੀ ਕਾਫ਼ੀ ਨਹੀਂ ਸਨ ਅਤੇ ਹੋਰ ਮੰਗਵਾਏ ਜਾ ਰਹੇ ਸਨ। (ਜੇਠ ਮਲ ਵੱਲੋਂ ਜੈਪੁਰ ਦੇ ਰਾਜਾ ਜੈ ਸਿੰਘ ਸਵਾਈ ਨੂੰ, ਅਪ੍ਰੈਲ 1713 ਵਿਚ, ਲਿਖੀ ਚਿੱਠੀ, ਸੀਰੀਅਲ ਨੰਬਰ 62, ਅਰਜ਼ਦਾਸ਼ਤ ਨੰਬਰ 145) 22 ਜੂਨ ਨੂੰ ਅਬਦੁਸ ਸਮਦ ਖ਼ਾਨ, ਜ਼ੈਨ-ਉਦ-ਦੀਨ ਖ਼ਾਨ ਅਤੇ ਈਨਾਮ ਖ਼ਾਨ, ਤਿੰਨਾਂ ਨੇ ਮਿਲ ਕੇ ਵੱਡੀ ਫ਼ੌਜ ਲੈ ਕੇ ਸਢੌਰੇ ਦਾ ਕਿਲ੍ਹਾ ਘੇਰ ਲਿਆ। ਉਨ੍ਹਾਂ ਨੇ ਕਿਲ੍ਹੇ ਦੇ ਦੁਆਲੇ ਖਾਈਆਂ ਪੁੱਟ ਲਈਆਂ ਅਤੇ ਮੋਰਚੇ ਪੁੱਟ ਲਏ।[177]

[174] (ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖ਼ਵਾਕੀਨ, ਸਫ਼ੇ 64-67)
[175] (ਅਖ਼ਬਾਰਾਤਿ ਦਰਬਾਰਿ-ਮੁਅੱਲਾ 16 ਮਾਰਚ 1713 ਦੀ ਰਿਪੋਰਟ)
[176] (ਅਖ਼ਬਾਰਾਤਿ ਦਰਬਾਰਿ-ਮੁਅੱਲਾ 2 ਅਪ੍ਰੈਲ 1713 ਦੀ ਰਿਪੋਰਟ)
[177] (ਅਖ਼ਬਾਰਾਤਿ-ਦਰਬਾਰਿ-ਮੁਅੱਲਾ, 27 ਤੇ 28 ਜੂਨ 1713 ਦੀ ਰਿਪੋਰਟ)

ਸਢੌਰਾ ਨਗਰ ਦਾ ਜ਼ਿਕਰ ਕਰਦਿਆਂ ਮੁਹੰਮਦ ਕਾਸਿਮ ਔਰੰਗਾਬਾਦੀ ਲਿਖਦਾ ਹੈ ਕਿ ਸਢੌਰੇ ਦੀਆਂ ਇਮਾਰਤਾਂ ਪੱਕੀਆਂ ਇੱਟਾਂ ਦੀਆਂ ਬਣੀਆਂ ਹੋਈਆਂ ਅਤੇ ਬੇਸ਼ੁਮਾਰ ਸਨ। ਭਾਈ ਬੰਦਾ ਸਿੰਘ ਬਹਾਦੁਰ ਨੇ ਇਸ ਕਸਬੇ ਦੇ ਆਲੇ-ਦੁਆਲੇ ਦੇ ਸਾਰੇ ਇਲਾਕੇ ਨੂੰ ਢਹਿ-ਢੇਰੀ ਕਰ ਛੱਡਿਆ ਸੀ। ਉਸ ਦੇ ਸਾਰੇ ਮਜ਼ਬੂਤ ਫੱਟੇ ਅਤੇ ਲੱਕੜਾਂ, ਜੋ ਢਹੇ ਘਰਾਂ ਵਿਚੋਂ ਨਿਕਲਦੇ ਸਨ, ਗੜ੍ਹੀ ਦੀਆਂ ਨੀਹਾਂ ਵਿਚ ਭਰ ਦਿੱਤੇ। ਇਸ ਤਰ੍ਹਾਂ ਉਸ ਨੇ ਗੜ੍ਹੀ ਨੂੰ ਮਜ਼ਬੂਤੀ ਬਖ਼ਸ਼ ਦਿੱਤੀ ਸੀ। ਉਸ ਦਾ ਖ਼ਿਆਲ ਸੀ ਕਿ ਤੋਪ ਅਤੇ ਰਹਿਕਲਿਆਂ ਦੇ ਗੋਲੇ ਨੁਕਸਾਨ ਨਹੀਂ ਪਹੁੰਚਾ ਸਕਣਗੇ ਅਤੇ ਕੰਧਾਂ ਨੂੰ ਪਾੜ ਵੀ ਨਹੀਂ ਲਗ ਸਕੇਗਾ।[178]

ਮੁਤਾਬਿਕ 22 ਜੂਨ ਦੇ ਦਿਨ, ਯਾਨਿ ਪਹਿਲੇ ਦਿਨ ਹੀ, ਸਿੱਖਾਂ ਨੇ ਅਚਾਨਕ ਹਮਲਾ ਕਰ ਦਿੱਤਾ।[179] ਇਸ ਲੜਾਈ ਵਿਚ ਇਨਾਮ ਖ਼ਾਨ ਅਤੇ ਉਸ ਦਾ ਭਰਾ ਬਕਾ ਬੇਗ਼ ਖ਼ਾਨ ਵੀ ਜ਼ਖ਼ਮੀ ਹੋਕੇ ਮਾਰੇ ਗਏ ਸਨ। ਮੁਹੰਮਦ ਕਾਸਿਮ ਔਰੰਗਾਬਾਦੀ [180] ਦੱਸਦਾ ਹੈ ਕਿ ਰਾਤ ਵੇਲੇ ਸਿੱਖਾਂ ਨੇ ਫੇਰ ਹਮਲਾ ਕੀਤਾ ਅਤੇ ਖ਼ੂਬ ਲੜਾਈ ਹੋਈ। ਜਿਸ ਵਿਚ 152 ਸਿੱਖ ਮਾਰੇ ਗਏ। ਮੁਹੰਮਦ ਕਾਸਿਮ ਔਰੰਗਾਬਾਦੀ ਇਕ ਹੋਰ ਲੜਾਈ ਦਾ ਜ਼ਿਕਰ ਕਰਦਾ ਹੈ ਜਿਸ ਦੀ ਤਫ਼ਸੀਲ ਇਸ ਉਪਰਲੀ ਲੜਾਈ ਨਾਲ ਮਿਲਦੀ ਹੈ। ਉਸ ਮੁਤਾਬਿਕ ਇਹ ਲੜਾਈ 2 ਘੜੀਆਂ (ਤਕਰੀਬਨ 50 ਮਿੰਟ) ਹੋਈ ਸੀ। ਇਸ ਵਿਚ ਕਦੇ ਮੁਗ਼ਲ ਹਾਵੀ ਹੋ ਜਾਂਦੇ ਸਨ ਅਤੇ ਕਦੇ ਸਿੱਖ। ਇਸ ਲੜਾਈ ਵਿਚ ਦੋਹਾਂ ਧਿਰਾਂ ਦਾ ਬਹੁਤ ਨੁਕਸਾਨ ਹੋਇਆ ਸੀ। (ਪਰ ਮੁਹੰਮਦ ਕਾਸਿਮ ਇਸ ਲੜਾਈ ਨੂੰ ਲੋਹਗੜ੍ਹ ਵਿਚ ਹੋਈ ਦੱਸਦਾ ਹੈ, ਜੋ ਕਿ ਗ਼ਲਤ ਹੈ। ਲੋਹਗੜ੍ਹ 'ਤੇ ਹਮਲਾ, ਇਸ ਤੋਂ 4 ਮਹੀਨੇ ਮਗਰੋਂ, 13 ਨਵੰਬਰ 1713 ਦੇ ਦਿਨ ਕੀਤਾ ਗਿਆ ਸੀ)[181]

ਇਨ੍ਹਾਂ ਦੋਹਾਂ ਮੁਸਲਮਾਨ ਸੋਮਿਆਂ ਨੇ ਮਾਰੇ ਗਏ ਮੁਗ਼ਲ ਫ਼ੌਜੀਆਂ ਦੀ ਗਿਣਤੀ ਨਹੀਂ ਦੱਸੀ, ਪਰ ਭੱਟ ਵਹੀਆਂ ਮੁਤਾਬਿਕ ਉਹ ਹਜ਼ਾਰਾਂ ਦੀ ਗਿਣਤੀ ਵਿਚ ਮਾਰੇ ਗਏ ਸਨ। ਭੱਟ ਵਹੀਆਂ ਮੁਤਾਬਿਕ ਸ਼ਹੀਦ ਹੋਣ ਵਾਲੇ ਸਿੱਖਾਂ ਵਿਚ ਭਾਈ ਮਨੀ ਸਿੰਘ ਦੇ ਤਿੰਨੇ ਪੋਤੇ: ਭਾਈ ਅਲਬੇਲ ਸਿੰਘ ਅਤੇ ਮੋਹਰ ਸਿੰਘ (ਦੋਵੇਂ ਪੁਤਰ ਭਾਈ ਉਦੈ ਸਿੰਘ) ਅਤੇ ਸੈਣਾ ਸਿੰਘ (ਪੁੱਤਰ ਭਾਈ ਚਿਤਰ ਸਿੰਘ) ਵੀ ਸ਼ਾਮਿਲ ਸਨ। ਸਢੌਰੇ 'ਤੇ ਇਕ ਦਿਨ ਦੇ ਹਮਲੇ ਦਾ ਜਿਕਰ ਕਰਦਾ ਮੁਹੰਮਦ ਕਾਸਿਮ ਔਰੰਗਾਬਾਦੀ ਲਿਖਦਾ ਹੈ ਕਿ "ਲਸ਼ਕਰ ਦੇ ਬਹਾਦੁਰਾਂ ਨੇ, ਉਸ ਗੜ੍ਹੀ ਦੀ ਮਜ਼ਬੂਤੀ ਨੂੰ ਅੱਖੋ-ਪਰੋਖੇ ਕਰਕੇ ਹਮਲਾ ਕਰ ਦਿੱਤਾ। ਉਨ੍ਹਾਂ ਸਿੱਖਾਂ ਨੇ ਅਚਾਨਕ ਹੀ ਮਨਹੂਸ ਗੜ੍ਹੀ ਵਿਚੋਂ 500 ਮੀਟਰ ਬਾਹਰ ਨਿਕਲ ਕੇ, ਉਸ ਫ਼ਤਹਿਮੰਦ ਲਸ਼ਕਰ ਜਰਨੈਲ ਨਾਲ ਮੁਕਾਬਲਾ ਕੀਤਾ। ਕੋਈ ਇਕ ਪਹਿਰ (3 ਘੰਟੇ) ਤਕ ਲੜਾਈ ਭਖੀ ਰਹੀ। ਫ਼ਤਹਿਮੰਦ ਲਸ਼ਕਰ ਦੇ ਬਹਾਦਰ ਰੁਸਤਮ ਵਾਂਗ ਲੜ ਰਹੇ ਸਨ। ਸੋ ਰਣ-ਖੇਤਰ ਵਿਚ ਉਨ੍ਹਾਂ ਸਾਰੇ ਮਰਦੂਦਾਂ ਵਿਚੋਂ 691 ਆਦਮੀ ਸ਼ਹੀਦ ਹੋ ਗਏ। ਕਤਲ ਤੋਂ ਬਚੇ ਬੰਦੇ ਗੜ੍ਹੀ, ਜਿਸ ਨੂੰ ਟੱਟੀ-ਖ਼ਾਨੇ ਕਿਹਾ ਜਾ ਸਕਦਾ ਹੈ, ਵਿਚ ਜਾ ਵੜੇ। ਫ਼ਤਹਿਮੰਦ ਲਸ਼ਕਰ ਵਿਚੋਂ ਜਾਨਸ਼ ਖ਼ਾਨ ਦਾ ਭਰਾ ਮੀਰ ਬਜ਼ੁਰਗ ਬਹਾਦਰੀ ਨਾਲ ਲੜਦਾ ਹੋਇਆ 25 ਮਨਸਬਦਾਰਾਂ ਸਮੇਤ ਸ਼ਹੀਦ ਹੋ ਗਿਆ। ਮਿਰਜ਼ਾ ਅਬਦੁੱਲਾ ਬਖ਼ਸ਼ੀ, ਜੋ ਇਨਾਮ ਖ਼ਾਨ ਦੇ ਸੰਬੰਧੀਆਂ ਵਿਚੋਂ ਸੀ, ਵੀ 16 ਆਦਮੀਆਂ ਸਣੇ ਸ਼ਹੀਦ ਹੋ ਗਿਆ। ਉਸ ਗਰੋਹ ਦੇ ਹੋਰ ਬਹੁਤ ਸਾਰੇ ਆਦਮੀ ਬਹਾਦਰੀ ਦਾ ਇਜ਼ਹਾਰ ਕਰਦੇ ਹੋਏ ਜਾਨ-ਲੇਵਾ ਜ਼ਖ਼ਮਾਂ ਸਹਿਤ ਸ਼ਹੀਦ ਹੋ ਗਏ

[178] (ਅਹਵਾਲ-ਉਲ-ਖ਼ਵਾਕੀਨ, ਸਫ਼ੇ 64-67)

[179] ਅਖ਼ਬਾਰਾਤਿ-ਦਰਬਾਰਿ-ਮੁਅੱਲਾ (28 ਜੂਨ 1713 ਦੀ ਰਿਪੋਰਟ)

[180] (ਅਹਵਾਲ-ਉਲ-ਖ਼ਵਾਕੀਨ, ਸਫ਼ਾ 68)

[181] { ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, ਪੰਨਾ 68}

ਅਤੇ ਬਹੁਤੇ ਸ਼ਹਾਦਤ ਦਾ ਜਾਮ ਪੀ ਗਏ। ਉਚੇ ਰੁਤਬੇ ਵਾਲਾ ਸੱਯਦ ਹਾਸਮ ਖ਼ਾਨ, ਜਿਹੜਾ ਅਬਦੁਸ ਸਮਦ ਖ਼ਾਨ ਦਾ ਕਾਬਲੇ-ਇਤਬਾਰ ਸਾਥੀ ਸੀ, ਫ਼ਤਹਿਮੰਦ ਲਸ਼ਕਰ ਦੀ ਨਿਗਰਾਨੀ ਵਾਸਤੇ ਅੱਗੇ ਹੋ ਕੇ ਲੜਨ ਗਿਆ, ਵੀ ਸ਼ਹੀਦ ਹੋ ਗਿਆ। ”

15 ਜੁਲਾਈ ਨੂੰ ਮੁਗ਼ਲ ਫ਼ੌਜਾਂ ਨੇ ਆਪਣੇ ਮੋਰਚੇ ਕਿਲ੍ਹੇ ਦੇ ਨੇੜੇ ਲੈ ਆਂਦੇ। 17 ਜੁਲਾਈ ਨੂੰ ਬਾਦਸਾਹ ਨੂੰ ਦੱਸਿਆ ਗਿਆ ਕਿ ਮੁਗ਼ਲ ਫ਼ੌਜਾਂ ਨੇ 700 ਡੰਡਿਆਂ ਵਾਲੀ ਪੌੜੀ ਬਣਾਈ ਅਤੇ ਕਿਲ੍ਹੇ ਦੀ ਕੰਧ ਟੱਪਣ ਦਾ ਪਲਾਨ ਬਣਾਇਆ ਸੀ, ਪਰ, ਕਾਮਯਾਬ ਨਾ ਹੋ ਸਕੇ। 31 ਜੁਲਾਈ 1713 ਦੇ ਦਿਨ ਬਹੁਤ ਬਾਰਿਸ਼ ਪਈ। ਸਾਰਾ ਦਿਨ ਅਤੇ ਰਾਤ ਨੂੰ ਵੀ ਮੀਂਹ ਪੈਂਦਾ ਰਿਹਾ। ਰਾਤ ਵੇਲੇ ਕੁੱਝ ਸਿੱਖ ਕਿਲ੍ਹੇ ਵਿਚੋਂ ਨਿਕਲੇ ਅਤੇ **ਬਾਹਰ ਪਈ ਮੁਗ਼ਲਾਂ ਦੀ ਇਕ ਤੋਪ ਨੂੰ ਰੱਸੇ ਪਾ ਕੇ ਕਿਲ੍ਹੇ ਵਿਚ ਲਿਜਾਉਣ ਦੀ ਕੋਸ਼ਿਸ਼ ਕੀਤੀ,** ਪਰ ਉਹ ਕਾਮਯਾਬ ਨਾ ਹੋ ਸਕੇ ਕਿਉਂਕਿ ਖਿੱਚ ਕੇ ਲਿਜਾਂਦਿਆਂ ਉਹ ਖਾਈ ਵਿਚ ਡਿੱਗ ਪਈ ਜਿਸ ਨਾਲ ਬੜੀ ਜ਼ੋਰ ਦੀ ਆਵਾਜ਼ ਆਈ। ਇਸ ਮਗਰੋਂ ਸਿੱਖ ਕਿਲ੍ਹੇ ਵੱਲ ਭੱਜ ਗਏ। ਮਗਰੋਂ ਮੁਗ਼ਲ ਜਰਨੈਲਾਂ ਨੇ ਆਪਣੇ ਜੁਆਨਾਂ ਰਾਹੀ ਇਹ ਤੋਪ ਬਾਹਰ ਕਢਵਾਈ ਅਤੇ ਬਹੁਤ ਹੀ ਮੁਸ਼ਕਿਲ ਨਾਲ ਦੋਬਾਰਾ ਟਿਕਾਣੇ ’ਤੇ ਲਿਆਂਦੀ। ਪਰ ਜੇਠ ਮੱਲ ਮੁਤਾਬਿਕ ਸਿੱਖਾਂ ਨੇ ਇਸ ਨੂੰ ਮੁਗ਼ਲ ਸਿਪਾਹੀਆਂ ਦੇ ਉਤੇ ਸੁੱਟ ਕੇ ਉਨ੍ਹਾਂ ਦੇ 8 ਜਵਾਨ ਮਾਰ ਦਿੱਤੇ ਸਨ। (ਜੇਠ ਮੱਲ ਵੱਲੋਂ ਜੈਪੁਰ ਦੇ ਰਾਜਾ ਜੈ ਸਿੰਘ ਸਵਾਈ ਨੂੰ 6 ਅਗਸਤ 1713 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 63, ਅਰਜ਼ਦਾਸ਼ਤ ਨੰਬਰ 139)

ਮੁਹੰਮਦ ਕਾਸਿਮ ਔਰੰਗਾਬਾਦੀ ਲਿਖਦਾ ਹੈ ਕਿ ਕੋਈ ਦਿਨ ਅਜਿਹਾ ਨਹੀਂ ਸੀ ਕਿ ਸਿੱਖ ਗੜ੍ਹੀ ਵਿਚੋਂ ਨਿਕਲ ਕੇ ਹਰੇਕ ਪਾਸਿਆਂ ਦੇ ਮੋਰਚਿਆਂ ’ਤੇ ਟੁੱਟ ਕੇ ਨਹੀਂ ਸੀ ਪੈਂਦੇ ਅਤੇ ਤਲਵਾਰਾਂ ਨਾਲ ਜੰਗ ਕਰਦੇ ਸਨ। ਇਕ ਦਿਨ ਅੱਧੀ ਰਾਤ ਵੇਲੇ ਉਨ੍ਹਾਂ ਨੇ ਗੜ੍ਹੀ ਵਿਚੋਂ ਨਿਕਲ ਕੇ ਅਚਾਨਕ ਅਬਦੁਸ ਸਮਦ ਖ਼ਾਨ ਦੇ ਮੋਰਚਿਆਂ ’ਤੇ ਧਾਵਾ ਬੋਲ ਦਿਤਾ ਅਤੇ ਗ਼ਜ਼ਬ ਦੀ ਤਰਥੱਲੀ ਮਚਾ ਦਿੱਤੀ। ਦੋਹਾਂ ਧਿਰਾਂ ਦੀਆਂ ਤੋਪਾਂ, ਰਹਿਕਲਿਆਂ ਅਤੇ ਗੋਲਿਆਂ ਦੀਆਂ ਆਵਾਜ਼ਾਂ ਬਿਜਲੀ ਦੀ ਕੜਕ ਵਾਂਗ ਗੜ੍ਹਕਣ ਲਗੀਆਂ।ਪਹਿਲਾਂ ਤਾਂ ਮੁਗ਼ਲ ਫ਼ੌਜੀ ਕੁੱਝ ਕਦਰ ਹਾਰ ਗਏ ਸਨ, ਪਰ ਸੱਯਦ ਹਾਸ਼ਮ ਖ਼ਾਨ ਅਤੇ ਮੀਰ ਬਾਬਾ ਖ਼ਾਨ ਆਪਣੇ ਪੁੱਤਰਾਂ, ਭਾਈਆਂ ਅਤੇ ਸਾਥੀਆਂ ਸਣੇ ਉੱਥੇ ਪੁੱਜ ਗਏ ਅਤੇ ਬੜੀ ਬਹਾਦਰੀ ਨਾਲ ਲੜਾਈ ਕੀਤੀ। ਇਕ ਘੜੀ ਤੱਕ ਪਰਲੋ ਆ ਗਈ। ਇਸ ਲੜਾਈ ਵਿਚ 200 ਤੋਂ ਵੱਧ ਸਿੱਖ ਮਾਰੇ ਗਏ।[182]

ਮੁਗ਼ਲ ਫ਼ੌਜਾਂ ਨੇ ਸਢੌਰੇ ਦਾ ਕਿਲ੍ਹਾ ਤਿੰਨ ਪਾਸਿਆਂ ਤੋਂ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ। ਇਸ ਦਾ ਇਕ ਪਾਸਾ ਖੁਲ੍ਹਾ ਸੀ, ਜਿਧਰੋਂ ਸਿੱਖ ਤੀਰਾਂ ਅਤੇ ਕਮਾਨਾਂ ਨਾਲ ਨਿਕਲਦੇ ਸਨ ਅਤੇ ਆਪਣੇ ਘੋੜੇ, ਮੱਝਾਂ ਅਤੇ ਬਲਦਾਂ ਨੂੰ ਘਾਹ ਆਦਿ ਚਰਾਉਂਦੇ ਸਨ। ਇਸ ਤੋਂ ਇਲਾਵਾ ਉਹ ਘਾਹ ਵਗ਼ੈਰਾ ਨੂੰ ਕੱਟ ਕੇ ਕਿਲ੍ਹੇ ਦੇ ਅੰਦਰ ਵੀ ਲੈ ਜਾਂਦੇ ਸਨ। ਮੁਗ਼ਲ ਫ਼ੌਜੀ ਉਨ੍ਹਾਂ ਨੂੰ ਵੇਖ ਕੇ ਅੱਖਾਂ ਦੂਜੇ ਪਾਸੇ ਭੁਆ ਲੈਂਦੇ ਸਨ। ਮੁਗ਼ਲ ਫ਼ੌਜੀਆਂ ਕੋਲ ਇੰਨਾਂ ਹੌਂਸਲਾ ਨਹੀਂ ਸੀ ਕਿ ਉਹ ਘੋੜੇ ਦੌੜਾ ਕੇ ਸਿੱਖਾਂ ਨੂੰ ਚੈਲੰਜ ਕਰ ਸਕਣ। ਦੂਜੇ ਪਾਸੇ ਸਿੱਖ ਹਮੇਸ਼ਾ ਮੁਗ਼ਲਾਂ ਨੂੰ ਵੰਗਾਰਦੇ ਸਨ ਅਤੇ ਉਨ੍ਹਾਂ 'ਤੇ ਹਮਲੇ ਕਰਦੇ ਸਨ। ਇੰਝ ਹਰ ਰੋਜ਼ 5-7 ਮੁਗ਼ਲ ਫ਼ੌਜੀ ਮਾਰੇ ਜਾਂਦੇ ਸਨ। ਅਗਸਤ ਦੇ ਸ਼ੁਰੂ ਵਿਚ ਈਸੇ ਖ਼ਾਨ ਦੀ ਕਮਾਨ ਹੇਠ ਨਵੀਂ ਫ਼ੌਜ ਆਈ ਅਤੇ ਇਸ ਮਗਰੋਂ ਉਨ੍ਹੇ ਚੌਥੇ ਪਾਸੇ ’ਤੇ ਵੀ 500 ਘੋੜਸਵਾਰ ਅਤੇ 200 ਬੰਦੂਕਚੀ ਲਾ ਦਿੱਤੇ। ਜੋ ਕਿਲ੍ਹੇ ਦੇ ਬਹੁਤ ਨਜ਼ਦੀਕ ਤਾਇਨਾਤ ਕੀਤੇ ਗਏ ਸਨ। ਇਸ ਨਾਲ ਸਿੱਖਾਂ ਦਾ ਇਹ ਰਸਤਾ ਬੰਦ ਹੋ ਗਿਆ। ਹੁਣ ਚਾਰੇ ਪਾਸੇ ਮੁਗ਼ਲ ਘੋੜਸਵਾਰ

[182](ਮੁਹੰਮਦ ਕਾਸਿਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, ਪੰਨਾਂ 64-67)

ਗਸ਼ਤ ਕਰਨ ਲਗ ਪਏ ਸਨ। (ਜੇਠ ਮੱਲ ਵਲੋਂ ਰਾਜਾ ਜੈਪੁਰ ਨੂੰ 6 ਅਗਸਤ 1713 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 63, ਅਰਜ਼ਦਾਸ਼ਤ ਨੰਬਰ 139)

ਇਸ ਮਗਰੋਂ ਇਕ ਰਾਤ ਉਹ ਗੜ੍ਹੀ ਵਿਚ ਸੰਨ੍ਹ ਲਾ ਕੇ ਜੰਗਲ ਵੱਲ (ਯਾਨਿ ਲੋਹਗੜ੍ਹ) ਵੱਲ ਚਲੇ ਗਏ। ਇਸ ਮਗਰੋਂ ਮੁਗ਼ਲ ਫ਼ੌਜਾਂ ਦਾ ਕਿਲ੍ਹੇ 'ਤੇ ਕਬਜ਼ਾ ਹੋ ਗਿਆ। **ਸਢੌਰੇ ਦੇ ਕਿਲ੍ਹੇ ਵਿਚ ਕੁਲ 1000 ਸਿੱਖ ਸਨ। ਮੁਹੰਮਦ ਕਾਸਿਮ ਔਰੰਗਾਬਾਦੀ**[183] **ਮੁਤਾਬਿਕ ਇਨ੍ਹਾਂ ਵਿਚੋਂ 691 ਇਕ ਦਿਨ ਮਾਰੇ ਗਏ ਸਨ, 152 ਇਕ ਹੋਰ ਦਿਨ ਮਾਰੇ ਗਏ ਸਨ ਅਤੇ ਤੀਜੀ ਲੜਾਈ ਵਿਚ 200 ਹੋਰ ਮਾਰੇ ਗਏ ਸਨ। ਸੋ ਮੁਹੰਮਦ ਕਾਸਿਮ ਮੁਤਾਬਿਕ 1043 ਸਿੱਖ ਤਾਂ ਇਨ੍ਹਾਂ ਤਿੰਨ ਮੌਕਿਆਂ 'ਤੇ ਹੀ ਮਾਰੇ ਗਏ ਸਨ। 31 ਜੁਲਾਈ 1713 ਦੇ ਦਿਨ ਜੱਦ ਬਹੁਤ ਬਾਰਿਸ਼ ਪੈ ਰਹੀ ਸੀ ਤਾਂ 500 ਪੈਦਲ ਅਤੇ 500 ਘੋੜਸਵਾਰ ਸਿੱਖ ਕਿਲ੍ਹੇ ਵਿਚ ਆ ਗਏ ਸਨ (ਜੇਠ ਮੱਲ ਵੱਲੋਂ ਜੈਪੁਰ ਦੇ ਰਾਜਾ ਜੈ ਸਿੰਘ ਸਵਾਈ ਨੂੰ 6 ਅਗਸਤ 1713 ਦੇ ਦਿਨ ਲਿਖੀ ਚਿੱਠੀ, ਸੀਰੀਅਲ ਨੰਬਰ 63, ਅਰਜ਼ਦਾਸ਼ਤ ਨੰਬਰ** 139)

ਇਸ ਮਗਰੋਂ ਵੀ ਲੜਾਈਆਂ ਹੁੰਦੀਆਂ ਰਹੀਆਂ ਸਨ। ਉਨ੍ਹਾਂ ਵਿਚ ਵੀ ਕਾਫ਼ੀ ਸਿੱਖ ਮਾਰੇ ਗਏ ਹੋਣਗੇ। ਜੇ ਇਹ ਅੰਕੜੇ ਸਹੀ ਹਨ ਤਾਂ ਸਢੌਰੇ ਦੇ ਕਿਲ੍ਹੇ ਵਿਚ ਪਹਿਲਾਂ ਦੇ ਅਤੇ 31 ਜੁਲਾਈ ਦੇ ਮਿਲਾ ਕੇ ਕੁਲ 2000 ਦੇ ਕਰੀਬ ਸਿੱਖ ਸਨ ਜਿਨ੍ਹਾਂ ਵਿਚੋਂ ਮਸਾਂ ਦੋ-ਤਿੰਨ ਸੌ ਹੀ ਬਚੇ ਹੋਣਗੇ, ਜੋ ਇਕ ਰਾਤ ਕਿਲ੍ਹੇ ਦੀ ਇਕ ਕੰਨ ਪਾੜ ਕੇ ਲੋਹਗੜ੍ਹ ਜਾਣ ਵਿਚ ਕਾਮਯਾਬ ਹੋ ਸਕੇ ਹੋਣਗੇ।

ਸਢੌਰੇ ਦੇ ਕਿਲੇ 'ਤੇ ਕਬਜ਼ਾ ਕਰਨ ਮਗਰੋਂ ਅਬਦੁਸ ਸਮਦ ਖ਼ਾਨ ਨੇ ਇਸ ਕਿਲ੍ਹੇ ਨੂੰ ਢੁਹਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਸਿੱਖਾਂ ਦਾ ਇਹ ਡੀਫ਼ੈਂਸ ਸਦਾ ਵਾਸਤੇ ਖ਼ਤਮ ਹੋ ਜਾਵੇ।[184] ਮੁਤਾਬਿਕ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਸਢੌਰੇ ਦਾ ਕਿਲ੍ਹਾ ਤਬਾਹ ਕਰ ਦਿੱਤਾ ਗਿਆ ਹੈ। ਇਸ ਮੌਕੇ ਤੇ ਮਾਰੇ ਗਏ 600 ਸਿੱਖਾਂ ਦੇ ਸਿਰ ਕਟਵਾ ਕੇ ਖ਼ਾਨ ਨੇ ਬਾਦਸ਼ਾਹ ਨੂੰ ਜਾ ਪੇਸ਼ ਕੀਤੇ।(ਸੰਭਵ ਹੈ ਕਿ ਸਢੋਰੇ ਵਿਖੇ ਮਾਰੇ ਗਏ ਸਿੱਖਾਂ ਦੀ ਕੁੱਲ ਗਿਣਤੀ 600 ਦੇ ਨੇੜੇ ਹੋਵੇ। ਜਿਵੇਂ ਕਿ ਮੁਹੰਮਦ ਕਾਸਿਮ ਅਤੇ ਔਰੰਗਬਾਈ ਇਕ ਲੜਾਈ ਵਿਚ 691 ਦੀ ਤਸਵੀਰ ਪੇਸ਼ ਕਰਦਾ ਹੈ, ਇਹ ਸਢੌਰੇ ਵਿਖੇ ਮਾਰੇ ਗਏ ਸਿੱਖਾਂ ਦੀ ਕੁੱਲ ਗਿਣਤੀ ਹੋ ਸਕਦੀ ਹੈ।) 27 ਸਤੰਬਰ ਨੂੰ ਬਾਦਸ਼ਾਹ ਨੇ ਅਬਦੁਸ ਸਮਦ ਖ਼ਾਨ ਦੀ ਖ਼ੂਬ ਤਾਰੀਫ਼ ਕੀਤੀ ਅਤੇ ਉਸ ਨੂੰ ਖ਼ਾਸ ਖਿੱਲਤ ਭੇਂਟ ਕੀਤੀ। ਮੁਹੰਮਦ ਕਾਸਿਮ ਮੁਤਾਬਿਕ ਸਢੌਰੇ* ਦੇ ਕਿਲ੍ਹੇ ਨੂੰ ਸਾਢੇ ਸੱਤ ਮਹੀਨੇ ਤੱਕ ਘੇਰਾ ਪਿਆ ਰਿਹਾ।{*ਉਹ ਲਿਖਦਾ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਇਸ ਦਾ ਨਾਂ 'ਅਜਾਇਬਗੜ੍ਹ' ਰੱਖਿਆ ਹੋਇਆ ਸੀ}[185]।

ਭਾਈ ਫ਼ਤਹਿ ਸਿੰਘ ਦੀ ਸ਼ਹੀਦੀ

ਜਦੋਂ ਸਢੋਰੇ ਦੀ ਲੜਾਈ ਚੱਲ ਰਹੀ ਸੀ ਤਾਂ ਇੱਧਰ ਭਾਈ ਫ਼ਤਹਿ ਸਿੰਘ ਜੰਮੂ-ਕਸ਼ਮੀਰ ਦੇ ਇਲਾਕੇ ਵਿਚ ਸਨ। ਅਗਸਤ 1713 ਦੇ ਦੂਜੇ ਹਫ਼ਤੇ ਵਿਚ ਸਿੱਖ ਫ਼ੌਜਾਂ ਨੇ ਭਾਈ ਫ਼ਤਹਿ ਸਿੰਘ ਦੀ ਅਗਵਾਈ ਵਿਚ ਬਲੋਹ ਦੇ ਇਲਾਕੇ ਵਿਚ ਮੁਹਿੰਮ ਸ਼ੁਰੂ ਕੀਤੀ ਹੋਈ ਸੀ।[186] ਸੂਬਾ ਕਸ਼ਮੀਰ ਦੇ ਨਾਜ਼ਿਮ ਸਾਦਾਤ ਖ਼ਾਨ ਦੇ ਨਾਇਬ (ਡਿਪਟੀ) ਮੁਹੰਮਦ ਅਲੀ ਖ਼ਾਨ ਦੀ ਫ਼ੌਜ ਨੇ, ਬਲੋਹ ਦੇ ਰਾਜੇ

[183] (ਅਹਵਾਲ-ਉਲ-ਖ਼ਵਾਕੀਨ, ਸਫ਼ਾ 64-67)

[184] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 24 ਸਤੰਬਰ 1713 ਦੀ ਰਿਪੋਰਟ)

[185] ਮੁਹੰਮਦ ਕਾਸਿਮ ਔਰੰਗਾਬਾਦੀ: (ਅਹਵਾਲ-ਉਲ-ਖ਼ਵਾਕੀਨ, ਸਫ਼ੇ 64-67)

[186] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 16 ਅਗਸਤ 1713 ਦੀ ਰਿਪੋਰਟ ਮੁਤਾਬਿਕ)

ਦੀਨਦਾਰ ਦੀ ਫ਼ੌਜ ਨਾਲ ਮਿਲ ਕੇ, ਸਿੱਖ ਫ਼ੌਜਾਂ ਨੂੰ ਘੇਰਾ ਪਾ ਲਿਆ। ਸਿੱਖ ਫ਼ੌਜੀਆਂ ਨੇ ਭਾਰੀ ਫ਼ੌਜ ਵੇਖ ਕੇ ਜੰਗਲ ਵਿਚ ਛੁਪਣ ਦੀ ਕੋਸ਼ਿਸ਼ ਕੀਤੀ ਪਰ ਮੁਗ਼ਲ ਫ਼ੌਜਾਂ ਦਾ ਘੇਰਾ ਬੜਾ ਜ਼ਬਰਦਸਤ ਸੀ। ਅਖ਼ੀਰ ਦੋਹਾਂ ਧਿਰਾਂ ਵਿਚ ਜੰਗ ਹੋਈ। ਇਸ ਜੰਗ ਵਿਚ 200 ਮੁਗ਼ਲ ਸਿਪਾਹੀ ਅਤੇ ਇਕ ਹਜ਼ਾਰ ਸਿੱਖ ਸਣੇ ਭਾਈ ਫ਼ਤਹਿ ਸਿੰਘ, ਜਿਸ ਨੂੰ ਭਾਈ ਬੰਦਾ ਸਿੰਘ ਬਹਾਦੁਰ ਨੇ ਸਮਾਣਾ ਦਾ ਸੂਬੇਦਾਰ ਬਣਾਇਆ ਸੀ ਸ਼ਹੀਦ ਹੋ ਗਏ। ਭਾਈ ਫ਼ਤਹਿ ਸਿੰਘ ਦਾ ਸਿਰ ਵੱਢ ਕੇ ਕਸ਼ਮੀਰ ਸੂਬੇ ਦੇ ਨਾਇਬ (ਡਿਪਟੀ) ਮੁਹੰਮਦ ਅਲੀ ਖ਼ਾਨ ਨੂੰ ਭੇਜਿਆ ਗਿਆ। ਇਸ ਦੀ ਖ਼ਬਰ ਬਾਦਸ਼ਾਹ ਫ਼ਰੱਖ਼ਸੀਅਰ ਨੂੰ 16 ਅਗਸਤ 1713 ਦੇ ਦਿਨ ਮਿਲੀ। ਉਸ ਨੇ ਇਸ ਨਾਇਬ ਸੂਬੇਦਾਰ ਦਾ ਮਨਸਬ 500 ਜ਼ਾਤ ਅਤੇ 100 ਸਵਾਰ ਵਧਾ ਦਿੱਤਾ।[187]

❖❖❖

[187] (ਅਖਬਾਰਾਤਿ-ਦਰਬਾਰਿ-ਮੁਅੱਲਾ, 16.8.1713 ਦੀ ਰਿਪੋਰਟ)

ਅਧਿਆਇ-12
ਲੋਹਗੜ੍ਹ ਕਿਲ੍ਹੇ ਤੇ ਸ਼ਾਹੀ ਫ਼ੌਜ ਦਾ ਤੀਜਾ ਹਮਲਾ

ਭਾਈ ਬੰਦਾ ਸਿੰਘ ਬਹਾਦੁਰ ਨੂੰ ਪਤਾ ਸੀ ਕਿ ਮੁਗ਼ਲ ਫ਼ੌਜਾਂ ਨੇ ਸਢੌਰੇ ’ਤੇ ਕਬਜ਼ਾ ਕਰ ਲਿਆ ਹੈ ਅਤੇ ਹੁਣ ਉਨ੍ਹਾਂ ਨੇ ਲੋਹਗੜ੍ਹ ’ਤੇ ਹਮਲਾ ਕਰਨਾ ਹੀ ਹੈ ਇਸ ਕਰ ਕੇ ਉਸ ਨੇ ਹਥਿਆਰਾਂ ਤੋਂ ਸਿਵਾ ਪਏ ਬਾਕੀ ਸਾਰੇ ਸਾਮਾਨ, ਜਿਸ ਦੀ ਲੜਾਈ ਵਿਚ ਵਰਤੋਂ ਨਹੀਂ ਹੋਣੀ ਸੀ, ਨੂੰ ਉੱਥੋਂ ਪਾਉਂਟਾ ਸਾਹਿਬ (ਲੋਹਗੜ੍ਹ ਤੋਂ 12 ਕੋਹ ਦੂਰ, ਯਾਨਿ 25 ਕਿਲੋਮੀਟਰ ਦੂਰ) ਭੇਜ ਦਿੱਤਾ ਹੋਇਆ ਸੀ।(ਜੇਠ ਮੱਲ ਵੱਲੋਂ ਜੈਪੁਰ ਦੇ ਰਾਜਾ ਜੈ ਸਿੰਹ ਸਵਾਈ ਨੂੰ, ਅਪ੍ਰੈਲ 1713 ਵਿਚ, ਲਿਖੀ ਚਿੱਠੀ, ਸੀਰੀਅਲ ਨੰਬਰ 62, ਅਰਜ਼ਦਾਸ਼ਤ ਨੰਬਰ 145) ਜੇਠ ਮੱਲ ਵੱਲੋਂ ਜੈਪੁਰ ਦੇ ਰਾਜੇ ਨੂੰ 27 ਤੇ 29 ਅਗਸਤ 1713 ਦੇ ਦਿਨ ਲਿਖੇ ਖ਼ਤ (ਸੀਰੀਅਲ ਨੰਬਰ 64, ਅਰਜ਼ਦਾਸਤ ਨੰਬਰ 161, ਮੁਤਾਬਿਕ ਸਢੌਰਾ ਜਿੱਤਣ ਮਗਰੋਂ ਅਬਦੁਸ ਸਮਦ ਖ਼ਾਨ ਲੋਹਗੜ ’ਤੇ ਹਮਲਾ ਕਰਨਾ ਚਾਹੁੰਦਾ ਸੀ, ਪਰ ਉਸ ਦੇ ਸਾਥੀਆਂ ਨੇ ਇਸ ਨੂੰ ਜਿੱਤਣ ਵਿਚ ਨਾ-ਉਮੀਦੀ ਦਿਖਾਈ ਕਿਉਂਕਿ ਉਹ ਅਗਸਤ 1713 ਵਿਚ ਇਸ ਕਿਲ੍ਹੇ ਵੱਲ ਵੱਧਣ ਵਾਲੀਆਂ ਮੁਗ਼ਲ ਫ਼ੌਜ ਦੀਆਂ ਟੋਲੀਆਂ ਦਾ ਹਸ਼ਰ ਜਾਣ ਚੁੱਕੇ ਸਨ। ਇਸ ਕਰਕੇ ਖ਼ਾਨ ਨੇ ਲੋਹਗੜ੍ਹ ’ਤੇ ਹਮਲਾ ਕਰਨ ਦਾ ਫ਼ੈਸਲਾ ਮੁਲਤਵੀ ਕਰ ਦਿੱਤਾ।

21 ਅਗਸਤ 1713 ਦੇ ਦਿਨ ਮੁਗ਼ਲ ਫ਼ੌਜਾਂ ਦੀ ਇਕ ਅਗਾਊਂ ਟੋਲੀ (ਐਡਵਾਂਸ ਗਰੁੱਪ) ਲੋਹਗੜ੍ਹ ਦੇ ਪਹਾੜਾਂ ਵੱਲ ਵੱਧੀ ਸੀ। ਇਹ ਫ਼ੌਜੀ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਫ਼ੌਜਾਂ ਦੀ ਮਾਰ ਹੇਠ ਆ ਗਏ ਸਨ। ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ ਸੀ। ਘੱਟੋ-ਘੱਟ 40 ਮੁਗ਼ਲ ਫ਼ੌਜੀ ਮਾਰੇ ਗਏ ਸਨ, 20 ਜ਼ਖ਼ਮੀ ਹੋਏ ਸਨ ਅਤੇ 35 ਸਿੱਖਾਂ ਦੇ ਕਬਜ਼ੇ ਵਿਚ ਆ ਗਏ ਸਨ। ਜਿਹੜੇ ਬਚ ਗਏ ਸਨ ਉਹ ਸਾਰਾ ਕੁਝ ਉੱਥੇ ਹੀ ਛੱਡ ਕੇ ਆਪਣੀ ਜਾਣ ਬਚਾਉਣ ਵਾਸਤੇ ਦੌੜ ਗਏ ਸਨ। ਮੁਗ਼ਲਾਂ ਦੇ 100 ਘੋੜੇ, 30 ਊਠ, 40 ਮੱਝਾਂ, 200 ਦੂਜੇ ਜਾਨਵਰ ਵੀ ਭਾਈ ਬੰਦਾ ਸਿੰਘ ਬਹਾਦੁਰ ਦੇ ਸਾਥੀਆਂ ਦੇ ਹੱਥ ਲਗੇ ਸਨ। ਇਨ੍ਹਾਂ ਦਿਨਾਂ ਵਿਚ ਹੀ ਮੁਗ਼ਲ ਫ਼ੌਜਾਂ ਦੇ ਇਕ ਜਰਨੈਲ ਮੋਹਕਮ ਸਿੰਹ ਦੀ ਮੌਤ ਦੀ ਖ਼ਬਰ ਨੇ ਮੁਗ਼ਲਾਂ ਵਿਚ ਬੇਦਿਲੀ ਫ਼ੈਲਾ ਦਿੱਤੀ। ਇਸ ਨਾਲ ਭਾਈ ਬੰਦਾ ਸਿੰਘ ਬਹਾਦੁਰ ਦੇ ਸਾਥੀਆਂ ਦੇ ਹੌਸਲੇ ਵੱਧ ਗਏ ਅਤੇ ਉਹ ਹੋਰ ਦਲੇਰੀ ਨਾਲ ਅੱਗੇ ਵੱਧਣ ਲਗ ਪਏ। ਇੰਝ ਹੀ 29 ਅਗਸਤ 1713 ਦੇ ਦਿਨ 200 ਮੁਗ਼ਲ ਸਿਪਾਹੀ ਗਸ਼ਤ ਕਰ ਰਹੇ ਸਨ। ਜਦੋਂ ਉਨ੍ਹਾਂ ਨੇ ਸਿੱਖ ਆਉਂਦੇ ਵੇਖੇ ਤਾਂ ਉਹ ਦੌੜ ਗਏ, ਪਰ ਉਨ੍ਹਾਂ ਦਾ ਮੁੱਖੀ ਜਮਾਂਦਾਰ ਬਲੋਚ ਖ਼ਾਨ ਲੜਦਾ ਮਾਰਿਆ ਗਿਆ ਅਤੇ ਚਾਰ ਹੋਰ ਮੁੱਖੀ ਵੀ ਮਾਰੇ ਗਏ ਸਨ। ਸਿੱਖ ਇਨ੍ਹਾਂ ਦੇ ਸਿਰ ਵੱਢ ਕੇ ਲੈ ਗਏ। ਇਹ ਖ਼ਬਰਾਂ ਮੁਗ਼ਲਾਂ ਨੂੰ ਲੋਹਗੜ੍ਹ 'ਤੇ ਇਕ ਦਮ ਹਮਲਾ ਕਰਨ ਤੋਂ ਰੋਕਣ ਦਾ ਕਾਰਨ ਬਣੀਆਂ ਸਨ। 12 ਅਕਤੂਬਰ 1713 ਨੂੰ ਫ਼ਰੱਖ਼ਸੀਅਰ ਬਾਦਸ਼ਾਹ ਨੂੰ ਵੀ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ (ਲੋਹਗੜ੍ਹ) ਵਿਚ ਬੈਠਾ ਹੈ। ਉਸ ਨੇ ਕਿਲ੍ਹੇ ਦੀ ਮੁਰੰਮਤ ਕਰਵਾ ਲਈ ਹੈ ਅਤੇ ਉਹ ਜੰਗ ਵਾਸਤੇ ਤਿਆਰੀ ਕਰ ਰਿਹਾ ਹੈ।[188]

(ਫ਼ਰੱਖ਼ਸੀਅਰਨਾਮਾ ਅਤੇ ਕਾਮਵਰ ਖ਼ਾਨ ਦੇ ਤਜ਼ਕਿਰਾਤੁਲ ਸਲਾਤੀਨ-ਇ-ਚੁਗੱਤਾ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ [189] ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਲੋਹਗੜ੍ਹ ਕਿਲ੍ਹੇ ਨੂੰ

[188] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 12 ਅਕਤੂਬਰ 1713 ਦੀ ਰਿਪੋਰਟ)

[189] (ਇਰਵਿਨ, ਲੇਟਰ ਮੁਗ਼ਲਜ਼, ਸਫ਼ਾ 310)

ਕਮਾਲ ਦੇ ਤਰੀਕੇ ਨਾਲ ਮਜ਼ਬੂਤ ਕੀਤਾ ਹੋਇਆ ਸੀ।ਦੁਸ਼ਮਣ ਦੀ ਫ਼ੌਜ ਨੂੰ ਲੋਹਗੜ੍ਹ ਕਿਲ੍ਹੇ ਦੇ ਸਿੱਖਰ ਤੱਕ ਪਹੁੰਚਣ ਤੋਂ ਪਹਿਲਾਂ ਰਾਹ ਵਿਚ 52 ਮੋਰਚਿਆਂ 'ਤੇ ਲੜਨਾ ਪੈਣਾ ਸੀ। ਯਾਨਿ ਸਾਰੇ 52 ਪਿੰਡਾਂ ਵਿਚ ਹੀ ਕਿਲ੍ਹਾ ਰੂਪੀ ਮੋਰਚਾਬੰਦੀ ਕੀਤੀ ਹੋਈ ਸੀ ਅਤੇ ਹਰ ਥਾਂ ਤੋਪਾਂ ਰੱਖੀਆਂ ਹੋਈਆਂ ਸਨ। ਇਹ ਸਾਰੀਆਂ ਸੁਰੱਖਿਆ ਚੌਂਕੀਆਂ ਇਸ ਦੂਜੇ ਨੂੰ ਹਿਫ਼ਾਜ਼ਤ ਦਿੰਦੀਆਂ ਸਨ।ਕੁੱਝ ਦਿਨ ਰੁੱਕਣ ਮਗਰੋਂ, ਅਕਤੂਬਰ ਦੇ ਆਖ਼ਰੀ ਦਿਨਾਂ ਵਿਚ ਅਬਦੁਸ ਸਮਦ ਖ਼ਾਨ ਨੇ ਲੋਹਗੜ੍ਹ ਵੱਲ ਕੂਚ ਕਰ ਦਿੱਤਾ। ਉਸ ਨੇ ਇਹ ਪੈਂਡਾ 14 ਦਿਨਾਂ ਵਿਚ ਤੈਅ ਕੀਤਾ। ਪਰ ਉਨ੍ਹਾਂ ਨੇ ਕਿਲ੍ਹੇ ’ਤੇ ਹਮਲਾ ਨਹੀਂ ਕੀਤਾ। ਇਤਨੇ ਚਿਰ ਵਿਚ ਜ਼ੈਨ-ਉਦ-ਦੀਨ ਅਹਿਮਦ ਖ਼ਾਨ (ਫ਼ੌਜਦਾਰ ਸਰਹੰਦ), ਈਨਾਮ ਖ਼ਾਨ ਅਤੇ ਜ਼ਕਰੀਆ ਖ਼ਾਨ (ਪੁਤਰ ਅਬਦੁਸ ਸਮਦ ਖ਼ਾਨ ਸੂਬੇਦਾਰ ਲਾਹੌਰ) ਵੀ ਆ ਰਲੇ। ਇਨ੍ਹਾਂ ਨੇ ਰਲ ਕੇ 13 ਨਵੰਬਰ 1713 ਦੇ ਦਿਨ ਤੋਪਾਂ ਨਾਲ ਕਿਲ੍ਹੇ ’ਤੇ ਹਮਲਾ ਸ਼ੁਰੂ ਕਰ ਦਿੱਤਾ। ਇਸ ਲੜਾਈ ਵਿਚ ਅਬਦੁਸ ਸਮਦ ਖ਼ਾਨ ਦਾ ਬਖ਼ਸ਼ੀ ਹਾਜੀ ਕਮਾਲ ਅਤੇ ਹੋਰ ਬਹੁਤ ਸਾਰੇ ਮੁਗ਼ਲ ਫ਼ੌਜੀ ਮਾਰੇ ਗਏ ਅਤੇ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਮਦ ਖ਼ਾਨ ਦਾ ਭਤੀਜਾ ਅਬੂ-ਉਲ-ਮੁਕੱਰਮ, ਫ਼ਤਹਿ ਖ਼ਾਨ ਅਤੇ ਹੋਰ ਬਹੁਤ ਸਾਰੇ ਸੀਨੀਅਰ ਅਫ਼ਸਰ ਤੇ ਜਰਨੈਲ ਬੁਰੀ ਤਰ੍ਹਾਂ ਜ਼ਖ਼ਮੀ ਹੋਏ।[190]

ਮੁਹੰਮਦ ਕਾਸਿਮ ਔਰੰਗਾਬਾਦੀ ਇਸ ਹਮਲੇ ਦਾ ਜ਼ਿਕਰ ਇੰਞ ਕਰਦਾ ਹੈ {ਜਾਪਦਾ ਹੈ ਕਿ ਉਸ ਦੀ ਲਿਖਤ ਦੇ ਦੋ ਸਫ਼ੇ ਅੱਗੜ-ਪਿਛੜ ਹੋ ਗਏ ਸਨ ਜਾਂ ਫ਼ਾਰਸੀ ਤੋਂ ਤਰਜਮਾ ਕਰਨ ਵਾਲੇ ਕੋਲੋਂ ਹੋ ਗਏ ਹੋਣ ਕਿਉਂਕਿ ਉਸ ਵਿਚ ਸਢੌਰਾ ਅਤੇ ਲੋਹਗੜ੍ਹ ਦੀਆਂ ਲੜਾਈਆਂ ਦਾ ਹਾਲ ਰਲ-ਮਿਲ ਗਿਆ ਨਜ਼ਰ ਆਉਂਦਾ ਹੈ। ਮੈਂ ਇਸ ਨੂੰ ਵਖਰਾ ਕਰਕੇ ਤੇ ਤਰਤੀਬ ਬਣਾ ਕੇ, ਪਰ ਬਿਨਾਂ ਕਿਸੇ ਤਬਦੀਲੀ ਦੇ, ਪੇਸ਼ ਕੀਤਾ ਹੈ}: ਸੋ ਕੁੱਝ ਦਿਨਾਂ ਬਾਅਦ ਮਨਹੂਸ ਦੇ ਮਕਾਨ ’ਤੇ (ਯਾਨਿ ਕਿਲ੍ਹਾ ਲੋਹਗੜ੍ਹ ਦੇ ਬਾਹਰ) ਪੁੱਜ ਕੇ ਬਹੁਤ ਜੰਗ ਹੋਣ ਮਗਰੋਂ ਪੂਰੀ ਮਜ਼ਬੂਤੀ ਨਾਲ ਮੋਰਚਾਬੰਦੀ ਕਰ ਲਈ। ਚਾਰ ਦਿਨਾਂ ਤੱਕ ਬੰਦੂਕਾਂ ਅਤੇ ਰਾਕਟਾਂ ਨਾਲ ਜੰਗ ਹੁੰਦੀ ਰਹੀ। ਫ਼ਤਹਿਮੰਦ ਲਸ਼ਕਰ ਦੇ ਅਕਸਰ ਬਹਾਦੁਰ ਜਾਨ-ਲੇਵਾ ਮੈਦਾਨ-ਏ-ਜੰਗ ਵਿਚ ਸ਼ਹੀਦ ਹੋ ਗਏ। ਕਿਉਂਕਿ ਕਹਿਰ ਦੇ ਮਾਰੇ ਹੋਏ ਦਾ ਕਿਲ੍ਹਾ ਬਹੁੱਤ ਉਚਾਈ ’ਤੇ ਸੀ ਅਤੇ ਉਸ ਦੇ ਆਲੇ-ਦੁਆਲੇ ਦਰਖ਼ਤਾਂ ਦੇ ਝੁੰਡ ’ਤੇ ਪੱਥਰ ਹੀ ਸਨ ’ਤੇ ਡੂੰਘੀਆਂ ਕੰਦਰਾਂ ਸਨ। ਇਸ ਕਰਕੇ ਪਰਾਂ ਵਾਲੇ (ਯਾਨਿ ਫ਼ਰਿਸ਼ਤੇ) ਵਿਚ ਵੀ ਤਾਕਤ ਨਹੀਂ ਸੀ ਕਿ ਉਸ ਜੰਗਲ ਵਿਚ ਉਡਾਰੀ ਮਾਰ ਸਕੇ, ਫਿਰ ਇਨਸਾਨ ’ਤੇ ਘੋੜਾ ਆਦਿ ਦੀ ਕੀ ਮਜਾਲ ਹੈ ਕਿ ਉਸ ਖ਼ਤਰੇ ਨਾਲ ਭਰੀ ਵਾਦੀ ਨੂੰ ਪਾਰ ਕਰ ਸਕੇ। ਕੋਈ 15-16 ਟਿੱਲੇ ਨਦੀ ਦੇ ਸਾਹਮਣੇ ਕਿਲ੍ਹੇ ਦੇ ਸੱਜੇ ’ਤੇ ਖੱਬੇ ਹੱਥ ਸਨ।ਖ਼ਾਨ ਨੇ ਇਨੀ ਗੋਲਾਬਾਰੀ ਕੀਤੀ ਸੀ ਕਿ ਜੇ ਸੋਚਿਆ ਜਾਵੇ ਤਾਂ ਫ਼ਰਿਸ਼ਤੇ ਦੇ ਖੰਭ ਵੀ ਜਲ-ਬਲ ਰਹੇ ਸਨ।ਸਾਰਾ ਪਹਾੜ ਅਤੇ ਜੰਗਲ ਸੜ੍ਹਾਂਦ ਦੀ ਬਹੁਤਾਤ ਸਦਕਾ ਟੱਟੀਖ਼ਾਨੇ ਵਾਂਗ ਬਣਿਆਂ ਪਿਆ ਸੀ, ਬਲਕਿ ਖੱਜਲ-ਖੁਆਰੀ ਕਾਰਨ ਉਸ ਜੰਗਲ ਦੇ ਪੰਛੀ ਅਤੇ ਜੰਗਲੀ ਜਾਨਵਰ ਕਿਸੇ ਹੋਰ ਬੀਆਬਾਨ ਵੱਲ ਚਲੇ ਗਏ। ਉਪਰ ਲਿਖਿਆ ਬਦਬਖ਼ਤ (ਯਾਨਿ ਭਾਈ ਬੰਦਾ ਸਿੰਘ ਬਹਾਦੁਰ) ਆਪਣੇ ਟਿਕਾਣੇ ਤੋਂ ਭੱਜ ਕੇ ਬਰਫ਼ੀ ਰਾਜੇ (ਯਾਨਿ ਨਾਹਨ ਰਾਜੇ) ਦੀ ਹੱਦ, ਜੋ ਕਿ ਹਿੰਦੋਸਤਾਨ ਦੀ ਸਲਤਨਤ ਤੋਂ ਬਾਹਰ ਹੈ, ਵਿਚ ਜਾ ਵੜਿਆ। {ਹੇਠਾਂ ਲੋਹਗੜ੍ਹ ਦੀ ਪਹਿਲੀ ਪਹਾੜੀ ਦੀ ਜਿੱਤ ਤੋਂ ਮਗਰੋਂ ਦਾ ਦ੍ਰਿਸ਼ ਹੈ}: ਹਕੂਮਤ ਦੇ ਭਰੋਸੇ ਯੋਗ ਅਤੇ ਬਾਦਸ਼ਾਹ ਦੇ ਕਰੀਬੀ ਅਬਦੁਸ ਸਮਦ ਖ਼ਾਨ ਬਹਾਦੁਰ ਨੁਸਰਤ ਜੰਗ ਨੇ ਘੋੜੇ, ਹਾਥੀ, ਤੰਬੂ,

---

[190] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 16 ਨਵੰਬਰ 1713 ਦੀ ਰਿਪੋਰਟ)

ਤੋਪਖ਼ਾਨਾ ਅਤੇ ਸੁੱਖ-ਚੈਨ ਦੇ ਸਾਜ਼ੋ-ਸਮਾਨ ਆਦਿ ਸਭ ਕੁਝ ਲੋਹਗੜ੍ਹ ਹੀ ਛੱਡ ਦਿਤਾ ਅਤੇ ਬਾਕੀ ਵੱਧੀਆ ਬੰਦੂਕਾਂ ਤੇ ਜੰਗਜੂਆਂ ਨੂੰ (ਯਾਨਿ ਉਪਰਲੀਆਂ ਪਹਾੜੀਆਂ 'ਤੇ) ਨਾਲ ਲੈ ਗਿਆ। ਅਬਦੁਸ ਸਮਦ ਖ਼ਾਨ ਖ਼ੁਦ ਪੈਦਲ ਅਤੇ ਛਾਉਣੀ ਦੇ ਬਹਾਦੁਰ ਦਸਤੂਰ ਮੁਤਾਬਿਕ ਦੋ ਮੰਜ਼ਲਾਂ ਤੱਕ ਦਰਖ਼ਤਾਂ ਅਤੇ ਪੱਥਰਾਂ ਨੂੰ ਭੰਨਦੇ ਹੋਏ ਉਸ ਦਾ ਪਿੱਛਾ ਕਰਨ ਵਾਸਤੇ ਰਾਤ ਨੂੰ ਚੱਲ ਪਏ। ਦਰਅਸਲ ਛੇ ਮੰਜ਼ਲਾਂ ਸਨ ਅਤੇ ਉਨ੍ਹਾਂ ਨੇ ਚੌਦਾਂ ਦਿਨ ਵਿਚ ਪੈਂਡਾ ਤੈਅ ਕੀਤਾ ਸੀ। ਆਖ਼ਰਕਾਰ ਬਦਬਖ਼ਤਾਂ (ਯਾਨਿ ਸਿੱਖਾਂ) ਨੂੰ ਦੁੱਖ ਪਹੁੰਚਾਉਣ (ਯਾਨਿ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਜਰਨੈਲਾਂ ਨੂੰ ਮਾਰਨ) ਦਾ ਖ਼ਿਆਲ ਪੂਰਾ ਨਾ ਹੋਇਆ, ਪਰ ਲੁੱਟ ਦਾ ਬਹੁਤ ਮਾਲ ਹੱਥ ਲੱਗਿਆ। ਸੋ ਕੋਈ ਅਜਿਹਾ ਆਦਮੀ ਨਹੀਂ ਸੀ ਜਿਹੜਾ ਲੌਂਗ, ਲਾਚੀਆਂ, ਚੰਗੀਆਂ ਚੀਜ਼ਾਂ, ਬਾਨਾਤ, ਕੀਮਖ਼ਾਬ, ਲਾਹੌਰ ਦੇ ਬੁਣੇ ਹੋਏ ਕੱਪੜੇ ਅਤੇ ਲਾਚੀਆਂ ਦੀਆਂ ਪੰਡਾਂ ਬੰਨ੍ਹ ਕੇ, ਸੋਨਾ-ਚਾਂਦੀ, ਭਾਂਡੇ, ਗ਼ੁਲਾਮ ਅਤੇ ਡੰਗਰ-ਪਸ਼ੂ ਨਾ ਲਿਆਇਆ ਹੋਵੇ। ਮੁਹੰਮਦ ਕਾਸੀਮ ਔਰੰਗਾਬਾਦੀ, ਅਹਵਾਲ-ਉਲ-ਖਵਾਕੀਨ, ਪੰਨਾਂ 68-69. 'ਤੇ ਲਿਖਦਾ ਹੈ ਲੋਹਗੜ੍ਹ ਦੀਆਂ ਪਹਿਲੀ ਪਰਤ ਦੀਆਂ ਪਹਾੜੀਆਂ 'ਤੇ ਸਿੱਖ ਫ਼ੌਜਾਂ ਮੁਗ਼ਲ ਫ਼ੌਜਾਂ ਦਾ ਮੁਕਾਬਲਾ ਕਰਦੀਆਂ ਰਹੀਆਂ, ਇਹ ਲੋਹਗੜ੍ਹ ਦੀ ਆਖਰੀ ਲੜਾਈ ਸੀ।

ਇਸ ਕਰਕੇ ਕੁਝ ਦਿਨ ਦੀ ਲੜਾਈ ਮਗਰੋਂ ਮੁਗ਼ਲ ਫ਼ੌਜਾਂ ਨੇ ਲੋਹਗੜ੍ਹ ਦਾ ਕੁੱਝ ਹਿੱਸਾ ਕਬਜ਼ੇ ਵਿਚ ਕਰ ਲਿਆ। ਭਾਈ ਬੰਦਾ ਸਿੰਘ ਬਹਾਦੁਰ, ਉਪਰਲੀਆਂ ਪਹਾੜੀਆਂ ਵਿਚ ਸੀ, ਅਤੇ ਮੁਗ਼ਲ ਫ਼ੌਜਾਂ ਵਾਸਤੇ ਉੱਥੇ ਜਾਣਾ ਸੌਖਾ ਨਹੀਂ ਸੀ ਅਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਬਚ ਕੇ ਨਿਕਲ ਤਾਂ ਜਾਣਾ ਹੀ ਸੀ। ਸੋ, ਇਹ ਕਹਿਣਾ ਕਿ ਮੁਗ਼ਲਾਂ ਨੇ ਸਾਰਾ ਲੋਹਗੜ੍ਹ 'ਤੇ ਕਬਜ਼ਾ ਕਰ ਲਿਆ ਸੀ, ਸਹੀ ਨਹੀਂ ਹੈ। ਉਨ੍ਹਾਂ ਨੇ ਤਾਂ ਲੋਹਗੜ੍ਹ ਦੀਆਂ ਮੁਢਲੀਆਂ ਪਹਾੜੀਆਂ 'ਤੇ ਹੀ ਕਬਜ਼ਾ ਕੀਤਾ ਸੀ। ਪਹਾੜੀਆਂ ਦੀ ਪਹਿਲੀ ਤਹਿ ਕਬਜ਼ੇ ਵਿਚ ਲੈਣ ਮਗਰੋਂ ਮੁਗ਼ਲ ਜਰਨੈਲਾਂ ਨੂੰ ਹੈਰਾਨੀ ਹੋਈ ਕਿ ਉਪਰਲੀਆਂ ਪਹਾੜੀਆਂ ਵਿਚੋਂ ਕੋਈ ਹਮਲਾ ਨਹੀਂ ਹੋ ਰਿਹਾ ਸੀ। ਉਨ੍ਹਾਂ ਨੂੰ ਸਮਝ ਲਗ ਗਈ ਕਿ ਮੁਗ਼ਲ ਫ਼ੌਜਾਂ ਨੂੰ ਲੋਹਗੜ੍ਹ ਦੀ ਲੜਾਈ ਵਿਚ ਉਲਝਾ ਕੇ ਬਾਬਾ ਬੰਦਾ ਸਿੰਘ ਅਤੇ ਉਸ ਦੇ ਸਾਰੇ ਮੁਖੀ ਜਰਨੈਲ ਬਚ ਕੇ ਨਿਕਲ ਗਏ ਸਨ। ਮੁਗ਼ਲ ਫ਼ੌਜਾਂ ਲੋਹਗੜ੍ਹ ਜਿੱਤਣ ਨਹੀਂ ਆਈਆਂ ਸਨ। ਉਹ ਤਾਂ ਭਾਈ ਬੰਦਾ ਸਿੰਘ ਬਹਾਦੁਰ ਨੂੰ ਗ੍ਰਿਫ਼ਤਾਰ ਕਰਨ ਜਾਂ ਮਾਰਨ ਆਏ ਸਨ। ਭਾਈ ਬੰਦਾ ਸਿੰਘ ਬਹਾਦੁਰ ਦੇ ਬਚ ਕੇ ਨਿਕਲ ਜਾਣ ਕਾਰਨ ਉਹ ਇਕ ਵਾਰ ਫੇਰ ਹਾਰ ਗਏ।

ਬੰਦਾ ਸਿੰਘ ਬਹਾਦੁਰ 1713 ਵਿਚ ਲੋਹਗੜ੍ਹ ਤੋਂ ਕਿਉਂ ਨਿਕਲ ਕੇ ਗਿਆ?

ਸਵਾਲ ਕੀਤਾ ਜਾ ਸਕਦਾ ਹੈ ਕਿ ਉਸ ਵੇਲੇ ਭਾਈ ਬੰਦਾ ਸਿੰਘ ਬਹਾਦੁਰ ਕੋਲ ਨਾ ਤਾਂ ਅਨਾਜ ਦੀ ਕਮੀ ਸੀ ਅਤੇ ਨਾ ਹੀ ਅਸਲਾ ਖ਼ਤਮ ਹੋ ਗਿਆ ਸੀ, ਫਿਰ ਭਾਈ ਬੰਦਾ ਸਿੰਘ ਬਹਾਦੁਰ ਬਿਨਾਂ ਹੋਰ ਲੜਾਈ ਕੀਤੇ ਲੋਹਗੜ੍ਹ ਤੋਂ ਕਿਉਂ ਚਲਾ ਗਿਆ? ਇਸ ਦਾ ਜਵਾਬ ਇਹ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਇਕ ਚੌੜੇਰੇ ਪੈਂਤਰੇ 'ਤੇ ਚੱਲ ਰਿਹਾ ਸੀ। ਉਸ ਦਾ ਨਿਸ਼ਾਨਾ ਲੋਹਗੜ੍ਹ ਦੀ ਲੜਾਈ ਜਿੱਤਣਾ ਨਹੀਂ ਸੀ। ਉਹ ਮੁਗ਼ਲਾਂ ਨੂੰ ਲਗਾਤਾਰ ਜੰਗ ਦੇ ਮੈਦਾਨ ਵਿਚ ਰੁੱਝੇ ਰੱਖਣਾ ਚਾਹੁੰਦਾ ਸੀ ਤਾਂ ਜੋ ਉਹ ਥੱਕ ਜਾਣ, ਫ਼ੌਜੀਆਂ ਦੀਆਂ ਤਨਖ਼ਾਹਾਂ ਅਤੇ ਅਸਲਾ, ਖ਼ੁਰਾਕਾਂ ਅਤੇ ਹੋਰ ਖ਼ਰਚਿਆਂ ਵਿਚ ਉਨ੍ਹਾਂ ਦਾ ਖ਼ਜ਼ਾਨਾ ਖ਼ਾਲੀ ਹੋ ਜਾਵੇ, ਬਾਦਸ਼ਾਹ ਅਤੇ ਮੁਗ਼ਲ ਅਮੀਰਾਂ ਦੇ ਦਿਲਾਂ ਵਿਚ ਹਰ ਵੇਲੇ ਡਰ ਬਣਿਆ ਰਹੇ ਅਤੇ ਮੁਗ਼ਲੀਆ ਸਲਤਨਤ ਦੇ ਅਫ਼ਸਰਾਂ ਵਾਸਤੇ ਗੜਬੜ ਦਾ ਮਾਹੌਲ ਬਣਿਆ ਰਹੇ। ਨਵੰਬਰ/ਦਸੰਬਰ 1710 ਨੂੰ ਜਦ ਉਹ ਲੋਹਗੜ੍ਹ ਦੇ ਕਿਲ੍ਹੇ ਤੋਂ ਚਲਾ ਗਿਆ

ਤਾਂ ਉਸ ਦਾ ਕਾਰਨ ਇਹੀ ਸੀ। ਉਹ ਕਈ ਸਾਲ ਲੜ ਸਕਦਾ ਸੀ। ਉਹ ਲੋਹਗੜ੍ਹ ਤੋਂ ਚਲਾ ਗਿਆ ਅਤੇ ਮੁਗ਼ਲ ਜਰਨੈਲ ਅਤੇ ਫ਼ੌਜੀ ਕਈ ਦਿਨਾਂ ਤੱਕ ਮੁਸੀਬਤ ਵਿਚ ਫਸੇ ਰਹੇ, ਨਿਜ਼ਾਮ ਨੂੰ ਇਸ ਮੁਹਿੰਮ ਵਾਸਤੇ ਬਹੁਤ ਸਾਰਾ ਪੈਸਾ ਖ਼ਰਚ ਕਰਨਾ ਪਿਆ, ਅਤੇ ਬਾਦਸ਼ਾਹ ਕਿਸੇ ਹੋਰ ਕਾਰਵਾਈ ਵੱਲ ਧਿਆਨ ਨਾ ਦੇ ਸਕਿਆ। ਭਾਈ ਬੰਦਾ ਸਿੰਘ ਬਹਾਦੁਰ ਵੱਲੋਂ ਪੈਦਾ ਕੀਤੇ ਡਰ ਅਤੇ ਤਰਾਹ ਨੇ ਬਾਦਸ਼ਾਹ ਨੂੰ ਪਾਗ਼ਲ ਬਣਾ ਦਿੱਤਾ। ਇਹ ਮੁਗ਼ਲੀਆ ਸਲਤਨਤ ਦੀ ਤਬਾਹੀ ਦਾ ਆਗ਼ਾਜ਼ ਸੀ।

ਦੂਜੀ ਵਾਰ ਮੁਹੰਮਦ ਅਮੀਨ ਖ਼ਾਨ ਸਤੰਬਰ 1712 ਵਿਚ ਬਿਨਾਂ ਲੜੇ ਲੋਹਗੜ੍ਹ ਤੋਂ ਵਾਪਿਸ ਚਲਾ ਗਿਆ। ਇਸ ਵਾਰ ਵੀ ਬਾਦਸ਼ਾਹ ਨੇ ਅਮੀਨ 'ਤੇ ਸੈਂਕੜੇ ਮੁਗ਼ਲ ਜਰਨੈਲਾਂ ਤੋਂ ਇਲਾਵਾ ਜੈਪੁਰ ਅਤੇ ਜੋਧਪੁਰ ਦੇ ਰਾਜਿਆਂ ਨੂੰ ਇਸ ਮੁਹਿੰਮ ਵਿਚ ਸ਼ਾਮਿਲ ਕੀਤਾ ਹੋਇਆ ਸੀ ਅਤੇ ਸ਼ਾਹੀ ਖ਼ਜ਼ਾਨੇ ਵਿਚੋਂ ਬਹੁਤ ਸਾਰੀ ਰਕਮ ਖ਼ਰਚ ਹੋਈ ਸੀ। ਇਸ ਤੋਂ ਇਲਾਵਾ ਬਾਦਸ਼ਾਹ ਨੂੰ ਪੂਰਬ ਅਤੇ ਗੁਜਰਾਤ ਦਾ ਮਾਲੀਆ ਜੈਪੁਰ ਅਤੇ ਜੋਧਪੁਰ ਦੇ ਰਾਜਿਆਂ ਦੇ ਹਵਾਲੇ ਕਰਨਾ ਪਿਆ ਸੀ।

ਤੀਜੀ ਵਾਰ (ਨਵੰਬਰ 1713 ਵਿਚ) ਵੀ ਲਾਹੌਰ ’ਤੇ ਮੁਲਤਾਨ ਦੇ ਸੂਬੇਦਾਰ ਅਤੇ ਸਰਹੰਦ ਦੇ ਫ਼ੌਜਦਾਰ ਦੀਆਂ ਹਜ਼ਾਰਾਂ ਫ਼ੌਜਾਂ, ਸਢੌਰਾ ਅਤੇ ਲੋਹਗੜ੍ਹ 'ਤੇ ਕਬਜ਼ਾ ਕਰਨ ਵਾਸਤੇ ਕਈ ਮਹੀਨੇ ਰੁੱਝੀਆਂ ਰਹੀਆਂ, ਪਰ ਉਹ ਭਾਈ ਬੰਦਾ ਸਿੰਘ ਬਹਾਦੁਰ ਨੂੰ ਫਿਰ ਵੀ ਗ੍ਰਿਫ਼ਤਾਰ ਨਾ ਕਰ ਸਕੇ। ਯਾਨਿ, ਇਸ ਵਾਰ ਵੀ ਅਸਲ ਵਿਚ ਉਹ ਜੰਗ ਹਾਰ ਗਏ। ਜੇ ਮਾਰਚ 1715 ਵਿਚ ਭਾਈ ਬੰਦਾ ਸਿੰਘ ਬਹਾਦੁਰ ਗੁਰਦਾਸ ਨੰਗਲ ਦੇ ਘੇਰੇ ਵਿਚ ਨਾ ਘਿਰਦਾ ਤਾਂ ਨਤੀਜੇ ਬਹੁਤ ਵਖਰੇ ਹੋਣੇ ਸਨ; ਉਸ ਨੇ 1720 ਤੱਕ ਘੱਟੋ-ਘੱਟ ਪੰਜਾਬ ਵਿਚ ਤਾਂ ਮੁਗ਼ਲਾਂ ਦੀ ਸਲਤਨਤ ਦਾ ਭੋਗ ਪਾ ਦੇਣਾ ਸੀ। ਉਂਝ ਜੇ ਕਰ ਉਦੈਪੁਰ, ਜੈਪੁਰ, ਜੋਧਪੁਰ ਦੇ ਰਾਜਪੂਤ ਰਾਜੇ, ਭਾਈ ਬੰਦਾ ਸਿੰਘ ਬਹਾਦੁਰ ਦੀ ਗੱਲ ਮੰਨ ਕੇ ਬਗ਼ਾਵਤ ਕਰ ਦਿੰਦੇ ਤਾਂ ਉਦੋਂ ਹੀ ਸਾਰੇ ਦੱਖਣੀ ਏਸ਼ੀਆ ਵਿਚੋਂ ਮੁਗ਼ਲੀਆ ਸਲਤਨਤ ਦਾ ਸਫ਼ਾਇਆ ਹੋ ਜਾਣਾ ਸੀ। ਭਾਈ ਬੰਦਾ ਸਿੰਘ ਬਹਾਦੁਰ ਦੀ ਗ੍ਰਿਫ਼ਤਾਰੀ ਅਤੇ ਸ਼ਹੀਦੀ ਨਾਲ ਉਸ ਦੀ ਲੜਾਈ ਖ਼ਤਮ ਨਹੀਂ ਹੋ ਗਈ ਸੀ। ਭਾਈ ਬੰਦਾ ਸਿੰਘ ਬਹਾਦੁਰ ਤੋਂ ਮਗਰੋਂ ਸਿੱਖਾਂ ਦੀ ਜੱਦੋ-ਜਹਿਦ ਵੀ ਭਾਈ ਬੰਦਾ ਸਿੰਘ ਬਹਾਦੁਰ ਦੀ ਮੁਹਿੰਮ ਦਾ ਹੀ ਹਿੱਸਾ ਸੀ।

ਇਸ ਲੜਾਈ ਵਿਚ ਤਕਰੀਬਨ 900 ਸਿੱਖ ਮਾਰੇ ਗਏ ਸਨ।[191] 29 ਨਵੰਬਰ ਨੂੰ ਇਨ੍ਹਾਂ ਸਿੱਖਾਂ ਦੇ ਸਿਰ ਲੈ ਕੇ ਅਬਦੁਸ ਸਮਦ ਖ਼ਾਨ ਦਾ ਪੁੱਤਰ ਜ਼ਕਰੀਆ ਖ਼ਾਨ ਬਾਦਸ਼ਾਹ ਕੋਲ ਹਾਜ਼ਿਰ ਹੋਇਆ। ਸਿੱਖਾਂ ਦੇ ਸਿਰਾਂ ਨੂੰ ਨੇਜ਼ਿਆਂ ’ਤੇ ਟੰਗ ਕੇ ਦਿੱਲੀ ਦੇ ਚਾਂਦਨੀ ਚੌਕ ਬਾਜ਼ਾਰ 'ਚ ਨੁਮਾਇਸ਼ ਲਾਈ ਗਈ। 5 ਦਸੰਬਰ ਨੂੰ ਬਾਦਸ਼ਾਹ ਨੇ ਜ਼ਕਰੀਆ ਖ਼ਾਨ ਨੂੰ ਖਿੱਲਤ ਅਤੇ ਨਿਸ਼ਾਨ ਭੇਟ ਕੀਤਾ। ਬਾਦਸ਼ਾਹ ਨੇ ਉਸ ਦੇ ਬਾਪ ਅਬਦੁਸ ਸਮਦ ਖ਼ਾਨ ਦਾ ਮਨਸਬ ਵੀ ਢਾਈ ਹਜ਼ਾਰ ਦੀ ਥਾਂ ਤਿੰਨ ਹਜ਼ਾਰ ਜ਼ਾਤ ਅਤੇ ਇਕ ਹਜ਼ਾਰ ਸਵਾਰ ਕਰ ਦਿਤਾ। ਉਸ ਨੂੰ ਇਕ ਨਗਾਰਾ ਵੀ ਇਨਾਮ ਦਿੱਤਾ ਗਿਆ। ਪਹਿਲੋਂ 19 ਨਵੰਬਰ ਬਾਦਸ਼ਾਹ ਨੂੰ ਕਮਾਊਂ ਦੇ ਜ਼ਿਮੀਂਦਾਰ ਰਾਜਾ ਬਾਜ਼ ਬਹਾਦਰ ਚੰਦ ਨੇ ਵੀ 228 ਸਿੱਖਾਂ ਅਤੇ ਹੋਰਾਂ ਦੇ ਕੱਟੇ ਹੋਏ ਸਿਰ ਭੇਜ ਕੇ ਇਕ ਹਾਥੀ, ਇਕ ਤਲਵਾਰ ਅਤੇ ਕਲਗੀ ਦਾ ਇਨਾਮ ਲਿਆ ਸੀ।[192]

ਲੋਹਗੜ੍ਹ ਦੀ ਲੜਾਈ ਦਰਅਸਲ ਘਟੋ-ਘਟ 3 ਸਾਲ (ਨਵੰਬਰ 1710 ਤੋਂ ਨਵੰਬਰ 1713 ਤੱਕ) ਲਗਾਤਾਰ ਚਲਦੀ ਰਹੀ ਸੀ ਇਸ ਪਿੱਛੋਂ ਵੀ ਇੱਥੇ ਕਈ ਝੜਪਾਂ ਹੁੰਦੀਆਂ ਰਹੀਆਂ

---

[191] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 29 ਨਵੰਬਰ 1713 ਦੀ ਰਿਪੋਰਟ)

[192] (ਅਖਬਾਰਾਤਿ-ਦਰਬਾਰਿ-ਮੁਅੱਲਾ, 3.12.1713 ਦੀ ਰਿਪੋਰਟ)

ਸਨ, ਯਾਨਿ ਮੁਗ਼ਲ 6 ਸਾਲ ਤੱਕ ਇਸ ਕਿਲ੍ਹੇ ਦੇ ਕਿਸੇ ਵੀ ਹਿੱਸੇ 'ਤੇ ਕਾਬਜ਼ ਨਹੀਂ ਹੋ ਸਕੇ ਸਨ। ਇਸ ਦੌਰਾਨ ਤਿੰਨ ਵੱਡੀਆਂ ਲੜਾਈਆਂ ਲੜੀਆਂ ਗਈਆਂ ਸਨ। ਪਹਿਲੀ ਲੜਾਈ (ਨਵੰਬਰ/ਦਸੰਬਰ 1710) ਵਿਚ ਦੋ ਲੱਖ ਤੋਂ ਵੱਧ ਮੁਗਲ ਫ਼ੌਜੀ ਸ਼ਾਮਿਲ ਸਨ (ਇਕ ਅੰਦਾਜ਼ੇ ਮੁਤਾਬਿਕ ਇਸ ਵਿਚ ਦੋ ਤੋਂ ਤਿੰਨ ਲੱਖ ਤੱਕ ਮੁਗ਼ਲ ਫ਼ੌਜੀ ਸ਼ਾਮਿਲ ਸਨ) ਤੇ ਇਨ੍ਹਾਂ ਦੀ ਅਗਵਾਈ ਤੇ ਨਿਗਰਾਨੀ ਮੁਗ਼ਲ ਬਾਦਸ਼ਾਹ ਆਪ, ਉਸ ਦੇ ਚਾਰ ਸ਼ਹਿਜ਼ਾਦੇ, ਸੈਂਕੜੇ ਮੁਗ਼ਲ ਜਰਨੈਲ ਅਤੇ ਕਈ ਹਿੰਦੂ ਰਾਜੇ ਕਰ ਰਹੇ ਸਨ।

ਦੂਜੀ ਲੜਾਈ ਸਤੰਬਰ 1712 ਵਿਚ ਲੜੀ ਗਈ ਸੀ। ਇਸ ਦੀ ਅਗਵਾਈ ਮੁਗ਼ਲ ਫ਼ੌਜਾਂ ਦਾ ਮੁਖ ਜਰਨੈਲ ਮੁਹੰਮਦ ਅਮੀਨ ਖ਼ਾਨ ਕਰ ਰਿਹਾ ਸੀ, ਪਰ ਉਹ ਡਰਦਾ ਹੋਇਆ ਲੋਹਗੜ੍ਹ ਦੇ ਲਾਗੇ ਵੀ ਨਹੀ ਲੱਗਾ।

ਤੀਜੀ ਲੜਾਈ (ਅਕਤੂਬਰ ਨਵੰਬਰ 1713) ਦੀ ਅਗਵਾਈ ਅਬਦੁਸ ਸਮਦ ਖ਼ਾਨ (ਸੂਬੇਦਾਰ ਲਾਹੌਰ), ਜ਼ੈਨ-ਉਦ-ਦੀਨ ਅਹਿਮਦ ਖ਼ਾਨ (ਫ਼ੌਜਦਾਰ ਸਰਹੰਦ), ਈਨਾਮ ਖ਼ਾਨ ਅਤੇ ਜ਼ਕਰੀਆ ਖ਼ਾਨ (ਜੋ ਮਗਰੋਂ ਲਾਹੌਰ ਦਾ ਸੂਬੇਦਾਰ ਬਣਿਆ) ਕਰ ਰਿਹਾ ਸੀ। ਇਸ ਤੀਜੀ ਵੱਡੀ ਲੜਾਈ ਤੋਂ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਭਾਵੇਂ ਜੰਮੂ ਵੱਲ ਚਲਾ ਗਿਆ ਸੀ, ਪਰ ਹਜ਼ਾਰਾਂ ਸਿੱਖ ਫ਼ੌਜੀ ਅਜੇ ਵੀ ਲੋਹਗੜ੍ਹ ਦੇ ਮੋਰਚਿਆਂ ਵਿਚ ਮੌਜੂਦ ਸਨ। ਉਹ ਸ਼ਾਹੀ ਚੌਕੀਆਂ 'ਤੇ ਹਮਲੇ ਕਰਦੇ ਰਹਿੰਦੇ ਸਨ ਅਤੇ ਅਮੀਰਾਂ ਅਤੇ ਵਜ਼ੀਰਾਂ ਨੂੰ ਲੁੱਟਦੇ ਅਤੇ ਮਾਰਦੇ ਰਹਿੰਦੇ ਸਨ। ਬਾਦਸ਼ਾਹ ਨੂੰ 17 ਅਪ੍ਰੈਲ, 7 ਮਈ, 29 ਮਈ, 12 ਜੂਨ, 9, 10, 18 ਤੇ 19 ਜੁਲਾਈ 1714 ਦੇ ਦਿਨ ਇਸ ਸੰਬੰਧੀ ਖ਼ਬਰਾਂ ਦਿਤੀਆਂ ਜਾਂਦੀਆਂ ਰਹੀਆਂ ਸਨ। ਲੋਹਗੜ੍ਹ ਕਿਲ੍ਹੇ 'ਤੇ ਮੁਗ਼ਲਾਂ ਦਾ ਅਸਲ ਕਬਜ਼ਾ ਤਾਂ ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ (ਜੂਨ 1716) ਤੋਂ ਮਗਰੋਂ, ਲੋਹਗੜ੍ਹ ਦੇ ਇਲਾਕੇ ਵਿਚ ਬਚੇ ਖੁਚੇ ਸਾਰੇ ਸਿੱਖ ਸ਼ਹੀਦ ਕਰਨ ਮਗਰੋਂ ਹੀ ਹੋਇਆ ਸੀ, ਜਦ ਉਨ੍ਹਾਂ ਨੇ ਇਸ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ ਸੀ ।

ਫ਼ਰੱਖ਼ਸੀਅਰ ਵੱਲੋਂ ਅਬਦੁਸ ਸਮਦ ਖ਼ਾਨ ਦਾ ਸ਼ਾਹੀ ਇਸਤਕਬਾਲ (ਸੁਆਗਤ)

ਬਹਾਦਰ ਸ਼ਾਹ ਅਤੇ ਜਹਾਂਦਾਰ ਸ਼ਾਹ ਵਾਂਗ ਫ਼ਰੱਖ਼ਸੀਅਰ ਨੂੰ ਵੀ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਇਨੀ ਅਹਿਮ ਜਾਪਦੀ ਸੀ ਕਿ ਉਹ ਇਸ ਮਸਲੇ ਨੂੰ ਪਹਿਲ ਦੇ ਅਧਾਰ 'ਤੇ ਵਿਚਾਰਿਆ ਕਰਦਾ ਸੀ। ਇਸ ਕਰਕੇ ਉਹ ਮੁਹੰਮਦ ਅਮੀਨ ਖ਼ਾਨ ਅਤੇ ਅਬਦੁਸ ਸਮਦ ਖ਼ਾਨ ਦਾ ਖ਼ਾਸ ਖ਼ਿਆਲ ਰਖਦਾ ਸੀ।[193] ਮੁਤਾਬਿਕ ਬਾਦਸ਼ਾਹ ਨੇ ਦੋ ਗੁਰਜ ਬਰਦਾਰ ਲੋਹਗੜ੍ਹ ਵੱਲ ਭੇਜੇ ਤਾਂ ਜੋ ਉਹ ਇੱਜ਼ਤ-ਮਾਣ ਨਾਲ ਅਬਦੁਸ ਸਮਦ ਖ਼ਾਨ ਨੂੰ ਬਾਦਸ਼ਾਹ ਤੱਕ ਲੈ ਕੇ ਆਉਣ।[194] ਮੁਤਾਬਿਕ ਜਦ ਅਬਦੁਸ ਸਮਦ ਖ਼ਾਨ ਫ਼ਰੱਖ਼ਸੀਅਰ ਨੂੰ ਮਿਲਣ ਵਾਸਤੇ ਦਿੱਲੀ ਆਉਣ ਵਾਲਾ ਸੀ ਤਾਂ ਬਾਦਸ਼ਾਹ ਨੇ ਆਪਣੇ ਸਲਾਹਕਾਰਾਂ ਤੋਂ ਪੁੱਛਿਆ ਕਿ ਜਦ ਕੋਈ ਜਰਨੈਲ ਵੱਡੀ ਜਿੱਤ ਹਾਸਿਲ ਕਰਕੇ ਆਉਂਦਾ ਹੈ ਤਾਂ ਉਸ ਨੂੰ ਕਿਵੇਂ 'ਜੀ ਆਇਆਂ' ਕਿਹਾ ਜਾਂਦਾ ਹੈ। ਬਾਦਸ਼ਾਹ ਨੇ ਪੁੱਛਿਆ ਕਿ ਜਦ ਅਸਦ ਖ਼ਾਨ ਜੰਜੀ ਤੋਂ ਅਤੇ ਖ਼ਾਨ ਜਹਾਨ ਬਹਾਦਰ ਬੰਗਾਲ ਤੋਂ ਜਿੱਤਾਂ ਹਾਸਿਲ ਕਰ ਕੇ ਆਏ ਸਨ ਤਾਂ ਉਨ੍ਹਾਂ

---

[193] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 21 ਫ਼ਰਵਰੀ 1714 ਦੀ ਰਿਪੋਰਟ)

[194] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 24 ਫ਼ਰਵਰੀ 1714 ਦੀ ਰਿਪੋਰਟ)

ਜਰਨੈਲਾਂ ਨੂੰ, ਅੱਗੋਂ ਹੋ ਕੇ 'ਜੀ ਆਇਆਂ' ਕਹਿਣ, ਕਿਸ ਔਹਦੇ ਦਾ ਅਫ਼ਸਰ ਗਿਆ ਸੀ।[195] ਪਤਾ ਲਾਉਣ ਮਗਰੋਂ ਬਾਦਸ਼ਾਹ ਨੇ ਆਪ ਦਿਲਚਸਪੀ ਲੈ ਕੇ ਹਦਾਇਤਾਂ ਦਿੱਤੀਆਂ ਕਿ ਉਸ (ਅਬਦੁਸ ਸਮਦ ਖ਼ਾਨ) ਨੂੰ ਅੱਗੇ ਹੋ ਕੇ ਸ਼ਾਨ ਅਤੇ ਮਾਣ ਨਾਲ ਜੀ ਆਇਆਂ ਆਖਿਆ ਜਾਵੇ। ਉਸ ਨੇ ਮੀਰ ਜੁਮਲਾ ਦੀ ਡਿਊਟੀ ਲਾਈ ਕਿ ਉਹ ਦੀਵਾਨੇ-ਖਾਸ ਦੇ ਬੂਹੇ 'ਤੇ ਜਾ ਕੇ ਅਬਦੁਸ ਸਮਦ ਖ਼ਾਨ ਨੂੰ ਜੀ ਆਇਆਂ ਆਖੇ ਅਤੇ ਬਾਦਸ਼ਾਹ ਕੋਲ ਲੈ ਕੇ ਆਵੇ। ਜਦ ਖ਼ਾਨ ਆਇਆ ਤਾਂ ਬਾਦਸ਼ਾਹ ਨੇ ਉਸ ਦੀ ਪਿੱਠ ਥਾਪੜੀ ਅਤੇ ਖ਼ਾਸ ਖਿੱਲਤ ਅਤੇ ਕਲਗੀ ਦੀ ਬਖ਼ਸ਼ਿਸ਼ ਕੀਤੀ।[196] ਇਸੇ ਤਰ੍ਹਾਂ 3 ਮਾਰਚ 1714 ਨੂੰ ਈਸੇ ਖ਼ਾਨ ਮੰਞ ਨੂੰ ਸਿੱਖਾਂ ਦੇ ਖ਼ਿਲਾਫ਼ ਮੋਰਚਾ ਮਾਰਨ ਬਦਲੇ ਲੱਖੀ ਜੰਗਲ ਦੀ ਫ਼ੌਜਦਾਰੀ ਅਤੇ ਜਾਗੀਰ ਪੱਕੀ ਕਰ ਦਿਤੀ ਗਈ ਅਤੇ ਨਾਲ ਹੀ ਉਸ ਦਾ ਮਨਸਬ ਵੀ ਇਕ ਹਜ਼ਾਰ-ਨੌਂ ਸੌ ਵਧਾ ਦਿੱਤਾ।[197] ਸਿੱਖਾਂ ਦੇ ਖ਼ਿਲਾਫ਼ ਮੁਹਿੰਮ 'ਚ ਰੋਲ ਅਦਾ ਕਰਨ ਬਦਲੇ ਬਾਦਸ਼ਾਹ ਨੇ ਹੋਰਨਾਂ ਨੂੰ ਵੀ ਖ਼ਾਸ ਇਨਾਮ ਬਖ਼ਸ਼ਿਸ਼ ਕੀਤੇ।

❖❖❖

[195] (ਅਖਬਾਰਾਤਿ-ਦਰਬਾਰਿ-ਮੁਅੱਲਾ, 1.2.1714 ਦੀ ਰਿਪੋਰਟ)
[196] (ਅਖਬਾਰਾਤਿ-ਦਰਬਾਰਿ-ਮੁਅੱਲਾ, 24.2.1714 ਦੀ ਰਿਪੋਰਟ)
[197] (ਅਖਬਾਰਾਤਿ-ਦਰਬਾਰਿ-ਮੁਅੱਲਾ, 3.3 1714 ਦੀ ਰਿਪੋਰਟ)

ਅਧਿਆਇ-13

ਬੰਦਾ ਸਿੰਘ ਬਹਾਦੁਰ ਦੀਆਂ ਆਖ਼ਰੀ ਲੜਾਈਆਂ

ਨਵੰਬਰ 1713 ਨੂੰ ਲੋਹਗੜ੍ਹ ਤੋਂ ਨਿਕਲ ਕੇ ਭਾਈ ਬੰਦਾ ਸਿੰਘ ਬਹਾਦੁਰ ਕਿਧਰ ਗਿਆ ਇਸ ਬਾਰੇ ਸਪਸ਼ਟ ਨਹੀਂ ਹੁੰਦਾ। ਕੁਝ ਚਿਰ ਇਹ ਚਰਚਾ ਚਲਦੀ ਰਹੀ ਕਿ ਉਹ ਚੰਬਾ ਪਹੁੰਚ ਗਿਆ ਹੈ।ਪਰ[198] ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ ਜੱਲਾਪੁਰ (ਜ਼ਿਲ੍ਹਾ ਮੁਰਾਦਾਬਾਦ) ਪਹੁੰਚ ਗਿਆ ਸੀ ਅਤੇ ਬਾਦਸ਼ਾਹ ਨੇ ਮੁਰਾਦਾਬਦ ਦੇ ਫ਼ੌਜਦਾਰ ਨੂੰ ਉਸ 'ਤੇ ਕਾਰਵਾਈ ਕਰਨ ਵਾਸਤੇ ਪੈਗ਼ਾਮ ਭੇਜਿਆ ਸੀ। ਪਰ ਇਹ ਸਹੀ ਨਹੀਂ ਜਾਪਦਾ ਕਿਉਂ ਕਿ ਪਹਿਲੀ ਗੱਲ ਤਾਂ ਮੁਰਾਦਾਬਾਦ ਜ਼ਿਲ੍ਹੇ ਵਿਚ ਜਲਾਪੁਰ ਨਾਂ ਦਾ ਕੋਈ ਪਿੰਡ ਨਹੀਂ, ਦੂਜਾ ਮੁਰਾਦਾਬਾਦ ਜ਼ਿਲ੍ਹੇ ਵਿਚ ਦਿਲਾਰੀ ਤਹਿਸੀਲ ਵਿਚ ਇਕ ਜਲਾਲਪੁਰ ਖਾਲਸਾ ਜ਼ਰੂਰ ਹੈ, ਪਰ ਇਹ ਲੋਹਗੜ੍ਹ ਤੋਂ 300 ਕਿਲੋਮੀਟਰ ਦੂਰ ਹੈ। ਦੂਜਾ,[199], 14 ਦਸੰਬਰ 1713 ਨੂੰ ਦਿਨ ਬਾਦਸ਼ਾਹ ਨੇ ਹਮੀਦ ਖ਼ਾਨ ਨੂੰ ਮੁਰਾਦਾਬਾਦ ਜਾਣ ਅਤੇ ਬਾਗ਼ੀਆਂ ਨੂੰ ਸਜ਼ਾ ਦੇਣ ਵਾਸਤੇ ਹੁਕਮ ਭੇਜਿਆ ਅਤੇ ਇਸੇ ਸਮੇਂ ਹੀ ਬਾਦਸ਼ਾਹ ਨੇ ਖ਼ਾਨ ਬਹਾਦਰ ਮੁਜ਼ੱਫ਼ਰ ਜੰਗ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਹੇਠ ਲੋਹਗੜ੍ਹ ਭੇਜਿਆ। ਅਜਿਹਾ ਜਾਪਦਾ ਹੈ ਕਿ ਮੁਰਾਦਾਬਾਦ ਵਿਚ ਸਿੱਖ ਫ਼ੌਜਾਂ ਦੀ ਕਿਸੇ ਟੋਲੀ ਨੇ ਕਾਰਵਾਈ ਕੀਤੀ ਹੋਣੀ ਹੈ, ਨਾ ਕਿ ਭਾਈ ਬੰਦਾ ਸਿੰਘ ਬਹਾਦੁਰ ਆਪ ਉੱਥੇ ਗਿਆ ਸੀ। ਬਾਦਸ਼ਾਹ ਨੂੰ ਪਹਿਲੀ ਮਾਰਚ 1714 ਦੇ ਦਿਨ ਦੱਸਿਆ ਗਿਆ ਕਿ ਸਿੱਖ ਫ਼ੌਜੀਆਂ ਨੇ ਸਰਹੰਦ ਦੇ ਇਲਾਕੇ ਵਿਚ ਹਮਲਾ ਕੀਤਾ ਸੀ। ਉਨ੍ਹਾਂ ਦੀ ਤਾਕਤ ਇਨੀ ਸੀ ਕਿ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੇ ਆਪਣੀ ਫ਼ੌਜ ਭੇਜ ਕੇ, ਉਨ੍ਹਾਂ ਨਾਲ ਲੜਾਈ ਕਰਕੇ ਉਨ੍ਹਾ ਨੂੰ ਭਜਾਇਆ ਸੀ।[200]

11 ਮਾਰਚ 1714 ਦੇ ਦਿਨ ਬਾਦਸ਼ਾਹ ਨੂੰ ਚਕਲਾ ਜੰਮੂ ਦੇ ਇਸਫ਼ੰਦਯਾਰ ਦੇ ਖ਼ਤ ਤੋਂ ਪਤਾ ਲਗਾ ਕਿ ਚੰਬੇ ਦੇ ਰਾਜੇ ਦੇ ਪੇਸ਼ਕਾਰ ਅਤੇ ਨੂਰਪੁਰ ਦੇ ਰਾਜੇ ਦੇ ਵਕੀਲਾਂ ਨੇ ਅਬਦੁਲ ਅਜ਼ੀਮ ਨਾਇਬ ਫ਼ੌਜਦਾਰ ਨੂੰ ਦੱਸਿਆ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ ਇਕ ਬੜੀ ਵੱਡੀ ਫ਼ੌਜ ਨਾਲ ਰਾਮ ਸਿੰਘ ਜਬੋਵਾਲ ਦੇ ਤਾੱਲੁਕਾ ਦੇ ਪਿੰਡ ਵਿਚ ਠਹਿਰਿਆ ਹੋਇਆ ਹੈ। ਉਹ ਇੱਥੋਂ ਕਤਲ ਬਹਿਲਵਾਲ ਵੱਲੋਂ ਬਟਾਲਾ ਨੂੰ ਜਾਣਾ ਚਾਹੁੰਦਾ ਹੈ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਅਬਦੁਲ ਅਜ਼ੀਮ ਕੋਲ ਉਨ੍ਹਾਂ ਦਾ ਮੁਕਾਬਲਾ ਕਰਨ ਵਾਸਤੇ ਫ਼ੌਜ ਨਹੀਂ ਹੈ ਅਤੇ ਕਿਸੇ ਪਹਾੜੀ ਰਾਜੇ ਨੇ ਉਸ ਦੀ ਮਦਦ ਨਹੀਂ ਕੀਤੀ, ਇਸ ਕਰਕੇ ਉਹ ਮਜ਼ਬੂਰ ਹੈ।[201]

ਸਿੱਖ ਫ਼ੌਜਾਂ ਲੋਹਗੜ੍ਹ, ਬੱਦੀ, ਪਿੰਜੌਰ, ਮੋਰਨੀ ਦੇ ਪਹਾੜਾਂ ਵਿਚ

ਭਾਵੇਂ ਮੁਗ਼ਲ ਫ਼ੌਜਾਂ ਨੇ ਸਢੌਰਾ ਕਿਲ੍ਹਾ ਢਾਹ ਦਿਤਾ ਸੀ ਅਤੇ ਲੋਹਗੜ੍ਹ ਕਿਲ੍ਹੇ ਦੀਆਂ ਕੁੱਝ ਪਹਾੜੀਆਂ 'ਤੇ ਕਬਜ਼ਾ ਕਰ ਲਿਆ ਸੀ, ਪਰ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਫ਼ੌਜਾਂ ਅਜੇ ਵੀ ਲੋਹਗੜ੍ਹ, ਬੱਦੀ, ਪਿੰਜੌਰ, ਮੋਰਨੀ ਦੇ ਪਹਾੜਾਂ ਵਿਚ ਮੌਜੂਦ ਸਨ ਅਤੇ ਉਹ ਅਕਸਰ ਸਰਹੰਦ ਦੇ

---

[198] ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 11 ਦਸੰਬਰ 1713 ਦੀ ਰਿਪੋਰਟ

[199] ਅਖ਼ਬਾਰਾਤਿ-ਦਰਬਾਰਿ-ਮੁਅੱਲਾ ਮੁਤਾਬਿਕ ਹੀ

[200] (ਅਖਬਾਰਾਤਿ-ਦਰਬਾਰਿ-ਮੁਅੱਲਾ, 1.3.1714 ਦੀ ਰਿਪੋਰਟ)

[201] (ਅਖਬਾਰਾਤਿ-ਦਰਬਾਰਿ-ਮੁਅੱਲਾ, 11.3.1714 ਦੀ ਰਿਪੋਰਟ)

ਕਈ ਪਰਗਨਿਆਂ ਵਿਚ ਹਮਲੇ ਕਰਦੇ ਰਹਿੰਦੇ ਸਨ।[202]ਮੁਤਾਬਿਕ ਅਪ੍ਰੈਲ 1714 ਦੇ ਦੂਜੇ ਹਫ਼ਤੇ ਸਰਹੰਦ ਸੂਬੇ ਵਿਚ ਮਹਿਲੂਕ ਦੇ ਇਲਾਕੇ ਦੇ ਪਹਾੜਾਂ ਵਿਚ ਹਜ਼ਾਰਾਂ ਸਿੱਖ ਮੌਜੂਦ ਸਨ। ਉਹ ਪਹਾੜਾਂ ਵਿਚੋਂ ਨਿਕਲ ਕੇ ਆਉਂਦੇ ਸਨ ਅਤੇ ਮੁਗ਼ਲ ਅਤੇ ਪਠਾਨ ਜਾਗੀਰਦਾਰਾਂ ਉੱਤੇ ਹਮਲਾ ਕਰਦੇ ਸਨ। ਇਹ ਖ਼ਬਰ ਮਿਲਣ ’ਤੇ ਸੂਬਾ ਸਰਹੰਦ ਦੇ ਫ਼ੌਜਦਾਰ ਦੇ ਬਖ਼ਸ਼ੀ ਸ਼ਰਫ਼-ਉਦ-ਦੀਨ ਦੀ ਫ਼ੌਜ ਨੇ ਉਨ੍ਹਾਂ ’ਤੇ ਹਮਲਾ ਕਰ ਦਿੱਤਾ। ਪਰ ਸਿੱਖਾਂ ਦੀ ਗਿਣਤੀ ਬਹੁਤੀ ਹੋਣ ਕਰਕੇ ਉਸ ਦੇ ਬਹੁਤ ਸਾਰੇ ਫ਼ੌਜੀ ਮਾਰੇ ਗਏ। ਅਗਲੇ ਦਿਨ ਬਖ਼ਸ਼ੀ ਸ਼ਰਫ਼-ਉਦ-ਦੀਨ ਇਕ ਹਜ਼ਾਰ ਘੋੜਸਵਾਰ ਅਤੇ ਸੱਤ ਸੌ ਪਿਆਦਾ ਫ਼ੌਜ ਲੈ ਕੇ ਮੁੜ ਆ ਗਿਆ। ਉਧਰ ਸਿੱਖ ਫ਼ੌਜਾਂ ਦੀ ਗਿਣਤੀ ਵੀ 5 ਹਜ਼ਾਰ ਦੇ ਕਰੀਬ ਸੀ। ਇਸ ਵਾਰ ਤੀਰਾਂ ਅਤੇ ਤਲਵਾਰਾਂ ਨਾਲ ਦੋਹਾਂ ਧਿਰਾਂ ਵਿਚ ਬਹੁਤ ਜ਼ਬਰਦਸਤ ਟੱਕਰ ਹੋਈ ਜੋ ਹਨੇਰਾ ਪੈਣ ਤੱਕ, ਤਿੰਨ ਪਹਿਰ (ਤਕਰੀਬਨ 9 ਘੰਟੇ), ਚਲਦੀ ਰਹੀ।[203] ਇਸ ਵਿਚ ਦੋਹਾਂ ਧਿਰਾਂ ਦਾ ਬੜਾ ਨੁਕਸਾਨ ਹੋਇਆ। ਹਨੇਰਾ ਪੈਣ 'ਤੇ ਸਿੱਖ ਪਹਾੜਾਂ ਨੂੰ ਮੁੜ ਗਏ ਅਤੇ ਮੁਗ਼ਲ ਇਸ ਨੂੰ ਆਪਣੀ ਫ਼ਤਹਿ ਸਮਝਦੇ ਰਹੇ। 30 ਅਪ੍ਰੈਲ 1714 ਦੇ ਦਿਨ ਪੰਜ ਹਜ਼ਾਰ ਸਿੱਖ ਫ਼ੌਜਾਂ ਰੋਪੜ ਤੋਂ ਉਪਰਲੇ ਪਹਾੜਾਂ ਵਿਚ ਮੌਜੂਦ ਸਨ।

ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੇ ਆਪਣੇ ਭਤੀਜੇ ਮੀਰ ਅਬੁ ਮੁਕੱਰਮ ਨੂੰ 2 ਹਜ਼ਾਰ ਫ਼ੌਜਾਂ ਦੇ ਕੇ ਸਿੱਖਾਂ ’ਤੇ ਹਮਲਾ ਕਰਨ ਵਾਸਤੇ ਭੇਜਿਆ। ਜਦ ਸਿੱਖ ਫ਼ੌਜਾਂ ਨੇ ਵੇਖਿਆ ਕਿ ਮੁਸਲਿਮ ਫ਼ੌਜਾਂ ਦੀ ਗਿਣਤੀ ਘੱਟ ਹੈ ਤਾਂ ਉਹ ਪਹਾੜਾਂ ਤੋਂ ਉਤਰ ਕੇ ਰੋਪੜ ਸ਼ਹਿਰ ਦੇ ਨੇੜੇ ਆ ਗਏ। ਜਦ ਮੀਰ ਅਬੁ ਮੁਕੱਰਮ ਨੂੰ ਸਿੱਖਾਂ ਦੇ ਉਥੇ ਪੁੱਜਣ ਦੀ ਖ਼ਬਰ ਮਿਲੀ ਤਾਂ ਉਹ ਉਨ੍ਹਾਂ ਨਾਲ ਟੱਕਰ ਲੈਣ ਵਾਸਤੇ ਉਥੇ ਪਹੁੰਚ ਗਿਆ। ਦੋਹਾਂ ਫ਼ੌਜਾਂ ਵਿਚ ਬੰਦੂਕਾਂ ਅਤੇ ਤੀਰਾਂ ਨਾਲ ਭਾਰੀ ਜੰਗ ਹੋਈ। ਇਹ ਜੰਗ 2 ਪਹਿਰ (ਤਕਰੀਬਨ 6 ਘੰਟੇ) ਚਲਦੀ ਰਹੀ ਤੇ ਹਨੇਰਾ ਪੈਣ ’ਤੇ ਖ਼ਤਮ ਹੋਈ। ਸਿੱਖ ਫੇਰ ਪਹਾੜਾਂ ਨੂੰ ਨਿਕਲ ਗਏ। ਇਸ ਵਿਚ ਦੋਹਾਂ ਪਾਸਿਆਂ ਤੋਂ ਸੈਂਕੜੇ ਫ਼ੌਜੀ ਮਾਰੇ ਗਏ। ਮਾਰੇ ਗਏ ਸਿੱਖਾਂ ਦੀ ਗਿਣਤੀ 300 ਸੀ।ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੇ ਇਨਾਮ ਹਾਸਿਲ ਕਰਨ ਵਾਸਤੇ ਮਾਰੇ ਗਏ ਸਿੱਖਾਂ ਦੇ ਸਿਰ ਵੱਢ ਕੇ ਬਾਦਸ਼ਾਹ ਨੂੰ ਭੇਜ ਦਿੱਤੇ।[204]

ਮਈ ਦੇ ਤੀਜੇ ਹਫ਼ਤੇ ਪੰਜ ਹਜ਼ਾਰ ਸਿੱਖ ਘੋੜਸਵਾਰ ਤੇ 7 ਹਜ਼ਾਰ ਪੈਦਲ ਫ਼ੌਜਾਂ ਪਹਾੜਾਂ ਤੋਂ ਉਤਰ ਕੇ ਬਵਾਸਾ (ਅੱਜ-ਕਲ੍ਹ ਇਸ ਨਾਂ ਦਾ ਕੋਈ ਪਿੰਡ ਮੌਜੂਦ ਨਹੀਂ ਹੈ) ਪਰਗਨਾ ਵਿਚ ਆ ਗਈਆਂ।(ਰਿਪੋਰਟ ਵਿਚ ਇਸ ਪਿੰਡ / ਸ਼ਹਿਰ ਨੂੰ ਪਰਗਨਾ ਵਜੋਂ ਦਰਸਾਇਆ ਗਿਆ ਹੈ, ਪਰ ਹੁਣ ਇਸ ਖੇਤਰ ਵਿਚ ਇਸ ਨਾਮ ਦੇ ਨਾਲ ਦਾ ਕੋਈ ਪਿੰਡ ਨਹੀਂ ਹੈ।) ਉਨ੍ਹੀਂ ਦਿਨੀਂ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਦੀ ਇਕ ਵੱਡੀ ਫ਼ੌਜ ਉਸ ਇਲਾਕੇ ਵਿਚ ਮੌਜੂਦ ਸੀ। ਉਸ ਦੀਆਂ ਫ਼ੌਜਾਂ ਨੇ ਸਿੱਖਾਂ ਨੂੰ ਘੇਰਾ ਪਾ ਲਿਆ। ਕੁੱਝ ਸਮੇਂ ਮਗਰੋਂ ਹੋਰ ਮੁਗ਼ਲ ਫ਼ੌਜਾਂ ਵੀ ਪਹੁੰਚ ਗਈਆਂ। ਦੋਹਾਂ ਧਿਰਾਂ ਵਿਚ ਬੰਦੂਕਾਂ ਤੀਰਾਂ ਅਤੇ ਤਲਵਾਰਾਂ ਨਾਲ ਜ਼ਬਰਦਸਤ ਜੰਗ ਹੋਈ। ਦੁਸ਼ਮਣ ਫ਼ੌਜ ਦੀ ਗਿਣਤੀ ਬਹੁੱਤ ਵੱਡੀ ਹੋਣ ਕਰਕੇ ਸਿੱਖ ਲੜਦੇ-ਲੜਦੇ ਫਿਰ ਪਹਾੜਾਂ ਵੱਲ ਨੂੰ ਚਲੇ ਗਏ।[205] ਇਹੋ ਜਿਹੀ ਇਕ ਲੜਾਈ ਦੀ ਖ਼ਬਰ ਬਾਦਸ਼ਾਹ ਨੂੰ 12 ਜੂਨ ਦੇ ਦਿਨ ਵੀ ਦਿੱਤੀ ਗਈ

---

[202] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 17 ਅਪ੍ਰੈਲ 1714 ਦੀ ਰਿਪੋਰਟ)

[203] (ਅਖਬਾਰਾਤਿ-ਦਰਬਾਰਿ-ਮੁਅੱਲਾ 17.4.1714 ਦੀ ਰਿਪੋਰਟ)

[204] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 7 ਮਈ 1714 ਦੀ ਰਿਪੋਰਟ)

[205] ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 29 ਮਈ 1714 ਦੀ ਰਿਪੋਰਟ ਮੁਤਾਬਿਕ

ਸੀ। ਉਹ ਘਟਨਾ 13 ਮਈ 1714 ਦੇ ਦਿਨ ਪਿੰਡ ਦਹੋਨਾ* ਪਰਗਨਾ ਦੇ ਪਿੰਡ ਮਾਣਕ ਪੁਰ ਵਿਚ ਹੋਈ ਦੱਸੀ ਗਈ ਸੀ। (*ਅੱਜ-ਕਲ੍ਹ ਦਹੋਨਾ ਨਾਂ ਦਾ ਕੋਈ ਪਿੰਡ ਇਸ ਇਲਾਕੇ ਵਿਚ ਨਹੀਂ ਹੈ, ਇਕ ਮਾਣਕਪੁਰ ਜ਼ਰੂਰ ਹੈ ਜੋ ਸਰਹੰਦ ਤੋਂ 35 ਕਿਲੋਮੀਟਰ ਦੂਰ ਟੰਗੋਰੀ ਅਤੇ ਮੋਹਾਲੀ ਦੇ ਨੇੜੇ ਹੈ)। ਇਸ ਲੜਾਈ ਦੀ ਤਫ਼ਸੀਲ ਵਿਚ ਕਿਹਾ ਗਿਆ ਸੀ ਕਿ ਸਿੱਖ ਮਾਲ ਡੰਗਰ ਖੋਹਣ ਆਏ ਸਨ। ਇਲਾਕੇ ਦੇ ਹਾਕਮਾਂ ਨਾਲ ਦੋਹਾਂ ਧਿਰਾਂ ਵਿਚ ਬੰਦੂਕਾ ਤੀਰਾ ਅਤੇ ਤਲਵਾਰਾਂ ਨਾਲ ਜ਼ਬਰਦਸਤ ਜੰਗ ਹੋਈ। ਇੰਨੇ ਵਿਚ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਦੀ ਫ਼ੌਜ ਉਥੇ ਪਹੁੰਚ ਗਈ ਅਤੇ ਫਿਰ ਜ਼ਬਰਦਸਤ ਜੰਗ ਹੋਈ। ਦੋਹਾਂ ਪਾਸਿਆਂ ਤੋਂ ਬਹੁੱਤ ਲੋਕ ਮਾਰੇ ਗਏ।[206] ਬਾਦਸ਼ਾਹ ਨੂੰ ਰਿਪੋਰਟ ਦਿੱਤੀ ਗਈ ਕਿ ਮੁਗਲਾਂ 'ਤੇ ਸਿੱਖਾਂ ਵਿਚ ਲਗਾਤਾਰ ਲੜਾਈ ਚੱਲ ਰਹੀ ਹੈ। ਮਰੇ ਹੋਏ ਜਾਨਵਰਾਂ ਅਤੇ ਮਨੁੱਖਾਂ ਦੇ ਸ਼ਰੀਰ ਦੀ ਬਦਬੂ ਦੂਰ-ਦੂਰ ਤੱਕ ਫੈਲੀ ਹੋਈ ਹੈ।[207] ਬਾਦਸ਼ਾਹ ਇਹ ਖਬਰਾਂ ਸੁਣ ਦਿਮਾਗੀ ਤੋਰ 'ਤੇ ਪਰੇਸ਼ਾਨ ਰਹਿਣ ਲਗ ਪਿਆ ਸੀ।[208]

3 ਜੁਲਾਈ 1714 ਨੂੰ ਰਿਪੋਰਟ ਕੀਤੀ ਗਈ ਕਿ ਵਣਜਾਰੇ ਜੋ ਕਿ ਨੂਰਪੁਰ ਕੋਲ ਰਹਿ ਰਹੇ ਸਨ, ਸਿੱਖਾਂ ਨੂੰ ਅਨਾਜ, ਤੀਰ-ਕਮਾਨ ਅਤੇ ਬੰਦੂਕਾਂ ਦੇ ਰਹੇ ਹਨ। ਫ਼ਰੱਖਸ਼ੀਅਰ ਦੇ ਰਾਜਕਾਲ ਦੇ ਚੋਥੇ ਸਾਲ , ਵਣਜਾਰਿਆਂ ਦੇ ਰੋਲ ਦੀ ਖ਼ਬਰ ਬਹੁੱਤ ਪ੍ਰਸਿੱਧ ਹੈ। ਕਾਂਗੜਾਂ ਦੇ ਚਕਲਾਂ ਤੋਂ ਬਾਦਸ਼ਾਹ ਨੂੰ ਖ਼ਬਰ ਭੇਜੀ ਕਿ ਬਹੁਤ ਸਾਰੇ ਵਣਜਾਰੇ ਜੋ ਕਿ ਨਾਨਕ ਪ੍ਰਸਤੀ ਹਨ, ਜਸੂਸੀ ਦਾ ਕੰਮ ਕਰਦੇ ਹਨ ਅਤੇ ਸਿੱਖਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਹਨ। ਇਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ ਤਾਂ ਜੋ ਸਿੱਖ ਅੰਦੋਲਨਕਾਰੀਆਂ ਨੂੰ ਠੁਲ ਪਾਈ ਜਾ ਸਕੇ। ਬਾਦਸ਼ਾਹ ਨੇ ਇਸ ਖ਼ਬਰ ਦੇ ਆਧਾਰ 'ਤੇ ਕਾਰਵਾਈ ਕਰਨ ਦੇ ਹੁਕਮ ਜ਼ਾਰੀ ਕੀਤੇ (ਅਖਬਾਰਾਤਿ-ਦਰਬਾਰਿ-ਮੁਅੱਲਾ, 3 ਜੁਲਾਈ 1715 ਦੀ ਰਿਪੋਰਟ) ਅਤੇ ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਤੋਂ ਬਾਅਦ ਸ਼ਾਹੀ ਫ਼ੌਜ ਨੇ ਸਿੱਖਾਂ ਦੇ ਪਿੰਡਾਂ ਦੇ ਪਿੰਡ ਤਬਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਅਤੇ ਵਣਜਾਰਿਆਂ ਨਾਲ ਬਹੁੱਤ ਭਾਰੀ ਟੱਕਰ ਲਈ।

ਜਥੇਦਾਰ ਬਾਜ ਸਿੰਘ ਨੂੰ ਮਾਖੋਵਾਲ ਦੇ ਇਲਾਕੇ ਦੀ ਕਮਾਂਡ ਦੇਣਾ

ਇਹ ਗੱਲ ਆਮ ਕਹੀ ਜਾਂਦੀ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਅਤੇ ਬਿਨੋਦ ਸਿੰਘ ਵਿਚਕਾਰ ਗੁਰਦਾਸ ਨੰਗਲ ਦੀ ਗੜ੍ਹੀ ਵਿਚ (ਅਪ੍ਰੈਲ 1715 ਤੋਂ ਦਸੰਬਰ 1715 ਵਿਚ) ਮਤਭੇਦ ਹੋ ਗਏ ਸਨ। ਭਾਈ ਬੰਦਾ ਸਿੰਘ ਬਹਾਦੁਰ ਨੇ ਮੁਗਲ ਹਕੂਮਤ ਦਾ ਧਿਆਨ ਵੰਡਣ ਲਈ ਬਾਜ ਸਿੰਘ ਨੂੰ ਵੱਖਰੀ ਸਿੱਖ ਫੌਜ ਦੀ ਕਮਾਂਡ ਦੇ ਕੇ ਮੁਗਲ ਹਾਕਮਾਂ 'ਤੇ ਹੋਰ ਥਾਵਾਂ 'ਤੇ ਹਮਲੇ ਕਰਨ ਭੇਜਿਆ ਸੀ। 9 ਜੁਲਾਈ 1714 ਨੂੰ ਬਾਦਸ਼ਾਹ ਦੇ ਦਰਬਾਰ ਵਿਚੋਂ ਸਰਕਾਰੀ ਹਰਕਾਰੇ ਅਨੰਦ ਰਾਓ ਵੱਲੋਂ ਜੈਪੁਰ ਦੇ ਰਾਜਾ ਨੂੰ ਭੇਜੀ ਚਿੱਠੀ[209] ਵਿਚ ਦੱਸਿਆ ਗਿਆ ਸੀ ਕਿ ਸਰਹੰਦ ਤੋਂ ਅਨੰਦ ਰਾਓ ਹਰਕਾਰੇ ਵੱਲੋਂ ਭੇਜੀ ਰਿਪੋਰਟ ਮੁਤਾਬਿਕ ਉਨ੍ਹਾਂ ਦਿਨਾਂ ਵਿਚ ਹੀ ਭਾਈ ਬਾਜ ਸਿੰਘ ਇਕ ਵੱਡੀ ਫ਼ੌਜ ਲੈ ਕੇ (ਸ਼ਾਇਦ 14-15 ਹਜ਼ਾਰ) ਭਾਈ ਬੰਦਾ ਸਿੰਘ ਬਹਾਦੁਰ ਤੋਂ ਵਖਰਾ ਹੋ ਗਿਆ ਸੀ ਅਤੇ ਉਸ ਨੇ ਆਪਣਾ ਡੇਰਾ ਮਾਖੋਵਾਲ (ਅਨੰਦਪੁਰ) ਵਿਚ ਲਾ ਲਿਆ ਸੀ। ਉਸ ਨੂੰ ਕਹਿਲੂਰ (ਬਿਲਾਸਪੁਰ) ਦੇ ਰਾਜੇ ਅਜਮੇਰ ਚੰਦ ਦੀ ਮਦਦ ਵੀ ਹਾਸਿਲ ਸੀ।(ਉਸ ਖੇਤਰ ਵਿਚ ਮੁਗਲ ਫ਼ੌਜ ਦੇ ਦੋ ਕੈਂਪ ਸਨ:

[206] ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 12 ਜੂਨ 1714 ਦੀ ਰਿਪੋਰਟ ਮੁਤਾਬਿਕ

[207] (ਗੁਲਾਮ, ਮੋਹੀ-ਉਦ-ਦੀਨ, ਫਤੁਹਤ ਨਾਮਾ-ਇ-ਸਮਦੀ, ਪੰਨਾ 129)

[208] (ਗੁਲਾਮ, ਮੋਹੀ-ਉਦ-ਦੀਨ, ਫਤੁਹਤ ਨਮਹ-ਇ-ਸਮਦੀ, ਪੰਨਾਂ 156)

[209](ਅਖ਼ਬਾਰਾਤਿ-ਦਰਬਾਰਿ-ਮੁਅੱਲਾ 9 ਤੇ 10 ਜੁਲਾਈ 1714)

ਇਕ ਜਲੰਧਰ ਅਤੇ ਦੂਜਾ ਰੋਪੜ ਵਿਖੇ) ਸ਼ਾਹੀ ਫ਼ੌਜਾਂ ਦਾ ਡੇਰਾ ਨੇੜੇ* ਹੋਣ ਦੇ ਬਾਵਜੂਦ ਭਾਈ ਬਾਜ ਸਿੰਘ ਉੱਥੋਂ ਮੁਗ਼ਲ ਅਮੀਰਾਂ ਅਤੇ ਜਾਗੀਰਦਾਰਾਂ ਦੇ ਪਿੰਡਾਂ 'ਤੇ ਹਮਲੇ ਕਰਨ ਲਗ ਪਿਆ ਸੀ।[210]

ਜੁਲਾਈ ਦੇ ਪਹਿਲੇ ਹਫ਼ਤੇ ਸਿੱਖਾਂ ਨੇ ਅਰਦੂਨ, ਮਹਿਲੂਕ, ਮਲਕੀਆਤ, ਪਿੰਜੌਰ, ਸਲੂਕ ਅਤੇ ਲਖਾਤ ਤੋਂ ਰੋਪੜ ਤੱਕ ਦੇ ਪਿੰਡਾਂ ਵਿਚ ਡੇਰੇ ਲਾਏ ਹੋਏ ਸਨ। ਜੱਦ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਨੂੰ ਪਤਾ ਲਗਾ ਕਿ ਸਿੱਖ ਉਸ ਇਲਾਕੇ ਵਿਚ ਘੁੰਮ ਰਹੇ ਹਨ ਤਾਂ ਉਸ ਨੇ, ਅਜ਼ ਖ਼ਾਨ ਨੂੰ ਸੱਜੇ ਪਾਸਿਉਂ ਅਤੇ ਆਪਣੇ ਭਤੀਜੇ ਖਵਾਜਾ ਅਬਦੁਲ ਮੁਕੱਰਮ ਖ਼ਾਨ ਨੂੰ ਖੱਬੇ ਪਾਸਿਉਂ ਭੇਜ ਕੇ, ਆਪ ਵੀ ਇਸ ਇਲਾਕੇ ਵੱਲ ਕੂਚ ਕਰ ਦਿਤਾ; ਯਾਨਿ ਤਿੰਨ ਪਾਸਿਉਂ ਤੋਂ ਸਿੱਖਾਂ 'ਤੇ ਹਮਲਾ ਕਰ ਦਿਤਾ। ਇਸ ਲੜਾਈ ਵਿਚ ਬਹੁਤ ਸਾਰੇ ਸਰਹੰਦੀ ਫ਼ੌਜੀ ਅਤੇ ਸੱਤਰ ਸਿੱਖ ਮਾਰੇ ਗਏ। ਹਨੇਰਾ ਪੈਣ ਮਗਰੋਂ ਸਿੱਖ ਫ਼ੌਜਾਂ ਪਹਾੜਾਂ ਵੱਲ ਚਲੀਆਂ ਗਈਆਂ। ਸਿੱਖਾਂ ਦੇ ਜਾਣ ਮਗਰੋਂ ਸਰਹੰਦੀ ਫ਼ੌਜਾਂ ਨੇ ਅਰਦੂਨ, ਮਹਿਲੂਕ, ਮਲਕੀਆਤ ਆਦਿ 12 ਪਿੰਡਾ ਨੂੰ ਜਿਨ੍ਹਾਂ ਵਿਚ ਸਿੱਖ ਠਹਿਰੇ ਹੋਏ ਸਨ, ਨੂੰ ਸਾੜ ਦਿਤਾ।[211]

ਇਹ ਹਮਲੇ ਭਾਈ ਬਾਜ਼ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਕੀਤੇ ਗਏ। ਇਸ ਤੋਂ ਮਗਰੋਂ ਭਾਈ ਬਾਜ ਸਿੰਘ ਅਤੇ ਉਸ ਦੇ ਸਾਥੀਆਂ ਬਾਰੇ ਮੁਗ਼ਲ ਦਰਬਾਰ ਦੇ ਰਿਕਾਰਿਡਾਂ ਵਿਚ ਕੋਈ ਹਵਾਲਾ ਨਹੀਂ ਮਿਲਦਾ ਉਂਝ ਬਾਜ ਸਿੰਘ ਨੂੰ 9 ਜੂਨ 1916 ਦੇ ਦਿਨ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਲ ਹੀ ਸ਼ਹੀਦ ਕੀਤਾ ਗਿਆ ਸੀ।

ਬੰਦਾ ਸਿੰਘ ਬਹਾਦੁਰ ਦੀ ਉਤਰਾਖੰਡ ਤੇ ਕੁਮਾਉਂ ਵਿਚ ਹੋਣ ਦੀ ਚਰਚਾ

ਅਗਸਤ 1714 ਦੇ ਸ਼ੁਰੂ ਵਿਚ ਭਾਈ ਬੰਦਾ ਸਿੰਘ ਬਹਾਦੁਰ ਗੜ੍ਹਵਾਲ ਰਿਆਸਤ ਦੇ ਪਹਾੜਾਂ (ਡੇਹਰਾਦੂਨ ਵ.ਗੈਰਾ) ਵਿਚੋਂ ਹੁੰਦਾ ਹੋਇਆ, ਗੜ੍ਹਵਾਲ ਦੇ **ਰਾਜਾ ਫ਼ਤਹਿ ਸ਼ਾਹ ਦੀ ਮਦਦ ਨਾਲ,** ਬਰੇਲੀ ਅਤੇ ਮੁਰਾਦਾਬਾਦ ਵੱਲ ਚੱਲ ਪਿਆ।[212] ਉਸ ਨੂੰ **ਵਣਜਾਰਿਆਂ ਨੇ ਬੁਲਾਵਾ ਭੇਜਿਆ ਸੀ।** ਇਥੋਂ ਇਹ ਸਪੱਸਟ ਹੁੰਦਾ ਹੈ ਕਿ ਭਾਈ ਲੱਖੀ ਰਾਇ ਵਣਜਾਰੇ ਦੇ ਸਾਥੀ ਗੜਵਾਲ, ਕੁਮਾਊਂ ਜ਼ੋਨ, ਬਰੇਲੀ ਅਤੇ ਮੁਰਾਦਾਬਾਦ ਖੇਤਰਾਂ ਵਿਚ ਵੀ ਮੌਜੂਦ ਸਨ।

ਬੰਦਾ ਸਿੰਘ ਬਹਾਦੁਰ ਮੁੜ ਪੰਜਾਬ ਆ ਗਿਆ

ਅਗਸਤ 1714 ਵਿਚ ਭਾਈ ਬੰਦਾ ਸਿੰਘ ਬਹਾਦੁਰ ਹਿੰਦੋਸਤਾਨ ਤੋਂ ਵਾਪਿਸ ਪੰਜਾਬ ਆ ਪੁੱਜਾ। ਇਰਵਿਨ ਲਿਖਦਾ ਹੈ ਕਿ 16 ਅਗਸਤ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਵਿਚ ਸੱਤ ਹਜ਼ਾਰ ਦੀ ਗਿਣਤੀ ਵਿਚ ਸਿੱਖ ਫ਼ੌਜ ਨੇ ਰੋਪੜ 'ਤੇ ਹਮਲਾ ਕੀਤਾ (ਇਰਵਿਨ ਇਹ ਮਿਤੀ 26 ਅਗਸਤ 1714 ਦੇ ਤੌਰ ਤੇ ਗਿਣਦਾ ਹੈ, ਜੋ 16 ਅਗਸਤ ਹੋਣੀ ਚਾਹੀਦੀ ਸੀ) ਪਰ ਸਰਹੰਦ ਦੇ ਫ਼ੌਜਦਾਰ ਜ਼ੈਨ-ਉਦ-ਦੀਨ ਅਹਿਮਦ ਖ਼ਾਨ ਦੇ ਡਿਪਟੀ ਖਵਾਜਾ ਮੁਕੱਰਮ ਦੀ ਫ਼ੌਜ ਨੇ ਸਿੱਖਾਂ ਦਾ ਜ਼ਬਰਦਸਤ ਮੁਕਾਬਲਾ ਕੀਤਾ। ਫਿਰ 26 ਅਗਸਤ 1714 ਨੂੰ ਜ਼ੈਨ ਅਹਿਮਦ ਖ਼ਾਨ ਨੇ ਸਿੱਖ ਫ਼ੌਜਾਂ 'ਤੇ ਹਮਲਾ ਕਰ ਦਿਤਾ। ਇਸ ਕਰਕੇ ਸਿੱਖਾਂ ਨੂੰ ਫਿਰ ਪਹਾੜਾਂ ਵੱਲ ਨਿਕਲਣਾ ਪਿਆ। ਇਸ ਲੜਾਈ ਵਿਚ ਮਾਰੇ ਗਏ 200 ਸਿੱਖਾਂ ਦੇ ਸਿਰ ਕੱਟ ਕੇ ਬਾਦਸ਼ਾਹ ਨੂੰ ਭੇਜੇ ਗਏ।[213] ਇਨ੍ਹਾਂ ਦਿਨਾਂ ਵਿਚ ਬਾਦਸ਼ਾਹ ਨੂੰ ਇਹ ਵੀ ਖ਼ਬਰ ਦਿਤੀ ਗਈ ਕਿ ਐਮਨਾਬਾਦ ਦੇ ਫ਼ੌਜਦਾਰ ਇਰਾਦਤਮੰਦ

---

210 {ਅਖਬਾਰਾਤਿ-ਦਰਬਾਰਿ-ਮੁਅੱਲਾ, 9 ਅਤੇ 10.7.1714 ਦੀਆਂ ਰਿਪੋਰਟਾਂ ਮੁਤਾਬਿਕ}
(*ਸ਼ਾਹੀ ਫ਼ੌਜ ਦਾ ਇਕ ਡੇਰਾ ਜਿੰਦਬੜੀ ਅਤੇ ਇਕ ਰੋਪੜ ਵਿਚ ਸੀ)।

211 (ਅਖ਼ਬਾਰਾਤਿ-ਦਰਬਾਰਿ-ਮੁਅੱਲਾ 18 ਤੇ 19 ਜੁਲਾਈ 1714 ਦੀਆ ਰਿਪੋਰਟਾਂ)

212 ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 10 ਅਗਸਤ 1714 ਦੀ ਰਿਪੋਰਟ ਮੁਤਾਬਿਕ

213 (ਇਰਵਿਨ ਲੇਟਰ ਮੁਗ਼ਲਜ਼, ਜਿਲਦ ਪਹਿਲੀ, ਸਫ਼ਾ 311)

ਖ਼ਾਨ ਨੇ ਸਿੱਖਾਂ ਨਾਲ ਸਮਝੌਤਾ ਕਰ ਲਿਆ ਹੈ। ਸਿੱਖ ਕਾਬਲ, ਕਸ਼ਮੀਰ, ਲਾਹੌਰ ਅਤੇ ਗੁਜਰਾਤ ਦੇ ਇਲਾਕਿਆਂ ਵਿਚ ਵੀ ਹਮਲੇ ਕਰਦੇ ਹਨ ਅਤੇ ਮਿਲੇ ਮਾਲ ਅਤੇ ਖ਼ਜ਼ਾਨੇ ਵਿਚੋਂ ਉਹ ਇਰਾਦਤਮੰਦ ਖ਼ਾਨ ਨੂੰ ਅੱਧਾ ਹਿੱਸਾ ਦੇ ਦਿੰਦੇ ਹਨ। ਖ਼ਬਰ ਵਿਚ ਇਹ ਵੀ ਕਿਹਾ ਗਿਆ ਕਿ ਫ਼ੌਜਦਾਰ ਮਾਲੀਆ, ਚੁੰਗੀ ਅਤੇ ਹੋਰ ਸਰਕਾਰੀ ਖ਼ਜ਼ਾਨੇ ਵਿਚ ਵੀ ਹੇਰਾ ਫੇਰੀ ਕਰ ਰਿਹਾ ਹੈ। ਉਹ ਨਕਲੀ ਰਿਕਾਰਿਡ ਵੀ ਬਣਾ ਰਿਹਾ ਹੈ। ਇਸ 'ਤੇ ਬਾਦਸ਼ਾਹ ਨੇ ਐਮਨਾਬਾਦ ਦਾ ਨਵਾਂ ਫ਼ੌਜਦਾਰ ਲਾਉਣ ਸਬੰਧੀ ਨਾਂ ਸੁਝਾਉਣ ਲਈ ਲਾਹੌਰ ਦੇ ਸੂਬੇਦਾਰ ਨੂੰ ਲਿਖਿਆ।[214] ਇਹੀ ਖ਼ਬਰ ਬਾਦਸ਼ਾਹ ਨੂੰ 8 ਮਾਰਚ 1714 ਨੂੰ ਦਿੱਤੀ ਗਈ ਸੀ। ਇਸ ਦਾ ਅਰਥ ਇਹ ਹੈ ਕਿ ਸਿੱਖਾਂ ਅਤੇ ਇਰਾਦਤਮੰਦ ਦੀ ਨੇੜਤਾ ਪੂਰਾ ਸਾਲ ਚਲਦੀ ਰਹੀ ਸੀ।

5 ਫ਼ਰਵਰੀ 1715 ਦੇ ਦਿਨ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਸਿੱਖ ਫ਼ੌਜਾਂ ਸਰਹੰਦ ਤੋਂ ਤਿੰਨ ਕੋਹ (ਤਕਰੀਬਨ 10 ਕਿਲੋਮੀਟਰ) ਦੂਰ ਲਖਾਤ ਪਿੰਡ ਵਿਚ ਬੈਠੀਆਂ ਹਨ। ਖ਼ਬਰ ਮਿਲਣ 'ਤੇ ਫ਼ੌਜਦਾਰ ਖ਼ਿਦਮਤ ਤਲਬ ਖ਼ਾਨ (1714 ਦੇ ਆਖ਼ਰੀ ਮਹੀਨਿਆਂ ਵਿਚ ਕਈ ਵਾਰੀ ਜ਼ੈਨ-ਉਦ-ਦੀਨ ਅਹਿਮਦ ਖਾਨ ਸਰਹਿੰਦ ਦੇ ਫ਼ੌਜਦਾਰ ਨੂੰ ਖਿਦਮਤ ਤਾਲਾਬ ਖਾਨ ਨਾਲ ਬਦਲ ਦਿੱਤਾ ਗਿਆ ਸੀ।) ਨੇ ਆਪਣੇ ਬਖ਼ਸ਼ੀ ਨੂੰ ਪੰਜ ਹਜ਼ਾਰ ਪਿਆਦਾ ਤੋਪਚੀ ਅਤੇ ਤੀਰੰਦਾਜ਼ ਦੇ ਕੇ ਉਨ੍ਹਾਂ ਦੇ ਪਿੱਛੇ ਤੋਰਿਆ। ਉਸ ਨੇ ਪਹਾਵਾਂ ਦੇ ਜ਼ਿਮੀਂਦਾਰਾਂ (ਪਹਾੜੀ ਰਾਜਿਆਂ) ਨੂੰ ਵੀ ਪੈਗ਼ਾਮ ਭੇਜੇ ਕਿ ਉਹ ਬਾਗ਼ੀਆਂ ਨੂੰ ਆਪਣੀਆਂ ਸਰਹੱਦਾਂ ਵਿਚ ਦਾਖ਼ਿਲ ਨਾ ਹੋਣ ਦੇਣ।[215] 23-24 ਫ਼ਰਵਰੀ 1715 ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਸਿੱਖ ਫ਼ੌਜਾਂ ਸਰਹੰਦ ਤੋਂ ਸੁਕੇਤ ਅਤੇ ਮੰਡੀ ਦੇ ਪਹਾੜਾਂ ਵੱਲ ਨਿਕਲ ਗਈਆ ਹਨ। ਇਨ੍ਹਾਂ ਵਿਚ ਸਤ ਹਜ਼ਾਰ ਘੋੜਸਵਾਰ ਅਤੇ ਅੱਠ ਹਜ਼ਾਰ ਪੈਦਲ ਸਨ। ਇਨ੍ਹਾਂ ਨੂੰ ਕਹਿਲੂਰ (ਬਿਲਾਸਪੁਰ) ਦੇ ਰਾਜੇ ਦੀ ਹਿਮਾਇਤ ਹਾਸਿਲ ਹੈ। ਇਸ ਦੌਰਾਨ ਇਕ ਵਾਰ ਜਦੋਂ ਇਹ ਦੂਨ ਦੇ ਇਲਾਕੇ ਵਿਚ ਸਨ ਤਾਂ ਇਨ੍ਹਾਂ ਦੀ ਟੱਕਰ ਫ਼ਤਹਿ-ਉੱਲਾ-ਖ਼ਾਨ ਦੇ ਆਮਿਲ ਰਮਜ਼ਾਨੀ ਬੇਗ਼ ਦੀ ਫ਼ੌਜ ਨਾਲ ਹੋ ਗਈ। ਇਸ ਲੜਾਈ ਵਿਚ ਰਮਜ਼ਾਨੀ ਬੇਗ਼ ਦੀ ਫ਼ੌਜ ਦਾ ਬਹੁੱਤ ਨੁਕਸਾਨ ਹੋਇਆ।[216]

ਫ਼ਰਵਰੀ 1715 ਨੂੰ ਅਖ਼ੀਰ ਵਿਚ ਭਾਈ ਬੰਦਾ ਸਿੰਘ ਬਹਾਦੁਰ ਫੇਰ ਪਹਾੜਾਂ ਤੋਂ ਉਤਰ ਆਇਆ ਅਤੇ ਉਸ ਨੇ ਸ਼ਾਹੀ ਖ਼ਜ਼ਾਨੇ ਵਿਚੋਂ ਅਸਲੇ ਤੋਂ ਇਲਾਵਾ ਖਾਣ-ਪੀਣ ਦਾ ਸਾਮਾਨ ਵੀ ਖੋਹ ਲਿਆ। ਜਦ ਬਾਦਸ਼ਾਹ ਨੂੰ ਖ਼ਬਰ ਮਿਲੀ ਤਾਂ ਉਸ ਨੇ ਗੁਰਜ-ਬਰਦਾਰ ਭੇਜ ਕੇ ਲਾਹੌਰ ਦੇ ਸੂਬੇਦਾਰ ਅਬਦੁਸ ਸਮਦ ਖ਼ਾਨ ਨੂੰ ਐਕਸ਼ਨ ਲੈਣ ਵਾਸਤੇ ਹਦਾਇਤਾਂ ਭੇਜੀਆ।[217] ਮਾਰਚ 1715 ਨੂੰ ਭਾਈ ਬੰਦਾ ਸਿੰਘ ਬਹਾਦੁਰ ਨੇ ਕਲਾਨੌਰ 'ਤੇ ਹਮਲਾ ਕਰਕੇ ਇੱਥੋਂ ਦੇ ਫ਼ੌਜਦਾਰ ਸਹਿਰਾਬ ਖ਼ਾਨ ਨੂੰ ਬੁਰੀ ਤਰ੍ਹਾਂ ਹਾਰ ਦਿੱਤੀ ਅਤੇ ਸ਼ਹਿਰ 'ਤੇ ਕਬਜ਼ਾ ਕਰ ਲਿਆ। ਇਸ ਮਗਰੋਂ ਉਸ ਨੇ ਬਟਾਲਾ ਅਤੇ ਰਾਏਪੁਰ 'ਤੇ ਹਮਲੇ ਕੀਤੇ। **ਇਸ ਮੌਕੇ 'ਤੇ ਲਾਹੌਰ ਦੇ ਫ਼ੌਜਦਾਰ ਜਾਂ ਥਾਨੇਦਾਰਾਂ ਵਿਚੋਂ ਕਿਸੇ ਨੇ ਵੀ ਉਸ ਨਾਲ ਟੱਕਰ ਨਾ ਲਈ।** ਅਬਦੁਸ ਸਮਦ ਖ਼ਾਨ ਉਸ ਵੇਲੇ ਭੱਟੀਆਂ ਅਤੇ ਡੋਗਰਿਆਂ ਦੀ ਬਗ਼ਾਵਤ ਨੂੰ ਦਬਾਉਣ ਵਾਸਤੇ ਗਿਆ ਹੋਇਆ ਸੀ।[218] ਖ਼ਾਫ਼ੀ ਖ਼ਾਨ ਮੁਤਾਬਿਕ ਕਸੂਰ ਦੇ ਹੁਸੈਨ ਖ਼ਾਨ ਖ਼ੇਸ਼ਗੀ ਨੇ ਲਾਹੌਰ ਦਰਬਾਰ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ ਸੀ। ਇਸ ਲੜਾਈ ਵਿਚ ਹੁਸੈਨ ਖ਼ਾਨ ਖ਼ੇਸ਼ਗੀ ਦੀ ਮੌਤ ਹੋ ਗਈ। ਇਸ ਕਾਮਯਾਬੀ 'ਤੇ ਖ਼ੁਸ਼ ਹੋ ਕੇ ਫ਼ਰੱਖ਼ਸੀਅਰ ਨੇ ਅਬਦੁਸ ਸਮਦ ਖ਼ਾਨ ਨੂੰ ਸੈਫ਼-ਉਦ-ਦੌਲਾ (ਸਰਕਾਰ ਦੀ ਤਲਵਾਰ) ਦਾ ਖ਼ਿਤਾਬ ਦਿਤਾ।[219]

[214] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 23/24 ਫ਼ਰਵਰੀ 1715 ਦੀਆਂ ਰਿਪੋਰਟਾਂ)
[215] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 5 ਫ਼ਰਵਰੀ 1715 ਦੀ ਰਿਪੋਰਟ)
[216] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 23/24 ਫ਼ਰਵਰੀ 1715 ਦੀ ਰਿਪੋਰਟ)
[217] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 2 ਮਾਰਚ 1715 ਦੀ ਰਿਪੋਰਟ)
[218] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 14 ਮਾਰਚ 1715 ਦੀ ਰਿਪੋਰਟ)
[219] (ਖ਼ਾਫ਼ੀ ਖ਼ਾਨ, ਜਿਲਦ 2, ਸਫ਼ਾ 861)।

ਅਧਿਆਇ-14

ਗੁਰਦਾਸ ਨੰਗਲ ਦੀ ਲੜਾਈ ਅਤੇ ਬੰਦਾ ਸਿੰਘ ਬਹਾਦੁਰ ਦੀ ਗ੍ਰਿਫ਼ਤਾਰੀ

ਜਦੋਂ ਬਾਦਸ਼ਾਹ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਕਲਾਨੌਰ, ਬਟਾਲਾ ਅਤੇ ਰਾਇਪੁਰ ਜਾਣ ਦਾ ਪਤਾ ਲਗਾ ਤਾਂ ਬਾਦਸ਼ਾਹ ਨੇ ਅਬਦੁਸ ਸਮਦ ਖ਼ਾਨ ਨੂੰ ਝਿੜਕਾਂ ਮਾਰੀਆਂ ਅਤੇ ਗੁੱਸੇ-ਭਰੀ ਚਿੱਠੀ ਲਿਖੀ ਅਤੇ 14 ਮਾਰਚ ਨੂੰ ਕਮਰ-ਉਦ-ਦੀਨ ਖ਼ਾਨ* (ਪੁੱਤਰ ਮੁਹੰਮਦ ਅਮੀਨ ਖ਼ਾਨ) ਨੂੰ ਵੀ ਇਕ ਵੱਡੀ ਫ਼ੌਜ ਦੇ ਕੇ ਗੁਰਦਾਸ ਨੰਗਲ ਵੱਲ ਰਵਾਨਾ ਕਰ ਦਿਤਾ। {*ਮਗਰੋਂ 1748 ਵਿਚ ਇਸੇ ਕਮਰ-ਉਦ-ਦੀਨ ਦਾ ਪੁੱਤਰ ਮੀਰ ਮੰਨੂ ਲਾਹੌਰ ਦਾ ਸੂਬੇਦਾਰ ਬਣਿਆ ਸੀ ਅਤੇ ਉਸ ਨੇ ਸਿੱਖਾਂ 'ਤੇ ਬੇਪਨਾਹ ਜ਼ੁਲਮ ਢਾਹੇ ਸਨ}। ਕਮਰ-ਉਦ-ਦੀਨ 15 ਮਾਰਚ 1715 ਨੂੰ ਪੰਜਾਬ ਵੱਲ ਚਲਿਆ ਸੀ। ਇਸ ਦੇ ਨਾਲ ਹੀ ਬਾਦਸ਼ਾਹ ਨੇ ਅਫ਼ਰਾਸਿਆਬ ਖ਼ਾਨ ਬਹਾਦਰ, ਰਾਜਾ ਉਦੀਤ ਸਿੰਹ, ਰਾਜਾ ਗੋਪਾਲ ਸਿੰਹ ਭਦੌੜੀਆ, ਪ੍ਰਿਥੀ ਚੰਦ ਦੇ ਨਾਲ ਤਿੰਨ ਸੌ ਹੋਰ ਮਨਸਬਦਾਰਾਂ ਨੂੰ ਵੀ ਪੈਗ਼ਾਮ ਭੇਜ ਕੇ ਆਪੋ-ਆਪਣੀ ਫ਼ੌਜ ਲੈ ਕੇ ਭਾਈ ਬੰਦਾ ਸਿੰਘ ਬਹਾਦੁਰ ਦੇ ਪਿੱਛੇ ਜਾਣ ਵਾਸਤੇ ਹੁਕਮ ਜਾਰੀ ਕੀਤੇ। ਇਸ ਤੋਂ ਇਲਾਵਾ ਬਾਦਸ਼ਾਹ ਨੇ ਆਪਣੀ 12450 ਘੋੜ ਸਵਾਰ ਫ਼ੌਜ ਨੂੰ ਵੀ ਇਨ੍ਹਾਂ ਦੇ ਨਾਲ ਜਾਣ ਦਾ ਹੁਕਮ ਜਾਰੀ ਕੀਤਾ।[220]

ਗੁਰਦਾਸ ਨੰਗਲ ਦੀ ਗੜ੍ਹੀ ਨੂੰ ਘੇਰਾ ਪੈਣਾ

19 ਮਾਰਚ 1715 ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਲਾਹੌਰ ਤੋਂ ਚਾਲੀ ਕੋਹ (ਸਵਾ ਸੌ) ਕਿਲੋਮੀਟਰ ਦੂਰ ਪੜਾਅ ਕਰ ਰਹੀ ਹੈ। ਉਥੋਂ ਦੇ ਫ਼ੌਜਦਾਰ ਅਤੇ ਅਮੀਰ-ਵਜ਼ੀਰ ਘਰ ਛੱਡ ਕੇ ਦੌੜ ਗਏ ਹਨ। ਸਿੱਖਾਂ ਨੇ ਸਾਰੇ ਪਾਸੇ ਆਪਣੇ ਠਾਣੇ ਬਿਠਾ ਦਿਤੇ ਹਨ ਇਸ ਦੀ ਖ਼ਬਰ ਛੇਤੀ ਹੀ ਅਬਦੁਲ ਸੱਮਦ ਖ਼ਾਨ ਨੂੰ ਪੁੱਜ ਗਈ। ਉਸ ਨੇ ਗੜ੍ਹੀ ਨੂੰ ਘੇਰਾ ਪਾਉਣ ਵਾਸਤੇ ਇਕ ਵੱਡੀ ਫ਼ੌਜ ਇਕੱਠੀ ਕਰ ਲਈ ਅਤੇ ਬਿਨਾਂ ਕਿਸੇ ਦੇਰੀ ਤੋਂ ਉਸ ਪਾਸੇ ਵੱਲ ਕੂਚ ਕਰ ਦਿੱਤਾ। ਇਸ ਵੇਲੇ ਭਾਈ ਬੰਦਾ ਸਿੰਘ ਬਹਾਦੁਰ ਕੋਟ ਮਿਰਜ਼ਾਜਾਨ ਵਿਚ ਸੀ। ਜੱਦ ਉਸ ਨੂੰ ਇਸ ਫ਼ੌਜ ਦੇ ਆਉਣ ਦੀ ਪਲਾਨ ਦਾ ਪਤਾ ਲਗਾ। ਉਸਨੇ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਮੁਕਾਬਲਾ ਕਰਨ ਲਈ ਮੋਰਚਾ ਬੰਦੀ ਕੀਤੀ, ਅਬਦੁਸ ਸਮਦ ਖ਼ਾਨ ਨੇ ਗੁਰਦਾਸ ਨੰਗਲ ਨੂੰ ਘੇਰਾ ਪਾ ਲਿਆ। ਇਹ ਗੱਲ ਮਾਰਚ 1715 ਦੇ ਆਖਰੀ ਹਫ਼ਤੇ ਦੀ ਹੈ। ਬਾਦਸ਼ਾਹ ਨੇ 30 ਮਾਰਚ 1715 ਦੇ ਦਿਨ ਗੁਰਜ-ਬਰਦਾਰ ਭੇਜ ਕੇ ਸਰਹੰਦ ਦੇ ਅਜ਼ ਖ਼ਾਨ ਨੂੰ ਅਬੁਦਸ ਸਮਦ ਖ਼ਾਨ ਦੀ ਮਦਦ ਵਾਸਤੇ ਕੂਚ ਕਰਨ ਦਾ ਹੁਕਮ ਭੇਜਿਆ। ਇਸ ਮੌਕੇ 'ਤੇ ਬਾਦਸ਼ਾਹ ਨੂੰ ਖ਼ਬਰ ਮਿਲੀ ਕਿ ਦੌਲਤ ਖ਼ਾਨ ਮੁਈਨ ਪੰਜ ਸੌ ਘੋੜਸਵਾਰ ਫ਼ੌਜ ਲੈ ਕੇ ਪਹਿਲਾਂ ਹੀ 20 ਮਾਰਚ ਨੂੰ ਸੁਲਤਾਨਪੁਰ ਤੋਂ ਗੋਇੰਦਵਾਲ ਪੁੱਜਾ ਹੋਇਆ ਸੀ ਅਤੇ ਉਸ ਨੇ ਬਿਆਸ ਨਦੀ ਦੇ ਪਾਰਲੇ ਕੰਢੇ ਦਾ ਮੋਰਚਾ ਸੰਭਾਲ ਲਿਆ ਸੀ। ਬਾਦਸ਼ਾਹ ਨੇ ਉਸ ਨੂੰ ਉੱਥੇ ਹੀ ਰੁਕਣ ਲਈ ਕਿਹਾ ਅਤੇ ਸਿੱਖਾਂ ਨੂੰ ਮਾਰ ਮੁਕਾਉਣ ਦੇ ਹੁਕਮ ਜਾਰੀ ਕੀਤੇ।[221]10 ਅਪ੍ਰੈਲ 1715 ਨੂੰ ਬਾਦਸ਼ਾਹ ਨੂੰ ਇਕ ਝੂਠੀ ਇਤਲਾਹ ਜੰਮੂ ਤੋਂ ਆਈ

[220](ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 15 ਮਾਰਚ 1715 ਦੀ ਰਿਪੋਰਟ)

[221](ਅਖਬਾਰਾਤਿ-ਦਰਬਾਰਿ-ਮੁਅੱਲਾ, 30.3.1715 ਦੀ ਰਿਪੋਰਟ ਮੁਤਾਬਿਕ)

ਜਿਸ ਵਿਚ ਕਿਹਾ ਗਿਆ ਸੀ ਕਿ ਭਾਈ ਬੰਦਾ ਸਿੰਘ ਬਹਾਦੁਰ, ਉਸ ਦੀ ਪਤਨੀ ਅਤੇ ਬੇਟਾ ਕੈਦ ਕਰ ਲਏ ਗਏ ਹਨ, ਪਰ ਮਗਰੋਂ ਦੁਪਹਿਰ ਨੂੰ ਹੀ ਪਤਾ ਲਗਾ ਕਿ ਇਹ ਸਿਰਫ਼ ਇਕ ਅਫ਼ਵਾਹ ਸੀ। ਦਰਅਸਲ ਇਨ੍ਹਾਂ ਦਿਨਾਂ ਵਿਚ ਭਾਈ ਬੰਦਾ ਸਿੰਘ ਬਹਾਦੁਰ ਪਤਨੀ ਅਤੇ ਨਿੱਕੇ ਬੱਚੇ ਸਣੇ, ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਿਆ ਸੀ। ਪੰਜਾਹ ਹਜ਼ਾਰ ਤੋਂ ਵੱਧ ਫ਼ੌਜ ਨੇ ਇਸ ਗੜ੍ਹੀ ਨੂੰ ਘੇਰਾ ਪਾਇਆ ਹੋਇਆ ਸੀ।[222]

[223] ਜਦੋਂ ਅਬਦੁਸ ਸਮਦ ਖ਼ਾਨ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੇ ਗੁਰਦਾਸਪੁਰ ਵਿਚ ਘਿਰ ਜਾਣ ਦਾ ਪਤਾ ਲਗਾ ਤਾਂ ਉਹ ਮਾਰੋ-ਮਾਰ ਕਰਦਾ 12 ਹਜ਼ਾਰ ਘੋੜਸਵਾਰ ਫ਼ੌਜ, 12 ਹਜ਼ਾਰ ਪੈਦਲ ਅਤੇ ਭਾਰੀ ਤੋਪ ਖ਼ਾਨਾ ਲੈ ਕੇ ਤਿੰਨ ਦਿਨ ਵਿਚ 40 ਕੋਹ (ਤਕਰੀਬਨ 125 ਕਿਲੋਮੀਟਰ) ਪੈਂਡਾ ਕਰ ਕੇ ਲਾਹੌਰ ਤੋਂ ਗੁਰਦਾਸਪੁਰ ਪੁੱਜ ਗਿਆ। ਰਸਤੇ ਵਿਚ ਉਸ ਨੇ ਬਟਾਲਾ ਅਤੇ ਕਲਾਨੌਰ 'ਤੇ ਵੀ ਹਮਲਾ ਕੀਤਾ। ਸਿੱਖਾਂ ਨੇ ਵੀ ਤੀਰਾਂ ਅਤੇ ਬੰਦੂਕਾਂ ਨਾਲ ਜੰਗ ਕੀਤੀ। (ਅਖਬਾਰਾਤਿ-ਦਰਬਾਰਿ-ਮੁਅੱਲਾ ਦੀ 14.4.1715 ਦੀ ਰਿਪੋਰਟ ਮੁਤਾਬਿਕ) ਅਖ਼ੀਰ ਉਸ ਨੇ ਇਸ ਸਾਰੇ ਇਲਾਕੇ ਵਿਚੋਂ ਜਾਂ ਤਾਂ ਸਿੱਖ ਫ਼ੌਜਾਂ ਨੂੰ ਖ਼ਤਮ ਕਰ ਦਿੱਤਾ ਜਾਂ ਦੋੜਾ ਦਿੱਤਾ। ਇਰਵਿਨ ਮੁਤਾਬਿਕ ਮੁਗ਼ਲਾਂ ਦੀ ਵੱਡੀ ਫ਼ੌਜ ਦੀ ਕਮਾਂਡ ਅਬਦੁਸ ਸਮਦ ਖ਼ਾਨ ਖ਼ੁਦ ਕਰ ਰਿਹਾ ਸੀ। ਸੈਫ਼-ਉਦ-ਦੀਨ ਅਹਿਮਦ ਖ਼ਾਨ (ਫ਼ੌਜਦਾਰ ਗੁਜਰਾਤ), ਇਰਾਦਤ ਮੰਦ ਖ਼ਾਨ (ਫ਼ੌਜਦਾਰ ਏਮਨਾਬਾਦ), ਨੂਰ ਮੁਹੰਮਦ ਖ਼ਾਨ (ਫ਼ੌਜਦਾਰ ਔਰੰਗਾਬਾਦ ਅਤੇ ਪਸਰੂਰ), ਸ਼ੇਖ ਮੁਹੰਮਦ ਦਾਯਮ (ਫ਼ੌਜਦਾਰ ਬਟਾਲਾ), ਸੁਹਰਾਬ ਖ਼ਾਨ (ਫ਼ੌਜਦਾਰ ਕਲਾਨੌਰ), ਹਮੀਰ ਚੰਦ ਕਟੋਚ (ਰਾਜਾ ਕਾਂਗੜਾ), ਧਰੂੱਵ ਦੇਵ ਜਸਰੋਟੀਏ ਦਾ ਪੁੱਤਰ ਹਰਿ ਦੇਵ ਵੀ ਫ਼ੌਜਾਂ ਲੈ ਕੇ ਆਰਿਫ਼ ਬੇਗ਼ ਖ਼ਾਨ (ਨਾਇਬ ਸੂਬੇਦਾਰ ਲਾਹੌਰ) ਦੀ ਅਗਵਾਈ ਵਿਚ ਗੁਰਦਾਸ ਨੰਗਲ ਪਹੁੰਚ ਗਏ ਸਨ) ਇਨ੍ਹਾਂ ਸਾਰਿਆਂ ਨੇ ਪਿੰਡ ਗੁਰਦਾਸ ਨੰਗਲ ਤੋਂ ਥੋੜ੍ਹੀ ਦੂਰੀ 'ਤੇ ਮੋਰਚੇ ਪੁੱਟ ਲਏ।[224] ਗੜ੍ਹੀ ਦੇ ਉੱਤਰ ਵੱਲ ਜ਼ਕਰੀਆ ਖ਼ਾਨ ਫ਼ੌਜਦਾਰ ਜੰਮੂ ਅਤੇ ਜ਼ੈਨ-ਉਦ-ਦੀਨ ਅਹਿਮਦ ਖ਼ਾਨ (ਫ਼ੌਜਦਾਰ ਸਰਹੰਦ), ਦੱਖਣ ਵੱਲ ਅਬਦੁਸ ਸਮਦ ਖ਼ਾਨ ਫ਼ੌਜਦਾਰ ਲਾਹੌਰ ਅਤੇ ਪੱਛਮ ਵੱਲ ਪੱਟੀ, ਐਮਨਾਬਾਦ, ਬਟਾਲਾ, ਕਲਾਨੌਰ, ਔਰੰਗਾਬਾਦ, ਗੁਜਰਾਤ ਦੇ ਫ਼ੌਜਦਾਰਾਂ ਅਤੇ ਕਾਂਗੜਾ ਅਤੇ ਜਸਰੋਟਾ ਦੇ ਹਿੰਦੂ ਰਾਜਿਆਂ ਦੀਆਂ ਫ਼ੌਜਾਂ ਨੇ ਮੋਰਚੇ ਸੰਭਾਲੇ ਹੋਏ ਸਨ। ਯਾਨਿ ਭਾਈ ਬੰਦਾ ਸਿੰਘ ਬਹਾਦੁਰ ਸਾਰੇ ਪਾਸਿਆਂ ਤੋਂ ਵੱਡੀਆਂ ਫ਼ੌਜਾਂ ਨਾਲ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ।[225]

ਇਸ ਵੇਲੇ ਭਾਈ ਬੰਦਾ ਸਿੰਘ ਬਹਾਦੁਰ ਨਾਲ ਬਹੁਤ ਵੱਡੀ ਫ਼ੌਜ ਨਹੀਂ ਸੀ। ਪਰ ਇਨ੍ਹਾਂ ਸਿੱਖਾਂ ਵਾਸਤੇ ਵੀ ਗੜ੍ਹੀ ਅੰਦਰ ਕਾਫ਼ੀ ਖੁਰਾਕ ਨਹੀਂ ਸੀ। ਅਪ੍ਰੈਲ ਦੇ ਦੂਜੇ ਹਫ਼ਤੇ ਮੁਗਲ ਫ਼ੌਜਾਂ ਦੀਆਂ ਕੁੱਝ ਟੁਕੜੀਆਂ ਨੇ ਅੱਗੇ ਵੱਧ ਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਲੜਾਈ ਵਿਚ ਦੋਹਾਂ ਧਿਰਾਂ ਦਾ ਬੜਾ ਨੁਕਸਾਨ ਹੋਇਆ। ਇਕ ਦਿਨ ਸਿੱਖ ਫ਼ੌਜਾਂ ਨੇ ਗੜ੍ਹੀ 'ਚੋਂ ਨਿਕਲ ਕੇ ਕੋਟਲੀ ਪਿੰਡ ਵਿਚੋਂ ਲੱਕੜ ਲਿਆਉਣ ਦੀ ਕੋਸ਼ਿਸ਼ ਕੀਤੀ। ਧਰੂੱਵ ਦੇਵ ਜਸਰੋਟੀਏ ਦੀ ਫ਼ੌਜ ਨੇ ਉਨ੍ਹਾਂ 'ਤੇ ਹਮਲਾ ਕਰ ਦਿਤਾ। ਕਈ ਸਿੱਖ ਮਾਰੇ ਗਏ ਅਤੇ ਬਚੇ ਹੋਏ ਗੜ੍ਹੀ ਵਿਚ ਵਾਪਿਸ ਦੌੜ ਗਏ। ਹੁਣ ਇਹ ਰਸਤਾ ਵੀ ਬੰਦ ਹੋ ਗਿਆ। ਹੁਣ ਹਰ ਦਿਸ਼ਾ ਵਿਚ ਕਿਲ੍ਹੇ ਵਿਚੋਂ ਬਾਹਰ ਆਉਣ ਵਾਲੇ ਸਿੱਖਾਂ 'ਤੇ ਤੀਰਾਂ ਅਤੇ ਬੰਦੂਕਾਂ ਨਾਲ ਹਮਲਾ ਹੁੰਦਾ ਸੀ ਅਤੇ ਜੇ ਉਹ ਇਨ੍ਹਾਂ ਦੇ ਵਾਰ ਤੋਂ ਬਚ ਜਾਂਦੇ ਸਨ ਤਾਂ

---

[222] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 10 ਅਪ੍ਰੈਲ 1715 ਦੀ ਰਿਪੋਰਟ)

[223] (ਅਖ਼ਬਾਰਾਤਿ-ਦਰਬਾਰਿ-ਮੁਅੱਲਾ 14 ਅਪ੍ਰੈਲ 1715 ਦੀ ਰਿਪੋਰਟ ਮੁਤਾਬਿਕ)

[224] (ਇਰਵਿਨ, ਲੇਟਰ ਮੁਗਲਜ਼, ਭਾਗ 1, ਪੰਨਾਂ 313)

[225] (ਇਰਵਿਨ, ਲੇਟਰ ਮੁਗ਼ਲਜ਼, ਜਿਲਦ ਪਹਿਲੀ, ਸਫ਼ਾ 313)

ਉਨ੍ਹਾਂ ਦੀ ਅਗੇ ਵੱਧਦੀ ਮੁਗ਼ਲ ਫ਼ੌਜਾਂ ਨਾਲ ਲੜਾਈ ਹੁੰਦੀ ਸੀ ਜਿਸ ਵਿਚ ਬਹੁਤ ਸਾਰੇ ਸਿੱਖ ਸ਼ਹੀਦ ਹੋ ਜਾਂਦੇ ਸਨ। ਵੱਡੀ ਫ਼ੌਜ ਹੋਣ ਦੇ ਬਾਵਜੂਦ ਮੁਗ਼ਲਾਂ ਨੇ ਗੜ੍ਹੀ 'ਤੇ ਹਮਲਾ ਨਾ ਕੀਤਾ। ਉਨ੍ਹਾਂ ਨੂੰ ਪਤਾ ਲਗ ਚੁੱਕਾ ਸੀ ਕਿ ਸਿੱਖਾਂ ਨੇ ਨੇੜਲੇ ਪਿੰਡਾਂ ਤੋਂ ਬਹੁਤ ਸਾਰਾ ਲੋਹਾ ਇਕੱਠਾ ਕਰ ਲਿਆ ਹੈ ਤੇ ਉਨ੍ਹਾਂ ਕੋਲ ਬੰਦੂਕਾਂ ਅਤੇ ਤੋਪਾਂ ਵੀ ਹਨ। ਉਨ੍ਹਾਂ ਨੇ ਤਿੰਨ ਨਵੀਆਂ ਤੋਪਾਂ ਵੀ ਬਣਾ ਲਈਆਂ ਹਨ ਅਤੇ ਬਾਰੂਦ ਵੀ ਉਨ੍ਹਾਂ ਕੋਲ ਬਹੁਤ ਹੈ। ਇਸ ਦੀ ਖ਼ਬਰ ਬਾਦਸ਼ਾਹ ਨੂੰ 23 ਅਪਰੈਲ 1715 ਦੇ ਦਿਨ ਪੁੱਜੀ ਸੀ। ਬਾਦਸ਼ਾਹ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਸਿੱਖਾਂ ਨੇ ਗੜ੍ਹੀ ਦੇ ਨੇੜੇ ਦੇ ਪਿੰਡਾਂ ਤੋਂ ਘੋੜਿਆਂ ਅਤੇ ਮੱਝਾਂ ਵਾਸਤੇ ਘਾਹ ਆਦਿ ਇਕੱਠਾ ਕਰ ਲਿਆ ਸੀ। ਮੁਸਲਮਾਨ ਫ਼ੌਜੀਆਂ ਕੋਲ ਭਾਈ ਬੰਦਾ ਸਿੰਘ ਬਹਾਦੁਰ ਦਾ ਟਾਕਰਾ ਕਰਨ ਵਾਸਤੇ ਹੌਂਸਲਾ ਅਤੇ ਬਹਾਦੁਰੀ ਦੀ ਕਮੀ ਸੀ ਪਰ ਜਿਹੜੇ ਸਿੱਖ, ਮੁਸਲਮਾਨ ਫ਼ੌਜੀਆਂ ਦੀਆਂ ਗੋਲੀਆਂ ਜਾਂ ਤੀਰਾਂ ਦੇ ਨਿਸ਼ਾਨੇ ਵਿਚ ਆਉਂਦੇ ਸਨ, ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ।[226] 28 ਅਪ੍ਰੈਲ ਨੂੰ ਅਬਦੁਸ ਸਮਦ ਖ਼ਾਨ ਦਾ ਪੈਗ਼ਾਮ ਬਾਦਸ਼ਾਹ ਨੂੰ ਪੁੱਜਾ ਜਿਸ ਵਿਚ ਉਸ ਨੇ ਇਕ ਬੜੀ ਵੱਡੀ ਤੋਪ ਦੀ ਮੰਗ ਕੀਤੀ ਸੀ ਤਾਂ ਜੋ ਉਹ ਗੁਰਦਾਸ ਨੰਗਲ ਦੀ ਗੜ੍ਹੀ ਦੀਆਂ ਦੀਵਾਰਾਂ ਨੂੰ ਉਡਾ ਸਕੇ। ਬਾਦਸ਼ਾਹ ਨੇ ਉਸੇ ਵੇਲੇ ਇਕ ਵੱਡੀ ਤੋਪ ਗੁਰਦਾਸਪੁਰ ਭੇਜਣ ਦਾ ਹੁਕਮ ਜਾਰੀ ਕਰ ਦਿੱਤਾ।[227]

ਗੁਰਦਾਸ ਨੰਗਲ ਦਾ ਘੇਰਾ ਪਿਛਲੇ ਡੇਢ ਮਹੀਨੇ ਤੋਂ ਜਾਰੀ ਸੀ। 14 ਮਈ 1715 ਨੂੰ ਬਾਦਸ਼ਾਹ ਨੇ ਈਸਾ ਖ਼ਾਨ ਮੰਞ (ਫ਼ੌਜਦਾਰ ਲੱਖੀ ਜੰਗਲ) ਨੂੰ ਵੀ ਹੁਕਮ ਜਾਰੀ ਕੀਤਾ ਕਿ ਉਹ ਵੀ ਆਪਣੀ ਫ਼ੌਜ ਲੈ ਕੇ ਗੁਰਦਾਸ ਨੰਗਲ ਵੱਲ ਚਲਾ ਜਾਵੇ। 21 ਮਈ ਨੂੰ ਬਾਦਸ਼ਾਹ ਨੇ ਸਫ਼ਵੀ ਖ਼ਾਨ ਨੂੰ ਹਦਾਇਤ ਦਿਤੀ ਕਿ ਉਹ ਲਾਹੌਰ ਸੂਬੇ ਦੇ ਜਗੀਰਦਾਰਾਂ ਅਤੇ ਮਨਸਬਦਾਰਾਂ ਨੂੰ ਹੁਕਮ ਜਾਰੀ ਕਰੇ ਕਿ ਉਹ ਆਪਣੀਆਂ ਫ਼ੌਜਾਂ ਲੈ ਕੇ ਅਬਦੁਸ ਸਮਦ ਖ਼ਾਨ ਕੋਲ ਹਾਜ਼ਿਰ ਹੋ ਜਾਣ ਵਰਨਾ ਉਨ੍ਹਾਂ ਦਾ ਸਾਰਾ ਮਾਲ ਅਸਬਾਬ ਜ਼ਬਤ ਕਰ ਲਿਆ ਜਾਵੇਗਾ।[228] ਇੰਝ ਬਾਦਸ਼ਾਹ ਨੇ ਕੋਈ ਵੀ ਅਜਿਹਾ ਚੌਧਰੀ ਨਹੀਂ ਛੱਡਿਆ ਸੀ ਜਿਸ ਨੂੰ ਉਸ ਨੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਵਿਚ ਨਾ ਭੇਜਿਆ ਹੋਵੇ। ਥੋੜ੍ਹੇ ਚਿਰ ਵਿਚ ਹੀ ਉਸ ਥਾਂ 'ਤੇ ਅਬਦੁਸ ਸਮਦ ਖ਼ਾਨ ਦੀ 24 ਹਜ਼ਾਰ ਫ਼ੌਜ, ਸਰਹੰਦ ਦੀ 5 ਹਜ਼ਾਰ ਫ਼ੌਜ, ਲਾਹੌਰ ਸੂਬੇ ਦੀ 10 ਹਜ਼ਾਰ ਫ਼ੌਜ ਅਤੇ ਜੰਮੂ ਦੀ 5 ਹਜ਼ਾਰ ਫ਼ੌਜ ਵੀ ਪਹੁੰਚ ਚੁੱਕੀ ਸੀ। ਹੁਣ ਮੁਗਲਾਂ ਨੇ ਇੱਕ ਹਜਾਰ ਲੱਕੜਹਾਰੇ ਅਤੇ ਇੱਕ ਹਜ਼ਾਰ ਤਰਖਾਨ ਲਗਾ ਕੇ ਗੜੀ ਦੇ ਦੁਆਲੇ ਸਾਰਾ ਜੰਗਲ/ਦਰੱਖਤ ਕਟਾ ਦਿੱਤੇ ਅਤੇ ਆਪਣੇ ਮੋਰਚੇ ਗੜੀ ਦੇ ਨਜ਼ਦੀਕ ਪੁੱਟ ਲਏ ਤਾਂ ਕਿ ਸਿੱਖ ਬੱਚ ਕੇ ਨਾ ਨਿਕਲ ਜਾਣ।[229]

ਦਿੱਲੀ ਤੋਂ ਕਮਰ-ਉਦ-ਦੀਨ ਵੀ ਹਜ਼ਾਰਾਂ ਫ਼ੌਜਾਂ ਲੈ ਕੇ ਚਲਨ ਵਾਲਾ ਸੀ। ਹੁਣ ਜੂਨ ਦਾ ਅੱਧ ਆ ਚੁੱਕਾ ਸੀ। ਸਿੱਖਾਂ ਨੂੰ ਘਿਰਿਆਂ ਨੂੰ ਢਾਈ ਮਹੀਨੇ ਹੋ ਚੁੱਕੇ ਸਨ। ਇਬਾਰਤਨਾਮਾ ਦਾ ਲਿਖਾਰੀ ਮੁਹੰਮਦ ਕਾਸਿਮ ਜੋ ਉਸ ਵੇਲੇ ਨਾਇਬ ਸੂਬੇਦਾਰ ਆਰਿਫ਼ ਬੇਗ਼ ਖ਼ਾਨ ਦੇ ਨਾਲ ਤਾਇਨਾਤ ਸੀ, ਲਿਖਦਾ ਹੈ ਕਿ "ਸਿੱਖ ਦਿਨ ਵਿਚ ਦੋ ਤਿੰਨ ਵਾਰ ਗੜ੍ਹੀ ਵਿਚੋਂ 40-50 ਦੇ ਟੋਲਿਆ ਵਿਚ ਨਿਕਲਦੇ ਸਨ ਅਤੇ ਆਪਣੇ ਵਾਸਤੇ ਅਤੇ ਘੋੜਿਆਂ ਵਾਸਤੇ ਦਾਣਾ ਪਾਣੀ ਲੈ ਜਾਇਆ ਕਰਦੇ ਸਨ। ਇਨ੍ਹਾਂ ਸਿੱਖਾਂ ਨੂੰ ਰੋਕਣ ਵਾਸਤੇ ਮੁਗ਼ਲ ਫ਼ੌਜੀ ਕੋਸ਼ਿਸ਼ ਤਾਂ ਕਰਦੇ ਸਨ ਪਰ ਅੰਦਰੋਂ ਸਿੱਖਾਂ ਦੇ

[226] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 23 ਅਪ੍ਰੈਲ 1715 ਦੀ ਰਿਪੋਰਟ)
[227] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 28 ਅਪ੍ਰੈਲ 1715 ਦੀ ਰਿਪੋਰਟ)
[228] (ਅਖਬਾਰਾਤਿ-ਦਰਬਾਰਿ-ਮੁਅੱਲਾ, 21.5.1715 ਦੀ ਰਿਪੋਰਟ ਮੁਤਾਬਿਕ)
[229] (ਇਰਵਿਨ, ਦੂਜਾ ਭਾਗ, ਪੰਨਾ 314.)

ਤੀਰਾਂ ਅਤੇ ਗੋਲੀਆਂ ਦੀ ਬੌਛਾੜ ਨਾਲ ਬਹੁਤ ਸਾਰੇ ਮੁਗ਼ਲ ਫ਼ੌਜੀ ਮਾਰੇ ਜਾਂਦੇ ਸਨ। ਜਿਹੜੇ ਮੁਗ਼ਲ ਫ਼ੌਜੀ ਉਨ੍ਹਾਂ ਦੇ ਨੇੜੇ ਜਾਂਦੇ ਸਨ ਉਹ ਤਾਂ ਸਿੱਖਾਂ ਦੀਆਂ ਕਿਰਪਾਨਾਂ ਦਾ ਹੀ ਖਾਜਾ ਬਣ ਜਾਂਦੇ ਸਨ।" ਮੁਹੰਮਦ ਕਾਸਿਮ ਹੋਰ ਲਿਖਦਾ ਹੈ ਕਿ ਮੁਗ਼ਲ ਫ਼ੌਜੀ ਇੱਥੋਂ ਤੱਕ ਦੁਆ ਕਰਦੇ ਰਹਿੰਦੇ ਸਨ ਕਿ: **"ਹੇ ਅਲ੍ਹਾ! ਭਾਈ ਬੰਦਾ ਸਿੰਘ ਬਹਾਦੁਰ ਕਿਸੇ ਤਰੀਕੇ ਨਾਲੇ ਇਥੋਂ ਨਿਕਲ ਜਾਵੇ ਤਾਂ ਜੋ ਸਾਡੀ ਜਾਨ ਬਚ ਸਕੇ।"**[230]

ਖ਼ਾਫ਼ੀ ਖ਼ਾਨ, ਮੁਸਲਮਾਨ ਫ਼ੌਜੀਆਂ ਵਿਚ ਫੈਲੇ ਹੋਏ ਡਰ ਅਤੇ ਦਹਿਸ਼ਤ ਬਾਰੇ, ਲਿਖਦਾ ਹੈ ਕਿ **"ਜੇਕਰ ਗੜ੍ਹੀ ਵਿੱਚੋਂ ਕੋਈ ਬਿੱਲੀ ਕੁੱਤਾ ਬਾਹਰ ਨਿਕਲਦਾ ਤਾਂ ਮੋਰ-ਚਾਲ 'ਤੇ ਨੀਅਤ ਕੀਤੇ ਹੋਏ ਸ਼ਾਹੀ ਆਦਮੀ ਇਸ ਨੂੰ ਵੀ ਜਾਦੂ ਦਾ ਕਾਰਾ ਸਮਝ ਕੇ ਦੂਰੋਂ ਹੀ ਤੀਰ ਜਾਂ ਬੰਦੂਕ ਨਾਲ ਮਾਰ ਸੁੱਟਦੇ।"** ਯਾਨਿ, ਮੁਸਲਮਾਨ ਫ਼ੌਜੀ ਸਮਝਦੇ ਸਨ ਕਿ ਭਾਈ ਬੰਦਾ ਸਿੰਘ ਬਹਾਦੁਰ ਜਾਦੂ ਜਾਣਦਾ ਹੈ ਅਤੇ ਸ਼ਾਇਦ ਉਹ ਬਿੱਲੀ ਜਾਂ ਕੁੱਤਾ ਬਣ ਕੇ ਨਿਕਲ ਰਿਹਾ ਹੋਵੇ। ਹੁਣ ਅਬਦੁਸ ਸਮਦ ਖ਼ਾਨ ਨੇ ਗੁਰਦਾਸ ਨੰਗਲ ਦੇ ਪੂਰਬ ਵੱਲ ਮੋਰਚੇ ਪੁੱਟ ਲਏ। ਹੁਣ ਇਨੀ ਵੱਡੀ ਫ਼ੌਜ 'ਤੇ ਚਾਰੇ ਪਾਸੇ ਘੇਰਾ ਹੋਣ ਕਾਰਨ ਸਿੱਖ ਦਾਣਾ-ਪੱਠਾ ਅੰਦਰ ਨਹੀਂ ਸਨ ਲਿਜਾ ਸਕਦੇ। ਜਦੋਂ ਵੀ ਉਹ ਬਾਹਰ ਆਉਂਦੇ ਤਾਂ ਮੁਗ਼ਲ ਫ਼ੌਜਾਂ ਦੇ ਤੀਰਾਂ ਅਤੇ ਬੰਦੂਕਾਂ ਦੀ ਬੁਛਾੜ ਦੀ ਮਾਰ ਹੇਠ ਆ ਜਾਂਦੇ। ਇਨ੍ਹਾਂ ਵਿਚੋਂ ਕੁਝ ਸ਼ਹੀਦ ਹੋ ਜਾਂਦੇ ਸਨ ਅਤੇ ਬਾਕੀਆਂ ਨੂੰ ਵਾਪਿਸ ਗੜ੍ਹੀ ਵਿਚ ਮੁੜਨਾ ਪੈਂਦਾ ਸੀ। ਇੰਝ ਕਰਦੇ ਸੈਂਕੜੇ ਸਿੱਖ ਮਾਰੇ ਜਾ ਚੁੱਕੇ ਸਨ। ਜੂਨ ਦੇ ਪਹਿਲੇ ਹਫ਼ਤੇ ਅਬਦੁਸ ਸੱਮਦ ਖ਼ਾਨ ਨੇ ਐਲਾਨ ਜਾਰੀ ਕੀਤਾ ਕਿ ਜੋ ਵੀ ਫ਼ੌਜੀ ਕਿਸੇ ਸਿੱਖ ਦਾ ਸਿਰ ਲਿਆਵੇਗਾ ਉਸ ਨੂੰ 10 ਰੁਪਏ ਇਨਾਮ ਦਿਤੇ ਜਾਣਗੇ। ਇਸ ਨਾਲ ਮੁਗ਼ਲ ਫ਼ੌਜੀਆਂ ਨੇ ਅੱਗੇ ਵੱਧ ਕੇ ਸਿੱਖਾਂ ਨਾਲ ਲੜਨ ਦਾ ਖ਼ਤਰਾ ਮੁੱਲ ਲੈਣਾ ਸ਼ੁਰੂ ਕਰ ਦਿੱਤਾ।[231]

1 ਜੁਲਾਈ 1715 ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਇਸ ਇਲਾਕੇ ਵਿਚ ਵਣਜਾਰੇ (ਉਹ ਭਾਈ ਲੱਖੀ ਰਾਇ ਵਣਜਾਰੇ ਦੇ ਕਰਮਚਾਰੀ ਸਨ. ਜਿਵੇਂ ਕਿ ਭਾਈ ਲੱਖੀ ਰਾਇ ਵਣਜਾਰਾ ਅਕਾਲ ਚਲਾਨਾ ਕਰ ਗਿਆ ਸੀ, ਅਤੇ, ਉਸਦੇ ਪੁੱਤਰ ਅਤੇ ਪੋਤਰੇ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਦਾ ਹਿੱਸਾ ਸਨ, ਉਸ ਸਮੇਂ ਵਪਾਰ ਦੀਆਂ ਗਤੀ ਵਿੱਧੀਆਂ ਰੋਕ ਦਿੱਤੀਆਂ ਗਈਆਂ ਸਨ। ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਾਥੀਆਂ ਨੂੰ ਸੂਹਾਂ ਵੀ ਦਿੰਦੇ ਸਨ ਅਤੇ ਖਾਣ-ਪੀਣ ਦੇ ਸਾਮਾਨ ਦੇ ਨਾਲ-ਨਾਲ ਤੀਰ ਅਤੇ ਬੰਦੂਕਾਂ ਵੀ ਮੁਹੱਈਆ ਕਰਦੇ ਸਨ। ਇਹ ਵਣਜਾਰੇ ਜਿਹੜੇ ਭਾਈ ਲੱਖੀ ਰਾਇ ਵਣਜਾਰਾ ਦੇ ਟਾਂਡੇ ਵਿਚ ਕੰਮ ਕਰਦੇ ਰਹੇ ਸਨ। ਨੂਰਪੁਰ ਦੇ ਰਾਜੇ ਦਯਾ ਧੰਮਾ ਦੇ ਇਲਾਕਿਆਂ ਵਿੱਚ ਰਹਿੰਦੇ ਹਨ। (ਮੁਗ਼ਲ ਰਿਕਾਰਿਡ ਵਿਚ, ਉਸਦਾ ਨਾਮ ਦਇਆ ਧਰਮਾਂ ਅਤੇ ਦਯਾ ਧਾਤਾ ਦੇ ਰੂਪ ਵਿਚ ਲਿਖਿਆ ਮਿਲਦਾ ਹੈ।) ਅਤੇ ਰਾਜਾ ਹੀਰ ਚੰਦ (ਇਹ ਹਮੀਰ ਚੰਦ ਕਟੋਚ ਸੀ। ਉਸ ਦਾ ਨਾਂ ਹਮੀਰ ਚੰਦ ਕੰਬੋਜ ਵੀ ਹੈ। ਉਸਨੇ 1700-1747 ਤਕ ਕਾਂਗੜਾ ਉੱਤੇ ਰਾਜ ਕੀਤਾ। ਮੁਗ਼ਲ ਰਿਕਾਰਿਡਾਂ ਵਿਚ ਹਿੰਦੂ ਸ਼ਾਸਕਾਂ ਦੇ ਸਹੀ ਨਾਮ ਦੀ ਪਛਾਣ ਨਹੀਂ ਹੁੰਦੀ। ਇਸ 'ਤੇ ਬਾਦਸ਼ਾਹ ਨੇ ਇਤਮਾਦ-ਉਲ ਦੌਲਾ (ਬਖ਼ਸ਼ੀ-ਉਲ-ਮੁਲਕ) ਨੂੰ ਹੁਕਮ ਕੀਤਾ ਕਿ ਲਾਹੌਰ ਦੇ ਨਾਜ਼ਿਮ, ਕਾਂਗੜਾ ਦੇ ਕਿਲ੍ਹਾਦਾਰ ਅਤੇ ਪਹਾੜੀ ਰਿਆਸਤਾਂ ਦੇ ਜ਼ਿਮੀਂਦਾਰ (ਰਾਜਿਆਂ) ਨੂੰ ਖ਼ਤ ਲਿਖ ਦਿੱਤੇ ਜਾਣ ਕਿ ਉਹ ਵਣਜਾਰਿਆਂ ਨੂੰ ਆਪਣੇ ਇਲਾਕਿਆਂ ਵਿਚੋਂ ਨਾ ਲੰਘਣ ਦੇਣ। ਜੇ ਉਹ

---

[230] (ਮੁਹੰਮਦ ਕਾਸਿਮ, ਇਬਾਰਤਨਾਮਾ, ਬ੍ਰਿਟਿਸ਼ ਲਾਇਬਰੇਰੀ ਲੰਡਨ ਵਿਚਲੇ ਦਸਤਾਵੇਜ਼ ਦੇ ਸਫ਼ੇ 57 ਬੀ ਤੋਂ 61 ਏ, ਛਪੀ ਹੋਈ ਐਡੀਸ਼ਨ ਦੇ ਸਫ਼ੇ 180-84)

[231] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 14 ਜੂਨ 1715 ਦੀ ਰਿਪੋਰਟ)

ਫੜੇ ਜਾਣ ਤਾਂ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਇਸ ਨਾਲ ਬਾਗ਼ੀਆਂ ਦੀਆਂ ਕਾਰਵਾਈਆਂ ਨੂੰ ਵੀ ਨੱਥ ਪਵੇਗੀ ਅਤੇ ਉਨ੍ਹਾਂ ਨੂੰ ਖਾਣ ਦੇ ਸਾਮਾਨ ਦੀ ਕਮੀ ਵੀ ਆਵੇਗੀ।[232]

26 ਸਤੰਬਰ ਨੂੰ ਬਾਦਸ਼ਾਹ ਨੂੰ ਦੱਸਿਆ ਗਿਆ ਕਿ ਹਮੀਰ ਚੰਦ ਕੰਬੋਜ (ਕਟੋਚ), ਦਯਾ ਧੰਮਾ (ਨੂਰਪੁਰ), ਰਾਮ ਸਿੰਹ ਜਮਵਾਲ, ਦੇਬ ਚੰਦ ਦੇਹਨੂਵਾਲ ਆਪਣੀਆਂ ਫ਼ੌਜਾਂ ਲੈ ਕੇ ਅਬਦੁਸ ਸਮਦ ਖ਼ਾਨ ਕੋਲ ਆਪ ਹਾਜ਼ਿਰ ਹੋਏ ਹਨ ਅਤੇ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਗ਼ਲਾਂ ਦਾ ਸਾਥ ਦਿੱਤਾ ਹੈ। ਇੰਝ ਹੀ ਉਦੈ ਸਿੰਹ (ਸਿਬੀਆ ਦਾ ਰਾਜਾ) ਤੇ ਦਲੀਪ ਸਿੰਹ ਵਰਗੇ ਲੋਕਾਂ ਨੇ ਆਪਣੇ ਪ੍ਰਧਾਨ ਫ਼ੌਜਾਂ ਸਣੇ ਅਬਦੁਸ ਸਮਦ ਖ਼ਾਨ ਕੋਲ ਭੇਜੇ ਸਨ। ਪਰ, ਮਾਧਾ ਸੈਣ (ਮੰਡੀ ਦਾ ਰਾਜਾ), ਮਾਨ ਸਿੰਹ (ਕੁੱਲੂ ਦਾ ਰਾਜਾ) ਅਤੇ ਹੀਰਜ ਪਾਲ (ਮਾਲਾਬਾਰ ਦਾ ਰਾਜਾ) ਨਾ ਤਾਂ ਆਪ ਆਏ ਤੇ ਨਾ ਹੀ ਉਨ੍ਹਾਂ ਨੇ ਆਪਣੀਆਂ ਫ਼ੌਜਾਂ ਭੇਜੀਆਂ ਸਨ।(ਸ਼ਾਇਦ ਧੀਰਜ ਪਾਲ ਬਹੁਤ ਸਾਰੇ ਮੁਗ਼ਲ ਰਿਕਾਰਿਡਾਂ ਵਿਚ ਇਨ੍ਹਾਂ ਹਿੰਦੂ ਸ਼ਾਸਕਾਂ ਦੇ ਨਾਵਾਂ ਦੀ ਪਛਾਣ ਨਹੀਂ ਹੁੰਦੀ) ਇਹ ਤਿੰਨੇ ਰਾਜੇ ਭਾਈ ਬੰਦਾ ਸਿੰਘ ਬਹਾਦੁਰ ਨਾਲ ਦੋਸਤੀ ਰੱਖਦੇ ਸਨ। ਇਸ 'ਤੇ ਬਾਦਸ਼ਾਹ ਨੇ ਇਤਮਾਦ-ਉਲ-ਦੌਲਾ (ਬਖ਼ਸ਼ੀ-ਉਲ-ਮੁਲਕ) ਨੂੰ ਹੁਕਮ ਕੀਤਾ ਕਿ ਉਹ ਲਾਹੌਰ ਦੇ ਸੂਬੇਦਾਰ ਨੂੰ ਇਨ੍ਹਾਂ 'ਤੇ ਕਾਰਵਾਈ ਕਰਨ ਵਾਸਤੇ ਲਿਖੇ।[233]

ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਸਾਥੀ ਸਿੱਖਾਂ ਦੀ ਗ੍ਰਿਫ਼ਤਾਰੀ

ਅੱਠ ਮਹੀਨੇ ਦੇ ਘੇਰੇ ਦੌਰਾਨ ਹੁਣ ਉਨ੍ਹਾਂ ਕੋਲ ਖਾਣ ਵਾਸਤੇ ਹਵਾ ਤੋਂ ਸਿਵਾ ਕੁੱਝ ਵੀ ਨਹੀਂ ਸੀ। ਉਹ ਭੁੱਖ ਨਾਲ ਨਿਢਾਲ ਹੋ ਗਏ ਸਨ ਅਤੇ ਉਨਾਂ ਵਿਚ ਹਿੱਲਣ-ਜੁੱਲਣ ਜੋਗੀ ਸੱਤਿਆ ਵੀ ਨਹੀਂ ਸੀ ਰਹੀ। ਅਖ਼ੀਰ, ਜਦੋਂ ਕਈ ਦਿਨ੍ਹਾਂ ਤੱਕ ਗੜ੍ਹੀ 'ਚੋਂ ਕੋਈ ਹਿਲਜੁਲ ਨਾ ਹੋਈ ਤਾਂ ਮੁਗ਼ਲ ਫ਼ੌਜਾਂ ਦੇ ਇਕ ਹਜੂਮ ਨੇ ਇਕ ਦਮ ਹੱਲਾ ਬੋਲ ਦਿਤਾ। ਅੱਗੇ ਅਧਮੋਏ ਪਏ ਹੋਏ ਦੋ-ਚਾਰ ਸੌ ਸਿੱਖ ਨਜ਼ਰ ਆਏ, ਜਿਨ੍ਹਾਂ ਨੂੰ ਉਨ੍ਹਾਂ ਨੇ "ਗ੍ਰਿਫ਼ਤਾਰ" ਕਰ ਲਿਆ। ਇਨ੍ਹਾਂ ਵਿਚੋਂ ਜਿਹੜਾ ਵੀ, ਜਰਾ ਵੀ, ਹਿੱਲਿਆ ਉਸ ਨੂੰ ਉੱਥੇ ਹੀ ਕਤਲ ਕਰ ਦਿੱਤਾ ਗਿਆ। ਤਕਰੀਬਨ ਤਿੰਨ ਸੌ ਸਿੱਖਾਂ ਨੂੰ ਥਾਂਏ ਚੀਰ ਦਿੱਤਾ ਗਿਆ। ਉਨ੍ਹਾਂ ਦਾ ਖ਼ੂਨ ਇੰਨਾਂ ਵਗਿਆਂ ਕਿ ਇੰਝ ਜਾਪਦਾ ਸੀ ਕਿ ਉਹ ਖ਼ੂਨ ਦੇ ਤਲਾਅ ਵਿਚ ਤੈਰ ਰਹੇ ਸਨ।

ਮੁਹੰਮਦ ਕਾਸਿਮ ਔਰੰਗਾਬਾਦੀ[234] ਲਿਖਦਾ ਹੈ ਕਿ ਜਦ ਕਈ ਦਿਨ ਗੜ੍ਹੀ ਵਿਚੋਂ ਕੋਈ ਹਿਲਜੁਲ ਨਾ ਹੋਈ ਤਾਂ ਪੌੜੀਆਂ ਲਾ ਕੇ ਮੁਗ਼ਲ ਫ਼ੌਜੀ ਅੰਦਰ ਜਾ ਵੜੇ ਸਨ:"**ਗੜ੍ਹੀ ਤੋਂ ਜਿਸ ਵੇਲੇ ਉਸ ਗਰੋਹ (ਸਿੱਖਾਂ) ਵੱਲੋਂ ਲੜਾਈ ਦੀ ਤਾਕਤ ਖ਼ਤਮ ਹੋ ਗਈ ਅਤੇ ਬੇ ਹੱਦ ਤੰਗੀ ਹੋਣ 'ਤੇ ਭੁੱਖ ਦੇ ਹਾਵੀ ਹੋਣ ਸਦਕਾ, ਉਨ੍ਹਾਂ ਭੈੜੀ ਤਬੀਅਤ ਵਾਲੇ (ਸਿੱਖਾਂ) ਦੇ ਜਿਸਮਾਂ ਦੇ ਅੰਗ ਹਰਕਤ ਕਰਨੋਂ ਹਟ ਗਏ ਅਤੇ ਉਨ੍ਹਾਂ ਵਿਚ ਤਲਵਾਰਾਂ ਉਠਾਉਣ ਦੀ ਤਾਕਤ ਨਾ ਰਹੀ, ਇੱਥੋਂ ਤੱਕ ਯਕੀਨ ਹੋ ਗਿਆ ਕਿ ਉਹ ਕੋਈ ਬੇਹੂਦਾ ਬਕਵਾਸ ਵੀ ਨਹੀਂ ਮਾਰ ਸਕਦੇ (ਜੈਕਾਰਾ ਵੀ ਨਹੀਂ ਛੱਡ ਸਕਦੇ), ਇਸਲਾਮੀ ਫ਼ੌਜਾ ਦੇ ਗ਼ਾਜ਼ੀ ਪੌੜੀਆਂ ਲਾ ਕੇ ਲਮਕਦੇ ਹੋਏ ਅਚਾਨਕ ਉਪਰੋਕਤ ਗੜ੍ਹੀ ਵਿਚ ਜਾ ਵੜੇ।** ਕਿਉਂਕਿ ਉਨ੍ਹਾਂ ਤਬਾਹ ਹਾਲ ਵਾਲਿਆ ਦੇ ਜ਼ਵਾਲ ਦਾ ਅੰਤ ਨੇੜੇ ਪੁੱਜ ਚੁੱਕਾ ਸੀ, ਇਸ ਵਾਸਤੇ ਲੜਾਈ ਦਾ ਮੌਕਾ ਬਣੇ ਬਿਨਾਂ ਹੀ ਉਹ ਭੈੜੀ ਤਬੀਅਤ ਵਾਲਾ ਲਾਅਨਤੀ (ਭਾਈ ਬੰਦਾ ਸਿੰਘ

[232] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 3 ਜੁਲਾਈ 1715 ਦੀ ਰਿਪੋਰਟ)

[233] (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਦੀ 26 ਸਤੰਬਰ 1715 ਦੀ ਰਿਪੋਰਟ)

[234] (ਅਹਵਾਲ-ਉਲ-ਖ਼ਵਾਕੀਨ, ਸਫ਼ੇ 121-124)

ਬਹਾਦੁਰ) ਫੜਿਆ ਗਿਆ। ਉਸ ਦੇ ਕਾਲੇ ਮੂੰਹ ਵਾਲੇ ਨਿਕੰਮੇ ਸਾਥੀ, ਜਿਨ੍ਹਾਂ ਨੇ ਜਹਾਨ ਭਰ ਨੂੰ ਬੇ ਘਰ ਕਰ ਛੱਡਿਆ ਸੀ, ਵੀ ਬਲਾਅ ਦੇ ਜਾਲ ਵਿਚ ਫਸ ਗਏ। ਉਨ੍ਹਾਂ ਵਿਚੋਂ ਕਿਸੇ ਨੇ ਵੀ ਤਲਵਾਰ ਨਾਲ ਮੁਕਾਬਲਾ ਨਾ ਕੀਤਾ...।"

ਭਾਈ ਬੰਦਾ ਸਿੰਘ ਬਹਾਦੁਰ ਨੂੰ ਜ਼ੰਜ਼ੀਰਾ ਨਾਲ ਜ਼ਕੜ ਲਿਆ : ਗ੍ਰਿਫ਼ਤਾਰੀ ਮਗਰੋਂ ਭਾਈ ਬੰਦਾ ਸਿੰਘ ਬਹਾਦੁਰ ਨੂੰ ਅਧਮੋਏ ਨੂੰ ਹੀ ਉਸੇ ਵੇਲੇ ਬੇੜੀਆਂ ਅਤੇ ਸੰਗਲਾਂ ਨਾਲ ਜਕੜ ਦਿੱਤਾ ਗਿਆ। ਇਨ੍ਹਾਂ ਸਾਰਿਆਂ ਨੂੰ ਭਾਰੀ ਫ਼ੌਜ ਦੇ ਘੇਰੇ ਵਿਚ ਲਾਹੌਰ ਲਿਜਾਇਆ ਗਿਆ। ਲਾਹੌਰ ਦੇ ਬਾਜ਼ਾਰਾਂ ਵਿਚ ਇਨ੍ਹਾਂ ਦਾ ਜਲੂਸ ਕੱਢਿਆ ਗਿਆ। ਸ਼ਹਿਰ ਦੇ ਮੁਸਲਮਾਨਾਂ ਨੇ ਇਨ੍ਹਾਂ 'ਤੇ ਇੱਟਾਂ-ਵੱਟੇ ਮਾਰੇ। ਇਸ ਮੌਕੇ 'ਤੇ ਬਾਇਜ਼ੀਦ ਖ਼ਾਨ ਦੀ ਮਾਂ ਨੇ ਆਪਣੇ ਘਰ ਦੀ ਛੱਤ ਤੋਂ ਇਕ ਵੱਡਾ ਪੱਥਰ ਇਸ ਜਲੂਸ 'ਤੇ ਸੁੱਟਿਆ ਜਿਸ ਨਾਲ ਇਕ ਸਿੱਖ ਕੈਦੀ ਦੀ ਮੌਤ ਹੋ ਗਈ। ਇਸ ਮਗਰੋਂ ਲਾਹੌਰ ਦੇ ਸੂਬੇਦਾਰ ਨੇ ਕੈਦੀਆਂ ਨੂੰ ਪੱਥਰਾਂ ਤੋਂ ਬਚਾਉਣ ਵਾਸਤੇ ਉਨ੍ਹਾਂ ਉੱਤੇ ਬੋਰੀਆਂ ਪਾ ਦਿੱਤੀਆ। (ਬਾਇਜ਼ੀਦ ਖ਼ਾਨ ਦੀ ਮਾਂ ਵੱਲੋਂ ਪੱਥਰ ਮਾਰਨ ਦੀ ਘਟਨਾ ਸਿਰਫ਼ ਸਿਆਰੁਲ ਮੁਤਾਖ਼ਰੀਨ ਦੇ ਲੇਖਕ ਨੇ ਹੀ ਲਿਖੀ ਹੈ, ਪਰ ਉਹ 'ਬਾਇਜ਼ੀਦ ਖ਼ਾਨ' ਨੂੰ ਸਰਹੰਦ ਦਾ ਸਾਬਕਾ ਸੂਬੇਦਾਰ ਲਿਖਦਾ ਹੈ, ਜੋ ਗ਼ਲਤ ਹੈ। ਬਾਇਜ਼ੀਦ ਖ਼ਾਨ ਜੰਮੂ ਦਾ ਫ਼ੌਜਦਾਰ ਸੀ। ਇਨ੍ਹਾਂ ਸਿੱਖ ਕੈਦੀਆਂ ਨੂੰ ਫ਼ੌਜ ਦੀ ਨਿਗਰਾਨੀ ਵਿਚ ਨੂੜ ਕੇ ਰੱਖਿਆ ਗਿਆ। ਇਨ੍ਹਾਂ ਦੇ ਪੈਰਾਂ ਵਿਚ ਬੇੜੀਆਂ, ਗਲਾਂ ਵਿਚ ਤੌਕ, ਲੱਕ ਨਾਲ ਜੰਜ਼ੀਰਾਂ ਬੰਨ੍ਹ ਕੇ, ਸੰਗਲ ਨਾਲ 2-2, 3-3 ਨੂੰ ਬੰਨ੍ਹ ਕੇ ਗੱਡਿਆਂ 'ਤੇ ਸੁੱਟਿਆ ਹੋਇਆ ਸੀ। ਮਗਰੋਂ ਇਨ੍ਹਾਂ ਨੂੰ ਊਠਾਂ ਅਤੇ ਗੱਡਿਆਂ 'ਤੇ ਲੱਦ ਕੇ, ਬਰਾਸਤਾ ਸਰਹੰਦ, ਦਿੱਲੀ ਭੇਜਣ ਦਾ ਫ਼ੈਸਲਾ ਕੀਤਾ ਗਿਆ। ਇਸ ਦੀ ਬਾਦਸ਼ਾਹ ਨੂੰ ਖ਼ਬਰ ਪੰਜ ਦਿਨ ਵਿਚ ਹੀ, 12 ਦਸੰਬਰ 1715 ਨੂੰ, ਪੁੱਜ ਗਈ ਸੀ। ਇਕ ਸੋਮੇ ਮੁਤਾਬਿਕ ਇਨ੍ਹਾਂ ਗ੍ਰਿਫ਼ਤਾਰ ਸਿੱਖਾਂ ਦੀ ਗਿਣਤੀ ਸਿਰਫ਼ ਦੋ-ਤਿੰਨ ਸੌ ਹੀ ਸੀ। ਇਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਹੋਰ ਸਿੱਖ ਵੀ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਵਿਚ ਸ਼ਾਮਿਲ ਕਰ ਦਿੱਤੇ ਗਏ। ਇਸ ਮਗਰੋਂ ਵੀ ਮਾਰੇ ਗਏ ਹੋਰ ਸਿੱਖਾਂ ਦੇ ਸਿਰ ਵੀ ਦਿੱਲੀ ਲਿਜਾਣ ਵਾਲੇ ਸਟਾਕ ਵਿਚ ਸ਼ਾਮਿਲ ਕਰ ਲਏ ਗਏ। ਲਾਹੌਰ ਵਿਚ ਸਿੱਖਾਂ ਦੇ ਸਿਰਫ਼ 700 ਸਿਰ ਸਨ ਜੋ ਦਿੱਲੀ ਪਹੁੰਚਣ ਤਕ 2000 ਹੋ ਚੁੱਕੇ ਸਨ।

ਬਾਦਸ਼ਾਹ ਫ਼ਰੱਖ਼ਸੀਅਰ ਨੇ ਖ਼ੁਸ਼ੀਆਂ ਮਨਾਈਆਂ

ਬਾਦਸ਼ਾਹ ਫ਼ਰੱਖ਼ਸੀਅਰ ਨੂੰ ਭਾਈ ਬੰਦਾ ਸਿੰਘ ਬਹਾਦੁਰ ਦੀ ਗ੍ਰਿਫ਼ਤਾਰੀ ਦੀ ਖ਼ਬਰ ਜਦ 12 ਦਸੰਬਰ ਨੂੰ ਮਿਲੀ ਤਾਂ ਉਸ ਨੇ ਦੋ ਵਾਰ ਨਮਾਜ਼ ਪੜ੍ਹੀ ਅਤੇ ਵੱਡੇ ਜਸ਼ਨ ਮਨਾਉਣ ਦਾ ਐਲਾਨ ਕੀਤਾ। ਉਸ ਨੇ ਦਿੱਲੀ ਵਿਚ ਮੁਨਿਆਦੀ ਕਰਵਾ ਕੇ ਇਸ ਦਾ ਐਲਾਨ ਵੀ ਕੀਤਾ। ਬਾਦਸ਼ਾਹ ਨੇ ਚਾਰ ਬੋਰੇ ਸਿਕਿਆ (ਪੈਸਿਆਂ) ਦੇ ਭਰ ਕੇ ਹਾਥੀ 'ਤੇ ਰੱਖ ਕੇ, ਇਨ੍ਹਾਂ ਸਿਕਿਆ ਦੀ ਸ਼ਹਿਰ ਵਿਚ ਸੋਟ ਕਰਵਾਈ[235] ਭਾਈ ਬੰਦਾ ਸਿੰਘ ਬਹਾਦੁਰ, ਉਸ ਦਾ ਚਾਰ ਸਾਲ ਦਾ ਬੇਟਾ ਅਜੈ ਸਿੰਘ, ਉਸ ਦੀ ਪਤਨੀ ਅਤੇ ਇਕ ਗੋਲੀ ਅਤੇ 740 ਗ੍ਰਿਫ਼ਤਾਰ ਸਿੱਖਾਂ ਤੋਂ ਇਲਾਵਾ ਦੋ ਹਜ਼ਾਰ* ਦੇ ਕਰੀਬ ਸਿੱਖਾਂ ਦੇ ਸਿਰ ਲੈ ਕੇ ਅਬਦੁਸ ਸਮਦ ਖ਼ਾਨ ਦਾ ਪੁੱਤਰ (ਮੁਹੰਮਦ ਅਮੀਨ ਖ਼ਾਨ ਦਾ ਜੁਆਈ) ਜ਼ਕਰੀਆ ਖ਼ਾਨ ਆਪ ਦਿੱਲੀ ਪੁੱਜਾ। ਸ਼ਹੀਦ ਸਿੰਘਾਂ ਦੇ ਸਿਰਾਂ ਨੂੰ ਸੱਤ ਸੌ ਗੱਡਿਆਂ ਉੱਤੇ ਲੱਦਿਆ ਹੋਇਆ ਸੀ। ਭਾਈ ਬੰਦਾ ਸਿੰਘ ਬਹਾਦੁਰ ਨੂੰ ਸਪੈਸ਼ਲ ਤਿਆਰ ਕੀਤੇ ਗਏ ਪਿੰਜਰੇ ਵਿਚ ਬੇੜੀਆਂ ਸਣੇ ਤੁੰਨ

---

[235](ਅਖ਼ਬਾਰਾਤਿ ਦਰਬਾਰਿ ਮੁਅੱਲਾ ਦੀ ਰਿਪੋਰਟ)

ਦਿੱਤਾ ਗਿਆ ਅਤੇ ਹਾਥੀ 'ਤੇ ਰੱਖ ਕੇ ਇਸ ਨੂੰ ਦਿੱਲੀ ਲਿਆਂਦਾ ਗਿਆ ਸੀ। ਭਾਈ ਬੰਦਾ ਸਿੰਘ ਬਹਾਦੁਰ ਤੋਂ ਮੁਗ਼ਲ ਇੰਨ੍ਹਾ ਡਰਦੇ ਸਨ ਕਿ ਪਿੰਜਰੇ ਵਿਚ ਪਾ ਕੇ ਵੀ ਉਸ ਦੇ ਪਿੱਛੇ ਇਕ ਤਕੜਾ ਸਿਪਾਹੀ ਨੰਗੀ ਤਲਵਾਰ ਦੇ ਕੇ ਖੜਾ ਕਰ ਰੱਖਿਆ ਸੀ ਤਾਂ ਜੋ ਕਿਤੇ ਉਹ ਪਿੰਜਰੇ ਵਿਚੋਂ ਨਿਕਲ ਕੇ ਉਡ ਹੀ ਨਾ ਜਾਵੇ।[236]

{*ਮੁਹੰਮਦ ਕਾਸਿਮ ਔਰੰਗਾਬਾਦੀ[237] ਲਿਖਦਾ ਹੈ ਕਿ **ਜ਼ਕਰੀਆ ਖ਼ਾਨ 40 ਹਜ਼ਾਰ ਸਿੱਖਾਂ ਦੇ ਸਿਰਾਂ ਦੀਆਂ ਖੱਲਾਂ ਲੈ ਕੇ ਗਿਆ ਸੀ।** ਸਿੱਖ ਕੈਦੀਆਂ ਦਾ ਇਹ ਜਲੂਸ 27 ਫ਼ਰਵਰੀ 1716 ਦੇ ਦਿਨ ਦਿੱਲੀ ਦੇ ਬਾਹਰਵਾਰ ਪਿੰਡ ਅਗਰਾਬਾਦ ਕੋਲ ਪੁੱਜਾ। 29 ਫ਼ਰਵਰੀ 1716 ਨੂੰ ਇਨ੍ਹਾਂ ਕੈਦੀਆਂ ਦਾ ਦਿੱਲੀ ਵਿਚ ਜਲੂਸ ਕੱਢਿਆ ਗਿਆ।[238] ਜਲੂਸ ਦੇ ਸਭ ਤੋਂ ਅੱਗੇ ਇਕ ਬੈਂਡ ਵਾਜਾ ਜਾ ਰਿਹਾ ਸੀ। ਇਹ ਜਲੂਸ ਦਿੱਲੀ ਦੇ ਨੇੜੇ ਦੇ ਪਿੰਡ ਅਗਰਾਬਾਦ ਤੋਂ ਸ਼ੁਰੂ ਹੋ ਕੇ, 10 ਕਿਲੋਮੀਟਰ ਦੂਰ, ਲਾਲ ਕਿਲ੍ਹਾ ਤੱਕ ਲਿਜਾਇਆ ਗਿਆ। ਇਸ ਬੈਂਡ ਦੇ ਪਿੱਛੇ ਦੋ ਹਜ਼ਾਰ ਸਿੱਖਾਂ ਦੇ ਸਿਰ ਜਾ ਰਹੇ ਸਨ, ਜਿਨ੍ਹਾਂ ਨੂੰ ਤੂੜੀ ਭਰ ਕੇ ਬਾਂਸਾਂ 'ਤੇ ਲਟਕਾਇਆ ਹੋਇਆ ਸੀ। ਇਨ੍ਹਾਂ ਦੇ ਸਿਰਾਂ ਦੇ ਵਾਲ ਖੁੱਲ੍ਹੇ ਰੱਖੇ ਹੋਏ ਸਨ ਤਾਂ ਜੋ ਲੋਕ ਪਛਾਣ ਸਕਣ ਕਿ ਇਹ ਸਿੱਖਾਂ ਦੇ ਹੀ ਸਿਰ ਹਨ। ਇਨ੍ਹਾਂ ਦੀ ਗਿਣਤੀ ਵਾਸਤੇ ਕੁੱਝ ਔਰਤਾਂ ਦੇ ਸਿਰ ਵੱਢ ਕੇ ਵੀ ਸ਼ਾਮਿਲ ਕਰ ਦਿੱਤੇ ਗਏ ਸਨ ਜੋ ਲੰਬੇ ਵਾਲਾਂ ਕਾਰਨ ਸਿੱਖ ਹੀ ਜਾਪਦੀਆਂ ਸਨ। ਇਸ ਮਗਰੋਂ ਇਕ ਲੰਬੇ ਬਾਂਸ 'ਤੇ ਮਰੀ ਹੋਈ ਬਿੱਲੀ ਲਟਕਾਈ ਹੋਈ ਸੀ ਜਿਸ ਦਾ ਮਤਲਬ ਇਹ ਸੀ ਕਿ ਸਿੱਖਾਂ ਦੇ ਘਰਾਂ ਵਿਚ ਇਨਸਾਨ ਤਾਂ ਕੀ ਕੋਈ ਮਰਿਆ ਹੋਇਆ ਜਾਨਵਰ ਵੀ ਨਹੀਂ ਰਿਹਾ। ਇਸ ਬਿੱਲੀ ਦੇ ਪਿੱਛੇ ਇਕ ਹਾਥੀ ਸੀ ਜਿਸ ਉੱਤੇ ਰੱਖੇ ਹੋਏ ਪਿੰਜਰੇ ਵਿਚ ਜਾ ਰਹੇ ਸਨ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ। ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਦਾ ਮਜ਼ਾਕ ਉਡਾਉਣ ਵਾਸਤੇ ਉਸ ਨੂੰ ਇਕ ਲਾੜੇ ਵਾਂਗ ਸੁਨਹਿਰੀ ਜ਼ਰੀ ਵਾਲੀ ਲਾਲ ਪੱਗ, ਅਨਾਰ ਦੇ ਫ਼ੁੱਲਾਂ ਦੇ ਰੰਗ ਦਾ ਸ਼ਾਹੀ ਚੋਲਾ ਪਾਇਆ ਹੋਇਆ ਸੀ। ਉਸ ਦੇ ਸਿਰ 'ਤੇ ਇਕ ਲਕੜੀ ਦਾ ਖੋਖਾ-ਨੁਮਾ ਤਿੰਨ-ਚਾਰ ਕਿਲੋ ਮਿੱਟੀ ਨਾਲ ਭਰ ਕੇ ਰੱਖਿਆ ਹੋਇਆ ਸੀ, ਜਿਸ ਦੇ ਭਾਰ ਨਾਲ ਉਹ ਗਰਦਨ ਝੁਕਾਈ ਟੇਢਾ ਬੈਠਾ ਹੋਇਆ ਸੀ।

ਭਾਈ ਬੰਦਾ ਸਿੰਘ ਬਹਾਦੁਰ ਵਾਲੇ ਹਾਥੀ ਦੇ ਪਿੱਛੇ 740 ਕੈਦੀ ਸਨ। ਇਨ੍ਹਾਂ ਦੇ ਮੂੰਹਾਂ 'ਤੇ ਕਾਲਖ਼ ਮਲੀ ਹੋਈ ਸੀ। ਉਨ੍ਹਾਂ ਦਾ ਇਕ-ਇਕ ਹੱਥ ਗਰਦਨ ਦੇ ਪਿੱਛੇ ਕਰ ਕੇ ਸਿਕੰਜੇ ਵਿਚ ਕੱਸ ਕੇ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦੇ ਸਿਰਾਂ 'ਤੇ ਕਾਗ਼ਜ਼ਾਂ ਦੀਆਂ ਖੋਖਾ-ਟੋਪੀਆਂ ਰੱਖੀਆਂ ਹੋਈਆਂ ਸਨ ਅਤੇ ਉਨ੍ਹਾਂ ਦੇ ਜਿਸਮਾਂ 'ਤੇ ਭੇਡਾਂ ਦੀ ਖੱਲ ਲਪੇਟੀ ਹੋਈ ਸੀ। ਉਨ੍ਹਾਂ ਦਾ ਇਹ ਰੂਪ ਉਨ੍ਹਾਂ ਦਾ ਮਜ਼ਾਕ ਉਡਾਉਣ ਅਤੇ ਉਨ੍ਹਾਂ ਦੀ ਬੇਇਜ਼ਤੀ ਕਰਨ ਵਾਸਤੇ ਬਣਾਇਆ ਗਿਆ ਸੀ। ਉਨ੍ਹਾਂ ਨੂੰ ਦੋ-ਦੋ ਕਰ ਕੇ ਕਾਠੀਆਂ ਤੋਂ ਸੱਖਣੇ ਊਠਾਂ ਉੱਤੇ ਲੱਦਿਆ ਹੋਇਆ ਸੀ। ਇਸ ਜਲੂਸ ਦੇ ਪਿੱਛੇ ਮੁਹੰਮਦ ਅਮੀਨ ਖ਼ਾਨ, ਉਸ ਦਾ ਪੁੱਤਰ ਕਮਰ-ਉਦ-ਦੀਨ ਖ਼ਾਨ ਅਤੇ ਜ਼ਕਰੀਆ ਖ਼ਾਨ (ਪੁਤਰ ਅਬਦੁਸ ਸਮਦ ਖ਼ਾਨ) ਜੇਤੂਆਂ ਵਾਂਗ ਆਕੜ-ਆਕੜ ਕੇ ਚਲ ਰਹੇ ਸਨ। ਇਹ ਜਲੂਸ ਲਾਹੌਰੀ ਗੇਟ ਦੇ ਰਸਤੇ ਦਿੱਲੀ ਸ਼ਹਿਰ ਵਿਚ ਦਾਖ਼ਿਲ ਹੋਇਆ[239] ਇਸ ਜਲੂਸ ਨੂੰ ਵੇਖਣ ਵਾਸਤੇ ਸਾਰੀ ਦਿੱਲੀ ਸੜਕਾਂ 'ਤੇ ਆਈ ਹੋਈ ਸੀ। ਸ਼ਹਿਰ ਵਿਚ ਕੋਈ ਵੀ ਸ਼ਖ਼ਸ ਐਸਾ ਨਹੀਂ ਸੀ ਰਿਹਾ ਜਿਸ ਨੇ ਇਹ

---

[236] (ਮੁਹੰਮਦ ਹਾਰਸੀ, ਇਬਾਰਤਨਾਮਾ, ਸਫ਼ਾ 86-87, ਕਾਮਵਰ, ਸਫ਼ਾ 460)

[237] (ਅਹਵਾਲ-ਉਲ-ਖ਼ਵਾਕੀਨ, ਸਫ਼ੇ 121-124)

[238] (ਅਖਬਾਰਾਤਿ-ਦਰਬਾਰਿ-ਮੁਅੱਲਾ ਦੀ 29.2.1716 ਦੀ ਰਿਪੋਰਟ)

[239] (ਇਰਵਿਨ, ਜਿਲਦ ਦੂਜੀ, ਸਫ਼ਾ 316)

ਨਜ਼ਾਰਾ ਵੇਖਿਆ ਨਾ ਹੋਵੇ। ਲੱਖਾਂ ਲੋਕਾਂ ਦੀਆਂ ਭੀੜਾਂ ਕਾਰਨ ਇਨੀ ਘੁੱਟਣ ਸੀ ਕਿ ਇਸ ਮੌਕੇ 'ਤੇ ਸਾਹ ਲੈਣਾ ਵੀ ਮੁਸ਼ਕਿਲ ਹੋਇਆ ਪਿਆ ਸੀ। ਲੋਕ ਸਿੱਖਾਂ ਨੂੰ ਮਜ਼ਾਕ ਕਰ ਰਹੇ ਸਨ, ਤਾਅਨੇ ਦੇ ਰਹੇ ਸਨ, ਗਾਲ੍ਹਾਂ ਕੱਢ ਰਹੇ ਸਨ, ਉਨ੍ਹਾਂ ਦੀ ਤੋਏ-ਤੋਏ ਕਰ ਰਹੇ ਸਨ, ਬੇਇੱਜ਼ਤੀ ਕਰ ਰਹੇ ਸਨ ਅਤੇ ਉਨ੍ਹਾਂ ਵੱਲ ਵੇਖ ਕੇ ਕੋਝੀਆਂ ਸੈਨਤਾਂ ਕਰ ਰਹੇ ਸਨ। ਕਈ ਲੋਕ ਹੂ-ਹੂ ਕਰ ਕੇ ਤਾੜੀਆਂ ਮਾਰ ਰਹੇ ਸਨ ਅਤੇ ਖ਼ੁਸ਼ੀ ਵਿਚ ਖੀਵੇ ਹੋ ਕੇ ਨੱਚ ਰਹੇ ਸਨ। **ਪਰ ਸਿੱਖਾਂ ਦੇ ਚਿਹਰਿਆਂ ''ਤੇ ਜ਼ਰਾ ਜਿੰਨੀ ਵੀ ਮਾਯੂਸੀ, ਪੀੜ ਜਾਂ ਅਫ਼ਸੋਸ ਨਹੀਂ ਸੀ। ਉਹ ਆਪਣੇ ਆਪ ਨੂੰ ਹਾਰੇ ਹੋਏ ਨਹੀਂ ਸਨ ਮਹਿਸੂਸ ਕਰਦੇ। ਉਹ ਸ਼ਬਦ ਗਾ ਰਹੇ ਸਨ ਅਤੇ ਵਾਹਿਗੁਰੂ ਦਾ ਜਾਪ ਕਰਦੇ ਜਾ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਇੰਝ ਜਾਪਦਾ ਸੀ ਕਿ ਜਿਵੇਂ ਉਨ੍ਹਾਂ ਨੂੰ ਕੁਝ ਵੀ ਨਾ ਹੋਇਆ ਹੋਵੇ।**[240]

ਮੁਹੰਮਦ ਕਾਸਿਮ ਔਰੰਗਾਬਾਦੀ[241] ਲਿਖਦਾ ਹੈ: ਉਸ ਇਕੱਠ ਵਿਚੋਂ ਇਕ ਆਦਮੀ ਸੁਰੀਲੀ ਆਵਾਜ਼ ਨਾਲ ਨਕਸ਼ਾ ਬੰਨ੍ਹ ਰਿਹਾ ਸੀ (ਸ਼ਬਦ ਗਾ ਰਿਹਾ ਸੀ) ਅਤੇ ਕਹਿ ਰਿਹਾ ਸੀ ਕਿ "ਖ਼ੁਦਾ ਦਾ ਸ਼ੁਕਰ ਹੈ ਕਿ ਅਸੀਂ ਅਮਲਾਂ ਦੇ ਘਰ (ਇਸ ਦੁਨੀਆਂ) ਨੂੰ ਨਾਸ਼ਵਾਨ ਘਰ ਪਾਇਆ ਅਤੇ ਇਹ ਗੱਲ ਯਕੀਨ ਦੇ ਨੇੜੇ ਹੈ ਕਿ ਅਸੀਂ (ਮੌਤ ਮਗਰੋਂ) ਸਦੀਵੀ ਜ਼ਿੰਦਗੀ ਦਾ ਅਨੰਦ ਲਵਾਂਗੇ"। ਭੈੜੇ ਦਿਲ ਵਾਲਿਆ ਦੇ ਉਸ ਟੋਲੇ ਵਿਚੋਂ ਕੋਈ ਆਦਮੀ ਵੀ ਪੂਰੀ ਸਜ਼ਾ ਮਿਲਣ 'ਤੇ ਇਸ ਭਾਰੀ ਦੁਰਘਟਨਾ ਦੇ ਬਾਵਜੂਦ, ਮਥੇ 'ਤੇ ਵੱਟ ਨਹੀਂ ਪਾ ਰਿਹਾ ਸੀ ਅਤੇ ਸਾਰੇ ਖਿੜੇ ਮੱਥੇ ਜਾ ਰਹੇ ਸਨ। ਜਦ ਭਾਈ ਬੰਦਾ ਸਿੰਘ ਬਹਾਦੁਰ ਨੂੰ ਬਾਦਸ਼ਾਹ ਫ਼ਰੱਖ਼ਸੀਅਰ ਕੋਲ ਪੇਸ਼ ਕੀਤਾ ਗਿਆ ਸੀ। ਬਾਦਸ਼ਾਹ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਪੁੱਛਿਆ ਕਿ **"ਤੂੰ ਆਪਣੇ ਵਾਸਤੇ ਕਿਹੋ ਜਿਹੀ ਮੌਤ ਚੁਣੇਂਗਾ?"** [242]ਇਸ 'ਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਇਕ ਦਮ ਕਿਹਾ **"ਜਿਹੋ ਜਿਹੀ ਬਾਦਸ਼ਾਹ ਆਪਣੀ ਮੌਤ ਚਾਹਵੇਗਾ।"**[243] **ਉਂਝ, ਮਗਰੋਂ ਫ਼ਰੱਖ਼ਸੀਅਰ ਨੂੰ ਵੀ ਉਹੀ ਮੌਤ ਮਿਲੀ ਸੀ ਜਿਹੜੀ ਉਸ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਦਿੱਤੀ ਸੀ,** ਫ਼ਰੱਖ਼ਸੀਅਰ ਨੂੰ ਪਹਿਲਾਂ ਅੰਨ੍ਹਾ ਕੀਤਾ ਗਿਆ ਅਤੇ ਫਿਰ ਕੁੱਝ ਸਮੇਂ ਮਗਰੋਂ ਮਾਰ ਵੀ ਦਿਤਾ ਗਿਆ ਸੀ। ਮੁਹੰਮਦ ਕਾਸਿਮ ਔਰੰਗਾਬਾਦੀ ਕਹਿੰਦਾ ਹੈ ਕਿ ਜਦੋਂ ਫਰਖ਼ਸ਼ੀਅਰ ਸਿੱਖਾਂ ਦੇ ਚਿਹਰਿਆਂ ਵੱਲ ਤਕਦਾ ਹੈ, ਤਾਂ ਘਬਰਾ ਜਾਂਦਾ ਹੈ। ਉਹ ਵਰਨਣ ਕਰਦਾ ਹੈ ਕਿ ਉਨ੍ਹਾਂ ਦੇ ਚਿਹਰੇ ਜੁਸ਼ੀਲੇ ਅਤੇ ਰੋਅਬ ਭਰੇ ਸਨ। ਉਹ ਜੋ ਥੌੜਾ ਚਿਰ ਹੋਰ ਜਿਉਂਦੇ ਰਹਿੰਦੇ ਤਾਂ ਉਨ੍ਹਾਂ ਨੂੰ ਖਦੇੜਣਾ ਬਹੁਤ ਮੁਸ਼ਕਿਲ ਸੀ।[244]

ਗ੍ਰਿਫ਼ਤਾਰ ਸਿੱਖਾਂ ਦੇ ਕਤਲੇਆਮ ਦਾ ਹੁਕਮ

6 ਮਾਰਚ 1716 ਦੇ ਦਿਨ ਬਾਦਸ਼ਾਹ ਨੇ ਸਰਬਰਾਹ ਖ਼ਾਨ ਕੋਤਵਾਲ ਨੂੰ ਹੁਕਮ ਦਿਤਾ ਕਿ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਖ਼ਾਸ 17 ਸਾਥੀਆਂ ਨੂੰ ਛੱਡ ਕੇ ਬਾਕੀ ਦੇ ਹਰ ਰੋਜ਼ ਇਕ-ਇਕ ਸੌ ਕਰ ਕੇ ਕਤਲ ਕਰ ਦਿੱਤੇ ਜਾਣ।[245] ਇਸੇ ਦਿਨ ਇਨ੍ਹਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਸ਼ਰਤ 'ਤੇ ਜਾਨ ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ, ਪਰ ਇੱਕ ਵੀ

[240] (ਸੀ.ਆਰ. ਵਿਲਸਨ, ਅਰਲੀ ਐਨਲਜ਼ ਆਫ਼ ਇੰਗਲਿਸ਼ ਇਨ ਬੰਗਾਲ, ਸਫ਼ਾ 96-98, ਮਿਰਜ਼ਾ ਮੁਹੰਮਦ ਹਾਰਸੀ, ਇਬਰਤਨਾਮਾ, ਸਫ਼ਾ 52 ਬੀ ਤੋਂ 53 ਏ)

[241] (ਅਹਵਾਲ-ਉਲ-ਖ਼ਵਾਕੀਨ, ਸਫ਼ੇ 121-124)

[242] (ਅਹਿਵਾਲ-ਇ-ਅਦੀਨਾ ਬੇਗ, ਪੰਨਾਂ 20.)

[243] (ਅਹਵਾਲ-ਉਲ-ਖਵਾਕੀਨ ਬੇਗ਼, ਸਫ਼ਾ 20)

[244] (ਅਹਿਵਾਲ-ਉਲ-ਖਵਾਕੀਨ, ਪੰਨੇ 121-124)

[245] (ਅਖਬਾਰਾਤਿ-ਦਰਬਾਰਿ-ਮੁਅੱਲਾ ਦੀ 5.3.1716 ਦੀ ਰਿਪੋਰਟ)

ਸਿੱਖ ਮੁਸਲਮਾਨ ਬਣਨ ਵਾਸਤੇ ਰਾਜ਼ੀ ਨਾ ਹੋਇਆ। ਉਹ ਸਾਰੇ 'ਵਾਹਿਗੁਰੂ ਵਾਹਿਗੁਰੂ' ਕਹਿੰਦੇ ਹੋਏ ਸ਼ਹੀਦ ਹੋ ਗਏ। ਉਹ ਤਾਂ ਸਗੋਂ ਇਹ ਕਹਿੰਦੇ ਰਹੇ 'ਮੁਕਤਾ (ਮੁਕਤ ਕਰਨ ਵਾਲਾ, ਯਾਨਿ ਜੱਲਾਦ), ਮੈਨੂੰ ਪਹਿਲੋਂ ਸ਼ਹੀਦ ਕਰ।'[246] ਇਹ ਸ਼ਹੀਦੀਆਂ ਉਦੋਂ ਦੀ ਕੋਤਵਾਲੀ ਦੇ ਬਾਹਰ, ਚਾਂਦਨੀ ਚੌਕ ਵਿਚ ਸਨ।[247] ਇਸ ਸੰਬੰਧੀ ਦਿੱਲੀ ਵਿਚ ਰਹਿ ਰਹੇ ਫ਼ੋਰਟ ਵਿਲੀਅਮ, ਕਲਕੱਤਾ, ਦੇ ਗਵਰਨਰ ਦੇ ਨੁਮਾਇੰਦਿਆਂ ਜੌਹਨ ਸੁਰਮਨ ਅਤੇ ਐਡਵਰਡ ਸਟੀਫ਼ਨਸਨ (ਦੋ ਅੰਗ੍ਰੇਜ਼ਾਂ) ਨੇ 10 ਮਾਰਚ 1716 ਨੂੰ ਆਪਣੇ ਗਵਰਨਰ ਨੂੰ ਲਿਖੀ ਇਕ ਚਿੱਠੀ ਵਿਚ ਇਨ੍ਹਾਂ ਸ਼ਹੀਦੀਆਂ ਦਾ ਅੱਖੀਂ ਡਿੱਠਾ ਹਾਲ ਇਨ੍ਹਾਂ ਲਫ਼ਜ਼ਾਂ ਵਿਚ ਬਿਆਨ ਕੀਤਾ ਸੀ:

"The great Rebel Gooroo who has been for these past 20 years so troublesome to the Subaship of Lahore, is at length taken with all his family and attendance by Abd-us-Samad Cawn, the Suba of that province. Some days ago they entered the city laden with fetters, his whole attendance which were left alive being about seven hundred and eighty, all severally mounted on camels which were sent out of the city for that purpose, besides about two thousand heads struck upon poles, being those who died by the sword in battle. He was carried into the presence of the King, and from thence to a close prison. He, at present, has his life prolonged with most of his mutsuddys, in hope to get an account of his treasure in the several parts of his kingdom and of those who assisted him, when afterwards he will be executed; for the rest there are 100 each day beheaded. It is not a little remarkable with what patience they undergo their fate, and to the last it has not been found that one apostatised from his new formed Religion".

700 ਸਿੱਖਾਂ ਦਾ ਕਤਲੇਆਮ

700 ਸਿੱਖਾਂ ਨੂੰ ਚਾਂਦਨੀ ਚੌਕ ਵਿਚ, 100-100 ਹਰ ਰੋਜ਼ ਕਤਲ ਕਰ ਕੇ, 6 ਤੋਂ 12 ਮਾਰਚ ਤੱਕ ਸ਼ਹੀਦ ਕਰ ਦਿਤਾ ਗਿਆ। ਉਨ੍ਹਾਂ ਦੀਆਂ ਲਾਸ਼ਾਂ ਦੇ ਟੁੱਕੜੇ ਕਰ ਕੇ ਦਿੱਲੀ ਸ਼ਹਿਰ ਵਿਚ ਚਾਰੇ ਪਾਸੇ ਲਟਕਾ ਦਿੱਤੇ ਗਏ ਤਾਂ ਜੋ ਲੋਕਾਂ ਵਿਚ ਦਹਿਸ਼ਤ ਫੈਲਾਈ ਜਾ ਸਕੇ। ਕੁੱਝ ਹੀ ਦਿਨਾਂ ਵਿਚ ਇਨ੍ਹਾਂ ਲਾਸ਼ਾਂ ਦੇ ਟੁੱਕੜਿਆਂ ਦਾ ਮਾਸ ਗਿਰਝਾਂ ਨੇ ਖਾ ਲਿਆ ਪਰ ਇਨ੍ਹਾਂ ਦੇ ਪਿੰਜਰ ਅਤੇ ਹੱਡੀਆਂ ਕਾਫ਼ੀ ਦੇਰ ਤਕ ਲਟਕਦੀਆਂ ਰਹੀਆਂ। **ਮੁਸਲਮਾਨਾਂ ਦੇ ਬੱਚੇ ਇਨ੍ਹਾਂ ਹੱਡੀਆਂ ਨੂੰ ਵੀ ਪੱਥਰ ਮਾਰ-ਮਾਰ ਕੇ ਆਪਣਾ ਗੁੱਸਾ ਸਿੱਖਾਂ 'ਤੇ ਕੱਢਦੇ ਰਹੇ।** (ਤਾਰੀਖ਼ੇ ਮੁਹੰਮਦ ਸ਼ਾਹੀ) ਇਸ ਦੇ ਨਾਲ ਹੀ ਬਾਦਸ਼ਾਹ ਨੇ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ 17 ਸਾਥੀਆਂ ਨੂੰ ਟਿੱਕਾ ਰਾਮ ਦੇ ਸਪੁਰਦ ਕਰਨ ਦਾ ਹੁਕਮ ਦਿਤਾ।(ਪਹਿਲਾਂ ਉਨ੍ਹਾਂ ਦੀ ਗਿਣਤੀ ਸਤਾਰ੍ਹਾਂ ਸੀ; ਦੋ ਹੋਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਹ ਵੀ ਇਸ ਸਮੂਹ ਵਿਚ ਸ਼ਾਮਲ ਕਰ ਦਿੱਤੇ ਗਏ ਸਨ।) ਭਾਈ

---

[246] (ਖ਼ਾਫ਼ੀ ਖ਼ਾਨ, ਮੁੰਤਖ਼ਾਬੁਲ-ਉਲ-ਲੁਬਾਬ, ਭਾਗ 2, ਪੰਨਾ 766, ਹਕੀਕਤ-ਇ-ਬੀਨਾ-ਓ-ਅਰੂਜ਼-ਇ-ਸਿੱਖਾ, ਪੰਨਾਂ 10)

[247] (ਸੀ.ਆਰ. ਵਿਲਸਨ, ਅਰਲੀ ਐਨਲਜ਼ ਆਫ਼ ਇੰਗਲਿਸ਼ ਇਨ ਬੰਗਾਲ, ਸਫ਼ੇ 96-98)

ਬੰਦਾ ਸਿੰਘ ਬਹਾਦੁਰ ਦੀ ਪਤਨੀ (ਸੁਸ਼ੀਲ ਕੋਰ), ਉਸ ਦੇ ਪੁੱਤਰ ਅਜੈ ਸਿੰਘ ਅਤੇ ਉਨ੍ਹਾਂ ਦੀ ਇਕ ਗੋਲੀ ਨੂੰ ਦਰਬਾਰ ਖ਼ਾਨ ਨਾਜ਼ਿਰ ਦੀ ਕੈਦ ਵਿਚ ਭੇਜ ਦਿਤਾ ਗਿਆ। ਸੱਤ ਮਾਰਚ ਨੂੰ ਮੁਮਤਾਜ਼ ਖ਼ਾਨ ਅਖ਼ਤਰ ਬੇਗ਼ੀ ਨੇ ਅਬਦੁਸ ਸਮਦ ਖ਼ਾਨ ਵੱਲੋਂ ਭੇਜੇ 16 ਘੋੜੇ-ਘੋੜੀਆਂ ਬਾਦਸ਼ਾਹ ਨੂੰ ਭੇਂਟ ਕੀਤੇ। ਇਨ੍ਹਾਂ ਵਿਚੋਂ 3 ਘੋੜੇ ਤੇ 6 ਘੋੜੀਆਂ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਸਨ। ।

ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਦੀ ਦਾਸਤਾਨ

ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਬਾਕੀ ਸਾਥੀਆਂ ਨੂੰ ਤਿੰਨ ਮਹੀਨੇ ਬਹੁਤ ਤਸੀਹੇ ਦਿਤੇ ਗਏ। ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਸੂਰਤ ਵਿਚ ਜਾਨ-ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ। 9 ਜੂਨ 1716 ਦੇ ਦਿਨ ਬਾਦਸ਼ਾਹ ਨੇ ਹੁਕਮ ਦਿਤਾ ਕਿ ਇਬਰਾਹੀਮ-ਉਦ-ਦੀਨ (ਮੀਰ-ਆਤਿਸ਼) ਅਤੇ ਸਰਬਰਾਹ ਖ਼ਾਨ ਕੋਤਵਾਲ ਭਾਈ ਬੰਦਾ ਸਿੰਘ ਬਹਾਦੁਰ ਨੂੰ ਤਿਰਪੋਲੀਆ ਦੇ ਕਿਲ੍ਹੇ ਵਿਚੋਂ ਖ੍ਵਾਜਾ ਕੁਤਬ-ਉਦ-ਦੀਨ ਦੀ ਦਰਗਹ ਦੇ ਨੇੜੇ ਲੈ ਜਾਣ ਅਤੇ ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦੇਣ।[248] ਬਾਦਸ਼ਾਹ ਦਾ ਹੁਕਮ ਸੀ ਕਿ ਉਸ ਦੀ ਜ਼ਬਾਨ ਕੱਟੀ ਜਾਵੇ, ਅੱਖਾਂ ਕੱਢੀਆਂ ਜਾਣ ਅਤੇ ਉਸ ਦੀ ਚਮੜੀ ਉਧੇੜ ਦਿਤੀ ਜਾਏ। ਉਸ ਦੀਆਂ ਹੱਡੀਆਂ ਤੋਂ ਮਾਸ ਨੋਚਿਆ ਜਾਵੇ ਅਤੇ ਉਸ ਦੇ ਪੁੱਤਰ ਨੂੰ ਵੀ ਕਤਲ ਕਰ ਦਿਤਾ ਜਾਵੇ। ਬਾਦਸ਼ਾਹ ਦਾ ਹੁਕਮ, ਕਿ ਬੰਦੇ ਨੂੰ ਪਹਿਲਾਂ ਆਪਣਾ ਪੁੱਤਰ ਕਤਲ ਕਰਨ ਵਾਸਤੇ ਕਿਹਾ ਜਾਵੇ, ਦਾ ਜ਼ਿਕਰ ਸਿਰਫ਼ ਖ਼ਾਫ਼ੀ ਖ਼ਾਨ ਹੀ ਕਰਦਾ ਹੈ। ਬਾਦਸ਼ਾਹ ਦੇ ਹੁਕਮ ਮੁਤਾਬਿਕ ਭਾਈ ਬੰਦਾ ਸਿੰਘ ਬਹਾਦੁਰ, ਉਸ ਦਾ ਪੁੱਤਰ ਅਤੇ ਬਾਕੀ ਸਿੱਖ ਖਵਾਜਾ ਕੁਤਬਦੀਨ ਦੀ ਦਰਗਾਹ ਕੋਲ, ਮਹਿਰੋਲੀ ਵਿਚ ਲਿਜਾਏ ਗਏ।(ਕਾਮਵਾਰ ਨੇ ਦੱਸਿਆ ਕਿ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਲ 17 ਸਾਥੀ ਸਨ ਪਰੰਤੂ ਕੁਝ ਦਿਨਾਂ ਬਾਅਦ ਹੋਰ ਸਿੱਖਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ।) ਪਹਿਲਾਂ ਇਨ੍ਹਾਂ ਸਿੱਖਾਂ ਨੂੰ ਬਹਾਦਰ ਸ਼ਾਹ ਦੀ ਕਬਰ ਦੇ ਦੁਆਲੇ ਘੁੰਮਾਇਆ ਗਿਆ ਅਤੇ ਫਿਰ ਕਤਲ ਕਰਨ ਵਾਲੀ ਥਾਂ ਲਿਆਦਾ ਗਿਆ। ਕਾਮਵਰ ਇਨ੍ਹਾਂ ਦੀ ਗਿਣਤੀ ਸਤਾਰਾਂ ਲਿਖਦਾ ਹੈ, ਪਰ ਕਤਲ ਵੇਲੇ ਇਨ੍ਹਾਂ ਦੀ ਗਿਣਤੀ 26 ਦਸਦਾ ਹੈ। ਹੋ ਸਕਦਾ ਹੈ ਕਿ 9 ਜਣੇ ਹੋਰ ਗ੍ਰਿਫ਼ਤਾਰ ਕਰਕੇ ਵੀ ਇਨ੍ਹਾਂ ਦੇ ਨਾਲ ਹੀ ਸ਼ਹੀਦ ਕੀਤੇ ਗਏ ਹੋਣ)। ਗਣੇਸ਼ ਦਾਸ ਵਡ੍ਹੇਰਾ ਰਸਾਲਾ ਸਾਹਿਬ ਨੂੰ, ਸਫ਼ਾ 197 ਮੁਤਾਬਿਕ ਕਤਲ ਤੋਂ ਪਹਿਲਾਂ ਇਨ੍ਹਾਂ ਸਾਰਿਆਂ ਨੂੰ ਮੁਸਲਮਾਨ ਬਣਨ ਦੀ ਸ਼ਰਤ 'ਤੇ ਜਾਨ ਮੁਆਫ਼ੀ ਦੀ ਪੇਸ਼ਕਸ਼ ਕੀਤੀ ਗਈ ਪਰ ਇਕ ਵੀ ਸਿੱਖ ਨੇ ਇਹ ਪੇਸ਼ਕਸ਼ ਕਬੂਲ ਨਾ ਕੀਤੀ ਅਤੇ ਸਭ ਨੇ 'ਵਾਹਿਗੁਰੂ ਵਾਹਿਗੁਰੂ' ਆਖ ਕੇ ਆਪਣੀ ਗਰਦਨ ਜੱਲਾਦ ਮੂਹਰੇ ਕਰਕੇ ਸ਼ਹੀਦ ਹੋਣਾ ਮਨਜ਼ੂਰ ਕੀਤਾ (ਆਂ ਗ੍ਰਿਫ਼ਤਾਰਾਨਿ ਬੇਗ਼ਮ ਖ਼ੁਦ ਗਰਦਨ ਪੇਸ਼ਿ ਜੱਲਾਦਾਂ ਮੀ ਨਿਹਾਦੰਦ। ਵਾਹਗੁਰੂ ਵਾਹਗੁਰੂ ਗੋਯਾਂ ਜਾਂ ਮੀ ਦਾਦੰਦ)।

ਸਭ ਤੋਂ ਪਹਿਲਾਂ ਭਾਈ ਬੰਦਾ ਸਿੰਘ ਬਹਾਦੁਰ ਨੂੰ ਪਿੰਜਰੇ ਵਿੱਚੋਂ ਕੱਢ ਕੇ ਜ਼ਮੀਨ 'ਤੇ ਬਿਠਾਇਆ ਗਿਆ। ਫਿਰ ਉਸ ਦਾ ਸੱਜਾ ਹੱਥ ਆਜ਼ਾਦ ਕਰਕੇ ਉਸ ਵਿਚ ਛੁਰਾ ਫੜਾਇਆ ਗਿਆ ਅਤੇ ਉਸ ਨੂੰ ਆਪਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਨ ਵਾਸਤੇ ਕਿਹਾ ਗਿਆ (ਅਜੈ ਸਿੰਘ ਦੀ ਉਮਰ ਸੋਹਨ ਲਾਲ ਸੂਰੀ ਛੇ ਸਾਲ ਅਤੇ ਖ਼ਾਫ਼ੀ ਖ਼ਾਨ ਸੱਤ-ਅੱਠ ਸਾਲ ਲਿਖਦਾ ਹੈ ਜੋ ਗ਼ਲਤ ਹੈ)।{ਅਜੈ ਸਿੰਘ, ਸੁਸ਼ੀਲ ਕੌਰ ਦਾ ਪੁੱਤਰ ਸੀ। ਭਾਈ ਬੰਦਾ ਸਿੰਘ ਬਹਾਦੁਰ ਦਾ ਵਿਆਹ ਜਨਵਰੀ 1711 ਵਿਚ ਹੋਇਆ ਸੀ ਅਤੇ ਅਜੈ ਸਿੰਘ ਮਾਰਚ 1712 ਦੇ ਅਖੀਰ ਵਿਚ

---

[248](ਅਖਬਾਰਾਤਿ-ਦਰਬਾਰਿ-ਮੁਅੱਲਾ, 9.6.1716 ਦੀ ਰਿਪੋਰਟ)

ਪੈਦਾ ਹੋਇਆ ਸੀ। ਇਸ ਲਈ ਉਹ ਆਪਣੀ ਸ਼ਹਾਦਤ ਸਮੇਂ ਪੰਜ ਸਾਲ ਤੋਂ ਘੱਟ ਉਮਰ ਦਾ ਸੀ।} ਇਸ ਵੇਲੇ ਭਾਈ ਬੰਦਾ ਸਿੰਘ ਬਹਾਦੁਰ ਚੁਪ ਚਾਪ ਅਡੋਲ ਬੈਠਾ ਰਿਹਾ। **ਇਸ 'ਤੇ ਜੱਲਾਦ ਨੇ ਉਸ ਦੇ ਪੁੱਤਰ ਨੂੰ ਕਤਲ ਕੀਤਾ ਅਤੇ ਉਸ ਦਾ ਕਲੇਜਾ ਭਾਈ ਬੰਦਾ ਸਿੰਘ ਬਹਾਦੁਰ ਦੇ ਮੂੰਹ ਵਿਚ ਧੱਕਣ ਦੀ ਕੋਸ਼ਿਸ਼ ਕੀਤੀ। ਭਾਈ ਬੰਦਾ ਸਿੰਘ ਬਹਾਦੁਰ ਮੂੰਹ ਘੁੱਟ ਕੇ ਬੈਠਾ ਰਿਹਾ।** ਮੁਹੰਮਦ ਕਾਸਿਮ ਔਰੰਗਾਬਾਦੀ [249] **ਪਹਿਲਾਂ ਉਸ ਦੇ ਬੱਚੇ ਦਾ ਬੰਦ-ਬੰਦ ਕੱਟਿਆ ਗਿਆ, ਪਰ ਉਸ ਨੇ ਕੋਈ ਹਰਫ਼ ਆਪਣੀ ਜ਼ੁਬਾਨ 'ਤੇ ਨਾ ਲਿਆਦਾ। ਆਪਣੀ ਅੱਖ ਵਿਚੋਂ ਹੰਝੂ ਕੇਰਨਾ ਤਾਂ ਇਕ ਪਾਸੇ ਰਿਹਾ ਬਲਕਿ ਮੱਥੇ ਵੱਟ ਤੱਕ ਨਾ ਪਾਇਆ ਅਤੇ ਮੁਸਕੁਰਾਉਣ ਵਾਲਾ ਮੂੰਹ ਬਣਾਇਆ ਹੋਇਆ ਸੀ। ਭਾਈ ਬੰਦਾ ਸਿੰਘ ਬਹਾਦੁਰ ਦੇ ਬੱਚੇ ਨੂੰ ਕਤਲ ਕਰਨ ਮਗਰੋਂ ਇਕ ਤੇਜ਼ਧਾਰ ਹਥਿਆਰ ਨਾਲ ਭਾਈ ਬੰਦਾ ਸਿੰਘ ਬਹਾਦੁਰ ਦੀ ਸੱਜੀ ਅੱਖ ਕੱਢੀ ਗਈ ਅਤੇ ਫਿਰ ਖੱਬੀ ਅੱਖ ਦਾ ਡੇਲਾ ਵੀ ਕੱਢ ਦਿਤਾ ਗਿਆ। ਇਸ ਮਗਰੋਂ ਉਸ ਦਾ ਖੱਬਾ ਪੈਰ ਅਤੇ ਫਿਰ ਸੱਜਾ ਪੈਰ ਵੱਢੇ ਗਏ। ਅਗਲਾ ਵਾਰ ਉਸ ਦੇ ਦੋਹਾਂ ਹੱਥਾਂ 'ਤੇ ਕੀਤਾ ਗਿਆ। ਇਸ ਮਗਰੋਂ ਜੰਬੂਰਾਂ ਨਾਲ ਉਸ ਦਾ ਮਾਸ ਨੋਚਿਆ ਗਿਆ ਅਤੇ ਅਖ਼ੀਰ ਇਕ ਹਥੌੜਾ ਮਾਰ ਕੇ ਉਸ ਦਾ ਸਿਰ ਵੀ ਫੇਹ ਦਿਤਾ ਗਿਆ। ਇਸ ਮਗਰੋਂ ਉਸ ਦੀ ਲਾਸ਼ ਦੇ ਟੁੱਕੜੇ-ਟੁੱਕੜੇ ਕਰ ਦਿਤੇ ਗਏ।**

ਇਸ ਵੇਲੇ ਕੋਤਵਾਲ ਸਰਬਰਾਹ ਖ਼ਾਨ ਅਤੇ ਮੀਰ ਆਤਿਸ਼ ਇਬਰਾਹੀਮ ਖ਼ਾਨ ਆਪ ਹਾਜ਼ਿਰ ਸਨ।[250]

ਬੰਦਾ ਸਿੰਘ ਬਹਾਦੁਰ ਅਤੇ ਸਿੱਖਾਂ ਦੇ ਬਿਆਨ

ਜਦ ਭਾਈ ਬੰਦਾ ਸਿੰਘ ਬਹਾਦੁਰ ਨੂੰ ਦਿੱਲੀ ਲਿਆਂਦਾ ਗਿਆ ਤਾਂ ਉਸ ਦੀਆਂ ਕੁੱਝ ਗੱਲਾਂ ਮੁਸਲਮਾਨ ਲਿਖਾਰੀਆਂ ਨੇ ਕਲਮਬੰਦ ਕੀਤੀਆਂ ਸਨ। ਖ਼ਾਫ਼ੀ ਖ਼ਾਨ ਲਿਖਦਾ ਹੈ: ਮੁਹੰਮਦ ਅਮੀਨ ਖ਼ਾਨ ਨੇ ਉਸ ਨੂੰ ਪੁੱਛਿਆ ਕਿ ਤੈਨੂੰ ਕਿਸ ਕਰਕੇ ਇਸ ਜੰਗ ਵਾਸਤੇ ਮਜ਼ਬੂਰ ਹੋਣਾ ਪਿਆ ਤਾਂ ਭਾਈ ਬੰਦਾ ਸਿੰਘ ਬਹਾਦੁਰ ਨੇ ਜਵਾਬ ਦਿਤਾ: **"ਜੱਦ (ਰੱਬ ਤੋਂ) ਬੇਮੁਖਤਾ ਅਤੇ ਪਾਪ ਹੱਦੋਂ ਵੱਧ ਜਾਂਦੇ ਹਨ ਤਾਂ ਸੱਚਾ ਰੱਬ ਇਨ੍ਹਾਂ ਪਾਪਾਂ ਦਾ ਫ਼ਲ ਭੁਗਤਾਣ ਵਾਸਤੇ ਮੇਰੇ ਵਰਗਾ ਬੰਦਾ ਮੁਕੱਰਰ ਕਰ ਦਿੰਦਾ ਹੈ ਤਾਂ ਜੋ ਉਸ ਜਮਾਤ ਨੂੰ ਕਰਮਾਂ ਦੀ ਸਜ਼ਾ ਦੇਣ ਦਾ ਕਾਰਨ ਬਣੇ। ਜਦੋਂ ਉਹ ਦੁਨੀਆਂ ਨੂੰ ਉਜਾੜਨਾ ਚਾਹੁੰਦਾ ਹੈ ਤਾਂ ਉਹ ਦੇਸ਼ ਨੂੰ ਜ਼ਾਲਮਾਂ ਦੇ ਪੰਜੇ ਵਿਚ ਦੇ ਦਿੰਦਾ ਹੈ।"**[251]। ਮੁਹੰਮਦ ਹਾਰਸੀ ਇਬਾਰਤਨਾਮਾ ਵਿਚ ਲਿਖਦਾ ਹੈ ਕਿ ਜਦ ਕੋਈ ਸਿੱਖ ਕੈਦੀਆਂ ਨੂੰ ਕਹਿੰਦਾ ਕਿ 'ਤੁਹਾਨੂੰ ਤਾਂ ਮਾਰ ਦੇਣਗੇ' ਤਾਂ ਉਹ ਜਵਾਬ ਦਿੰਦੇ: "ਬਿਕੁਸ਼ੇਦ! ਮਾ ਅਜ਼ ਕੁਸ਼ਤਨ ਕੈ ਮੀ ਤਰਸੇਮ? ਵ ਅਗਰ ਮੀ ਤਰਸੀਦੇਮ; ਚਿਰਾ ਬਾ ਸ਼ੁਮਾ ਈਂ ਕਦਰ ਜੰਗਹਾ ਮੀ ਕਰਦੇਮ! ਵ ਮਾ ਮਹਜ਼ ਬ-ਸਬੱਬ ਗੁਰਸਨਗੀ ਵ ਫ਼ੱਕਦਾਨਿ ਆਜ਼ੂਕਾ ਬ-ਦਸਤਿ ਸ਼ੁਮਾ ਉਫ਼ਤਾਦੇਮ! ਵ ਇੱਲਾ ਹਕੀਕਤ ਬਹਾਦਰੀ-ਮਾ ਜ਼ਯਾਦਾ ਅਜ਼ ਆਂਚਿਹ ਦੀਦ ਆਯਦ, ਮੱਲੂਮ ਸ਼ੁਮਾ ਮੀ ਸ਼ੁਦ!" (**"ਮਾਰੋ ਨਿਸ਼ੰਗ! ਅਸੀਂ ਕੋਈ ਮਰਨੋਂ ਡਰਦੇ ਆਂ? ਜੇ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਇਨੀ ਘੋਰ ਜੰਗ ਕਿਉਂ ਕਰਦੇ। ਅਸੀਂ ਤਾਂ ਭੁੱਖ ਅਤੇ ਖ਼ੁਰਾਕ ਦੀ ਥੁੜ ਕਾਰਨ ਤੁਹਾਡੇ ਕਾਬੂ ਆ ਗਏ ਆਂ; ਨਹੀਂ ਤਾਂ ਸਾਡੀ ਬਹਾਦਰੀ ਦੀ ਹਕੀਕਤ ਜੋ ਤੁਸੀਂ ਵੇਖੀ ਹੈ, ਇਸ ਤੋ ਵੱਧ ਤੁਹਾਨੂੰ ਮਾਲੂਮ ਹੋ ਜਾਂਦੀ**)।"

---

[249] (ਅਹਵਾਲ-ਉਲ-ਖ਼ਵਾਕੀਨ, ਸਫ਼ੇ 121-124)
[250] (ਖ਼ਾਫ਼ੀ ਖ਼ਾਨ, ਚੈਪਟਰ 2, ਸਫ਼ਾ 766-67)
[251] (ਖ਼ਾਫ਼ੀ ਖ਼ਾਨ, ਮੁੰਤਖ਼ਬੁਲ ਲੁਬਾਬ, ਸਫ਼ੇ 765-67)

ਸਿੱਖ ਨੌਜਵਾਨ ਦਾ ਐਲਾਨ – ਇਹ ਮੇਰੀ ਮਾਂ ਨਹੀਂ ਹੈ"

ਇਸ ਮੌਕੇ 'ਤੇ ਇਕ ਹੋਰ ਅਚੰਭਾ ਵੀ ਹੋਇਆ। ਇਕ ਨੌਜਵਾਨ ਸਿੱਖ ਦੀ ਮਾਂ, ਮਿੰਨਤਾਂ ਕਰਕੇ, ਰਤਨ ਚੰਦ ਦੀਵਾਨ ਦੀ ਮਦਦ ਨਾਲ, ਵੱਡੇ ਵਜ਼ੀਰ ਸ਼ੱਯਦ ਅਬਦੁੱਲਾ ਖ਼ਾਨ ਕੋਲ ਪੁੱਜ ਗਈ ਅਤੇ ਉਸ ਨੇ, ਇਹ ਝੂਠ ਬੋਲ ਕੇ ਕਿ '**ਮੇਰਾ ਪੁੱਤਰ ਸਿੱਖ ਨਹੀਂ ਹੈ**', ਆਪਣੇ ਪੁੱਤਰ ਦੀ ਰਿਹਾਈ ਦੀ ਚਿੱਠੀ ਵਸੂਲ ਕਰ ਲਈ। ਜੱਦ ਉਹ ਔਰਤ ਉਸ ਚਿੱਠੀ ਨੂੰ ਲੈ ਕੇ ਜੱਲਾਦ ਕੋਲ ਆਈ ਤੇ ਕਿਹਾ ਕਿ '**ਮੇਰਾ ਪੁੱਤਰ ਸਿੱਖ ਨਹੀਂ ਹੈ ਇਸ ਨੂੰ ਛੱਡ ਦਿਤਾ ਜਾਵੇ। ਮੈਂ ਵੱਡੇ ਵਜ਼ੀਰ ਦਾ ਹੁਕਮ ਲੈ ਆਈ ਹਾਂ।**' ਇਹ ਸੁਣ ਕੇ ਉਸ ਦਾ ਪੁੱਤਰ ਚੀਖ ਪਿਆ ਅਤੇ ਕਹਿਣ ਲਗਾ,"ਮਨ ਨਮੇ ਦਾਨਮ ਕਿ ਈਂ ਮਾਦਰ ਕੀਸਤ; ਵ ਈਂ ਅੱਰੂਸ ਅਜ਼ ਕੁਜਾ ਆਵੁਰਦਾ! ਵ ਈਂ ਚਿਗੂਨਾ ਸੁਖ਼ਨਹਾਇ ਮੀ ਗੋਯਦ! ਰਫ਼ੀਕਾਨਿ ਮਨ ਗੁਜ਼ਸ਼ਤੰਦ; ਵ ਅਕਨੂੰ ਵਕਤਿ ਮਾ ਅਜ਼ ਦਸਤ ਮੀ ਰਵੱਧ। ਵ ਈਂ ਮੁਹਲਤ ਬਾਇੱਸਿ ਆਜ਼ਾਰਿ ਮਾਸਤ!! (**ਮੈਂ ਨਹੀਂ ਜਾਣਦਾ ਕਿ ਇਹ ਮਾਂ ਕਿਸ ਦੀ ਹੈ; ਅਤੇ ਇਹ ਵਹੁਟੀ ਕਿੱਥੋਂ ਲਿਆਈ ਹੈ! ਅਰੁ ਇਹ ਕਿਹੋ ਜਿਹੀਆਂ ਗੱਲਾਂ ਪਈ ਕਰਦੀ ਐ! ਮੇਰੇ ਸਾਥੀ ਲੰਘ ਗਏ ਨੇ, ਅਤੇ ਹੁਣ ਮੇਰਾ ਵਕਤ ਹੱਥੋਂ ਜਾ ਰਿਹਾ ਹੈ ਇਹ ਘੜੀ (ਪਿੱਛੇ ਰਹਿਣਾ) ਮੇਰੇ ਵਾਸਤੇ ਦੁਖਦਾਈ ਹੈ।**" ਮੁੰਤਖ਼ਬੁਲ-ਉਲ-ਲੁਬਾਬ ਮੁਤਾਬਿਕ ਇਹ ਨੌਜਵਾਨ ਭਾਈ ਬੰਦਾ ਸਿੰਘ ਬਹਾਦੁਰ ਦਾ ਸਾਥੀ ਸੀ ਪਰ ਤਾਰੀਖ਼ੇ ਮੁਹੰਮਦ ਸ਼ਾਹੀ ਦਾ ਲੇਖਕ ਇਸ ਮੁੰਡੇ ਨੂੰ ਭਾਈ ਬੰਦਾ ਸਿੰਘ ਬਹਾਦੁਰ ਦਾ ਸਾਥੀ ਨਹੀਂ ਬਲਕਿ ਉਨ੍ਹੀਂ ਦਿਨੀਂ ਕਿਤੋਂ ਹੋਰ ਫੜਿਆ ਇਕ ਆਮ ਸਿੱਖ ਦਸਦਾ ਹੈ। ਉਸ ਮੁਤਾਬਿਕ ਇਹ ਨੌਜਵਾਨ ਵਿਆਹ ਕਰਵਾ ਕੇ ਆਇਆ ਸੀ ਅਤੇ ਉਸ ਨੂੰ ਸਿੱਖ ਹੋਣ ਕਰ ਕੇ ਗ੍ਰਿਫ਼ਤਾਰ ਕਰਕੇ ਭਾਈ ਬੰਦਾ ਸਿੰਘ ਬਹਾਦੁਰ ਦੇ ਸਾਥੀਆਂ ਨਾਲ ਸ਼ਾਮਿਲ ਕਰ ਲਿਆ ਗਿਆ ਸੀ। ਉਸ ਦੀ ਮਾਂ ਅਤੇ ਉਸ ਦੀ ਵਹੁਟੀ ਨੇ ਫ਼ੌਜਦਾਰ ਅੱਗੇ ਫ਼ਰਿਆਦ ਕੀਤੀ ਸੀ। ਪਰ ਤਾਰੀਖ਼ੇ ਮੁਹੰਮਦ ਸ਼ਾਹੀ ਦਾ ਲੇਖਕ ਉਸ ਨੌਜਵਾਨ ਸਿੱਖ ਦੀ ਸ਼ਹੀਦੀ ਦਾ ਬਾਕੀ ਵੇਰਵਾ (ਕਿ ਉਹ ਮੁੰਡਾ 'ਇਹ ਮੇਰੀ ਮਾਂ ਨਹੀਂ ਹੈ' ਕਹਿੰਦਾ ਹੈ) ਉਹ ਵੀ ਇਹੀ ਦਿੰਦਾ ਹੈ।

ਬੰਦਾ ਸਿੰਘ ਬਹਾਦੁਰ ਦੀ ਗ੍ਰਿਫ਼ਤਾਰੀ 'ਤੇ ਇਨਾਮਾਂ ਦੇ ਗੱਫੇ

ਭਾਈ ਬੰਦਾ ਸਿੰਘ ਬਹਾਦੁਰ ਅਤੇ ਸਿੱਖਾਂ ਨੂੰ 'ਗ੍ਰਿਫ਼ਤਾਰ' ਕਰਨ ਦੇ ਬਦਲੇ ਅਬਦੁਸ ਸਮਦ ਖ਼ਾਨ ਨੂੰ ਬਾਦਸ਼ਾਹ ਨੇ ਖ਼ੂਬ ਇਨਾਮਾਂ ਦੀ ਝੜੀ ਲਾ ਕੇ ਨਿਵਾਜਿਆ। ਉਸ ਨੂੰ ਛੇ ਹਜ਼ਾਰ ਦਾ ਮਨਸਬ ਦਿਤਾ ਗਿਆ ਅਤੇ ਇਕ ਸਜੀ ਹੋਈ ਪਾਲਕੀ, ਕਈ ਹਾਥੀ ਅਤੇ ਘੋੜੇ, ਬਹੁੱਤ ਸਾਰੇ ਗਹਿਣੇ, ਹੀਰਿਆਂ ਦੀ ਲੜੀ (ਦਸਤਾਰ ਨਾਲ ਲਟਕਾਉਣ ਵਾਸਤੇ), ਇਕ ਜੜਾਊ ਜਾਮਾ, ਇਕ ਹੀਰਿਆਂ ਦਾ ਹਾਰ ਅਤੇ ਪੰਜਾਬ ਦੇ ਕਈ ਪਰਗਨੇ ਇਨਾਮ ਵਿਚ ਦਿੱਤੇ ਗਏ।[252]

❖❖❖

[252] (ਹਕੀਕਤ ਬਿਨਾ-ਵਾ-ਅਰੂਜ਼ੇ-ਸਿੰਘਾਂ, ਇੰਡੀਅਨ ਹਿਸਟੋਰੀਕਾ ਕੁਆਰਟਰਲੀ, ਮਾਰਚ 1942)

ਅਧਿਆਇ-15

ਲੋਹਗੜ੍ਹ ਕਿਲ੍ਹਾ ਕਿਸ ਨੇ ਢਾਹਿਆ ਅਤੇ ਇਸ ਨੂੰ ਢਾਹੁਣ ਵਿਚ ਕਿੰਨਾ ਸਮਾਂ ਲੱਗਾ?

ਮੁਗ਼ਲ ਬਾਦਸ਼ਾਹ ਅਤੇ ਮੁਗ਼ਲ ਫ਼ੌਜਾਂ ਦੇ ਜਰਨੈਲ ਸਢੌਰਾ ਅਤੇ ਲੋਹਗੜ੍ਹ ਕਿਲ੍ਹਿਆਂ ਤੋਂ ਬਹੁਤ ਡਰੇ ਹੋਏ ਸਨ। ਸਢੌਰੇ ਦਾ ਕਿਲ੍ਹਾ ਉਨ੍ਹਾਂ ਨੇ ਸਤੰਬਰ 1713 ਵਿਚ ਢਾਹ ਦਿਤਾ ਸੀ। ਲੋਹਗੜ੍ਹ ਕਿਲ੍ਹੇ ਬਾਰੇ ਉਨ੍ਹਾਂ ਨੂੰ ਹਰ ਵੇਲੇ ਖ਼ੌਫ਼ ਰਹਿੰਦਾ ਸੀ ਕਿ ਜੇ ਸਿੱਖਾਂ ਨੇ ਇਸ ਕਿਲ੍ਹੇ ’ਤੇ ਫੇਰ ਕਬਜ਼ਾ ਕਰ ਲਿਆ ਤਾਂ ਮੁਗ਼ਲ ਫ਼ੌਜ ਦੇ ਹਜ਼ਾਰਾਂ ਸਿਪਾਹੀਆਂ ਨੂੰ ਸਾਲਾਂ ਬੱਧੀ ਜੱਦੋ-ਜਹਿਦ ਕਰਕੇ, ਹਜ਼ਾਰਾਂ ਫ਼ੌਜੀ ਮਰਵਾ ਕੇ ਅਤੇ ਬਹੁੱਤ ਵੱਡਾ ਖ਼ਰਚਾ ਕਰਕੇ ਵੀ ਕਬਜ਼ਾ ਨਹੀਂ ਮਿਲ ਸਕਣਾ। ਇਸ ਕਰਕੇ ਫ਼ੌਜੀ ਜਰਨੈਲਾਂ ਦੇ ਸੁਝਾਅ 'ਤੇ ਮੁਗ਼ਲ ਬਾਦਸ਼ਾਹ ਨੇ ਇਸ ਕਿਲ੍ਹੇ ਨੂੰ ਢਾਹੁਣ ਵਾਸਤੇ ਹੁਕਮ ਜਾਰੀ ਕਰ ਦਿੱਤੇ। ਇਸ ਕਿਲ੍ਹੇ ਨੂੰ ਢਾਹੁਣ ਦੀ ਜ਼ਿੰਮੇਦਾਰੀ ਮੰਡਿਆਲਾ ਪਿੰਡ (ਅੰਮ੍ਰਿਤਸਰ ਅਤੇ ਝਬਾਲ, ਦੋਹਾਂ ਤੋਂ 13 ਕਿਲੋਮੀਟਰ ਦੂਰ) ਦੇ ਚੌਧਰੀ ਮੂਸਾ-ਉਲ-ਖ਼ਾਨ, ਜਿਸ ਨੂੰ ਸਿੱਖ ਮੱਸਾ ਰੰਘੜ ਕਰਕੇ ਜਾਣਦੇ ਸਨ, ਨੂੰ ਦਿੱਤੀ ਗਈ। (11 ਅਗਸਤ 1740 ਨੂੰ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦਰਬਾਰ ਸਾਹਿਬ ਦੀ ਬੇਅਦਬੀ ਕਰਨ’ਤੇ ਇਸ ਨੂੰ ਮਾਰ ਮੁਕਾਇਆ ਸੀ)।

ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ (9 ਜੂਨ 1716) ਤੋਂ ਮਗਰੋਂ ਇਹ ਕਿਲ੍ਹਾ ਢਾਹਿਆ ਜਾਣਾ ਸ਼ੁਰੂ ਹੋਇਆ। ਇਸ ਕਾਰਜ ਵਾਸਤੇ ਸੈਂਕੜੇ ਮੁਗ਼ਲ ਸਿਪਾਹੀ ਅਤੇ ਹਜ਼ਾਰਾਂ ਮਜ਼ਦੂਰ ਲਿਆਂਦੇ ਗਏ। ਉਨ੍ਹਾਂ ਨੇ ਯੂਨਿਟਾਂ ਬਣਾ ਕੇ ਕਿਲ੍ਹੇ ਦੀਆਂ ਦੀਵਾਰਾਂ, ਮੋਰਚਿਆਂ, ਨੀਹਾਂ ਅਤੇ ਰਸਤਿਆਂ ਨੂੰ ਢਾਹਿਆ ਜਾਣਾ ਸ਼ੁਰੂ ਕੀਤਾ। ਉਦੋਂ ਇਸ ਇਲਾਕੇ ਵਿਚ ਭਾਈ ਲੱਖੀ ਰਾਇ ਵਣਜਾਰਾ ਹੇਠ ਕੰਮ ਕਰਨ ਵਾਲੇ ਹਜ਼ਾਰਾਂ ਲੋਕ, ਜਿਨ੍ਹਾਂ ਵਿਚ ਫ਼ੌਜੀ ਅਤੇ ਰਾਜ ਮਿਸਤਰੀ ਵੀ ਸਨ (ਜਿਨ੍ਹਾਂ ਨੇ ਜਾਂ ਜਿਨ੍ਹਾਂ ਦੇ ਵੱਡੇ-ਵਡੇਰਿਆਂ ਨੇ ਇਹ ਕਿਲ੍ਹਾ ਬਣਾਇਆ ਸੀ) ਅਤੇ ਹਥਿਆਰ ਬਣਾਉਣ ਵਾਲੇ ਸਿਕਲੀਗਰ ਵੀ ਸਨ। ਉਨ੍ਹਾਂ ਦੇ ਟੱਬਰ ਵੀ ਇੱਥੇ ਰਹਿੰਦੇ ਸਨ। ਮੁਗ਼ਲਾਂ ਨੇ ਕਿਲ੍ਹੇ ਦੇ ਇਕ-ਇਕ ਪੜਾਅ, ਇਕ-ਇਕ ਮੋਰਚੇ ਨੂੰ ਤੋੜ ਕੇ, ਇਨ੍ਹਾ ਸਾਰੇ ਪਿੰਡਾਂ 'ਤੇ ਇਕ-ਇਕ ਕਰਕੇ ਕਬਜ਼ਾ ਕਰ ਲਿਆ ਅਤੇ ਇੱਥੋਂ ਦੇ ਵਾਸੀ, ਜਿਨ੍ਹਾਂ ਨੂੰ ਭਾਈ ਲੱਖੀ ਰਾਇ ਵਣਜਾਰਾ ਦੇ ਟਾਂਡੇ ਨਾਲ ਸੰਬੰਧਤ ਹੋਣ ਕਰਕੇ 'ਵਣਜਾਰੇ' ਵੀ ਕਿਹਾ ਜਾਂਦਾ ਸੀ, ਉਨ੍ਹਾਂ ਦੇ ਟੱਬਰਾਂ ਨੂੰ ਕਤਲ ਕਰ ਦਿਤਾ ਅਤੇ ਮਗਰੋਂ ਇਨ੍ਹਾਂ ਮੁਗ਼ਲ ਸਿਪਾਹੀਆਂ ਅਤੇ ਮਜ਼ਦੂਰਾਂ ਨੂੰ ਇੱਥੇ ਵਸਾ ਦਿਤਾ ਗਿਆ। ਇਸ ਇਲਾਕੇ ਵਿਚ 1716 ਤੱਕ ਵਣਜਾਰੇ ਸਿੱਖਾਂ, ਸਿਕਲੀਗਰ ਸਿੱਖਾਂ, ਭੀਲ ਸਿੱਖਾਂ ਦੇ ਪਿੰਡ ਸਨ। ਜੋ ਕਿ ਲੋਹਗੜ੍ਹ ਖਾਲਸਾ ਰਾਜਧਾਨੀ ਦੀ ਤਿਆਰੀ ਵੱਜੋਂ ਵਸਾਏ ਗਏ ਸਨ। ਇਹ ਸਾਰੀ ਜ਼ਮੀਨ ਭਾਈ ਲੱਖੀ ਰਾਇ ਵਣਜਾਰਾ ਦੀ ਸੀ।

ਸਥਾਨਕ ਲੋਕਾਂ ਮੁਤਾਬਿਕ ਮੱਸਾ ਰੰਘੜ ਨੇ ਇੱਥੇ ਪਿੰਡ ਮਛਰੌਲੀ (ਯਮੁਨਾਨਗਰ) ਵਿਚ ਆਪਣਾ ਕਿਲ੍ਹਾ-ਨੁਮਾ ਮਹਿਲ ਬਣਾਇਆ ਅਤੇ ਉਹ ਇੱਥੇ ਰਹਿ ਕੇ 20 ਸਾਲ ਤੋਂ ਵੱਧ ਸਮਾਂ ਕਿਲ੍ਹਾ ਢੁਹਾਉਂਦਾ ਰਿਹਾ। ਜਿਸ ਕਿਲ੍ਹੇ ਨੂੰ ਬਣਾਉਣ ਵਿਚ 70-80 ਸਾਲ ਲੱਗੇ ਹੋਣ ਉਸ ਨੂੰ ਢਾਹੁਣ ਵਾਸਤੇ ਵੀ ਕਾਫੀ ਸਮਾਂ ਲਗਿਆ। ਮਛਰੌਲੀ ਪਿੰਡ ਵਿਚ ਮੱਸਾ ਰੰਘੜ ਦੇ ਮਹਿਲ ਦੀਆਂ ਨਿਸ਼ਾਨੀਆਂ ਅੱਜ ਵੀ ਮੌਜ਼ੂਦ ਹਨ। ਲੋਹਗੜ੍ਹ ਢਾਹੁਣ ਵਾਸਤੇ ਲਿਆਦੇ ਸਿਪਾਹੀ ਅਤੇ ਮਜ਼ਦੂਰ ਜਿਸ ਪਿੰਡ ਵਿਚ ਰਹਿੰਦੇ ਹੋਣ, ਸ਼ਾਇਦ ਉਨ੍ਹਾਂ ਕਰਕੇ ਹੀ ਉਸ ਪਿੰਡ ਦਾ ਨਾਂ ਮੁਗ਼ਲਵਾਲੀ ਪੈ ਗਿਆ ਹੋਵੇ। ਹੁਣ ਜਿੰਨੇ ਵੀ ਮੁਸਲਮਾਨ ਇਸ ਇਲਾਕੇ ਵਿਚ ਰਹਿੰਦੇ ਹਨ ਉਹ ਉਨ੍ਹਾਂ ਮੁਗ਼ਲ ਸਿਪਾਹੀਆਂ ਅਤੇ ਮਜ਼ਦੂਰਾਂ ਦੇ ਵੰਸ਼ਜ ਹਨ ਜਿਨ੍ਹਾਂ ਨੂੰ 1716-1740 ਦੇ ਵਿਚਕਾਰ ਜਾਂ ਉਸ ਤੋਂ ਮਗਰੋਂ ਇੱਥੇ ਲਿਆਂਦਾ ਗਿਆ ਸੀ।

ਲੋਹਗੜ੍ਹ ਅਤੇ ਸਢੌਰਾ ਪੱਟੀ ਦੇ 50 ਤੋਂ ਵੱਧ ਪਿੰਡ ਭਾਈ ਲੱਖੀ ਰਾਇ ਦੀ ਜਾਇਦਾਦ ਸਨ ਅਤੇ ਉੱਥੇ ਉਸ ਦੇ ਮੁਲਾਜ਼ਮ ਵਣਜਾਰੇ ਰਹਿੰਦੇ ਸਨ। ਮੁਗ਼ਲਾਂ ਨੇ ਕਿਲ੍ਹਾ ਢਾਹੁਣ ਵਾਸਤੇ ਲਿਆਂਦੇ ਮੁਸਲਮਾਨ ਮਜ਼ਦੂਰਾਂ ਨੂੰ ਭਾਈ ਲੱਖੀ ਰਾਇ ਵਣਜਾਰਾ ਦੀ ਜ਼ਮੀਨ ਅਤੇ ਉਸ ਦੇ ਮੁਜ਼ਾਰੇ 'ਵਣਜਾਰਿਆਂ' ਦੀਆਂ ਜ਼ਮੀਨਾਂ 'ਤੇ ਵਸਾ ਦਿਤਾ ਸੀ। ਇਸ ਦੇ ਬਾਵਜੂਦ ਵੀ ਕੁਝ ਪਿੰਡਾਂ ਵਿਚ ਵਣਜਾਰੇ ਰਹਿ ਗਏ। ਇਹ ਸ਼ਾਇਦ ਉਹ ਹੋਣਗੇ ਜਿਨ੍ਹਾਂ ਨੇ ਮੁਸਲਮਾਨਾਂ ਨਾਲ ਟਾਕਰਾ ਨਾ ਕੀਤਾ ਹੋਵੇਗਾ ਜਾਂ ਉਨ੍ਹਾਂ ਦੇ ਮੁਜ਼ਾਰਿਆਂ ਵਾਲਾ ਰੋਲ ਅਦਾ ਕੀਤਾ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਕੁੱਝ ਸਾਲਾਂ ਮਗਰੋਂ ਹਾਲਾਤ ਸ਼ਾਂਤ ਹੋਣ ਮਗਰੋਂ ਕੁੱਝ ਵਣਜਾਰੇ ਵਾਪਿਸ ਪਰਤ ਆਏ ਹੋਣ।

ਅੱਜ ਵੀ ਬਹੁਤ ਸਾਰੇ ਪਿੰਡਾਂ ਵਿਚ ਬਹੁੱਤ ਸਾਰੇ ਵਣਜਾਰੇ ਅਤੇ ਸਿਕਲੀਗਰ ਰਹਿੰਦੇ ਹਨ। ਇਹ ਸਾਰੇ ਗੁਰੂ ਨਾਨਕ ਨਾਮ-ਲੇਵਾ ਹਨ ਅਤੇ ਆਪਣੇ ਆਪ ਨੂੰ ਸਿੱਖ ਕਹਿੰਦੇ ਹਨ। ਅੱਜ ਵੀ ਕਈ ਵਣਜਾਰਿਆਂ ਦੇ ਪਿੰਡ ਹਨ, ਜਿਵੇਂ-ਈਸ਼ਰਗੜ੍ਹ, ਇਸਮਾਇਲਾਬਾਦ, ਲੋਹਾਰਾ, ਬੀੜ ਸੌਂਟੀ, ਹਰੀਪੁਰ ਮਾਜਰੀ, ਖੈਰਾ, ਸਿੰਮਲਵਾਲ, ਨਖਰੋਜਪੁਰ, ਭੁਖੱੜੀ, ਫਾਲਸੰਡਾ, ਲਾਡਵਾ, ਰੁੜਕੀ, ਮੰਡ ਖੇੜੀ, ਦਿੱਲੀ ਕਾ ਮਾਜਰਾ, ਦੇਵੀਦਾਸ ਪੁਰਾ, ਨਿਵਾਰਸੀ (ਜ਼ਿਲ੍ਹਾ ਕੁਰੂਕਸ਼ੇਤਰ), ਬਿਗਾੜ (ਫ਼ਤੇਹਾਬਾਦ), ਬਾਲਸੋਲਾ, ਨਾਨਕ ਪੁਰਾ, ਨਵਾਂ ਨਗਰ (ਪਿੰਜੌਰ ਨਾਲਾਗੜ੍ਹ ਸੜਕ 'ਤੇ), ਸ਼ੇਰਪੁਰ, ਬੱਕਰਵਾਲਾ, ਕਲੇਸਰ, ਸੁੰਦਰ ਬਹਾਦਰ ਪੁਰ, ਨੌਸ਼ਹਿਰਾ, ਬਿਲਾਸਪੁਰ, ਬੂੜੀਆ, ਕੁੰਜਲ, ਬਰਾੜਾ (ਜ਼ਿਲ੍ਹਾ ਯਮੁਨਾਨਗਰ), ਮਿੱਠਾਪੁਰ, ਸੰਗਰਾਨੀ, ਖ਼ਾਨਪੁਰ, ਗਨੌਲੀ (ਜ਼ਿਲ੍ਹਾ ਅੰਬਾਲਾ), ਰਾਇਪੁਰ ਰਾਣੀ, ਸ਼ਾਹਪੁਰ, ਰੁੜਕੀ, ਚੌਂਕੀ (ਸਾਹਮਣੇ ਗੁਰਦੁਆਰਾ ਨਾਡਾ ਸਾਹਿਬ), ਫਤੇਹਪੁਰ, ਰੈਲੀ, ਕੁੰਡੀ, ਸੂਰਜਪੁਰ, ਰਾਜੀਪੁਰ, ਪਿੰਜੌਰ, ਪ੍ਰੇਮਪੁਰਾ, ਕੀਰਤਪੁਰ, ਮੌਲਾਵਾਲੀ, ਕਰਨਪੁਰ, ਕਰੌਲੀ, ਕਰੋਲ ਫਤੇਹ ਸਿੰਘ, ਕਰੋਲ ਮੋਲਾ (ਜ਼ਿਲ੍ਹਾ ਪੰਚਕੂਲਾ)। ਇਸ ਤੋਂ ਇਲਾਵਾ ਸੰਘੋਈ, ਬੜਾਗਾਓਂ, ਕਲਵਾਹੀ, ਮੇਹਤਾਮਾਟੀ, ਨੇਵਲ, ਟੀਕਰੀ, ਸੁਗਰੀ, ਛਪਰਾ, ਦਲਿਆਨਪੁਰ, ਜਿਲਾ ਕਰਨਾਲ ਚਰਖੀ ਦਾਦਰੀ, ਭਿਵਾਨੀ, ਰੋਹਤਕ, ਗੁੜਗਾਓਂ, ਕੋਸਾਲੀ, ਬੇਹਰੀ, ਗੋਹਾਨਾ, ਮਹੇਂਦਰਗੜ੍ਹ, ਨਾਰਨੌਲ, ਸੋਨੀਪਤ, ਪਾਨੀਪਤ, ਘਰੌਂਡਾ ਆਦਿ ਵਿਚ ਵੀ

ਰਹਿੰਦੇ ਹਨ। ਹਿਮਾਚਲ ਵਿਚ ਕਿਆਰਦਾ, ਪਾਤਲਿਆ, ਕਿਸ਼ਨਪੁਰ, ਥਾਪਲਪੁਰ (ਜਿੱਥੇ ਗੁਰੂ ਹਰਿ ਰਾਇ ਸਾਹਿਬ ਜੀ 1645 ਤੋਂ 1657 ਤਕ, ਰਹੇ ਸਨ), ਸਿੰਘਪੁਰਾ, ਭੱਟਵਾਲੀ, ਬੰਨੇਵਾਲੀ, ਮੋਲੋਕਵਾਲੀ, ਬਰੋਟੀਵਾਲਾ, ਹਰੀਪੁਰ, ਫ਼ਤੇਹਾਬਾਦ, ਵਿਕਾਸ ਨਗਰ, ਸਲਾਖੋਈ, ਵਿਕਰਮ ਬਾਗ਼ ਆਦਿ। ਪੰਜਾਬ ਵਿਚ ਵੀ ਇਨ੍ਹਾਂ ਦੇ ਬਹੁਤ ਪਿੰਡ ਹਨ, ਜਿਵੇਂ:- ਟਾਂਡੀ, ਨਵਾਂ ਗਾਓਂ (ਚੰਡੀਗੜ੍ਹ ਦੇ ਨਾਲ), ਮਸੋਲੀ, ਅਰੋਲੀ, ਦਾਸੋਵਾਲਾ, ਲੁਬਾਨਗੜ੍ਹ, ਉਡਿਆਵਾਲਾ, ਟਾਂਡਾ (ਤਹਿਸੀਲ ਮਾਛੀਵਾੜਾ), ਮਾਦਵਾੜਾ (ਤਹਿਸੀਲ ਰੋਪੜ), ਬੇਹਟ (ਤਹਿਸੀਲ ਲੁਧਿਆਣਾ) ਪੰਜਾਬ, ਹਰਿਆਣਾ ਅਤੇ ਹਿਮਾਚਲ ਤੋਂ ਇਲਾਵਾ ਉਤਰ ਪ੍ਰਦੇਸ਼ ਵਿਚ ਟਾਂਡਾ (ਜ਼ਿਲ੍ਹਾ ਰਾਮਪੁਰ) ਅਤੇ ਉਤਰਾਖੰਡ ਵਿਚ ਟਾਂਡਾ ਨਾਂ ਦੇ ਪਿੰਡਾਂ ਵਿਚ ਵੀ ਬਹੁਤ ਵਣਜਾਰੇ ਰਹਿ ਰਹੇ ਹਨ। ਇਹ ਸਾਰੇ ਅੱਜ ਵੀ ਆਪਣੇ ਜਨਮ, ਵਿਆਹ, ਮੌਤ ਦੇ ਸੰਸਕਾਰ ਸਿੱਖ ਰਿਵਾਇਤਾਂ ਮੁਤਾਬਿਕ ਹੀ ਕਰਦੇ ਹਨ।

ਇਹ ਵੀ ਸਾਫ਼ ਨਜ਼ਰ ਆਉਂਦਾ ਹੈ ਕਿ ਇੱਥੇ ਮੁਸਲਮਾਨ ਮਜ਼ਦੂਰਾਂ ਵਿਚੋਂ ਥੋੜ੍ਹੇ ਜਿਹੇ ਹੀ ਰਹਿ ਗਏ ਹੋਣਗੇ ਕਿਉਂਕਿ 1852 ਦੇ ਰਿਕਾਰਿਡਾਂ ਵਿਚ ਵੀ ਇਹ ਥਾਂ ਜੰਗਲ, ਗ਼ੈਰ ਆਬਾਦ, ਗ਼ੈਰ-ਕਾਸ਼ਤ ਜ਼ਮੀਨ ਦੱਸੀ ਗਈ ਹੈ ਜਿਸ ਵਿਚ ਅਬਾਦੀ ਦਾ ਕੋਈ ਜ਼ਿਕਰ ਨਹੀਂ ਹੈ। ਇਨ੍ਹਾਂ ਪਿੰਡਾਂ ਦੀ ਅਸਲ ਚੱਕਬੰਦੀ ਅੰਗਰੇਜ਼ੀ ਨਿਜ਼ਾਮ ਵਿਚ ਹੋਈ ਸੀ।

❖❖❖

ਅਧਿਆਇ-16

ਲੋਹਗੜ੍ਹ ਤੇ ਸਢੌਰਾ ਕਿਲ੍ਹੇ ਢਾਹੇ ਜਾਣ ਤੋਂ ਮਗਰੋਂ ਦੇ ਹਾਲਾਤ

ਕਿਹਾ ਜਾਂਦਾ ਹੈ ਕਿ ਭਾਈ ਲੱਖੀ ਰਾਇ ਵਣਜਾਰਾ ਕੋਲ ਸ਼ਾਹਜਹਾਂ ਦੇ ਵੇਲੇ 4 ਹਜ਼ਾਰ ਦਾ ਮਨਸਬ ਵੀ ਸੀ (ਆਥਰ ਅਲੀ ਦੀ ਕਿਤਾਬ 'ਮੁਗ਼ਲ ਨੋਬਿਲਿਟੀ ਅੰਡਰ ਔਰੰਗਜ਼ੇਬ' ਵਿਚ ਦਰਜਨਾਂ ਹਿੰਦੂ ਰਾਜਪੂਤਾਂ ਅਤੇ ਮਰਹੱਟਿਆਂ ਦੇ ਮਨਸਬਾਂ ਦਾ ਜ਼ਿਕਰ ਹੈ, ਪਰ ਕਿਸੇ ਵੀ ਸਿੱਖ ਦਾ ਨਾਂ ਨਹੀਂ ਹੈ)। ਪਰ ਭਾਈ ਲੱਖੀ ਰਾਇ ਵਣਜਾਰਾ ਕੋਲ ਘਟੋ-ਘਟ 3 ਲੱਖ ਊਠ, ਹਾਥੀ, ਘੋੜੇ, ਬਲਦ ਤੇ ਖੱਚਰ ਆਦਿ ਸਨ ਅਤੇ ਉਸ ਦੇ ਕਰਿੰਦਿਆਂ ਦੀ ਗਿਣਤੀ ਯਕੀਨਨ ਲੱਖਾਂ ਵਿਚ ਹੋਵੇਗੀ, ਜਿਹੜੇ ਕਿ ਉਸ ਦੀ ਆਪਣੀ ਫ਼ੌਜ ਸੀ।

ਵਣਜਾਰੇ ਅਤੇ ਸਿਕਲੀਗਰ ਕਬੀਲੇ ਕਿਵੇਂ ਬਣੇ?

ਭਾਈ ਲੱਖੀ ਰਾਇ ਦੇ ਵਣਜ ਵਿਚ ਸੇਵਾ ਕਰ ਰਹੇ ਹਜ਼ਾਰਾਂ ਦੀ ਗਿਣਤੀ ਵਿਚ ਜੋ ਕਰਿੰਦੇ ਅਤੇ ਉਨ੍ਹਾਂ ਦੇ ਪਰਿਵਾਰ ਸਨ, ਉਹ ਬੇਕਾਰ ਹੋ ਚੁੱਕੇ ਸਨ। ਇਹ ਲੋਕ ਹੁਣ ਕੰਮ ਦੀ ਤਲਾਸ਼ ਵਿਚ ਇਧਰ-ਉਧਰ ਫਿਰਨ ਲੱਗ ਪਏ।ਭਾਵੇਂ ਉਹ ਹੁਣ ਟਾਂਡਿਆਂ ਦੇ ਰੂਪ ਵਿਚ ਲੰਬੇ ਰੂਟ (ਬਲਖ਼, ਬੁਖ਼ਾਰਾ, ਯਾਰਕੰਦ, ਸਮਰਕੰਦ ਆਦਿ ਤੱਕ) ਅਤੇ ਵਣਜ ਵਪਾਰ ਨਹੀਂ ਸਨ ਕਰਦੇ ਪਰ ਲੋਕ ਉਨ੍ਹਾਂ ਨੂੰ ਵਣਜਾਰੇ ਹੀ ਕਹਿੰਦੇ ਸਨ। ਇਸੇ ਤਰ੍ਹਾਂ ਜਿਹੜੇ ਲੋਕ ਗੁਰੂ ਸਾਹਿਬ, ਭਾਈ ਬੰਦਾ ਸਿੰਘ ਬਹਾਦੁਰ ਅਤੇ ਭਾਈ ਲੱਖੀ ਰਾਇ ਵਣਜਾਰਾ ਵਾਸਤੇ ਹਥਿਆਰ ਬਣਾਉਂਦੇ ਸਨ, ਉਹ ਵੀ ਹੁਣ ਬੇਕਾਰ ਹੋ ਚੁੱਕੇ ਸਨ। ਮੁਗ਼ਲਾਂ ਨੇ ਉਨ੍ਹਾਂ ਨੂੰ ਕੰਮ ਨਹੀਂ ਦਿਤਾ ਅਤੇ ਉਹ ਹੁਣ ਨਿੱਕੇ-ਮੋਟੇ ਕੰਮ ਕਰਨ ਲੱਗ ਪਏ। ਬਹੁਤ ਦੇਰ ਮਗਰੋਂ ਵਣਜਾਰੇ ਸ਼ਹਿਰਾਂ ਤੇ ਪਿੰਡਾਂ ਵਿਚ ਨਿੱਕਾ-ਮੋਟਾ ਸਾਮਾਨ ਲਿਜਾ ਕੇ ਵੇਚਣ ਲਗ ਪਏ। ਭਾਈ ਲੱਖੀ ਰਾਇ ਦੇ ਟਾਂਡਿਆਂ ਵਿਚ ਰਹਿਣ ਕਰਕੇ ਬਹੁਤਿਆਂ ਕੋਲ ਵਣਜ (ਵਪਾਰ) ਦਾ ਤਜ਼ਰਬਾ ਸੀ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਸ ਇਲਾਕੇ ਵਿਚ ਕਿਸ ਚੀਜ਼ ਦੀ ਮੰਗ ਹੈ। ਪਰ ਉਨ੍ਹਾਂ ਕੋਲ ਬਹੁਤੀ ਪੂੰਜੀ ਨਹੀਂ ਸੀ। ਇਸ ਕਰਕੇ ਉਹ ਵੱਡਾ ਵਣਜ ਨਹੀਂ ਸਨ ਕਰ ਸਕਦੇ। ਇਸ ਕਰਕੇ ਉਹ ਥੋੜ੍ਹੀ ਰਾਸ ਨਾਲ ਲੋਕਾਂ ਦੀਆਂ ਨਿੱਕੀਆਂ ਮੋਟੀਆਂ ਜ਼ਰੂਰਤਾਂ ਪੂਰੀਆਂ ਕਰਨ ਲੱਗ ਪਏ। ਇੰਜ ਉਹ ਇਨ੍ਹਾਂ ਫੇਰੀਆਂ ਦੇ ਵਪਾਰ ਵਿਚੋਂ ਰੋਜ਼ਗਾਰ ਕਮਾਉਣ ਲੱਗ ਪਏ। ਕਈ ਵਾਰ ਤਾਂ ਉਹ ਲੋਕਾਂ ਦੀ ਜ਼ਰੂਰਤ ਵੀ ਬਣ ਜਾਂਦੇ ਸਨ ਇਸੇ ਲਈ ਲੋਕ ਉਨ੍ਹਾਂ ਨੂੰ ਅਕਸਰ ਉਡੀਕਦੇ ਰਹਿੰਦੇ ਸਨ। ਵਣਜਾਰਿਆਂ ਦੇ ਮੁਹਾਵਰੇ, ਅਖਾਣਾਂ ਅਤੇ ਗੀਤ ਵੀ ਬਣਨ ਲਗ ਪਏ ਸਨ।

ਵਣਜਾਰਿਆਂ ਵਾਂਗ ਹੀ ਭਾਈ ਲੱਖੀ ਰਾਇ ਵਣਜਾਰਾ, ਭਾਈ ਬੰਦਾ ਸਿੰਘ ਬਹਾਦੁਰ ਅਤੇ ਲੋਹਗੜ੍ਹ ਕਿਲ੍ਹੇ ਨਾਲ ਸੰਬੰਧਤ ਸਿਕਲੀਗਰ ਲੋਕਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਸੀ ਅਤੇ ਉਨ੍ਹਾਂ ਨੂੰ ਇਕ ਜਗ੍ਹਾ ਕੰਮ ਮਿਲਣ ਦੀ ਕੋਈ ਉਮੀਦ ਨਹੀਂ ਸੀ ।ਇਸ ਕਰਕੇ ਉਹ ਚਾਰੇ ਪਾਸੇ ਜਾਣ ਲੱਗ ਪਏ ਤਾਂ ਜੋ ਉਨ੍ਹਾਂ ਨੂੰ ਕੰਮ ਮਿਲ ਸਕੇ। ਉਨ੍ਹਾਂ ਵਿਚੋਂ ਬਹੁਤ ਸਾਰੇ ਮਰਹੱਟਿਆਂ ਦੇ ਇਲਾਕੇ ਵੱਲ ਵੀ ਨਿਕਲ ਗਏ।ਪਰ ਕਿਸੇ ਵੀ ਰਾਜੇ, ਪੇਸ਼ਵਾ, ਚੌਧਰੀ ਜਾਂ ਜ਼ਿਮੀਂਦਾਰ ਨੇ ਉਨ੍ਹਾਂ ਨੂੰ ਹਥਿਆਰ ਬਣਾਉਣ ਵਾਸਤੇ ਕਾਰਖ਼ਾਨੇ ਲਾ ਕੇ ਨਾ ਦਿੱਤੇ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਸਿੱਖੀ ਸਰੂਪ ਵਿਚ ਸਨ ਅਤੇ ਉਨ੍ਹਾਂ ਨੇ ਆਪਣਾ ਧਰਮ ਛੱਡ ਦੇਣ ਅਤੇ ਕੇਸ ਦਾੜ੍ਹੀ ਕੱਟਣ ਤੋਂ ਇਨਕਾਰ ਕਰ ਦਿਤਾ ਸੀ। ਇਸ ਹਾਲਤ ਵਿਚ ਉਨ੍ਹਾਂ ਨੂੰ ਤੰਬੂਆਂ ਅਤੇ ਝੌਂਪੜੀਆਂ ਵਿਚ ਰਹਿ ਕੇ ਛੋਟੇ-ਵੱਡੇ,

ਹਰ ਤਰ੍ਹਾਂ ਦੇ ਕੰਮ ਕਰਨੇ ਪਏ। ਜਿੱਥੇ ਵੀ ਕੰਮ ਘੱਟ ਜਾਂਦਾ ਉਹ ਅੱਗੇ ਨਿਕਲ ਜਾਂਦੇ ਸਨ। ਇਸੇ ਕਰਕੇ ਭਾਈ ਬੰਦਾ ਸਿੰਘ ਬਹਾਦੁਰ ਅਤੇ ਭਾਈ ਲੱਖੀ ਰਾਇ ਵਣਜਾਰਾ ਦੇ ਟਾਂਡਿਆਂ ਨਾਲ ਸੰਬੰਧਤ ਵਣਜਾਰੇ ਅਤੇ ਸਿਕਲੀਗਰ ਪੰਜਾਬ ਤੋਂ ਮਹਾਰਾਸ਼ਟਰ ਤੱਕ ਰਹਿਣ ਲੱਗ ਪਏ ਸਨ।

ਲੋਹਗੜ੍ਹ ਟ੍ਰੱਸਟ ਦੇ ਮੈਂਬਰਾਂ ਨੇ ਕਰਨਾਟਕ, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਵਿਚ ਬੈਠੇ ਕੁੱਝ ਵਣਜਾਰਿਆਂ ਅਤੇ ਸਿਕਲੀਗਰ ਕਬੀਲਿਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਲੋਹਗੜ੍ਹ ਕਿਲ੍ਹੇ ਬਾਰੇ ਜਾਣਕਾਰੀ ਦਿੱਤੀ।ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ ਕਿਲ੍ਹਾ ਵਣਜਾਰਿਆਂ ਨੇ ਭਾਈ ਲੱਖੀ ਰਾਇ ਵਣਜਾਰੇ ਦੀ ਅਗਵਾਈ ਹੇਠ ਬਣਾਇਆ ਅਤੇ ਸਿਕਲੀਗਰਾਂ ਨੇ ਇਸ ਕਿਲ੍ਹੇ ਵਿਚ ਲੜਾਈ ਲਈ ਹਥਿਆਰ ਬਣਾਏ ਤਾਂ ਇਹ ਗੱਲ ਸੁਣ ਉਹ ਬਹੁਤ ਉਤਸਾਹਿਤ ਹੋਏ। ਇਨ੍ਹਾਂ ਵਣਜਾਰਿਆਂ ਦੇ ਆਗੂ 'ਲੋਹਗੜ੍ਹ ਟ੍ਰੱਸਟ' ਦੇ ਬਹੁਤ ਸ਼ੁਕਰ ਗੁਜ਼ਾਰ ਹੋਏ ਅਤੇ ਉਨ੍ਹਾਂ ਨੇ ਲੋਹਗੜ੍ਹ ਉਪਰ ਅੰਗ੍ਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ ਦਾ ਆਪਣੀ ਭਾਸ਼ਾ 'ਕੰਨੜ' ਵਿਚ ਉਤਾਰਾ ਕਰਕੇ 08 ਅਪ੍ਰੈਲ 2018 ਨੂੰ ਬੰਗਲੋਰ ਵਿਚ ਇਕ ਵੱਡਾ ਸਮਾਗਮ ਕਰਕੇ ਪ੍ਰਕਾਸ਼ਿਤ ਕੀਤੀ। ਇਸ ਤੋਂ ਇਲਾਵਾ ਵਣਜਾਰੇ ਆਗੂਆਂ ਨੇ ਇਸ ਪੁਸਤਕ ਦਾ ਤੇਲਗੂ ਅਤੇ ਮਲਿਆਲਮ ਭਾਸ਼ਾਵਾਂ ਵਿਚ ਅਨੁਵਾਦ ਕਰਨ ਲਈ ਪ੍ਰਵਾਨਗੀ ਮੰਗੀ ਹੈ। ਇਸ ਪੁਸਤਕ ਦੇ ਅਨੁਵਾਦ ਦਾ ਕੰਮ ਹੈਦਰਾਬਾਦ ਅਤੇ ਮੁੰਬਈ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਵੀ ਚੱਲ ਰਿਹਾ ਹੈ, ਉਹ ਲੋਕ ਲਗਾਤਾਰ ਲੋਹਗੜ੍ਹ ਟ੍ਰੱਸਟ ਨਾਲ ਮਿਲਕੇ ਕੰਮ ਕਰ ਰਹੇ ਹਨ।

ਬੇਸ਼ਕ ਇਹ ਲੋਕ ਸਿੱਖ ਨਹੀਂ ਹਨ ਪਰ ਜੀਵਨ ਦੇ ਹਰ ਕਾਰਜ ਸਮੇਂ ਗੁਰੂ ਨਾਨਕ ਸਾਹਿਬ ਜੀ ਨੂੰ ਯਾਦ ਕਰਕੇ ਕੰਮ ਦੀ ਅਰੰਭਤਾ ਕਰਦੇ ਹਨ। ਕਿਉਂਕਿ ਗੁਰੂ ਨਾਨਕ ਸਾਹਿਬ ਜੀ ਆਪਣੇ ਪਹਿਲੇ ਪ੍ਰਚਾਰਕ ਦੌਰਿਆ ਦੋਰਾਨ ਇਸ ਇਲਾਕੇ ਵਿਚੋਂ ਵਣਜਾਰਿਆਂ ਦੇ ਟਾਂਡਿਆ ਰਾਹੀਂ ਵਿਚਰੇ ਸਨ।ਕਿਉਂਕਿ ਭਾਈ ਲੱਖੀ ਰਾਇ ਵਣਜਾਰਾ ਅਤੇ ਉਨ੍ਹਾਂ ਦੇ ਬਜ਼ੁਰਗ ਗੁਰੂ ਘਰ ਦੇ ਸ਼ਰਧਾਲੂ ਸਨ।ਇਹ ਲੋਕ ਭਾਈ ਲੱਖੀ ਰਾਇ ਵਣਜਾਰਾ ਨੂੰ ਆਪਣਾ ਮੁਖੀ ਮੰਨਦੇ ਹਨ।ਜਦੋਂ ਲੋਹਗੜ੍ਹ ਟ੍ਰੱਸਟ ਵਲੋਂ ਇਨ੍ਹਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਲੋਹਗੜ੍ਹ ਕਿਲ੍ਹੇ ਦੀ ਜ਼ਮੀਨ ਦਾ ਮਾਲਿਕ ਭਾਈ ਲੱਖੀ ਰਾਇ ਵਣਜਾਰਾ ਸੀ ਅਤੇ ਇਸ ਇਲਾਕੇ ਵਿਚ ਉਸਦੇ ਕਈਂ ਖੂਹ ਹਨ, ਤਾਂ ਇਹ ਲੋਕ ਬਹੁੱਤ ਖੁਸ਼ ਹੋਏ । ਪਰ ਅਫਸੋਸ ਦੀ ਗੱਲ ਹੈ ਕਿ ਜ਼ਿਆਦਾਤਰ ਇਹ ਵਣਜਾਰੇ ਲੋਕ ਕਬੀਲਿਆਂ ਵਿਚ ਰਹਿ ਕੇ ਗਰੀਬੀ ਦੀ ਜ਼ਿੰਦਗੀ ਜੀ ਰਹੇ ਹਨ।

ਲੋਹਗੜ੍ਹ ਟ੍ਰੱਸਟ ਦੇ ਮੈਂਬਰ ਕਰਨਾਟਕ ਵਿਚ ਬੰਗਲੋਰ ਤੋਂ 400 ਕਿਲੋਮੀਟਰ ਦੂਰ ਸਥਾਨ ਕੂਪਵਾਲਾ (ਕੋਪਲ) ਵੀ ਗਏ, ਜਿੱਥੇ ਹਰ ਸਾਲ ਹੋਲੀ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਵਣਜਾਰੇ ਮੇਲਾ ਲਗਾਉਂਦੇ ਹਨ। ਪਾਠਕਾਂ ਨੂੰ ਜਾਣ ਕੇ ਅਚੰਭਾ ਹੋਵੇਗਾ ਕਿ ਇਸ ਸਥਾਨ 'ਤੇ ਵੀ ਭਾਈ ਬੰਦਾ ਸਿੰਘ ਬਹਾਦੁਰ ਦਾ ਕਿਲ੍ਹਾ ਮੌਜੂਦ ਹੈ ਜੋ ਕਿ ਲੱਗਭਗ 30-35 ਏਕੜ ਵਿਚ ਬਣਿਆ ਹੋਇਆ ਹੈ ਅਤੇ ਉਸੇ ਤਰ੍ਹਾਂ ਬਣਿਆ ਹੋਇਆ ਹੈ ਜਿਸ ਤਰ੍ਹਾਂ ਦਾ ਕਿਲ੍ਹਾ ਲੋਹਗੜ੍ਹ ਹੈ। ਇਸ ਕਿਲ੍ਹੇ ਦੀ ਦੇਖਭਾਲ ਸਿਕਲੀਗਰ ਪਰਿਵਾਰ ਕਰ ਰਹੇ ਹਨ। ਸਿਕਲੀਗਰ ਬੇਸ਼ਕ ਟੱਪਰੀ ਵਾਸ ਤੰਬੂਆਂ ਵਿਚ ਰਹਿ ਰਹੇ ਹਨ ਪਰ ਪੂਰੇ ਅੰਮ੍ਰਿਤਧਾਰੀ ਸਿੱਖ ਹਨ। ਇਹ ਗਰੀਬ ਕਬੀਲਿਆਂ ਵਿਚ ਰਹਿਣ ਵਾਲੇ ਸਿਕਲੀਗਰਾਂ ਦੀ ਮਾਲੀ ਹਾਲਤ ਬਹੁਤ ਮਾੜੀ ਹੈ ਪਰ ਸਿੱਖੀ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਇਸ ਤਰ੍ਹਾਂ ਇੱਕ ਹਿੰਦੋਸਤਾਨ ਦੀ ਸਭ ਤੋਂ ਅਮੀਰ ਵਪਾਰਿਕ ਕੌਮ ਨੂੰ ਮੁਗਲਾਂ ਅਤੇ ਅੰਗ੍ਰੇਜਾਂ ਨੇ ਸਭ ਤੋਂ ਗਰੀਬ ਬਣਾ ਦਿੱਤਾ ਜੋ ਕਿ ਹੁਣ ਕਬੀਲਿਆਂ ਵਿਚ ਰਹਿ ਕੇ ਅਪਣਾ ਜੀਵਨ ਗੁਜ਼ਰ-ਬਸਰ ਕਰ ਰਹੇ ਹਨ।

❖❖❖

ਅਧਿਆਇ-17
ਗੜ੍ਹਵਾਲ ਦੀ ਰਿਆਸਤ ਅਤੇ ਸਿੱਖ

ਗੁਰੂ ਹਰਿਗੋਬਿੰਦ ਸਾਹਿਬ ਜੀ ਦੋ ਵਾਰ ਗੜ੍ਹਵਾਲ ਰਿਆਸਤ ਵਿਚ ਆਏ, ਪਹਿਲੀ ਵਾਰ ਸੰਨ 1627 ਵਿਚ ਆਏ। ਦੂਜੀ ਵਾਰ ਜੂਨ 1634 ਈ: ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਗੋਰਖ ਮਤੇ ਜਾਂਦੇ ਹੋਏ ਗੜ੍ਹਵਾਲ ਠਹਿਰੇ ਸਨ। ਇੱਥੇ ਉਹ 'ਮਾਹੀਪਤ ਸ਼ਾਹ' ਗੜ੍ਹਵਾਲ ਦੇ ਰਾਜੇ (1622-1633) ਦੀ ਵਿਧਵਾ ਰਾਣੀ 'ਕਰਨਾਵਤੀ' ਨੂੰ ਅਤੇ 'ਸਮਰੱਥ ਰਾਮ ਦਾਸ (ਜੋ ਕਿ ਸ਼ਿਵਾਜੀ ਮਰੱਹਠਾ ਦਾ ਗੁਰੂ ਸੀ) ਨੂੰ ਮਿਲੇ। ਸਮਰੱਥ ਰਾਮਦਾਸ ਨੇ ਗ਼ਰੀਬੀ ਸੁਭਾਉ ਦਾ ਪਾਠ ਗੁਰੂ ਸਾਹਿਬ ਜੀ ਤੋਂ ਸਿੱਖਿਆ, ਜੋ ਉਸਨੇ ਬਾਅਦ ਵਿਚ ਇਹੋ ਪਾਠ ਸ਼ਿਵਾ ਜੀ ਮਰੱਹਠੇ ਨੂੰ ਸਿੱਖਾਇਆ।[253]

ਰਾਜਾ ਮਹੀਪਤ ਸ਼ਾਹ ਦਾ ਪੁੱਤਰ ਸਿਰਫ਼ ਅੱਠ ਸਾਲ ਦਾ ਸੀ, ਜਦੋਂ ਗੁਰੂ ਸਾਹਿਬ ਗੜ੍ਹਵਾਲ ਰਿਆਸਤ ਵਿਚ ਆਏ ਅਤੇ ਇਸ ਦਾ ਪ੍ਰਬੰਧ ਉਸਦੀ ਮਾਤਾ ਕਰਨਾ ਦੇਵੀ ਦੇਖ ਰਹੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਮਿਲਾਪ ਤੋਂ ਬਾਅਦ ਉਸਦਾ ਹੌਂਸਲਾ ਹੋਰ ਵੱਧ ਗਿਆ ਅਤੇ ਹੁਣ ਉਹ ਹਰ ਮੁਸ਼ਕਿਲ ਦਾ ਸਾਹਮਣਾਂ ਧੜੱਲੇ ਨਾਲ ਕਰਨ ਲਗ ਪਈ। ਰਾਣੀ ਕਰਨਾਵਤੀ ਨੇ ਕਈਂ ਸਾਲ ਤੱਕ ਆਪਣੇ ਰਾਜ ਨੂੰ ਪੂਰੀ ਕਾਮਯਾਬੀ ਨਾਲ ਸੰਭਾਲੀ ਰੱਖਿਆ ਅਤੇ ਹਰ ਇੱਕ ਹਮਲਾਵਾਰ ਨੂੰ ਮੂੰਹ ਤੋੜ ਜੁਆਬ ਦਿੰਦੀ ਰਹੀ। ਇੱਥੋ ਤੱਕ ਕਿ ਉਸਨੇ ਮੁਗਲ ਫ਼ੌਜ ਨੂੰ ਆਪਣੇ ਰਾਜ ਵਿੱਚੋਂ ਸੰਨ 1640 ਵਿਚ ਭਜਾ ਦਿਤਾ, ਜਿਸ ਦੀ ਅਗਵਾਈ ਮਜ਼ਾਵਤ ਖਾਨ ਕਰ ਰਿਹਾ ਸੀ ਅਤੇ ਜਿਸਨੂੰ ਸ਼ਾਹ ਜਹਾਨ ਨੇ ਭੇਜਿਆ ਸੀ। ਉਨ੍ਹਾਂ ਦਿਨਾਂ ਵਿਚ ਇਸ ਰਾਣੀ ਦਾ ਨਾਮ 'ਨਕਟੀ ਰਾਣੀ' ਪੈ ਗਿਆ, ਕਿਉਂਕਿ ਉਹ ਉਸ ਜਰਨੈਲ ਦਾ ਨੱਕ ਵੱਡ ਦਿੰਦੀ ਸੀ ਜਿਹੜਾ ਵੀ ਉਸ ਦੇ ਰਾਜ 'ਤੇ ਹਮਲਾਵਰ ਬਣ ਕੇ ਆਉਂਦਾ।

1654 ਨੂੰ ਸ਼ਾਹ ਜਹਾਨ ਨੇ ਇੱਕ 'ਫ਼ੌਜੀ ਟੁਕੜੀ' ਰਾਜਾ ਪ੍ਰਿਥਵੀ ਸ਼ਾਹ ਨੂੰ ਸਬਕ ਸਿਖਾਉਣ ਲਈ ਭੇਜੀ, ਜਿਸ ਦੇ ਨਤੀਜੇ ਵੱਜੋਂ ਦੇਹਰਾਦੂਨ, ਗੜ੍ਹਵਾਲ ਤੋਂ ਵੱਖ ਹੋ ਗਿਆ। ਭਾਰਤ ਦੇ ਇੰਪਿਰਅਲ ਗਜ਼ਟੀਅਰ, ਡੇਹਰਾਦੂਨ 1909, ਭਾਗ-2, ਪੰਨਾਂ 165 ਅਨੁਸਾਰ ਮਈ 1657 ਵਿਚ'ਦਾਰਾ ਸਿਕੋਹ' ਦੀ ਫ਼ੌਜ ਅਤੇ ਔਰੰਗਜ਼ੇਬ ਦੀ ਫ਼ੌਜ ਵਿਚਕਾਰ 'ਸ਼ਾਮੂਗੜ੍ਹ' ਵਿਚ ਲੜਾਈ ਹੋਈ, ਜਿਸ ਵਿਚ ਦਾਰਾ ਸ਼ਿਕੋਹ ਹਾਰ ਗਿਆ ਅਤੇ ਔਰੰਗਜ਼ੇਬ ਜੇਤੂ ਰਿਹਾ। 29 ਮਈ 1658 ਈਸਵੀਂ ਨੂੰ ਦਾਰਾ ਸ਼ਿਕੋਹ ਦਾ ਸਪੁੱਤਰ ਸੁਲੇਮਾਨ ਸ਼ਿਕੋਹ ਨੇ ਗੜ੍ਹਵਾਲ ਵਿਚ ਪਨਾਹ ਲਈ ਹੋਈ ਸੀ, ਕਿਉਂਕਿ ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹ ਜ਼ਹਾਨ ਨੂੰ ਜੇਲ੍ਹ ਵਿਚ ਪਾਕੇ ਆਪਣੇ ਭਰਾਵਾਂ ਵਿਰੁੱਧ ਜੰਗ ਛੇੜੀ ਹੋਈ ਸੀ। ਗੁਰੂ ਹਰਿ ਰਾਇ ਸਾਹਿਬ ਜੀ ਕੋਲ ਉਸ ਸਮੇਂ ਵੱਡੀ ਫ਼ੌਜ ਸੀ। ਉਨ੍ਹਾਂ ਨੇ ਔਰੰਗਜ਼ੇਬ ਦੀ ਬਜਾਏ ਦਾਰਾ ਸ਼ਿਕੋਹ ਦੀ ਮਦਦ ਕੀਤੀ।

ਜਦੋਂ ਸੁਲੇਮਾਨ ਸ਼ਿਕੋਹ ਗੜ੍ਹਵਾਲ ਵਿਚ ਲੁੱਕਿਆ ਹੋਇਆ ਸੀ, ਉਸ ਸਮੇਂ ਗੁਰੂ ਹਰਿ ਰਾਇ ਸਾਹਿਬ ਜੀ 'ਥਾਪਲ' ਵਿਚ ਸਨ ਜੋ ਕਿ ਗੜ੍ਹਵਾਲ ਦੇ ਨੇੜੇ ਨਾਹਨ/ਸਿਰਮੋਰ ਦੇ ਪੁਰਾਣੇ ਸੂਬੇ ਵਿਚ ਪੈਂਦਾ ਹੈ। 1658 ਨੂੰ ਦਾਰਾ ਸ਼ਿਕੋਹ ਦੀ ਮਦਦ ਵਾਸਤੇ ਗੁਰੂ ਹਰਿ ਰਾਇ ਸਾਹਿਬ ਜੀ ਥਾਪਲ ਤੋਂ ਗੋਇੰਦਵਾਲ ਪਹੁੰਚੇ। ਰਾਜਾ ਰਾਜ ਰੂਪ ਜੋ ਕਿ ਨੂਰਪੁਰ ਦਾ ਰਾਜਕੁਮਾਰ ਸੀ (1646-1661)

---

[253](ਡਾ. ਹਰਜਿੰਦਰ ਸਿੰਘ ਦਿਲਗੀਰ ਪੁਸਤਕ, ਸਿੱਖ ਇਤਿਹਾਸ ਭਾਗ ਪਹਿਲਾ, ਪੰਨਾ-265)

ਵੀ ਦਾਰਾ ਸ਼ਿਕੋਹ ਦੀ ਮਦਦ ਵਾਸਤੇ ਆਇਆ ਪਰ ਉਸ ਵਕਤ ਦਾਰਾ ਸ਼ਿਕੋਹ ਢੇਰੀ-ਢਾਹ ਚੁੱਕਾ ਸੀ, ਇਸ ਕਰਕੇ ਉਨ੍ਹਾਂ ਨੂੰ ਵਾਪਿਸ ਜਾਣਾ ਪਿਆ। 1659 ਨੂੰ ਔਰੰਗਜ਼ੇਬ ਨੇ ਦਾਰਾ ਸ਼ਿਕੋਹ ਨੂੰ ਫੜਕੇ ਮਾਰ ਮੁਕਾਇਆ।

ਗੜ੍ਹਵਾਲ ਦੇ ਰਾਜਾ ਪ੍ਰਿਥਵੀ ਸ਼ਾਹ ਨੇ ਸੁਲੇਮਾਨ ਸ਼ਿਕੋਹ ਨੂੰ ਸੁਰੱਖਿਆ ਦਿੱਤੀ ਹੋਈ ਸੀ। ਔਰੰਗਜ਼ੇਬ ਨੇ ਆਪਣੀ ਪੂਰੀ ਕੋਸ਼ਿਸ਼ ਕੀਤੀ ਕਿ ਸੁਲੇਮਾਨ ਸ਼ਿਕੋਹ ਉਸਦੇ ਹੱਥ ਆਵੇ। ਪਰ ਪ੍ਰਿਥਵੀ ਸ਼ਾਹ ਪੱਕਾ ਰਿਹਾ ਅਤੇ ਉਸਨੇ ਸੁਲੇਮਾਨ ਸ਼ਿਕੋਹ, ਔਰੰਗਜ਼ੇਬ ਨੂੰ ਨਹੀਂ ਦਿਤਾ, ਬੇਸ਼ਕ ਰਾਜਾ ਜੈ ਸਿੰਘ ਨੇ ਵੀ ਦਖ਼ਲ ਦਿਤਾ। ਬਹੁਤ ਕੋਸ਼ਿਸ਼ਾਂ ਤੋਂ ਬਾਅਦ ਗੜ੍ਹਵਾਲ ਦੇ ਰਾਜੇ ਦੀ ਇੱਛਾ ਵਿਰੁੱਧ ਹੋ ਕੇ ਸੁਲੇਮਾਨ ਸ਼ਿਕੋਹ ਔਰੰਗਜ਼ੇਬ ਅੱਗੇ ਜਾ ਹਾਜ਼ਰ ਹੋਇਆ।

ਗੜ੍ਹਵਾਲ ਦੇ ਰਾਜੇ ਦੀ 40 ਸਾਲ ਦੀ ਉਮਰ ਵਿੱਚ, ਸੁਲੇਮਾਨ ਸ਼ਿਕੋਹ ਦੀ 28 ਸਾਲ ਦੀ ਉਮਰ ਵਿਚ ਅਤੇ ਨੂਰਪੁਰ ਦੇ ਰਾਜੇ ਦੀ 40 ਸਾਲ ਦੀ ਉਮਰ ਵਿਚ ਮੌਤ ਹੋ ਗਈ ਅਤੇ ਇਸੇ ਸਮੇਂ ਹੀ ਗੁਰੂ ਹਰਿ ਰਾਇ ਸਾਹਿਬ ਜੀ ਵੀ 32 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ, ਇਨ੍ਹਾਂ ਉੱਘੀਆਂ ਸ਼ਖਸ਼ੀਅਤਾਂ ਦੇ ਅਚਾਨਕ ਅਕਾਲ ਚਲਾਣਾ ਹੋਣ ਦੀ ਖ਼ਬਰ ਸਮੁੱਚੇ ਇਲਾਕੇ ਲਈ ਵੱਡਾ ਸ਼ੋਕਮਈ ਸੀ।

ਉਤਰਾਖੰਡ ਅਤੇ ਵਣਜਾਰੇ:- ਜਿਲ੍ਹਾ ਦੇਹਰਾਦੂਨ ਦੇ ਇਲਾਕੇ ਵਿਚ ਕੋਈ ਆਬਾਦੀ ਨਹੀਂ ਸੀ। ਇੱਥੇ 11ਵੀਂ ਸਦੀ ਤੋਂ ਬਾਅਦ ਵਣਜਾਰੇ ਆ ਕੇ ਪੱਕੇ ਰਿਹਾਇਸ਼ੀ ਬਣੇ।[254] ਸਿੱਖ ਇਤਿਹਾਸ ਦੇ ਪਿਛਲੇ ਪੰਨਿਆਂ ਨੂੰ ਵਿਚਾਰਦਿਆਂ ਹੋਇਆਂ ਦੇਖਿਆ ਕਿ ਗੁਰੂ ਨਾਨਕ ਸਾਹਿਬ ਜੀ ਆਪਣੀ ਪਹਿਲੀ ਦੱਖਣੀ ਉਦਾਸੀ ਦੌਰਾਨ ਬਰੇਲੀ ਡੀਵੀਜਨ ਮੁਰਾਦਾਬਾਦ ਠਹਿਰੇ, ਜਿੱਥੇ ਵਣਜਾਰਿਆਂ ਦਾ ਟਾਂਡਾ ਸੀ। ਇਨ੍ਹਾਂ ਵਣਜਾਰਿਆਂ ਨੇ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਸੁਣ ਕੇ ਸਿੱਖ ਧਰਮ ਆਪਣਾ ਲਿਆ। ਗੁਰੂ ਹਰਿ ਰਾਇ ਸਾਹਿਬ ਜੀ ਨੇ ਪ੍ਰਚਾਰ ਕੇਂਦਰ 22 ਤੋਂ ਵੱਧਾ ਕੇ 360 ਕੀਤੇ ਅਤੇ ਨਾਹਨ, ਗੜ੍ਹਵਾਲ, ਸਹਾਰਨਪੁਰ ਅਤੇ ਮੁਰਾਦਾਬਾਦ ਵਿਚ ਵੀ ਸਿੱਖ ਕੇਂਦਰ ਸਥਾਪਿਤ ਕੀਤੇ। ਸਿੱਖਾਂ ਨੇ ਇਨ੍ਹਾਂ ਇਲਾਕਿਆਂ ਵਿਚ ਬਹੁਤ ਸਾਰੇ ਕਿਲ੍ਹੇ ਬਣਾਏ, ਜਿਨ੍ਹਾਂ ਦੇ ਸਬੂਤ ਭਾਈ ਲੱਖੀ ਰਾਇ ਵਣਜਾਰਾ ਦੇ ਨਾਮ 'ਤੇ ਦੇਹਰਾਦੂਨ, ਹਰਿਦੁਆਰ, ਯਮੁਨਾ ਨਦੀ ਤੋਂ ਗੰਗਾ ਨਦੀ ਦੇ ਵਿਚਕਾਰ ਪਹਾੜੀਆਂ ਦੀਆਂ ਚੋਟੀਆਂ 'ਤੇ ਮਿਲੇ ਹਨ ਜਿਸ ਦੀ ਗਵਾਹੀ ਭਾਰਤੀ ਪੁਰਾਤਨਤਵ ਵਿਭਾਗ ਵੀ ਕਰਦਾ ਹੈ।

ਸਿੱਖ ਇਤਿਹਾਸ ਵਿੱਚ ਸਿੱਖ ਗੁਰੂਆਂ ਨੇ ਵਣਜਾਰਿਆਂ ਨੂੰ ਮੁਗਲਾਂ ਵਿਰੁੱਧ ਲਾਮਬੰਧ ਕਰਨ ਦਾ ਇਤਿਹਾਸ ਸਮਝਣ ਦੀ ਲੋੜ ਹੈ, ਕਿਉਂਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਸ਼੍ਰੀ ਨਗਰ - ਗੜ੍ਹਵਾਲ ਦੇ ਆਗੂਆਂ 'ਤੇ ਵਣਜਾਰਿਆਂ ਦੇ ਸਹਿਯੋਗ ਨਾਲ ਹੀ ਮੁਰਾਦਾਬਾਦ ਸਰਕਾਰ ਦੀ ਹੱਦ ਅਤੇ ਦਿੱਲੀ ਸੂਬਾ ਦੇ 'ਚਕਲਾ-ਬਰੇਲੀ' ਤੱਕ ਮਾਰ ਕੀਤੀ। (ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਲਿਖਤ ਮੁਤਾਬਿਕ) ਇਹ ਘਟਨਾ 1712 ਈ: ਦੀ ਹੈ ਜਦੋਂ ਪਹਾੜੀ ਇਲਾਕੇ ਦਾ ਚੀਫ਼ ਫਤਹਿ ਸ਼ਾਹ ਸੀ, ਜੋ ਕਿ ਉਹੀ ਰਾਜਾ ਸੀ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਭੰਗਾਣੀ ਦਾ ਯੁੱਧ ਲੜਿਆ ਸੀ ਪਰ ਬਾਅਦ ਵਿਚ ਉਸਨੇ ਮਹਿਸੂਸ ਕੀਤਾ ਕਿ ਗੁਰੂ ਸਾਹਿਬ ਜੀ ਦੀ ਲੜਾਈ ਬੇਇਨਸਾਫ਼ੀ ਵਿਰੁੱਧ ਹੈ। ਆਪਣੀ ਗਲਤੀ ਮਹਿਸੂਸ ਕਰਦਾ ਹੋਇਆ ਉਹ ਭਾਈ ਬੰਦਾ ਸਿੰਘ ਬਹਾਦੁਰ ਨਾਲ ਰੱਲ ਕੇ ਉਸਨੇ ਮੁਗਲਾਂ ਦੇ ਖਿਲਾਫ ਮੋਰਚਾ ਖੋਲਿਆ। 'ਪਰਸ਼ੀਅਨ ਰਿਪੋਰਟਾਂ' ਦੱਸਦੀਆਂ ਹਨ ਕਿ ਸਿੱਖਾਂ ਦੀਆਂ 40000 ਫ਼ੌਜਾਂ ਗੜ੍ਹਵਾਲ ਦੀਆਂ ਪਹਾੜੀਆਂ ਵਿਚ ਘੁੰਮਦੀਆਂ ਸਨ। ਭਾਈ ਬੰਦਾ ਸਿੰਘ ਬਹਾਦੁਰ ਨੂੰ ਇਸ ਇਲਾਕੇ ਦਾ ਪੂਰਾ ਗਿਆਨ ਸੀ ਅਤੇ ਉਹ ਤੂਫ਼ਾਨ ਦੀ ਤਰ੍ਹਾਂ ਇਨ੍ਹਾਂ ਪਹਾੜੀਆਂ ਵਿੱਚੋ ਨਿਕਲਦਾ ਹੋਇਆ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਅਤੇ ਪਰਗਨਿਆਂ 'ਤੇ ਹਮਲੇ ਕਰਦਾ ਰਿਹਾ।

❖❖❖

[254] (ਇੰਪਿਰਲ ਗਜ਼ਟੀਅਰ, ਦੇਹਰਾਦੂਨ 1909, ਭਾਗ-2, ਪੰਨਾ 212)

ਅਧਿਆਇ-18
ਬੰਦਾ ਸਿੰਘ ਬਹਾਦੁਰ ਦੀ ਕੌਮ ਨੂੰ ਦੇਣ

ਭਾਈ ਬੰਦਾ ਸਿੰਘ ਬਹਾਦੁਰ ਸਿਰਫ ਇਕ ਸਿੱਖ ਫ਼ੌਜ ਦਾ ਵੱਡਾ ਜਰਨੈਲ ਹੀ ਨਹੀਂ ਸੀ ਉਸਨੇ ਤਾਂ ਕਈ ਹੈਰਾਨੀਜਨਕ ਕਾਰਵਾਈਆਂ ਕਰ ਛੱਡੀਆਂ। ਉਸਨੇ ਪੰਜਾਬ ਦੇ ਪੰਜ ਦਰਿਆਵਾ ਵਾਲੀ ਭੂਮੀ 'ਤੇ ਲੋਕਾਂ ਦੇ ਹਿੱਤਾਂ ਲਈ ਕ੍ਰਾਂਤੀਕਾਰੀ ਕੰਮ ਕੀਤੇ। ਉਸਨੇ ਪੰਜਾਬ ਵਿਚ ਮੁਗਲਾਂ ਦੀ 700 ਸਾਲਾਂ ਦੀ ਗੁਲਾਮੀ ਅਤੇ ਦੱਖਣੀ ਏਸ਼ੀਆ ਦੀ ਹਜਾਰ ਸਾਲ ਦੀ ਗੁਲਾਮੀ ਨੂੰ ਚੋਟ ਮਾਰੀ ਅਤੇ ਦੇਸ਼ ਨੂੰ ਮੁਗਲਾਂ ਹੱਥੋਂ ਆਜ਼ਾਦ ਕਰਾਉਣ ਦੀ ਨੀਂਹ ਰੱਖੀ। ਇਹ ਉਹ ਸਖ਼ਸ਼ ਸੀ ਜਿਸਨੇ ਮੁਗਲਾਂ ਨੂੰ ਹਿਲਾ ਕੇ ਰੱਖ ਦਿਤਾ। ਇਸ ਫ਼ੌਜੀ ਜਰਨੈਲ ਨੇ ਲੋਕਾਂ ਦੇ ਦਿਲਾਂ ਵਿਚ ਬੈਠਾ ਹੋਇਆ ਝੂਠਾ ਵਿਸ਼ਵਾਸ ਨੂੰ ਦੂਰ ਕੀਤਾ ਕਿ ਮੁਗਲ, ਜੋ ਕਿ ਅੱਤ ਦੇ ਤਾਕਤਵਰ ਹਨ, ਸਦਾ ਇੱਥੇ ਪੱਕੇ ਹੀ ਰਹਿਣਗੇ ਅਤੇ ਇਨ੍ਹਾਂ ਦਾ ਕੋਈ ਕੁੱਝ ਵਿਗਾੜ ਨਹੀਂ ਸਕਦਾ। ਜਿਤਨਾ ਚਿਰ ਵੀ ਉਹ ਜਿਉਂਦਾ ਰਿਹਾ, ਉਦੋਂ ਤੱਕ ਤਿੰਨ ਬਾਦਸ਼ਾਹਾਂ, ਦਰਜਨ ਤੋਂ ਜ਼ਿਆਦਾ ਗਵਰਨਰਾਂ, ਦੋ ਸੌ ਤੋਂ ਜ਼ਿਆਦਾ ਰਾਜਿਆਂ, ਜਰਨੈਲਾਂ, ਮੁਖੀਆਂ, ਅਤੇ ਅਨਗਿਣਤ ਯੂਹਦੀਆਂ ਨੂੰ ਇਕ ਦਿਨ ਵੀ ਸ਼ਾਂਤੀ ਨਾਲ ਨੀਂਦ ਨਹੀਂ ਆਈ। ਲੱਖਾਂ ਹੀ ਸ਼ਾਹੀ ਫ਼ੌਜਾਂ ਦੇ ਸਿਪਾਹੀ ਇਸ ਮਹਾਨ ਜਰਨੈਲ ਨੂੰ ਹਰਾਉਣ ਵਿਚ ਜੂਝਦੇ ਰਹੇ।

ਬੇਸ਼ਕ 30 ਤੋਂ 40 ਹਜ਼ਾਰ ਸਿੱਖਾਂ ਨੇ ਇਸ ਮੁਹਿੰਮ ਵਿਚ ਆਪਣੀ ਜਾਨ ਗੁਆਈ ਪਰ ਉਹ ਅਜ਼ਾਦੀ ਹਾਸਲ ਕਰਨ ਦੀ ਜਦੋ-ਜਹਿਦ ਵਿਚ ਲਗੇ ਰਹੇ। ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਤੋਂ ਬਾਅਦ ਵੀ ਮੁਗਲ ਪੰਜਾਬ ਵਿਚ ਸ਼ਾਂਤੀ ਵਾਲਾ ਰਾਜ ਕਾਇਮ ਨਾ ਕਰ ਸਕੇ। ਮੁਗਲਾਂ ਦੀ ਘਟਦੀ ਹੋਈ ਤਾਕਤ ਹੁਣ ਦੇਸ਼ ਦੇ ਬਾਕੀ ਹਿੱਸਿਆਂ ਵਿਚ ਵੀ ਫੈਲਣ ਲਗੀ। ਹੋਲੀ-ਹੋਲੀ, ਸਿੱਖ ਮੁਹਿੰਮ ਪੰਜਾਬ ਵਿਚ ਹੀ ਨਹੀਂ ਹੋਰ ਥਾਵਾਂ ’ਤੇ, ਜਿਵੇਂ ਕਿ ਰਾਜਪੂਤਾਨਾ, ਪਹਾੜੀ ਇਲਾਕਿਆਂ, ਯੂ.ਪੀ, ਮੱਧਪ੍ਰਦੇਸ਼, ਬਿਹਾਰ ਅਤੇ ਹਿੰਦੋਸਤਾਨ ਦੇ ਹੋਰ ਹਿੱਸਿਆਂ ਵਿਚ ਅਸਰ ਪਾਉਣ ਲਗੀ। ਜੇਕਰ ਦੁਨੀਆਂ ਦੇ ਇਤਿਹਾਸ ਦੀ ਧਿਆਨ ਨਾਲ ਪੜਚੋਲ ਕਰੀਏ ਤਾਂ ਪਤਾ ਲਗਦਾ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਨੇ ਕਿਹੜੇ ਹਾਲਾਤਾਂ ਵਿਚ ਮੁਹਿੰਮ ਸ਼ੁਰੂ ਕੀਤੀ ਸੀ ਅਤੇ ਇਸ ਨੂੰ ਕਿਹੜੀਆਂ ਉਚਾਈਆਂ ਤੱਕ ਲੈ ਗਿਆ ਤਾਂ ਇਹੋ ਸਮਝ ਵਿਚ ਆਉਂਦਾ ਹੈ ਕਿ ਇਹ ਜਰਨੈਲ ਦੁਨੀਆਂ ਦੇ ਮਹਾਨ ਜਰਨੈਲਾਂ ਵਿਚੋਂ ਪਹਿਲੇ ਅਸਥਾਨ ’ਤੇ ਆਉਂਦਾ ਹੈ। ਭਾਈ ਬੰਦਾ ਸਿੰਘ ਬਹਾਦੁਰ ਦੀਆਂ ਕਾਮਯਾਬੀਆਂ ਨੇ ਇਹ ਸਮਾਂ ਲੋਕ-ਹਿਤ ਕ੍ਰਾਂਤੀਕਾਰੀ ਸਮਾਂ ਬਣਾ ਦਿਤਾ, ਜੋ ਸਿਰਫ ਸਿੱਖ ਇਤਿਹਾਸ ਵਿਚ ਹੀ ਨਹੀਂ ਸਗੋਂ ਸੰਸਾਰ ਭਰ ਦੇ ਇਤਿਹਾਸ ਵਿਚ ਬਹੁਤ ਵੱਡਾ ਅਤੇ ਸ਼ਲਾਘਾਯੋਗ ਕੰਮ ਹੈ।

ਭਾਈ ਬੰਦਾ ਸਿੰਘ ਬਹਾਦੁਰ ਨੇ ਆਜ਼ਾਦੀ ਹਾਸਿਲ ਕਰਨ ਦਾ ਇਤਿਹਾਸ ਆਪਣੇ ਖ਼ੂਨ ਨਾਲ ਲਿਖਿਆ ਹੈ ਸਿਰਫ ਸਿੱਖ ਕੌਮ ਨੇ ਹਜ਼ਾਰਾਂ ਕੁਰਬਾਨੀਆਂ ਦੇ ਕੇ ਆਜ਼ਾਦੀ ਕਾਇਮ ਕੀਤੀ ਅਤੇ ਸਿੱਖਾਂ ਦੀ ਰਿਆਸਤ ਸਥਾਪਿਤ ਕੀਤੀ, ਬੇਸ਼ਕ ਇਹ ਥੋੜੇ ਸਮੇਂ ਹੀ ਕਾਇਮ ਰਹੀ। ਭਾਈ

ਬੰਦਾ ਸਿੰਘ ਬਹਾਦੁਰ ਨੇ ਸਿੱਖਾਂ ਨੂੰ ਆਜ਼ਾਦੀ ਦੀ ਕੀਮਤ ਦੱਸੀ ਅਤੇ ਰਾਜੇ ਅਤੇ ਜਨਤਾ ਦਾ ਸੰਬੰਧ ਸਮਝਾਇਆ ਜਿਸ ਤੋਂ ਸਿੱਖਾਂ ਨੇ ਦੂਸਰਿਆਂ ਦੀ ਗੁਲਾਮੀ ਕਬੂਲ ਕਰਨ ਤੋਂ ਨਾਹ ਕਰ ਦਿੱਤੀ। ਭਾਈ ਬੰਦਾ ਸਿੰਘ ਬਹਾਦੁਰ ਨੇ ਸਿੱਖ ਰਾਜ ਦਾ ਸਿੱਕਾ, ਮੋਹਰ ਅਤੇ ਸੰਮਤ ਦਿੱਤਾ ਜੋ ਆਜ਼ਾਦੀ ਦੇ ਨਿਸ਼ਾਨ ਹਨ। ਭਾਈ ਬੰਦਾ ਸਿੰਘ ਬਹਾਦੁਰ ਦੁਨੀਆਂ ਦੇ ਇਤਿਹਾਸ ਵਿਚ ਪਹਿਲਾ ਜਰਨੈਲ ਹੋਇਆ ਹੈ ਜਿਸਨੇ ਜਿਮੀਂਦਾਰਾ ਸਿਸਟਮ ਬਦਲ ਦਿੱਤਾ ਅਤੇ ਖੇਤੀਬਾੜੀ ਕਰਨ ਵਾਲਿਆਂ ਗਰੀਬ ਮੁਜਾਹਰਿਆਂ ਨੂੰ ਹੀ ਜ਼ਮੀਨ ਦਾ ਮਾਲਕ ਬਣਾ ਦਿਤਾ। ਭਾਈ ਬੰਦਾ ਸਿੰਘ ਬਹਾਦੁਰ ਨੇ ਸਿੱਖਾਂ ਨੂੰ ਇੱਕ ਸੰਸਥਾ ਅਤੇ ਲੀਡਰਸ਼ਿਪ ਦੀ ਤਾਕਤ ਦਾ ਅਹਿਸਾਸ ਕਰਵਾਇਆ। ਉਸਨੇ ਆਪ ਇਕ ਹੀਰੋ ਦਾ ਰੋਲ ਅਦਾ ਕੀਤਾ ਅਤੇ ਹੋਰਨਾਂ ਨੂੰ ਵੀ ਹੀਰੋ ਬਣਨਾ ਸਿਖਾਇਆ। ਉਸ ਨੇ ਸਾਬਿਤ ਕਰ ਦਿਤਾ ਕਿ ਕਿਵੇਂ ਕੋਈ ਆਪਣੇ ਧਰਮ ’ਤੇ ਵਿਸ਼ਵਾਸ ਵਾਸਤੇ ਤਸੀਹੇ ਭਰੀ ਮੌਤ ਮਰਦਾ ਹੈ ਅਤੇ ਸੰਸਾਰ ਦੇ ਇਤਿਹਾਸ ਵਿਚ ਕਿਸੇ ਹੋਰ ਜਰਨੈਲ ਨੇ ਇਤਨੇ ਕਸ਼ਟ ਅਤੇ ਤਸੀਹੇ ਵਾਲੀ ਮੌਤ ਨਹੀਂ ਝੱਲੀ ਹੋਵੇਗੀ। ਉਸਨੇ ਸੱਚੇ ਸਿੱਖ ਵਾਂਗੂ ਜੀਵਨ ਜੀਉਣਾ ਸਿਖਾਇਆ।

ਇਸ ਧਰਤੀ ਉੱਪਰ ਉਸਦਾ ਜੀਵਨ ਇੱਕ ਵਿਲੱਖਣ ਮਿਸਾਲ ਹੈ। ਗੁਰੂਆਂ ਤੋਂ ਬਾਅਦ ਭਾਈ ਬੰਦਾ ਸਿੰਘ ਬਹਾਦੁਰ ਦੀ ਜੀਵਨੀ ਸਿੱਖ ਇਤਿਹਾਸ ਵਿਚ ਰਹਿੰਦੀ ਦੁਨੀਆਂ ਤੱਕ ਚਮਕਦੀ ਰਹੇਗੀ ਜੋ ਆਉਣ ਵਾਲੀਆਂ ਸਿੱਖ ਪੀੜੀਆਂ ਵਾਸਤੇ ਚਾਨਣ ਮੁਨਾਰਾ ਬਣਦੀ ਰਹੇਗੀ ।

ਭਾਈ ਬੰਦਾ ਸਿੰਘ ਬਹਾਦੁਰ ਅਤੇ ਇਸਲਾਮ : ਕੁਝ ਮੁਗਲ ਲਿਖਾਰੀਆਂ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਜ਼ਾਲਮ ਜਾਂ ਇਸਲਾਮ ਵਿਰੁੱਧ ਲਿਖਿਆ ਹੈ। ਇਹ ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਖਸੀਅਤ ਨਾਲ ਧੋਖਾ ਅਤੇ ਵੱਡਾ ਝੂਠ ਹੈ। ਇਤਿਹਾਸ ਦੇ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਉਸਨੇ ਇਕ ਵੀ ਬੇਕਸੂਰ ਮੁਗਲ ਨੂੰ ਨਹੀਂ ਮਾਰਿਆ। ਸਿਰਫ ਉਸਨੇ ਜਾਲਮਾਂ ਨੂੰ ਜਾਂ ਜਿਹੜੇ ਉਸਦੇ ਵਿਰੁੱਧ ਲੜੇ, ਉਨ੍ਹਾਂ ਨੂੰ ਹੀ ਸੋਧਿਆ। ਸਾਧਾਰਨ ਮੁਗਲ ਲੋਕ ਤਾਂ ਮੁਗਲ ਹਾਕਮਾਂ ਹੱਥੋਂ ਪਹਿਲੇ ਹੀ ਤੰਗ ਸਨ। ਇਤਿਹਾਸਕ ਸ੍ਰੋਤ ਗਵਾਹੀ ਦਿੰਦੇ ਹਨ ਕਿ ਸਾਧਾਰਨ ਮੁਗਲ ਤਾਂ ਭਾਈ ਬੰਦਾ ਸਿੰਘ ਬਹਾਦੁਰ ਦਾ ਸਾਥ ਦੇ ਰਹੇ ਸਨ। ਸਮਾਨਾ, ਸਢੌਰਾ, ਬੁੜੀਆ, ਕਲਾਨੌਰ ਅਤੇ ਹੋਰ ਕਈ ਇਲਾਕਿਆਂ ਦੇ ਸਾਧਾਰਨ ਮੁਗਲ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਦਾ ਹਿੱਸਾ ਬਣੇ ਅਤੇ ਸੱਯਦਾਂ, ਅਮੀਰਾਂ, ਪਠਾਨਾਂ ਅਤੇ ਮੁਗਲ ਹਾਕਮਾਂ ਵਿਰੁੱਧ ਲੜੇ।

ਦੂਜਾ, ਜਦੋਂ ਭਾਈ ਬੰਦਾ ਸਿੰਘ ਬਹਾਦੁਰ ਮੁਗਲਾਂ ਕੋਲੋਂ ਕਿਸੇ ਇਲਾਕੇ ਦਾ ਹਿੱਸਾ ਆਜ਼ਾਦ ਕਰਾਉਂਦਾ ਸੀ, ਤਾਂ ਉਹ ਉੱਥੇ ਮੁਗਲਾਂ ਦੀਆਂ ਬਣਾਈਆ ਹੋਈਆਂ ਮਸਜਿਦਾਂ ਨੂੰ ਬਿਲਕੁਲ ਵੀ ਤਬਾਹ ਨਹੀਂ ਸੀ ਕਰਦਾ। ਕਈ ਦਰਜਨ ਪੁਰਾਣੀਆਂ ਮਸਜ਼ਿਦਾਂ ਅਤੇ ਹੋਰ ਧਾਰਮਿਕ ਸਥਾਨ ਮੁਗਲਾਂ ਦੇ ਅੱਜ ਵੀ ਦੇਖੇ ਜਾ ਸਕਦੇ ਹਨ, ਜੋ ਸਮਾਣਾ, ਫਤਹਿਗੜ੍ਹ, ਸਰਹੰਦ ਦੇ ਪੁਰਾਣੇ ਸ਼ਹਿਰ, ਸਢੌਰੇ ਅਤੇ ਕਈ ਹੋਰ ਥਾਂਵਾਂ ਵਿਚ ਉਸੇ ਤਰ੍ਹਾਂ ਸਥਾਪਿਤ ਹਨ। ਜਦੋਂਕਿ ਦੂਜੇ ਪਾਸੇ ਮੁਗਲਾਂ, ਅਫਗਾਨੀਆਂ ਅਤੇ ਸਮੇਂ ਦੀਆਂ ਹਕੂਮਤਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਕਈ ਧਾਰਮਿਕ ਸਥਾਨਾਂ ਨੂੰ ਕਈਂ ਵਾਰ ਢਾਹਿਆ

ਅਤੇ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਨੂੰ ਕੂੜੇ ਕਰਕਟ, ਪਸ਼ੂਆਂ ਦੀਆਂ ਹੱਡੀਆਂ ਅਤੇ ਗੰਦਗੀ ਨਾਲ ਭਰ ਕੇ ਬੇਅਦਬੀ ਕਰਨ ਦੀ ਕੋਈ ਕਸਰ ਨਹੀਂ ਛੱਡੀ।

28 ਅਪ੍ਰੈਲ 1711 ਦੀ ਅਖਬਾਰਾਤਿ-ਦਰਬਾਰਿ-ਮੁਅੱਲਾ ਦੀ ਰਿਪੋਰਟ ਮੁਤਾਬਿਕ 'ਕਲਾਨੌਰ' ਵਿਚ ਭਾਈ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਵਿਚ ਪੰਜ ਹਜ਼ਾਰ ਮੁਸਲਿਮ ਭਰਤੀ ਹੋਏ। ਭਾਈ ਬੰਦਾ ਸਿੰਘ ਬਹਾਦੁਰ ਆਪਣੇ ਸਾਰੇ ਸਿਪਾਹੀਆਂ ਨੂੰ ਇੱਜ਼ਤ ਨਾਲ 'ਜੀ' ਲਾ ਕੇ ਸੰਬੋਧਨ ਕਰਦਾ ਸੀ ਉਹ ਭਾਵੇਂ ਮੁਗਲ ਹੋਵੇ ਜਾਂ ਸਿੱਖ ਸਿਪਾਹੀ। ਉਸਨੇ ਮੁਗਲਾਂ ਦੇ ਧਾਰਮਿਕ ਆਗੂਆਂ ਵਿਰੁੱਧ ਜਾਂ ਇਸਲਾਮ ਵਿਰੁੱਧ ਕਦੇ ਕੋਈ ਗਲਤ ਸ਼ਬਦਾਵਲੀ ਨਹੀਂ ਸੀ ਵਰਤੀ। ਦੂਜੇ ਪਾਸੇ ਮੁਗਲ ਹਾਕਮਾਂ ਨੇ ਸਿੱਖਾਂ ਨੂੰ ਕਾਲੇ ਮੂੰਹ ਵਾਲੇ, (ਸੱਗ) ਕੁੱਤੇ, ਚੋਰ ਅਤੇ ਹਾਲਾਤਾਂ ਦੇ ਮਾਰੇ ਹੋਏ ਨਿਕੰਮੇ ਕਿਹਾ ਹੈ। ਭਾਈ ਬੰਦਾ ਸਿੰਘ ਬਹਾਦੁਰ ਦਾ ਸਲੂਕ, ਆਪਣੇ ਸਿੱਖਾਂ ਅਤੇ ਮੁਗਲ ਸਿਪਾਹੀਆਂ ਨਾਲ ਇਕੋ ਜਿਹਾ ਹੁੰਦਾ ਸੀ। ਇਕ ਵਾਰੀ ਇਕ ਸਿੱਖ ਨੇ ਕਿਸੇ ਮੁਸਲਮਾਨ ਦੀ ਜ਼ਮੀਨ ਹੜਪ ਲਈ। ਭਾਈ ਬੰਦਾ ਸਿੰਘ ਬਹਾਦੁਰ ਨੇ ਉਸ ਨੂੰ ਪਦਵੀਂ ਤੋਂ ਹਟਾ ਦਿਤਾ (ਇਹ ਕੇਸਰ ਸਿੰਘ ਛਿੱਬਰ ਦੀ ਕਿਤਾਬ 'ਬੰਸਾਵਲੀਨਾਮਾ ਦਸਮ ਪਾਤਸ਼ਾਹੀਆਂ ਦਾ' ਦੇ ਸਫੇ 43-45 ਤੇ ਅੰਕਿਤ ਹੈ) ਭਾਈ ਬੰਦਾ ਸਿੰਘ ਬਹਾਦੁਰ ਨੇ ਬੇਇਨਸਾਫੀ ਬਾਰੇ ਸਖ਼ਤ ਹਦਾਇਤਾਂ ਜ਼ਾਰੀ ਕੀਤੀਆਂ ਹੋਈਆਂ ਸਨ। ਦੂਜੇ ਪਾਸੇ ਮੁਗਲਾਂ ਨੇ ਸਿੱਖਾਂ ਵਿਰੁੱਧ ਬਾਰ-ਬਾਰ ਜਹਾਦ ਦਾ ਨਾਅਰਾ ਐਲਾਨਿਆ ਕਿ ਇਨ੍ਹਾਂ ਸਿੱਖਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇ। ਬਾਦਸ਼ਾਹ ਬਹਾਦਰ ਸ਼ਾਹ ਨੇ 10 ਦਸੰਬਰ 1710 ਨੂੰ ਜ਼ਾਰੀ ਹੁਕਮ ਕੀਤੇ ਸਨ ਕਿ ਜੋ ਵੀ ਸਿੱਖ ਮਿਲਦਾ ਹੈ ਉਸਨੂੰ ਬੇਰਹਿਮੀ ਨਾਲ ਮਾਰਿਆ ਜਾਵੇ, ਇਸ ਤੋਂ ਬਾਅਦ ਵੀ ਕਈ ਵਾਰੀ ਇਹ ਹੁਕਮ ਦੁਹਰਾਏ ਗਏ। ਇਸ ਲਈ ਭਾਈ ਬੰਦਾ ਸਿੰਘ ਬਹਾਦੁਰ ਨੂੰ ਇਸਲਾਮ ਵਿਰੋਧੀ ਕਹਿਣਾ ਇਤਿਹਾਸ ਨਾਲ ਬਹੁੱਤ ਵੱਡਾ ਧੋਖਾ ਅਤੇ ਬੇਇਨਸਾਫੀ ਹੈ।

❖❖❖

ਅਧਿਆਇ-19

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

ਖਾਲਸਾ ਰਾਜਧਾਨੀ ਦੀ ਨੀਤੀ ਅਤੇ ਤਿਆਰੀ ਦੀ ਸ਼ੁਰੂਆਤ ਗੁਰੂ ਨਾਨਕ ਸਾਹਿਬ ਦੇ ਸਮੇਂ ਸ਼ੁਰੂ ਹੋ ਗਈ ਸੀ। ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਅਤੇ ਪ੍ਰਚਾਰਕ ਫੇਰੀਆਂ ਤੋਂ ਬਾਅਦ ਖਾਲਸਾ ਰਾਜਧਾਨੀ ਲੋਹਗੜ੍ਹ ਵਿੱਚ ਭੀਲ ਸਿੱਖਾਂ, ਸਿਕਲੀਗਰਾਂ ਅਤੇ ਵਣਜਾਰੇ ਸਿੱਖਾਂ ਦੇ ਪਿੰਡ ਵਸਾਏ ਗਏ। ਗੁਰੂ ਨਾਨਕ ਸਾਹਿਬ ਨੇ ਖਾਲਸਾ ਰਾਜਧਾਨੀ ਦੇ ਆਲੇ-ਦੁਆਲੇ ਮੰਜੀਆਂ, ਧਰਮਸਾਲ ਸਥਾਪਿਤ ਕੀਤੀਆਂ ਜੋਕਿ ਨਾਹਨ, ਪਉਂਟਾ ਸਾਹਿਬ, ਸੂਡਲ, ਝੀਵਰਹੇੜੀ, ਮਾਰਵਾ, ਬੁੜੀਆ, ਬੰਨੀ ਬਦਰਪੁਰ, ਕਰਨਾਲ, ਕੁਰੂਕਸ਼ੇਤਰ, ਡੂਡੀ, ਸ਼ਾਹਬਾਦ, ਅੰਬਾਲਾ, ਮਨੀ ਮਾਜਰਾ, ਪਿੰਜੋਰ, ਖਾਨਪੁਰ ਇਤਯਾਦੀ ਥਾਵਾਂ ਤੇ ਸਿਥਤ ਸਨ। ਇਸ ਥਾਂ ਹਰੇਕ ਕਿੱਤੇ ਨਾਲ ਸੰਬਧਿਤ ਨਾਮਵਰ ਅਤੇ ਤਜ਼ਰਬੇਕਾਰ ਕਾਰੀਗਰਾਂ ਦੇ ਪਿੰਡ ਵਸਾਏ ਗਏ ਸਨ।ਇਸ ਤੋਂ ਇਲਾਵਾ ਨਗਰ/ਸ਼ਹਿਰ ਵਸਾਏ ਗਏ।ਸਮਾਜ ਲਈ ਹਰੇਕ ਜ਼ਰੂਰਤ ਦਾ ਸਮਾਨ ਖਾਲਸਾ ਰਾਜਧਾਨੀ ਵਿੱਚ ਤਿਆਰ ਹੋਣ ਲੱਗਾ।ਅੰਬਾਂ ਦੇ ਬਾਗ ਹਰੇਕ ਪਿੰਡ ਲਾਏ ਗਏ।ਇਨ੍ਹਾਂ ਪਿੰਡਾਂ ਵਿੱਚ ਨਾਨਕਸ਼ਾਹੀ ਇੱਟਾਂ/ ਚੂਨੇ ਅਤੇ ਸੁਰਖੀ ਨਾਲ, ਚਿਣਾਈ ਵਾਲੇ ਖੂਬਸੂਰਤ ਖੂਹ ਅਤੇ ਤਲਾਬ ਤਿਆਰ ਕੀਤੇ ਗਏ, ਜੋ ਅੱਜ ਚਾਰ ਪੰਜ ਸੌ ਸਾਲ ਪੁਰਾਣੇ ਖੂਹ ਅਤੇ ਤਲਾਬ ਇੱਥੇ ਦੇਖੇ ਜਾ ਸਕਦੇ ਹਨ।ਪਹਾੜੀਆਂ ਦੇ ਨਜ਼ਦੀਕ ਪੱਥਰਾਂ ਦੇ ਖੂਹ ਭਾਈ ਲੱਖੀ ਸ਼ਾਹ ਵਣਜਾਰਾ ਦੁਆਰਾ ਲਾਏ ਗਏ ਮੌਜੂਦ ਹਨ।ਇਸ ਇਲਾਕੇ ਵਿੱਚ ਲਗਭਗ 52 ਪਿੰਡਾਂ ਨੂੰ ਗੜ੍ਹੀ ਦੇ ਰੂਪ ਵਿੱਚ ਤਿਆਰ ਕੀਤਾ ਗਿਆ, ਅਤੇ 50 ਦੇ ਕਰੀਬ ਵੱਡੇ ਗੜ੍ਹ/ਕਿਲ੍ਹੇ ਤਿਆਰ ਕੀਤੇ ਗਏ।ਸ਼ਹਿਰ ਦੇ ਰੂਪ ਵਿੱਚ ਸਢੋਰਾ, ਨਰਾਇਣਗੜ੍ਹ, ਬੂੜੀਆ, ਜਗਾਧਰੀ, ਛਛਰੌਲੀ, ਖਿਜਰਾਬਾਦ, ਦਾਮਲਾ, ਸਾਹਾ, ਮੁਲਾਨਾ, ਮੁਸਤਾਬਾਦ ਆਦਿ ਮਸ਼ਹੂਰ ਨਗਰ ਸਨ।ਇਸ ਥਾਂ ਸੰਸਾਰ ਪੱਧਰ ਦਾ ਕਪੜੇ ਦਾ ਕਾਰੋਬਾਰ, ਪਿੱਤਲ, ਤਾਂਬਾ, ਕਾਂਸਾ ਅਤੇ ਹੋਰ ਵੀ ਧਾਤਾਂ ਦਾ ਕਾਰੋਬਾਰ, ਹਰੇਕ ਕਿਸਮ ਦੇ ਮਿੱਟੀ ਦੇ ਖਿਡੌਣੇ/ਭਾਂਡੇ ਤਿਆਰ ਹੁੰਦੇ ਸਨ। ਇੱਥੇ ਏਸ਼ੀਆ ਦੀ ਸਭ ਤੋਂ ਵੱਡੀ ਲੱਕੜ ਦੀ ਮੰਡੀ ਖਿਜਰਾਬਾਦ ਵਿੱਚ ਲੱਕੜ ਤੋਂ ਬਣਨ ਵਾਲਾ ਹਰੇਕ ਸਮਾਨ ਇੱਥੇ ਤਿਆਰ ਕੀਤਾ ਜਾਂਦਾ ਸੀ।ਇਸ ਤਿਆਰ ਸਮਾਨ ਨੂੰ ਭਾਈ ਲੱਖੀ ਸ਼ਾਹ ਦੇ ਟਾਂਡੇਆਂ ਰਾਹੀਂ ਦੂਰ-ਦੂਰ ਤੱਕ ਵਪਾਰ ਲਈ ਲਿਜਾਇਆ ਜਾਂਦਾ ਸੀ।

ਛੇਂਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਇਸ ਥਾਂ 'ਤੇ ਜੰਗੀ ਪੱਧਰ ਦੀ ਤਿਆਰੀ ਲਈ ਕੰਮ ਜ਼ੋਰਾਂ 'ਤੇ ਸ਼ੁਰੂ ਕੀਤਾ ਗਿਆ।ਇੱਥੇ ਸਿਕਲੀਗਰ ਸਿੱਖਾਂ ਨੂੰ ਹਰੇਕ ਕਿਸਮ ਦੇ ਜੰਗੀ ਹਥਿਆਰ ਬਨਾਉਣ ਦੇ ਕਾਰਖਾਨੇ ਲਾ ਕੇ ਦਿੱਤੇ ਗਏ।ਇਨ੍ਹਾਂ ਹਥਿਆਰਾਂ ਦੀ ਸਪਲਾਈ ਭਾਈ ਲੱਖੀ ਸ਼ਾਹ ਜੀ ਦੇ ਟਾਂਡੇਆਂ ਰਾਹੀਂ ਮੁਗਲ ਬਾਦਸ਼ਾਹ/ਮਨਸਬਦਾਰਾਂ ਤੋਂ ਇਲਾਵਾ ਹਿੰਦੂ ਰਾਜਿਆਂ ਨੂੰ ਵੀ ਕੀਤੀ ਜਾਂਦੀ ਸੀ।ਗੁਰੂ ਸਾਹਿਬਾਨਾ ਦੀ ਸਿੱਖ ਫ਼ੌਜ ਲਈ ਬਹੁਤ ਹੀ ਵਧੀਆ ਹਥਿਆਰ ਤਲਵਾਰ, ਢਾਲ, ਨੇਜਾ, ਕਟਾਰ, ਚੱਕਰ, ਅਤੇ ਵਿਸ਼ੇਸ਼ ਤੌਰ ਤੇ ਤੋਪਾਂ ਅਤੇ ਤੋਪਾਂ ਦੀਆਂ ਬੈਰਲਾਂ, ਖਾਸ ਕਿਸਮ ਦੀ ਤੋੜੇਦਾਰ ਬੰਦੂਕਾਂ, ਲੰਬੀ ਦੂਰੀ ਮਾਰ ਕਰਨ ਵਾਲੀਆਂ ਬੰਦੂਕਾਂ ਗੁਪਤ ਰੂਪ ਵਿੱਚ ਤਿਆਰ ਕੀਤੀਆਂ ਜਾਂਦੀਆਂ ਸਨ।

ਇਸ ਇਲਾਕੇ ਵਿੱਚ ਗੁਰੂ ਤੇਗ ਬਹਾਦਰ ਜੀ ਗੁਰੂ ਬਣਨ ਤੋਂ ਪਹਿਲਾਂ ਸੰਨ 1640-1655 ਤੱਕ ਵਿਚਰਦੇ ਰਹੇ ਸਨ। ਇਸ ਸਮੇਂ ਦੌਰਾਨ ਇਸ ਇਲਾਕੇ ਵਿੱਚ ਕਈ ਅੰਬਾਂ ਦੇ ਬਾਗ ਅਤੇ ਕਈ ਨਾਨਕਸ਼ਾਹੀ ਇੱਟਾਂ ਦੇ ਖੂਹ ਲਗਵਾਏ ਸਨ। ਸੰਨ 1656 ਤੋਂ 1663-64 ਪੂਰਬ ਦੇ ਇਲਾਕੇ ਵਿੱਚ ਪਰਿਵਾਰ ਸਹਿਤ ਵਿਚਰਦੇ ਰਹੇ ਹਨ। ਅਸਾਮ, ਬੰਗਾਲ ਦੀ ਪਹਿਲੀ ਫੇਰੀ ਇਸੇ ਸਮੇਂ ਦੌਰਾਨ ਕੀਤੀ ਸੀ। ਦੂਜੀ ਫੇਰੀ/ਪ੍ਰਚਾਰਕ ਯਾਤਰਾ ਇਨ੍ਹਾਂ ਇਲਾਕਿਆਂ ਵਿੱਚ ਗੁਰੂ ਬਣਨ ਤੋਂ ਬਾਅਦ ਦੀ ਹੈ।

ਸੱਤਵੀਂ ਪਾਤਸ਼ਾਹੀ ਗੁਰੂ ਹਰਿਰਾਏ ਸਾਹਿਬ ਪਰਿਵਾਰ ਸਹਿਤ ਸੰਨ 1645 ਤੋਂ 1657 ਤੱਕ ਪਿੰਡ ਥਾਪਲ ਖਾਲਸਾ ਰਾਜਧਾਨੀ ਲੋਹਗੜ੍ਹ ਜੋਨ ਵਿੱਚ ਲਗਭਗ 12-13 ਸਾਲ ਅਗਵਾਈ ਕਰਦੇ ਰਹੇ ਹਨ।

ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਸਾਹਿਬ ਸੰਨ 1685-1688 ਦੇ ਵਿੱਚ ਖਾਲਸਾ ਰਾਜਧਾਨੀ ਲੋਹਗੜ੍ਹ ਤੋਂ 10-12 ਕਿਲੋਮੀਟਰ ਦੀ ਦੂਰੀ ਤੇ ਸਥਿਤ ਪਾਉਂਟਾ ਸਾਹਿਬ ਕਿਲ੍ਹੇ ਵਿੱਚ ਰਹੇ ਅਤੇ ਉਹਨਾਂ ਦੀ ਸਰਪ੍ਰਸਤੀ ਹੇਠ ਖਾਲਸਾ ਰਾਜਧਾਨੀ ਲੋਹਗੜ੍ਹ ਨੂੰ ਮੁਕੰਮਲ ਕੀਤਾ ਗਿਆ, ਇਸ ਸਥਾਨ ਨੂੰ ਸੰਨ 1710 ਵਿੱਚ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ ਦੁਆਰਾ ਰਾਜਧਾਨੀ ਐਲਾਨਿਆ ਗਿਆ। ਸੰਨ 1710 ਤੋਂ 1716 ਤੱਕ ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਤੋਂ ਬਾਅਦ ਖਾਲਸਾ ਰਾਜਧਾਨੀ ਲੋਹਗੜ੍ਹ 1739 ਤੱਕ ਮੁਗਲ ਫ਼ੌਜਾਂ ਲੋਹਗੜ੍ਹ ਵਿੱਚ ਕਤਲੇਆਮ ਕਰਦੀਆਂ ਰਹੀਆਂ ਸਨ। ਰੰਗੜਾਂ ਦੇ 85 ਪਿੰਡ ਇਸ ਥਾਂ ਵਸਾਏ ਗਏ ਸਨ। ਮੱਸਾ ਰੰਗੜ ਇਨ੍ਹਾਂ ਦਾ ਕਮਾਂਡਰ ਸੀ।

ਭੀਲ ਸਿੱਖਾਂ ਦਾ ਖਾਲਸਾ ਰਾਜਧਾਨੀ ਲੋਹਗੜ੍ਹ ਵਿੱਚ ਯੋਗਦਾਨ

ਗੁਰੂ ਨਾਨਕ ਸਾਹਿਬ ਜਦੋਂ ਜਬਲਪੁਰ ਦੇ ਜੰਗਲਾਂ ਵਿੱਚ ਜ਼ੁਲਮ ਦੀ ਮਾਰ ਸਹਿ ਰਹੇ ਭੀਲ ਜਾਤੀ ਦੇ ਆਗੂ ਕੋਡਾ ਭੀਲ ਨੂੰ ਮਿਲੇ ਅਤੇ ਗਲੇ ਲਾਇਆ ਇਸ ਸਭ ਨੂੰ ਦੇਖ ਕੇ ਸਮੁੱਚੀ ਜਾਤੀ ਗੁਰੂ ਨਾਨਕ ਸਾਹਿਬ ਦੀ ਮੁਰੀਦ ਹੋ ਗਈ ਸੀ। ਗੁਰੂ ਨਾਨਕ ਸਾਹਿਬ ਲਗਭਗ ਛੇ ਮਹੀਨੇ ਭੀਲ ਲੋਕਾਂ ਵਿੱਚ ਵਿਚਰਦੇ ਰਹੇ। ਇਸ ਸਥਾਨ 'ਤੇ ਧਰਮਸਾਲ/ਪ੍ਰਚਾਰਕ ਮੰਜੀ ਸਥਾਪਿਤ ਕੀਤੀ। ਭਾਈ ਕੋਡਾ ਭੀਲ ਨੂੰ ਪਹਿਲਾ ਪ੍ਰਚਾਰਕ ਥਾਪਿਆ, ਭੀਲਾਂ ਦੇ ਕਈ ਪਿੰਡ ਖਾਲਸਾ ਰਾਜਧਾਨੀ ਲੋਹਗੜ੍ਹ ਵਿੱਚ ਵਸਾਏ ਗਏ। ਤੀਰ-ਕਮਾਨ ਦੇ ਮਾਹਿਰ ਭੀਲ ਸਿੱਖਾਂ ਦੀ ਵੱਡੀ ਫ਼ੌਜ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਮੁਗਲ ਫ਼ੌਜਾਂ ਨਾਲ ਜੰਗ ਲੜਦੀ ਰਹੀ ਅਤੇ ਵੱਡੀ ਸ਼ਹਾਦਤ ਦਿੱਤੀ। ਅਜੋਕੇ ਸਮੇਂ ਵਿੱਚ ਖਾਲਸਾ ਰਾਜਧਾਨੀ ਲੋਹਗੜ੍ਹ ਵਿੱਚ ਭੀਲਾਂ ਦਾ ਕੋਈ ਵੀ ਪਰਿਵਾਰ ਨਹੀਂ ਹੈ।

ਬੰਦਾ ਸਿੰਘ ਬਹਾਦੁਰ ਤੇ ਸਿੱਖ ਫ਼ੌਜਾਂ ਦੇ ਖ਼ਿਲਾਫ਼ ਲੜਨ ਵਾਲੇ 3 ਮੁਸਲਮਾਨ ਬਾਦਸ਼ਾਹ, 5 ਸ਼ਹਿਜ਼ਾਦੇ, 30 ਹਿੰਦੂ ਰਾਜੇ ਤੇ ਮਨਸਬਦਾਰ, 120 ਸੀਨੀਅਰ ਮੁਸਲਮਾਨ ਮਨਸਬਦਾਰ, ਫ਼ੌਜਦਾਰ ਤੇ ਸੂਬੇਦਾਰ ਅਤੇ ਜਹਾਦੀਏ:

ਬਾਦਸ਼ਾਹ: ਬਹਾਦਰ ਸ਼ਾਹ, ਜਹਾਂਦਾਰ ਸਾਹ, ਫ਼ਰੱਖ਼ਸੀਅਰ ਸ਼ਹਿਜ਼ਾਦੇ: ਰਫ਼ੀ-ਉ-ਸ਼ਾਨ, ਅਜ਼ੀਮ-ਉ-ਸ਼ਾਨ, ਜਹਾਨ ਸ਼ਾਹ, ਖ਼ੁਜ਼ਿਸ਼ਤਾ ਅਖ਼ਤਰ।

ਹਿੰਦੂ ਰਾਜੇ ਅਤੇ ਮਨਸਬਦਾਰ: ਸੁੱਚਾ ਨੰਦ, ਰਾਜਾ ਚੇਤ ਸਿੰਘ ਤੇ ਗਿਆਨ ਚੰਦ, ਜਗਤ ਚੰਦ ਤੇ ਬਾਜ ਬਹਾਦਰ ਚੰਦ (ਕਮਾਓਂ), ਰਾਜਾ ਅਨੂਪ ਸਿੰਘ, ਛਤਰਸਾਲ ਬੁੰਦੇਲਾ, ਚੂੜਾਮਨੀ ਜਾਟ, ਰਾਜਾ ਓਦੀਪ ਸਿੰਘ, ਰਾਜਾ ਗੋਪਾਲ ਸਿੰਘ ਭੱਦਾਵੜੀਆ, ਪ੍ਰਿਥੀ ਚੰਦ, ਉਦਿਤ ਸਿੰਘ ਬੁੰਦੇਲਾ, ਬਦਨ ਸਿੰਘ ਬੁੰਦੇਲਾ, ਅਜੀਤ ਸਿੰਘ (ਰਾਜਾ ਜੋਧਪੁਰ), ਬਚਨ ਸਿੰਘ ਕਛਵਾਹਾ ਤੇ ਜੈ ਸਿੰਘ ਸਵਾਈ (ਰਾਜਾ ਜੈਪੁਰ), ਅਮਰ ਸਿੰਘ (ਰਾਜਾ ਅਜਮੇਰ), ਹਮੀਰ ਚੰਦ ਕਟੋਚ (ਰਾਜਾ ਕਾਂਗੜਾ), ਰਾਜਾ ਜਸਰੋਟੀਏ ਦਾ ਪੁੱਤਰ ਹਰਿ ਦੇਵ, ਕਿਰਪਾਲ ਦੇਵ ਤੇ ਧਰੂਵ ਦੇਵ (ਰਾਜੇ ਜੰਮੂ), ਭੂਪ ਪ੍ਰਕਾਸ਼ (ਨਾਹਨ), ਮਾਨ ਸਿੰਘ (ਰਾਜਾ ਕੁੱਲੂ), ਕੈਥਲ ਦਾ ਆਮਿਲ, ਲਾਲ ਕੰਵਰ ਗੁੱਜਰ, ਟੋਡਰ ਮਲ ਦਾ ਪੋਤਰਾ, ਸੰਤੋਖ ਰਾਏ ਕਾਨੂੰਨਗੋ (ਕਲਾਨੌਰ), ਰਾਜਾ ਦਯਾ ਧੰਮਾ/ਧਰਮਾ (ਨੂਰਪੁਰ), ਕਿਸ਼ਨ ਸਿੰਘ (ਨਰੋਕਾ), ਸਾਂਵਲ ਦਾਸ (ਦੀਵਾਨ ਗ਼ਾਜ਼ੀ ਖ਼ਾਨ), ਟਿੱਕਾ ਰਾਮ (ਦਰੋਗਾ ਦਿੱਲੀ)

ਮੁਸਲਮਾਨ ਸੂਬੇਦਾਰ, ਫ਼ੌਜਦਾਰ ਅਤੇ ਮਨਸਬਦਾਰ: ਵਜ਼ੀਰ ਖ਼ਾਨ (ਫ਼ੌਜਦਾਰ ਸਰਹੰਦ), ਮੁਨੀਮ ਖ਼ਾਨ (ਖ਼ਾਨ ਖ਼ਾਨਾਂ) ਤੇ ਉਸ ਦੇ ਦੋ ਪੁੱਤਰ: ਮਹਾਬਤ ਖ਼ਾਨ ਤੇ ਖ਼ਾਨ ਜ਼ਮਾਨ ਬਹਾਦਰ, ਇਸਲਾਮ ਖ਼ਾਨ (ਮੀਰ ਆਤਿਸ਼), ਹਮੀਦ-ਉਦ-ਖ਼ਾਨ, ਸਰਫ਼ਰਾਜ਼ ਖ਼ਾਨ ਬਹਾਦਰ (ਬਹਿਰੋਜ਼ ਖ਼ਾਨ) ਤੇ ਉਸ ਦਾ ਪੁੱਤਰ ਸੈਫ਼-ਉਲ੍ਹਾ-ਖ਼ਾਨ, ਅਹਿਤਮਾਨ ਖ਼ਾਨ ਤੇ ਉਸ ਦਾ ਪੁੱਤਰ ਲੁਤਫ਼-ਉਲ੍ਹਾ ਖ਼ਾਨ, ਮੁਹੰਮਦ ਅਮੀਨ ਖ਼ਾਨ (ਪਹਿਲੋਂ ਸੂਬੇਦਾਰ ਮੁਰਾਦਾਬਾਦ, ਫਿਰ ਭਾਈ ਬੰਦਾ ਸਿੰਘ ਬਹਾਦੁਰ ਦੇ ਖ਼ਿਲਾਫ਼ ਮੁਹਿੰਮ ਦਾ ਮੁਖੀ) ਤੇ ਉਸ ਦਾ ਪੁੱਤਰ ਕਮਰ-ਉ-ਦੀਨ (ਮਗਰੋਂ ਪ੍ਰਾਈਮ ਮਨਿਸਟਰ), ਜ਼ੁਲਫ਼ਿਕਾਰ ਖ਼ਾਨ (ਬਖ਼ਸ਼ੀ-ਉਲ ਮੁਲਕ), ਕੋਕਲਤਾਸ਼ ਖ਼ਾਨ ਬਹਾਦਰ, ਖਵਾਜਾ ਹਸਨ ਖ਼ਾਨ, ਸ਼ਕਰੁੱਲਾ ਖ਼ਾਨ, ਇਬਰਾਹੀਮ ਖ਼ਾਨ (ਮੀਰ ਆਤਿਸ਼), ਸਰਬਰਾਹ ਖ਼ਾਨ (ਕੋਤਵਾਲ, ਦਿੱਲੀ), ਬਾੜ੍ਹਾ ਦਾ ਸ਼ੱਯਦ ਅਬਦੁੱਲਾ ਖ਼ਾਨ (ਸੂਬੇਦਾਰ ਅਲਾਹਾਬਾਦ) ਸ਼ੱਯਦ ਹੁਸੈਨ ਅਲੀ ਖ਼ਾਨ ਤੇ ਸ਼ੱਯਦ ਵਜੀਹ-ਉਦ-ਦੀਨ (ਬਾੜ੍ਹਾ), ਰੁਸਤਮ ਦਿਲ ਖ਼ਾਨ ਤੇ ਉਸ ਦਾ ਭਰਾ ਸੁਲਤਾਨ ਕੁਲੀ ਖ਼ਾਨ, ਅਬਦੁਸ ਸਮਦ ਖ਼ਾਨ (ਮਗਰੋਂ ਸੂਬੇਦਾਰ ਜੰਮੂ ਤੇ ਲਾਹੌਰ) ਤੇ ਉਸ ਦਾ ਪੁੱਤਰ ਜ਼ਕਰੀਆ ਖ਼ਾਨ (ਮਗਰੋਂ ਸੂਬੇਦਾਰ ਜੰਮੂ ਤੇ ਲਾਹੌਰ), ਚੁਗੱਤਾ ਖ਼ਾਨ, ਸ਼ਾਹ ਨਿਵਾਜ਼ ਖ਼ਾਨ, ਅਫ਼ਰਾਸਿਆਬ ਖ਼ਾਨ, ਸ਼ਫ਼ਸਿੱਖਨ ਖ਼ਾਨ, ਫ਼ਿਰੋਜ਼ ਖ਼ਾਨ ਮੇਵਾਤੀ (ਸੂਬੇਦਾਰ ਸਰਹੰਦ), ਜ਼ੈਨ-ਉ-ਦੀਨ ਅਹਿਮਦ ਖ਼ਾਨ (ਪਹਿਲੋਂ ਸੂਬੇਦਾਰ ਸਿਕੰਦਰਾਬਾਦ ਤੇ ਮੇਰਠ ਤੇ ਫੇਰ ਸਰਹੰਦ), ਮੁਹੰਮਦ ਰੁਸਤਮ ਗ਼ਾਜ਼ੀ ਖ਼ਾਨ (ਸੂਬੇਦਾਰ ਸਰਹੰਦ), ਹਕੀਮ ਮੋਇਤਮਦ-ਉਲ-ਮੁਲਕ, ਰਹਿਮਾਨ ਯਾਰ ਖ਼ਾਨ, ਅਤਾ-ਉਲ੍ਹਾ ਖ਼ਾਨ, ਫ਼ਤਹਿ-ਉਲ੍ਹਾ ਖ਼ਾਨ, ਮੋਹਤਮ ਖ਼ਾਨ, ਰਾਏ ਰਾਈਆਂ, ਜਨੀ ਖ਼ਾਨ,

ਫ਼ਿਦਵੀ ਖ਼ਾਨ, ਅਬਦੁਲ ਕਰੀਰ ਖ਼ਾਨ, ਅਕੀਦਤ ਖ਼ਾਨ (ਪੁੱਤਰ ਅਮੀਰ ਖ਼ਾਨ), ਮੁਹੰਮਦ ਅਲੀ ਖ਼ਾਨ (ਬਖ਼ਸ਼ੀ ਜਹਾਂਦਾਰ ਖ਼ਾਨ), ਅਬੂ-ਉਲ-ਕਾਸਿਮ (ਨਾਇਬ ਫ਼ੌਜਦਾਰ ਸਰਹੰਦ), ਮੁਹੰਮਦ ਬਕਾ (ਫ਼ੌਜਦਾਰ ਫ਼ਤਹਿਬਾਦ), ਮੁਹੰਮਦ ਅਮੀਨ (ਫ਼ੌਜਦਾਰ ਰਜੌੜੀ), ਜਲਾਲ ਖ਼ਾਨ (ਫ਼ੌਜਦਾਰ ਰੋਹਤਕ), ਸੈਫ਼-ਉ-ਦੀਨ ਅਹਿਮਦ ਖ਼ਾਨ (ਫ਼ੌਜਦਾਰ ਗੁਜਰਾਤ), ਅਜ਼ਹਰ ਖ਼ਾਨ (ਫ਼ੌਜਦਾਰ ਵਜ਼ੀਰਾਬਾਦ), ਇਰਾਦਤ ਮੰਦ ਖ਼ਾਨ (ਸੂਬੇਦਾਰ ਏਮਨਾਬਾਦ), ਨੂਰ ਮੁਹੰਮਦ ਖ਼ਾਨ (ਫ਼ੌਜਦਾਰ ਔਰੰਗਬਾਦ ਤੇ ਪਸਰੂਰ), ਸ਼ੇਖ ਮੁਹੰਮਦ ਦਾਯਮ (ਫ਼ੌਜਦਾਰ ਬਟਾਲਾ), ਸੁਹਰਾਬ ਖ਼ਾਨ (ਫ਼ੌਜਦਾਰ ਕਲਾਨੌਰ), ਆਰਿਫ਼ ਬੇਗ਼ ਖ਼ਾਨ (ਨਾਇਬ ਸੂਬੇਦਾਰ ਲਾਹੌਰ), ਸੁਲਤਾਨ ਖ਼ਾਨ (ਸੂਬੇਦਾਰ ਜੰਮੂ), ਸੱਦਾਤ ਖ਼ਾਨ (ਸੂਬੇਦਾਰ ਕਸ਼ਮੀਰ), ਮੁਹੰਮਦ ਅਲੀ ਖ਼ਾਨ (ਨਾਇਬ ਸੂਬੇਦਾਰ ਕਸ਼ਮੀਰ), ਜਲਾਲਾਬਾਦ ਦਾ ਫ਼ੌਜਦਾਰ ਜਲਾਲ ਖ਼ਾਨ, ਉਸ ਦਾ ਪੁੱਤਰ ਦੀਨਦਾਰ ਖ਼ਾਨ, ਪੋਤਰੇ ਗ਼ੁਲਾਮ ਮੁਹੰਮਦ ਬਨਿਆਰਾ ਤੇ ਪੀਰ ਮੁਹੰਮਦ ਖ਼ਾਨ, ਭਣੇਵਾਂ ਗ਼ੁਲਾਮ ਮੁਹੰਮਦ ਖ਼ਾਨ ਤੇ ਭਤੀਜਾ ਹਜਬਰ ਖ਼ਾਨ ਤੇ ਜਰਨੈਲ ਸੱਦਾਤ ਖ਼ਾਨ, ਸਹਾਰਨਪੁਰ ਦਾ ਫ਼ੌਜਦਾਰ ਮੁਹੰਮਦ ਅਲੀ ਖ਼ਾਨ ਅਤੇ ਉਸ ਦੇ ਭਤੀਜੇ ਪੀਰ ਖ਼ਾਨ ਤੇ ਜਮਾਲ ਖ਼ਾਨ, ਕਦਮ-ਉਦ-ਦੀਨ (ਕਪੂਰੀ), ਉਸਮਾਨ ਖ਼ਾਨ (ਸਢੌਰਾ), ਸ਼ੇਰ ਮੁਹੰਮਦ ਖ਼ਾਨ (ਮਲੇਰਕੋਟਲਾ), ਖਿਜਰ ਖ਼ਾਨ ਤੇ ਉਸ ਦੇ ਪੁੱਤਰ ਖ਼ਾਨ ਅਲੀ ਤੇ ਮੁਹੰਮਦ ਬਖ਼ਸ਼ (ਮਲੇਰਕੋਟਲਾ), ਨਿਜ਼ਾਮੁਲ ਮੁਲਕ ਅਸਦ ਖ਼ਾਨ (ਦਿੱਲੀ), ਜਰਨੈਲ: ਅਫ਼ਜ਼ਲ ਖ਼ਾਨ, ਖ਼ਾਨ ਬਹਾਦਰ, ਸ਼ਮਸ਼ੇਰ ਖ਼ਾਨ, ਅਬਦੁੱਲਾ ਖ਼ਾਨ (ਪੰਜੇ ਦਿੱਲੀ), ਸ਼ਮਸ ਖ਼ਾਨ (ਫ਼ੌਜਦਾਰ ਸੁਲਤਾਨਪੁਰ, ਜਲੰਧਰ-ਦੋਆਬ), ਬਾਇਜ਼ਿਦ ਖ਼ਾਨ ਉਰਫ਼ ਕੁਤਬਦੀਨ ਖ਼ੇਸ਼ਗੀ (ਫ਼ੌਜਦਾਰ ਜੰਮੂ), ਦੌਲਤ ਮੁਈਨ ਦਾ ਪੁੱਤਰ ਈਸਾ ਖ਼ਾਨ (ਫ਼ੌਜਦਾਰ ਜਲੰਧਰ-ਦੋਆਬ), ਈਸਾ ਖ਼ਾਨ ਮੰਞ (ਫ਼ੌਜਦਾਰ ਜੰਗਲ ਦੇਸ), ਉਮਰ ਖ਼ਾਨ (ਫ਼ੌਜਦਾਰ ਕਸੂਰ), ਸੈਫ਼ ਖ਼ਾਨ (ਫ਼ੌਜਦਾਰ ਸੁਲਤਾਨਪੁਰ), ਉਸਮਾਨ ਖ਼ਾਨ ਕਰਾਵਲ, ਨੁਸਰਤ ਖ਼ਾਨ, ਸ਼ੱਯਦ ਹਸਨ ਖ਼ਾਨ, ਜ਼ੋਰਾਵਰ ਖ਼ਾਨ, ਰਣਬਾਜ਼ ਖ਼ਾਨ, ਸ਼ੇਰ ਖ਼ਾਨ (ਸਾਰੇ ਜਰਨੈਲ), ਸ਼ੈਖ਼ ਅਹਿਮਦ ਸ਼ੈਖ਼ੁੱਲ-ਹਿੰਦ (ਬਟਾਲਾ), ਸੁਹਰਾਬ ਖ਼ਾਨ (ਕਲਾਨੌਰ), ਜਰਨੈਲ ਈਨਾਮ ਖ਼ਾਨ, ਸਦਾਤ ਖ਼ਾਨ (ਕੋਟਲਾ), ਅਸ਼ਰਫ਼ ਖ਼ਾਨ (ਫ਼ੌਜਦਾਰ ਹਰਿਆਣਾ), ਖਵਾਜਾ ਸੁਲਤਾਨ (ਗੁਰਜ ਬਰਦਾਰ), ਸ਼ੱਯਦ ਅਜ਼ਮਤੁੱਲਾ ਖ਼ਾਨ (ਜ਼ਿਮੀਂਦਾਰ ਰਾਜੌਰੀ), ਹੋਸ਼ਦਾਰ ਖ਼ਾਨ (ਫ਼ੌਜਦਾਰ ਜਲੰਧਰ-ਦੋਆਬ), ਤਲਵਨ (ਜਲੰਧਰ-ਦੋਆਬ) ਦੇ ਜ਼ਿਮੀਂਦਾਰ: ਮੁਗ਼ਲ ਬੇਗ਼ ਖ਼ਾਨ, ਦੁਰਲਬ ਖ਼ਾਨ, ਅਬਦੁਲ ਸਮਦ ਖ਼ਾਨ ਤੇ ਇਨਾਇਤ ਖ਼ਾਨ; ਇਨਾਮ ਖ਼ਾਨ ਵਾਲਾਸ਼ਾਹੀ, ਮਿਰਜ਼ਾ ਸ਼ਾਹ ਨਿਵਾਜ਼, ਦੌਲਤ ਬੇਗ਼ ਖ਼ਾਨ, ਸਾਲੇਹ ਖ਼ਾਨ, ਫ਼ਤਹਿ-ਉਲਾ-ਖ਼ਾਨ, ਮੁਹੰਮਦ ਅਸਲਮ (ਵਕੀਲ ਗ਼ਾਜ਼ੀ ਖ਼ਾਨ), ਫ਼ਿਰੋਜ਼ ਜੰਗ ਖ਼ਾਨ, ਮੌਲਵੀ ਮੁਰਾਦੁੱਲਾ, ਅਬਦੁਲ ਕਾਦਰ, ਮਹਿਫ਼ੂਜ਼ ਖ਼ਾਨ, ਮੁਹੰਮਦ ਖ਼ਾਨ, ਜਰਨੈਲ ਅਬੂ-ਉਲ-ਮੁਲਕ (ਭਤੀਜਾ ਜ਼ੈਨ-ਉ-ਦੀਨ, ਸੂਬੇਦਾਰ ਸਰਹੰਦ), ਖਵਾਜਾ ਮੁਕੱਰਮ (ਫ਼ੌਜਦਾਰ ਰੂਪੜ), ਸ਼ਰਫ਼-ਉ-ਦੀਨ (ਬਖ਼ਸ਼ੀ ਸਰਹੰਦ); ਫ਼ੌਜਦਾਰ ਪੱਟੀ ਤੇ ਕੀ ਹੋਰ ਜਿਨ੍ਹਾਂ ਦੇ ਨਾਂ ਤਵਾਰੀਖ਼ ਵਿਚ ਨਹੀਂ ਮਿਲਦੇ।

ਲਾਹੌਰ ਦੇ ਜਹਾਦੀਏ: ਪੀਰ ਮੁਹੰਮਦ ਤੱਕੀ, ਮੂਸਾ ਬੇਗ਼, ਸ਼ਾਹ ਇਨਾਇਤੁੱਲਾ, ਮੁਹੰਮਦ ਜ਼ਮਾਨ ਰੰਘੜ ਤੇ ਮੁੱਲਾਂ ਮੀਰ ਮੁਹੰਮਦ।

ਦੂਜੇ ਮੌਲਵੀ: ਮੌਲਵੀ ਵਿਰਦੀ ਬੇਗ਼ ਲਾਹੌਰ, ਸ਼ਾਹ ਮੁਹੰਮਦ ਕਾਜ਼ੀ ਬੂੜੀਆ।

ਭਾਈ ਬੰਦਾ ਸਿਘ ਬਹਾਦੁਰ ਅਤੇ ਉਸ ਦੇ ਸਾਥੀਆਂ ਨਾਲ ਸੰਬੰਧਤ ਸਥਾਨ

ਰਾਜੋਰੀ – ਬਹੁੱਤ ਸਾਰੇ ਇਤਿਹਾਸਿਕ ਸੋਮੇਂ ਮੰਨਦੇ ਹਨ ਕਿ ਭਾਈ ਬੰਦਾ ਸਿੰਘ ਬਹਾਦੁਰ ਲਛਮਨ ਦੇਵ ਦੇ ਨਾਂ 'ਤੇ ਰਾਜੋਰੀ (ਪੂਣਛ) ਕਸ਼ਮੀਰ ਵਿਚ ਜੰਮਿਆ। ਇਹ ਭਾਈ ਬੰਦਾ ਸਿੰਘ ਬਹਾਦੁਰ ਦਾ ਪਹਿਲਾ ਅਸਥਾਨ ਹੈ ਜਿੱਥੇ ਉਸਦੀ ਯਾਦ ਵਿਚ ਮੈਮੋਰੀਅਲ ਬਣਨਾ ਚਾਹੀਦਾ ਹੈ।

ਬਿਸਰਮਪੁਰ – ਜੇਮੇਜ਼ਬਰ ਨੇ ਆਪਣੇ ''ਟਰੈਕਟਜ਼'' ਕੰਮ ਵਿਚ ਵਰਣਨ ਕੀਤਾ ਹੈ ਕਿ ਭਾਈ ਬੰਦਾ ਸਿੰਘ ਬਹਾਦੁਰ ਦਾ ਜਨਮ ਬਿਸਰਾਮਪੁਰ 'ਜਲੰਧਰ' ਵਿਚ ਹੋਇਆ, ਪਰ ਉਸ ਦੇ ਇਸ ਵਿਚਾਰ ਨਾਲ ਹੋਰ ਕੋਈ ਵੀ ਸਹਿਮਤ ਨਹੀਂ ਹੁੰਦਾ। ਲੇਕਿਨ ਪਤਾਰਾ ਦੇ ਮਾਸਟਰ ਮੋਤਾ ਸਿੰਘ ਨੇ ਇਥੇ ਉਸਦੀ ਯਾਦ ਵਿਚ ਇੱਕ ਸਰਾਂ ਬਣਾਈ ਹੋਈ ਹੈ।

ਨਾਂਦੇੜ – ਇੱਥੇ ਭਾਈ ਬੰਦਾ ਸਿੰਘ ਬਹਾਦੁਰ ਨੇ ਕਈ ਸਾਲ ਬਿਤਾਏ ਅਤੇ ਆਪਣਾ ਡੇਰਾ ਸਥਾਪਿਤ ਕੀਤਾ ਸੀ, ਜਿੱਥੋ ਗੁਰੂ ਗੋਬਿੰਦ ਸਿੰਘ ਨੇ ਆਪਣਾ ਥਾਪੜਾ ਦੇ ਕੇ ਉਸ ਨੂੰ ਸਿੰਘ ਸਜਾਇਆ ਸੀ, ਅਤੇ ਪੰਜਾਬ ਦੇ ਜ਼ਾਲਮ ਮੁਗਲਾਂ ਵਿਰੁੱਧ ਜੂਝਨ ਲਈ ਤੋਰਿਆ ਸੀ। ਇੱਥੇ ਉਸਦੇ ਨਾਂ 'ਤੇ ਸਿੱਖ ਸੰਗਤਾਂ ਨੇ ਗੁਰਦੁਆਰਾ ਬਣਾਇਆ ਹੋਇਆ ਹੈ।

ਖੰਡਾ/ ਸੇਹਰੀ (ਖਰਖੋਦਾ) – ਇਸ ਜਗ੍ਹਾ 'ਤੇ ਭਾਈ ਬੰਦਾ ਸਿੰਘ ਬਹਾਦੁਰ ਨੇ ਆਪਣਾ ਪਹਿਲਾ ਹੈਡਕੁਆਟਰ ਦੋ ਪਿੰਡਾਂ ਦੇ ਵਿਚਕਾਰ ਬਣਾਇਆ ਸੀ। ਇੱਥੇ ਉਹ ਕਈ ਹਫਤੇ ਰਿਹਾ ਅਤੇ ਮੁਗਲਾਂ ਵਿਰੁੱਧ ਜੰਗ ਕਰਨ ਦੀ ਤਿਆਰੀ ਕੀਤੀ। ਇੱਥੇ ਵੀ ਉਸਦੀ ਯਾਦ ਵਿਚ ਕੋਈ ਇਮਾਰਤ ਦੀ ਉਸਾਰੀ ਕਰਨੀ ਚਾਹੀਦੀ ਹੈ।

ਸਮਾਣਾ – 26 ਨਵੰਬਰ 1709 ਨੂੰ ਭਾਈ ਬੰਦਾ ਸਿੰਘ ਬਹਾਦੁਰ ਨੇ ਮੁਗਲਾਂ ਦੇ ਵੱਡੇ ਜੱਲਾਦ ਮਾਰੇ, ਜਿਨ੍ਹਾਂ ਗੁਰੂ ਤੇਗ ਬਹਾਦਰ ਦਾ ਸੀਸ ਕੱਟਿਆ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਿਆ ਸੀ। ਇਸ ਮਹਾਨ ਜਰਨੈਲ ਦੀ ਯਾਦ ਵਿਚ ਅੱਜ ਤੱਕ ਇਥੇ ਕੋਈ ਯਾਦਗਾਰ ਨਹੀਂ ਬਣੀ ਕਿਉਂਕਿ ਇਥੋਂ ਹੀ ਸਮਾਣਾ ਜਿੱਤ ਕੇ ਸਿੱਖਾਂ ਦੀ ਪਹਿਲੀ ਜਿੱਤ ਹੋਈ ਸੀ।

ਲੋਹਗੜ੍ਹ – ਇਹ ਆਜ਼ਾਦ ਪੰਜਾਬ ਦੀ (ਖਾਲਸਾ) ਰਾਜਧਾਨੀ ਮਹਾਨ ਜਰਨੈਲ ਭਾਈ ਬੰਦਾ ਸਿੰਘ ਬਹਾਦੁਰ ਨੇ ਬਣਾਈ। ਇਹ ਜਗ੍ਹਾ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀ ਹੱਦ 'ਤੇ 7000 ਤੋਂ ਵੱਧ ਰਕਬੇ ਵਿਚ 'ਡਾਬਰ ਦੀਆਂ ਪਹਾੜੀਆਂ' ਉੱਪਰ ਸਥਿਤ ਹੈ। ਇੱਥੇ ਸਥਾਨਕ ਸਿੰਘਾਂ ਨੇ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ। ਖੁਸ਼ੀ ਦੀ ਗੱਲ ਹੈ ਕਿ ਹਰਿਆਣਾ ਸਰਕਾਰ ਵਲੋਂ ਭਾਈ ਬੰਦਾ ਸਿੰਘ ਬਹਾਦੁਰ ਮੈਮੋਰੀਅਲ (ਕਮਿਉਨਿਟੀ ਸੈਂਟਰ) ਬਣਾਇਆ ਜਾ ਰਿਹਾ ਹੈ ਜਿਸ ਵਿਚ ਲਾਈਟ ਅਤੇ ਸਾਊਂਡ ਸਿਸਟਮ ਨਾਲ ਭਾਈ ਬੰਦਾ ਸਿੰਘ ਬਹਾਦੁਰ ਦੀਆਂ 1710, 1712 ਅਤੇ 1713 ਦੀਆਂ ਮੁਗਲਾਂ ਵਿਰੁੱਧ ਲੜਾਈਆਂ ਅਤੇ ਹੋਰ ਕਾਮਯਾਬੀਆਂ ਬਾਰੇ ਜਾਣੂ ਕਰਵਾਇਆ ਜਾਵੇਗਾ। ਭਗਵਾਨਪੁਰ, ਬਿਲਾਸਪੁਰ (ਯਮੁਨਾ ਨਗਰ) ਤੋਂ ਲੋਹਗੜ੍ਹ ਤੱਕ ਹਰਿਆਣਾ ਸਰਕਾਰ ਨੇ ਪੱਕੀ ਸੜਕ ਬਣਾ ਦਿੱਤੀ ਹੈ ਅਤੇ ਲੋਹਗੜ੍ਹ ਟ੍ਰੱਸਟ ਆਪਣੀ ਜ਼ਮੀਨ ਖਰੀਦ ਕੇ ਭਾਈ ਬੰਦਾ ਸਿੰਘ ਬਹਾਦੁਰ ਦੀ ਯਾਦ ਵਿਚ ਵੱਖ-ਵੱਖ ਸਮਾਜ ਸੁਧਾਰ ਸਕੀਮਾਂ ਹੇਠਾਂ ਇਮਾਰਤਾਂ ਦੀ ਉਸਾਰੀ ਕਰ ਰਿਹਾ ਹੈ। ਇਸ ਥਾਂ ਦੀ ਡਿਵੈਲਪਮੈਂਟ ਕਰਕੇ ਲੋਕਾਂ ਨੂੰ ਰੁਜਗਾਰ, ਮੈਡੀਕਲ ਸਹਾਇਤਾ, ਸਿੱਖ ਸਿਧਾਂਤਾਂ ਮੁਤਾਬਿਕ ਗੁਰਬਾਣੀ ਸਿੱਖਿਆ ਅਤੇ ਲੋੜਵੰਧ ਲੋਕਾਈ ਵਾਸਤੇ ਲੰਗਰ ਦੇ ਪ੍ਰਬੰਧ ਕੀਤੇ ਜਾਣਗੇ। ਲੋਹਗੜ੍ਹ ਟ੍ਰਸਟ ਦੀ ਇਮਾਰਤ ਉਸਾਰੀ ਅਧੀਨ ਹੈ। ਐਸ.ਜੀ.ਪੀ.ਸੀ ਨੇ ਵੀ ਇੱਥੇ ਆਪਣੇ ਤੌਰ ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ।

ਭਵਿੱਖ ਵਿਚ ਲੋਹਗੜ੍ਹ ਇੱਕ ਟੂਰਿਸਟ ਕੰਪਲੈਕਸ ਬਣੇਗਾ ਜੋ ਸਮੁੱਚੇ ਸੰਸਾਰ ਦੀ ਖਿੱਚ ਦਾ ਕੇਂਦਰ ਬਣੇਗਾ। ਸ਼ਾਹਬਾਦ ਤੋਂ ਲੋਹਗੜ੍ਹ ਦੀ ਸੜਕ ਭਾਈ ਬੰਦਾ ਸਿੰਘ ਬਹਾਦੁਰ ਜੀ ਦੇ ਨਾਮ 'ਤੇ ਰੱਖੀ ਜਾ ਰਹੀ ਹੈ ਜਿਸਦੀ ਚੌੜਾਈ ਕਰਨਾ ਵੀ ਵਿਚਾਰਾਧੀਨ ਹੈ। ਇਸ ਸੜਕ ਦੇ ਅਰੰਭ ਹੋਣ 'ਤੇ ਸ਼ਾਹਬਾਦ ਦੇ ਕੋਲ ਜੀ.ਟੀ.ਰੋਡ 'ਤੇ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਮ ਤੋਂ ਯਾਦਗਿਰੀ ਗੇਟ ਸਰਕਾਰ ਵਲੋਂ ਲਗਵਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰ 3 ਵੱਡੇ ਯਾਦਗਿਰੀ ਗੇਟ ਅਤੇ 13 ਵੱਖ-ਵੱਖ ਥਾਂਵਾਂ 'ਤੇ ਖਾਲਸਾ ਰਾਜਧਾਨੀ ਲੋਹਗੜ੍ਹ ਪਹੁੰਚ ਮਾਰਗ ਦੇ ਗੇਟ ਲਗਾਏ ਜਾਣਗੇ।

ਸਾਢੌਰਾ - ਇੱਥੇ ਹਜ਼ਾਰਾਂ ਸਿੱਖ, ਮੁਗਲਾਂ ਵਿਰੁੱਧ ਲੜਦੇ-ਲੜਦੇ ਸ਼ਹੀਦ ਹੋਏ ਸਨ। ਗੁਰੂ ਗੋਬਿੰਦ ਸਿੰਘ ਅਤੇ ਸਿੰਘਾਂ ਦਾ ਸਾਥ ਦੇਣ ਵਾਲੇ ਪੀਰ ਬੁੱਧੂ ਸ਼ਾਹ ਵੀ ਸਢੌਰੇ ਦੇ ਹੀ ਸਨ। ਇਸ ਸਢੌਰੇ ਵਿਚ ਤਿੰਨ ਬਾਦਸ਼ਾਹ (ਬਹਾਦਰ ਸ਼ਾਹ, ਜਹਾਂਦਾਰ ਸ਼ਾਹ ਅਤੇ ਫ਼ਰਖ਼ਸੀਅਰ) ਨੇ ਸਿੱਖ ਫ਼ੌਜਾਂ ਨਾਲ 3 ਲੜਾਈਆਂ ਲੜੀਆਂ। ਇੱਥੇ ਵੀ ਹਰਿਆਣਾ ਸਰਕਾਰ ਨੇ ਪੰਜ ਏਕੜ ਜ਼ਮੀਨ 'ਤੇ ਪੀਰ ਬੁੱਧੂ ਸ਼ਾਹ ਮੈਮੋਰੀਅਲ ਬਣਾਉਣ ਦਾ ਵੀ ਐਲਾਨ ਕੀਤਾ ਹੈ।

ਚੱਪੜ ਚਿੜੀ - ਇਹ ਸਥਾਨ 'ਵਾਟਰਲੋਅ' ਦੀ ਤਰ੍ਹਾਂ ਪ੍ਰਸਿੱਧ ਹੈ ਜਿਸ ਵਿਚ ਸਿੱਖਾਂ ਨੇ ਆਪਣੇ ਖ਼ੂਨ ਨਾਲ ਸਿੱਖ ਇਤਿਹਾਸ ਲਿਖਿਆ ਹੈ। ਇੱਥੇ ਵਜ਼ੀਰ ਖਾਂ ਸਣੇ ਭਾਰੀ ਗਿਣਤੀ ਵਿਚ ਮੁਗਲਾਂ ਨੂੰ ਸੋਧਕੇ ਚੱਪੜ ਚਿੱੜੀ ਦੀ ਜਿੱਤ ਹਾਸਿਲ ਕੀਤੀ ਗਈ ।ਇਸ ਲੜਾਈ ਦੌਰਾਨ ਹਜ਼ਾਰਾਂ ਹੀ ਸਿੱਖ ਸ਼ਹੀਦ ਹੋਏ, ਇੱਥੇ ਪੰਜਾਬ ਸਰਕਾਰ ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਯਾਦ ਵਿਚ ਉੱਚਾ ਟਾਵਰ ਬਣਾਇਆ ਹੈ।

ਸਰਹੰਦ (ਨਵਾਂ ਨਾਂ ਫਤਿਹਗੜ੍ਹ ਸਾਹਿਬ) - ਇਸ ਸਥਾਨ ਤੋਂ 27 ਮਈ 1710 ਨੂੰ ਭਾਈ ਬੰਦਾ ਸਿੰਘ ਬਹਾਦੁਰ ਨੇ ਜ਼ਿਮੀਂਦਾਰਾ ਸਿਸਟਮ ਖਤਮ ਕਰਕੇ ਜ਼ਮੀਨ ਵਿਚ ਕੰਮ ਕਰਨ ਵਾਲਿਆਂ ਨੂੰ ਹੀ ਜ਼ਮੀਨ ਦਾ ਮਾਲਕ ਬਣਾ ਕੇ ਦੁਨੀਆਂ ਦਾ ਬਹੁਤ ਵੱਡਾ ਕਾਰਜ ਕੀਤਾ ਸੀ। (ਜੋ ਕਿ ਫ਼ਰਾਂਸ ਦੇ 1789 ਅੰਦੋਲਨ ਤੋਂ 70 ਸਾਲ ਪਹਿਲਾਂ ਦਾ ਕ੍ਰਾਂਤੀਕਾਰੀ ਕਦਮ ਹੈ ਪਰ ਸਮੇਂ ਦੀਆਂ ਪੱਖਪਾਤੀ ਹਕੂਮਤਾਂ ਨੇ ਇਸ ਇਤਿਹਾਸ ਨੂੰ ਜਾਹਿਰ ਹੀ ਨਹੀਂ ਹੋਣ ਦਿੱਤਾ। ਇੱਥੇ ਭਾਈ ਬੰਦਾ ਸਿੰਘ ਬਹਾਦੁਰ ਅਤੇ ਬਾਜ ਸਿੰਘ ਦੀ ਯਾਦਗਾਰ ਹੋਣੀ ਚਾਹੀਦੀ ਹੈ।

ਰਿਆਸੀ - ਇੱਥੇ ਵੀ ਭਾਈ ਬੰਦਾ ਸਿੰਘ ਬਹਾਦੁਰ , ਉਸਦੀ ਪਤਨੀ ਅਤੇ ਉਸਦੇ ਪੁੱਤਰ ਨੇ ਕੁਝ ਸਮਾਂ ਬਿਤਾਇਆ ਸੀ। ਇੱਥੇ ਇਕ ਸਰਾਂ ਬਣੀ ਹੋਈ ਹੈ।

ਗੁਰਦਾਸ ਨੰਗਲ - ਇੱਥੇ ਭਾਈ ਬੰਦਾ ਸਿੰਘ ਬਹਾਦੁਰ ਆਪਣੇ ਸਿੰਘ ਸਾਥੀਆਂ ਸਮੇਤ ਤਕਰੀਬਨ ਅੱਠ ਮਹੀਨੇ ਮੁਗਲ ਹਕੂਮੱਤ ਦੇ ਘੇਰੇ ਵਿਚ ਰਹੇ ਅਤੇ ਇਸ ਥਾਂ ਤੇ ਲਗਭਗ ਦੋ ਹਜ਼ਾਰ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਇੱਥੇ ਵੀ ਇੱਕ ਵੱਡਾ ਮਿਉਜਿਅਮ ਬਣਨਾ ਚਾਹੀਦਾ ਹੈ ।

ਲਾਲ ਕਿਲ੍ਹਾ - ਇਸ ਵਿਚ ਭਾਈ ਬੰਦਾ ਸਿੰਘ ਬਹਾਦੁਰ ਨੂੰ 740 ਸਿੰਘਾਂ ਸਮੇਤ ਕਈ ਦਿਨ ਬੰਦ ਰੱਖਿਆ ਗਿਆ। ਇਸ ਥਾਂ ਤੇ ਵੀ ਭਾਈ ਬੰਦਾ ਸਿੰਘ ਦੀ ਯਾਦ ਵਿੱਚ ਕੋਈ ਇਮਾਰਤ ਉਸਾਰਨੀ ਚਾਹੀਦੀ ਹੈ।

ਸਲੀਮਗੜ - ਇੱਥੇ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸ ਦੇ ਮੁੱਖ ਸਿੰਘਾਂ ਨੂੰ ਕਈ ਦਿਨ ਬੰਦੀ ਬਣਾ ਕੇ ਰੱਖਿਆ। ਜਿਸਦੀ ਯਾਦ ਵਿੱਚ ਕੋਈ ਇਮਾਰਤ ਜ਼ਰੂਰ ਹੋਣੀ ਚਾਹੀਦੀ ਹੈ।

ਚਾਂਦਨੀ ਚੌਂਕ - ਮਾਰਚ 1716 ਨੂੰ ਇੱਥੇ 700 ਸਿੰਘਾਂ ਨੂੰ ਰੋਜ਼ 100-100 ਕਰਕੇ

ਸ਼ਹੀਦ ਕੀਤਾ ਜਾਂਦਾ ਸੀ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇੱਥੇ ਵੀ ਕੋਈ ਯਾਦਗਾਰੀ ਪ੍ਰੋਜੈਕਟ ਹੋਣਾ ਚਾਹੀਦਾ ਹੈ।

ਕੁਤਬ ਮੀਨਾਰ / ਮਹਿਰੋਲੀ – ਇੱਥੇ 9 ਜੂਨ ਨੂੰ ਭਾਈ ਬੰਦਾ ਸਿੰਘ ਬਹਾਦੁਰ ਅਤੇ ਉਸਦੇ ਸਾਢੇ ਚਾਰ ਸਾਲ ਦੇ ਬੱਚੇ ਨੂੰ ਸ਼ਹੀਦ ਕੀਤਾ ਗਿਆ ਸੀ। ਇਸ ਅਸਥਾਨ ਤੇ ਭਾਈ ਬੰਦਾ ਸਿੰਘ ਬਹਾਦੁਰ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣੇ ਹੋਏ ਹਨ ਪਰ ਲਾਈਟ ਅਤੇ ਸਾਊਂਡ ਪ੍ਰੋਗਰਾਮ ਤਿਆਰ ਕਰਕੇ ਇਨ੍ਹਾਂ ਸਿੱਖ ਸ਼ਹੀਦਾਂ ਦੀਆਂ ਸ਼ਹਾਦਤਾਂ ਦਰਸਾਉਣੀਆਂ ਚਾਹੀਦੀਆਂ ਹਨ।

ਇਸ ਤੋਂ ਇਲਾਵਾ ਧੋਤਾ ਟਾਂਡਾ (ਜੰਮੂ) ਅਮੀਨਗੜ੍ਹ, ਕੁੰਜਪੁਰਾ, ਕਪੂਰੀ, ਠਸਕਾ, ਬੂੜੀਆ (ਹਰਿਆਣਾ), ਸਹਾਰਨਪੁਰ (ਯੂ.ਪੀ), ਬਿਲਾਸਪੁਰ (ਹਿਮਾਚਲ), ਘੜਾਮ, ਰੋਪੜ, ਰੋਹਾਨ, ਕਲਾਨੌਰ, ਬਟਾਲਾ (ਪੰਜਾਬ) ਰਾਇਪੁਰ, ਰਸੂਲਪੁਰ ਅਤੇ ਬਾਲੋਹ (ਕਸ਼ਮੀਰ) ਉਹ ਥਾਂਵਾਂ ਹਨ, ਜਿੱਥੇ ਵੱਡੀ ਗਿਣਤੀ ਵਿਚ ਸਿੱਖ ਸ਼ਹੀਦ ਹੋਏ। ਉਨ੍ਹਾਂ ਦੀ ਯਾਦ ਵਿਚ ਯਾਦਗਾਰ ਇੱਥੇ ਬਣਨੀ ਚਾਹੀਦੀ ਹੈ। ਇਹ ਯਾਦਗਾਰ ਗੁਰਦੁਆਰੇ ਦੀ ਬਜਾਏ ਮੀਨਾਰਾਂ/ਟਾਵਰ, ਮਿਊਜ਼ਿਅਮ, ਪਲੇਟਫਾਰਮ ਦੇ ਰੂਪ ਵਿੱਚ ਬਣਨੇ ਚਾਹੀਦੇ ਹਨ ਤਾਂ ਕਿ ਭਵਿੱਖ ਵਿਚ ਸਿੱਖ ਪੀੜ੍ਹੀਆਂ ਆਪਣੇ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂ ਹੋ ਸਕਣ।

❖❖❖

ਸਭ ਥਾਟ ਪਡਾ ਰਹਿ ਜਾਵੇਗਾ, ਜਬ ਲਾਦ ਚਲੇਗਾ ਵਣਜਾਰਾ,
ਤੂੰ ਹੈ ਲੱਖੀ ਵਣਜਾਰਾ।
ਟਾਂਡਾਂ ਤੇਰਾ ਭਾਰੀ ਹੈ, ਗੁਫਲ ਦਿਲ ਮੇਂ ਮਤ ਰਹਨਾ ਤੂੰ,
ਬਹੁਤ ਵੱਡਾ ਹੈ ਵਪਾਰਾ।
ਤੂੰ ਹੈ ਲੱਖੀ ਵਣਜਾਰਾ ।
ਨੱਮਕ, ਮਿਸਰੀ ਖੰਡਗਿਰੀ, ਫਾਹੀ ਸਮਨ ਰਖਤਾ ਹੈ
ਤੂੰ ਹੈ ਲੱਖੀ ਵਣਜਾਰਾ
ਵਪਾਰ ਤੇਰਾ ਸੱਚਾ ਹੈ, ਔਰ ਖੁਦਾ ਕਾ ਤੂੰ ਹੈ ਪਿਆਰਾ
ਤੂੰ ਹੈ ਲੱਖੀ ਵਣਜਾਰਾ
ਲੱਖਾਂ ਅਸ਼ਰਫ਼ੀ, ਲੱਖੀ ਤੋਲੇ, ਖ਼ੂਬ ਕਰੇਗਾ ਵਿਉਹਾਰਾ।
ਤੂੰ ਹੈ ਲੱਖੀ ਵਣਜਾਰਾ
ਨੂਰ ਗਜਰਕਾ ਤੈਨੇ ਲਾਗੀ,ਵੈਮੇ ਕਪਟਸ ਗਿਆ ਮਾਰਾ।
ਤੂੰ ਹੈ ਲੱਖੀ ਵਣਜਾਰਾ
ਵੋ ਨਾਇਕ ਥਾ ਮੇਰਾਹੀ ਧਾਨੀ।ਜਬ ਐਨ ਕੇ ਚੋਟ ਪੈਂਦੀ
ਰੋਨੀਕਾ ਮਚਾ ਹਰੀ ਗੁਲ ਸਾਰਾ,
ਤੂੰ ਹੈ ਲੱਖੀ ਵਣਜਾਰਾ
ਸ਼ਮਸ਼ੇਰ ਭਾਲੋ ਕਾ ਮਾਰਾ।
ਤੂੰ ਹੈ ਲੱਖੀ ਵਣਜਾਰਾ
ਤੂੰ ਹੈ ਲੱਖੀ ਵਣਜਾਰਾ ਲੱਖੀ ਵਣਜਾਰਾ

ਭਾਈ ਲੱਖੀ ਰਾਇ ਵਣਜਾਰਾ ਆਪਣੀ ਸਭ ਜਾਇਦਾਦ ਛੱਡ ਕੇ, ਸਾਮਾਨ ਲਦ ਕੇ ਅੱਗੇ ਚਲਾ ਜਾਂਦਾ ਸੀ। ਭਾਈ ਲੱਖੀ ਰਾਇ ਦਾ ਟਾਂਡਾ ਬਹੁਤ ਵੱਡਾ ਸੀ ਅਤੇ ਬਹੁਤ ਵੱਡਾ ਵਪਾਰੀ ਹੋਣ ਕਰਕੇ ਉਸ ਨੂੰ ਬਹੁਤ ਸੁਚੇਤ ਤੇ ਹੁਸ਼ਿਆਰ ਰਹਿਣਾ ਪੈਂਦਾ ਸੀ। ਇਹ ਗੀਤ ਵਣਜਾਰੇ ਲੋਕ, ਭਾਈ ਲੱਖੀ ਰਾਇ ਦੀ ਯਾਦ ਵਿਚ ਗਾਉਂਦੇ ਹੁੰਦੇ ਸਨ।

ਪੁਸਤਕ ਵਿੱਚ ਆਏ ਮੁੱਖ ਸ਼ਬਦ

ਅਹਿਦੀ:- ਅਹਿਦੀ ਉਹ ਲੋਕ ਸਨ ਜੋ ਸਿੱਧਾ ਸ਼ਾਹੀ ਸਰਕਾਰ ਦੇ ਨਿਯੁੱਕਤ ਕੀਤੇ ਹੋਏ ਨੌਕਰ ਸਨ (ਜੋ ਇਕ ਔਹਦੇ ਦੇ ਮਨਸੱਬਦਾਰ ਸਨ) ਉਹਨਾਂ ਦੇ ਘੋੜਿਆਂ ਅਤੇ ਹੋਰ ਸਮਾਨ ਦੀ ਚੈਕਿੰਗ ਹੁੰਦੀ ਸੀ ਅਤੇ ਬਖਸ਼ੀ-ਏ-ਅਹਿਦੀ ਜਾਂ ਅਹਿਦੀਆਂ ਨੂੰ ਇਸ ਸਮਾਨ ਉੱਪਰ ਅਧਾਰਤ ਕੀਤਾ ਟੈਕਸ ਭਰਨਾ ਪੈਂਦਾ ਸੀ ।

ਅਕਾਲ ਤਖ਼ਤ:- ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਹੈ।

ਅਮਰ ਵੇਲਾਂ : ਇਹ ਪਹਾੜਾਂ ਵਿਚ ਲੰਮਕਦੀਆਂ ਮਜ਼ਬੂਤ ਲੰਬੀਆਂ ਵੇਲਾਂ ਹੁੰਦੀਆਂ ਹਨ ਜੋ ਬ੍ਰਿਖਾ ਤੋਂ ਲੱਟਕਦੀਆਂ ਹਨ ਜਿਨ੍ਹਾਂ ਦੇ ਮਜ਼ਬੂਤ ਰੱਸੇ ਬਣਦੇ ਹਨ, ਜਿਨ੍ਹਾਂ ਦੇ ਸਹਾਰੇ ਇਕ ਪਹਾੜੀ ਤੋਂ ਦੂਜੀ ਪਹਾੜੀ ਜਾਂ ਇਕ ਦਰੱਖਤ ਤੋਂ ਦੂਜੇ ਦਰਖਤ ਤੱਕ ਅਸਾਨੀ ਨਾਲ ਜਾਇਆ ਜਾ ਸਕਦਾ ਹੈ ।

ਸੂਬੇ ਦਾ ਅਮੀਨ : ਅਮੀਨ, ਜ਼ਮੀਨ ਸਰਵੇ ਕਰਨ ਵਾਲੇ ਦਾ ਨਾਮ ਹੈ ਜੋ (ਸ਼ਾਹ ਜਹਾਨ ਹੇਠਾਂ) ਬਾਅਦ ਵਿਚ 'ਮਾਮਲਾ ਨਿਧਾਰਤੀ' ਕਿਹਾ ਜਾਣ ਲੱਗਾ। ਸੂਬੇ ਦਾ ਅਮੀਨ ਅਕਬਰ ਅਤੇ ਜਹਾਂਗੀਰ ਸਮੇਂ ਮਾਮਲਾ ਨਿਧਾਰਤ ਕਰਕੇ ਇਕੱਠਾ ਵੀ ਕਰਦਾ ਸੀ। ਖਾਸ ਕਰਕੇ ਜਗੀਰਦਾਰ ਇਹ ਮਾਮਲਾ ਬਣੇ ਨਿਯਮਾਂ ਅਨੁਸਾਰ ਇਕੱਠਾ ਕਰਦੇ ਸਨ ।

ਅਮੀਨ-ਅਨ-ਮੁਲਕ : ਇਹ ਸਾਰੇ ਸੂਬਾ ਅਮੀਨ ਦਾ ਮੁੱਖੀਆ ਹੁੰਦਾ ਸੀ ਜੋ ਸ਼ਾਹੀ ਸਰਕਾਰ ਲਈ ਮਾਮਲਾ ਇਕੱਠੇ ਕਰਨ ਦੇ ਨਿਯਮ ਦੇਖਦਾ ਸੀ ਅਤੇ ਹਰ ਇਕ ਨਾਲ ਸਮਾਨਤਾ ਅਤੇ ਹੁਕਮ ਪਾਲਣ ਦਾ ਧਿਆਨ ਰੱਖਦਾ ਸੀ ।

ਅਮੀਰ : ਉੱਚੀ ਸ਼ਾਨ ਵਾਲਾ ਮਨੁੱਖ, ਜਿਸਦਾ ਬਹੁ ਬਚਨ ਉਮਰਾ ਹੁੰਦਾ ਸੀ ।

ਬਹਾਦਰ : ਇਹ ਮੁਗਲਾਂ ਅਤੇ ਮੁਗਲ ਕਚਹਿਰੀਆਂ ਦੁਆਰਾ ਛੇਵਾਂ ਉਚ ਪੱਦਵੀ ਦਾ ਚਿੰਨ੍ਹ ਸੀ ਜੋ (ਇੱਜ਼ਤ/ਮਾਨ ਸ਼ੌਖਤ) ਇਕ ਹੈਗਰੀ ਹੋਰ ਉੱਚਾ ਨਿਸ਼ਾਨ ਸੀ। ਇਹ ਬ੍ਰਿਟਿਸ਼ ਭਾਰਤ ਵਿੱਚ ਦੂਜੇ ਦਰਜੇ ਦੇ ਇੱਜ਼ਤ/ਮਾਣ ਪ੍ਰਾਪਤ ਕਰਨ ਵਾਲੇ ਚਿੰਨ੍ਹ ਸੀ।

ਬੱਖਸ਼ੀ : ਅਹਿਦੀਆਂ ਦਾ ਬਖਸ਼ੀ

ਭਾਈ : ਇਹ ਭਰਾ ਨੂੰ ਸੰਬੋਧਨ ਕਰਦਾ ਹੈ ਜਿਸ ਰਾਹੀਂ ਗੁਰੂ ਨਾਨਕ ਆਪਣੇ ਸਾਰੇ ਸੰਗੀ ਸਾਥੀਆਂ ਨੂੰ ਬੁਲਾਉਂਦੇ ਹੁੰਦੇ ਸਨ ।

ਚੱਕ ਨਾਨਕੀ : ਅਨੰਦਪੁਰ ਸਾਹਿਬ ਦਾ ਪੁਰਾਣਾ ਨਾਮ ਚੱਕ ਨਾਨਕੀ ਸੀ।

ਦਰਬਾਰ : ਇਹ ਸ਼ਾਹੀ ਕਚਹਿਰੀ ਦਾ ਉੱਚ ਪਦਵੀ, ਸਜਾਇਆ ਹੋਇਆ ਸਥਾਨ ਹੁੰਦਾ ਸੀ ਜਿਥੇ ਸਰਕਾਰੀ ਮਸਲੇ ਸੁਣੇ ਜਾਂਦੇ ਸਨ ਅਤੇ ਜਿਥੋਂ ਸਰਕਾਰੀ ਨਿਯੁੱਕਤੀਆਂ ਹੁੰਦੀਆਂ ਸਨ ਅਤੇ ਹੋਰ ਵੀ ਤੋਹਫੇ ਪ੍ਰਾਪਤ ਜਾਂ ਇਨਾਮ ਵੰਡੇ ਜਾਂਦੇ ਅਤੇ ਸਰਕਾਰੀ ਪੱਤਰ ਜ਼ਾਰੀ ਕੀਤੇ ਜਾਂਦੇ ਸਨ ।

ਫੁਰਮਾਣ : ਸਰਕਾਰੀ ਜਾਂ ਸ਼ਾਹੀ ਹੁਕਮ ।

ਫ਼ੌਜਦਾਰ : ਇਹ ਇਕ ਨਿਰਧਾਰਤ ਇਲਾਕੇ ਦਾ ਜਰਨੈਲ ਹੁੰਦਾ ਸੀ ਜੋ ਕਨੂੰਨ ਵਿਵਸਥਾ ਦੇਖਦਾ ਸੀ ।

ਗੜ੍ਹ : ਕਿਲ੍ਹਾ ।

ਗੜ੍ਹੀ : ਛੋਟਾ ਕਿਲ੍ਹਾ।

ਗੁਰਦੁਆਰਾ : ਗੁਰੂ ਦਾ ਘਰ, ਜਿਥੇ ਸੰਗਤਾਂ ਬੈਠ ਕੇ ਪ੍ਰਭੂ ਦਾ ਜੱਸ ਕਰਦੀਆਂ ਹਨ ।

ਗੁਰੂ ਕਾ ਚੱਕ : ਅੰਮ੍ਰਿਤਸਰ ਦਾ ਪੁਰਾਣਾ ਨਾਮ ਸੀ।ਚੱਕ ਰਾਮਦਾਸਪੁਰ ਵੀ ਕਿਹਾ ਜਾਂਦਾ ਸੀ।

ਜਗੀਰਦਾਰ : ਜ਼ਮੀਨ ਦਾ ਮਾਲਕ ਮੰਨਿਆ ਜਾਂਦਾ ਸੀ ।

ਜੰਗ : ਯੁੱਧ ਜਾਂ ਲੜਾਈ ।

ਖ਼ਾਲਸਾ ਰਾਜਧਾਨੀ : 1710 ਈ: ਵਿਚ ਭਾਈ ਬੰਦਾ ਸਿੰਘ ਬਹਾਦੁਰ ਨੇ ਲੋਹਗੜ੍ਹ ਨੂੰ ਸਿੱਖਾਂ ਦੀ ਰਾਜਧਾਨੀ ਐਲਾਨ ਕੇ ਇਸ ਨੂੰ ਖ਼ਾਲਸਾ ਰਾਜਧਾਨੀ ਕਿਹਾ ।

ਖ਼ਾਲਸਾ ਤਖ਼ਤ : ਸਿੱਖਾਂ ਦੀ ਤਾਕਤ ਦੀ ਗੱਦੀ । 1710 ਈ: ਵਿਚ ਭਾਈ ਬੰਦਾ ਸਿੰਘ ਬਹਾਦੁਰ ਨੇ ਖ਼ਾਲਸਾ ਰਾਜਧਾਨੀ ਵਿਚ ਸਿੱਕਾ ਜ਼ਾਰੀ ਕਰਕੇ ਇਸ ਉਪਰ ਖ਼ਾਲਸਾ ਤਖ਼ਤ ਲਿਖਿਆ ।

ਖ਼ਾਲਸਾ : ਅੰਮ੍ਰਿਤਧਾਰੀ ਸਿੱਖਾਂ ਦਾ ਗਰੁੱਪ, ਜੋ ਸਿੱਖ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਦਾ ਹੋਇਆ ਅਜ਼ਾਦ ਮਹਿਸੂਸ ਕਰਦਾ ਹੈ ।

ਖ਼ਾਨ-ਏ-ਖ਼ਾਨਾਂ : ਮੁੱਖੀਆਂ ਦਾ ਮੁਖੀ।

ਖਿੱਲਤ : ਇਹ ਬਹਾਦਰੀ ਦਾ ਵੱਡਾ ਚਿੰਨ੍ਹ ਹੁੰਦਾ ਸੀ ਜਿਸ ਵਿਚ ਪੱਗੜੀ, ਸ਼ਾਲ ਅਤੇ ਅਣਸੀਤਾ ਕਪੜਾ ਸ਼ਾਮਿਲ ਸੀ । ਕਦੇ-ਕਦੇ ਹਥਿਆਰ, ਹੀਰੇ ਅਤੇ ਹੋਰ ਕੀਮਤੀ ਸਾਮਾਨ ਵੀ ਇਸ ਵਿੱਚ ਸ਼ਾਮਿਲ ਹੁੰਦਾ ਸੀ ਜੋ ਕਿਸੇ ਖਾਸ ਮੌਕੇ 'ਤੇ ਇਨਾਮ ਵਜੋਂ ਦਿੱਤੇ ਜਾਂਦੇ ਸਨ ।

ਕੋਟਵਾਲ : ਥਾਣੇ ਜਾਂ ਸ਼ਹਿਰ ਦਾ ਮੁੱਖੀਆ।

ਖੱਤਰੀ : ਹਿੰਦੂ ਲੋਕ ਜੋ ਦੇਸ਼ ਦੀ ਫ਼ੌਜ ਦੇ ਡੀਫੈਂਸ ਲਈ ਹੁੰਦੇ ਸਨ, ਜਿਨ੍ਹਾਂ ਨੂੰ ਕੁੱਝ ਜ਼ਮੀਨ ਦਾ ਮਾਲਕ ਬਣਾਇਆ ਹੁੰਦਾ ਸੀ।

ਮੀਰ ਬੱਖਸ਼ੀ: ਜੋ ਮਨਸਬਦਾਰਾਂ ਦਾ ਮੁੱਖੀਆਂ ਹੁੰਦਾ ਸੀ ਤੇ ਉਹਨਾਂ ਦੇ ਕੰਮ ਕਾਜ ਦੀ ਨਿਗਰਾਨੀ ਕਰਦਾ ਸੀ ।

ਮੀਰ-ਆਕਿਸ: ਹੱਥਿਆਰਬੰਦ ਫ਼ੌਜ ਦਾ ਮੁੱਖੀ ।

ਨਾਨਕ ਪ੍ਰਸਤ: ਮੁਗਲ ਇਹ ਲਫਜ਼ ਸਿੱਖਾਂ ਲਈ ਵਰਤਦੇ ਸਨ ।

ਨਾਇਕ: ਟਾਂਡਿਆਂ ਦੇ ਮੁੱਖੀ ਨੂੰ ਨਾਇਕ ਕਹਿੰਦੇ ਸਨ। ਵਣਜਾਰੇ ਟਾਂਡਿਆਂ ਰਾਹੀਂ ਵਪਾਰ ਕਰਦੇ ਸਨ। ਇਕ ਟਾਂਡੇ ਵਿਚ ਕਈ ਹਜ਼ਾਰ ਗੱਡੇ ਹੁੰਦੇ ਸਨ ਜੋ ਬਲਦਾਂ ਅਤੇ ਘੋੜਿਆਂ ਨਾਲ ਖਿੱਚੇ ਜਾਂਦੇ ਸਨ।

ਪਾਤਸ਼ਾਹ ਜਾਂ ਬਾਦਸ਼ਾਹ: ਇਹ ਸ਼ਬਦ ਪਰਸੀਅਨ ਚ ਬਾਦਸ਼ਾਹ/ਰਾਜੇ ਲਈ ਵਰਤਦੇ ਸਨ। ਪਰ ਪਾਤਸਾਹ, ਬਾਦਸ਼ਾਹਾਂ ਦੇ ਬਾਦਸ਼ਾਹ ਨੂੰ ਕਹਿੰਦੇ ਸਨ।

ਪਰਗਨਾ: ਮੁਗਲ ਕਾਲ ਵਿਚ ਪਰਗਨਾਂ ਇਕ ਸੂਬੇ ਦੀ ਪ੍ਰਸ਼ਾਸਨਿਕ ਯੂਨਿਟ ਹੁੰਦੀ ਸੀ।

ਪੀਰ: ਇਹ ਮੁਗਲਾਂ ਵਿਚ ਆਪਣੇ ਧਾਰਮਿਕ ਆਗੂ ਲਈ ਵਰਤਦੇ ਹਨ।

ਸਰਕਾਰ ਜਾਂ ਕਾਨੂੰਨਗੋ: ਇਹ ਇਕ ਜੱਦੀ ਵਾਰਸ ਹੁੰਦਾ ਹੈ ਜੋ ਮਾਮਲੇ/ਕਰ ਦਾ ਲੇਖਾ-ਜੋਖਾ ਦੇਖਦਾ ਹੈ ਅਤੇ ਪਰਗਨੇ ਦਾ ਟੈਕਸ ਇਕੱਠਾ ਕਰਨ ਦਾ ਕੰਮ ਕਰਦਾ ਹੈ ।

ਕਾਜ਼ੀ: ਇਸਲਾਮ ਵਿਚ ਧਾਰਮਿਕ ਸੂਝ-ਬੂਝ ਰੱਖਣ ਵਾਲੇ ਮਨੁੱਖ ਨੂੰ ਕਾਜ਼ੀ ਕਹਿੰਦੇ ਹਨ ।

ਰੰਘੜ : ਉਹ ਰਾਜਪੂਤ ਜੋ ਇਸਲਾਮ ਵਿਚ ਤਬਦੀਲ ਹੋ ਗਏ ਹਨ ।

ਰਿਸਾਲਾ : ਫ਼ੌਜੀ ਟੁਕੜੀ ।

ਸਰਕਾਰ : ਪ੍ਰਸ਼ਾਸਨਿਕ ਯੂਨਿਟ ਜੋ ਪਰਗਨੇ ਨਾਲੋਂ ਵੱਡੀ ਅਤੇ ਸੂਬੇ ਨਾਲੋ ਛੋਟੀ ਹੁੰਦੀ ਹੈ ।

ਸੱਯਦ : ਪਰੋਫਟ ਮੁਹੰਮਦ ਦੇ ਜਵਾਈ ਅਤੇ ਉਤਰਾਧਿਕਾਰੀ ਪੁਰਸ਼ਾਂ ਨੂੰ ਸੱਯਦ ਕਹਿੰਦੇ ਹਨ।

ਸ਼ਹਿਜ਼ਾਦਾ: ਰਾਜਕੁਮਾਰ ਜਾਂ ਬਾਦਸ਼ਾਹ ਦਾ ਪੁੱਤਰ ।

ਸਹਿਕਦਾਰ : ਮਾਮਲਾ ਇਕੱਠਾ ਕਰਨ ਵਾਲਾ ਅਫ਼ਸਰ ਜੋ ਜਗੀਰਦਾਰ ਦੇ ਥੱਲੇ ਕੰਮ ਕਰਦਾ ਸੀ ।

ਸਿੱਖ : ਜੋ ਦੱਸ ਸਿੱਖ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਦੇ ਹਨ।

ਟਾਂਡਾ: ਮੱਧ ਕਾਲ ਯੁੱਗ ਵਿਚ ਟਾਂਡਿਆ ਰਾਹੀਂ ਸੈਂਟਰਲ ਅਤੇ ਦੱਖਣੀ ਏਸ਼ੀਆ ਤੱਕ ਵਪਾਰ ਹੁੰਦਾ ਸੀ ਜਿਸ ਵਿਚ ਕਈ ਗੱਡੇ, ਘੋੜੇ, ਬੈਲ, ਊਠ, ਮੱਝਾਂ ਅਤੇ ਹੋਰ ਪਸ਼ੂ ਹੁੰਦੇ ਸਨ । ਇਹ ਜਿੱਥੇ ਠਹਿਰਦੇ ਸਨ ਉਸ ਜਗ੍ਹਾ ਦਾ ਨਾਮ ਟਾਂਡਾ ਹੁੰਦਾ ਸੀ ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ : ਇਸ ਬੋਲੇ ਦਾ ਇਸਤੇਮਾਲ ਸਿੱਖ ਆਪਸ ਵਿਚ ਮਿਲਦੇ ਸਮੇਂ ਇਕ ਦੂਜੇ ਦੇ ਸੁਆਗਤ ਲਈ ਕਰਦੇ ਹਨ। ਇਹ ਸੰਬੋਧਨ ਸਪਸ਼ਟ ਕਰਦਾ ਹੈ ਕਿ ਖਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਇਸਨੂੰ ਜੋ ਵੀ ਫਤਹਿ ਹਾਸਿਲ ਹੋਈ ਹੈ ਉਹ ਵਾਹਿਗੁਰੂ ਜੀ ਦੀ ਹੀ ਹੈ।

ਵਕੀਲ : ਮੁਗਲ ਬਾਦਸ਼ਾਹ ਦੀ ਕਚਹਿਰੀ ਵਿਚ ਸੂਬਿਆਂ ਦੇ ਏਜੰਟ ਜੋ ਕਾਨੂੰਨ ਅਨੁਸਾਰ ਬਹਿਸ ਕਰਦੇ ਹਨ ।

ਵਣਜਾਰਾ : ਵਪਾਰ ਕਰਨ ਵਾਲੇ। ਅਠਾਰਵੀਂ ਸਦੀ ਤੱਕ ਇਹ ਦੁਨੀਆਂ ਦੇ ਸਭ ਤੋਂ ਅਮੀਰ ਵਪਾਰ ਕਰਨ ਵਾਲੇ ਲੋਕ ਸਨ ਜਿਨ੍ਹਾਂ ਉੱਪਰ ਅੰਗ੍ਰੇਜ਼ਾਂ ਨੇ ਕਰੀਮਨਲ ਐਕਟ ਲੱਗਾ ਕੇ ਇਹਨਾਂ ਨੂੰ ਗ਼ਰੀਬੀ ਦੀ ਹਾਲਤ ਵਿਚ ਲੈ ਆਂਦਾ ।

ਜ਼ਿਮੀਂਦਾਰ : ਜ਼ਮੀਨ ਦੇ ਮਾਲਕ। ਇਹ ਲੋਕ ਇਕ ਵੱਡੇ ਜ਼ਮੀਨ ਦੇ ਚੱਕ ਦੇ ਮਾਲਕ ਹੁੰਦੇ ਸਨ ਜੋ ਆਪਣੀ ਇੱਛਾ ਨਾਲ ਕਾਮਿਆਂ ਕੋਲੋਂ ਖੇਤੀਬਾੜੀ ਕਰਵਾਉਂਦੇ ਸਨ ਅਤੇ ਮਾਮਲਾ ਇਕੱਠਾ ਕਰਦੇ ਸਨ। ਇਨ੍ਹਾਂ ਦਾ ਰੁਤਬਾ ਸੂਬੇ ਦੇ ਰਾਜਕੁਮਾਰ ਨਾਲੋਂ ਇਕ ਪਦ ਨੀਂਵਾ ਹੁੰਦਾ ਸੀ। ਇਹ ਆਪਣੀ ਮਨ ਮਰਜ਼ੀ ਨਾਲ ਇਨਸਾਫ ਦਿੰਦੇ ਸਨ।

ਗ੍ਰੰਥ ਸੂਚੀ (ਬਿਬਲਿਉਗ੍ਰਾਫ਼ੀ)

ਮੌਜੂਦਾ ਕੰਮ ਜਥੇਦਾਰ ਬੰਦਾ ਸਿੰਘ ਬਹਾਦੁਰ ਦੇ ਜੀਵਨ ਅਤੇ ਯੋਗਦਾਨ ਬਾਰੇ ਹੈ। ਭਾਈ ਬੰਦਾ ਸਿੰਘ ਬਹਾਦੁਰ ਅੱਠ ਸਾਲਾਂ (1708 ਤੋਂ 1716) ਦੀਆਂ ਆਪਣੀਆਂ ਕਰਨੀਆਂ ਅਤੇ ਕੁਰਬਾਨੀਆਂ ਕਰਕੇ ਪੰਜਾਬ ਅਤੇ ਦੱਖਣ ਏਸ਼ੀਆ ਦੇ ਇਤਿਹਾਸ ਦਾ ਸਭ ਤੋਂ ਵੱਡਾ ਨਾਇਕ ਹੋ ਨਿਬੜਿਆ। ਬਹੁਤ ਸਾਰੇ ਫ਼ਾਰਸੀ ਸ੍ਰੋਤਾਂ ਨੇ ਇਸ ਮਿਆਦ ਬਾਰੇ ਕੀਮਤੀ ਸਮੱਗਰੀ ਸਾਂਭ ਰੱਖੀ ਸੀ। ਗੁਰਮੁੱਖੀ ਅਤੇ ਪੰਜਾਬੀ ਸੂਤਰਾਂ ਨੇ ਵੀ ਉਪਯੋਗੀ ਜਾਣਕਾਰੀ ਹਾਸਿਲ ਕੀਤੀ ਹੈ ਪਰ ਆਮ ਤੌਰ ’ਤੇ ਉਹ ਵੀ ਪੱਖਪਾਤ ਕਰਦੇ ਜਾਂ ਅਣਪਛਾਤੇ ਸਮਝੇ ਜਾਂਦੇ ਹਨ।

ਗੁਰਮੁੱਖੀ ਅਤੇ ਪੰਜਾਬੀ ਲਿਖਤਾਂ ਵਿੱਚ, ਸਭ ਤੋਂ ਜ਼ਿਆਦਾ ਭੱਟ ਵਹੀਆਂ ਵਰਤੀਆਂ ਜਾਂਦੀਆਂ ਰਹੀਆਂ ਹਨ। ਇਹ ਇੱਕ ਵੱਡੇ ਆਕਾਰ ਦੇ ਰਜਿਸਟਰ ਹੁੰਦੇ ਹਨ ਜਿਨ੍ਹਾਂ ਵਿਚ ਭੱਟ ਆਪਣੇ ਗਾਹਕਾਂ, ਵੰਸ਼ਾਂ ਦੇ ਜਨਮ, ਵਿਆਹ, ਲੜਾਈਆਂ ਅਤੇ ਮੌਤਾਂ ਦੇ ਰਿਕਾਰਿਡ ਰੱਖਣ ਲਈ ਵਰਤਦੇ ਹਨ। ਇਹ ਪ੍ਰਮੁੱਖ ਤੌਰ ’ਤੇ ਸਿੱਖ, ਵਣਜਾਰੇ, ਰਾਜਪੂਤ ਅਤੇ ਖੱਤਰੀ ਆਪਣੇ ਪਰਿਵਾਰਿਕ ਪੁਜਾਰੀਆਂ ਕੋਲੋਂ ਆਪਣੀ ਅਗਲੇਰੀ ਪੀੜੀ ਦੇ ਰਿਕਾਰਡ ਲਿਖਵਾਉਂਦੇ ਹਨ, ਜਿਨ੍ਹਾਂ ਨੂੰ 'ਨਬੀ' ਕਿਹਾ ਜਾਂਦਾ ਹੈ। ਹਾਲਾਂਕਿ, ਇਹ ਪੁਜਾਰੀ ਸਿਰਫ ਰਿਕਾਰਡ ਰੱਖਣ ਵਾਲੇ ਹਨ ਸੋ ਇਨ੍ਹਾਂ ਦੀਆਂ ਲਿਖਤਾਂ ਨੂੰ ਇਤਿਹਾਸਕਾਰ ਆਪਣੀਆਂ ਲਿਖਤਾਂ ਵਿੱਚ ਵਰਤਦੇ ਹਨ।ਇਸ ਵਿਚ 'ਤਾਰੀਖਾਂ ਦਾ ਰਿਕਾਰਡ', 'ਲੋਕਾਂ ਦੇ ਨਾਂ' ਅਤੇ ਸਥਾਨਾਂ ਦੀ ਸੰਭਾਲ ਲਗਭਗ ਠੀਕ ਹੈ ਜੋ ਕਿ ਉਸ ਸਮੇਂ ਦੇ ਇਤਿਹਾਸ ਦਾ ਸਭ ਤੋਂ ਕੀਮਤੀ ਖ਼ਜ਼ਾਨਾ ਵੀ ਕਿਹਾ ਜਾ ਸਕਦਾ ਹੈ।(ਇਸੇ ਲਈ ਭੱਟ ਵਹੀਆਂ ਦਾ ਸਿਰਫ਼ ਇਹੋ ਹਿੱਸਾ ਸਭ ਤੋਂ ਭਰੋਸੇਯੋਗ ਮੰਨਿਆ ਜਾਂਦਾਂ ਹੈ।) ਕਈਂ ਵਾਰ ਇਨਾਂ ਵਿੱਚ ਸਮੱਗਰੀ ਯਾਦਾਂ ’ਤੇ ਆਧਾਰਿਤ ਹੰਦੀ ਹੈ ਅਤੇ ਇਨ੍ਹਾਂ ਵਿਚ ਸੁਣੀਆਂ ਸੁਣਾਈਆਂ ਕਹਾਣੀਆਂ ਵੀ ਮਿਲਾਈਆਂ ਹੁੰਦੀਆਂ ਹਨ, ਜੋ ਮੰਨਣ ਯੋਗ ਨਹੀਂ ਹਨ।

ਦੂਜਾ ਹਵਾਲਾ, 'ਗੁਰ ਸੋਭਾ ਗ੍ਰੰਥ' 1711 ਵਿਚ ਸੈਨਾਪਤੀ ਵੱਲੋਂ ਲਿੱਖਿਆ ਹੈ, ਇਹ ਰਚਨਾ ਕੇਵਲ 1701 ਤੋਂ 1709 ਦੇ ਵਿਚਕਾਰ ਦੀ ਮਿਆਦ ਨੂੰ ਬਿਆਨ ਕਰਦੀ ਹੈ ।ਇਸ ਵਿਚ ਭਾਈ ਬੰਦਾ ਸਿੰਘ ਬਹਾਦੁਰ ਦਾ ਕੋਈ ਹਵਾਲਾ ਨਹੀਂ ਹੈ।

ਤੀਜਾ ਹਵਾਲਾ, 'ਗੁਰਬਿਲਾਸ ਸਾਹਿਤ' ਹੈ ਜੋ ਕਿ ਗੁਰੂ ਸਾਹਿਬਾਂ ਦੇ ਜੀਵਨ ’ਤੇ ਹੈ, ਜੋ ਕਿ ਅਠਾਰਵੀਂ ਸਦੀ ਦੇ ਦੂਜੇ ਅੱਧ ਅਤੇ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖਿਆ ਗਿਆ ਹੈ। ਇਸ ਵਿਚ ਇੱਕਤਰ ਕੀਤੀਆਂ ਗਈਆਂ ਕਹਾਣੀਆਂ ਅਤੇ ਕਲਪਿਤ ਮਿਲਾਵਟੀ ਸਮੱਗਰੀ ਦੀ ਵਰਤੋਂ ਖੁੱਲ ਕੇ ਕੀਤੀ ਗਈ ਹੈ ਜਿਸ ਕਾਰਨ ਇਤਿਹਾਸਕ ਘਟਨਾਵਾਂ ਵਿਚ ਬਹੁਤ ਫੇਰ ਬਦਲ ਹੈ। ਇਨ੍ਹਾਂ ਵਿੱਚੋਂ ਤਿੰਨ ਰਚਨਾਵਾਂ ਦਾ ਅਕਸਰ ਹਵਾਲਾ ਦਿੱਤਾ ਜਾਂਦਾ ਹੈ ਜਿਵੇਂਕਿ ਕੁਇਰ ਸਿੰਘ ਵੱਲੋਂ 'ਗੁਰਬਿਲਾਸ ਪਾਤਸ਼ਾਹੀ ਦਸਵੀ' (1751), ਸੁੱਖਾ ਸਿੰਘ ਵੱਲੋਂ 'ਗੁਰਬਿਲਾਸ ਪਾਤਸ਼ਾਹੀ ਛੇਵੀ' (1897-40), 'ਗੁਰਬਿਲਾਸ ਪਾਤਸ਼ਾਹੀ ਦਸਵੀ' (1797) ਅਤੇ ਕੁੱਝ ਨੇ 1718 ਵਿਚ ਪੁਸਤਕਾਂ ਵਿਚ ਪੈਰੇ ਹੀ ਦਰਜ਼ ਕੀਤੇ ਹਨ। ਗੁਰਮੁਖ ਸਿੰਘ, ਦਰਬਾਰਾ ਸਿੰਘ ਅਤੇ ਕਾਹਨ ਸਿੰਘ ਨਾਭਾ ਇਨ੍ਹਾਂ ਤਿੰਨਾਂ ਵਲੋਂ ਵੀ ਭਾਈ ਬੰਦਾ ਸਿੰਘ ਬਹਾਦੁਰ ਦੀ ਭੂਮਿਕਾ ਬਾਰੇ ਕੋਈ ਖਾਸ ਜ਼ਿਕਰ ਨਹੀਂ ਕੀਤਾ ਗਿਆ। ਕੇਸਰ ਸਿੰਘ ਛਿੱਬਰ ਜੋ ਕਿ ਮੰਤਰੀ ਦੀਵਾਨ ਦਰਗਾਹ ਮੱਲ ਦਾ ਵੱਡਾ ਪੋਤਰਾ ਸੀ, ਨੇ ਗੁਰੂ ਸਾਹਿਬਾਂ ਦਾ 1644 ਤੋਂ 1696 ਦਾ ਇਤਿਹਾਸ 'ਬੰਸਾਵਲੀਨਾਮਾ 'ਦਸਾਂ ਪਾਤਸ਼ਾਹੀਆਂ

ਸੰਨ' 1769 ਵਿਚ ਲਿਖਿਆ ਹੈ। ਇਸ ਪੁਸਤਕ ਦਾ ਦੂਜਾ ਭਾਗ ਲੇਖਕ ਦੀਆਂ ਯਾਦਾਂ 'ਤੇ ਆਧਾਰਿਤ ਹੈ। ਇਸ ਨੇ ਭਾਈ ਬੰਦਾ ਸਿੰਘ ਬਹਾਦੁਰ ਦੀ ਭੂਮਿਕਾ ਬਾਰੇ ਕੁੱਝ ਕੁ ਸਮੱਗਰੀ ਦਿੱਤੀ ਹੈ।

1790 ਵਿਚ, ਸਰੂਪ ਸਿੰਘ ਕੋਸ਼ਿਸ ਨੇ 'ਗੁਰੂ ਕੀਆਂ ਸਾਖੀਆਂ' ਨੂੰ ਲਿਖਿਆ, ਜੋ ਕਿ ਸਿਰਫ਼ ਭੱਟ ਵਹੀਆਂ 'ਤੇ ਆਧਾਰਿਤ ਹਨ।ਇਸ ਕਿਤਾਬ ਵਿਚ ਗੁਰੂ ਸਾਹਿਬਾਂ ਬਾਰੇ ਬਹੁਤ ਕੀਮਤੀ ਜਾਣਕਾਰੀ ਹੈ ਪਰ ਭਾਈ ਬੰਦਾ ਸਿੰਘ ਬਹਾਦੁਰ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸੇ ਲੜੀ ਵਿਚ ਸੰਤੋਖ ਸਿੰਘ ਵਲੋਂ ਰਚਿੱਤ (ਗੁਰ ਪ੍ਰਤਾਪ ਸੂਰਜ ਗ੍ਰੰਥ,1839) ਪ੍ਰਾਚੀਨ ਪੰਥ ਪ੍ਰਕਾਸ਼, 1814-1840, ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ (ਪੰਥ ਪ੍ਰਕਾਸ਼ 1890) ਲਿਖੇ ਗਏ ਹਨ। ਜੋ ਕਿ ਸਿੱਖ ਇਤਿਹਾਸ ਮੁਤਾਬਿਕ ਇਤਿਹਾਸਕ ਹਨ, ਪਰ ਇਹ ਤਿੰਨੇ ਹੀ ਗੰਭੀਰ ਰੂਪ ਵਿਚ ਵਿਗਾੜ ਵਾਲੀਆਂ ਜਾਣਕਾਰੀ ਨਾਲ ਭਰਪੂਰ ਹਨ। ਹਾਲਾਂਕਿ, ਇਕ ਹੋਰ ਪੁਸਤਕ ਗਣੇਸ਼ਾ ਸਿੰਘ ਬੇਦੀ ਵਲੋਂ ਲਿਖੀ 'ਸ਼ਸ਼ੀ ਵੰਸ਼ ਬਿਨੋਦ (1879)' ਨੇ ਗੁਰੂਆਂ ਅਤੇ ਬਿਲਾਸਪੁਰ (ਕਹਿਲੂਰ) ਰਾਜਾਂ ਦੇ ਵਿਚਕਾਰ ਕੁੱਝ ਕੀਮਤੀ ਸੰਬੰਧਾਂ ਨੂੰ ਸੰਭਾਲਿਆ ਹੈ। ਕੁੱਝ ਇਤਿਹਾਸ ਜੋ ਉਨੀਂਵੀਂ ਸਦੀ ਦੇ ਦੂੱਜੇ ਅੱਧ ਵਿਚ ਰਾਮ ਸੁੱਖ ਰਾਓ, ਫਤਹਿ ਸਿੰਘ ਪਰਭਾਕਰ ਅਤੇ ਜੱਸਾ ਸਿੰਘ ਬਿਨੋਦ ਨੇ ਲਿਖੇ ਹਨ ਜਿਨ੍ਹਾਂ ਤੋਂ ਕੁੱਝ ਕੀਮਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

'ਫ਼ਾਰਸੀ ਸਰੋਤ' ਭਾਈ ਬੰਦਾ ਸਿੰਘ ਬਹਾਦੁਰ ਦੇ ਸਮੇਂ ਬਾਰੇ ਜਾਣਕਾਰੀ ਦਾ ਸਭ ਤੋਂ ਕੀਮਤੀ ਸਰੋਤ ਹੈ. ਹਾਲਾਂਕਿ ਗੁਰੂ ਸਾਹਿਬਾਨ ਦਾ ਇਕ ਵੀ ਹਵਾਲਾ 'ਅਕਬਰ ਨਾਮਾ' (ਅਬੂ ਫਜ਼ਲ, 1601) ਅਤੇ ਤੁਜ਼ਕਿ-ਏ-ਜਹਾਂਗੀਰੀ (1620) ਵਿਚ ਨਹੀਂ ਦਿਤਾ ਹੋਇਆ ਪਰ ਜ਼ੁਲਫ਼ਿਕਾਰ ਅਰਦਸਤਾਨੀ ਵਲੋਂ 'ਦਬਿਸਤਾਨ-ਏ-ਮਜ਼ਾਹਿਬ' (1645-46) ਵਿਚ ਸਿੱਖ ਧਰਮ ਬਾਰੇ ਖੋਜ ਭਰਪੂਰ ਅਤੇ ਠੋਸ ਜਾਣਕਾਰੀ ਮਿਲਦੀ ਹੈ। ਸੁਜਾਨ ਰਾਏ ਭੰਡਾਰੀ ਦੀ 'ਖੁਲਸਤੁਤ ਤਵਾਰੀਖ਼ (1696)' ਵਿਚ ਗੁਰੂਆਂ ਦੇ ਸਮੇਂ ਦੇ ਕੁੱਝ ਹਵਾਲੇ ਵੀ ਹਨ, ਪਰ ਇਹ ਸਿਰਫ 1695-96 ਦੀ ਮਿਆਦ ਨੂੰ ਪੂਰਾ ਕਰਦੇ ਹਨ। ਸਭ ਤੋਂ ਕੀਮਤੀ ਫ਼ਾਰਸੀ ਸਰੋਤ ਸਿੱਖ ਸਥਿਤੀ ਦੀ ਵਿਆਖਿਆ ਕਰਦੇ ਹਨ। (ਅਖ਼ਬਾਰਾਤਿ-ਦਰਬਾਰਿ-ਮੁਅੱਲਾ ਜੋ ਕਿ ਬਾਦਸ਼ਾਹ ਦੇ ਦਰਬਾਰ ਦੀ ਖ਼ਬਰ ਦੱਸਦੀ ਹੈ ਜੋ ਜੈਪੁਰ ਰਾਜ ਦੇ ਏਜੰਟ ਦੁਆਰਾ ਭੇਜੀਆਂ ਗਈਆਂ ਰਿਪੋਰਟਾਂ ਦੇ ਰੂਪ ਵਿਚ ਹੈ। ਇਹ ਦਿੱਲੀ ਦਰਬਾਰ ਅਤੇ ਮੁਗਲ ਸਮਰਾਟਾਂ ਦੀ ਫ਼ੌਜ ਨਾਲ ਸੰਬੰਧਿਤ ਖ਼ਬਰਾਂ ਦੇਣ ਦੀ ਏਜੰਸੀ ਵੀ ਸੀ। ਇਸ ਸ੍ਰੋਤ ਤੋਂ 1707 ਤੋਂ ਬਾਅਦ ਦੇ ਸਮੇਂ ਤੋਂ 1750 ਤੱਕ ਦੀ ਰੋਜ਼ਾਨਾ ਡਾਇਰੀ ਪੜ੍ਹੀ ਜਾ ਸਕਦੀ ਹੈ । ਅਸੀ ਇਸ ਰਿਕਾਰਡ ਨੂੰ ਵਿਆਪਕ ਤੌਰ ਤੇ ਵਰਤਿਆ ਹੈ, ਖ਼ਾਸ ਤੌਰ ਤੇ ਮੁਗਲ ਸਮਰਾਟਾਂ ਅਤੇ ਹੋਰ ਅਧਿਕਾਰੀਆਂ ਦੀ ਗਤੀਵਿੱਧੀਆਂ ਨੂੰ ਸਮੱਗਰੀ ਦਾ ਸਰੋਤ ਬਣਾਇਆ ਹੈ)।

ਜ਼ਿਆਦਾਤਰ ਇਸ ਸਮੇਂ ਜਾਂ ਇਸ ਸਮੇਂ ਦੇ ਦੌਰਾਨ ਲਿਖੀ ਗਈ ਜਾਣਕਾਰੀ ਦੇ ਕੁੱਝ ਖਜ਼ਾਨੇ ਹੇਠਾਂ ਦਿੱਤੇ ਅਨੁਸਾਰ ਹਨ: ਤਜ਼ਕਿਰਾਤ ਸਲਾਤੀਨ-ਇ-ਚੁਗੱਤਾ (1724 ਵਿਚ ਮੁਹੰਮਦ ਹਾਦੀ ਕਾਮਵਰ ਦੁਆਰਾ ਲਿਖੀ ਗਈ) ਜਿਸ ਵਿਚ 2 ਇਤਿਹਾਸ 1707 ਤੋਂ 1724 ਤੱਕ ਦਾ ਸਮਾਂ ਹੈ। ਕਾਮਵਰ ਬਹਾਦੁਰ ਸ਼ਾਹ ਦੇ ਪੁੱਤਰ ਰਫੀ-ਉਲ-ਸ਼ਾਹ ਦਾ ਅਧਿਕਾਰੀ ਸੀ ਅਤੇ ਹਮੇਸ਼ਾਂ ਉਨ੍ਹਾਂ ਦੇ ਨਾਲ ਰਹਿੰਦਾ ਸੀ। ਉਨ੍ਹਾਂ ਦੇ ਕਰਤੱਵਾਂ ਵਿਚ ਸਾਮਰਾਜਾਂ ਨੂੰ ਪ੍ਰਤੀ ਦਿਨ ਜਾਣਕਾਰੀ ਭੇਜਣ ਦੇ ਨਾਲ ਇਸ ਪੁਸਤਕ ਦੇ ਦੋ ਭਾਗ ਹਨ, ਪਹਿਲੇ ਹਿੱਸੇ ਵਿਚ 1707 ਤੱਕ ਦੇ ਸਮੇਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਦੂਜੇ ਹਿੱਸੇ ਵਿਚ 1724 ਤੱਕ ਦੀਆਂ ਘਟਨਾਵਾਂ ਦਾ ਵਰਣਨ ਹੈ।ਹਾਲਾਂਕਿ ਕਾਮਵਰ ਨੇ ਭਾਈ ਬੰਦਾ ਸਿੰਘ ਬਹਾਦੁਰ ਅਤੇ ਸਿੱਖਾਂ ਲਈ ਆਪਣੀ ਨਫ਼ਰਤ ਨੂੰ ਲੁਕਾਇਆ ਨਹੀਂ, ਫਿਰ ਵੀ ਉਸ ਨੇ ਬਹੁੱਤ ਸਾਰੀ ਜਾਣਕਾਰੀ ਭਾਈ ਬੰਦਾ ਸਿੰਘ ਬਹਾਦੁਰ ਦੀਆਂ ਗਤੀਵਿੱਧੀਆਂ ਬਾਰੇ

ਦਿੱਤੀ ਹੈ।ਉਸ ਨੇ ਲੋਹਗੜ੍ਹ ਉੱਤੇ ਮੁਗ਼ਲ ਹਮਲੇ, ਸਢੌਰੇ ਦੀ ਲੜਾਈ, ਨਾਹਨ ਦੇ ਰਾਜੇ ਦੀ ਗ੍ਰਿਫ਼ਤਾਰੀ, ਸਿੱਖਾਂ ਦੁਆਰਾ ਜੰਮੂ ਅਤੇ ਸੁਲਤਾਨਪੁਰ ਦੇ ਮੁੱਖੀਆਂ ਦੀ ਹੱਤਿਆ, ਗੁਰਦਾਸ ਨੰਗਲ ਦੀ ਘੇਰਾਬੰਦੀ, ਗ੍ਰਿਫਤਾਰੀ ਅਤੇ ਭਾਈ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਦੀ ਸ਼ਮੂਲੀਅਤ ਬਾਰੇ ਵਿਸਥਾਰ ਪੂਰਵਕ ਵੇਰਵਾ ਦਿੱਤਾ ਹੈ। ਨਵੰਬਰ 1710 ਵਿਚ ਲੋਹਗੜ੍ਹ ਵਿਚ ਹੋਏ ਹਮਲੇ ਦਾ ਹੋਰ ਕੋਈ ਵੀ ਉਸ ਦੇ ਵਿਸਤ੍ਰਿਤ ਵਰਣਨ ਦੇ ਬਰਾਬਰ ਨਹੀਂ ਸੀ, ਜਿਸ ਵਿਚ ਉਹ ਖ਼ੁੱਦ ਇਕ ਅੱਖ ਨਾਲ ਦੇਖਣ ਵਾਲਾ ਸਹਿ ਪਾਰਖੀ ਸੀ।

ਤਾਰੀਖ਼ਿ-ਇਰਾਦਤ ਖ਼ਾਨ (ਇਰਾਦਤ ਖ਼ਾਨ ਦੁਆਰਾ, 1710 ਤੋਂ 1720 ਦੇ ਦਰਮਿਆਨ ਲਿਖੀ ਗਈ) ਜਿਸ ਵਿਚ ਅਠਾਰਵੀਂ ਸਦੀ ਦੀ ਪਹਿਲੀ ਤਿਮਾਹੀ ਦਾ ਬਿਰਤਾਂਤ ਹੈ। ਇਰਦਾਤ ਖ਼ਾਨ, ਪ੍ਰਿੰਸ ਮੁਹੰਮਦ ਅਜ਼ਾਮ ਦੇ ਇਕ ਸਾਬਕਾ ਮੁਲਾਜ਼ਮ, ਖਾਨ-ਖਾਨਾ ਨਾਲ ਸੇਵਾ ਵਿਚ ਸ਼ਾਮਲ ਸੀ ਪਰ ਉਸਦੀ ਮੌਤ ਤੋਂ ਬਾਅਦ ਉਸਨੇ ਸੇਵਾ ਤੋਂ ਸੰਨਿਆਸ ਲੈ ਲਿਆ ਅਤੇ ਇਸ ਕਿਤਾਬ ਨੂੰ ਲਿਖਿਆ। ਉਸ ਨੇ ਭਾਈ ਬੰਦਾ ਸਿੰਘ ਬਹਾਦੁਰ ਬਾਰੇ ਵੀ ਲਾਹੇਵੰਦ ਜਾਣਕਾਰੀ ਦਿੱਤੀ ਹੈ।

ਇਬਰਤਨਾਮਾ (ਜੋ 1723 ਵਿਚ ਮੁਹੰਮਦ ਕਾਸਿਮ ਦੁਆਰਾ ਲਿਖੀ ਗਈ ਸੀ) ਜੋ ਅਠਾਰ੍ਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀ ਇੱਕ ਅੱਖੀਂ ਦੇਖੀ ਗਵਾਹ੍ਹ ਹੈ। ਉਸਨੂੰ ਚੱਪੜਚੀੜੀ ਦੀ ਲੜਾਈ, ਜੰਮੂ ਅਤੇ ਸੁਲਤਾਨਪੁਰ ਦੇ ਮੁੱਖੀਆਂ ਦੀ ਹੱਤਿਆ, ਗੁਰਦਾਸ ਨੰਗਲ ਦੀ ਘੇਰਾਬੰਦੀ ਅਤੇ ਭਾਈ ਬੰਦਾ ਸਿੰਘ ਬਹਾਦੁਰ ਦੀ ਗ੍ਰਿਫਤਾਰੀ ਦੀ ਕੀਮਤੀ ਜਾਣਕਾਰੀ ਦਿੱਤੀ ਹੈ। ਇਹ ਉਹੀ ਸਨ ਜਿਸ ਨੇ ਮੁਗ਼ਲ ਸਿਪਾਹੀਆਂ ਦੇ ਮਨ ਦੀ ਹਾਲਤ ਦੀ ਸਹੀ ਤਸਵੀਰ ਪੇਸ਼ ਕੀਤੀ ਸੀ ਕਿ ਉਹ ਕਿਵੇਂ ਭਾਈ ਬੰਦਾ ਸਿੰਘ ਬਹਾਦੁਰ ਤੋਂ ਖੌਫ ਖਾਂਦੇ ਸਨ।

'ਦਸਤੂਰ-ਇੰਸਾ' (1720) ਜੋ ਯਾਰ ਮੁਹੰਮਦ ਦੁਆਰਾ ਲਿਖੀ ਗਈ, ਇਕੋ ਇਕ ਫ਼ਾਰਸੀ ਦਾ ਸਰੋਤ ਹੈ ਜਿਸ ਵਿਚ ਲਿੱਖਿਆ ਹੈ ਕਿ ਕੁੱਝ ਮੁਸਲਮਾਨ ਸਰਹਿੰਦ ਦੀ ਸਿੱਖਾਂ ਦੀ ਜਿੱਤ ਤੋਂ ਬਾਅਦ ਸਿੱਖ ਧਰਮ ਵਿਚ ਸ਼ਾਮਿਲ ਗਏ ਸਨ।

ਇਬਰਤਨਾਮਾ (1720 ਈ: ਵਿਚ ਮਿਰਜ਼ਾ ਮੁਹੰਮਦ ਹਰਸੀ ਦੁਆਰਾ ਲਿਖਿਆ) ਚੱਪੜਚਿੱੜੀ, ਰਾਹੋਂ ਅਤੇ ਗੁਰਦਾਸ ਨੰਗਲ ਦੀ ਲੜਾਈ ਦੇ ਨਾਲ ਨਾਲ 1716 ਵਿਚ ਭਾਈ ਬੰਦਾ ਸਿੰਘ ਬਹਾਦੁਰ ਅਤੇ ਦਿੱਲੀ ਦੇ ਹੋਰ ਸਿੱਖਾਂ ਦੀ ਸ਼ਹਾਦਤ ਬਾਰੇ ਵਿਸਥਾਰ ਪੂਰਵਕ ਵੇਰਵੇ ਦਿੰਦਾ ਹੈ। ਉਸਨੇ ਦਿੱਲੀ ਵਿਚ 29 ਫ਼ਰਵਰੀ 1716 ਨੂੰ ਸਿੱਖ ਕੈਦੀਆਂ ਦੇ ਜਲੂਸ ਦੀ ਘਟਨਾ ਬਿਆਨ ਕੀਤੀ ਹੈ। ਉਸਨੇ ਆਪਣੀ ਪੁਸਤਕ ਵਿਚ ਕੁੱਝ ਸਿੱਖ ਕੈਦੀਆਂ ਦਾ ਬਿਆਨ ਵੀ ਦਰਜ਼ ਕੀਤਾ ਹੈ।

ਮੁਹੰਮਦ ਹਰਸੀ ਰਾਜਕੁਮਾਰ ਰਫੀ-ਉਲ-ਸ਼ਾਨ (ਬਹਾਦੁਰ ਸ਼ਾਹ ਦਾ ਪੁੱਤਰ) ਦੇ ਅਧੀਨ ਇੱਕ ਕਰਮਚਾਰੀ ਸੀ ਅਤੇ ਉਸ ਕੋਲ ਪੰਜਾਹ ਘੋੜਸਵਾਰਾਂ ਦਾ ਇੱਕ ਮਨੱਸਬ ਸੀ ।ਉਹ ਬਹਾਦੁਰ ਸ਼ਾਹ ਦੇ ਪਰਿਵਾਰ ਦਾ ਪੰਸਦੀਦਾ ਸੀ ਅਤੇ ਉਹ ਲਾਹੌਰ ਤੋਂ ਦਿੱਲੀ ਤੱਕ ਬਾਦਸ਼ਾਹ ਬਹਾਦੁਰ ਸ਼ਾਹ ਦੀ ਲਾਸ਼ ਲੈ ਜਾਣ ਲਈ ਸਹਾਇਕ ਵਜੋਂ ਚੁਣਿਆ ਗਿਆ ਸੀ।

'ਸ਼ਾਹਨਾਮਾ' (ਮੀਰ ਮੁਹੰਮਦ ਅਹਸਾਨ ਸਾਜਦ ਦੁਆਰਾ 1718 ਵਿਚ ਲਿਖਿਆ) ਫ਼ਰੱਖਸ਼ੀਅਰ ਦੇ ਸ਼ਾਸਨ ਦਾ ਇਕ ਵਰਣਨ ਹੈ। ਲੇਖਕ ਸਭ ਤੋਂ ਪਹਿਲਾਂ ਚੱਪੜਚਿੱੜੀ ਦੇ ਨਾਂ ਦਾ ਜ਼ਿਕਰ ਕਰਦਾ ਹੈ, ਜਿੱਥੇ ਸਰਹੰਦ ਦੇ ਕਬਜ਼ੇ ਲਈ ਲੜਾਈ 12 ਮਈ 1710 ਨੂੰ ਹੋਈ ਸੀ। ਇਸ ਲੜਾਈ ਵਿਚ ਉਸਨੂੰ ਵਜ਼ੀਰ ਖ਼ਾਨ ਦੀ ਹੱਤਿਆ ਦਾ ਇਕ ਖੂਬਸੂਰਤ ਵੇਰਵਾ ਦਿੱਤਾ ਹੈ ।ਉਹ ਸਿੱਖ ਸਿੱਕੇ ਦਾ ਵੇਰਵਾ ਦੇਣ ਵਾਲਾ ਪਹਿਲਾ ਵਿਅਕਤੀ ਹੈ, ਇਸ ਲਈ ਇਹ ਪੁਸਤਕ ਸਿੱਖ ਇਤਿਹਾਸ ਦਾ ਇਕ ਅਹਿਮ ਕੀਮਤੀ ਸਰੋਤ ਹੈ।

'ਮੁਨਵੱਰ-ਕਲਾਮ' (1722 ਵਿਚ ਸ਼ਿਵੱਦਾਸ ਦੁਆਰਾ ਲਿਖੀ ਗਈ ਪੁਸਤਕ ਵਿਚ ਇਹ ਜ਼ਿਕਰ ਕਰਦਾ ਹੈ ਕਿ ਬਾਬਾ ਬੰਦਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਪ੍ਰੰਪਰਾ (ਖੰਡੇ ਦੀ ਪਾਹੁਲ) ਪ੍ਰਾਪਤ ਕੀਤੀ ਸੀ। ਸਿੱਖ ਇਤਿਹਾਸ ਦੇ ਇਸ ਸਮੇਂ ਬਾਰੇ ਇਕ ਹੋਰ ਕੀਮਤੀ ਖ਼ਬਰ ਹੈ ਕਿ 1723 ਵਿਚ ਗੁਲਾਮ ਮੁਈ ਉਦ-ਦੀਨ ਦੁਆਰਾ ਲਿਖੇ ਗਏ 'ਫ਼ਤਹਿਨਾਮਾ ਸੱਮਦੀ' ਵਿਚ ਲੇਖਕ ਨੇ ਗੁਰਦਾਸ ਨੰਗਲ ਦੀ ਲੜਾਈ ਅਤੇ ਦਸੰਬਰ 1715 ਵਿਚ ਭਾਈ ਬੰਦਾ ਸਿੰਘ ਬਹਾਦੁਰ ਅਤੇ ਹੋਰ ਸਿੱਖਾਂ ਦੀ ਗ੍ਰਿਫ਼ਤਾਰੀ ਦਾ ਚਸ਼ਮਦੀਦ ਗਵਾਹ ਦੱਸਿਆ ਹੈ। 1731 ਤੱਕ ਕਾਫੀ ਖ਼ਾਨ ਦੁਆਰਾ ਲਿਖੀ ਗਈ 'ਮੁੰਤਖ਼ਬੁਲ-ਉਲ-ਲੁਬਾਬ' ਨੇ ਇਤਿਹਾਸ ਨੂੰ 1730 ਤੱਕ ਦਾ ਰਿਕਾਰਡ ਦਿੱਤਾ ਹੈ ਹਾਲਾਂਕਿ ਇਸ ਕੰਮ ਵਿਚ ਤਰੀਕਾਂ ਬਾਰੇ ਸਹੀ ਜਾਣਕਾਰੀ ਦੀ ਘਾਟ ਹੈ ਅਤੇ ਇਥੋਂ ਤੱਕ ਕਿ ਘਟਨਾਵਾਂ ਵੀ ਨੁਕਸਦਾਰ ਤਰੀਕੇ ਨਾਲ ਲਿਖੀਆਂ ਹਨ। ਪਰ ਇਸ ਨੇ ਨੌਜਵਾਨ ਸਿੱਖ ਲੜਕੇ ਦੀ ਕਹਾਣੀ ਦਿੱਤੀ ਹੈ ਜੋ ਇਸ ਬੇਨਤੀ ਤੇ ਰਿਹਾਅ ਹੋਣ ਤੋਂ ਇਨਕਾਰ ਕਰਦਾ ਹੈ ਕਿ ਉਹ ਇਕ ਸਿੱਖ ਨਹੀਂ ਹੈ। ਜਦੋਂ ਉਸ ਦੀ ਮਾਂ ਕੋਤਵਾਲ ਦੀ ਚਿੱਠੀ ਦਿਖਾਉਂਦੀ ਹੈ, ਤਾਂ ਉਹ ਕਹਿੰਦਾ ਹੈ: 'ਉਹ ਮੇਰੀ ਮਾਂ ਨਹੀਂ ਹੈ', ਮੈਂ ਸਿੱਖ ਹਾਂ, ਮੈਨੂੰ ਆਪਣੇ ਸ਼ਹੀਦ ਭਰਾਵਾਂ ਵਿਚ ਸ਼ਾਮਲ ਕਰੋ। 'ਖ਼ਾਫੀ ਖ਼ਾਨ ਨੇ 29 ਫਰਵਰੀ 1716 ਨੂੰ ਜਲੂਸ ਕੱਢਣ ਦੇ ਵੇਰਵੇ ਵੀ ਪੇਸ਼ ਕੀਤੇ ਹਨ ਜਦੋਂ ਭਾਈ ਬੰਦਾ ਸਿੰਘ ਬਹਾਦੁਰ ਅਤੇ ਹੋਰ ਸਿੱਖ ਕੈਦੀਆਂ ਦਾ ਦਿੱਲੀ ਦੀਆਂ ਗਲੀਆਂ ਵਿਚ ਜਲੂਸ ਕੱਢਿਆ ਗਿਆ ਸੀ। ਇਹ ਉਹ ਹੈ ਜਿਸ ਨੇ ਭਾਈ ਬੰਦਾ ਸਿੰਘ ਬਹਾਦੁਰ ਦੇ ਬਿਆਨ ਨੂੰ ਮੁਗਲ ਸ਼ਾਸਨ ਦੇ ਖਿਲਾਫ ਜੰਗ ਦੇ ਐਲਾਨ ਦੇ ਕਾਰਨਾ ਬਾਰੇ ਲਿਖਿਆ।

'ਮੀਰਾਤ-ਵਾਰਿਦਾਤ' (1734 ਵਿਚ ਮੁਹੰਮਦ ਸੂਫ਼ੀ ਵਾਰਦਿ ਦੁਆਰਾ ਲਿਖੀ ਗਈ ਪੁਸਤਕ ਵਿਚ ਭਾਈ ਬੰਦਾ ਸਿੰਘ ਬਹਾਦੁਰ ਦੇ ਨਾਂਦੇੜ ਤੋਂ ਖਰਖੋਦਾ, ਚੱਪੜਚਿੜੀ ਦੀ ਲੜਾਈ, ਵਜ਼ੀਰ ਖ਼ਾਨ ਦੀ ਹੱਤਿਆ ਅਤੇ ਕੁੱਝ ਬਾਅਦ ਦੀਆਂ ਘਟਨਾਵਾਂ ਦੇ ਵੇਰਵੇ ਵੀ ਦਿੱਤੇ ਹਨ। ਇਸ ਵਿਚ ਸਰਹੰਦ ਦੀ ਜਿੱਤ ਦੇ ਬਾਅਦ ਭਾਈ ਬੰਦਾ ਸਿੰਘ ਬਹਾਦੁਰ ਵਲੋਂ ਇਕ ਸਮਾਨਤਾ ਵਾਦੀ ਪ੍ਰਣਾਲੀ ਨੂੰ ਲਾਗੂ ਕਰਨ ਦਾ ਵੇਰਵਾ ਦਿੱਤਾ ਗਿਆ ਹੈ।

ਤਾਰੀਖ਼ਿ-ਏ-ਮੁਹੰਮਦ ਸ਼ਾਹੀ (ਖ਼ੁਸ਼ਹਾਲ ਚੰਦ ਦੀ ਪੁਸਤੱਕ ਵਿਚ ਸਿੱਖ ਧਰਮ ਵਿਚ ਭਾਈ ਬੰਦਾ ਸਿੰਘ ਬਹਾਦੁਰ ਦੀ ਜਨਮ ਤਾਰੀਖ ਅਤੇ ਨਵੇਂ ਵਿਆਹੇ ਸਿੱਖ ਲੜਕੇ ਦੀ ਫਾਂਸੀ ਦਾ ਵਰਣਨ ਕੀਤਾ ਹੈ ਜੋ ਸਿੱਖੀ ਨੂੰ ਕਾਇਮ ਰੱਖਣ ਲਈ ਆਪਣੇ ਆਪ ਨੂੰ ਇਕ ਹਿੰਦੂ ਹੋਣ ਤੋਂ ਇਨਕਾਰ ਕਰਦਾ ਹੈ।

ਮੁਸਾਰ-ਉਲ-ਉਮਰਾ (ਸ਼ਾਹ ਨਵਾਜ਼ ਖ਼ਾਨ ਸ਼ਮਸ਼-ਉਦ-ਦੌਲਾ ਵਲੋਂ 1757-58 ਵਿਚ ਲਿਖੀ ਗਈ ਪੁਸਤਕ ਵਿਚ ਅਕਬਰ (1556) ਦੇ ਸਮੇਂ ਤੋਂ 1757 ਤੱਕ, ਦੋ ਸੌ ਸਾਲ ਦੇ ਮੁਗਲ ਦਰਬਾਰ ਦੇ ਅਧਿਕਾਰੀਆਂ ਬਾਰੇ ਜਾਣਕਾਰੀ ਦਿੱਤੀ ਹੈ। ਸ਼ਾਹ ਨਿਵਾਜ ਕੋਲ ਮੁਗਲ ਦਰਬਾਰ ਦੇ ਰਿਕਾਰਿਡ ਤੱਕ ਪਹੁੰਚ ਸੀ, ਇਸ ਲਈ ਉਨ੍ਹਾਂ ਨੇ ਇਨ੍ਹਾਂ ਅਧਿਕਾਰੀਆਂ ਦੀ ਭੂਮਿਕਾ ਦੇ ਕੀਮਤੀ ਵੇਰਵੇ ਦਿੱਤੇ ਹਨ। ਇਨ੍ਹਾਂ ਅਫ਼ਸਰਾਂ ਵਿਚ ਗਵਰਨਰ, ਫ਼ੌਜਦਾਰ, ਦੀਵਾਨ ਅਤੇ ਲਾਹੌਰ ਦੇ ਹੋਰ ਅਧਿਕਾਰੀ ਵੀ ਸ਼ਾਮਲ ਹਨ। ਇਨ੍ਹਾਂ ਵੇਰਵਿਆਂ ਤੋਂ ਹੀ ਸਿੱਖਾਂ ਨਾਲ ਆਪਣੇ ਸੌਦਿਆਂ ਬਾਰੇ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ। ਇਹ ਕਿਤਾਬ 1888 ਵਿਚ ਬੰਗਾਲੀ ਦੀ 'ਏਸ਼ੀਆਟਿਕ ਸੁਸਾਇਟੀ' ਵਲੋਂ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤੀ ਗਈ ਸੀ।

ਭਾਈ ਬੰਦਾ ਸਿੰਘ ਬਹਾਦੁਰ ਬਹਾਦੁਰ ਬਾਰੇ ਤਿੰਨ ਤਾਜ਼ਾ ਕਿਤਾਬਾਂ ਵਿਚ 1710 ਤੋਂ 1716 ਦੇ ਵਿਚ ਮੁਤੱਵਪੂਰਨ ਜਾਣਕਾਰੀ ਹੈ। ਇਹ ਹਨ: 1. ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ : ਫਾਰਸੀ ਸਰੋਤ (ਪੰਜਾਬੀ ਵਿੱਚ), ਬਲਵੰਤ ਸਿੰਘ ਢਿਲੋਂ ਦੁਆਰਾ ਸੰਪਾਦਿਤ (2011 ਵਿਚ ਸਿੰਘ

ਬ੍ਰਦਰਜ਼ ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ)।2. ਡਾ. ਬਲਵੰਤ ਸਿੰਘ ਢਿਲੋਂ ਦੁਆਰਾ 'ਸੰਪਾਦਿਤ ਮੁਹੰਮਦ ਕਾਸਿਮ ਔਰੰਗਾਬਾਦੀ' ਦੇ ਅਹਵਾਲ-ਉਲ-ਖ਼ਵਾਕੀਨ (ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ 2012 ਵਿਚ ਪ੍ਰਕਾਸ਼ਿਤ)।3. ਬਲਵੰਤ ਸਿੰਘ ਢਿੱਲੋਂ ਦੁਆਰਾ ਸੰਪਾਦਿਤ ਜੱਥੇਦਾਰ ਭਾਈ ਬੰਦਾ ਸਿੰਘ ਬਹਾਦੁਰ ਤੇ ਰਾਜਸਥਾਨੀ ਦਸਤਾਵੇਜ਼ (ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ 2016 ਵਿਚ ਪ੍ਰਕਾਸ਼ਿਤ)।

ਅੰਗ੍ਰੇਜ਼ੀ ਸਰੋਤ:

ਸ਼ੁਰੂਆਤੀ 'ਅੰਗ੍ਰੇਜ਼ੀ ਸਰੋਤ' ਭਾਈ ਬੰਦਾ ਸਿੰਘ ਬਹਾਦੁਰ ਬਾਰੇ ਬਹੁਤ ਕੁੱਝ ਨਹੀਂ ਦੱਸਦੇ; ਅੰਗ੍ਰੇਜ਼ੀ ਸ੍ਰੋਤਾਂ ਤੋਂ ਉਪਲਬੱਧ ਇਕੋ ਜਾਣਕਾਰੀ ਹੀ ਜੌਨ ਸਰ ਰਮਨ ਅਤੇ ਐਡਵਰਡਸ ਸਟੀਫਨ ਦੁਆਰਾ 10 ਮਾਰਚ 1716 ਨੂੰ ਫੋਰਟ ਵਿਲੀਅਮ (ਕਲਕੱਤਾ) ਦੇ ਬ੍ਰਿਟਿਸ਼ ਗਵਰਨਰ ਨੂੰ ਲਿਖੀ ਇਕ ਚਿੱਠੀ ਹੈ, ਜਿਸ ਵਿਚ ਦਿੱਲੀ ਵਿਚ ਸੱਤ ਸੌ ਸਿੱਖਾਂ ਦੇ ਕਤਲੇਆਮ ਦਾ ਹਵਾਲਾ ਦਿੱਤਾ ਗਿਆ ਹੈ। ਇਹ ਡਾ. ਗੰਡਾ ਸਿੰਘ ਦੁਆਰਾ 'ਅਰਲੀ ਯੂਰਪੀਅਨ ਅਕਾਉਂਟ ਆਫ਼ ਦ ਸਿੱਖਸ' ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਅੰਗਰੇਜ਼ਾਂ ਨੇ ਭਾਈ ਬੰਦਾ ਸਿੰਘ ਬਹਾਦੁਰ ਨੂੰ ਹੋਰ ਕੰਮਾਂ ਵਿਚ ਵੀ ਜ਼ਿਕਰ ਕੀਤਾ ਹੈ, ਪਰ ਇਹ ਸਾਰੀਆਂ ਕਿਤਾਬਾਂ / ਰਿਪੋਰਟਾਂ ਜਾਂ ਤਾਂ 19 ਵੀਂ ਸਦੀ ਦੇ ਦੂਜੇ ਅੱਧ ਵਿਚ ਜਾਂ 20 ਵੀਂ ਸਦੀ ਦੇ ਪਹਿਲੇ ਅੱਧ ਵਿਚ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਇਸ ਘਟਨਾ ਦਾ ਥੋੜ੍ਹਾ ਜਿਹਾ ਹਵਾਲਾ ਬੰਗਾਲ ਵਿਚ ਅੰਗ੍ਰੇਜ਼ੀ ਦੇ ਮੁੱਢਲੇ ਇਤਿਹਾਸ ਵਿਚ ਸੀ, ਜੋ ਆਰ. ਵਿਲਸਨ ਨੇ ਵੀ ਦਿੱਤਾ ਹੈ ਪਰ, ਇਰਵਿਨ ਨੇ ਆਪਣੀ ਪੁਸਤਕ ਲੇਟਰ ਮੁਗਲ ਵਿਚ ਭਾਈ ਬੰਦਾ ਸਿੰਘ ਬਹਾਦੁਰ ਬਾਰੇ ਬਹੁਤ ਸਾਰੀ ਉਪਯੋਗੀ ਜਾਣਕਾਰੀ ਦਿੱਤੀ ਹੈ।

ਭਾਈ ਬੰਦਾ ਸਿੰਘ ਬਹਾਦੁਰ ਦੀ ਪਹਿਲੀ ਸਹੀ ਜੀਵਨੀ 1915 ਵਿਚ ਕਰਮ ਸਿੰਘ ਇਤਿਹਾਸਕਾਰ ਨੇ ਲਿਖੀ ਸੀ। ਉਸਨੇ ਦੋ ਕਿਤਾਬਾਂ ਲਿਖੀਆਂ: 'ਬੰਦਾ ਕੋਣ ਥਾ' (ਉਰਦੂ ਵਿੱਚ) ਅਤੇ 'ਬੰਦਾ ਬਹਾਦੁਰ' (ਪੰਜਾਬੀ ਵਿੱਚ), ਦੋ ਸਾਲਾਂ ਦੇ ਅੰਦਰ ਉਸਨੇ ਆਪਣੀ ਪਹਿਲੀ ਕਿਤਾਬ ਨੂੰ ਸੋਧਿਆ।ਕਰਮ ਸਿੰਘ ਨੇ ਪੰਜਾਬੀ ਸ੍ਰੋਤ ਤੋਂ ਇਲਾਵਾ ਕਈ ਫ਼ਾਰਸੀ ਸ੍ਰੋਤਾਂ ਦਾ ਇਸਤੇਮਾਲ ਕੀਤਾ ਸੀ।1930 ਵਿਚ ਸੋਹਨ ਸਿੰਘ ਨੇ ਆਪਣੀ ਕਿਤਾਬ 'ਬੰਦਾ-ਦ-ਬਰੇਵ ਇਨ ਇੰਗਲਿਸ਼' ਪ੍ਰਕਾਸ਼ਿਤ ਕੀਤੀ। ਸੋਹਨ ਸਿੰਘ ਨੇ ਕਰਮ ਸਿੰਘ ਵਰਗੇ ਫ਼ਾਰਸੀ ਸਰੋਤਾਂ ਦੀ ਵਰਤੋਂ ਨਹੀਂ ਕੀਤੀ ਪਰੰਤੂ ਉਹ ਮਹਾਨ ਸਿੱਖ ਜਰਨੈਲ ਦੇ ਪਹਿਲੇ ਅੰਗ੍ਰੇਜ਼ ਬਿਰਤਾਂਤ 'ਤੇ ਆਧਾਰਿਤ ਸੀ । ਇਸ ਲਈ ਉਨ੍ਹਾਂ ਨੂੰ ਚੰਗੀ ਪ੍ਰਤੀਕਿਰਿਆ ਦਿੱਤੀ ਗਈ ਸੀ। 1935 ਵਿਚ, ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ 'ਬਾਬਾ ਬੰਦਾ ਸਿੰਘ ਬਹਾਦੁਰ,' ਪੰਜਾਬੀ ਵਿਚ ਛਾਪੀ। ਗੰਡਾ ਸਿੰਘ ਦੀ ਆਪਣੀ ਕਿਤਾਬ 'ਕਰਮ ਸਿੰਘ ਇਤਿਹਾਸਕਾਰ' 'ਤੇ ਆਧਾਰਿਤ ਸੀ, ਪਰ ਉਸ ਨੇ ਕੁੱਝ ਨਵੀਂ ਜਾਣਕਾਰੀ ਵੀ ਸ਼ਾਮਿਲ ਕਰ ਲਈ ਸੀ। ਇਸ ਤੋਂ ਬਾਅਦ 'ਡਾ. ਹਰੀ ਰਾਮ ਗੁਪਤਾ' ਦਾ 'ਹਿਸਟਰੀ-ਆਫ਼-ਦ-ਸਿੱਖਸ' ਵਿਚ ਉਸਨੇ ਭਾਈ ਬੰਦਾ ਸਿੰਘ ਬਹਾਦੁਰ ਬਾਰੇ ਬਹੁੱਤ ਸਾਰੀ ਸਮਗਰੀ ਦਿੱਤੀ, ਪਰ ਆਰੀਆ ਸਮਾਜੀ ਹੋਣ ਦੇ ਨਾਤੇ, ਉਹ ਨਿਆਂ ਨਹੀਂ ਕਰ ਸਕਿਆ ਅਤੇ ਉਸ ਦੀ ਖੋਜ ਵਿਚ ਪੱਖਪਾਤ ਦਾ ਮੇਲ ਹੋ ਗਿਆ। ਇਸ ਤੋਂ ਬਾਅਦ, ਭਾਈ ਬੰਦਾ ਸਿੰਘ ਬਹਾਦੁਰ (ਅੰਗ੍ਰੇਜ਼ੀ ਵਿਚ) ਦੀ 'ਚੰਦਲਾ' ਦੀ ਕਿਤਾਬ, 2006 ਵਿਚ ਪ੍ਰਕਾਸ਼ਿਤ ਹੋਈ, ਅਤੇ ਕੁੱਝ ਹੋਰ ਸੈਕੰਡਰੀ ਕੰਮ ਵੀ ਸਾਮ੍ਹਣੇ ਆਏ ਪਰ ਇਨ੍ਹਾਂ ਵਿਚੋਂ ਕੋਈ ਵੀ ਨਵੀਂ ਜਾਣਕਾਰੀ ਜਾਂ (ਠਹਿਸਸਿ) ਨਹੀਂ ਆਏ। ਤਕਰੀਬਨ ਸਾਰੇ ਹੀ ਕਰਮ ਸਿੰਘ ਜਾਂ ਗੰਡਾ ਸਿੰਘ ਜਾਂ ਪੰਜਾਬੀ ਸ੍ਰੋਤ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਵਰਗੇ ਹਨ। ਇਸ ਲਈ ਇਸ ਪੁਸਤਕ ਵਿਚ ਕੋਸ਼ਿਸ ਕੀਤੀ ਗਈ ਹੈ ਕਿ ਸਚਾਈ ਸਾਹਮਣੇ ਲਿਆਂਦੀ ਜਾ ਸਕੇ।

ਸਹਾਇਕ ਪੁਸਤਕ ਸੂਚੀ

1 ਦਬਿਸਤਾਨ-ਇ-ਮਜਾਹਿਬ (ਮਊਬਾਦ ਜ਼ੁਲਫ਼ਿਕਾਰ ਅਰਦਸਤਾਨੀ)

2 ਹਿਸਟਰੀ-ਆਫ਼-ਦ-ਸਿੱਖਜ਼ ਐਂਡ ਦੇਅਰ ਰਿਲੀਜ਼ਨ (ਡਾ.ਕਿਰਪਾਲ ਸਿੰਘ, ਅਤੇ ਖੜਕ ਸਿੰਘ),

3 ਗੈਦਰਿੰਗ ਸਟੋਰਮ (ਡਾ. ਹਰਬੰਸ ਲਾਲ ਅਗਨੀਹੋਤਰੀ ਅਤੇ ਚਾਂਦ ਰਾਮ ਅਗਨੀਹੋਤਰੀ),

4 ਹਿਸਟਰੀ-ਆਫ਼-ਦ-ਸਿੱਖਜ ਗੁਰੂ (ਅਗਨੀਹੋਤਰੀ ਹਰੀ ਰਾਮ ਗੁਪਤਾ),

5 ਇਵੈਲੂਸ਼ਨ ਆਫ ਖਾਲਸਾ (ਇੰਦੂ ਭੂਸ਼ਨ ਬੈਨਰਜੀ),

6 ਮਾਖਜ਼ਿ ਤਵਾਰੀਖ਼ੇ ਸਿੱਖਾਂ (ਡਾ.ਗੰਡਾ ਸਿੰਘ),

7 ਹਿਸਟਰੀ ਆਫ ਸਿਖੱਜ (ਖੁਸਵੰਤ ਸਿੰਘ)

8 ਏ ਹਿਸਟਰੀ ਆਫ-ਦ-ਸਿੱਖਜ (ਕਨਿੰਘਮ),

9 ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀਵਨ ਅਤੇ ਪ੍ਰਤਿਭਾ (ਡਾ. ਜਗਜੀਵਨ ਸਿੰਘ),

10 ਬੰਦਾ ਸਿੰਘ ਬਹਾਦਰ ਫਾਰਸੀ ਸਰੋਤ-ਸੰਪਾਦਕ (ਡਾ. ਬਲਵੰਤ ਸਿੰਘ ਢਿੱਲੋ),

11 ਗੁਰੂ ਗੋਬਿੰਦ ਸਿੰਘ, ਜੀਵਨ, ਯੁੱਧ ਅਤੇ ਯਾਤਰਾਵਾਂ (ਡਾ. ਸੁਖਦਿਆਲ ਸਿੰਘ),

12 ਗੁਰੂ ਗ੍ਰੰਥ ਸਾਹਿਬ ਅਤੇ ਵਿਸ਼ਵ ਸ਼ਾਂਤੀ (ਰਿਟਾਰਿਡ ਲੈਫ. ਕਰਨਲ ਗੁਰਦੀਪ ਸਿੰਘ),

13 ਅਬ ਜੂਝਨ ਕੋ ਦਾਓ (ਮਹਿੰਦਰ ਸਿੰਘ ਸਰਨਾ)

14 ਪੀਰ ਬੁੱਧੂ ਸ਼ਾਹ (ਖੋਜ਼ੀ ਕਾਫ਼ਿਰ),

15 ਅਹਵਾਲ-ਉਲ-ਖਵਾਕੀਨ (ਮੁਹੰਮਦ ਕਾਸਿਮ ਔਰੰਗਾਬਾਦੀ),

16 ਗੁਰਮਤਿ ਪ੍ਰਕਾਸ਼ ਪਤ੍ਰਿਕਾ (ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),

17 ਅਖਬਾਰਾਤਿ-ਦਰਬਾਰਿ-ਮੁਅੱਲਾ, (ਬਿਦਿ),

18 ਤਾਰੀਖੇ-ਏ-ਮਹੱਮਦ (ਸਾਹੀ),

19 ਐਲੀਅਟ ਐਂਡ ਡਾਊਸਨ (ਮੁਹੰਮਦ ਲਤੀਫ),

20 ਇਬਰਤਨਾਮਾ (ਮਹੰਮਦ ਕਾਸਿਮ)

21 ਬੰਦਾ ਸਿੰਘ ਬਹਾਦਰ (ਅਮਰਜੀਤ ਸਿੰਘ),

22 ਸਲਾਤਿਨ-ਇ-ਚੁੱਗਤਾ (ਤਜਾਕੀਤ),

23 ਮੁੰਤਖ਼ਬਲ-ਉਲ-ਲੁਬਾਬ (ਖ਼ਾਫੀ ਖ਼ਾਨ),

24 ਜਫ਼ਰਨਾਮਾ,
25 ਭੱਟ ਵਹੀਆਂ
26 ਗੁਰਬਿਲਾਸ ਸਾਹਿਤ
27 ਗੁਰੂ ਸੋਭਾ ਗ੍ਰੰਥ ਗੁਰਬਿਲਾਸ ਪਾਤਸ਼ਾਹੀ ਦਸਵੀਂ,
28 ਗੁਰਬਿਲਾਸ ਪਾਤਸਾਹੀ ਛੇਵੀਂ ਬੰਸਾਵਲੀਨਾਮਾ ਦਸਾਂ ਪਾਤਸਾਹੀਆਂ,
29 ਗੁਰ ਪ੍ਰਤਾਪ, ਸੂਰਜ ਗ੍ਰੰਥ 1839
30 ਪੰਥ ਪ੍ਰਕਾਸ਼ 1814-1840
31 ਪੰਥ ਪ੍ਰਕਾਸ਼ 1890 (ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ),
32 ਅਕਬਰਨਾਮਾ (ਅਬੂ ਫ਼ਜ਼ਲ 1601),
33 ਤੁਜਕਿ-ਏ-ਜਹਾਂਗੀਰੀ (1620)
34 ਤਾਰੀਖ਼ਿ-ਏ ਇਰਾਦਤਖਾਨੀ (ਇਰਦਤ ਖ਼ਾਨ),
35 ਇਬਰਤਨਾਮਾ, ਦਸ਼ੂਰ-ਉਲ-ਨਿਸਾਂ,
36 ਇਬਰਤਨਾਮਾ-1720,
37 ਮਿਰਜ਼ਾ ਮੁਹੰਮਦ ਹਰਸੀ,
38 ਸ਼ਾਹਨਾਮਾ (ਮੀਰ ਮੁਹੰਮਦ ਅਹਸਾਨ ਸਾਜਦ),
39 ਮੁਨਾਵਰ-ਉਲ-ਕਲਾਮ-1722 (ਸਿਵਦਾਸ)
40 ਫਤਹਿਨਾਮਾ ਸੱਮਦੀ (ਗੁਲਾਮ ਮੁਈ-ਉਦ-ਦੀਨ),
41 ਮਿਰਤ-ਏ-ਵਾਰਦਾਤ (ਮੁਹੰਮਦ ਸੂਫੀ ਵਾਰਡ),
42 ਤਾਰੀਖ਼ਿ-ਏ-ਮੁਹੰਮਦ ਸ਼ਾਹੀ (ਖੁਸ਼ਹਾਲ ਚੰਦ),
43 ਮੁਸਾਰ-ਉਲ-ਉਮਰਾ (ਸ਼ਾਹ ਨਵਾਜ਼ ਖ਼ਾਨ ਸ਼ਮਸ਼-ਉਦ-ਦੋਲਾ),
44 ਅਰਲੀ ਯੂਰਪੀਅਨ ਅਕਾਊਂਟ ਆਫ-ਦ-ਸਿੱਖਜ (ਡਾ. ਗੰਡਾ ਸਿੰਘ),
45 ਬੰਦਾ ਕੌਣ ਥਾ ਅਤੇ ਬੰਦਾ ਬਹਾਦਰ (ਕਰਮ ਸਿੰਘ),
46 ਬੰਦਾ-ਦ-ਬਰੇਵ (ਸੋਹਣ ਸਿੰਘ),
47 ਬੰਦਾ ਸਿੰਘ ਬਹਾਦਰ (ਡਾ. ਗੰਡਾ ਸਿੰਘ),
48 ਬੰਦਾ ਸਿੰਘ (ਚੰਦਲਾ),
49 ਇਨਸਾਈਕਲੋਪੀਡੀਆ ਆਫ-ਸਿੱਖਜ ਜਿਲਦ- I, II, III (ਹਰਬੰਸ ਸਿੰਘ),
50 ਫਾਲ-ਆਫ-ਮੁਗਲ-ਇਮਪਾਇਰ ਭਾਗ- 1 ਤੋ 4 (ਹਰਬੰਸ ਸਿੰਘ),

51 ਫਸਟ ਰਾਜ ਆਫ ਦਾ ਸਿੱਖਜ (ਹਰੀਸ਼ ਢਿੱਲੋ),

52 ਮਰੱਹਠਾ ਹਿਸਟੋਰੋਗਰਾਫੀ (ਏ. ਆਰ. ਕੁਲਕਰਨੀ, ਮਨੋਹਰ),

53 ਏ. ਹਿਸਟਰੀ ਆਫ ਜੈਪੁਰ (ਜਾਦੂਨਾਥ ਸਰਕਾਰ),

54 ਨਾਰਥ-ਵਸਟਰਨ ਫਰੰਟੀਅਰ ਅਤੇ ਬ੍ਰਿਟਿਸ਼ ਇੰਡੀਆ ਭਾਗ-1, 1839-42 (ਪਰਸੋਤਮ ਮਹਿਰਾ),

55 ਦ-ਸਿਖ ਮਾਰਟੀਅਰ (ਭਗਤ ਲਕਸਮਨ ਸਿੰਘ),

56 ਦ-ਡਿਕਲਾਈਨ-ਆਫ-ਦ-ਮੁਗਲ ਇੰਪਾਇਰ (ਮੀਨਾ ਭਰਗਾਵਾ),

57 ਬੰਦਾ ਸਿੰਘ ਬਹਾਦਰ (ਸੁਰਿਦੰਰ ਸਿੰਘ),

58 ਗੁਰੂ ਹਰਿਗੋਬਿੰਦ ਸਾਹਿਬ ਵਿਜ਼ਨ ਅਤੇ ਪਰਸਨੈਲਟੀ (ਬਲਜਿੰਦਰ ਸਿੰਘ ਚੀਸਾ),

59 ਪਰਕਸਨ ਆਫ ਹਿਸਟਰੀ (ਜਗਜੀਤ ਸਿੰਘ),

60 ਮੁਗਲ ਡਾਕੂਮੈਂਟਸ 1628-1659, Vol. I & II (ਐਸ.ਏ.ਆਈ ਤੀਰਮੀਜੀ)


ਸੀਰੀਅਲ ਨੰ.	ਜ਼ਿਲਾ	ਤਹਿਸੀਲ	ਪਿੰਡ	ਵੇਰਵਾ
27.	ਅੰਬਾਲਾ	ਸਾਹਾ	ਬੀਹਟਾ	ਹੁਣ ਵੀ ਮੌਜੂਦ ਹੈ
28.	ਅੰਬਾਲਾ	ਸਾਹਾ	ਲੰਡਾ	ਮੌਜੂਦ ਨਹੀਂ ਹੈ
29.	ਅੰਬਾਲਾ	ਸਾਹਾ	ਕੇਸਰੀ	ਮੌਜੂਦ ਨਹੀਂ ਹੈ
30	ਅੰਬਾਲਾ	ਸਾਹਾ	ਧੁਰਾਲਾ	ਮੌਜੂਦ ਨਹੀਂ ਹੈ
31	ਅੰਬਾਲਾ	ਸਾਹਾ	ਸਮਲੇਹੜੀ	ਮੌਜੂਦ ਨਹੀਂ ਹੈ
32	ਅੰਬਾਲਾ	ਸਾਹਾ	ਨੋਹਿਨੀ	ਮੌਜੂਦ ਨਹੀਂ ਹੈ
33	ਅੰਬਾਲਾ	ਸ਼ਹਿਜ਼ਾਦਪੁਰ	ਕੋੜਵਾ	ਹੁਣ ਵੀ ਮੌਜੂਦ ਹੈ
34	ਅੰਬਾਲਾ	ਸ਼ਹਿਜ਼ਾਦਪੁਰ	ਕੜਾਸਨ	ਹੁਣ ਵੀ ਮੌਜੂਦ ਹੈ
35	ਅੰਬਾਲਾ	ਸ਼ਹਿਜ਼ਾਦਪੁਰ	ਕਢੌਲੀ	ਹੁਣ ਵੀ ਮੌਜੂਦ ਹੈ
36	ਅੰਬਾਲਾ	ਨਾਰਾਇਣਗੜ	ਤੰਦਵਾਲ	ਮੌਜੂਦ ਨਹੀਂ ਹੈ
37	ਅੰਬਾਲਾ	ਨਾਰਾਇਣਗੜ	ਬਦਰਗੜ	ਮੌਜੂਦ ਨਹੀਂ ਹੈ
38	ਅੰਬਾਲਾ	ਅੰਬਾਲਾ	ਮਟੇੜੀ	ਹੁਣ ਵੀ ਮੌਜੂਦ ਹੈ
39	ਪੰਚਕੂਲਾ	ਰਾਇਪੁਰ ਰਾਣੀ	ਰਤੂਰ	ਹੁਣ ਵੀ ਮੌਜੂਦ ਹੈ
40	ਪੰਚਕੂਲਾ	ਰਾਇਪੁਰ ਰਾਣੀ	ਹੰਗੋਲੀ	ਹੁਣ ਵੀ ਮੌਜੂਦ ਹੈ
41	ਪੰਚਕੂਲਾ	ਰਾਇਪੁਰ ਰਾਣੀ	ਕੋਟ ਗੰਗੇਸ਼ਵਰਾ	ਮੌਜੂਦ ਨਹੀਂ ਹੈ
42	ਕੁਰੂਕਸ਼ੇਤਰ	ਬਬੈਨ	ਬਬੈਨ	ਹੁਣ ਵੀ ਮੌਜੂਦ ਹੈ
43	ਕੁਰੂਕਸ਼ੇਤਰ	ਲਾਡਵਾ	ਬਨੀ ਬਦਰਪੁਰ ਛਰੋਂਦੀ	ਮੌਜੂਦ ਨਹੀਂ ਹੈ
44	ਕੁਰੂਕਸ਼ੇਤਰ	ਬਬੈਨ	ਬੁਹਾਵੀ	ਮੌਜੂਦ ਨਹੀਂ ਹੈ
45	ਕੁਰੂਕਸ਼ੇਤਰ	ਬਬੈਨ	ਸੰਘੋਰ	ਮੌਜੂਦ ਨਹੀਂ ਹੈ
46	ਕੁਰੂਕਸ਼ੇਤਰ	ਲਾਡਵਾ	ਲਾਡਵਾ	ਹੁਣ ਵੀ ਮੌਜੂਦ ਹੈ
47	ਕੁਰੂਕਸ਼ੇਤਰ	ਲਾਡਵਾ	ਨਿਵਾਰਸੀ	ਮੌਜੂਦ ਨਹੀਂ ਹੈ
48	ਕੁਰੂਕਸ਼ੇਤਰ	ਸ਼ਾਹਬਾਦ (ਮਾ.)	ਖਰੀਂਡਵਾ	ਮੌਜੂਦ ਨਹੀਂ ਹੈ
49	ਕਰਨਾਲ	ਇੰਦਰੀ	ਗੋਰਗੜ	ਮੌਜੂਦ ਨਹੀਂ ਹੈ
50	ਕਰਨਾਲ	ਇੰਦਰੀ	ਬੈਰਸਾਲ	ਹੁਣ ਵੀ ਮੌਜੂਦ ਹੈ
51	ਕਰਨਾਲ	ਇੰਦਰੀ	ਭਇਣਾ	ਹੁਣ ਵੀ ਮੌਜੂਦ ਹੈ
52	ਕਰਨਾਲ	ਇੰਦਰੀ	ਗੜਪੁਰ ਖਾਲਸਾ	ਮੌਜੂਦ ਨਹੀਂ ਹੈ

ਸਿੱਖ ਰਾਜਧਾਨੀ ਲੋਹਗੜ੍ਹ ਦੇ ਨਕਸ਼ੇ

ਲੋਹਗੜ੍ਹ ਕਿਲ੍ਹਾ ਅਤੇ 52 ਅਗਲੇਰੇ ਗੜ੍ਹੀਆਂ/ਕਿਲ੍ਹਿਆਂ ਦਾ ਵਿਸਥਾਰ

ਲੋਹਗੜ੍ਹ ਕਿਲ੍ਹਾ ਅਤੇ ਇਸਦੇ 52 ਅਗਲੇਰੇ ਕਿਲ੍ਹੇ ਹਰਿਆਣਾ ਸੂਬੇ ਦੇ ਪੰਜਾਂ ਜਿਲ੍ਹਿਆਂ ਵਿੱਚ (ਯਮੁਨਾਨਗਰ, ਕਰਨਾਲ, ਕੁਰੂਕਸ਼ੇਤਰ, ਅੰਬਾਲਾ ਅਤੇ ਪੰਚਕੂਲਾ) ਵਿੱਚ ਫੈਲੇ ਹੋਏ ਸਨ। ਇਸ ਨੂੰ ਸਮਝਣ ਵਾਸਤੇ ਇਸ ਖੇਤਰ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ।


ਜੋਨ-1 :- ਕਰਨਾਲ ਅਤੇ ਕੁਰੂਕਸ਼ੇਤਰ, ਜੋਨ-2 :- ਯਮੁਨਾਨਗਰ, ਜੋਨ-3 :- ਅੰਬਾਲਾ ਅਤੇ ਪੰਚਕੂਲਾ। ਇਸਦਾ ਵੇਰਵਾ ਹੇਠਾਂ ਨਕਸ਼ੇ ਵਿੱਚ ਦਿੱਤਾ ਗਿਆ ਹੈ।



ਨਕਸ਼ਾ ਕਿਲ੍ਹਾ ਲੋਹਗੜ੍ਹ (32 ਸੈਕਟਰਾਂ ਵਿੱਚ ਮੋਰਚਾਬੰਦੀ)

ਯਮੁਨਾਨਗਰ (ਹਰਿਆਣਾ) ਅਤੇ ਸਿਰਮੌਰ (ਹਿਮਾਚਲ ਪ੍ਰਦੇਸ਼)


ਵਿੱਚ ਲੋਹਗੜ੍ਹ ਕਿਲ੍ਹੇ ਦੀਆਂ ਹੱਦਾਂ ਇਸ ਨਕਸ਼ੇ ਵਿੱਚ ਲੋਹਗੜ੍ਹ ਕਿਲ੍ਹੇ ਨੂੰ 32 ਸੈਕਟਰਾਂ ਵਿੱਚ ਵੰਡਿਆ ਗਿਆ ਹੈ। ਜਿਸਦਾ ਵੇਰਵਾ ਅਧਿਆਇ-2 ਵਿੱਚ ਦੱਸਿਆ ਗਿਆ ਹੈ।




ਸਿੱਖ ਟਾਂਡਿਆਂ ਦੇ ਵਪਾਰਕ ਅਤੇ ਲੋਹਗੜ੍ਹ ਨੂੰ ਰਸਦ ਪਹੁੰਚਾਉਣ ਦੇ ਮਾਰਗ

ਭਾਈ ਲੱਖੀ ਰਾਇ ਵਣਜਾਰਾ ਦੇ ਵਪਾਰਕ ਰਸਤਿਆਂ ਦਾ ਨਕਸ਼ਾ


ਇਹ ਉਹ ਵਪਾਰਕ ਰਸਤੇ ਹਨ, ਜਿਨ੍ਹਾਂ ਰਾਹੀਂ ਭਾਈ ਲੱਖੀ ਰਾਇ ਵਣਜਾਰਾ, ਲੋਹਗੜ੍ਹ ਕਿਲ੍ਹੇ ਵਿੱਚ ਘੋੜੇ, ਬਾਰੂਦ ਅਤੇ ਕਿਲ੍ਹੇ ਦੀ ਉਸਾਰੀ ਦਾ ਸਾਮਾਨ ਮੁਹਈਆ ਕਰਵਾਇਆ ਕਰਦੇ ਸਨ।



ਬਾਬਾ ਬੰਦਾ ਸਿੰਘ ਬਹਾਦੁਰ ਦੇ ਅਧੀਨ ਸਿੱਖ ਰਾਜ ਦੇ ਇਲਾਕੇ (ਹਰਿਆਣਾ, ਪੰਜਾਬ, ਪੱਛਮੀ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ ਅਤੇ ਪੂਰਬੀ ਪਾਕਿਸਤਾਨ)



ਲੋਹਗੜ੍ਹ ਅਤੇ ਮੁਖਲਿਸਪੁਰ



ਇਤਿਹਾਸਕਾਰਾਂ ਨੇ ਕਿਲ੍ਹਾ ਲੋਹਗੜ੍ਹ ਨੂੰ ਮੁਗ਼ਲਾਂ ਦਾ ਬਣਾਇਆ ਰੰਗਮਹਿਲ 'ਮੁਖਲਿਸਗੜ੍ਹ' ਦੱਸਿਆ ਗਿਆ, ਜਦਕਿ ਲੋਹਗੜ੍ਹ ਤੇ ਮੁਖਲਿਸਗੜ੍ਹ ਦੀ ਦੂਰੀ 30 ਕਿਲੋਮੀਟਰ ਤੋਂ ਵੱਧ ਹੈ। ਸ਼ਾਹਜਹਾਂ ਦੇ ਜਰਨੈਲ ਅਲੀ ਮਾਰਡਨ ਖ਼ਾਨ ਦਵਾਰਾ ਮੁਖਲਿਸਗੜ੍ਹ ਯਮੁਨਾ ਦਰਿਆ ਦੇ ਕੰਡੇ ਪਰਗਨਾ ਫੈਜ਼ਾਬਾਦ ਸਰਕਾਰ ਸਹਾਰਨਪੁਰ ਵਿੱਚ ਬਣਾਇਆ ਗਿਆ ਜੋਕਿ ਹਾਲ ਵਿੱਚ ਉੱਤਰ ਪ੍ਰਦੇਸ਼ ਵਿੱਚ ਸਥਿਤ ਹੈ ਅਤੇ ਹਥਨੀਕੁੰਡ ਬੈਰਾਜ ਦੇ ਨੇੜੇ ਹੈ। ਮੁਖਲਿਸਗੜ੍ਹ ਉਸ ਸਮੇਂ ਦੀ ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਗਿਆ ਸੀ ਅਤੇ ਯਮੁਨਾ ਦਰਿਆ ਦੇ ਪਾਣੀ ਦੇ ਪ੍ਰਭਾਵ ਕਰਕੇ ਇਸ ਰੰਗਮਹਿਲ ਦੇ ਕਮਰੇ ਗਰਮੀਆਂ 'ਚ ਠੰਡੇ ਰਹਿੰਦੇ ਸਨ ਅਤੇ ਸਰਦੀਆਂ 'ਚ ਗਰਮ ਰਹਿੰਦੇ ਸਨ।



ਮੁਖਲਿਸਗੜ੍ਹ ਦਾ ਖੇਤਰਫਲ 45 ਏਕੜ ਦੇ ਲਗਭਗ ਹੈ ਅਤੇ ਰੰਗਮਹਲ ਦੀ ਇਮਾਰਤ 2 ਏਕੜ ਦੇ ਕਰੀਬ ਬਣੀ ਹੋਈ ਹੈ। ਹਾਲ ਦੀ ਘੜੀ ਵਿੱਚ ਇਹ ਜਗ੍ਹਾ ਪੁਰਾਤੱਤ ਵਿਭਾਗ ਭਾਰਤ ਸਰਕਾਰ ਦੀ ਨੋਟਾਫਾਇਡ ਪ੍ਰੋਟੈਕਟਿਡ ਸਾਈਟ ਹੈ ਅਤੇ ਇਸਦੀ ਪੁਨਰ ਉਸਾਰੀ ਲਈ 2 ਕਰੋੜ ਰੁਪਏ ਦੀ ਰਾਸ਼ੀ ਵੀ ਖਰਚ ਕੀਤੀ ਗਈ ਹੈ। ਇਤਿਹਾਸਕਾਰਾਂ ਨੇ ਕਦੇ ਵੀ ਮੌਕੇ ਤੇ ਆ ਕੇ ਲੋਹਗੜ੍ਹ ਤੇ ਮੁਖਲਿਸਗੜ੍ਹ ਦੇਖਣ ਦੀ ਜ਼ਹਿਮਤ ਨਹੀਂ ਕੀਤੀ, ਕੇਵਲ ਇੱਕ ਦੂਜੇ ਦੀਆਂ ਨਕਲਾਂ ਮਾਰ ਕੇ ਲੋਹਗੜ੍ਹ ਨੂੰ ਮੁਖਲਿਸਗੜ੍ਹ ਲਿਖਦੇ ਰਹੇ।





ਭੋਜਰਾਜ ਵਿਖੇ ਲੋਹਗੜ੍ਹ ਦੇ ਮੋਰਚੇ

ਇਹ ਗੜ੍ਹੀ ਪਿੰਡ ਭੋਜਰਾਜਪੁਰ (30 º 34.27',.98" "ਉਤਰੀ,77 º 5.5,83" ਪੱਛਮੀ) ਵਿੱਚ ਸਮੁੰਦਰੀ ਤਲ ਤੋਂ 1200 ਫੁੱਟ ਉੱਚੀ ਪਹਾੜੀ 'ਤੇ ਸਥਿਤ ਹੈ। ਇਹ ਡੀਫੈਂਸ ਪੱਖੋਂ ਬਹੁਤ ਵਧੀਆ ਮੋਰਚਾ ਹੈ, ਜੋ ਚੂਨੇ ਅਤੇ ਸੁਰਖੀ ਦੇ ਚੰਗੇ ਅਨੁਪਾਤ ਦੀ ਚਿਣਾਈ ਕੀਤੀ ਹੋਈ ਹੈ। ਕੰਧਾਂ ਨੂੰ ਉਸਾਰਨ ਲਈ ਪੱਥਰਾਂ ਨੂੰ ਪੂਰੀ ਤਰ੍ਹਾਂ ਘੜ ਕੇ ਬਰਾਬਰ ਆਕਾਰ ਦੇ ਬਣਾਕੇ ਇੱਕ ਦੇ ਉੱਪਰ ਇੱਕ ਰੱਖੇ ਹਨ ਤਾਂ ਕਿ ਪਕੜ ਮਜ਼ਬੂਤ ਹੋ ਸਕੇ ਅਤੇ ਦੇਖਣ ਸਮੇਂ ਇਹ ਇਮਾਰਤ ਵਧੀਆ ਲੱਗੇ ਅਤੇ ਦੁਸ਼ਮਣ ਦੇ ਹਮਲੇ ਸਮੇਂ ਮਜ਼ਬੂਤੀ ਵੀ ਵਿਖਾਏ।






ਭੋਜਰਾਜ ਵਿੱਚ ਇੱਕ ਹੋਰ ਦੋਹਰੀ (ਦੋ-ਮੰਜ਼ਿਲਾ) ਇਮਾਰਤ ਮਿਲੀ ਹੈ ਜਿਸ ਵਿੱਚ 25 ਬੈਰਕਾਂ ਬਣੀਆਂ ਹਨ।

ਇਹ ਇੱਕ ਵੱਖਰੀ ਕਿਸਮ ਦੀ ਇਮਾਰਤ ਹੈ, ਜਿਹੜੀ ਕਿ 'ਵੈਂਜ਼' ਟਾਈਪ ਥੰਭਿਆਂ 'ਤੇ ਖੜੀ ਹੈ। ਇਸ ਤਰ੍ਹਾਂ ਦੇ ਥੰਭ ਫਰਾਂਸ ਵਿੱਚ ਬਣੀਆਂ ਇਮਾਰਤਾਂ ਵਿੱਚ ਮਿਲਦੇ ਹਨ। ਇਸ ਇਮਾਰਤ ਦੀ ਛੱਤ ਇੱਕ ਮੀਟਰ ਤੋਂ ਵੱਧ ਮੋਟੀ ਹੈ, ਜਿਸ 'ਤੇ ਤੋਪ ਦੇ ਗੋਲੇ ਦਾ ਅਸਰ ਅੰਦਰ ਨਹੀ ਪਹੁੰਚਦਾ। ਇਸ ਦੀਆਂ ਅੰਦਰਲੀਆਂ ਬੈਰਕਾਂ 2-2 ਥੰਭੀਆਂ ਉੱਤੇ ਟਿਕੀਆਂ ਹੋਈਆਂ ਹਨ। ਬਾਹਰੀ ਦੀਵਾਰਾਂ ਦੀ ਚੌੜਾਈ ਲਗਭਗ 2 ਮੀਟਰ ਤੋਂ ਵੱਧ ਹੈ ਅਤੇ ਖਾਸ ਕਿਸਮ ਦੇ ਤਰੀਕੇ ਨਾਲ ਪੱਥਰ ਘੜਕੇ ਬਣਾਈ ਹੋਈ ਹੈ। ਇਸ ਦੀ ਬਣਾਵਟ ਸਮੇਂ ਇੱਕ ਚੰਗੇ ਮਿਕਦਾਰ ਦੇ ਚੂਨੇ, ਸੁਰਖੀ ਦੀ ਮੋਟੀ ਤਹਿ ਉੱਪਰ ਦੂਜਾ ਪੱਥਰ ਟਿਕਾ ਕੇ ਇਸ ਨੂੰ ਮਜ਼ਬੂਤ ਬਣਾਇਆ ਗਿਆ ਹੈ। ਇਸ ਦੀ ਉਚਾਈ 30 ਫੁੱਟ ਹੈ ਅਤੇ ਇਸ ਇਮਾਰਤ ਦੀ ਉਸਾਰੀ ਵੇਖਕੇ ਹੈਰਾਨੀ ਹੁੰਦੀ ਹੈ ਕਿ ਇਸ ਨੂੰ ਬਨਾਉਣ ਸਮੇਂ ਕੋਈ ਜਲਦਬਾਜ਼ੀ ਨਹੀਂ ਕੀਤੀ ਗਈ ਸੀ।























ਕੁਝ ਬੁਰਜ / ਗੜ੍ਹੀਆਂ ਜੰਗਲਾਂ ਵਿੱਚ ਬਣੇ ਹੋਏ ਹਨ। 52 ਕਿਲ੍ਹਿਆਂ ਵਿੱਚੋਂ 22 ਕੁ ਅੱਜ ਵੀ ਮੌਜੂਦ ਹਨ, ਜਿਨ੍ਹਾਂ ਦੀ ਚਿਣਾਈ ਵਿੱਚ ਨਾਨਕਸ਼ਾਹੀ ਇੱਟਾਂ ਵਰਤੀਆਂ ਗਈਆਂ ਹਨ।



ਲਖੀ ਸ਼ਾਹ ਵਣਜਾਰੇ ਦਾ ਖੂਹ ਕਸਾਪੁਰ ਵਿਚ



ਰਾਤੋਰ ਦਾ ਮੋਰਚਾ 30°31'33.14" ਉੱਤਰ, 77°2'36.82" ਪੱਛਮ)



ਹੰਗੋਲੀ ਦਾ ਮੋਰਚਾ (30°31'39.36" ਉੱਤਰ, 77°0'43.21" ਪੱਛਮ)

52 ਗੜ੍ਹੀਆਂ ਵਿੱਚੋਂ ਕੁੱਝ ਦੀਆਂ ਤਸਵੀਰਾਂ

52 ਗੜ੍ਹੀਆਂ ਦੀ ਸੂਚੀ ਪੰਨਾਂ ਨੰ: 258-260 'ਤੇ ਦਿੱਤੀ ਹੋਈ ਹੈ। ਇਹਨਾਂ ਵਿੱਚੋਂ 22 ਗੜ੍ਹੀਆਂ ਅੱਜ ਵੀ ਮੌਜੂਦ ਹਨ। ਕੁੱਝ ਦੀਆਂ ਤਸਵੀਰਾਂ ਜੋ ਕਰਨਾਲ, ਕੁਰੂਕਸ਼ੇਤਰ, ਅੰਬਾਲਾ, ਪੰਚਕੂਲਾ ਅਤੇ ਯਮੁਨਾਨਗਰ ਵਿੱਚ ਹਨ। ਇਹਨਾਂ ਪਿੰਡਾਂ ਵਿੱਚ ਵਣਜਾਰਿਆਂ ਨੇ ਵੱਖੋ-ਵੱਖ ਤਰ੍ਹਾਂ ਦਾ ਸਾਮਾਨ ਬਨਾਉਣ ਦੇ ਕਾਰਖਾਨੇ ਲਾਏ ਹੋਏ ਸਨ ਤਾਂ ਕਿ ਕਮਾਈ ਦੇ ਸਾਧਨ ਬਣ ਸਕਣ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿੱਚ 52 ਵਪਾਰ ਸੈਂਟਰ ਖੋਲ੍ਹੇ ਹੋਏ ਸਨ। ਇੰਝ ਜਾਪਦਾ ਹੈ ਕਿ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਹਨਾਂ 52 ਵਪਾਰ ਸੈਂਟਰਾਂ ਨੂੰ ਲੋਹਗੜ੍ਹ ਦੇ ਨੇੜੇ ਲਿਆਂਦਾ ਹੋਵੇਗਾ। ਪੁਰਾਤਤਵ ਵਿਗਿਆਨ ਪੜਚੋਲ ਕਰਨ 'ਤੇ ਪਤਾ ਚਲਦਾ ਹੈ ਕਿ ਸਤਾਰਵੀਂ ਸਦੀ ਦੇ ਸ਼ੁਰੂ ਵਿੱਚ ਇਹਨਾਂ ਪਿਡਾਂ ਨੂੰ ਗੜ੍ਹੀਆਂ ਦੇ ਰੂਪ ਵਿੱਚ ਵਿਕਸਿਤ ਕੀਤਾ ਗਿਆ ਹੋਵੇਗਾ।



ਯਮੁਨਾਨਗਰ ਦੀ ਤਹਸੀਲ ਛਛਰੋਲੀ ਦਾ ਪਿੰਡ ਲੇਦਾ ਖਾਸ. (30º14'47.08" ਉੱਤਰ, 77º19'47.51" ਪੱਛਮ)







ਰਾਮਗੜ੍ਹ ਤਹਿਸੀਲ ਬਿਲਾਸਪੁਰ





ਇਹ ਲੋਹਗੜ੍ਹ ਦਾ ਕਿਲ੍ਹਾ ਪਿੰਡ ਬੀਹਟਾ ਤਹਿਸੀਲ ਸਾਹਾ ਵਿੱਚ ਸਥਿਤ ਹੈ ਅਤੇ ਇਸ ਪਿੰਡ ਵਿੱਚ ਭਾਈ ਲੱਖੀ ਰਾਇ ਵਣਜਾਰੇ ਦਾ ਬਣਾਇਆ ਹੋਇਆ ਨਾਨਕਸ਼ਾਹੀ ਇੱਟ ਦਾ ਪੱਕਾ ਤਾਲਾਬ ਵੀ ਮੌਜੂਦ ਹੈ।



ਪਿੰਡ ਧੀਨ ਦਾ ਮੋਰਚਾ ਜੋ ਤਹਿਸੀਲ ਬਰਾੜਾ (ਅੰਬਾਲਾ) ਵਿੱਚ ਹੈ



ਪਿੰਡ ਨਗਲਾ ਤਹਿਸੀਲ ਸਾਹਾ (ਅੰਬਾਲਾ) ਦਾ ਬੁਰਜ.



ਪਿੰਡ ਕਰੋਲੀ, ਤਹਿਸੀਲ ਸ਼ਹਜਾਦਪੁਰ (ਅੰਬਾਲਾ) ਦੀ ਗੜ੍ਹੀ



ਪਿੰਡ ਕੋੜਵਾ, ਤਹਿਸੀਲ ਸ਼ਹਜਾਦਪੁਰ (ਅੰਬਾਲਾ)



ਪਿੰਡ ਰਾਤੋਰ, ਤਹਿਸੀਲ ਰਾਇਪੁਰ ਰਾਣੀ, (ਪੰਚਕੂਲਾ)



ਇੱਥੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ 1688 ਵਿੱਚ ਅਨੰਦਪੁਰ ਸਾਹਿਬ ਆਉਂਦੇ ਹੋਏ 13 ਦਿਨ ਠਹਿਰੇ ਸਨ।

ਪਿੰਡ ਲਾਹੜਪੁਰ, ਤਹਿਸੀਲ ਸਢੌਰਾ



ਤਹਿਸੀਲ ਬਾਬੈਨ (ਕੁਰੂਕਸ਼ੇਤਰ ਦੇ ਪਿੰਡ ਸੰਗੋਰ ਵਿੱਚ ਅੰਗ੍ਰੇਜ਼ਾਂ ਵੱਲੋਂ ਲੋਹਗੜ੍ਹ ਦਾ ਮੋਰਚਾ ਤੋੜ ਕੇ ਥਾਣਾ ਸਥਾਪਿਤ ਕੀਤਾ ਗਿਆ ਸੀ ਤਾਕਿ ਬਾਗੀਆਂ ਤੇ ਨਜ਼ਰ ਰੱਖੀ ਜਾ ਸਕੇ ਪਰੰਤੂ ਕਾਫੀ ਸਮੇਂ ਤਕ ਇਹ ਥਾਣੇ ਵਿੱਚ ਅਪਰਾਧ ਦੀਆਂ ਵਾਰਦਾਤਾਂ ਨਾ ਹੋਣ ਕਰਕੇ ਇਸ ਥਾਣੇ ਨੂੰ ਬੰਦ ਕਰ ਦਿੱਤਾ ਗਿਆ।



ਇਹ ਤਸਵੀਰ ਕੁਰਕਸ਼ੇਤਰ ਦੇ ਬਾਬੈਨ ਪਿੰਡ ਦੀ ਹੈ। ਜਿੱਥੇ ਲੋਹਗੜ੍ਹ ਦਾ ਇੱਕ ਮੋਰਚਾ ਸੀ। ਇਸ ਪਿੰਡ ਦੇ ਨਜਦੀਕ ਲੋਹਗੜ੍ਹ ਦੇ ਕਈ ਹੋਰ ਵੀ ਮੋਰਚੇ ਸਨ ਜੋਕਿ ਖਰੀਂਡਵਾ ਪਿੰਡ, ਲੱਖੀ ਗੜ੍ਹੀ ਆਦਿ ਵਿੱਚ ਸਨ ਜੋਕਿ ਹੁਣ ਮੌਕੇ ਤੇ ਮੌਜੂਦ ਨਹੀਂ ਹਨ।

ਪਿੰਡ 'ਬਵਾਨਾ' ਪਿੰਜੌਰ (ਪੰਚਕੂਲਾ) ਵਿੱਚ ਲੋਹਗੜ੍ਹ ਦਾ ਮੋਰਚਾ

ਅਖਬਾਰਾਤਿ-ਦਰਬਾਰਿ-ਮੁਅੱਲਾ ਦੇ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦੁਰ ਸੰਨ 1714 ਦੇ ਵਿੱਚ ਪਿੰਜੌਰ ਦੇ ਨਜਦੀਕ ਲੋਹਗੜ੍ਹ ਦੀ ਕਿਲਾਬੰਦੀ ਬਵਾਨਾ ਵਿੱਚ ਰਿਹਾ। ਇਹ ਗੜ੍ਹੀ ਤਕਰੀਬਨ 15-16 ਏਕੜ ਵਿੱਚ ਫੈਲੀ ਹੋਈ ਹੈ, ਜਿਸ ਵਿੱਚ ਡੇਢ ਕਨਾਲ ਥਾਂ 'ਤੇ ਪੱਕਾ ਬੁਰਜ ਬਣਿਆ ਹੋਇਆ ਹੈ, ਜਿਸਦੀ ਉੱਚਾਈ 30-35 ਫੁੱਟ ਦੇ ਲੱਗਭੱਗ ਹੈ। ਇਸ ਦੀ ਛੱਤ ਉੱਪਰ ਤੋਪ ਰੱਖਣ ਦਾ ਪਲੇਟਫਾਰਮ ਅੱਜ ਵੀ ਦੇਖਿਆ ਜਾ ਸਕਦਾ ਹੈ ਅਤੇ ਉੱਤੇ ਜਾਣ ਲਈ ਪੱਕੀ ਪੌੜੀ ਹੈ। ਇਹ ਘੱਗਰ ਨਦੀ ਦੇ ਕਿਨਾਰੇ 2200 ਫੁੱਟ ਦੀ ਉੱਚਾਈ 'ਤੇ (ਸਮੁੰਦਰ ਤਲ ਤੋਂ) ਪਹਾੜੀ 'ਤੇ ਬਣਿਆ ਹੋਇਆ ਹੈ। ਗੜ੍ਹੀ ਦੀਆਂ ਬਾਹਰਲੀਆਂ ਕੰਧਾਂ ਢਾਈ ਮੀਟਰ ਚੌੜੀਆਂ ਹਨ ਅਤੇ ਆਲੇ ਦੁਆਲੇ ਬਹੁਤ ਹੀ ਰਮਣੀਕ ਥਾਂ ਹੈ। ਅੱਜ 300 ਸਾਲ ਬਾਦ ਵੀ ਇਹ ਬੁਰਜ ਉਸੇ ਮਜ਼ਬੂਤੀ ਨਾਲ ਦੇਖਿਆ ਜਾ ਸਕਦਾ ਹੈ। ਇੱਥੇ ਇੱਕ ਖੂਹ ਵੀ ਹੈ, ਜਿੱਥੋਂ ਪਤਾ ਲਗਦਾ ਹੈ ਕਿ ਅਮੀਰ ਵਣਜਾਰੇ ਇੱਥੇ ਰਹਿੰਦੇ ਸਨ। ਇੱਥੋਂ ਨਾਹਣ ਰਿਆਸਤ ਅਤੇ ਹੋਰਨਾਂ ਥਾਂਵਾਂ ਨਾਲ ਤਾਲਮੇਲ ਅਸਾਨੀ ਨਾਲ ਹੋ ਜਾਂਦਾ ਸੀ।








ਪਿੰਡ ਬਵਾਨਾ (ਪਿੰਜੌਰ) ਗੜ੍ਹੀ ਦੀਆਂ ਕੁੱਝ ਤਸਵੀਰਾਂ

ਗੁਰਦੁਆਰਾ ਮੰਜੀ ਸਾਹਿਬ (ਬਨੀ-ਬਦਰਪੁਰ, ਤਹਿਸੀਲ ਲਾਡਵਾ, ਜ਼ਿਲ੍ਹਾ ਕੁਰੂਕਸ਼ੇਤਰ)



ਪੁਰਾਣੀਆਂ ਨਾਨਕਸ਼ਾਹੀ ਇੱਟਾਂ ਦੀ ਬਣਾਈ ਮੰਜੀ



ਇਹ ਗੁਰਦੁਆਰਾ ਸਾਹਿਬ ਜਮਨਾ ਨਦੀ ਦੇ ਕਿਨਾਰੇ ਉੱਪਰ ਪਿੰਡ ਬਨੀ-ਬਦਰਪੁਰ ਵਿੱਚ ਠੀਕ ਇੰਦਰੀ, ਲਾਡਵਾ ਅਤੇ ਰਾਦੌਰ ਦੇ ਵਿਚਕਾਰ ਸਥਿਤ ਹੈ, ਜੋ ਗੁਰੂ ਤੇਗ ਬਹਾਦਰ ਦੀ ਯਾਦ ਵਿੱਚ ਬਣਿਆ ਹੋਇਆ ਹੈ। ਗੁਰੂ ਸਾਹਿਬ ਇੱਥੇ 1665 ਅਤੇ 1671 ਵਿੱਚ ਆਏ। ਉਨ੍ਹਾਂ ਮਸੰਦ ਰਾਮ ਬਖਸ ਨੂੰ ਇਥੇ ਕਿਲ੍ਹਾ ਅਤੇ ਗੁਫਾ ਬਨਾਉਣ ਲਈ ਕਾਫੀ ਧਨ ਦਿੱਤਾ। ਇੱਥੇ ਬਣੀ ਗੁਫਾ 1.5 ਕਿ.ਮੀ. ਲੰਬੀ ਹੈ ਜੋ ਪਿੰਡ ਛਲੌਂਦੀ ਤੱਕ ਜਾਂਦੀ ਹੈ। ਗਿਆਨੀ ਗਰਜਾ ਸਿੰਘ ਲਿਖਦੇ ਹਨ, ਕਿ ਗੁਰੂ ਸਾਹਿਬ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਵੀ 1656 ਵਿੱਚ ਇੱਥੇ ਆਏ ਸਨ। ਇਹ ਇਲਾਕਾ ਸਾਰਾ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਸਿੱਖੀ ਨਾਲ ਜੁੜਿਆ ਹੋਇਆ ਸੀ ਅਤੇ ਗੁਰੂ ਨਾਨਕ ਸਾਹਿਬ ਕੁਰੂਕਸੇਤਰ ਤੋਂ ਹੋਂਦਿਆ ਇਸ ਇਲਾਕੇ ਵਿਚੋਂ ਵਿਚਰਦੇ ਹੋਏ 'ਕਪਾਲ ਮੋਚਨ' ਗਏ ਸੀ ਜੋ ਲੋਹਗੜ੍ਹ ਕਿਲ੍ਹੇ ਤੋਂ ਤਕਰੀਬਨ 10 ਕਿ.ਮੀ. ਦੂਰ ਹੈ। ਫਿਰ ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਸਾਹਿਬ ਕੁਰੂਕਸ਼ੇਤਰ ਤੋਂ ਹਰਿਦੁਆਰ ਜਾਂਦੇ ਹੋਏ ਵੀ ਇਸੇ ਇਲਾਕੇ ਵਿੱਚ ਵਿਚਰਦੇ ਹੋਏ ਇਥੋਂ ਹੀ ਯਮੁਨਾ ਨਦੀ ਪਾਰ ਕੀਤੀ ਸੀ ਜਿਸਦਾ ਜ਼ਿਕਰ ਚੌਥੇ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਕ 1116 'ਤੇ ਕੀਤਾ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮੁਗ਼ਲਾਂ ਵਿਚਕਾਰ ਘਮਸਾਨ ਯੁੱਧ ਹੋਇਆ ਸੀ।

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ॥
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ॥

ਇੰਦਰੀ ਵਿੱਚ ਭਾਈ ਲੱਖੀ ਰਾਇ ਦਾ ਖੂਹ ਹੈ। ਲੋਹਗੜ੍ਹ ਕਿਲ੍ਹੇ ਦੇ 52 ਅਗਲੇਰੇ ਕਿਲ੍ਹਿਆਂ ਵਿੱਚੋਂ ਦੋ ਕਿਲ੍ਹੇ ਤਾਂ ਲਾਡਵਾ ਅਤੇ ਰਾਦੋਰ ਵਿੱਚ ਮੌਜੂਦ ਸਨ, ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ ਤੋਂ ਗੁਰੂਦੁਆਰੇ ਸਾਹਿਬ ਬਣੇ ਹੋਏ ਹਨ । ਇੱਕ ਕਿਲ੍ਹਾ 'ਗੌਰਗੜ੍ਹ' ਪਿੰਡ ਵਿੱਚ ਹੈ। ਗੌਰ ਦਾ ਮਤਲਬ ਹੈ ਵਣਜਾਰੇ। ਇੱਥੇ ਅੱਜਕੱਲ ਸਿਰਫ ਭਾਈ ਲੱਖੀ ਰਾਇ ਦਾ ਖੂਹ ਹੀ ਮੌਜੂਦ ਰਹਿ ਗਿਆ ਹੈ। ਗੌਰਗੜ੍ਹ ਮੰਜੀ ਸਾਹਿਬ ਗੁਰਦੁਆਰੇ ਤੋਂ ਥੋੜ੍ਹੇ ਹੀ ਕਿਲੋਮੀਟਰ ਦੂਰ ਹੈ। ਮੰਜੀ ਸਾਹਿਬ ਗੁਰਦੁਆਰੇ ਦੀ ਪੁਰਾਣੀ ਇਮਾਰਤ ਕਾਰ ਸੇਵਾ ਵਾਲੇ ਬਾਬਿਆਂ ਨੇ ਢਾਹ ਕੇ ਸੰਗਮਰਮਰ ਦਾ ਗੁਰਦੁਆਰਾ ਬਣਾਇਆ ਹੋਇਆ ਹੈ, ਹੁਣ ਤਾਂ ਇੱਥੇ ਨਿਸ਼ਾਨੀ ਵਜੋਂ ਇੱਕ 'ਮੰਜੀ' ਹੀ ਰਹਿ ਗਈ ਹੈ, ਜੋ ਪੁਰਾਣੀਆਂ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਹੈ।

ਲੋਹਗੜ੍ਹ ਟਰੱਸਟ ਖੋਜੀ ਟੀਮ ਨੇ ਤਿੰਨ ਗੁਫਾਵਾਂ ਲੱਭੀਆਂ ਹਨ, ਮੰਜੀ ਸਾਹਿਬ (ਕੁਰੂਕਸ਼ੇਤਰ), ਪਿੰਡ ਜਠਲਾਨਾ ਅਤੇ ਦਿਆਲਗੜ੍ਹ (ਯਮੁਨਾਨਗਰ)। ਹੋਰ ਵੀ ਗੁਫਾਵਾਂ ਮਿਲਣ ਦੀ ਉਮੀਦ ਹੈ।

ਇਨ੍ਹਾਂ ਗੁਫਾਵਾਂ ਨੂੰ ਸਿੱਖ ਗੁਰੀਲਾ ਢਾਈ-ਫੁੱਟ ਦੀ ਲੜਾਈ ਲਈ ਵਰਤਦੇ ਸਨ ਕਿਉਂਕਿ ਇੱਥੋਂ ਦੁਸ਼ਮਣ 'ਤੇ ਹਮਲੇ ਸਮੇ ਸੁਰੱਖਿਆ ਮਿਲਦੀ ਸੀ। ਸਿੱਖ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ 'ਤੇ ਧਰਤੀ ਥਲਿਉਂ-ਥਲਿਉਂ ਨਿਕਲ ਕੇ ਦੂਜੀ ਜਗ੍ਹਾ ਜਾ ਨਿਕਲਦੇ ਸਨ ਅਤੇ ਦੁਸ਼ਮਣ 'ਤੇ ਵਾਰ ਕਰਕੇ ਮੁੜ ਵਾਪਸ ਗੁਫਾ ਵਿੱਚ ਆ ਜਾਂਦੇ ਸਨ। ਸਿਰਫ ਤੋਪਾਂ ਦੇ ਮੂੰਹ ਦੁਸ਼ਮਣ ਉੱਪਰ ਗੋਲਾਬਾਰੀ ਕਰਨ ਲਈ ਗੁਫਾ ਤੋਂ ਬਾਹਰ ਕੱਢੇ ਹੁੰਦੇ ਸਨ। ਇਸ ਤਰ੍ਹਾਂ ਇਨ੍ਹਾਂ ਗੁਫਾਵਾਂ ਦਾ ਦੁਸ਼ਮਣ ਨੂੰ ਪਤਾ ਨਹੀਂ ਲਗਦਾ ਸੀ। ਇਸੇ ਕਰਕੇ ਜਦੋਂ ਇਸ ਸੰਘਣੇ ਜੰਗਲਾਂ ਦੀਆਂ ਗੁਫਾਵਾਂ 'ਚੋਂ ਬਾਦਸ਼ਾਹ ਬਹਾਦਰ ਸ਼ਾਹ ਦੀਆਂ ਫੌਜਾਂ ਅੱਗੇ ਵੱਧ ਰਹੀਆਂ ਸਨ, ਤਾਂ ਸਿੰਘਾ ਦੇ ਅਚਾਨਕ ਹਮਲੇ ਨੇ ਬਾਦਸ਼ਾਹ ਨੂੰ ਆਪਣਾ ਰਸਤਾ ਬਦਲਣ ਲਈ ਮਜ਼ਬੂਰ ਕਰ ਦਿੱਤਾ ਅਤੇ ਇੰਦਰੀ ਵਾਲਾ ਰਸਤਾ ਛੱਡ ਕੇ ਸ਼ਾਹਬਾਦ ਦੇ ਰਸਤੇ ਤੋਂ ਸਢੌਰੇ ਵੱਲ ਹਮਲਾ ਕੀਤਾ।

ਇਸ ਸਾਰੇ ਇਲਾਕੇ ਵਿੱਚ ਸਿੱਖਾਂ ਦੇ ਹੀ ਪਿੰਡ ਸਨ, ਜਿਵੇਂ ਗੜ੍ਹਪੁਰ ਖਾਲਸਾ, ਕਾਰੀ ਖਾਲਸਾ, ਉਪਰਪੁਰ ਖਾਲਸਾ, ਬੁਧਾਨਪੁਰ ਖਾਲਸਾ, ਭੋਜੀ ਖਾਲਸਾ, ਨਦੀ ਖਾਲਸਾ ਆਦਿ। ਗੁਰੂ ਸਾਹਿਬਾਨਾਂ ਨੇ ਕਰਨਾਲ, ਸ਼ਾਹਬਾਦ, ਬੁੜੀਆ, ਅੰਬਾਲਾ, ਨਾਹਣ, ਪਿੰਜੌਰ, ਅਤੇ ਮਨੀ-ਮਾਜਰਾ ਵਿੱਚ ਸਿੱਖੀ ਪ੍ਰਚਾਰ ਲਈ ਮੰਜੀਆਂ ਸੌਪੀਆਂ ਹੋਈਆਂ ਸਨ। ਇਸ ਲਈ ਇਹ ਸਾਰੇ ਇਲਾਕੇ ਵਿੱਚ ਸਿੱਖ ਭਾਰੀ ਮਾਤਰਾ ਵਿੱਚ ਵਸਦੇ ਸਨ, ਜੋ ਬਾਅਦ ਵਿੱਚ ਬਾਬਾ ਬੰਦਾ ਸਿੰਘ ਬਹਾਦੁਰ ਦੀ ਫ਼ੌਜ ਦਾ ਹਿੱਸਾ ਬਣੇ ਸਨ। ਮੁਗਲਾਂ ਨੇ 1716 ਲੋਹਗੜ੍ਹ ਕਿਲ੍ਹੇ ਦੇ ਉੱਤੇ ਕਬਜ਼ਾ ਕਰਕੇ ਸਾਰੇ ਸਿੱਖਾਂ ਦਾ ਕਤਲੇਆਮ ਕਰ ਦਿੱਤਾ। ਹੁਣ ਇੱਥੇ ਵਸੇ ਹੋਏ ਲੋਕਾਂ ਦੀ ਆਬਾਦੀ 200 ਸਾਲ ਹੀ ਪੁਰਾਣੀ ਹੈ।

ਲੋਹਗੜ੍ਹ ਕਿਲ੍ਹੇ ਦੀਆਂ ਕੰਧਾਂ ਅਤੇ ਹੋਰ ਨਿਸ਼ਾਨੀਆਂ



ਸੈਕਟਰ -12 ਲੋਹਗੜ੍ਹ ਦੀਵਾਰ ਦੀ ਨੀਂਹ



ਕਲੇਸਰ ਦੇ ਜੰਗਲਾਂ ਵਿੱਚ ਤੋਪ ਰੱਖਣ ਦਾ ਪਲੇਟਫਾਰਮ



ਪਟਵਾਰ ਖਾਨੇ ਦੇ ਅਧਿਕਾਰੀ ਲੋਹਗੜ੍ਹ ਕਿਲ੍ਹੇ ਦਾ ਮੁਆਇਨਾ ਕਰਦੇ ਹੋਏ



ਸੈਕਟਰ-32 ਲੋਹਗੜ੍ਹ ਵਿੱਚ ਇੱਕ ਵੱਡਾ ਰੈਂਪ



ਲੋਹਗੜ੍ਹ ਸੈਕਟਰ-20 ਦੇ ਵਿੱਚ ਰੈਂਪ



ਲੋਹਗੜ੍ਹ ਦੀਆਂ ਪਹਾੜੀਆਂ ਉੱਪਰ ਕਮਰੇ



ਚਾਰ ਮੀਟਰ ਚੌੜੀ ਦੀਵਾਰ ਦੀ ਨੀਂਹ



'ਆਲੇ' ਸਹਿਤ ਕਿਲ੍ਹੇ ਦੀ ਦੀਵਾਰ



ਤੋਪ ਰੱਖਣ ਦਾ ਪਲੇਟਫਾਰਮ



ਪਹਾੜੀ ਦੀ ਚੋਟੀ ਉੱਪਰ ਮੋਰਚਾ



ਲੋਹਗੜ੍ਹ ਵਿੱਚ ਗੁਫਾ ਜਿਥੋਂ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਛੁਪਕੇ ਜਾਇਆ ਜਾ ਸਕਦਾ ਸੀ।



ਚੂਨਾ ਅਤੇ ਸੁਰਖੀ ਦੀ ਚਿਨਾਈ ਦੀ ਦੀਵਾਰ



ਦੀਵਾਰ ਦੀ ਥੇਹ




ਦੀਵਾਰ ਦੀ ਨੀਂਹ



ਬੇਹਟ ਦੇ ਪਹਾੜ ਉੱਪਰ 1900 ਫੁੱਟ ਤੇ ਸਿੱਖ ਫੌਜ ਦੀ ਰਿਆਇਸ਼ ਵਾਲੇ ਕਮਰੇ।

ਡੈਮ ਅਤੇ ਪਾਣੀ ਦਾ ਪ੍ਰਬੰਧ



ਕਿਲ੍ਹਾ ਲੋਹਗੜ੍ਹ ਤੋਂ ਬਾਹਰ ਆਉਣ ਵਾਲੀਆਂ ਨਦੀਆਂ ਅਤੇ ਖੋਲਾਂ ਦਾ ਨਿਰੀਖਣ ਕੀਤਾ ਗਿਆ ਜਿਸ ਤੋਂ ਪਤਾ ਲੱਗਿਆ ਕਿ ਗਰਮੀਆਂ ਦੇ ਮੌਸਮ ਦੇ ਵਿੱਚ ਵੀ ਇਨ੍ਹਾਂ ਨਦੀਆਂ ਦੇ ਵਿੱਚ ਪਾਣੀ ਮੌਜੂਦ ਰਹਿੰਦਾ ਹੈ। ਇਨ੍ਹਾਂ ਖੌਲਾਂ ਵਿੱਚ ਗੈਰ ਬਰਸਾਤੀ ਮੌਸਮ ਦੇ ਵਿੱਚ ਪਾਣੀ ਦੀ ਮੌਜੂਦਗੀ ਇੱਕ ਮਹੱਤਵਪੂਰਣ ਵਿਸ਼ੈ ਹੈ ਅਤੇ ਖਾਲਸਾ ਫੌਜ਼ ਨੇ ਇਸ ਕੁਦਰਤ ਦੀ ਨਿਆਮਤ ਨੂੰ ਚੰਗੀ ਤਰ੍ਹਾਂ ਵਰਤਿਆ ਅਤੇ ਪੀਣ ਦੇ ਪਾਣੀ ਦਾ ਪ੍ਰਬੰਧ ਪਹਾੜੀਆਂ ਤੇ ਹੀ ਕਰ ਦਿੱਤਾ। ਜਿਸ ਕਰਕੇ ਖਾਲਸਾ ਫੌਜ਼ ਅਤੇ ਘੋੜਿਆਂ ਵਾਸਤੇ ਕਾਫੀ ਮਾਤਰਾ ਵਿਚ ਪਾਣੀ ਉਪਲੱਬਧ ਸੀ, ਜੋਕਿ ਜੰਗੀ ਅਸੂਲ ਅਨੁਸਾਰ ਪਹਿਲੀ ਲੋੜ ਹੈ।





ਲੋਹਗੜ੍ਹ ਕਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਪਾਣੀ ਨੂੰ ਜਮਾਂ ਕਰਨ ਦੇ ਡੈਮ।



ਸੈਕਟਰ-12 ਦਾ ਚੈਕ ਡੈਮ



ਸੈਕਟਰ-2 ਦਾ ਚੈਕ ਡੈਮ



ਸੈਕਟਰ-11 ਦਾ ਚੈਕ ਡੈਮ



ਸੈਕਟਰ-22 ਦਾ ਚੈਕ ਡੈਮ



ਸੈਕਟਰ-18 ਦਾ ਚੈਕ ਡੈਮ



ਸੈਕਟਰ-15 ਦਾ ਚੈਕ ਡੈਮ



ਸੈਕਟਰ-17 ਦਾ ਚੈਕ ਡੈਮ



ਸੈਕਟਰ -23 ਦਾ ਚੈਕ ਡੈਮ




ਸੈਕਟਰ-29 ਦਾ ਚੈਕ ਡੈਮ



ਸੈਕਟਰ-19 ਦਾ ਚੈਕ ਡੈਮ



ਸੈਕਟਰ -21 ਦਾ ਚੈਕ ਡੈਮ




ਸੈਕਟਰ-4 ਦਾ ਚੈਕ ਡੈਮ



ਸੈਕਟਰ -5 ਦਾ ਚੈਕ ਡੈਮ



ਸੈਕਟਰ -24 ਦਾ ਚੈਕ ਡੈਮ



ਸੈਕਟਰ -6 ਦਾ ਚੈਕ ਡੈਮ



ਸੈਕਟਰ -23 ਦਾ ਚੈਕ ਡੈਮ

ਲੋਹਗੜ੍ਹ ਵਿਖੇ ਮੱਟਕੀਆਂ, ਬਰਤਨ, ਚੱਕੀ ਆਦਿ (ਜ਼ੋਨ 2 ਅਤੇ ਜ਼ੋਨ 3)



ਵੱਡੀ ਮਟਕੀ ਜਿਸ ਵਿੱਚ ਅਨਾਜ
ਸਟੋਰ ਕੀਤਾ ਜਾਂਦਾ ਸੀ।



ਚੂਨਾ ਅਤੇ ਕੰਕਰੀਟ ਜੋ ਉਸਾਰੀ
ਦੇ ਕੰਮ ਵਾਸਤੇ ਵਰਤਿਆ
ਜਾਂਦਾ ਸੀ।



ਧਾਤਾਂ ਤੋਂ ਲੋਹਾ ਬਾਹਰ ਕੱਢ ਕੇ
ਬਚਿਆ ਬੁਰਾਦਾ (Residue)



ਪੱਥਰਾਂ ਨੂੰ ਘੜ-ਘੜ ਕੇ ਬਣਾਏ ਹੋਏ
ਗੋਲੇ ਜੋ ਦੁਸ਼ਮਣ ਉੱਪਰ ਛੱਡੇ ਜਾਂਦੇ ਸਨ।



ਇਹ ਵੱਖ-ਵੱਖ ਤਰ੍ਹਾਂ ਦੀਆਂ ਪੁਲੀਆਂ ਹਨ, ਜੋ ਤੇਲ ਕੱਢਣ,
ਪਾਣੀ ਉਠਾਉਣ, ਭਾਰੀ ਸਮਾਨ ਚੁੱਕਣ ਆਦਿ ਦੇ ਕੰਮ ਆਉਂਦੀਆਂ ਹਨ।



ਇਹ ਵੱਖ-ਵੱਖ ਤਰ੍ਹਾਂ ਦੀਆਂ ਉਖਲੀਆਂ ਹਨ, ਜੋ ਮਸਾਲੇ ਕੁੱਟਣ
ਅਤੇ ਹੋਰ ਚੀਜ਼ਾਂ ਨੂੰ ਬਰੀਕ ਕਰਨ ਦੇ ਕੰਮ ਆਉਂਦੀਆਂ ਹਨ



ਇਹ ਚੱਕੀਆਂ ਦੇ ਪੁੜ ਹਨ, ਜਿਨ੍ਹਾਂ ਰਾਹੀਂ ਆਟਾ ਪੀਸਿਆ ਜਾਂਦਾ ਹੈ। ਵੱਡੇ ਪੁੜ ਰਾਹੀਂ
ਸੂਰਖੀ ਅਤੇ ਚੂਨਾ ਪੀਸਿਆ ਜਾਂਦਾ ਸੀ, ਜੋ ਕਿ ਚਿਨਾਈ ਦੇ ਕੰਮ ਆਉਂਦਾ ਸੀ



ਲੋਹਗੜ੍ਹ ਇਲਾਕੇ ਵਿੱਚ ਵੱਖ-ਵੱਖ ਖਿਡਾਉਣੇ ਮਿਲੇ ਹਨ, ਜੋ ਕਿ
ਬੱਚਿਆਂ ਦੇ ਖੇਡਣ ਦੇ ਕੰਮ ਆਉਂਦੇ ਸਨ।





ਘੜ੍ਹੇ ਹੋਏ ਪੱਥਰ ਜਿਨ੍ਹਾਂ ਦੇ ਦੋਵਾਂ ਸਿਰਿਆਂ 'ਤੇ ਸੁਰਾਖ ਕੀਤੇ ਹੋਏ ਹਨ ਤਾਂ ਕਿ ਚੂਨਾ ਅਤੇ ਸੁਰਖੀ ਇਨ੍ਹਾਂ ਦੇ ਵਿੱਚ ਚੰਗੀ ਤਰ੍ਹਾਂ ਭਰੀ ਜਾ ਸਕੇ ਅਤੇ ਪੱਥਰਾਂ ਦੀ ਪਕੜ ਚਿਨਾਈ ਸਮੇਂ ਮਜ਼ਬੂਤ ਹੋ ਸਕੇ।







ਪੱਥਰਾਂ ਤੇ ਨਿਕਾਸੀ ਕੀਤੀ ਗਈ ਜਿਸ ਕਰਕੇ ਲੋਹਗੜ੍ਹ ਕਿਲ੍ਹੇ ਦੀ ਸੁੰਦਰਤਾ ਵਧੀ।



ਮਟਕੇ, ਕੁੰਨੀ, ਪੀਣ ਦੇ ਪਾਣੀ ਵਾਲੇ ਘੜੇ, ਅਨਾਜ ਸੰਭਾਲਣ ਲਈ ਮੱਟ, ਭਾਂਡਿਆਂ ਦੇ ਟੁੱਟੇ ਹੋਏ ਟੁਕੜੇ ਕਿਲ੍ਹਾ ਲੋਹਗੜ੍ਹ ਜ਼ੋਨ ਵਿੱਚ ਫੈਲੇ ਹੋਏ ਹਨ ਜਿਨ੍ਹਾਂ ਨੂੰ ਖਾਲਸਾ ਫ਼ੌਜ ਨੇ ਵਰਤਿਆ ਸੀ।









ਲੋਹਗੜ੍ਹ ਦੇ ਇਲਾਕੇ ਵਿੱਚ 5 ਤਰ੍ਹਾਂ ਦੀਆਂ ਇੱਟਾਂ ਵਰਤੀਆਂ ਗਈਆਂ ਸਨ।
ਉਨ੍ਹਾਂ ਦੇ ਸਾਈਜ਼ ਹੇਠਾਂ ਹਨ–

1. 7"X3.5"X1.5"
2. 7"X5" X1.5"
3. 10"X7"X1.5"
4. 11"X6"X2"
5. 14"X8"X2"

ਬਾਬਾ ਲੱਖੀ ਰਾਇ ਵਣਜਾਰਾ ਨਾਲ ਜੁੜੇ ਸਥਾਨ



ਭਾਈ ਲੱਖੀ ਰਾਇ ਵਣਜਾਰਾ (1580-1680) ਦਾ ਪਰਿਵਾਰ ਗੁਰੂ ਨਾਨਕ ਸਮੇਂ ਤੋਂ ਹੀ ਗੁਰੂ ਸਾਹਿਬਾਂ ਦੇ ਨਾਲ ਜੁੜਿਆ ਹੋਇਆ ਸੀ। ਭਾਈ ਲੱਖੀ ਸ਼ਾਹ ਵਣਜਾਰੇ ਨੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਲਈ ਧਨ ਇਕੱਠਾ ਕੀਤਾ ਅਤੇ ਕਿਲ੍ਹੇ ਵਾਸਤੇ ਹਰ ਤਰ੍ਹਾਂ ਦਾ ਸਮਾਨ ਮੁਹਈਆ ਕਰਵਾਇਆ। ਉਹ ਸਿਰਫ ਅਮੀਰ ਵਪਾਰੀ ਹੀ ਨਹੀਂ ਸੀ, ਸਗੋਂ ਇੱਕ ਕਾਬਲ ਰਾਜਨੀਤਕ ਅਤੇ ਯੋਧਾ ਵੀ ਸੀ। ਉਹ ਵੱਡੇ ਟਾਂਡਿਆਂ ਦਾ ਮਾਲਿਕ ਸੀ, ਜਿਸ ਵਿੱਚ ਲੱਖਾਂ ਵਣਜਾਰੇ ਕੰਮ ਕਰਦੇ ਸਨ। ਇਨ੍ਹਾਂ ਵਣਜਾਰਿਆਂ ਨੇ ਲੋਹਗੜ੍ਹ ਦੀ ਲੜਾਈ ਵਿੱਚ ਵੱਧ ਚੜ੍ਹ ਕੇ ਹਿਸਾ ਲਿਆ ਸੀ, ਜਿਸ ਕਾਰਨ ਅੰਗ੍ਰੇਜਾਂ ਨੇ ਇਨ੍ਹਾਂ ਨੂੰ ਕ੍ਰਿਮੀਨਲ ਟ੍ਰਾਈਬਲ ਐਕਟ ਹੇਠ ਲਿਆ ਕੇ ਇੱਕ ਅਮੀਰ ਕੌਮ ਗਰੀਬ ਬਣਾ ਕੇ ਰੱਖ ਦਿੱਤੀ। ਭਾਈ ਲੱਖੀ ਰਾਇ ਵਣਜਾਰਾ ਦਾ ਨਾਮ ਅੰਬਾਲਾ ਦੇ ਸਰਕਾਰੀ ਗਜਟੀਅਰ ਵਿੱਚ ਦਰਜ ਕੀਤਾ ਹੋਇਆ ਹੈ।ਭਾਈ ਲੱਖੀ ਰਾਇ ਵਣਜਾਰੇ ਦਾ ਇਤਿਹਾਸ ਵਿਗਾੜਨ ਦੀ ਨੀਯਤ ਨਾਲ, ਲੋਹਗੜ੍ਹ ਨਜ਼ਦੀਕ, ਉਨਾਂ ਦੇ ਨਾਮ ਦੀਆਂ ਮਜਾਰਾਂ ਤਿਆਰ ਕੀਤੀਆਂ ਗਈਆਂ।



ਲੋਹਗੜ੍ਹ ਦੇ ਨਜਦੀਕ ਬਾਬਾ ਭਾਈ ਲੱਖੀ ਰਾਇ ਵਣਜਾਰੇ ਦੀ ਮਜਾਰ।



ਭਾਈ ਲੱਖੀ ਰਾਇ ਵਣਜਾਰੇ ਦੀ ਮਜਾਰ ਹਾਂਸੀ, ਜ਼ਿਲਾ ਹਿਸਾਰ।

ਫਤਿਹਗੜ੍ਹ ਸਾਹਿਬ ਦੇ ਨਜਦੀਕ ਭਾਈ ਲੱਖੀ ਰਾਇ ਵਣਜਾਰਾ ਦਾ ਕਿਲ੍ਹਾ ਤੇ ਸਰਾਂ





ਸਰਾਏ ਵਣਜਾਰਾ ਵਿੱਚ ਭਾਈ ਲੱਖੀ ਰਾਇ ਵਣਜਾਰਾ ਦਾ ਪੱਕਾ ਤਲਾਬ ਵੀ ਹੈ ਜੋਕਿ ਨਾਨਕਸ਼ਾਹੀ ਇੱਟਾਂ ਨਾਲ ਬਣਿਆ ਹੋਇਆ ਹੈ ਤੇ ਮੌਕੇ ਤੇ ਪਿੰਡ ਵਾਲਿਆਂ ਨੇ ਕਬਜੇ ਕੀਤੇ ਹੋਏ ਹਨ। ਇਸ ਸਿੱਖ ਵਿਰਾਸਤ ਦੀ ਸੰਭਾਲ ਵਾਸਤੇ ਪੰਜਾਬ ਸਰਕਾਰ ਵੱਲੋਂ ਅੱਜ ਤੱਕ ਕੋਈ ਵੀ ਕੋਸ਼ਿਸ਼ ਨਹੀਂ ਕੀਤੀ ਗਈ ਜੱਦ ਕਿ ਕੁਝ ਦੂਰੀ ਤੇ ਮੁਗਲ ਸਰਾਂ ਤੇ ਪੰਜਾਬ ਸਰਕਾਰ ਨੇ ਕਰੌੜਾਂ ਰੁਪਏ ਖਰਚ ਕੀਤਾ ਹੋਇਆ ਹੈ।

ਭਾਈ ਲੱਖੀ ਸ਼ਾਹ ਵਣਜਾਰੇ ਦੀਆਂ ਬਉਲੀਆਂ



ਇਹ ਬਉਲੀ ਭਾਈ ਲੱਖੀ ਰਾਏ ਵਣਜਾਰੇ ਨੇ ਪਿੰਡ ਇਸਰਗੜ੍ਹ ਜ਼ਿਲਾ ਕੁਰਕਸ਼ੇਤਰ ਵਿੱਚ ਬਣਵਾਈ ਸੀ। ਇਹ ਜਗ੍ਹਾ ਜੀ.ਟੀ. ਰੋਡ ਦੇ ਨੇੜੇ ਹੈ ਅਤੇ ਭਾਈ ਲੱਖੀ ਰਾਏ ਵਣਜਾਰੇ ਦੇ ਟਾਂਡੇ ਇਸ ਜਗ੍ਹਾਂ ਉਪਰ ਆਮਤੌਰ ਤੇ ਰੁਕਿਆ ਕਰਦੇ ਸਨ। ਖਾਲਸਾ ਰਾਜਧਾਨੀ ਦੇ 52 ਮੋਰਚਿਆਂ ਵਿੱਚੋਂ ਇੱਕ ਮੋਰਚਾ ਜੋਕਿ ਖਰੀਂਡਵਾ ਪਿੰਡ ਵਿੱਚ ਸੀ, ਇਸ ਬਉਲੀ ਦੇ ਨੇੜੇ ਹੈ।



ਇਹ ਬਉਲੀ ਭਾਈ ਲੱਖੀ ਰਾਏ ਵਣਜਾਰੇ ਨੇ ਪਿੰਡ ਥਲੀ (ਜ਼ਿਲਾ ਜੈਪੁਰ) ਵਿੱਚ ਬਣਾਈ ਸੀ, ਇਸ ਸਥਾਨ ਵਿੱਚ ਸੰਗਮਰਮਰ ਦੀਆਂ ਖਾਨਾਂ ਹਨ ਅਤੇ ਭਾਈ ਲੱਖੀ ਰਾਏ ਵਣਜਾਰੇ ਦੇ ਟਾਂਡੇ ਸੰਗਮਰਮਰ ਢੋਹ ਇਸ ਥਾਂ ਤੋਂ ਦਿੱਲੀ ਲੈ ਕੇ ਜਾਂਦੇ ਸਨ।



ਇਹ ਬਉਲੀ ਭਾਈ ਲੱਖੀ ਰਾਏ ਵਣਜਾਰੇ ਨੇ ਪਿੰਡ ਵਣਜਾਰੇ ਕੀ ਧਰਾ (ਜ਼ਿਲਾ ਟੋਂਗ) ਰਾਜਸਥਾਨ ਵਿੱਚ ਬਣਵਾਈ ਸੀ। ਇਹ ਸਥਾਨ ਭਗਤ ਧਨਾਂ ਜੀ ਦੇ ਗੁਰਦੁਆਰਾ ਸਾਹਿਬ ਤੋਂ ਕੁਝ ਮੀਲ ਦੀ ਦੂਰੀ ਤੇ ਹੈ।



ਇਹ ਬਉਲੀ ਭਾਈ ਲੱਖੀ ਰਾਇ ਵਣਜਾਰੇ ਨੇ ਪਿੰਡ ਸਾਵਰਧਾ ਜ਼ਿਲਾ ਜੈਪੁਰ ਵਿੱਚ ਬਣਵਾਈ। ਇਸ ਸਥਾਨ ਤੇ ਗੁਰੂ ਨਾਨਕ ਸਾਹਿਬ ਨੇ ਇੱਕ ਮੰਜੀ ਵੀ ਸਥਾਪਿਤ ਕੀਤੀ ਸੀ ਅਤੇ ਗੁਰੂ ਗੋਬਿੰਦ ਸਿੰਘ ਵੀ ਇਸ ਸਥਾਨ ਤੇ ਆਏ ਸਨ। ਬਾਬਾ ਬੰਦਾ ਸਿੰਘ ਬਹਾਦੁਰ ਵੀ ਨਾਂਦੇੜ ਤੋਂ ਪੰਜਾਬ ਵੱਲ ਨੂੰ ਚੱਲੇ ਸੀ ਤਾਂ ਇਸ ਜਗ੍ਹਾਂ ਤੇ ਪੜ੍ਹਾਅ ਕੀਤਾ ਸੀ।

ਭਾਈ ਲੱਖੀ ਸ਼ਾਹ ਵਣਜਾਰੇ ਦੀਆਂ ਰਾਜਸ਼ਾਹੀ ਛਤਰੀਆਂ





ਇਹ ਛਤਰੀਆਂ ਭਾਈ ਲੱਖੀ ਰਾਇ ਵਣਜਾਰੇ ਨੇ ਬਣਵਾਈਆਂ ਜੋ ਕਿ
ਪਿੰਡ ਥਲੀ, ਜੈਪੁਰ ਵਿੱਚ ਹੈ। ਇਹ ਛਤਰੀਆਂ ਲਗਾਉਣ ਦਾ ਅਧਿਕਾਰ
ਕੇਵਲ ਵਣਜਾਰਿਆਂ ਅਤੇ ਰਾਜਿਆਂ ਕੋਲ ਸੀ।

ਲੋਹਗੜ੍ਹ ਸਾਹਿਬ ਦੇ ਨਜ਼ਦੀਕ ਬਾਬਾ ਲੱਖੀ ਰਾਇ ਵਣਜਾਰਾ ਵੱਲੋਂ ਬਣਾਏ ਪਾਣੀ ਦੇ ਖੂਹ

ਹੁਣ ਤਕ ਬਾਬਾ ਲੱਖੀ ਰਾਇ ਵਣਜਾਰੇ ਵਲੋਂ ਬਣਾਏ ਗਏ 85 ਖੂਹ, ਲੋਹਗੜ੍ਹ ਦੇ ਇਲਾਕੇ ਵਿੱਚ ਮਿਲੇ ਹਨ। ਜਿਸ ਤੋਂ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਰ ਅਹਿਮ ਜਾਣਕਾਰੀ ਮਿਲਦੀ ਹੈ।



ਬੁੱਢੀ



ਬੱਟੂਵਾਲ



ਅਲੀ ਸ਼ੇਰਪੁਰ



ਮਹਿਲਾਂਵਾਲੀ



ਬਾਂਸੇਵਾਲਾ



ਵਨਸੰਤੂਰ





ਠਸਕਾ



ਬਨੀਆਵਾਲਾ

ਮੱਸਾ ਰੰਘੜ ਦਾ ਮਹਿਲ

ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਕੌਮ ਲੀਡਰ-ਹੀਨ ਹੋ ਗਈ ਅਤੇ ਸਿੱਖਾਂ ਦੇ ਖਾਤਮੇ ਲਈ ਰੰਘੜ ਮੁਗਲ ਨਿਯੁਕਤ ਕੀਤੇ ਗਏ। ਇਨ੍ਹਾਂ ਰੰਘੜਾਂ ਨੇ ਨਾ ਸਿਰਫ ਸਿੱਖਾਂ ਨੂੰ ਮਾਰਿਆ, ਸਗੋਂ ਲੋਹਗੜ੍ਹ ਦੇ ਕਿਲ੍ਹੇ ਨੂੰ ਵੀ ਢਾਹੁਣ ਵਿੱਚ ਕੋਈ ਕਸਰ ਨਹੀਂ ਛੱਡੀ। ਇਤਿਹਾਸਿਕ ਦਸਤਾਵੇਜ਼ਾਂ ਅਨੁਸਾਰ ਮੱਸਾ ਰੰਘੜ 1716 ਤੋਂ 1740 ਤੱਕ ਸਿੱਖਾਂ ਨੂੰ ਖਤਮ ਕਰਨ ਲਈ ਲੋਹਗੜ੍ਹ ਦੇ ਨਜ਼ਦੀਕ ਪਿੰਡਾਂ ਮਛਰੋਲੀ ਵਿੱਚ ਰਿਹਾ। ਇਸ ਇਲਾਕੇ ਵਿੱਚ 85 ਪਿੰਡ ਰੰਗੜਾਂ ਦੇ ਵਸਾਏ ਗਏ ਸਨ। ਤਹਿਸੀਲ ਬਿਲਾਸਪੁਰ ਦੇ ਪਿੰਡ ਮਛਰੋਲੀ ਵਿੱਚ ਮੱਸਾ ਰੰਘੜ ਦੀ ਹਵੇਲੀ ਦੇ ਥੇਹ ਅਤੇ ਨਿਸ਼ਾਨੀਆਂ ਮਿਲਦੀਆਂ ਹਨ। ਰਾਇਪੁਰ ਰਾਣੀ ਅਤੇ ਨਰਾਇਣਗੜ੍ਹ ਤਹਿਸੀਲ ਵਿੱਚ ਵੀ ਰੰਘੜਾਂ ਦੀਆਂ ਹਵੇਲੀਆਂ ਦਾ ਮਲਬਾ/ ਨਿਸ਼ਾਨ ਮਿਲਦੇ ਹਨ।





ਮਛਰੋਲੀ ਵਿਖੇ ਮੱਸਾ ਰੰਗੜ ਦੀ ਹਵੇਲੀ



ਗੁਰਦੁਆਰਾ ਗੋਰਖਪੁਰ (ਪਿੰਜੌਰ) ਅਤੇ ਲੋਹਗੜ੍ਹ ਦਾ ਮੋਰਚਾ

ਇੱਹ ਲੋਹਗੜ੍ਹ ਦਾ ਮੋਰਚਾ ਪਿੰਡ ਗੋਰਖਪੁਰ ਵਿੱਚ ਹੈ ਜੋਕਿ ਸ਼ਿਵਾਲਿਕ ਪਹਾੜੀਆਂ ਵਿੱਚ, ਪਿੰਜੌਰ ਦੇ ਨਾਲ ਹੀ ਲੱਗਦਾ ਹੈ। ਇੱਥੇ ਬਾਬਾ ਬੰਦਾ ਸਿੰਘ ਬਹਾਦੁਰ ਅਤੇ ਸਿੱਖ ਫ਼ੌਜ ਦੇ ਮਨੁੱਖੀ ਭਲਾਈ ਕਾਰਜਾਂ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਾਹਿਬ ਸਥਾਪਿਤ ਹੈ।









Fort Lohgarh to rise from ashes

The place lies sandwiched between Haryana and HP. It is believed Baba Banda Singh Bahadur fought 3 battles against the Mughals from the fort

Shiv Kumar Sharma
IN YAMUNANAGAR

HISTORY can be a queer treasure trove of unencumbered doubts and self-assured glorification: the two may tend to meet at even queerer juncture of folk tales and beliefs. Like Lohgarh fort, lying on the cusp of Haryana and Himachal Pradesh. The fort, believed to be the largest in the world, has lived off the terrain, steel-like, unforgettable for generations, unsought for, yet standing apart rock solid. What was there, and is there, has remained unnoticed for 300 years — this is its claim to fame, with the belief that the decaying fort was once witness to three battles between Baba Banda Singh Bahadur's forces and Mughal armies.

Lohgarh came into limelight when the Haryana government held a state-level function to celebrate the 300th martyrdom of Banda Bahadur last year. The chief guest, chief minister Manohar Lal Khattar, highlighted several "untouched historical facts" about the place and told the gathering that his ancestors were also a part of the Banda Bahadur's army. The state government is keen to develop Lohgarh, of which a part exits in Bhagwanpur gram panchayat of Yamunanagar district and the other part in Himachal Pradesh.

Lohgarh is located about 35 km from Yamunanagar. The state government appointed district development and panchayat officer (DDPO) Gagandeep Singh a nodal officer to develop the area. A Sikh activist, Jarnail Singh, says the community has formed 'The Lohgarh Trust' under the chairmanship of Gurvinder Singh, a resident of Karnal, for carrying out research about the place and the fort. The trust has roped in a Delhi-based heritage revival company, the Indian Trust for Rural Heritage and Development (ITRHD).

The ITRHD research about Lohgarh has revealed that the Lohgarh fort included fort walls, bastions, rooms, soldier barracks, watch towers, pottery, grindstone, hand millers to mill floor and big clay drums for the storage of food grains. Many carved stones are also found. "The fort walls are made of dressed stones and lime. Mortar mixed with brick powder has been used as the binding material. The bricks used in the fort walls are of five different sizes," says SK Mishra, ITRHD chairman. Archeological studies have thrown up astonishing facts, he said.



Haryana has started a slew of projects to boost tourism in Lohgarh. TRIBUNE PHOTO

Lohgarh Trust plans to build a gurdwara, living rooms, a langar hall, multimedia interaction rooms and an exhibition hall at Lohgarh

Gagandeep Singh, the nodal officer, says Lohgarh was Khalsa Rajdhani and the epicenter of its fort was spread across 7,000 acres, making it of one the largest forts in the world. The fort area covers revenue estates of Haripur, Jhil, Mehtawali, Palori, Sukron, Maharonwala (in HP), and Bhagwanpur, Nathori, Dhanaura, Nagli and Mohindinpur (in Haryana).

"The 52 defence posts (bastions) built by the Banjara Sikhs in plains before the Lohgarh fort to check the advancement of the Mughal army extended up to Ladwa (part of Kurukshetra) and Indri of Karnal," says Gagandeep. "It is interesting to note that the Lohgarh fort was constructed by the general public and not by a monarch."

Dr Harjinder Singh Dilgeer, former director Sikh History Research, SGPC, and former visiting professor Punjabi University, Patiala, says Bhai Lakhi Rai Banjara, Bhai Makhan Shah Labana (rich traders) and Peer Budhu Shah (a noble man in the Mughal court) played a key role in raising funds for the construction of the fort.

He said that in 1708 AD, after a series of talks failed between Guru Gobind Singh and Bahadur Shah at Nander (Maharashtra), Baba Banda Singh Bahadur, the first Sikh general was deputed by the 10th master to uproot the Mughal empire. "In 1709, Baba Banda Singh Bahadur, after capturing all the major parts of Delhi and Lahore declared Lohgarh as Khalsa Rajdhani," said Dr Dilgeer. He says first Khalsa Raj coins were minted, the Sikh calendar was issued and a royal seal was prepared to issue 'farmans' (orders) by Baba Banda Singh Bahadur.

Dr Dilgeer says historians have wrongly called Lohgarh as Mukhlishgarh, the Rang Mahal of Mughals situated in UP, close to Hathni Kund Barrage of Yamunanagar district.

Prof Veena Sachdeva of Panjab University, Chandigarh, says three battles were fought at Lohgarh. The first was fought between emperor Bahadur Shah and Baba Banda Singh Bahadur in 1710; the second was fought in 1712 (between emperor Jahandar Shah and Baba Banda Bahadur) and the third battle in 1713 (between Abdus Samad Khan, the Mughal subedar of Lahore appointed by emperor Farrukhsiyer, and Baba Banda Bahadur).

The Tribune Sun, 15 October 2017
epaper.tribuneindia.com//c/23150276

ਲੋਹਗੜ੍ਹ ਟ੍ਰਸਟ ਵੱਲੋਂ ਚਲ ਰਿਹਾ ਖਾਲਸਾ ਰਾਜਧਾਨੀ ਦੀ ਪੁਨਰ ਸੁਰਜੀਤ ਦਾ ਕੰਮ









ਕਿਤਾਬ ਬਾਰੇ

ਸਿੱਖ ਇਤਿਹਾਸ ਵਿੱਚ ਕਈ ਤੱਤ ਅਣਗੌਲੇ ਕੀਤੇ ਗਏ। ਇਹ ਕਿਤਾਬ ਕੁਝ ਅਣਗੌਲੇ ਕੀਤੇ ਤੱਥਾਂ ਨੂੰ ਖੋਜ ਕਰ ਸੰਗਤ ਅੱਗੇ ਲਿਆਉਣ ਦਾ ਉਪਰਾਲਾ ਹੈ ਅਤੇ ਸਿੱਖ ਇਤਿਹਾਸ ਵਿੱਚ ਪਈਆਂ ਖਾਲੀ ਥਾਵਾਂ ਨੂੰ ਭਰਨ ਦੀ ਕੋਸ਼ਿਸ਼ ਹੈ। ਲੋਹਗੜ੍ਹ ਬਾਰੇ ਇਤਿਹਾਸਕਾਰਾਂ ਵੱਲੋਂ ਜਿਆਦਾ ਕੁਝ ਨਹੀਂ ਲਿਖਿਆ ਗਿਆ ਅਤੇ ਨਾਂ ਹੀ ਇਸ ਜਗ੍ਹਾਂ ਦਾ ਸਰਵੇ ਕਿਸੀ ਵੀ ਸੰਸਥਾ ਨੇ ਕੀਤਾ। ਲੋਹਗੜ੍ਹ ਟ੍ਰਸਟ ਵੱਲੋਂ ਕੀਤੇ ਗਏ ਸਰਵੇ ਤੋਂ ਬਾਅਦ ਇਹ ਪਤਾ ਲੱਗਿਆ ਕਿ ਕਿਲਾ ਲੋਹਗੜ੍ਹ ਦੁਨੀਆ ਦਾ ਸਭ ਤੋਂ ਵੱਡਾ ਕਿਲਾ, ਜੋ ਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਵਿਚਕਾਰ ਹੈ। ਇਹ ਵਿਸ਼ਾਲ ਕਿਲਾ ਡਾਬਰ ਪਹਾੜੀਆਂ ਦੇ 7 ਹਜਾਰ ਏਕੜ ਰਕਬੇ ਵਿੱਚ ਫੈਲਿਆ ਹੋਇਆ ਅਤੇ ਇਸ ਕਿਲ੍ਹੇ ਦੇ 52 ਅਗੇਤੇ ਮੋਰਚੇ (ਗੜ੍ਹੀਆਂ) ਸਨ ਜੋਕਿ ਮੌਜੂਦਾ ਹਰਿਆਣਾ ਦੇ ਪੰਜ ਜ਼ਿਲਿਆਂ ਵਿੱਚ ਫੈਲੀਆਂ ਹੋਈਆਂ ਹਨ। ਲੋਹਗੜ੍ਹ ਕਿਲ੍ਹਾ ਫੌਜੀ ਦ੍ਰਿਸ਼ਟੀਕੋਣ ਨਾਲ ਇੱਕ ਬਹੁਤ ਮਹੱਤਵਪੂਰਨ ਸਥਾਨ ਹੈ। ਸੰਨ 1710 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਲੋਹਗੜ੍ਹ ਨੂੰ ਖਾਲਸਾ ਰਾਜਧਾਨੀ ਘੋਸ਼ਿਤ ਕੀਤਾ ਅਤੇ ਖਾਲਸਾ ਰਾਜ ਦੇ ਸਿੱਕੇ ਤੇ ਮੋਹਰਾਂ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਦੇ ਨਾਮ ਤੋਂ ਜਾਰੀ ਕੀਤੇ। ਇਸ ਸਥਾਨ ਵਿਖੇ 1710 ਤੋਂ ਲੈ ਕੇ 1716 ਤੱਕ ਤਿੰਨ ਵੱਡੀਆਂ ਜੰਗਾਂ ਸਿੱਖ ਫੌਜਾਂ ਅਤੇ ਮੁਗਲਾਂ ਦਰਮਿਆਨ ਹੋਈਆਂ। ਇਤਿਹਾਕਾਰਾਂ ਦਵਾਰਾ ਇਸ ਜਗ੍ਹਾ ਬਾਰੇ ਗਲਤ ਜਾਣਕਾਰੀ ਦਿੱਤੀ ਗਈ ਕਿ ਮੁਖਲਿਸਗੜ੍ਹ ਇੱਕ ਰੰਗਮਹਿਲ ਸੀ ਜਿਸਨੂੰ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਬਣਵਾਇਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਇਸਨੂੰ ਕਬਜਾ ਕਰ ਕੇ ਰਾਜਧਾਨੀ ਘੋਸ਼ਿਤ ਕੀਤਾ, ਜਦਕਿ ਮੁਖਲਿਸਗੜ੍ਹ ਲੋਹਗੜ੍ਹ ਕਿਲ੍ਹੇ ਤੋਂ ਲਗਭਗ 40 ਕਿਲੋਮੀਟਰ ਦੀ ਦੂਰੀ ਤੇ ਹਥਨੀਕੁੰਜ ਬੈਰਾਜ ਦੇ ਨਜਦੀਕ ਉੱਤਰ ਪ੍ਰਦੇਸ਼ ਦੇ ਵਿੱਚ ਅੱਜ ਵੀ ਮੌਜੂਦ ਹੈ।

ਪੁਰਾਤੱਤਵ ਸਬੂਤ, ਇਤਿਹਾਸ ਦੇ ਪ੍ਰਾਇਮਰੀ ਅਤੇ ਸਕੈਂਡਰੀ ਸਰੋਤ ਦੇ ਵਿਆਪਕ ਸਰਵੇਖਣ ਤੋਂ ਬਾਅਦ ਇਹ ਪਤਾ ਲੱਗਦਾ ਹੈ ਕਿ ਲੋਹਗੜ੍ਹ ਕਿਲ੍ਹੇ ਨੂੰ ਬਣਾਉਣ ਦੀ ਯੋਜਨਾ ਗੁਰੂ ਨਾਨਕ ਸਾਹਿਬ ਦੀ ਸੀ ਅਤੇ ਅਗਲੀਆਂ ਨੌਂ ਜੋਤਾਂ ਨੇ ਉਨ੍ਹਾਂ ਦੀ ਇਸ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਨਾਇਆ। ਖਾਲਸਾ ਰਾਜ ਦੀ ਸਥਾਪਨਾ ਵਿੱਚ ਵਣਜਾਰੇ, ਸ਼ਿਖਲੀਘਰ, ਭੀਲ ਸਿੱਖਾਂ ਨੇ ਵੀ ਅਹਿਮ ਯੋਗਦਾਨ ਦਿੱਤਾ ਜੋਕਿ ਅੱਜ ਦੇ ਸਮੇਂ ਵਿੱਚ ਸਿੱਖੀ ਦੀ ਮੁੱਖ ਧਾਰਾ ਤੋਂ ਵੱਖਰੇ ਕਰ ਦਿੱਤੇ ਗਏ।

ਹਰਿਆਣਾ ਸਰਕਾਰ ਇਸ ਜਗ੍ਹਾ ਤੇ ਨਵੀਂਆਂ ਸੜਕਾਂ, ਪੁੱਲ, ਵੈਭਵਸ਼ਾਲੀ ਸਵਾਗਤੀ ਗੇਟ ਅਤੇ ਵੱਡੇ ਸੰਕੇਤ (Signage) ਬੋਰਡ ਲਗਾ, ਦੁਨੀਆਂ ਦੇ ਟਯੂਰਿਜ਼ਮ ਪਟਲ ਤੇ ਲਿਆਉਣ ਦਾ ਪੂਰਾ ਜਤਨ ਕਰ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀਆਂ ਨੂੰ ਸ਼ਰਧਾਂਜਲੀ ਦੇਣ ਦਾ ਉਪਰਾਲਾ ਕਰ ਰਹੀ ਹੈ। ਲੋਹਗੜ੍ਹ ਟ੍ਰਸਟ ਵੀ ਇਸ ਇਲਾਕੇ ਨੂੰ ਦੁਨੀਆਂ ਦੇ ਇਤਿਹਾਸਕ ਪਟਲ ਤੇ ਲਿਆਉਣ ਵਿੱਚ ਪੂਰਾ ਸਹਿਯੋਗ ਦੇ ਰਿਹਾ ਹੈ।

ਇਸ ਕਿਤਾਬ ਵਿੱਚ ਉਪਰਾਲਾ ਕੀਤਾ ਗਿਆ ਹੈ ਕਿ ਲੋਹਗੜ੍ਹ ਕਿਲ੍ਹੇ ਦੇ ਬਾਰੇ ਜੋ ਵੀ ਭ੍ਰਮ ਇਤਿਹਾਸ ਵਿੱਚ ਲਿਖੇ ਗਏ, ਉਨ੍ਹਾ ਨੂੰ ਦੂਰ ਕੀਤਾ ਜਾ ਸਕੇ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਆਈ.ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ)
ਫੋਨ : 0172-2972071, 2577798, Email: hpsaa55@gmail.com
website : haryanapunjabisahityaacademy.com

ISBN 978-93-87640-12-2
978938764012-2

Rs. 550